# ਕਹਾਣੀ ਧਾਰਾ

34

ISSN 2321- 4449




ਜੁਲਾਈ-ਸਤੰਬਰ, 2014

ਮੁੱਲ : 40/-

Year: 9 Issue No. 34

'KAHANI DHARA'(PUNJABI QUARTERLY) July-Sep., 2014 R.N.I. Regd No. PUN PUN 2006 / 19971

ਪਰਵਾਜ਼ ਪ੍ਰਕਾਸ਼ਨ ਦੀਆਂ ਹੁਣ ਤੱਕ ਪ੍ਰਕਾਸ਼ਤ ਪੁਸਤਕਾਂ, 'ਕਹਾਣੀ ਧਾਰਾ' ਦੇ ਪਾਠਕਾਂ ਨੂੰ 40% ਡਿਸਕਾਊਂਟ 'ਤੇ ਮਿਲਣਗੀਆਂ। ਪੁਸਤਕਾਂ ਮੰਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ !




ਪਰਵਾਜ਼ ਪ੍ਰਕਾਸ਼ਨ Parwaz Parkashan

*ਜੁਲਾਈ-ਸਤੰਬਰ 2014 ਅੰਕ :34*

KAHANI DHARA (Punjabi Quarterly)
R.N.I.Regd No.PUN PUN/2006/19971
ISSN 2321-4449

e-mail:
kahanidhara@gmail.com
kahani_dhara@yahoo.co.in
bhagwantrasulpuri@gmail.com

ਸੰਪਾਦਕ
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
***KAHANI DHARA***
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:**40 **ਰੁ.,**10 **ਅੰਕ:**400 **ਰੁ.,**
10 **ਅੰਕ: ਡਾਲਰ:**40, **ਤੇ ਪੌਂਡ:** 35
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਅਗਸਤ, 2014)

*ਸੰਪਾਦਕੀ :*

ਖੜੋਤ ਦਾ ਸ਼ਿਕਾਰ ਹੋ ਰਿਹਾ ਸੰਵਾਦ/2

*ਕਹਾਣੀਆਂ*

1. ਝੋਟਾ ਡਿੱਗ ਪਿਆ/-**ਭੂਰਾ ਸਿੰਘ ਕਲੇਰ**/3
2. ਨ੍ਹੇਰੇ ਤੋਂ ਚਾਨਣ ਵੱਲ/-**ਸਰੂਪ ਸਿਆਲਵੀ**/9
3. ਇਕ ਸ਼ਬਦ / -**ਜ਼ੋਰਾ ਸਿੰਘ ਸੰਧੂ**/39
4. ਹੱਡਾ ਰੋੜੀ / -**ਮੇਜਰ ਮਾਂਗਟ**/45
5. ਸੀਲੂ/ -**ਸ਼ਸ਼ੀ ਸਮੁੰਦਰਾ**/54
6. ਕਾਲੀ ਸਲਵਾਰ/ -**ਪ੍ਰੀਤ ਨੀਤਪੁਰ**/65

*ਸੰਵਾਦ-*

1. ਲੇਖਕ ਜਦੋਂ ਫ਼ਾਲਤੂ ਲਿਖਣ ਲਈ ਮਜਬੂਰ ਹੁੰਦਾ ਹੈ/-**ਪ੍ਰੋ. ਨਰਿੰਜਨ ਤਸਨੀਮ**/76
2. ਕਹੀ ਸੁਣੀ ਪਰ ਕਹਾਣੀ ਨਹੀਂ/ - **ਗੁਰਸੇਵਕ ਸਿੰਘ ਪ੍ਰੀਤ**/79

*ਆਲੋਚਨਾ-*

1. ਮੋਹਨ ਲਾਲ ਫਿਲੌਰੀਆ ਦਾ ਕਥਾ-ਜਗਤ / - **ਡਾ. ਚੰਦਰ ਮੋਹਨ**/81
2. ਦਲਿਤ ਜੀਵਨ ਦੀ ਦਾਸਤਾਨ: ਜ਼ਲਾਲਤ/ - **ਡਾ. ਗੁਰਮੇਲ ਸਿੰਘ**/91
3. ਮਨੁੱਖ ਦੇ ਅੰਤਰਮੁਖੀ ਤੇ ਬਾਹਰਮੁਖੀ ਯੁੱਧ ਦਾ ਬਿਰਤਾਂਤ : ਢਾਲ- **ਡਾ. ਸੰਤੋਖ ਸਿੰਘ**/97
4. ਵਿਕੋਲਿਤਰੇ ਸਰੋਕਾਰਾਂ ਦਾ ਕਹਾਣੀਕਾਰ ਰਾਜ ਕੁਮਾਰ ਗਰਗ **ਡਾ. ਮਿਨਾਕਸ਼ੀ ਰਠੌਰ**/105
5. ਬਦਲੇ ਦੀ ਪੱਤਝੜ : ਵਸਤੂਗਤ, ਦ੍ਰਿਸ਼ਟੀਗਤ ਤੇ ਵਿਧੀਗਤ ਮੁਲਾਂਕਣ-**ਡਾ. ਰਮਨਪ੍ਰੀਤ**/109
6. ਸਮਾਜਿਕ ਸੰਦਰਭ ਵਿਚ ਬਦਲ ਰਿਹਾ ਔਰਤ ਦਾ ਸਰੂਪ-ਮੁੰਦਰੀ ਡੌਟ ਕੌਮ/ - **ਡਾ. ਅੰਮ੍ਰਿਤਪਾਲ ਕੌਰ**/114
7. ਮਨੁੱਖੀ ਮਨ ਦੀਆਂ ਮਹੀਨ ਪਰਤਾਂ ਦਾ ਬਿਰਤਾਂਤ: ਗ਼ਲਤ-ਮਲਤ ਜ਼ਿੰਦਗੀ/ -**ਡਾ. ਪਰਗਟ ਸਿੰਘ**/117
8. ਬਿਰਤਾਂਤ ਅਤੇ ਬਿਰਤਾਂਤ ਸ਼ਾਸਤਰ / - **ਡਾ. ਹਰਨੇਕ ਸਿੰਘ ਹੇਅਰ**/121
*ਪੁਸਤਕ ਰੀਵਿਊ* / - **ਸਰੋਜ**/125
*ਹੁੰਗਾਰਾ*/128

**ਟਾਈਟਲ ਪੇਟਿੰਗ: ਪਵਨ ਕੁਮਾਰ, ਜਲੰਧਰ 90414-59767**



## ਸੰਪਾਦਕੀ : ਖੜੋਤ ਦਾ ਸ਼ਿਕਾਰ ਹੋ ਰਿਹਾ ਸੰਵਾਦ

ਸਮਾਜ ਵਿਗਿਆਨ, ਇਤਿਹਾਸ ਅਤੇ ਸਾਹਿਤਕ ਮੁੱਦਿਆਂ 'ਤੇ ਪੰਜਾਬੀ ਵਿਚ ਸੰਵਾਦ ਦਾ ਰੂਪ ਅਤੇ ਸ਼ਕਲ ਬਹੁਤ ਬਦਲ ਗਈ ਹੈ। ਜਿਸ ਕਰਕੇ ਇਹ ਖੜੋਤ ਦਾ ਸ਼ਿਕਾਰ ਹੋ ਗਿਆ ਹੈ। ਰਸਾਲਿਆਂ ਅਤੇ ਸਾਹਿਤਕ ਸਮਾਗਮਾਂ ਵਿਚ ਸੰਵਾਦ ਤਾਂ ਚੱਲਦਾ ਹੈ ਪਰ ਉਹ ਸਹੀ ਦਿਸ਼ਾ ਵਿਚ ਜਾਣ ਦੀ ਬਜਾਏ ਮੂੰਹ-ਮੁਲਾਹਜੇ ਅਤੇ ਦੋਸਤੀਆਂ-ਦੁਸ਼ਮਣੀਆਂ ਦੀਆਂ ਉਲਝੀਆਂ ਤੰਦਾਂ ਵਿਚ ਫਸ ਜਾਂਦਾ ਰਿਹਾ ਹੈ। ਇਸ ਭੀੜ ਵਿਚ ਚੰਗੇ ਸੰਵਾਦ ਵੀ ਤੁਰ ਪੈਂਦੇ ਹਨ। ਪਰ ਉਥੇ ਸਮੇਂ ਦੀ ਘਾਟ ਹੋਣ ਕਾਰਨ ਫਟਾ-ਫਟ ਸੰਵਾਦ ਨਿਬੇੜਨ ਦੀ ਕੀਤੀ ਜਾਂਦੀ ਹੈ। ਪਰਚੇ ਫਟਾ-ਫਟ ਅੱਧ-ਪਚੱਧੇ ਪੜ੍ਹਾ ਦਿੱਤੇ ਜਾਂਦੇ ਹਨ। ਸਾਹਿਤਕ ਸਮਾਗਮਾਂ ਵਿਚ ਹੁੰਦੀਆਂ ਗੋਸ਼ਟੀਆਂ ਅਤੇ ਬਹਿਸਾਂ ਆਮ ਤੌਰ ਤੇ ਕਈ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਕੀਤੀਆਂ ਜਾਂਦੀਆਂ ਹਨ। ਇਕ ਆਲੋਚਕ ਜੇ ਪਰਚਾ ਪੜ੍ਹਦਾ ਹੈ ਤਾਂ ਦੂਜਾ ਬਹਿਸ ਤੋਰਨ ਵਾਲਾ ਅਤੇ ਅੱਗੇ ਬਹਿਸ ਕਰਨ ਵਾਲੇ ਅਗਲੀਆਂ ਪਿਛਲੀਆਂ ਕਿੜਾ, ਭਾਜੀਆਂ ਮੋੜਨ ਲਈ ਪਰਚਾ ਕਾਰ ਨੂੰ ਦਬੱਲ ਧਰਦੇ ਹਨ ਬਿਨਾ ਕਿਸੇ ਤਰਕ ਨਾਲ ਕਿੰਤੂ-ਪ੍ਰੰਤੂ ਦੀ ਗੱਲ ਜਦੋਂ ਤੁਰਦੀ ਹੈ ਤਾਂ ਬਹਿਸ ਸਹੀ ਦਿਸ਼ਾਂ ਵਿਚ ਜਾਣ ਦੀ ਬਜਾਏ, ਗਲਤ ਟਰੈਕ ਤੇ ਤੁਰ ਪੈਂਦੀ ਹੈ। ਜਿਸ ਕਰਨ ਗੋਸ਼ਟੀ ਦਾ ਅਸਲ ਮਨੋਰਥ ਕਿਤੇ ਦੂਰ ਚਲੇ ਜਾਂਦਾ ਹੈ। ਕਈ ਵਾਰ ਜਦੋਂ ਪਰਚਾ ਲਿਖਣ ਵਾਲਾ ਵੱਡੇ ਰੁਤਬੇ ਤੇ ਕੱਦ ਦਾ ਹੋਵੇ ਜਾਂ ਤਾਂ ਬਹਿਸ ਤੁਰਦੀ ਹੀ ਨਹੀਂ ਜੇ ਤੁਰ ਵੀ ਪਏ ਤਾਂ ਪ੍ਰਸ਼ੰਸ਼ਾਮਈ ਹੋਣ ਲੱਗਦੀ ਹੈ। ਕੋਈ ਅੱਕਿਆ-ਸਤਿਆ ਹੋਇਆ ਅਦੀਬ ਫਲ੍ਹਹਾ ਵੀ ਸੁੱਟ ਜਾਂਦਾ ਤੇ ਗੋਸ਼ਟੀ ਦੀ ਸਾਰੀ ਗਰਮੀ ਉਸ ਫਲ੍ਹਹੇ ਸੁੱਟਣ ਵਾਲੇ 'ਤੇ ਨਿਕਲਣ ਲੱਗਦੀ ਹੈ। ਜਿਸ ਕਿਤਾਬ ਜਾਂ ਲੇਖਕ ਜਾਂ ਮੁੱਦੇ 'ਤੇ ਗੋਸ਼ਟੀ ਹੋ ਰਹੀ ਹੁੰਦੀ। ਉਹ ਦੂਰ ਬੈਠਾ ਮੂੰਹ ਅੱਡ ਕੇ ਉਡਦੀ ਖੇਹ ਨੂੰ ਵਹਿੰਦਾ ਰਹਿੰਦਾ ਹੈ।

ਕਈ ਵਾਰ ਕਈ ਜਥੇਬੰਦੀਆਂ ਕਿਸੇ ਕਿਤਾਬ ਨੂੰ ਪਰਮੋਟ ਕਰਨ ਲਈ ਗੋਸ਼ਟੀ ਬਹਾਨੇ ਸੰਵਾਦ ਕਰਵਾ ਲੈਂਦੀਆਂ ਹਨ। ਉਦੋਂ ਆਪਣੀ ਸੋਚ ਦੇ ਚਿੰਤਕ ਕੋਲੋਂ ਪਰਚਾ ਪੜ੍ਹਾਇਆ ਜਾਂਦਾ ਹੈ। ਵਾਹ-ਵਾਹ ਤੇ ਤਰੀਫ਼ਾ ਦੇ ਪੁਲ ਤਾਂ ਬੰਨ੍ਹ ਹੋਣੇ ਹੀ ਨੇ, ਉਤੋਂ ਉਹ ਜਥੇਬੰਦੀਆਂ ਆਪਣੇ ਚਮਚਿਆਂ ਦੀ ਭੀੜ ਵਾਹਵਾ 'ਕੱਠੀ ਕਰ ਲੈਂਦੀਆਂ ਹਨ। ਜੇ ਕੋਈ ਸਿਰ ਫਿਰਿਆ ਉਸ ਕਿਤਾਬ ਜਾਂ ਪਰਚੇ ਦੇ ਕੀੜੇ ਕੱਢਣ ਲੱਗ ਪਵੇ ਤਾਂ ਸਾਰੇ ਉਸ ਬੰਦੇ ਨੂੰ ਅਲਾ-ਅਲਾ ਕਰਕੇ ਦਬੱਲ ਧਰਦੇ ਹਨ, ਵਾਰੀ ਵਾਰੀ ਸਟੇਜ ਤੇ ਆ ਕੇ ਉਸ ਦੇ ਹਰ ਕਿੰਤੂ ਨੂੰ ਕੱਟਦੇ ਹੋਏ ਆਪਣਾ ਆਪਣਾ ਤਰਕ ਉਸਾਰਦੇ ਹਨ। ਸਥਿਤੀ ਉਦੋਂ ਬਹੁਤ ਹਾਸੋ-ਹੀਣੀ ਹੋ ਜਾਂਦੀ ਹੈ ਜਦੋਂ ਸਟੇਜ ਸੰਚਾਲਕ ਵੀ ਉਸ ਨੂੰ ਦਬੱਲ ਧਰਦਾ ਹੈ, ਉਹਦੇ ਕੋਲ ਤਾਂ ਮਾਇਕ ਹੁੰਦਾ ਹੈ ਉਹ ਜੋ ਕੁਝ ਮਰਜ਼ੀ ਬੋਲੇ ਜਿਹਨੂੰ ਮਰਜ਼ੀ ਬੁਲਾਵੇ। ਗੋਸ਼ਟੀ ਜਦੋਂ ਬਹੁਤ ਭੱਖ ਜਾਂਦੀ ਤਾਂ ਭਰੇ-ਪੀਤੇ ਕੁਝ ਹੋਰ ਸੱਜਣ ਵੀ ਬੋਲਣ ਲਈ ਉੱਠਦੇ ਹਨ ਉਨ੍ਹਾਂ ਨੂੰ ਇਹ ਕਹਿ ਕੇ ਬਿਠਾ ਦਿੱਤਾ ਜਾਂਦਾ ਹੈ ਕਿ ਸਮਾਂ ਬਹੁਤ ਹੋ ਗਿਆ ਹੈ ਬਾਕੀ ਗੱਲਾਂ ਹਾਲ ਤੋਂ ਬਾਹਰ ਕਰਾਂਗੇ। ਅਜਿਹੀਆਂ ਇਕ ਪਾਸੜ, ਬਹਿਸ ਹੀਣ ਗੋਸ਼ਟੀਆਂ ਵਿਚੋਂ ਕੁਝ ਵੀ ਨਿਕਲਦਾ ਨਹੀਂ।

ਕਿਤਾਬੀ ਰੂਪ ਵਿਚ ਆਈ ਚੰਗੀ ਰਚਨਾ ਪ੍ਰਤੀ ਖਤਰਨਾਕ ਖ਼ਮੋਸ਼ੀ ਧਾਰ ਲਈ ਜਾਂਦੀ ਹੈ। ਕਿਸੇ ਪਰਚੇ ਵਿਚ ਜੇ ਕੋਈ ਚੰਗੀ ਰਚਨਾ ਛਪ ਜਾਵੇ। ਤਾਂ ਲੇਖਕ ਸਾਜ਼ਸ਼ੀ ਚੁੱਪ ਧਾਰ ਲੈਂਦੇ ਹਨ। ਇਹਦੇ ਬਾਰੇ ਚੰਗੀ ਮਾੜੀ ਗੱਲ ਹੀ ਨਹੀਂ ਕਰਨੀ। ਜੇ ਨਿੰਦਿਆ ਵੀ ਕਰਨ ਲੱਗ ਪਏ ਤਾਂ ਹੋਰ ਪਾਠਕ ਉਸ ਨੂੰ ਲੱਭ ਕੇ ਪੜ੍ਹਨਗੇ। ਸੋ ਚੁੱਪ ਹੋ ਜਾਓ, ਲੋਕ ਚੰਗੀ ਰਚਨਾ ਆਪੇ ਭੁੱਲ ਜਾਣਗੇ। ਜਾਂ ਨਿੰਦਿਆ ਦਾ ਜਾਲ਼ ਬੁਣ ਹੋਣ ਲੱਗੇਗਾ। ਕਈ ਵਾਰ ਤਾਂ ਨਵੇਂ ਲੇਖਕ ਲਿਖਣਾ ਹੀ ਛੱਡ ਬੈਠਦੇ ਹਨ, ਪੱਕ ਚੁੱਕੇ ਲੇਖਕ ਬੜੇ ਢੀਠ ਹੁੰਦੇ ਹਨ, ਉਹ ਆਪਣੀ ਮਸਤੀ ਵਿਚ ਲੱਗੇ ਰਹਿੰਦੇ ਹਨ। ਨਾ ਉਹ ਨਿੰਦਿਆ ਦੀ ਪਰਵਾਹ ਕਰਦੇ ਹਨ ਨਾ ਹੀ ਤਰੀਫ਼ਾ ਦੀ। ਉਹਦੇ ਪਾਠਕ ਉਹਦੀ ਰਚਨਾ ਨੂੰ ਜਿਉਂਦੀ ਰੱਖਦੇ ਹਨ। ਚੰਗੀ ਰਚਨਾ ਦੇਰ-ਸਵੇਰ ਆਪੇ ਪਾਠਕਾਂ ਵਿਚ ਆਪਣੀ ਥਾਂ ਬਣਾ ਲੈਂਦੀ ਹੈ। ਸ਼ਕਤੀਸ਼ਾਲੀ ਰਚਨਾ ਨੂੰ ਪਾਠਕਾਂ ਤੱਕ ਜਾਣ ਲਈ ਕੋਈ ਨਹੀਂ ਰੋਕ ਸਕਦਾ। ਪਰ ਇਸ ਦੇ ਬਾਵਜੂਦ ਸਿਹਤਮੰਦ ਸੰਵਾਦ ਤੁਰਨਾ ਜ਼ਰੂਰ ਚਾਹੀਦਾ ਹੈ। ਇਤਿਹਾਸ ਬਾਰੇ ਜਾਂ ਸਮਾਜ ਵਿਗਿਆਨ ਦੇ ਮੁੱਦਿਆਂ ਬਾਰੇ ਸ਼ਾਇਦ ਹੀ ਪੰਜਾਬੀ ਵਿਚ ਸੰਵਾਦ ਹੁੰਦਾ ਹੋਵੇ। **- ਭਗਵੰਤ ਰਸੂਲਪੁਰੀ**

## ਕਹਾਣੀ/ ਝੋਟਾ ਡਿੱਗ ਪਿਆ/ -ਭੂਰਾ ਸਿੰਘ ਕਲੇਰ

ਟੀ. ਵੀ. ਅੱਗੇ ਆ ਕੇ ਝੋਟਾ ਹੁਣੇ ਬੈਠਾ ਸੀ। ਸਵਿੱਚ ਦੱਬੀ ਤੇ ਰਿਮੋਟ ਚੁੱਕ ਕੇ ਕੁਰਸੀ ਦੇ ਉੱਤੇ ਬੈਠ ਗਿਆ। ਇਸ ਵਕਤ ਉਸ ਦੀ ਉਮਰ ਕੋਈ ਪੰਜਾਹ-ਪਚਵੰਜਾ ਸਾਲ ਦੀ ਹੋਵੇਗੀ। ਆਪਣਾ ਮਨ-ਪਸੰਦ ਚੈਨਲ ਡਿਸਕਵਰੀ ਵੇਖਣ ਲੱਗ ਪਿਆ। ਜੰਗਲ ਵਿਚ ਝੋਟਿਆਂ ਦੇ ਝੁੰਡ ਚਰਦੇ -ਫਿਰਦੇ ਸਨ। ਇਤਨੇ ਚਿਰ ਵਿਚ ਦੋ ਧਾਰੀਆਂ ਵਾਲੇ ਸ਼ੇਰਾਂ ਨੇ ਝੁੰਡ ਵਿਚ ਇੱਕ ਝੋਟੇ 'ਤੇ ਹਮਲਾ ਕਰ ਦਿੱਤਾ। ਝੋਟਾ ਤਕੜਾ ਸੀ। ਉਸ ਨੇ ਤਿੱਖੇ ਸਿੰਗਾਂ ਵਾਲੇ ਸਿਰ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ। ਇੱਕ ਸ਼ੇਰ ਤਾਂ ਜਲਦੀ ਭੱਜ ਗਿਆ ਪਰ ਦੂਜਾ ਉਸ ਨਾਲ ਲੜੀ ਗਿਆ। ਝੋਟੇ ਨੇ ਸ਼ੇਰ ਵਲ ਤਿੱਖੇ ਸਿੰਗਾਂ ਨਾਲ ਏਹੋ ਜਿਹੀ ਢੁੱਡ ਚਲਾਈ ਕਿ ਸ਼ੇਰ ਨੂੰ ਚੁੱਕ ਕੇ ਪਰ੍ਹੇ ਵਗਾਹ ਮਾਰਿਆ। ਸ਼ੇਰ ਤਿੰਨ ਲੋਟਣੀਆਂ ਖਾ ਗਿਆ। ਜਲਦੀ ਹੀ ਸੰਭਲ ਕੇ ਭੱਜ ਗਿਆ। ਕੁਰਸੀ 'ਤੇ ਬੈਠਾ ਝੋਟਾ ਇਹ ਸੀਨ ਵੇਖ ਕੇ ਖਿੜ-ਖਿੜਾ ਕੇ ਹੱਸ ਪਿਆ।

ਟਾਂਵੇ ਆਦਮੀਆਂ ਵਿਚੋਂ ਇੱਕ ਝੋਟਾ ਵੀ ਸੀ ਜਿਸ ਦਾ ਵਿਆਹ ਵੱਡੇ ਹੋਏ ਤੋਂ ਹੋਇਆ ਸੀ। ਨਾਉਂ ਤਾਂ ਉਸਦਾ ਜੋਗਿੰਦਰ ਸਿੰਘ ਸੀ ਪਰ ਪਿੰਡ ਦੇ ਲੋਕਾਂ ਨੇ ਸਰੀਰਕ ਤੌਰ 'ਤੇ ਤਕੜਾ ਹੋਣ ਕਰਕੇ ਉਸਦਾ ਨਾਉਂ ਝੋਟਾ ਹੀ ਰੱਖ ਲਿਆ ਸੀ। ਪਿੰਡਾਂ ਵਿਚ ਪਹਿਲੇ ਵੇਲਿਆਂ ਦੇ ਲੋਕਾਂ ਵਲੋਂ ਰੱਖੇ ਏਹੋ ਜਿਹੇ ਨਾਉਂ ਹੀ ਪੱਕ ਜਾਂਦੇ ਸਨ। ਜਦੋਂ ਝੋਟਾ ਜਵਾਨ ਸੀ ਤਾਂ ਉਸਨੂੰ ਸਾਕ ਕਰਨ ਆਇਆ ਹਰ ਕੋਈ ਇਹ ਆਖ ਦੇ ਮੁੜ ਜਾਂਦਾ ਕੀ ਮੁੰਡੇ ਨੂੰ ਜ਼ਮੀਨ ਘੱਟ ਆਉਂਦੀ ਹੈ। ਪਰ ਝੋਟਾ ਆਪਣੀ ਹੀ ਮੌਜ ਦਾ ਮਾਲਕ ਸੀ। ਝੋਟੇ ਵਰਗੇ ਤਿੰਨ ਭਰਾ ਸਨ। ਇੱਕ ਫੌਜ ਵਿਚ ਭਰਤੀ ਹੋ ਗਿਆ ਸੀ ਤੇ 1961 ਦੀ ਜੰਗ ਵਿਚ ਸ਼ਹੀਦ ਹੋ ਗਿਆ ਸੀ। ਦੂਜਾ ਟਰੱਕ ਡਰਾਈਵਰ ਸੀ, ਉਹ ਕਿਧਰੇ ਨਾਗਾਲੈਂਡ ਵਲ ਟਰੱਕ ਲੈ ਕੇ ਗਿਆ ਅੱਜ ਤੱਕ ਨਹੀਂ ਮੁੜਿਆ ਸੀ। ਬਸ ਘਰ ਵਿਚ ਤਿੰਨਾਂ 'ਚੋਂ ਰਹਿ ਗਿਆ ਸੀ ਝੋਟਾ ਉਰਫ ਜੋਗਿੰਦਰ। ਇੱਕ ਉਸ ਤੋਂ ਛੋਟੀ ਉਸਦੀ ਭੈਣ ਸੀਬੋ ਸੀ। ਉਸਦੇ ਮਾਂ ਬਾਪ ਸੌ ਸੌ ਸਾਲ ਦੀ ਉਮਰ ਭੋਗ ਕੇ ਰੱਬ ਨੂੰ ਪਿਆਰੇ ਹੋ ਗਏ ਸਨ। ਝੋਟਾ ਬੜੀ ਮਿਹਨਤ ਨਾਲ ਖੇਤੀ ਬਾੜੀ ਦਾ ਕੰਮ ਕਰਦਾ ਸੀ। ਘਰ ਦੋ ਮੱਝਾਂ ਰੱਖੀਆਂ ਹੋਈਆਂ ਸਨ। ਇੱਕ ਸੀਰੀ ਆਪਣੇ ਨਾਲ ਕੰਮ ਕਰਨ ਨੂੰ ਰੱਖਿਆ ਹੋਇਆ ਸੀ। ਹਰ ਸਾਲ ਉਸਨੂੰ ਫਸਲ ਵੇਚ ਕੇ ਕਾਫੀ ਬੱਚਤ ਰਹਿ ਜਾਂਦੀ। ਉਹ ਪੈਸਾ ਬੈਂਕ ਵਿਚ ਜਮਾਂ ਕਰਾਈ ਗਿਆ। ਜਦ ਵਾਹਵਾ ਪੈਸਾ ਹੋ ਗਿਆ ਤਾਂ ਉਸ ਨੇ ਇੱਕ ਮੁੱਲ ਦਾ ਸਾਕ ਲੈ ਲਿਆ। ਉਸ ਦੇ ਘਰਵਾਲੀ ਚੰਗੀ ਸੁੰਦਰ ਸੁੱਘੜ ਤੇ ਸਿਆਣੀ ਸੀ। ਪਹਿਲੇ ਵੇਲਿਆ ਵਿਚ ਇਸ ਤਰ੍ਹਾਂ ਅੰਦਰਖਾਤੇ ਆਰਥਿਕ ਪੱਖੋਂ ਟੁੱਟੇ ਹੋਏ ਕੁੜੀ ਦੇ ਮਾਪੇ ਪਰਦੇ ਨਾਲ ਵਿਚੋਲੇ ਰਾਹੀਂ ਪੈਸੇ ਲੈ ਲੈਂਦੇ ਸਨ। ਪਰ ਝੋਟੇ ਦੀ ਪਤਨੀ ਬਹੁਤ ਅਕਲਮੰਦ ਸੀ। ਝੋਟੇ ਦੇ ਦਿਨ ਫਿਰ ਗਏ ਸਨ। ਪਿੰਡ ਦੇ ਕਈ ਝੋਟੇ ਦੇ ਹਮ ਉਮਰ ਮਿੱਤਰ ਉਸ ਨੂੰ ਮਖੌਲਾਂ ਕਰਦੇ ਕਿ ਉਸਨੇ ਚਾਲੀ ਸਾਲ ਦੀ ਉਮਰ ਵਿਚ ਵਿਆਹ ਕਰਵਾਇਆ ਹੈ ਪਰ ਉਹ ਹਰ ਕਿਸੇ ਨੂੰ ਗੱਲਾਂ 'ਚ ਨਹੀਂ ਆਉਣ ਦਿੰਦਾ ਸੀ। ਰੰਗ ਤਾਂ ਝੋਟੇ ਦਾ ਮੁਸ਼ਕੀ ਹੀ ਸੀ ਪਰ ਉਹ ਸਾਢੇ ਛੇ ਫੁੱਟਾ ਜਵਾਨ ਬੜਾ ਤਕੜਾ ਸੀ। ਡਾਂਗ ਦਾ ਐਨਾ ਧਨੀ ਕਿ ਵਿਸਾਖੀ ਦੇ ਮੇਲੇ 'ਤੇ ਕਈ ਵਾਰ ਉਸ ਦੀ ਲੜਾਈ ਨਾਲ ਦੇ ਪਿੰਡ ਦੇ ਵੈਲੀਆਂ ਨਾਲ ਹੋਈ ਸੀ। ਉਹ ਕਈ ਕਈ ਜਵਾਨਾਂ ਨੂੰ ਡਾਂਗ ਦੀ ਲੜਾਈ ਵਿਚ ਦਵਾਲ ਨਹੀਂ ਸੀ। ਡਿੱਗੇ ਪਏ ਦੇ ਉਹ ਕਿਸੇ ਦੇ ਵੀ ਡਾਂਗ ਨਹੀਂ ਮਾਰਦਾ ਸੀ। ਮੇਲੇ ਆਏ ਲੋਕ ਉਸ ਨੂੰ 'ਸ਼ਬਾਸੇ ਸਾਬਾਸ਼ੇ' ਆਖਦੇ।

ਜਦ ਝੋਟੇ ਦਾ ਵਿਆਹ ਹੋ ਗਿਆ ਤਾਂ ਉਸ ਦੀ ਛੋਟੀ ਭੈਣ ਸੀਬੋ ਜਵਾਨ ਹੋ ਗਈ ਸੀ। ਉਸ ਨੇ ਆਪਣੀ ਪਤਨੀ ਗੁਰਨਾਮ ਕੁਰ ਨੂੰ ਕੁੜੀ ਦੇ ਵਿਆਹ ਲਈ ਕਪੜੇ, ਦਰੀਆਂ, ਖੇਸ ਤੇ ਹੋਰ ਨਿੱਕ-ਸੁੱਕ ਬਣਾਉਣ ਲਈ ਕਹਿ ਦਿੱਤਾ ਸੀ।

ਝੋਟਾ ਮਿਹਨਤੀ ਬਹੁਤ ਜਿਆਦਾ ਸੀ। ਆਪਣੇ ਨਾਲ ਹਰ ਸਾਲ ਤਕੜੇ ਜੁੱਸੇ ਵਾਲਾ ਸੀਰੀ ਰਲਾਉਂਦਾ ਤੇ



ਆਪਣੀ ਵੀਹ ਘੁਮਾਂ ਜ਼ਮੀਨ ਵਿਚੋਂ ਬਹੁਤ ਫ਼ਸਲ ਕੱਢਦਾ। ਆਪਣੇ ਦੋਵਾਂ ਭਰਾਵਾਂ ਦੇ ਹਿੱਸੇ ਦੀ ਜ਼ਮੀਨ ਵੀ ਹੁਣ ਉਸ ਦੀ ਸੀ। ਉਸਨੇ ਪੱਕਾ ਘਰ ਪਾ ਲਿਆ ਸੀ। ਤੂੜੀ ਵਾਲੀ ਵੱਡੀ ਸਵਾਤ ਤੇ ਪਸ਼ੂਆਂ ਵਾਲਾ ਵੱਡਾ ਛੱਤੜਾ ਵੀ ਪੱਕੇ ਹੀ ਪਾ ਲਏ ਸਨ। ਅਗਲੇ ਸਾਲ ਵੱਡਾ ਦਰਵਾਜ਼ਾ ਤੇ ਇੱਕ ਕਮਰੇ ਉੱਤੇ ਚੁਬਾਰਾ ਵੀ ਪਾ ਲਿਆ ਸੀ। ਪਿੰਡ ਵਿਚ ਝੋਟੇ ਦਾ ਘਰ ਵੀ ਗੁਜ਼ਾਰੇ ਵਾਲੇ ਘਰਾਂ ਵਿਚ ਗਿਣਿਆ ਜਾਣ ਲੱਗ ਪਿਆ। ਉਸ ਦੀ ਪਤਨੀ ਗੁਰਨਾਮ ਕੁਰ ਵੀ ਚੁੱਲ੍ਹੇ-ਚੌਂਕੇ ਦੇ ਕੰਮ ਨੂੰ ਬੜੀ ਮਿਹਨਤੀ ਸੀ। ਪਸ਼ੂ ਸਾਂਭਣ ਤੇ ਰੋਟੀ ਟੁੱਕ ਕਰਨ ਲਈ ਬੜੀ ਹੁਸ਼ਿਆਰ ਸੀ।

ਹੁਣ ਤਾਂ ਝੋਟੇ ਨੂੰ ਆਪਣੀ ਨਿੱਕੀ ਭੈਣ ਦਾ ਵਿਆਹ ਕਰਨ ਦੀ ਹੀ ਚਿੰਤਾ ਸੀ। ਉਹ ਕਈ ਪਿੰਡਾਂ ਵਿਚ ਕਈ ਥਾਂ ਵੇਖ ਕੇ ਆਇਆ ਸੀ। ਪਰ ਅਜੇ ਤੱਕ ਉਸ ਦੇ ਪਸੰਦ ਦਾ ਘਰ ਉਸਨੂੰ ਨਹੀਂ ਲੱਭਿਆ ਸੀ। ਕਿਸਮਤ ਦੀ ਮਾਰ ਪੈ ਗਈ ਝੋਟੇ ਨੂੰ। ਮਾੜਾ ਸਮਾਂ ਕਿਸੇ ਨੂੰ ਪੁੱਛ ਕੇ ਨਹੀਂ ਆਉਂਦਾ। ਉਸ ਦੀ ਭੈਣ ਸੀਬੋ ਨੇ ਕੋਈ ਖੁਨਾਮੀ ਖੱਟ ਲਈ। ਹੁੰਦੀ ਹੁੰਦੀ ਗੱਲ ਝੋਟੇ ਦੇ ਕੰਨਾਂ ਤੱਕ ਵੀ ਪਹੁੰਚ ਗਈ। ਉਹ ਅੱਗ-ਬਬੂਲਾ ਹੋ ਗਿਆ। ਰਾਤ ਨੂੰ ਆਪਣੀ ਪਤਨੀ ਨੂੰ ਅੰਦਰ ਸਵਾਤ ਵਿਚ ਬੁਲਾਇਆ। ਗੁਰਨਾਮ ਕੁਰ ਨੂੰ ਇਸ ਗੱਲ ਬਾਰੇ ਸੱਚੋ ਸੱਚ ਪੁੱਛਿਆ। ਉਸ ਨੇ ਕੁਝ ਟਾਲ-ਮਟੋਲ ਕੀਤਾ। ਝੋਟੇ ਨੇ ਕਿੱਲੇ ਤੋਂ ਤਲਵਾਰ ਲਾਹੀ ਤੇ ਆਪਣੀ ਪਤਨੀ ਨੂੰ ਗਾਹਲਾਂ ਦੀਆਂ ਬੁਛਾੜਾ ਨਾਲ ਮਾਰਨ ਦੀ ਧਮਕੀ ਦਿੱਤੀ। ਮਰਦਾ ਕੀ ਨਾ ਕਰਦਾ। ਉਸਦੀ ਪਤਨੀ ਨੇ ਸੱਚੋ ਸੱਚ ਦੱਸ ਦਿੱਤਾ। ਝੋਟੇ ਨੇ ਆਪਣੀ ਪਤਨੀ ਨੂੰ ਕਰੋਧ ਦੀ ਅੱਗ ਉਗਲਦੇ ਹੋਏ ਕਿਹਾ, "ਏਹਨੇ ਹਰਾਮਦੀ ਨੇ ਪਿੰਡ ਵਿਚ ਮੇਰਾ ਨੱਕ ਵੱਢ ਦਿੱਤਾ ਹੈ। ਮੇਰੀ ਇੱਜਤ ਮਿੱਟੀ ਵਿਚ ਮਿਲਾ ਦਿੱਤੀ ਹੈ। ਮੈਂ ਕਿਹੜਾ ਮੂੰਹ ਲੈ ਕੇ ਪਿੰਡ ਵਿਚ ਨਿਕਲੂੰਗਾ। ਮੈਂ ਕਿਸੇ ਤੋਂ ਉਏ ਨਹੀਂ ਸੀ ਅਖਵਾਈ ਕਦੇ। ਡਾਂਗ ਨਾਲ ਵੱਡੇ ਵੱਡੇ ਵੈਲੀਆਂ ਨੂੰ ਸੁੱਟਿਆ ਸੀ, ਉਹ ਹੁਣ ਮੇਰੇ ਮੂੰਹ 'ਚ ਉਂਗਲਾ ਦੇਣਗੇ। ਹੈਂ? ਮੈਂ ਕਦੇ ਕਿਸੇ ਅੱਗੇ ਝੁਕਿਆ ਨਹੀਂ ਸੀ। ਹੁਣ ਕਿਹੜਾ ਮੂੰਹ ਲੈ ਕੇ ਪਿੰਡ ਵਿਚ ਫਿਰਾਂਗਾ? ਸੱਥ ਵਿਚ ਮੈਨੂੰ ਲੋਕ ਖੰਘੂਰੇ ਮਾਰਨਗੇ ਕਿਵੇਂ ਜਰਾਂਗਾ? ਇਸ ਲਈ ਹੁਣ ਜਾਂ ਤਾਂ ਇਹ ਹੀ ਰਹੇਗੀ ਜਾਂ ਮੈਂ। ਉਸਦੀ ਪਤਨੀ ਨੇ ਉਸ ਅੱਗੇ ਹੱਥ ਬੰਨ੍ਹੇ। ਉਸ ਦੇ ਪੈਰਾਂ ਵਿਚ ਚੁੰਨੀ ਰੱਖ ਕੇ ਆਖਿਆ ਕਿ ਇਸ ਗੱਲ ਨੂੰ ਅੰਦਰੇ ਦੱਬ ਲੈ। ਪਰ ਉਹ ਬੋਲਿਆ, "ਓ ਹਰਾਮਦੀਏ ਔਲਾਦੇ ਤੂੰ ਮੈਨੂੰ ਕੀ ਸਮਝਦੀ ਐਂ, ਮੈਂ ਮੰਨਿਆ ਪ੍ਰਮੰਨਿਆ ਆਦਮੀ ਹੋ ਜਾ ਪਾਸੇ!" ਝੋਟੇ ਦੀ ਪਤਨੀ ਡਰ ਗਈ ਤੇ ਚੁੱਪ ਹੋ ਗਈ। ਝੋਟੇ ਨੇ ਆਪਣੀ ਭੈਣ ਦੇ ਮੂੰਹ ਅੱਗੇ ਉਸਦੀ ਹੀ ਚੁੰਨੀ ਬੰਨ੍ਹ ਲਈ। ਕਿੱਲੇ ਤੋਂ ਤਲਵਾਰ ਲਾਹ ਕੇ ਮਿਆਨ 'ਚੋਂ ਨੰਗੀ ਕੱਢ ਲਈ। ਕੁੜੀ ਨੂੰ ਚੁੱਕ ਕੇ ਮੋਡੇ ਲਟਕਾਅ ਲਾ ਲਿਆ। ਪਿੰਡ ਦੇ ਨਾਲ ਵਗਦੀ ਨਹਿਰ 'ਤੇ ਚਲਾ ਗਿਆ। ਕਿਨਾਰੇ 'ਤੇ ਕੁੜੀ ਨੂੰ ਸੁੱਟ ਲਿਆ। ਕੁੜੀ ਨੇ ਝੋਟੇ ਦੇ ਪੈਰੀਂ ਹੱਥ ਲਾਉਣੇ ਚਾਹੇ, ਮਿਨਤਾਂ ਕੀਤੀਆਂ ਪਰ ਝੋਟੇ ਨੇ ਤਲਵਾਰ ਕੁੜੀ ਦੇ ਪੇਟ ਵਿਚ ਲੰਘਾਅ ਕੇ ਕੁੜੀ ਨੂੰ ਨਹਿਰ ਵਿਚ ਸੁੱਟ ਦਿੱਤਾ।

ਕਈ ਦਿਨਾਂ ਬਾਅਦ ਹੁੰਦੀ ਹੁੰਦੀ ਗੱਲ ਥਾਣੇ ਅਪੜ ਗਈ। ਪੁਲਸ ਪਿੰਡ ਵਿਚ ਆਈ। ਸੱਥ ਵਿਚ ਪੰਚਾਇਤ ਬੁਲਾਈ ਗਈ। ਸਾਰਾ ਮਾਮਲਾ ਪੰਚਾਇਤ ਤੋਂ ਪੁੱਛਿਆ ਗਿਆ। ਸਾਰੀ ਪੰਚਾਇਤ ਇਕੋ ਮੋਰੀ ਨਿਕਲ ਗਈ। 'ਕਿ ਜੀ ਕੁੜੀ ਨੂੰ ਮਾੜਾ ਮੋਟਾ ਘੂਰਿਆ ਹੋਵੇਗਾ, ਕੁੜੀ ਆਪ ਹੀ ਨਹਿਰ ਵਿਚ ਛਾਲ ਮਾਰ ਗਈ। ਝੋਟੇ ਨੇ ਪੈਸੇ ਦੇ ਕੇ ਦੋ ਗਵਾਹ ਵੀ ਬਣਾ ਲਏ ਸਨ। ਗਵਾਹ ਕਹਿੰਦੇ ਕਿ ਜੀ ਅਸੀਂ ਦਿਨ ਛਿਪਦੇ ਨਾਲ ਆਪ ਕੁੜੀ ਨੂੰ ਛਾਲ ਮਾਰਦੇ ਦੇਖਿਆ ਹੈ। ਅਸੀਂ ਨਹਿਰ ਵਿਚ ਛਾਲਾ ਵੀ ਮਾਰੀਆਂ ਪਰ ਕੁੜੀ ਥਿਆਈ ਨਹੀਂ। ਖੁਦਕਸ਼ੀ ਦਾ ਨੋਟ ਲਿਖ ਕੇ ਪੰਚਾਇਤ ਕੋਲੋਂ ਅੰਗੂਠੇ ਲਵਾ ਕੇ ਪੁਲਸ ਪਿੰਡ ਵਿਚੋਂ ਚਲਦੀ ਬਣੀ। ਦੋ ਤਿੰਨ ਦਿਨਾਂ ਮਗਰੋਂ ਨਹਿਰ ਦੂਰੋਂ ਕੁੜੀ ਦੀ ਮਿਲੀ ਲਾਸ਼ ਵੀ ਝੋਟੇ ਨੇ ਟਿਕਾਣੇ ਲਵਾ ਦਿੱਤੀ।

ਦਿਨ ਲੰਘਦੇ ਗਏ। ਸਮਾਂ ਲੰਘਣ ਨਾਲ ਜ਼ਖ਼ਮ ਵੀ ਭਰ ਜਾਂਦੇ ਹਨ। ਸਮੇਂ ਦੀ ਧੂੜ ਵੱਡੇ ਵੱਡੇ ਦੁੱਖਾਂ ਨੂੰ ਢੱਕ ਲੈਂਦੀ ਹੈ। ਸਮਾਂ ਪਹਿਲਾਂ ਦੀ ਤਰ੍ਹਾਂ ਉਸੇ ਚਾਲੇ ਚੱਲੀ ਗਿਆ। ਜਿਉਂਦੇ ਜੀਆ ਦਾ ਜੀਵਨ-ਪਰਵਾਹ ਤਾਂ ਚਲਦਾ ਹੀ ਰਹਿੰਦਾ ਹੈ। ਪਹਿਲਾਂ ਝੋਟਾ ਬਲਦਾ ਤੇ ਬੋਤੇ ਨਾਲ ਵਾਹੀ ਕਰਦਾ ਸੀ। ਸਮਾਂ ਬਦਲਣ ਨਾਲ ਵਿਗਿਆਨ ਰੰਗ ਵਿਖਾਉਣ ਲੱਗ ਪਿਆ। ਝੋਟੇ ਨੇ ਵੀ ਬਲਦ ਤੇ ਊਠ ਵੇਚ ਕੇ ਟਰੈਕਟਰ ਲੈ ਲਿਆ। ਦੋਵੇਂ ਖੇਤਾਂ ਵਿਚ ਬਿਜਲੀ

ਦੀਆਂ ਮੋਟਰਾਂ ਲਾ ਲਈਆਂ। ਸੀਰੀ ਤੇ ਦਿਹਾੜੀਏ ਲਾ ਕੇ ਉਹ ਸਿਰੇ ਦੀ ਵਾਹੀ ਕਰਦਾ। ਫ਼ਸਲ ਬਹੁਤ ਕੱਢਦਾ ਤੇ ਮੰਡੀ ਵੇਚ ਕੇ ਹੱਥ ਰੰਗ ਲੈਂਦਾ।

ਝੋਟਾ ਆਪਣੇ ਸੀਰੀਆਂ ਜਾਂ ਦਿਹਾੜੀਆਂ ਨੂੰ ਜਾਤ ਦੇ ਨਾਂ ਤੇ ਬੜੀਆਂ ਟਿੱਚਰਾਂ ਕਰਦਾ। ਕਿਸੇ ਨੂੰ ਆਖਦਾ, "ਓਏ ਚੂੜ੍ਹੇ ਦੀ ਜਾਤ ਕੁਲੱਲੀ ਚੜ੍ਹਿਆ ਤਾਪ ਤੇ ਮੰਗਦਾ ਛੱਲੀ।" ਕਦੇ ਕੋਈ ਦਿਹਾੜੀਆਂ ਜੇ ਉਸ ਨਾਲ ਕਈ ਦਿਹਾੜੀਆਂ ਲਗਾਤਾਰ ਲਾ ਦਿੰਦਾ ਤਾਂ ਉਸਨੂੰ ਆਖਦਾ, "ਗੱਲ ਸੁਣ ਓਏ! ਜੱਟਾਂ ਨਾਲ ਮਜਬ੍ਹੀ ਜੇ ਰਹਿਣ ਲੱਗਜੇ, ਨਾਲ ਦਿਆਂ ਨੂੰ ਗਿੱਟਲ ਕਹਿਣ ਲੱਗਜੇ।" ਇਹ ਆਖ ਕੇ ਹੱਥ ਤੇ ਹੱਥ ਮਾਰ ਕੇ ਹੱਸ ਪੈਂਦਾ। ਇੱਕ ਦਿਨ ਕਰਮਾ ਰਵਿਦਾਸੀਆਂ ਉਸਦੇ ਦਿਹਾੜੀ ਗਿਆ। ਕਰਮਾ ਕਹੀ ਦੇ ਟੱਕ ਪੁੱਟ ਕੇ ਮੂੰਹੇ 'ਤੇ ਮਿੱਟੀ ਪਾ ਰਿਹਾ ਸੀ। ਕਰਮੇਂ ਦੇ ਹੱਥੋਂ ਕਹੀ ਨਿਕਲ ਕੇ ਪਰ੍ਹੇ ਜਾ ਪਈ। ਝੋਟਾ ਹੱਸਦਾ ਹੋਇਆ ਆਖਣ ਲੱਗਾ, "ਵਾਹ ਬਈ ਵਾਹ! ਇੱਕ ਪਊਆਂ ਮੁੱਕੇ ਨਾ ਪੰਜਾਂ ਚਮਿਆਰਾਂ ਨੂੰ, ਫ਼ਲੀ ਦੇ ਭੁਲਾਵੇਂ ਚੱਕੀ ਫਿਰਨ ਆਰਾਂ ਨੂੰ।" ਤੇ ਉਸੇ ਤਰ੍ਹਾਂ ਹੀ ਉਹ ਹੱਥ ਤੇ ਹੱਥ ਮਾਰ ਕੇ ਹੱਸੀ ਜਾਵੇ।

ਵਕਤ ਕਿਸੇ ਦੀ ਉਡੀਕ ਨਹੀਂ ਕਰਦਾ। ਇਹ ਨਿਰੰਤਰ ਚਲਦਾ ਰਹਿੰਦਾ ਹੈ। ਝੋਟੇ ਦੀ ਗੁੱਡੀ ਵੀ ਪਿੰਡ ਵਿਚ ਚੜ੍ਹਦੀ ਗਈ। ਉਸਦੇ ਘਰ ਦੋ ਬੱਚਿਆਂ ਨੇ ਜਨਮ ਲੈ ਲਿਆ ਸੀ। ਪਹਿਲਾਂ ਇੱਕ ਮੁੰਡਾ ਹੋਇਆ ਜਿਸ ਦਾ ਨਾਉਂ ਉਸਨੇ ਰਣਬੀਰ ਰੱਖਿਆ। ਬਾਅਦ ਵਿਚ ਇੱਕ ਕੁੜੀ ਜਨਮੀ ਜਿਸਦਾ ਨਾਉਂ ਉਸਦੀ ਘਰਵਾਲੀ ਨੇ ਸ਼ਰਨਜੀਤ ਉਰਫ ਸ਼ਰਨੋ ਰੱਖਿਆ। ਮੁੰਡਾ ਰਣਬੀਰ ਸ਼ਰਨੋ ਤੋਂ ਚਾਰ ਸਾਲ ਵੱਡਾ ਸੀ। ਜਦ ਉਹ ਸਾਢੇ ਤਿੰਨ ਸਾਲ ਦਾ ਹੋਇਆ ਤਾਂ ਉਸਨੂੰ ਲੋਕਾਂ ਦੀ ਦੇਖੋ-ਦੇਖੀ ਪ੍ਰਾਈਵੇਟ ਪਬਲਿਕ ਸਕੂਲ ਵਿਚ ਦਾਖਲ ਕਰਾ ਦਿੱਤਾ। ਉਸ ਤੋਂ ਮਗਰੋਂ ਜਦ ਸ਼ਰਨੋ ਵੀ ਸਾਢੇ ਤਿੰਨ ਸਾਲ ਦੀ ਹੋ ਗਈ ਉਸਨੂੰ ਵੀ ਰਣਬੀਰ ਵਾਲੇ ਪਬਲਿਕ ਸਕੂਲ ਵਿਚ ਦਾਖਲ ਕਰਾ ਦਿੱਤਾ। ਕਿਉਂਕਿ ਹੁਣ ਝੋਟੇ ਕੋਲ ਪੈਸੇ ਦੀ ਕੋਈ ਤੋਟ ਨਹੀਂ ਸੀ। ਇਸ ਲਈ ਦੋਵੇਂ ਬੱਚਿਆਂ ਦੀ ਪੜ੍ਹਾਈ ਬੜੀ ਸੋਹਣੀ ਚੱਲ ਰਹੀ ਸੀ। ਦੋਵੇਂ ਬੱਚੇ ਪੜ੍ਹਨ ਵਿਚ ਬਹੁਤ ਹੁਸ਼ਿਆਰ ਸਨ। ਉਹ ਦੋਵੇਂ ਹਰ ਸਾਲ ਪਹਿਲੀ ਪੁਜੀਸ਼ਨ ਲੈ ਕੇ ਪਾਸ ਹੁੰਦੇ।

ਰਣਬੀਰ ਬਾਰਾਂ ਜਮਾਤਾਂ ਪਾਸ ਕਰਕੇ ਸ਼ਹਿਰ ਕਾਲਿਜ ਵਿਚ ਪੜ੍ਹਨ ਲੱਗ ਗਿਆ। ਸ਼ਰਨੋ ਅਜੇ ਨੌਵੀਂ ਜਮਾਤ ਵਿਚ ਸੀ। ਕਾਲਿਜ ਵਿਚ ਜਾ ਕੇ ਰਣਬੀਰ ਦੇ ਰੰਗ ਹੀ ਬਦਲ ਗਏ। ਉਹ ਚੜ੍ਹਦੇ ਤੋਂ ਚੜ੍ਹਦਾ ਲੀੜਾ ਕਪੜਾ ਪਾਉਂਦਾ। ਜੁ ਵੀ ਨਵਾਂ ਫੈਸ਼ਨ ਕਪੜਿਆ ਦਾ ਆਉਂਦਾ ਉਹ ਦੋ ਤਿੰਨ ਚੰਗੇ ਘਰਾਂ ਦੇ ਮੁੰਡੇ ਹੀ ਪਾਉਂਦੇ। ਰਣਬੀਰ ਆਪਣੇ ਦੋਸਤਾਂ ਨਾਲ ਹੀਰੋ ਬਣ ਕੇ ਰਹਿੰਦਾ। ਉਨ੍ਹਾਂ ਦੋਸਤਾਂ ਦਾ ਟੋਲਾ ਫਿਲਮਾਂ ਬੜੀਆਂ ਵੇਖਦਾ। ਹੌਲੀ-ਹੌਲੀ ਰਣਬੀਰ ਦੀ ਸ਼ਹਿਰ ਵਿਚ ਚੰਗੇ ਅਮੀਰਾਂ ਦੇ ਘਰਾਂ ਦੇ ਮੁੰਡਿਆਂ ਨਾਲ ਦੋਸਤੀ ਪੈ ਗਈ। ਉਹ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਪੰਜਾਬੀ ਸਾਹਿਤ ਦਾ ਵਿਦਿਆਰਥੀ ਹੋਣ ਕਰਕੇ ਉਹ ਕਵਿਤਾ ਵੀ ਲਿਖਣ ਲੱਗ ਪਿਆ ਸੀ। ਉਸਦੀ ਇੱਕ ਕਵਿਤਾ ਕਾਲਿਜ ਦੇ ਮੈਗਜ਼ੀਨ ਵਿਚ ਲੱਗ ਗਈ। ਜਿਸ ਕਰਕੇ ਕਾਲਿਜ ਦੀਆਂ ਕੁੜੀਆਂ ਦੀਆਂ ਨਿਗਾਹਾਂ ਰਣਬੀਰ 'ਤੇ ਪੈਣ ਲੱਗ ਪਈਆਂ। ਉਂਜ ਤਾਂ ਉਹ ਕਾਲਿਜ ਦੀਆਂ ਕੁੜੀਆਂ ਦੀਆਂ ਟੋਲੀਆਂ ਵਲ ਕੋਈ ਬਹੁਤਾ ਧਿਆਨ ਨਹੀਂ ਦਿੰਦਾ ਸੀ। ਪਰ ਇੱਕ ਦਿਨ ਉਸ ਦੀ ਨਿਗਾਹ ਸੁਮਿੱਤਰਾ 'ਤੇ ਜਾ ਟਿਕੀ ਸੁਮਿੱਤਰਾ ਦੀਆਂ ਅੱਖਾਂ ਰਣਬੀਰ ਤੇ ਟਿੱਕੀਆਂ ਹੋਈਆਂ ਸਨ। ਅੱਖਾਂ ਚਾਰ ਹੋ ਗਈਆਂ। ਜਦ ਅੱਖਾਂ ਚਾਰ ਹੋ ਜਾਣ ਤਾਂ ਧੁਰ ਦਿਲ ਦੀਆਂ ਡੂੰਘਾਣਾਂ ਵਿਚ ਝਾਤ ਪਾ ਲੈਂਦੀਆਂ ਹਨ। ਬੋਲ-ਬਾਣੀ ਸ਼ੁਰੂ ਹੋ ਗਈ। ਇਸ਼ਕ ਆਪਣਾ ਰੰਗ ਵਿਖਾਉਣ ਲੱਗ ਪਿਆ। ਇਕਾਂਤ ਵਿਚ ਮੁਲਾਕਾਤਾਂ ਹੋਣ ਲੱਗੀਆਂ। ਹੋਟਲਾਂ ਵਿਚ ਮੁਹੱਬਤ ਦੀਆਂ ਪੀਂਘਾ ਝੂਟੀਆਂ ਜਾਣ ਲੱਗੀਆਂ। ਪਤਾ ਲੱਗਿਆ ਕਿ ਸੁਮਿੱਤਰਾ ਧਾਨਕੇ ਚਮਿਆਰਾਂ ਦੀ ਕੁੜੀ ਹੈ। ਪਰ ਜਦ ਇਸ਼ਕ ਦਿਲਾਂ ਦੀਆਂ ਸਾਂਝਾ ਦਾ ਪੁਲ ਪਾਰ ਕਰ ਜਾਵੇ ਤਾਂ ਵਾਪਸ ਮੁੜਨਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਹੋ ਜਾਂਦਾ ਹੈ। 'ਇਸ਼ਕ ਨਾ ਪੁੱਛੇ ਦੀਨ ਧਰਮ ਔਰ ਇਸ਼ਕ ਨਾ ਪੁੱਛੇ ਜਾਤ' ਵਾਲੀ ਕਹਾਵਤ ਰਣਬੀਰ ਉੱਤੇ ਭਾਰੂ ਹੋ ਗਈ। ਸੁਮਿੱਤਰਾ ਦੇ ਮਾਪੇ ਕਾਫੀ ਅਮੀਰ ਸਨ। ਬਾਪ ਚਮੜੇ ਦਾ ਵਪਾਰੀ ਸੀ ਭਰਾ ਰਾਖਵੇਂਕਰਣ ਕਰਕੇ ਚੰਗੀਆਂ ਨੌਕਰੀਆਂ ਉੱਤੇ ਸਨ। ਸੁਮਿੱਤਰਾ ਤੇ



ਰਣਬੀਰ ਦੀਆਂ ਇਸ਼ਕ-ਪੀਂਘਾ ਅਸਮਾਨੀ ਜਾ ਲੱਗੀਆਂ ਸਨ। ਪਰ ਉਹ ਬੀ ਏ ਕਰਕੇ ਕਾਫੀ ਸਿਆਣੇ ਹੋ ਗਏ ਸਨ। ਉਨ੍ਹਾਂ ਰਾਇ ਕਰਕੇ ਬੀ. ਐੱਡ ਵੀ ਕਰ ਲਈ। ਰਿਜ਼ਰਵੇਸ਼ਨ ਕਰਕੇ ਸੁਮਿੱਤਰਾ ਨੂੰ ਅਧਿਆਪਕਾਂ ਦੀ ਨੌਕਰੀ ਜਲਦੀ ਮਿਲ ਗਈ। ਰਣਬੀਰ ਅਜੇ ਨੌਕਰੀ ਦੀ ਉਡੀਕ ਕਰ ਰਿਹਾ ਸੀ।

ਇੱਧਰ ਝੋਟਾ ਵੀ ਰਣਬੀਰ ਦੇ ਕੋਰਸ ਕਰ ਜਾਣ 'ਤੇ ਖੁਸ਼ ਸੀ। ਕਿਸੇ ਵਿਚੋਲੇ ਨੇ ਝੋਟੇ ਪਾਸ ਰਣਬੀਰ ਨੂੰ ਸਾਕ ਕਰਾਉਣ ਦੀ ਗੱਲ ਆਖੀ। ਨਾਲ ਹੀ ਹੋਰ ਦਹੇਜ ਤੇ ਸੋਨੇ ਆਦਿ ਨਾਲ ਕਾਰ ਦੀ ਪੇਸ਼ਕਸ਼ ਵੀ ਕੀਤੀ। ਝੋਟਾ ਖੁਸ਼ ਹੋ ਗਿਆ। ਝੋਟੇ ਨੇ ਆਪਣੀ ਘਰਵਾਲੀ ਗੁਰਨਾਮ ਕੁਰ ਨਾਲ ਅੰਦਰ ਵੜ ਕੇ ਰਣਬੀਰ ਨੂੰ ਸਾਕ ਲੈਣ ਦੀ ਸਲਾਹ ਕੀਤੀ। ਨਾਲੇ ਦੱਸਿਆ ਕਿ ਅਗਲੇ ਦਹੇਜ ਦੇ ਨਾਲ ਸੋਨਾ ਤੇ ਕਾਰ ਵੀ ਦੇਣਗੇ। ਪਰ ਗੁਰਨਾਮ ਕੁਰ ਕੋਲ ਰਣਬੀਰ ਨੇ ਆਪੇ ਵਿਆਹ ਕਰਾਉਣ ਦੀ ਚਲਦੀ ਜਿਹੀ ਗੱਲ ਕਰ ਦਿੱਤੀ ਸੀ। ਉਹ ਝੋਟੇ ਨੂੰ ਟਾਲ ਗਈ। ਬਹਾਨਾ ਬਣਾ ਕੇ ਆਖਣ ਲੱਗੀ ਕਿ ਅਜੇ ਆਪਾਂ ਨੂੰ ਕਿਹੜਾ ਕਾਹਲੀ ਹੈ। ਇਹ ਕਾਰ, ਦਹੇਜ ਤਾਂ ਆਪਾਂ ਕਿਸੇ ਤੋਂ ਵੀ ਲੈ ਲਈਏ ਪਰ ਕੁੜੀ ਦਾ ਪਤਾ ਕਰ ਲਈਏ ਕਿ ਮੁੰਡੇ ਨਾਲ ਮੇਲ ਖਾਂਦੀ ਹੈ ਕਿ ਨਹੀਂ। ਝੋਟਾ ਚੁੱਪ ਕਰ ਗਿਆ।

ਸੁਮਿੱਤਰਾ ਨੇ ਆਪਣੇ ਮਾਪਿਆਂ ਪਾਸ ਆਪੇ ਹੀ ਰਣਧੀਰ ਨਾਲ ਵਿਆਹ ਕਰਾਉਣ ਦੀ ਗੱਲ ਦੱਸੀ ਤਾਂ ਉਹ ਥੋੜਾ ਗੁੱਸੇ ਤਾਂ ਹੋਏ ਪਰ ਜਿੰਮੇਵਾਰੀ ਉਨ੍ਹਾਂ ਸੁਮਿੱਤਰਾ ਉੱਤੇ ਹੀ ਛੱਡ ਦਿੱਤੀ ਕਿ ਤੂੰ ਨਫੇ ਨੁਕਸਾਨ ਦੀ ਆਪ ਜਿਮੇਵਾਰ ਹੋਵੇਗੀ। ਫਿਰ ਉਨ੍ਹਾਂ ਅਦਾਲਤ ਵਿਚ ਜਾ ਕੇ ਆਪੇ ਹੀ ਵਿਆਹ ਕਰਾ ਲਿਆ। ਉਹ ਦੋਵੇਂ ਸ਼ਹਿਰ ਵਿਚ ਕਿਰਾਏ 'ਤੇ ਮਕਾਨ ਲੈ ਕੇ ਰਹਿਣ ਲੱਗ ਪਏ। ਜਦ ਇਕ ਗੱਲ ਰਣਬੀਰ ਨੇ ਪਿੰਡ ਆ ਕੇ ਆਪਣੇ ਮਾਂ ਬਾਪ ਨੂੰ ਦੱਸੀ। ਇਹ ਵੀ ਦੱਸਿਆ ਕਿ ਕੁੜੀ ਧਾਨ ਕੇ ਚਮਾਰਾਂ ਦੀ ਹੈ, ਤਾਂ ਘਰ ਵਿਚ ਕਲੇਸ਼ ਪੈਣਾ ਹੀ ਸੀ ਤੇ ਪੈ ਗਿਆ। ਝੋਟੇ ਨੇ ਰਣਬੀਰ ਨੂੰ ਗੰਦੀਆਂ ਗਾਹਲਾਂ ਦੇ ਪੁਲ ਬੰਨ੍ਹ ਦਿੱਤੇ। ਨਾਲ ਹੀ ਆਪਣੀ ਘਰਵਾਲੀ ਗੁਰਨਾਮ ਕੁਰ ਨੂੰ ਗਾਹਲਾਂ ਕੱਢੀਆਂ ਕਿ ਤੂੰ ਇਸ ਨੂੰ ਚਮ੍ਹਲਾਇਆ ਹੈ। ਝੋਟਾ ਅੰਦਰ ਗਿਆ ਤੇ ਆਪਣਾ ਖੂੰਡਾ ਚੁੱਕ ਲਿਆਇਆ। ਆਉਣਸਾਰ ਰਣਬੀਰ ਦੇ ਉੱਤੇ ਵਰ੍ਹਾਅ ਦਿੱਤਾ। ਗੁਰਨਾਮ ਕੁਰ ਰੋਂਦੀ ਹੋਈ ਭੱਜ ਕੇ ਆਈ। ਉਸਦੇ ਆਉਣ ਤੋਂ ਪਹਿਲਾਂ ਹੀ ਰਣਬੀਰ ਬਿਜਲੀ ਦੀ ਫੁਰਤੀ ਨਾਲ ਲੀਚੀ ਮਾਰ ਗਿਆ ਖੂੰਡਾ ਥੱਲੇ ਵੱਜਿਆ। ਇਸ ਤੋਂ ਪਹਿਲਾਂ ਕਿ ਝੋਟਾ ਦੂਜੀ ਵਾਰੀ ਖੂੰਡੇ ਦਾ ਵਾਰ ਕਰਦਾ, ਰਣਬੀਰ ਨੇ ਝੋਟੇ ਦੇ ਗਲ 'ਚ ਹੱਥ ਦੇ ਕੇ ਧੱਕਾ ਦੇ ਦਿੱਤਾ। ਝੋਟਾ ਕੋਲ ਪਏ ਸੁਹਾਗੇ 'ਤੇ ਪਿੱਠ ਪਰਨੇ ਡਿੱਗ ਪਿਆ। ਫਿਰ ਝੋਟਾ ਹੌਲੀ ਹੌਲੀ ਉੱਠਿਆ, ਲੰਝ ਮਾਰ ਕੇ ਫਿਰ ਡਿੱਗ ਪਿਆ। ਰਣਬੀਰ ਨੂੰ ਉੱਚੀ ਉੱਚੀ ਗਾਹਲਾਂ ਕੱਢਣ ਲੱਗ ਪਿਆ, "ਓਏ ਮਾਂ ਦਿਆ ਖ਼ਸਮਾਂ! ਤੂੰ ਮੇਰੀ ਕੁਠਾਲੀ ਗਾਲ ਦਿੱਤੀ ਓਏ। ਤੇਰਾ ਬੇੜਾ ਬਹਿ ਜੇ ਸੂਰ ਦਿਆਂ ਪੁੱਤਾ। ਓਏ ਧਾਨਕੇ ਚਮਿਆਰ ਤਾਂ ਖੱਲ੍ਹਾਂ ਰੰਗਦੇ ਹਨ ਮਰੇ ਪਸ਼ੂਆਂ ਦੀਆਂ। ਓਏ ਸਾਲਿਆ ਜਾਤੋਂ ਕੁਜਾਤ ਹੋ ਗਿਆ ਓਏ! ਤੇਰੀ ਮਾਂ ਨੂੰ ਤੇਰੀ ਨੂੰ... ਮੇਰਾ ਦੀਨ ਭਰਿਸ਼ਟ ਕਰਤਾ ਓਏ। ਤੂੰ ਮੈਨੂੰ ਪਿੰਡ ਵਿਚ ਮੂੰਹ ਦਿਖਾਉਣ ਜੋਗਾ ਨਈਂ ਛੱਡਿਆ ਓਏ ਗੰਦੀਏ ਔਲਾਦੇ...।" ਆਂਢੀ ਗਵਾਂਢੀ ਇਕੱਠੇ ਹੋ ਗਏ। ਕੁਝ ਝੋਟੇ ਨੂੰ ਸਾਂਤ ਕਰਨ ਲੱਗੇ, ਕੁਝ ਰਣਬੀਰ ਨੂੰ ਬੁਰਾ-ਭਲਾ ਆਖਣ ਲੱਗੇ। ਫਿਰ ਹੌਲੀ ਹੌਲੀ ਆਪਣੇ ਘਰਾਂ ਨੂੰ ਜਾਣ ਲੱਗੇ। ਦੁਨੀਆਂ ਦਾ ਏਹੀ ਦਸਤੂਰ ਹੈ। ਫਿਰ ਝੋਟੇ ਨੇ ਆਖਰੀ ਫੈਸਲਾ ਸੁਣਾਇਆ, "ਨਿਕਲ ਜਾ ਮੇਰੇ ਘਰੋਂ ਜੇ ਸਾਲਾ ਆਦਮੀ ਦਾ ਐਂ ਤਾਂ। ਮੈਂ ਕੱਲ੍ਹ ਨੂੰ ਹੀ ਤੈਨੂੰ ਕਚਹਿਰੀਆਂ 'ਚ ਜਾ ਕੇ ਬੇ ਦਖਲ ਕਰਕੇ ਆਊਂਗਾ।"

ਰਣਬੀਰ ਤਾਂ ਪਹਿਲਾਂ ਹੀ ਇਹ ਚਾਹੁੰਦਾ ਸੀ। ਉਹ ਆਪਣੇ ਬੈਗ 'ਚ ਕਪੜਾ ਲੀੜਾ ਪਾ ਕੇ ਘਰੋਂ ਤੁਰ ਗਿਆ। ਗੁਰਨਾਮ ਕੁਰ ਉੱਚੀ ਉੱਚੀ ਵੈਣ ਪਾਈ ਗਈ। ਸੁਮਿੱਤਰਾ ਨੂੰ ਰਾਖਵਾਂਕਰਨ ਕਰਕੇ ਜਲਦੀ ਅਧਿਆਪਕਾ ਦੀ ਸਰਕਾਰੀ ਨੌਕਰੀ ਮਿਲ ਗਈ। ਰਣਬੀਰ ਫਿਲਹਾਲ ਕਿਸੇ ਪ੍ਰਾਈਵੇਟ ਪਬਲਿਕ ਸਕੂਲ ਵਿਚ ਅਧਿਆਪਕ ਲੱਗ ਗਿਆ। ਦੋਵੇਂ ਸੋਹਣਾ ਗੁਜ਼ਾਰਾ ਕਰ ਲੱਗ ਪਏ। ਸੁਮਿੱਤਰਾ ਨੇ ਅੰਤਰਜਾਤੀ ਵਿਆਹ ਦੇ ਫਾਰਮ ਭਰ ਕੇ ਸਮਾਜ-ਭਲਾਈ ਮਹਿਕਮੇ ਵਿਚ ਜਮਾਂ ਕਰਾ ਦਿੱਤੇ। ਸਰਕਾਰ ਤੋਂ ਪੱਚੀ ਹਜਾਰ ਰੁਪਏ ਮਿਲਣ ਦੀ ਉਹ ਉਮੀਦ ਬੱਝ ਗਈ। ਸ਼ਹਿਰ ਦੀ ਜ਼ਿੰਦਗੀ ਜਿਉਣ ਉਹ ਦੋ ਸਾਲਾਂ ਵਿਚ ਗਿੱਝ ਗਏ।

ਰਣਬੀਰ ਦੇ ਘਰੋਂ ਨਿਕਲਣ ਮਗਰੋਂ ਝੋਟੇ ਤੋਂ ਖੱਬੀ ਲੱਤ ਤੋਂ ਤੁਰਿਆ ਹੀ ਨਾ ਗਿਆ।ਉਸਦੇ ਮਿੱਤਰ ਬੇਲੀ ਤੇ ਆਂਢ-ਗਵਾਂਢ ਉਸ ਨੂੰ ਕਿਸੇ ਪ੍ਰਾਈਵੇਟ ਹਸਪਤਾਲ ਲੈ ਗਏ।ਡਾਕਟਰ ਨੇ ਚੈੱਕ-ਅੱਪ ਤੇ ਐਕਸਰੇ ਆਦਿ ਕੀਤਾ। ਫਿਰ ਦੱਸਿਆ ਕਿ ਉਸਦਾ ਖੱਬਾ ਪੱਟ ਟੁੱਟ ਗਿਆ ਹੈ।ਮਹੀਨਾ ਭਰ ਝੋਟਾ ਪ੍ਰਾਈਵੇਟ ਹਸਪਤਾਲ ਦਾਖਲ ਰਿਹਾ। ਡਾਕਟਰ ਨੇ ਉਸਦੇ ਪੱਟ ਦੀ ਟੁੱਟੀ ਹੱਡੀ ਕੱਢ ਕੇ ਸਰੀਆ ਪਾ ਦਿੱਤਾ ਸੀ।ਜਦ ਉਸਨੂੰ ਆਰਾਮ ਆ ਕੇ ਹਸਪਤਾਲੋਂ ਛੁੱਟੀ ਮਿਲੀ ਤਾਂ ਪਹਿਲਾਂ ਉਹ ਬਾਕਰ 'ਤੇ ਤੁਰਨ ਲੱਗਿਆ ਫਿਰ ਵਿਸਾਖੀਆਂ ਨਾਲ ਅਤੇ ਸਾਲ ਕੁ ਮਗਰੋਂ ਖੂੰਡੀ ਦੇ ਸਹਾਰੇ ਲੰਙ ਮਾਰ ਕੇ ਤੁਰਨ ਲੱਗ ਪਿਆ ਸੀ।

ਝੋਟੇ ਦੀ ਕੁੜੀ ਸ਼ਰਨਜੀਤ ਸ਼ਹਿਰ ਵਿਚ ਐਮ. ਏ. ਕਰ ਰਹੀ ਸੀ।ਝੋਟਾ ਤੇ ਉਸਦੀ ਘਰਵਾਲੀ ਕੁੜੀ ਲਈ ਥਾਂ ਲੱਭਣ ਲੱਗ ਪਏ।ਕੁੜੀ ਨੇ ਨਾਨਕਿਆਂ ਨੂੰ ਇਸ ਬਾਰੇ ਕਿਹਾ ਗਿਆ ਕਿ ਕਿਸੇ ਚੰਗੇ ਥਾਂ ਰਿਸ਼ਤਾ ਵੇਖੋ।ਗੁਰਨਾਮ ਕੁਰ ਨੇ ਕੁੜੀ ਦਾ ਕਾਫੀ ਦਾਜ ਦਹੇਜ ਬਣਾ ਲਿਆ ਸੀ।ਕਪੜੇ, ਦਰੀਆਂ, ਖੇਸ ਤੇ ਬਿਸਤਰੇ ਆਦਿ ਬਣਾ ਕੇ ਦੋ ਪੇਟੀਆਂ ਭਰ ਦਿੱਤੀਆ ਸਨ।ਸ਼ਰਨਜੀਤ ਯੂਨੀਵਰਸਿਟੀ ਦੇ ਹੋਸਟਲ ਵਿਚ ਰਹਿ ਰਹੀ ਸੀ।ਮਹੀਨੇ ਮਗਰੋਂ ਘਰ ਆ ਕੇ ਉਹ ਰਾਸ਼ਨ ਪਾਣੀ ਲੈ ਜਾਂਦੀ ਸੀ ਤੇ ਨਾਲੇ ਖਰਚਾ ਆਦਿ ਵੀ ਲੈ ਜਾਂਦੀ ਸੀ।ਉਸਦੇ ਅਖੀਰਲੇ ਪੇਪਰ ਹੋ ਰਹੇ ਸਨ ਅਤੇ ਉਸ ਨੇ ਐਮ. ਏ. ਪਾਸ ਕਰ ਜਾਣੀ ਸੀ।

ਮਹੀਨੇ ਮਗਰੋਂ ਸ਼ਰਨਜੀਤ ਬੈਗ ਮੋਢੇ ਪਾਈ ਘਰ ਪਹੁੰਚ ਗਈ।ਉਸਦੇ ਐਮ. ਏ. ਦੇ ਪੇਪਰ ਖਤਮ ਹੋ ਗਏ ਸੀ ਅਤੇ ਛੁੱਟੀਆਂ ਹੋ ਗਈਆਂ ਸਨ।ਉਸਨੇ ਘਰ ਆ ਕੇ ਆਪਣੇ ਭਾਪੇ ਨੂੰ ਫਤਹਿ ਬੁਲਾਈ।ਉਸਨੇ ਉਸ ਦਾ ਸਿਰ ਪਲੋਸਿਆ ਤੇ ਰਾਜੀ ਖੁਸ਼ੀ ਪੁੱਛੀ।ਫੇਰ ਉਹ ਅੰਦਰ ਆਪਣੀ ਬੀਬੀ ਗੁਰਨਾਮ ਕੁਰ ਕੋਲ ਚਲੀ ਗਈ।ਰਾਤ ਨੂੰ ਮਾਵਾਂ ਧੀਆਂ ਗਈ ਰਾਤ ਤੱਕ ਗੱਲਾਂ ਕਰੀ ਗਈਆਂ।ਝੋਟਾ ਸ਼ਰਾਬ ਪੀ ਕੇ ਘੁਰਾੜੇ ਮਾਰਦਾ ਰਿਹਾ।ਇਹ ਆਦਤ ਉਸ ਨੂੰ ਰਣਬੀਰ ਦੇ ਆਪੇ ਵਿਆਹ ਕਰਾ ਕੇ ਘਰੋਂ ਨਿਕਲਣ ਕਰਕੇ ਪੈ ਗਈ ਸੀ।ਇੱਕ ਉਹ ਆਪਣੇ ਪੱਟ ਟੁੱਟਣ ਤੋਂ ਮਗਰੋਂ ਸ਼ਰਾਬ ਪੀ ਕੇ ਕੁਝ ਦੁੱਖ ਭੁਲਾਉਣ ਦੀ ਕੋਸ਼ਿਸ਼ ਕਰਦਾ ਕਰਦਾ ਪੂਰੀ ਸ਼ਰਾਬ ਦੀ ਬੋਤਲ ਰੋਜ ਪੀ ਜਾਂਦਾ।ਉਹ ਜ਼ਮੀਨ ਠੇਕੇ ਉੱਤੇ ਦੇਣ ਲੱਗ ਪਿਆ ਸੀ।ਵੀਹ ਕਿੱਲੇ ਜ਼ਮੀਨ ਦਾ ਠੇਕਾ ਵੀ ਵਾਹਵਾ ਆ ਜਾਂਦਾ ਸੀ।ਸ਼ਰਨੋ ਆਪਣੀ ਮਾਂ ਨਾਲ ਦੇਰ ਰਾਤ ਤੱਕ ਗੱਲਾਂ ਕਰੀ ਗਈ ਸੀ।

ਸੁਭਾ ਉੱਠਣ ਵੇਲੇ ਗੁਰਨਾਮ ਕੁਰ ਘੋਰ ਉਦਾਸੀ ਦੀ ਦਲਦਲ ਵਿਚ ਫਸੀ ਲੱਗਦੀ ਸੀ।ਉਸ ਨੇ ਝੋਟੇ ਨੂੰ ਰੋਟੀ ਖਵਾਈ।ਫਿਰ ਉਸ ਨੂੰ ਰੋਜ ਦੀ ਤਰ੍ਹਾਂ ਦੁੱਧ ਵਿਚ ਪੱਤੀ ਪਾ ਕੇ ਚਾਹ ਫੜਾਈ ਅਤੇ ਪੀੜ੍ਹੀ ਡਾਹ ਕੇ ਉਸਦੀ ਕੁਰਸੀ ਕੋਲ ਬੈਠ ਗਈ।ਮਲਵੀਂ ਜੇਹੀ ਜੀਭ ਨਾਲ ਝੋਟੇ ਨੂੰ ਆਖਣ ਲੱਗੀ, "ਦੇਖ ਸ਼ਰਨੋ ਦਾ ਪਿਓ ਵਾਖਰੂ ਦਾ ਨਾਉਂ ਲੈ ਕੇ ਮੇਰੀ ਗੱਲ ਸੁਣੀ।ਗਰਮੀ 'ਚ ਨਾ ਆਵੀਂ।ਤੂੰ ਤਾਂ ਅੱਗੇ ਈ ਜਹਿਮਤ ਕਰਕੇ ਬਾਹਲਾ ਕਮਜੋਰ ਹੋਇਆ ਪਿਐਂ...।"

"ਹਾਂ ਹਾਂ ਦੱਸ ਕੀ ਆਂਹਦੀ ਏਂ।ਕੋਈ ਨਵਾਂ ਟਿਟਵੈਰ ਨਾ ਛੇੜ ਦੇਵੀਂ।"

"ਗੱਲ ਇਉਂ ਐ ਬਈ ਸਾਰੀ ਦੁਨੀਆਂ ਤੇ ਇਵੇਂ ਈ ਹੋਈ ਜਾਂਦੈ।ਜ਼ਮਾਨੇ ਦੀ ਹਵਾ ਬਾਹਲੀ ਮਾੜੀ ਵਗ ਪਈ ਏ।"

"ਹਾਂ ਹੁਣ ਕੀ ਹੋ ਗਿਆ?"

"ਹੋਣਾ ਕੀ ਸੀ।ਅਪਣੀ ਸ਼ਰਨੋ ਨੇ ਵੀ ਆਵਦੇ ਆਪ ਵਿਆਹ ਕਰਾ ਲਿਐ।ਮੁੰਡਾ ਕਚਹਿਰੀਆਂ ਵਿਚ ਅਫਸਰ ਲੱਗਿਆ ਹੋਇਐ।"

"ਜਾਤ ਕੀ ਐ ਮੁੰਡੇ ਦੀ?'

"ਰਾਜੇ ਸਿੱਖਾਂ ਦਾ ਮੁੰਡਾ ਦੱਸਦੀ ਐ।"

"ਨਾਈਆਂ ਦਾ? ਹਾਏ ਓਏ ਰੱਬਾ! ਓਏ ਥੋਡਾ ਬੇੜਾ ਬਹਿ ਜੇ ਓਏ ਗੰਦੀਏ ਔਲਾਦੇ! ਨੀ ਵਗ ਜਾ ਮੈਥੋਂ ਪਰਾਂ ਨੀ ਤੇਰੀ ਮਾਂ ਨੂੰ...।ਗੰਦੀ ਔਲਾਦ ਨੇ ਜੂਠ ਖਾਣੀ ਜਾਤ ਨਾਲ ਵਿਆਹ ਕਰਾ ਲਿਆ।ਹਾਏ ਓਏ ਰੱਬਾ!" ਅਤੇ



ਝੋਟਾ ਦੋਵੇਂ ਹੱਥਾਂ ਦੀਆਂ ਚਪੇੜਾਂ ਨਾਲ ਆਪਣਾ ਹੀ ਮੂੰਹ ਕੁੱਟਣ ਲੱਗ ਪਿਆ।ਉਸ ਦੀ ਘਰਵਾਲੀ ਨੇ ਉਸਦੇ ਦੋਵੇਂ ਹੱਥ ਮਸਾਂ ਫੜੇ।ਚੀਕਾਂ ਸੁਣ ਕੇ ਸਰਨਜੀਤ ਵੀ ਅੰਦਰੋਂ ਵਿਹੜੇ ਵਿਚ ਆ ਗਈ ਸੀ।ਉਹ ਹੁਣ ਆਪਣੇ ਭਾਪੇ ਝੋਟੇ ਦੇ ਅੱਗੇ ਖੜ੍ਹੀ ਸੀ।ਆਖਣ ਲੱਗੀ, "ਭਾਪਾ ਜੀ ਮੈਂ ਕੋਈ ਵੀ ਬੁਰਾ ਕੰਮ ਨਹੀਂ ਕੀਤਾ।ਆਪਣੇ ਵਿਆਹ ਦਾ ਫੈਸਲਾ ਆਪ ਲਿਆ ਹੈ ਜਿਹੜਾ ਕੋਈ ਗੁਨਾਹ ਨਹੀਂ।ਮੈਂ ਹੁਣ ਬਾਲਗ ਹਾਂ ਆਪਣਾ ਫੈਸਲਾ ਆਪ ਕਰ ਸਕਦੀ ਹਾਂ।"

ਝੋਟਾ ਕੁਰਸੀ ਤੋਂ ਖੂੰਡੀ ਦੇ ਸਹਾਰੇ ਖੜ੍ਹਾ ਹੋਇਆ।ਕਾਹਲੀ ਨਾਲ ਅੰਦਰ ਗਿਆ।ਅੰਦਰੋਂ ਕਿੱਲੇ ਤੋਂ ਤਲਵਾਰ ਲਾਹੀ ਤੇ ਮਿਆਨੋ ਧੂਹ ਲਈ।ਬਾਹਵਾਂ ਅਜੇ ਕੰਮ ਕਰਦੀਆਂ ਸਨ ਉਸ ਦੀਆਂ।ਖੂੰਡੀ ਨਾਲ ਕਾਹਲੀ ਕਾਹਲੀ ਤੁਰਦਾ ਉਹ ਵਿਹੜੇ ਵਿਚ ਆਇਆ।ਦੂਰ ਤੋਂ ਤਲਵਾਰ ਸ਼ਰਨਜੀਤ ਵਲ ਉੱਘਰ ਲਈ।ਸ਼ਰਨਜੀਤ ਨੇ ਕੋਲ ਪਈ ਸਲੰਘ ਚੁੱਕੀ ਤੇ ਤਲਵਾਰ ਦਾ ਵਾਰ ਉਸ ਉੱਤੇ ਰੋਕ ਲਿਆ।ਗੁਰਨਾਮ ਕੁਰ ਨੇ ਵੀ ਝੋਟੇ ਨੂੰ ਮਗਰੋਂ ਜੱਫਾ ਮਾਰ ਲਿਆ।ਸ਼ਰਨਜੀਤ ਕੜ੍ਹਕੀ, "ਭਾਪਾ ਜੀ ਇਹ ਮੇਰੀ ਭੂਆ ਸੀਬੋ ਨਹੀਂ ਬਈ ਤੇਰੇ ਹੱਥੋਂ ਮਰ ਜਾਵੇਗੀ।ਮੈਂ ਸ਼ਰਨਜੀਤ ਹਾਂ ਸੋਲਾਂ ਜਮਾਤਾਂ ਪੜ੍ਹੀ ਹੋਈ।ਆਪਣਾ ਫੈਸਲਾ ਆਪ ਕੀਤਾ ਹੈ ਜੁ ਕਾਨੂੰਨਨ ਜੁਰਮ ਨਹੀਂ।ਸਮਝ ਆਈ?"

"ਜਾਹ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ ਨਹੀਂ ਖ਼ੂਨ ਪੀ ਜੂੰਗਾ ਤੇਰਾ।ਥੋਡੀ ਮਾਂ ਨੂੰ ਥੋਡੀ ਨੂੰ।ਤੁਸੀਂ ਮੇਰਾ ਦੀਨ ਭਰਿਸ਼ਟ ਕਰਕੇ ਖ਼ਾਨਦਾਨ ਬਰਬਾਦ ਕਰ ਦਿੱਤਾ।ਗੰਦੀ ਔਲਾਦ ਨੇ।ਅੱਗੇ ਉਹ ਧਾਨਕੇ ਚਮਿਆਰਾਂ ਨਾਲ ਰਲ ਗਿਆ।ਸੂਰ ਦਾ ਪੁੱਤ।ਇਹ ਆਖ ਕੇ ਝੋਟਾ ਕੁਰਸੀ ਉੱਤੇ ਡਿੱਗ ਹੀ ਪਿਆ।ਰੋਈ ਗਿਆ ਤੇ ਰੋਈ ਗਿਆ।ਰੌਲਾ ਸੁਣ ਕੇ ਆਂਢੀ ਗਵਾਂਢੀ ਵੀ ਆ ਗਏ। ਕੋਈ ਕੁਛ ਬੋਲਦਾ ਸੀ ਕੋਈ ਕੁਛ। ਦੁਨੀਆਂ ਦਾ ਦਸਤੂਰ ਹੀ ਇਹ ਹੈ। ਸ਼ਰਨਜੀਤ ਕਪੜੇ ਲੀੜੇ ਬੈਗ 'ਚ ਪਾ ਕੇ ਘਰੋਂ ਬਾਹਰ ਹੋ ਗਈ।ਬਸ ਅੱਡੇ ਜਾ ਕੇ ਸ਼ਹਿਰ ਨੂੰ ਬਸ ਚੜ੍ਹ ਗਈ।ਗੁਰਨਾਮ ਕੁਰ ਉੱਚੀ ਉੱਚੀ ਵੈਣ ਪਾਈ ਗਈ।

ਗੁਰਨਾਮ ਕੁਰ ਤੇ ਆਂਢੀ ਗਵਾਂਢੀ ਝੋਟੇ ਦੇ ਦੋ ਦਿਨ ਟੀਕੇ ਆਦਿ ਲਵਾਈ ਗਏ।ਤਿੰਨ ਚਾਰ ਦਿਨਾਂ ਵਿਚ ਝੋਟਾ ਠੀਕ ਹੋ ਗਿਆ।ਅੱਜ ਉਹ ਰੋਟੀ ਖਾ ਕੇ ਜਾ ਸੰਘੋ ਲੰਘਾਅ ਕੇ ਖੂੰਡੀ ਸਹਾਰੇ ਲੰਙ ਮਾਰਦਾ ਟੀ ਵੀ ਅੱਗੇ ਆ ਬੈਠਾ ਸੀ।ਆਪਣਾ ਗਮ ਭੁਲਾਉਣ ਲਈ, ਮਨ ਹੋਰ ਪਾਸੇ ਲਾਉਣ ਲਈ ਆਪਣਾ ਮਨ ਪਸੰਦ ਚੈਨਲ ਡਿਸਕਵਰੀ ਰਿਮੋਟ ਨਾਲ ਲਾ ਲਿਆ।ਉਸੇ ਦਿਨ ਵਾਲਾ ਸੀਨ ਫੇਰ ਆ ਗਿਆ ਸੀ।ਝੋਟਿਆਂ ਦੇ ਝੁੰਡ ਵਿਚ ਤਿੰਨ ਧਾਰੀ ਵਾਲੇ ਸ਼ੇਰਾਂ ਨੇ ਇੱਕ ਝੋਟੇ 'ਤੇ ਹਮਲਾ ਕਰ ਦਿੱਤਾ ਸੀ।ਝੋਟਾ ਤਿੰਨਾਂ ਦਾ ਮੁਕਾਬਲਾ ਕਾਫੀ ਚਿਰ ਕਰੀ ਗਿਆ।ਪਰ ਇੱਕ ਸ਼ੇਰ ਟਪੂਸੀ ਮਾਰ ਕੇ ਝੋਟੇ ਦੀ ਪਿੱਠ ਉੱਪਰ ਜਾ ਬੈਠਾ ਸੀ ਅਤੇ ਉਸ ਦੀ ਧੌਣ ਉੱਤੋਂ ਬੁਰਕ ਭਰ ਲਿਆ ਸੀ।ਦੂਜੇ ਦੋਹਾਂ ਨੇ ਇਕੱਠੇ ਹੀ ਮਗਰ ਦੀ ਹੋ ਕੇ ਉਸ ਦੇ ਢਿੱਡ ਵਿਚ ਬੁਰਕ ਭਰ ਲਏ।ਝੋਟਾ ਭੱਜ ਕੇ ਦਰਿਆ ਵਿਚ ਵੜਨ ਦੀ ਕੋਸ਼ਿਸ਼ ਕਰਨ ਲੱਗਾ।ਪਰ ਪਿਛਲੇ ਸ਼ੇਰਾਂ ਨੇ ਉਸਦੇ ਢਿੱਡ ਵਿਚੋਂ ਤਿੰਨ-ਚਾਰ ਬੁਰਕ ਕੱਢ ਲਏ ਸਨ।ਪਿੱਠ ਉਤਲੇ ਸ਼ੇਰ ਨੇ ਵੀ ਧੌਣ ਥੱਲਿਉਂ ਬੁਰਕ ਕੱਢ ਲਿਆ।ਝੋਟਾ ਖੜ੍ਹ ਗਿਆ।ਝੋਟਾ ਪਥਰਾਈਆਂ ਅੱਖਾਂ ਨਾਲ ਝਾਕਦਾ ਇਕ ਪਾਸੇ ਡਿੱਗ ਪਿਆ।ਉਸ ਦੀਆਂ ਅੱਖਾਂ ਥਾਏਂ ਖੜ੍ਹ ਗਈਆਂ ਸਨ।ਸ਼ੇਰ ਕਾਹਲੀ ਕਾਹਲੀ ਬੁਰਕੀਆਂ ਨਾਲ ਝੋਟੇ ਨੂੰ ਖਾ ਰਹੇ ਸਨ। ਇਹ ਸੀਨ ਵੇਖ ਕੇ ਕੁਰਸੀ 'ਤੇ ਬੈਠਾ ਝੋਟਾ ਆਪਣੇ ਖੱਬੇ ਪਾਸੇ ਵਲ ਲੁਟਕ ਗਿਆ।ਕੁਰਸੀ ਥੱਲੇ ਵੱਜਣ ਕਰਕੇ ਕਾਫੀ ਖੜਕਾ ਹੋਇਆ।ਖੜਕਾ ਸੁਣ ਕੇ ਗੁਰਨਾਮ ਕੁਰ ਭੱਜੀ ਆਈ ਝੋਟੇ ਨੂੰ ਚੁੱਕਣ ਲੱਗੀ ਪਰ ਭਾਣਾ ਤਾਂ ਵਰਤ ਚੁੱਕਿਆ ਸੀ।

ਪਿੰਡ ਤੇ ਡਾ. ਪੂਹਲਾ, ਬਠਿੰਡਾ, ਮੋ. 98726-39669

## ਕਹਾਣੀ/ ਨ੍ਹੇਰੇ ਤੋਂ ਚਾਨਣ ਵੱਲ/ -ਸਰੂਪ ਸਿਆਲਵੀ

ਲੱਦਾਖ, ਝਰਨਿਆਂ ਅਤੇ ਮਨਮੋਹਕ ਦ੍ਰਿਸ਼ਾਂ ਨਾਲ ਭਰੇ ਕਸ਼ਮੀਰ ਪ੍ਰਦੇਸ਼ ਦਾ ਸਮੁੰਦਰ ਤਲ ਤੋਂ ਸਾਰੇ ਦੇਸ਼ ਨਾਲੋਂ ਉਚਾਈ 'ਤੇ ਸਥਿਤ, ਰੇਗਿਸਤਾਨੀ ਤੇ ਪਹਾੜੀ ਇਲਾਕਾ ਹੈ। ਲੇਹ ਤੇ ਕਾਰਗਿਲ ਦੇ ਵਿਚਕਾਰ ਖਾਲਤਸੀ ਤੋਂ ਪਹਾੜੀ ਤੇ ਸਿੱਧੀ ਚੜ੍ਹਾਈ ਚੜ੍ਹਕੇ ਅੱਗੇ ਉੱਚੇ ਪਹਾੜਾਂ ਵਿਚ ਘਿਰੀ ਜੰਸਕਾਰ ਘਾਟੀ ਹੈ। ਸਰਦੀਆਂ ਦਾ ਮੌਸਮ ਸਮਾਪਤ ਹੋ ਗਿਆ ਹੈ, ਸੂਰਜ ਦੀ ਤਪਸ਼ ਨਾਲ, ਹੌਲੀ-ਹੌਲੀ ਬਰਫ ਪਿਘਲਣੀ ਸ਼ੁਰੂ ਹੋ ਗਈ ਹੈ। ਬਸੰਤ ਰੁੱਤ ਆ ਗਈ ਹੈ, ਝਾੜੀਆਂ, ਪੌਦਿਆਂ ਬਿਰਛਾਂ, ਬੂਟਿਆਂ ਉੱਤੇ ਰੰਗ-ਬਰੰਗੇ ਫੁੱਲ ਟਹਿਕਣ ਲੱਗ ਪਏ ਹਨ। ਬਰਫ਼ ਨਾਲ ਢਕੀ ਜੰਸਕਾਰ ਵਾਦੀ, ਮੁੜ ਸਜੀਵ ਹੋ ਉੱਠੀ ਹੈ। ਜੰਸਕਾਰ ਘਾਟੀ ਦੇ ਇਕੋ-ਇਕ ਗ੍ਰਾਮ, ਹਾਨੂੰ ਦੇ ਦਾਰੋਕਿਪਾ ਗਣ ਦੇ ਬਰਫੀਲੇ ਮੌਸਮ ਵਿਚ ਸੁੰਗੜ ਕੇ ਝੌਂਪੜੀਆਂ ਵਿਚ ਦੜੇ ਬੈਠੇ ਜਨ ਕੁਰਬਲ-ਕੁਰਬਲ ਝੋਂਪੜੀਆਂ ਤੋਂ ਬਾਹਰ ਨਿਕਲਣੇ ਸ਼ੁਰੂ ਹੋ ਗਏ ਹਨ। ਅਤੇ ਆਪਣੇ-ਆਪਣੇ ਕੰਮਾਂ ਵਿਚ ਰੁੱਝ ਗਏ ਹਨ। ਜੰਸਕਾਰ ਘਾਟੀ ਦੇ ਉੱਤਰ ਪੂਰਵ ਵੱਲ ਵਗਦੇ ਦਾਰੁਦ ਦਰਿਆ ਦਾ ਸਰਦੀਆਂ ਵਿਚ ਬਰਫ਼ ਪੈਣ ਕਰਕੇ ਜੰਮਿਆ ਜਲ, ਸੂਰਜ, ਦੀ ਤਪਸ਼ ਨਾਲ ਪਿਘਲ ਕੇ ਮੁੜ ਫੇਰ ਵਗਣ ਲੱਗ ਪਿਆ ਹੈ। ਜਿਵੇਂ ਸਰਦੀਆਂ ਦੀ ਲੰਮੀ ਰਾਤ ਨੂੰ ਸੁੱਤਾ ਪਿਆ ਕੋਈ ਯਾਤਰੀ, ਸਵੇਰ ਹੋਣ 'ਤੇ ਸੂਰਜ ਚਮਕਣ ਨਾਲ ਫੇਰ ਉੱਠਕੇ ਆਪਣੀ ਮੰਜ਼ਿਲ ਵੱਲ ਨੂੰ ਤੁਰ ਪਿਆ ਹੋਵੇ। ਦਾਰੁਦ ਦਰਿਆ ਦਾ ਜਲ, ਇਸ ਵਿਚੋਂ ਕੱਢੀਆਂ ਨਹਿਰਾਂ ਵਿਚ ਨੂੰ ਵਗਣ ਲੱਗ ਪਿਆ ਹੈ।

ਖੇਤੀ-ਬਾੜੀ ਕਰਨ ਵਾਲੀ ਸਮਿਤੀ ਦੇ ਕੁਝ ਜਨ, ਨਹਿਰਾਂ ਵਿਚੋਂ ਖਾਲਾਂ ਕੱਢਕੇ, ਗਣ ਦੇ ਸਾਂਝੇ ਖੇਤਾਂ ਦੀ ਸਿੰਚਾਈ ਕਰਨ ਲੱਗ ਪਏ ਹਨ। ਸਮਿਤੀ ਦੇ ਕੁਝ ਜਨ, ਲੋਹੇ ਦੇ ਫ਼ਾਲੇ ਵਾਲੇ ਲਕੜ ਦੇ ਹਲ ਅੱਗੇ ਦੇ ਬੈਲਾਂ ਨੂੰ ਜੋੜ ਕੇ, ਗਣ ਦੇ ਖੇਤਾਂ ਦੀ ਬਹਾਈ ਤੇ ਫਸਲਾਂ ਦੀ ਬਿਜਾਈ ਕਰਨ ਲੱਗ ਪਏ ਹਨ। ਗਣ ਦੇ ਖੇਤਾਂ ਵਿਚ ਕਣਕ , ਜੌ, ਮਟਰ, ਆਲੂ, ਸ਼ਲਗਮ, ਬੰਦ ਗੋਭੀ ਆਦਿ ਦੀ ਖੇਤੀ ਕੀਤੀ ਜਾਂਦੀ ਹੈ। ਬਜ਼ੁਰਗਾਂ ਦੀ ਸਮਿਤੀ ਵਲੋਂ, ਗਣ ਦੇ ਜਨਾਂ ਨੂੰ ਵੱਖ-ਵੱਖ ਕੰਮ ਕਰਨ ਵਾਲੀਆਂ ਸਮਿਤੀਆਂ ਵਿਚ ਵੰਡ ਦਿੱਤਾ ਜਾਂਦਾ ਹੈ। ਅਤੇ ਉਸ ਕੰਮ ਵਿਚ ਕਿਸੇ ਪਰਪੱਕ ਜਨ ਨੂੰ, ਉਸ ਸਮਿਤੀ ਦਾ ਮੁਖੀ ਬਣਾ ਦਿੱਤਾ ਜਾਂਦਾ ਹੈ। ਇਸ ਵਾਰ ਬਜ਼ੁਰਗ, ਸ਼ੇਰਾਂ ਨੂੰ ਖੇਤੀ ਬਾੜੀ ਕਰਨ ਵਾਲੀ ਸਮਿਤੀ ਦਾ ਮੁਖੀ ਬਣਾਇਆ ਗਿਆ ਹੈ।

ਗਣ ਦੇ ਸਾਂਝੇ ਪਸ਼ੂਆਂ ਦੀ ਸਾਂਭ ਸੰਭਾਲ ਕਰਨ ਵਾਲੀ ਸਮਿਤੀ ਦੇ ਜਨਾਂ ਨੇ ਸੂਰਜ ਦੀ ਧੁੱਪ ਚਮਕਣ ਤੇ, ਮੌਸਮ, ਖੁਲ੍ਹ, ਜਾਣ ਕਰਕੇ, ਗਣ ਦੇ ਵੱਡੇ-ਵੱਡੇ ਝੋਂਪੜਿਆਂ ਵਿਚ ਬੰਨ੍ਹੇ ਪਸ਼ੂਆਂ ਨੂੰ ਜੰਸਕਾਰ ਘਾਟੀ ਦੇ ਪੂਰਬ ਵੱਲ, ਦਾਰੁਦ, ਦਰਿਆ ਦੇ ਮੁਹਾਨਿਆ ਉੱਤੇ ਉੱਗੇ ਜੰਗਲ ਵਿਚ ਘਾਹ ਦੇ ਮੈਦਾਨ ਵਿਚ ਘਾਹ ਚਰਨ ਲਈ ਖੁਲ੍ਹੇ ਛੱਡ ਦਿੱਤਾ ਹੈ। ਘੋੜੇ, ਬੈਲ, ਗਾਈਆਂ, ਯਾਕ, ਭੇਡ, ਬੱਕਰੀਆਂ ਤੇ ਗਧੇ ਬੰਧਨ ਮੁਕਤ ਹੋ ਕੇ ਦੁੜੰਗੇ ਮਾਰਦੇ ਜੰਗਲ ਵਿਚ ਘੁੰਮ ਰਹੇ ਸਨ। ਪੌਪਲਰ, ਸ਼ਾਹ ਬਲੂਤ, ਦੇਵਦਾਰ, ਭੋਜ-ਪੱਤਰਾਂ ਆਦਿ ਬਿਰਛਾਂ ਤੇ ਝਾੜੀਆਂ ਉੱਤੋਂ ਬਰਫ਼ ਪਿਘਲਣ ਨਾਲ ਨਵੇਂ ਪੱਤੇ ਨਿਕਲ ਆਏ ਹਨ। ਫੁੱਲ ਖਿੜ ਰਹੇ ਹਨ। ਫ਼ਲ ਵੀ ਪੱਕਣ ਲੱਗ ਪਏ ਹਨ। ਆਜੜੀ ਖੁਰਮਾਨੀਆਂ ਅਤੇ ਹੋਰ ਫ਼ਲ ਫੁਲ ਤੋੜ ਕੇ ਖਾ ਰਹੇ ਹਨ ਅਤੇ ਬੰਸਰੀ, ਵੀਣਾ ਤੇ ਢੋਕਲ ਦੀ ਤਾਲ 'ਤੇ ਨੱਚ ਗਾ ਕੇ ਖੁਸ਼ੀ ਮਨਾ ਰਹੇ ਹਨ। ਜੰਗਲ ਵਿਚ ਕੰਮ ਕਾਰ ਲਈ ਘੁੰਮਦੇ ਘੁੰਮਦੇ ਹਰ ਸਮਿਤੀ ਦੇ ਜਨਾਂ ਕੋਲ ਆਪਣੀ ਸੁਰੱਖਿਆ ਲਈ ਤੀਰ, ਕਮਾਣ, ਤਲਵਾਰ ਆਦਿ ਹਥਿਆਰ ਤੇ ਨੱਚ ਗਾ ਕੇ ਖੁਸ਼ੀ ਮਨਾਉਣ ਲਈ ਬੰਸਰੀ, ਵੀਣਾ, ਢੋਲਕੀ ਆਦਿ ਸ਼ਾਜ ਹੁੰਦੇ ਹੀ ਹੁੰਦੇ ਹਨ।

ਸਰਦੀਆਂ ਵਿਚ ਪਰਵਾਸ ਕਰ ਗਏ, ਪਰਵਾਸੀ ਪੰਛੀ ਬਸੰਤ ਰੁੱਤ ਸ਼ੁਰੂ ਹੁੰਦਿਆਂ ਹੀ ਵਾਪਸ ਆ ਗਏ



ਹਨ ਅਤੇ ਬਿਰਛਾਂ-ਬੂਟਿਆਂ ਦੀਆਂ ਟਹਿਣੀਆਂ 'ਤੇ ਬੈਠੇ ਚਹਿ-ਚਹਾ ਰਹੇ ਹਨ। ਇਕ ਦੂਸਰੇ ਦੇ ਖੰਭਾਂ ਵਿਚ ਚੁੰਜਾਂ ਪਾ ਕੇ ਕਲੋਲ ਕਰ ਰਹੇ ਹਨ ਅਤੇ ਮਾਦਾ ਪੰਛੀਆਂ ਦੁਆਰਾ ਅੰਡੇ ਦੇਣ ਲਈ ਬਿਰਛਾਂ 'ਤੇ ਆਲ੍ਹਣੇ ਬਣਾ ਰਹੇ ਹਨ। ਹਿਰਨ ਚੁੰਗੀਆਂ ਭਰਦੇ ਭੱਜੇ ਫਿਰ ਰਹੇ ਹਨ। ਸਾਹੇ ਝਾੜੀਆਂ ਵਿਚ ਲੁਕ-ਛਿਪ ਕੇ ਏਧਰ ਉਧਰ ਆ ਜਾ ਰਹੇ ਹਨ। ਦੂਰ ਦੁਰਾਡੇ ਦੇ ਜੰਗਲਾਂ ਵਿਚੋਂ ਸ਼ੇਰਾਂ-ਚੀਤਿਆਂ ਦੀਆਂ ਦਹਾੜਾਂ ਵੀ ਸੁਣਨ ਨੂੰ ਮਿਲ ਰਹੀਆਂ ਹਨ। ਜੰਗਲ ਵਿਚ ਮੁੜ ਨਵਾਂ ਸੰਸਾਰ ਵਸ ਗਿਆ ਹੈ।

ਦਾਰੋਕਿਪਾ ਗਣ ਦੀ ਅਗਵਾਈ ਕਰਨ ਵਾਲੀ ਬਜ਼ੁਰਗਾ ਦੀ ਸਮਿਤੀ ਨੇ ਵੀ ਆਪਣਾ ਕੰਮ ਆਰੰਭ ਕਰ ਦਿੱਤਾ ਹੈ। ਬਸੰਤ ਰੁੱਤ ਤੋਂ ਦਾਰੋਕਿਪਾ ਗਣ ਦਾ ਨਵਾਂ ਸਾਲ ਆਰੰਭ ਹੁੰਦਾ ਹੈ। ਦਾਰੋਕਿਪਾ ਕਬੀਲੇ ਨੂੰ ਇਥੇ ਜੰਸਕਾਰ ਘਾਟੀ ਵਿਚ ਆਇਆਂ ਨੂੰ ਤ੍ਰਿੰਸ਼ ਸਾਹਸਤਰ ਬਰਸ ਤੋਂ ਉੱਤੇ ਸਮਾਂ ਚੱਲ ਰਿਹਾ ਹੈ। ਸਮਾਂ ਦਰਸਾਉਣ ਵਾਲੀ ਬਹੀ ਵਿਚ ਇਕ ਲੀਕ ਹੋਰ ਮਾਰ ਦਿੱਤੀ ਗਈ ਹੈ। ਦਰੋਕਿਪਾ ਗਣ ਨੂੰ ਇਥੇ ਆਇਆ ਇਕ ਸਾਲ ਹੋਰ ਵਧ ਗਿਆ ਹੈ। ਸਾਰੇ ਸਾਲ ਵਿਚ ਜਨਮ ਲੈਣ ਵਾਲੇ ਬੱਚਿਆਂ ਦੇ ਨਾਂ ਬੱਚਿਆਂ ਦੀ ਉਮਰ ਦਰਸਾਉਣ ਵਾਲੀ ਬਹੀ ਵਿਚ ਦਰਜ ਕਰਕੇ, ਉਹਨਾਂ ਦੇ ਨਾਵਾਂ ਥੱਲੇ, ਇਕ-ਇਕ ਲੀਕ ਮਾਰ ਦਿੱਤੀ ਗਈ ਹੈ, ਉਹਨਾਂ ਸਾਰਿਆਂ ਦੀ ਇਕ, ਇਕ ਸਾਲ ਦੀ ਉਮਰ ਮੰਨ ਲਈ ਗਈ ਹੈ। ਗਣ ਦੇ ਜੀਵਨ ਜਿਉਂਦੇ ਜਨਾ ਦੇ ਨਾਵਾਂ ਥੱਲੇ ਵੀ ਇਕ-ਇਕ ਲੀਕ ਹੋਰ ਮਾਰ ਦਿੱਤੀ ਗਈ ਹੈ। ਉਹਨਾਂ ਦੀ ਉਮਰ ਵੀ ਇਕ ਸਾਲ ਹੋਰ ਵਧ ਗਈ ਹੈ। ਜੇ ਕੋਈ ਜਨ, ਬਜ਼ੁਰਗਾਂ ਦੀ ਸਮਿਤੀ ਦੇ ਕਿਸੇ ਜਨ ਤੋਂ ਆ ਕੇ ਆਪਣੀ ਉਮਰ ਪੁੱਛਦਾ ਹੈ ਤਾਂ ਉਸਦੇ ਨਾਂ ਵਾਲੀ ਬਹੀ ਲੱਭ ਕੇ ਉਸ ਵਿਚੋਂ ਉਸਦੇ ਨਾਂ ਥੱਲੇ ਮਾਰੀਆਂ ਲੀਕਾਂ ਗਿਣ ਕੇ, ਉਸਦੀ ਉਮਰ ਦੱਸ ਦਿੱਤੀ ਜਾਂਦੀ ਹੈ।

ਤੇ ਅੱਜ ਦਾਰੋਕਿਪਾ ਗਣ ਵਲੋਂ, ਬਸੰਤ ਰੁੱਤ ਸ਼ੁਰੂ ਹੋਣ 'ਤੇ, ਨਵੇਂ ਸਾਲ ਦਾ ਉਤਸਵ ਮਨਾਇਆ ਜਾ ਰਿਹਾ ਹੈ। ਗਣ ਦੇ ਜਨ, ਨਵੇਂ ਵਸਤਰ ਪਹਿਨ ਕੇ, ਸਜ-ਧਜ ਕੇ ਨਿੱਕੀਆਂ-ਨਿੱਕੀਆਂ ਟੋਲੀਆਂ ਵਿਚ, ਏਧਰ-ਉਧਰ ਘੁੰਮ ਰਹੇ ਹਨ। ਹੁਣ ਉਹ ਦਰੋਕਿਪਾ ਗਣ ਦੀ ਬਜ਼ੁਰਦਾਂ ਦੀ ਸਮਿਤੀ ਦੁਆਰਾ ਜਨ ਸਭਾ ਵਿਚ ਇਕੱਤਰ ਹੋਣੇ ਸ਼ੁਰੂ ਹੋ ਗਏ ਹਨ। ਆਮ ਤੌਰ ਤੇ ਨਾਰੀਆਂ ਨੇ ਝੌਂਪੜੀਆਂ ਵਿਚ ਚਲਦੀਆਂ ਗਣ ਦੀਆਂ ਖੱਡੀਆਂ ਤੇ ਬੁਣੀਆਂ ਹੋਈਆਂ ਉੱਨ ਦੀਆਂ ਵੱਖ-ਵੱਖ ਰੰਗਾਂ ਦੀਆਂ ਗੋਡਿਆਂ ਤੀਕ ਸੁਥਣਾਂ ਪਾਈਆਂ ਹੋਈਆਂ ਹਨ। ਅਤੇ ਛਾਤੀਆਂ 'ਤੇ ਰੰਗ ਬਰੰਗੀਆਂ ਲੀਰਾਂ ਬੰਨ੍ਹ ਕੇ ਪਿਛੇ ਗੱਠ ਦਿੱਤੀ ਹੋਈ ਹੈ। ਅਜੇ ਸਰਦੀ ਹੋਣ ਕਰਕੇ ਕੁਝ ਅਧਖੜ ਨਾਰੀਆਂ ਨੇ ਮੋਢਿਆਂ ਦੁਆਲੇ ਉਨ ਦੀਆਂ ਸ਼ਾਲਾਂ ਦੀਆਂ ਬੁੱਕਲਾਂ ਮਾਰੀਆਂ ਹੋਈਆਂ ਹਨ। ਪਰ ਕਈ ਛੂਹਲੀਆਂ ਅੱਲ੍ਹੜ ਮੁਟਿਆਰਾਂ ਨੇ ਕੇਵਲ ਚੱਡਿਆਂ ਨੂੰ ਢੱਕਵੀਆਂ ਚੱਡੀਆਂ ਪਾਈਆਂ ਹੋਈਆਂ ਨੇ ਅਤੇ ਦਿਨ ਰਾਤ ਮਿਹਨਤ ਕਰਕੇ ਕਮਾਏ ਸ਼ਰੀਰਾਂ 'ਤੇ ਉਹਨਾਂ ਦੇ ਏਧਰ-ਉਧਰ ਹਿਲਣ ਤੇ ਉਪਰ ਹੇਠਾਂ ਹਰਕਤ ਕਰਦੀਆਂ ਸੁਡੋਲ ਛਾਤੀਆਂ ਉਪਰ ਲੀਰਾਂ ਜਹੀਆਂ ਵੀ ਨਹੀਂ ਬੰਨ੍ਹੀਆਂ ਹੋਈਆਂ। ਜਨ ਦੇ ਹਰ ਨਰ ਨਾਰੀ ਨੂੰ ਖੁੱਲ੍ਹੀ-ਡੁੱਲ੍ਹੀ ਜ਼ਿੰਦਗੀ ਜਿਉਣ ਦਾ ਹੱਕ ਹੈ। ਔਰਤਾਂ, ਮਰਦਾਂ ਵਿਚ ਵੀ ਬੈਠੀਆਂ ਹਨ। ਪਰ ਬਹੁਤੀਆਂ ਚੜ੍ਹਦੀ ਉਮਰ ਦੀਆਂ ਮੁਟਿਆਰਾਂ, ਜਿਹੜੀਆਂ ਸ਼ਾਇਦ ਪਹਿਲੀ ਵਾਰ ਜਨ ਸਭਾ ਵਿਚ ਆਈਆਂ ਹਨ, ਇਕ ਪਾਸੇ ਝੁੰਡ ਬਣਾ ਕੇ ਬੈਠੀਆਂ ਹਨ। ਉਹਨਾਂ ਵਿਚੋਂ ਬਹੁਤੀਆਂ ਨੇ ਵਾਲਾਂ ਦੀਆਂ ਮੀਢੀਆਂ ਗੁੰਦ ਕੇ, ਗੁੱਤਾਂ ਕੀਤੀਆਂ ਹੋਈਆਂ ਹਨ। ਤੇ ਕਈਆਂ ਨੇ ਲੰਮੇ ਵਾਲ਼ ਵਾਹ ਕੇ ਖੁੱਲ੍ਹੇ ਛੱਡੇ ਹੋਏ ਹਨ। ਵਾਲ਼ਾਂ ਦੀਆਂ ਲਿਟਾਂ ਉਨ੍ਹਾਂ ਦੇ ਮੂੰਹਾਂ ਤੇ ਡਿੱਗ ਪੈਂਦੀਆਂ ਪੈਂਦੀਆਂ ਹਨ, ਉਹ ਵਾਲ਼ਾਂ ਦੀਆਂ ਲਿਟਾਂ ਨੂੰ ਆਪਣੇ ਹੱਥਾਂ ਨਾਲ, ਨਜਾਕਤ ਨਾਲ ਪਿਛੇ ਹਟਾ ਦਿੰਦੀਆਂ ਹਨ। ਉਹਨਾਂ ਦੇ ਸਿਰਾਂ ਉੱਤੇ ਰੰਗ ਬਰੰਗੇ, ਮਹਿਕਾਂ ਛੱਡਦੇ ਫੁੱਲ ਟੰਗੇ ਹੋਏ ਨੇ ਤੇ ਕਈਆਂ ਨੇ ਸਿਰਾਂ ਉੱਤੇ ਰੰਗ ਬਰੰਗੇ ਰੁਮਾਲ ਬੰਨ੍ਹੇ ਹੋਏ ਨੇ। ਪਹਾੜੀ ਦੀ ਚੋਟੀ 'ਤੇ ਖੜ੍ਹ ਕੇ ਦੇਖਣ ਵਾਲੇ ਨੂੰ ਜੰਸਕਾਰ ਵਾਦੀ ਖਿੜੇ ਹੋਏ ਫੁੱਲਾਂ ਦੇ ਦ੍ਰਿਸ਼ਾਂ ਦੇ ਨਾਲ-ਨਾਲ

ਗਣ ਦੀਆਂ ਮੁਟਿਆਰਾਂ ਦੇ ਸਿਰਾਂ ਤੇ ਟੁੰਗੇ ਹੋਏ ਰੰਗ ਬਰੰਗੇ ਫੁੱਲਾਂ ਦੀ ਫਲਵਾੜੀ ਹੀ ਨਜ਼ਰ ਆਉਂਦੀ ਹੈ।

ਜਨ ਸਭਾ ਵਿਚ ਸ਼ਾਮਿਲ ਹੋਏ ਬਜ਼ੁਰਗਾਂ ਨੇ ਆਮ ਤੌਰ ’ਤੇ ਗੋਡਿਆਂ ਤੱਕ ਉਨ੍ਹਾਂ ਦੀਆਂ ਬੰਨ੍ਹੀਆਂ ਪਜ਼ਾਮੀਆਂ ਪਹਿਨੀਆਂ ਹੋਈਆਂ ਹਨ। ਜਾਂ ਫੇਰ ਲੰਗੋਟ ਹੀ ਲਾਏ ਹੋਏ ਹਨ। ਤੇ ਬਹੁਤਿਆਂ ਨੇ ਮੋਢਿਆਂ ’ਤੇ ਹਿਰਨ, ਯਾਕ, ਜਾਂ ਵੱਛੇ ਦੀਆਂ ਰੰਗੀਆਂ ਹੋਈਆਂ ਵੱਖ ਵੱਖ ਰੰਗਾਂ ਦੀਆਂ ਖੱਲਾਂ ਦੀਆਂ ਚਾਦਰਾਂ ਲਪੇਟੀਆਂ ਹੋਈਆਂ ਹਨ। ਲੰਮੀਆਂ ਦਾੜ੍ਹੀਆਂ ਮੁੱਛਾਂ ਰੱਖੀਆਂ ਹੋਈਆਂ ਅਤੇ ਸਿਰਾਂ ’ਤੇ ਆਮ ਤੌਰ ’ਤੇ ਚਿੱਟੀਆਂ ਪੱਗੜੀਆਂ ਬੰਨ੍ਹੀਆਂ ਹੋਈਆਂ ਹਨ। ਅੱਧਖੜ੍ਹ ਉਮਰ ਦੇ ਬੰਦਿਆਂ ਅਤੇ ਚੜ੍ਹਦੀ ਉਮਰ ਦੇ ਮੁੰਡਿਆ ਨੇ ਵੀ ਮੁਟਿਆਰਾਂ ਵਾਂਗ ਤੇੜ ਗੋਡਿਆ ਤੱਕ ਪਜਾਮੀਆਂ ਪਹਿਨੀਆਂ ਹੋਈਆਂ ਹਨ। ਅਤੇ ਮੋਢਿਆਂ ਦੁਆਲੇ ਚਾਦਰਾਂ, ਸ਼ਾਲ ਲਪੇਟੇ ਹੋਏ ਹਨ। ਪਰ ਕਈ ਨਵ-ਯੁਵਕ ਨੰਗੇ ਧੜ ਹੀ ਆ ਗਏ ਹਨ, ਜਿਵੇਂ ਉਹ ਭਾਰੀ ਵਸਤਰ ਚੁੱਕਣੇ ਹੀ ਨਹੀਂ ਚਾਹੁੰਦੇ ਹੋਣ। ਬਹੁਤੇ ਨਵ ਯੁਵਕਾਂ ਨੇ ਮੁੱਛਾ ਰੱਖੀਆਂ ਹੋਈਆਂ ਹਨ, ਪਰ ਕਈਆਂ ਨੇ ਦਾੜ੍ਹੀ ਮੁੱਛਾਂ ਸਫਾ-ਚੱਟ ਕੀਤੀਆਂ ਹੋਈਆਂ ਹਨ। ਅਤੇ ਸਿਰ ਦੇ ਵਾਲ਼ ਵੀ ਮੁੰਨੇ ਹੋਏ ਹਨ। ਸਾਰਿਆਂ ਨੇ ਹਿਰਨ, ਬੈਲ, ਭੇਡ, ਬੱਕਰੀ ਆਦਿ ਪਸ਼ੂਆਂ ਦੀਆਂ ਖੱਲਾਂ ਨੂੰ ਵੱਖ-ਵੱਖ ਰੰਗਾਂ ਵਿਚ ਰੰਗ ਕੇ ਬਣਾਈਆਂ ਜੁੱਤੀਆਂ ਪਾਈਆਂ ਹੋਈਆਂ ਹਨ। ਤੇ ਹੁਣ ਉਹ ਮਸਤੀ ਵਿਚ ਝੂੰਮਦੇ ਇਕ-ਦੂਸਰੇ ਨਾਲ ਗੱਲੀ ਲੱਗੇ ਹੋਏ ਨੇ। ਕਈ ਵੱਡੀ ਉਮਰ ਦੇ ਜਨਾਂ ਕੋਲ, ਛੋਟੀ ਉਮਰ ਦੀਆਂ ਮੁਟਿਆਰਾਂ ਹੱਥ ਵਿਚ ਹੱਥ ਪਾਈ ਬੈਠੀਆਂ ਹਨ। ਤੇ ਕਈ ਅਧਖੜ ਉਮਰ ਦੀਆਂ ਨਾਰੀਆਂ, ਚੜ੍ਹਦੀ ਉਮਰ ਦੇ ਜਨਾਂ ਨਾਲ ਲੱਗੀਆਂ ਬੈਠੀਆਂ ਹਨ।

ਚੰਦਰਿਕਾ ਨਾਂ ਦੀ ਦਾਰੋਕਿਪਾ ਗਣ ਦੀ ਇਕ ਸ਼ਤ (100) ਬਰਸ ਦੀ ਗਣਪਤੀ ਦੀ ਮੌਤ ਹੋ ਜਾਣ ’ਤੇ... ਗਣ ਦੀ ਬਜ਼ੁਰਗਾਂ ਦੀ ਸਮਿਤੀ ਨੇ ਨੱਬੇ ਸਾਲ ਦੇ ‘ਵਰੁਣ’ ਨਾਂ ਦੇ ਬਜ਼ੁਰਗ ਨੂੰ ਗਣ ਦਾ ਨਵਾਂ ਗਣਪਤੀ ਘੋਸ਼ਿਤ ਕੀਤਾ ਹੈ। ਤੇ ਹੁਣ ਗਣ ਦੀਆਂ ਰਵਾਇਤਾਂ ਅਨੁਸਾਰ ਬਸੰਤ ਰੁੱਤ ਸ਼ੁਰੂ ਹੁੰਦਿਆਂ ਹੀ, ਗਣ ਦਾ ਨਵਾਂ ਸਾਲ ਮਨਾਇਆ ਜਾ ਰਿਹਾ ਹੈ। ਗਣ ਦੇ ਆਮ ਜਨਾਂ ਦੀ ਜਨ ਸਭਾ ਬੁਲਾਈ ਗਈ ਹੈ। ਦਾਰੋਕਿਪਾ ਗਣ ਦੇ ਬਜ਼ੁਰਗਾਂ ਦੀ ਸਮਿਤੀ ਨੂੰ, ਸਭ ਤੋਂ ਵੱਧ ਇਸ ਗੱਲ ਦੀ ਚਿੰਤਾ ਲੱਗੀ ਰਹਿੰਦੀ ਹੈ.... ਕਿ ਗਣ ਦੇ ਵਾਰਸਾਂ ਦੇ ਮਨਾਂ ਵਿਚੋਂ ਉਹਨਾਂ ਦੇ ਆਪਣੇ ਪਿਆਰੇ ਦਾਰੋ ਕਿਪਾ ਗਣ ਦਾ ਇਤਿਹਾਸ ਹੀ ਨਾ ਵਿਸਰ ਜਾਵੇ। ਇਸ ਲਈ ਜਨ ਸਭਾ ਵਿਚ ਗਣ ਦੇ ਨਵੇਂ ਉੱਠੇ ਗੱਭਰੂਆਂ ਅਤੇ ਮੁਟਿਆਰਾਂ ਨੂੰ ਗਣ ਦਾ ਇਤਿਹਾਸ ਜਾਨਣ ਲਈ, ਵਿਸ਼ੇਸ਼ ਤੌਰ ’ਤੇ ਬੁਲਾਇਆ ਗਿਆ ਹੈ।

ਦਾਰੋਕਿਪਾ ਗਣ ਦਾ ਨਵਾਂ ਬਣਿਆ ਗਣਪਤੀ, ਵਰੁਣ, ਗਣ ਦਾ ਇਤਿਹਾਸ ਦੱਸਣ ਲਈ ਉਠ ਕੇ ਖੜਾ ਹੋਇਆ ਹੈ। ਸਭ ਦੀਆਂ ਨਜ਼ਰਾਂ ਉਸ ਵੱਲ ਉੱਠੀਆਂ ਹਨ। ਉਸਨੇ ਗਿੱਟਿਆਂ ਤੋਂ ਵੀ ਥੱਲੇ ਤੱਕ, ਉਨ ਦੀ ਬੁਣੀ ਹੋਈ ਸਫ਼ੈਦ ਘੁੱਟਵੀਂ ਪਜਾਮੀ ਪਾਈ ਹੋਈ ਹੈ। ਪੈਰਾਂ ਵਿਚ ਹਿਰਨ ਦੀ ਖ਼ੱਲ ਦੀ ਸਫ਼ੈਦ ਸੁਨਹਿਰੀ ਰੇਸ਼ਿਆ ਨਾਲ ਕੱਢੀ ਹੋਈ ਲੰਮੀ ਨੋਕ ਵਾਲੀ ਜੁੱਤੀ ਪਾਈ ਹੋਈ ਹੈ। ਗਲ ਵਿਚ ਲੱਕ ਤੋਂ ਨੀਵਾਂ ਸਫ਼ੈਦ ਉਨ ਦਾ ਕੋਟ ਪਾਇਆ ਹੋਇਆ ਹੈ। ਜਿਹੜਾ ਕਿ ਉਸਦੀ ਲੰਮੀ ਕੱਦ ਕਾਠੀ ਹੋਣ ਕਰਕੇ ਖ਼ੂਬ ਫੱਬਦਾ ਹੈ। ਉਹਦੇ ਸਿਰ ’ਤੇ ਬੰਨ੍ਹੀ ਹੋਈ ਚਿੱਟੀ ਪਗੜੀ, ਉਹਦੀ ਗਣਪਤੀ ਹੋਣ ਦੀ ਗਵਾਹੀ ਭਰਦੀ ਹੈ। ਉਹਨੇ ਗੋਰੇ ਰੰਗ ਅਤੇ ਤਿੱਖੇ ਨੈਣ-ਨਕਸ਼ਾਂ ਵਾਲੇ ਚਿਹਰੇ ਨੂੰ ਏਧਰ-ਉਧਰ ਘੁਮਾ ਕੇ ਦੇਖਿਆ ਜਿਵੇਂ ਜਨ ਸਭਾ ਵਿਚ ਖਾਸੀ ਦੂਰ ਤੱਕ ਬੈਠੇ ਜਨਾ ਦਾ ਜਾਇਜਾ ਲੈ ਰਿਹਾ ਹੋਵੇ... ਕਿ ਉਹਨੂੰ ਕਿੰਨੀ ਕੁ ਉੱਚੀ ਆਵਾਜ਼ ਵਿਚ ਬੋਲਣਾ ਚਾਹੀਦਾ ਹੈ... ਤਾਂ ਜੋ ਉਹਦੀ ਆਵਾਜ਼ ਦੂਰ ਦੂਰ ਤੱਕ ਬੈਠੇ ਜਨਾਂ ਦੇ ਕੰਨਾਂ ਤੱਕ ਪਹੁੰਚ ਸਕੇ।

ਵਰੁਣ ਨੇ ਗਲਾਂ ਸਾਫ਼ ਕਰਦਿਆਂ, ਆਪਣੇ ਪਿਆਰੇ ਦਾਰੋਕਿਪਾ ਗਣ ਦਾ ਇਤਿਹਾਸ ਦੱਸਣਾ ਸ਼ੁਰੂ ਕੀਤਾ ਹੈ। ਸਭ ਤੋਂ ਪਹਿਲਾਂ ਉਹਨੇ ਗਣ ਦੇ ਤਮਾਮ ਜਨਾਂ ਦੀ ਕਈ ਸਹਸਤਰ ਬਰਸਾਂ ਤੋਂ ਸ਼ੁੱਧ ਆਰੀਆ ਨਸਲ ਦੇ ਨੈਣ-ਨਕਸ਼ਾਂ ਵਾਲੀ ਸ਼ਕਲ ਸੂਰਤ ਬਣਾ ਕੇ ਰੱਖਣ ਲਈ ਸ਼ਲਾਘਾ ਕੀਤੀ। ਸਾਰੇ ਆਪਣੀ



ਆਪਣੀ ਸ਼ਕਲ ਦੇਖ ਲਓ, ਵਰੁਣ ਨੇ ਹੱਸਦਿਆਂ ਕਿਹਾ ਕਿ ਲੰਮਾ ਕਦ, ਗੋਰਾ ਰੰਗ, ਚੌੜਾ ਮੱਥਾ, ਉੱਚਾ ਨੱਕ , ਤੇ ਤਿਖੇ ਨੈਣ ਨਕਸ਼... ਸਵਾਤ ਘਾਟੀ ਤੋਂ ਤੁਰਨ ਲੱਗੇ ਸਾਡੇ ਉਸ ਵੇਲੇ ਦੇ ਪੂਰਵਜਾਂ ਦੀ ਵੀ ਇਹੋ ਸ਼ਕਲ-ਸੂਰਤ... ਰੰਗ ਰੂਪ ਸੀ ਅਤੇ ਹੁਣ ਵੀ ਉਹੀ ਹੈ। ਵਿਸ਼ੇਸ਼ ਕਰਕੇ ਨੌਜਵਾਨ ਨਰ-ਨਾਰੀ ਇਕ ਦੂਸਰੇ ਵੱਲ ਦੇਖਣ ਲੱਗ ਪਏ ਕਿ ਜਿਹੋ ਜਿਹੇ ਗਣਪਤੀ ਵਰੁਣ ਨੇ ਦੱਸਿਆ ਹੈ ਕਿ ਉਹੋ ਜਿਹਾ ਹੀ ਉਹਨਾਂ ਦਾ ਰੰਗ ਰੂਪ ਹੈ। ਜਿਵੇਂ ਕਿ ਪਹਿਲਾਂ ਉਹਨਾਂ ਨੂੰ ਬਾਕੀ ਦੁਨੀਆਂ ਦੇ ਲੋਕਾਂ ਨਾਲੋਂ ਆਪਣੀ ਅਲੱਗ ਸ਼ਕਲੋ-ਸੂਰਤ ਵਾਲੇ ਹੋਣ ਦਾ ਅਹਿਸਾਸ ਹੀ ਨਹੀਂ ਸੀ ਤੇ ਉਹਨਾਂ ਨੂੰ ਆਲੇ ਦੁਆਲੇ ਦੇ ਮਿਲੇ-ਜੁਲੇ ਨਕਸ਼ਾਂ ਵਾਲੇ ਸਮਾਜ ਨਾਲੋਂ ਆਪਣੇ ਵੱਖਰੇ ਹੋਣ ਉੱਤੇ ਗਰਵ ਹੋਣ ਲੱਗਿਆ... ਤੇ ਉਹ ਇਸੇ ਖ਼ੁਸ਼ੀ ਵਿਚ ਵੀ ਉਠ ਕੇ ਨੱਚਣ ਲੱਗ ਪਏ। ਗਣ ਦੀਆਂ ਰਵਾਇਤਾਂ ਅਨੁਸਾਰ, ਬੰਸਰੀਆਂ, ਵੀਣਾ ਤੇ ਢੋਲਾਂ ਵਾਲੇ ਉਠ ਕੇ ਤਾਲ ਮਿਲਾ ਕੇ ਸਾਜ਼ ਵਜਾਉਣ ਲੱਗੇ ਅਤੇ ਨਰ-ਨਾਰੀਆਂ ਉੱਠ ਕੇ ਸੁਰ ਮਿਲਾ ਕੇ ਖ਼ੁਸ਼ੀ ਦੇ ਗੀਤ ਗਾਉਣ ਲੱਗ ਪਏ।

ਮੱਧ ਅੰਤਰ ਵਿਚ ਹੀ ਗਣਪਤੀ, ਵਰੁਣ ਨੇ ਹੱਥ ਉਪਰ ਚੁੱਕਿਆ, ਇਸ਼ਾਰਾ ਸਮਝ ਕੇ ਗੀਤ ਉਥੋਂ ਹੀ ਸਮਾਪਤ ਕਰ ਦਿੱਤਾ ਗਿਆ। ਗਣਪਤੀ, ਵਰੁਣ ਨੇ ਦੱਸਣਾ ਸ਼ੁਰੂ ਕੀਤਾ ਕਿ ਸ਼ੁਰੂ ਤੋਂ ਹੀ ਸਾਡੇ ਪੂਰਵਜ ਆਰੀਆ ਰਿਸ਼ੀ ਅੰਗਿਰਾ, ਵਸ਼ਿਸ਼ਠ, ਵਿਸ਼ਵਾ ਮਿੱਤਰ, ਅਗਸਤ ਆਦਿ ਅਸੁਰਾਂ ਨਾਲ ਆਪਣਾ ਲਹੂ ਰਲਣ ਤੋਂ ਰੋਕਣ ਦੀ ਤਾਕੀਦ ਕਰਦੇ ਰਹਿੰਦੇ ਸਨ। ਕੋਈ ਤਿਰੀਤੀਆ ਸਹਸਤਰ (3000) ਬਰਸ ਪਹਿਲਾਂ ਸਾਡੇ ਪੂਰਵਜ, ਮੈਦਾਨਾਂ ਵਿਚੋਂ ਇਥੇ ਜੰਸਕਾਰ ਘਾਟੀ ਵਿਚ ਆ ਕੇ ਵਸ ਗਏ ਸਨ। ਕੁਝ ਅਲ੍ਹੜ ਵਰੇਸ ਮੁੰਡੇ ਕੁੜੀਆਂ ਜਿਹੜੇ ਕਿ ਸ਼ਾਇਦ ਪਹਿਲੀ ਵਾਰ ਜਨ ਸਭਾ ਵਿਚ ਆਏ ਸਨ ਨੇ ਸ਼ੰਕਾ ਜ਼ਾਹਿਰ ਕਰਦਿਆਂ ਪੁੱਛਿਆ, “ਪਰ ਸਾਨੂੰ ਸਾਡੇ ਪੂਰਵਜਾਂ ਦੇ ਤਿਰੀਤੀਆ ਸਹਸਤਰ ਬਰਸ ਪਹਿਲਾਂ ਇਥੇ ਆਉਣ ਬਾਰੇ ਕਿਵੇਂ ਪਤਾ ਲੱਗਿਆ... ਜਦਕਿ ਅਸੀਂ ਬਾਹਰਲੀ ਦੁਨੀਆਂ ਤੋਂ ਬਿਲਕੁਲ ਅਲੱਗ-ਥਲੱਗ ਹੋਏ ਬੈਠੇ ਹਾਂ।” ਗਣਪਤੀ ਨੇ ਮੁਸਕਰਾਂਦਿਆਂ ਕਿਹਾ ਕਿ ਤਾਂ ਹੀ ਤਾਂ ਅਸੀਂ ਗਣ ਦੇ ਨੌਜਵਾਨ ਨਰ ਨਾਰੀਆਂ ਨੂੰ, ਜਨ-ਸਭਾ ਵਿਚ ਆਉਣ ਲਈ ਜ਼ੋਰ ਦਿੰਦੇ ਰਹਿੰਦੇ ਆ, ਤਾਂ ਜੋ ਉਹ ਬਜ਼ੁਰਗਾਂ ਦੀ ਸਮਿਤੀ ਦੇ ਜਨਾਂ ਤੋਂ ਆਪਣਾ ਇਤਿਹਾਸ ਜਾਣ ਲੈਣ। ਤੇ ਫਿਰ ਗਣਪਤੀ ਨੇ ਪਹਿਲਾਂ ਇਹੀ ਦੱਸਣਾਂ ਸ਼ੁਰੂ ਕੀਤਾ ਕਿ ਸਾਡੇ ਪੂਰਵਜਾਂ ਨੂੰ ਇਥੇ ਆਉਣ ਬਾਰੇ ਕਿਵੇਂ ਪਤਾ ਲੱਗਦਾ ਰਿਹਾ ਕਿ ਉਹ ਕਿੰਨਾ ਸਮਾਂ ਪਹਿਲਾਂ ਇਥੇ ਆਏ ਸਨ।

ਅਸੁਰਾਂ ਦਾ ਇਕ ਪਣੀ ਕਬੀਲਾ... ਆਸੁਰਾਂ ਅਤੇ ਆਰੀਆਂ ਵਿਚਕਾਰ ਵਾਪਰ ਕਰਨ ਦਾ ਕੰਮ ਹੀ ਕਰਦਾ ਸੀ। ਪਣੀ ਵਪਾਰੀ ਮੈਦਾਨਾਂ ਵਿਚੋਂ ਅਸੁਰ ਦਸਤਕਾਰਾਂ ਦੇ ਬਣਾਏ, ਕਾਂਸੇ, ਤਾਂਬੇ ਤੇ ਲੋਹੇ ਦੇ ਬਣਾਏ ਤਲਵਾਰਾਂ, ਬਰਛੇ, ਭਾਲੇ ਆਦਿ ਸ਼ਸਤਰ ਅਤੇ ਕਟੋਰੀਆਂ ਪਿਆਲੇ ਤੇ ਪਤੀਲੇ ਆਦਿ ਬਰਤਨ ਸਸਤੇ ਮੁੱਲ ’ਤੇ ਖਰੀਦ ਕੇ ਹਿਮਵੰਤ ਪਰਬਤ ਦੀਆਂ ਉੱਚੀਆਂ ਚੋਟੀਆਂ ਤੇ ਪਹੁੰਚ ਕੇ ਮਹਿੰਗੇ ਮੁੱਲ ਵੇਚ ਜਾਂਦੇ ਸਨ। ਉਦੋਂ ਸਾਡੇ ਕਬੀਲੇ ਵਿਚ ਇਹ ਵਸਤਾਂ ਬਣਾਉਣ ਵਾਲੇ ਦਸਤਕਾਰ ਪੈਦਾ ਨਹੀਂ ਸੀ ਹੋਏ। ਭਾਵੇਂ ਪਹਿਲਾਂ-ਪਹਿਲ ਵਪਾਰ ਵਸਤੂ-ਵਟਾਂਦਰੇ ਦੁਆਰਾ ਹੁੰਦਾ ਸੀ। ਤੇ ਵਾਪਰ ਕਰਨ ਲਈ ਮਾਪ ਗਾਇ ਹੁੰਦਾ ਸੀ। ਅਤੇ ਚੁਸਤ ਚਲਾਕ ਪਣੀ ਵਪਾਰੀ, ਸਸ਼ਤਰਾਂ ਅਤੇ ਬਰਤਨਾਂ ਬਦਲੇ ਸਾਡੇ ਭੋਲੇ ਭਾਲੇ ਪੂਰਵਜਾਂ ਕੋਲੋਂ ਘੋੜੇ ਅਤੇ ਗਾਵਾਂ ਲੈ ਜਾਂਦੇ ਸਨ। ਪਰ ਬਾਅਦ ਵਿਚ ਉਹ ਸਾਡੇ ਪੂਰਵਜਾਂ ਤੋਂ ਉਨ ਦੇ ਬੁਣੇ ਹੋਏ ਕੰਬਲ, ਚਾਦਰਾਂ, ਸ਼ਾਲ, ਸਵੈਟਰ, ਅਤੇ ਚਮੜੇ ਦੇ ਬਣੇ ਹੋਏ ਕੁੱਪੇ, ਕੁਪੀਆਂ, ਵਸਤਰ ਅਤੇ ਜੁੱਤੀਆਂ ਆਦਿ ਲੈ ਜਾਂਦੇ ਸਨ ਅਤੇ ਉਹਨਾਂ ਦਾ ਭੁਗਤਾਨ ਤਾਮਰ ਖੰਡਾਂ ਵਿਚ ਕਰਨ ਲੱਗ ਪਏ ਸਨ। ਅਤੇ ਫਿਰ ਸਾਡੇ ਪੂਰਵਜ ਉਨ੍ਹਾਂ ਤਾਮਰ ਖੰਡਾਂ ਦਾ ਉਪਯੋਗ ਅੱਗੋਂ ਲਈ ਪਣੀ ਵਪਾਰੀਆਂ ਕੋਲੋਂ ਸਸ਼ਤਰ ਤੇ ਬਰਤਨ ਖਰੀਦਣ ਲਈ ਕਰਨ ਲੱਗ ਪਏ ਸਨ। ਇਸਦੇ ਨਾਲ ਹੀ ਸਾਡੇ ਪੂਰਵਜ, ਪਣੀ ਵਪਾਰੀਆਂ ਤੋਂ ਤਾਮਰ ਖੰਡਾਂ ਦੀ ਗਿਣਤੀ

ਕਰਨੀ ਸਿਖਦੇ ਰਹਿੰਦੇ ਸਨ।

ਪਣੀ ਵਪਾਰੀਆਂ ਵਿਚ ਦਸ ਦੀ ਗਿਣਤੀ ਪ੍ਰਧਾਨ ਸੀ। ਦਸ ਤੱਕ ਗਿਣ ਕੇ ਉਸਨੂੰ ਦਵਾਦਸ, ਦੁਬਾਰਾ ਗਿਣੇ ਦਸ ਨੂੰ ਦਵਿਸ਼, ਤਿੰਨ ਬਾਰੇ ਗਿਣੇ ਦਸ ਨੂੰ ਤ੍ਰਿਸ਼... ਆਦਿ ਅਤੇ ਦਸ ਵਾਰ ਗਿਣੇ ਦਸ ਨੂੰ 'ਸ਼ਤ' ਅਤੇ ਅੱਗੇ ਦਸ ਵਾਰ ਗਿਣੇ ਸ਼ਤ ਨੂੰ ਸਹਸਤਰ ਕਹਿੰਦੇ ਸਨ। ਉਦੋਂ ਬਹੁਤ ਘੱਟ ਵਸਤਾਂ ਦਾ ਤਾਂ ਉਤਪਾਦਨ ਹੁੰਦਾ ਸੀ, ਉਨ੍ਹਾਂ ਦੀ ਕੀਮਤ ਵੀ ਬਹੁਤ ਘੱਟ ਹੁੰਦੀ ਸੀ, ਉਹਨਾਂ ਨੂੰ ਸਹਸਤਰ ਤੱਕ ਗਿਣਤੀ ਕਰਨ ਦੀ ਵੀ ਕੀ ਲੋੜ ਪੈਂਦੀ ਸੀ। ਸਹਸਤਰ ਤੱਕ ਦੀ ਗਿਣਤੀ ਗਿਣਨੀ ਜਾਣਦੇ ਸਨ। ਪਣੀ ਵਪਾਰੀਆਂ ਤੋਂ ਸਾਡੇ ਉਸ ਵੇਲੇ ਦੇ ਪੂਰਵਜਾਂ ਨੇ ਅੱਧੇ, ਪੌਣੇ, ਪਊਏ, ਸਵਾਏ, ਦੋਗੁਣੇ, ਚੌਗੁਣੇ ਦਾ ਗਿਆਨ ਵੀ ਪ੍ਰਾਪਤ ਕਰ ਲਿਆ ਸੀ।

ਸਾਡੇ ਇਥੇ ਆਉਣ ਵਾਲੇ ਪੂਰਵਜ, ਇਸ ਵਿਧੀ ਅਨੁਸਾਰ ਹਰ ਬਸੰਤ ਰੁੱਤ ਦੇ ਸ਼ੁਰੂ ਹੋਣ 'ਤੇ ਨਵਾਂ ਸਾਲ ਮਨਦੇ ਅਤੇ ਭੋਜ ਪੱਤਰ ਉੱਤੇ ਇਕ ਲੀਕ ਖਿੱਚ ਦਿੰਦੇ। ਉਹ ਹਰ ਸਾਲ ਇਦਾਂ ਇਕ-ਇਕ ਲੀਕ ਖਿੱਚਦੇ ਚਲੇ ਗਏ। ਗਿਣਤੀ ਕਰਕੇ ਪਹਿਲੀਆਂ ਦਸ ਲੀਕਾਂ ਨੂੰ ਦਸ... ਅਗਲੀ ਸਤਰ ਵਿਚ ਫਿਰ ਹਰ ਸਾਲ ਖਿੱਚੀਆਂ ਅਗਲੀਆਂ ਦਸ ਲੀਕਾਂ ਨੂੰ ਦਵਿਸ... ਇਸੇ ਤਰ੍ਹਾਂ ਦਸ-ਵਾਰ ਖਿੱਚੀਆਂ ਦਸ ਦਸ ਲੀਕਾਂ ਸ਼ਤ ਲਿਖ ਦਿੰਦੇ ਸਨ। ਫਿਰ ਇਸੇ ਤਰ੍ਹਾਂ ਹਰ ਸਾਲ ਖਿੱਚੀਆਂ ਲੀਕਾਂ ਦੇ ਜਦੋਂ ਦੋ ਸ਼ਤ ਹੋ ਗਈਆਂ ਤਾਂ ਉਸਦੇ ਅੱਗੇ ਦਰੁਤੀਆਂ ਸ਼ਤ (ਦੋ ਸੋ) ਜਦੋਂ ਹਰ ਸਾਲ ਇਸੇ ਤਰ੍ਹਾਂ ਦਸ ਵਾਰ ਸ਼ਤ ਲੀਕਾਂ ਖਿੱਚੀਆਂ ਗਈਆਂ ਉਸਦੇ ਅੱਗੇ ਸਹਸਤਰ (1000) ਬਰਸ ਲਿਖ ਦਿੱਤਾ। ਤੇ ਇਸੇ ਤਰ੍ਹਾਂ ਹਰ ਸਾਲ ਖਿੱਚੀਆਂ ਲੀਕਾਂ ਅਨੁਸਾਰ ਸਾਨੂੰ ਇਥੇ ਆਇਆ ਨੂੰ ਤਿਰੀਤੀਆ ਸਹਸਤਰ (3000) ਬਰਸ ਤੋਂ ਉਤੇ ਤਿਰੀਤੀਆ (300) ਬਰਸ ਹੋ ਗਏ ਹਨ। ਅਤੇ ਇਸ ਸਾਲ ਦੀ ਤਿਰੀਤੀਆ ਬਰਸ ਤੋਂ ਇਕ ਉਪਰ ਸਾਲ ਦੀ ਲੀਕ ਖਿੱਚ ਦਿੱਤੀ ਗਈ ਹੈ।

ਜਦੋਂ ਸਾਡੇ ਪੂਰਵਜ ਜੰਸਕਾਰ ਘਾਟੀ ਤੋਂ ਬਾਹਰ ਸ਼ਹਿਰਾਂ ਵਿਚ ਜਾਣ ਲੱਗ ਪਏ ਤਾਂ ਉਹ ਉਥੇ ਕਾਗਜ਼ਾਂ ਦੀਆਂ ਮਜ਼ਬੂਤ ਬਹੀਆਂ ਖਰੀਦ ਕੇ ਲਿਆਉਣ ਲੱਗ ਪਏ ਅਤੇ ਉਹਨਾਂ ਨੇ ਭੋਜ ਪੱਤਰਾਂ ਤੋਂ ਸਾਰਾ ਵੇਰਵਾ ਬਹੀਆਂ ਵਿਚ ਦਰਜ ਕਰ ਲਿਆ ਅਤੇ ਹੁਣ ਅਸੀਂ ਅੱਗੇ ਤੋਂ ਅੱਗੇ ਉਹਨਾਂ ਬਹੀਆਂ ਵਿਚ ਦਰਜ ਕਰਦੇ ਜਾ ਰਹੇ ਹਾਂ।

ਜਨ ਸਭਾ ਵਿਚ ਪਹਿਲੀ ਵਾਰ ਆਏ ਜਨਾਂ ਦੇ ਚਿਹਰਿਆਂ 'ਤੇ ਆਏ ਹਾਵਾਂ-ਭਾਵਾਂ ਤੋਂ ਇਹ ਪ੍ਰਤੀਤ ਹੋ ਰਿਹਾ ਸੀ ਕਿ ਉਹ ਗਣਪਤੀ, ਵਰੁਣ ਦੀ ਗਿਣਤੀ ਗਿਣਨ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝੇ ਨਹੀਂ ਹਨ। ਗਣਪਤੀ ਵਰੁਣ ਇਹ ਗੱਲ ਭਾਂਪ ਗਿਆ ਸੀ। ਉਸਨੇ ਨਵੇਂ ਆਏ ਨਰ-ਨਾਰੀਆਂ ਨੂੰ ਕਿਹਾ ਕਿ ਉਹ ਗਿਣਤੀ ਗਿਣਨ ਬਾਰੇ ਬਜ਼ੁਰਗਾਂ ਦੀ ਸਮਿਤੀ ਦੇ ਜਨਾਂ ਤੋਂ ਜਾਂ ਉਹ ਜਨ ਜਿਹੜੇ ਗਿਣਤੀ ਗਿਣਨੀ ਜਾਣਦੇ ਹਨ, ਉਹਨਾਂ ਕੋਲੋਂ ਗਿਣਤੀ ਗਿਣਨੀ ਸਿਖ ਲੈਣ। ਇਹ ਉਹਨਾਂ ਲਈ ਬਹੁਤ ਜ਼ਰੂਰੀ ਹੈ। ਮੈਂ ਦੱਸਦਾ ਹਾਂ ਕਿਉਂ?

ਤੇ ਉਹਨੇ ਅੱਗੇ ਦੱਸਣਾ ਸ਼ੁਰੂ ਕੀਤੀ। ਅਸੀਂ ਬਜ਼ੁਰਗਾਂ ਦੀ ਸਮਿਤੀ ਦੇ ਜਨਾਂ ਨੇ ਇਸ ਸਾਲ ਵਿਚ ਜਨਮ ਲੈਣ ਵਾਲੇ ਬੱਚਿਆਂ ਦੇ ਨਾਂ ਬਹੀ ਵਿਚ ਦਰਜ ਕਰ ਲਏ ਹਨ। ਅਤੇ ਉਹਨਾਂ ਦੇ ਨਾਵਾਂ ਅੱਗੇ ਇਕ, ਇਕ ਲੀਕ ਖਿਚ ਦਿੱਤੀ ਹੈ। ਭਾਵ ਉਹਨਾਂ ਦੀ ਉਮਰ ਇਕ , ਇਕ ਸਾਲ ਹੋ ਗਈ ਹੈ। ਇਸੇ ਤਰ੍ਹਾਂ ਗਣ ਦੇ ਜਿਉਂਦੇ ਜਨਾਂ ਦੇ ਨਾਵਾਂ ਅੱਗੇ ਇਸ ਬਸੰਤ ਵਿਚ ਅਸੀਂ ਇਕ, ਇਕ ਲੀਕ ਹੋਰ ਖਿੱਚ ਦਿੱਤੀ ਹੈ, ਉਹਨਾਂ ਦੀ ਉਮਰ ਵੀ ਇਕ ਇਕ ਸਾਲ ਹੋਰ ਵਧ ਗਈ ਹੈ। ਕੋਈ ਵੀ ਜਨ, ਬਜ਼ੁਰਗਾਂ ਦੀ ਸਮਿਤੀ ਦੇ ਕਿਸੇ ਵੀ ਜਨ ਕੋਲ ਆ ਕੇ ਆਪਣੀ ਉਮਰ ਦਾ ਪਤਾ ਕਰ ਸਕਦਾ ਹੈ। ਉਸਦੀ ਨਾਂ ਵਾਲੀ ਬਹੀ ਕੱਢ ਕੇ, ਉਹ ਜਨ ਉਹਦੇ ਨਾਂ ਅੱਗੇ ਲਗਾਈਆ ਲੀਕਾਂ ਗਿਣ ਕੇ ਦੱਸ ਦੇਵੇਗਾ ਕਿ ਉਸਦੀ ਕਿੰਨੀ ਉਮਰ ਹੋ ਗਈ ਹੈ।



ਜਨ ਸਭਾ ਵਿਚ ਨਵੇਂ ਆਏ ਜਨ, ਉਠ ਕੇ ਕਹਿਣ ਲੱਗ ਪਏ ਸਨ ਕਿ ਉਹ ਬਜ਼ੁਰਗਾਂ ਦੀ ਸਮਿਤੀ ਦੇ ਕਿਸੇ ਜਨ ਤੋਂ ਆਪਣੀ ਆਪਣੀ ਉਮਰ ਜ਼ਰੂਰ ਪਤਾ ਕਰਨਗੇ ਅਤੇ ਉਸ ਕੋਲੋਂ ਗਿਣਤੀ ਗਿਣਨੀ ਵੀ ਜ਼ਰੂਰ ਸਿਖਾਂਗੇ।

ਗਣਪਤੀ, ਵਰੁਣ ਅੱਗੇ ਹੋਰ ਦੱਸਣ ਲੱਗਿਆ ਕਿ ਗਿਣਤੀ, ਗਿਣਨੀ ਆਉਣ ਦੇ ਹੋਰ ਵੀ ਕਈ ਫਾਇਦੇ ਹਨ। ਅਸੀਂ ਹਰ ਸਮਿਤੀ ਦਾ ਮੁਖੀ ਕੇਵਲ ਉਸ ਜਨ ਨੂੰ ਬਣਾਉਂਦੇ ਹਾਂ, ਜਿਹੜਾ ਕਿ ਗਿਣਤੀ ਗਿਣਨੀ ਜਾਣਦਾ ਹੋਵੇ। ਉਹ ਜੰਗਲ ਵਿਚ ਕਿਸੇ ਕੰਮ ਲਈ ਜਾਣ ਵਾਲੇ ਆਪਣੀ ਸਮਿਤੀ ਦੇ ਜਨਾਂ ਦੀ ਗਿਣਤੀ ਕਰਕੇ ਲਿਜਾ ਸਕਦਾ ਹੈ। ਅਤੇ ਜੰਗਲ ਵਿਚੋਂ ਵਾਪਸ ਆਉਣ ਲੱਗੇ ਆਪਣੀ ਸਮਿਤੀ ਦੇ ਜਨਾਂ ਦੀ ਗਿਣਤੀ ਕਰਕੇ ਲਿਆ ਸਕਦਾ ਹੈ। ਜੇ ਕੋਈ ਨਰ-ਨਾਰੀ ਗੁੰਮ ਗੁਆਚ ਗਿਆ ਹੋਵੇ ਤਾਂ ਉਹਦੀ ਢੂੰਡ-ਭਾਲ ਕੀਤੀ ਜਾ ਸਕਦੀ ਹੈ ਤੇ ਜੇ ਫਿਰ ਵੀ ਨਾ ਮਿਲੇ ਤਾਂ ਸਾਜ਼ਾਂ ਉੱਤੇ ਖਤਰੇ ਦੀ ਧੁਨ ਵਜਾ ਕੇ ਉੱਚੀ ਉੱਚੀ ਜੰਗਲੀ ਜਾਨਵਰਾਂ ਵਿਚ ਘਿਰ ਜਾਣ ਵਾਲਾ ਖਤਰੇ ਦਾ ਗੀਤ ਗਾਇਆ ਜਾ ਸਕਦਾ। ਦੂਰ ਨੇੜੇ ਜੰਗਲ ਵਿਚ ਕੰਮ ਕਰਦੇ ਹੋਰ ਸਮਿਤੀਆਂ ਦੇ ਜਨ ਖੋਏ ਹੋਏ ਜਨ ਦੀ ਢੂੰਢ ਭਾਲ ਕਰਕੇ ਉਹਨੂੰ ਕਿਸੇ ਖਤਰੇ ਵਿਚ ਘਿਰੇ ਨੂੰ ਬਚਾਅ ਕੇ ਵਾਪਸ ਲਿਆ ਸਕਦੇ ਹਨ।

ਗਿਣਤੀ , ਗਿਣਨੀ ਆਉਣ ਦੀ ਮਹੱਤਤਾ ਨੂੰ ਜਾਣਨ ਤੋਂ ਬਾਅਦ ਜਨ ਸਭਾ ਵਿਚ ਪਹਿਲੀ ਵਾਰ ਆਏ ਜਨ ਦਾਰੋਕਿਪਾ ਗਣ ਦਾ ਇਥੇ ਆਉਣ ਦਾ ਇਤਿਹਾਸ ਜਾਨਣ ਲਈ ਕਾਹਲੇ ਪੈ ਰਹੇ ਹਨ। ਅਤੇ ਬਜ਼ੁਰਗ ਤੇ ਅਧਖੜ ਉਮਰ ਦੇ ਨਰ ਨਾਰੀ ਵੀ ਦਾਰੋਕ੍ਰਿਪਾ ਗਣ ਦੇ ਇਤਿਹਾਸ ਬਾਰੇ ਹਰ ਬਰਸ ਸੁਣਦੇ ਆ ਰਹੇ ਹਨ। ਅਤੇ ਉਹਨਾਂ ਨੂੰ ਆਪਣੇ ਗਣ ਦੇ ਇਤਿਹਾਸ ਬਾਰੇ ਸੁਣਨਾ ਅਤੇ ਖੁਦ ਗਣ ਦੇ ਇਤਿਹਾਸ ਨੂੰ ਕੰਠ ਕਰਨਾ ਚੰਗਾ ਚੰਗਾ ਲਗ ਰਿਹਾ ਹੈ। ਗਣਪਤੀ ਵਰੁਣ ਦੇ ਵਜਦ ਵਿਚ ਆਉਂਦਿਆਂ, ਦੋਵੇਂ ਬਾਹਾਂ ਉਪਰ ਚੁੱਕ ਕੇ ਨੱਚਦਿਆਂ ਗੇੜਾ ਦਿੱਤਾ ਅਤੇ ਖੁਲ੍ਹ ਕੇ ਹੱਸਦਿਆਂ ਕਿਹਾ, "ਹੁਣ ਆਵੇਗਾ ਗੱਲ ਕਰਨ ਦਾ ਸੁਆਦ, ਜਦ ਆਪਣੇ ਗਣ ਦੇ ਜਨ ਆਪਣੇ ਗਣ ਦਾ ਇਤਿਹਾਸ ਜਾਣਨ ਲਈ ਉਤਾਵਲੇ ਹੋ ਰਹੇ ਹੋਣ...।"

ਪੱਛਮੀ ਏਸ਼ੀਆ ਦੇ ਵੋਲਗਾ ਨਦੀ ਦੇ ਮੁਹਾਣਿਆ ਅਤੇ ਨਾਲ ਲਗਦੀਆਂ ਪਹਾੜੀਆਂ ਉੱਤੇ ਪੁਰੂ, ਯਦੂ, ਦਹਯੂ, ਤ੍ਰਿਤਸ਼ੂ ਆਦਿ ਵੰਸ਼ਾਂ ਦੇ ਆਰੀਆਂ ਦੇ ਪਸ਼ੂ-ਪਾਲਕ ਕਬੀਲੇ ਰਹਿੰਦੇ ਸਨ। ਜਦ ਇਨ੍ਹਾਂ ਦੀ ਗਿਣਤੀ ਵਧਦੀ ਗਈ ਤਾਂ ਇਨ੍ਹਾਂ ਪਸ਼ੂ-ਪਾਲਕ ਕਬੀਲਿਆਂ ਦੀਆਂ ਪਸ਼ੂ-ਚਰਾਂਦਾ ਪਿੱਛੇ ਆਪਸ ਵਿਚ ਖੂਨ-ਖਰਾਬੇ ਵਾਲੀਆਂ ਭਿਆਨਕ ਲੜਾਈਆਂ ਹੋਣ ਲੱਗ ਪਈਆਂ। ਇਨ੍ਹਾਂ ਭਿਆਕਰ ਲੜਾਈਆਂ ਵਿਚ ਪੁਰੂ ਵੰਸ਼ ਦਾ ਕਬੀਲਾ ਅੱਧਾ ਵੀ ਨਹੀਂ ਬਚਿਆ ਸੀ ਅਤੇ ਉਹਨਾਂ ਦੇ ਪਸ਼ੂ ਤੇ ਇਸਤਰੀਆਂ ਵੀ ਲੁੱਟ ਲਈਆਂ ਗਈਆਂ ਸਨ। ਨਿੱਤ ਦੀ ਕੱਟ-ਵੱਢ ਤੋਂ ਤੰਗ ਆ ਕੇ ਆਰੀਆ ਦਾ ਪੁਰੂ ਕਬੀਲਾ ਆਪਣੇ ਬਲਵਾਨ ਘੋੜਿਆ ਤੇ ਬੈਲਾਂ, ਗਾਵਾਂ ਨੂੰ ਲੈ ਕੇ ਹਿਮਵੰਤ ਪਰਬਤ ਦੀਆਂ ਉੱਚੀਆਂ ਚਟਾਨਾਂ ਅਤੇ ਡੂੰਘੀਆਂ ਘਾਟੀਆਂ ਨੂੰ ਪਾਰ ਕਰਦਾ ਹੋਇਆ ਔਖਾਂ, ਮੁਸਕਲਾਂ, ਦੁਸ਼ਵਾਰੀਆਂ ਨੂੰ ਝੱਲਦਾ ਐਬਾਸ ਦੱਰੇ, ਜਿਥੇ ਪਰਬਤ ਉੱਚੀਆਂ ਚੋਟੀਆਂ ਨਾਲੋਂ ਕਾਫੀ ਨੀਵਾਂ ਹੈ, ਨੂੰ ਪਾਰ ਕਰਦਾ ਹੋਇਆ ਪੁਸ਼ਕਲਾਵਤੀ ਦੀ ਸੁੰਦਰ ਵਾਦੀ ਵਿਚ ਪਹੁੰਚ ਗਿਆ।

ਪੁਸ਼ਕਲਾਵਤੀ ਵਿਚ ਪਹੁੰਚ ਕੇ ਆਰੀਆ ਦਾ ਵਾਹ, ਉਥੇ ਪਹਿਲਾਂ ਤੋਂ ਰਹਿੰਦੇ ਅਸੁਰਾਂ ਨਾਲ ਪਿਆ। ਅਸੁਰ ਕਾਲੇ ਰੰਗ ਦੇ ਨਾਟੇ ਕੱਦ ਤੇ ਫੀਨ੍ਹੇ ਨੱਕ ਵਾਲੇ ਲੋਕ ਸਨ। ਜਦਕਿ ਆਰੀਆ ਲੰਮੇ ਕੱਦ, ਗੋਰਾ ਰੰਗ, ਚੌੜਾ ਮੱਥਾ ਉੱਚਾ ਨੱਕ ਤੇ ਤਿਖੇ ਨੈਣ ਨਕਸ਼ਾ ਵਾਲੇ ਸਨ। ਦੋਵੇਂ ਕਬੀਲੇ ਆਰੀਆ ਅਤੇ ਆਸੁਰ ਇਕ ਦੂਸਰੇ ਦੀ ਭਾਸ਼ਾ ਨਹੀਂ ਸਮਝਦੇ ਸਨ। ਅਸੁਰ ਨਗਰਾਂ ਵਿਚ ਰਹਿੰਦੇ ਸਨ। ਉਹਨਾਂ ਦੇ ਸ਼ਿਲਪਕਾਰ ਕਾਂਸੇ ਤੇ

ਤਾਂਬੇ ਦੀਆਂ ਤਲਵਾਰਾਂ ਬਰਛੇ ਆਦਿ ਸਸ਼ਤਰ, ਪਤੀਲੇ, ਪਿਆਲੀਆਂ ਆਦਿ ਬਰਤਨ ਬਣਾਉਂਦੇ ਸਨ। ਉਹਨਾਂ ਕੋਲ ਦੋ ਪਹੀਏ ਵਾਲੇ ਰੱਥ ਸਨ, ਜਿਨ੍ਹਾਂ ਦੇ ਅੱਗੇ ਦੋ ਬੈਲ ਜੋੜੇ ਜਾਂਦੇ ਸਨ। ਆਰੀਆ ਤੇ ਅਸੁਰਾ ਦਾ ਇਸ਼ਾਰਿਆਂ ਨਾਲ ਵਸਤਾਂ ਦਾ ਲੈਣ ਦੇਣ ਹੁੰਦਾ ਸੀ। ਅਸੁਰ ਸਾਸ਼ਤਰ ਤੇ ਬਰਤਨ ਆਰੀਆ ਨੂੰ ਦੇ ਦਿੰਦੇ ਸਨ ਤੇ ਇਸਦੇ ਬਦਲੇ ਘੋੜੇ ਲੈ ਲੈਂਦੇ ਸਨ। ਕਿਉਂਕਿ ਅਸੁਰਾਂ ਕੋਲ ਘੋੜੇ ਨਹੀਂ ਸਨ। ਘੋੜਾ ਜਾਨਵਰ ਉਨ੍ਹਾਂ ਨੇ ਆਰੀਆ ਕੋਲ ਹੀ ਦੇਖਿਆ ਸੀ।

ਗਣਪਤੀ ਵਰੁਣ ਰਤਾ ਰੁਕ ਕੇ, ਸਾਹ ਲੈ ਕੇ ਦੱਸਣ ਲੱਗਿਆ ਕਿ ਬਹੁਤ ਲੰਮਾ ਇਤਿਹਾਸ ਦੱਸਣ ਦੀ ਜ਼ਰੂਰਤ ਨਹੀਂ। ਇਤਨਾ ਜਾਣਨਾ ਹੀ ਕਾਫੀ ਹੈ ਕਿ ਪੁਸ਼ਕਲਾਵਤੀ ਤੇ ਇਸਦੇ ਆਲੇ-ਦੁਆਲੇ ਆ ਕੇ ਫਿਰ ਚਾਰਾਗਾਹਾਂ ਪਿੱਛੇ ਆਰੀਆ ਦੀਆਂ ਅਸੁਰਾਂ ਨਾਲ ਖ਼ੂਨ ਖਰਾਬੇ ਵਾਲੀਆਂ ਲੜਾਈਆਂ ਹੋਣ ਲੱਗ ਪਈਆਂ ਸਨ। ਆਰੀਆ ਦੇ ਵਕਸ਼ੂ ਘਾਟੀ ਵਿਚੋਂ ਯਦੂ, ਦਹਯੂ, ਤੁਰਵਸ਼ ਤੇ ਅਨੂ ਆਦਿ ਕਬੀਲੇ ਵੀ ਆਉਂਦੇ ਰਹੇ। ਹੌਲੀ-ਹੌਲੀ ਅਸੁਰ ਆਰੀਆਂ ਤੋਂ ਹਾਰ ਕੇ ਪਿਛੇ ਹੱਟਦੇ ਗਏ ਅਤੇ ਹਾਰੇ ਹੋਏ ਅਸੁਰਾਂ ਨੂੰ ਆਰੀਆ ਦੁਆਰਾ ਦਾਸ ਬਣਾ ਲਿਆ ਜਾਂਦਾ ਰਿਹਾ। ਰਿੱਗਵੇਦ ਵਿਚ ਗੁਲਾਮ ਬਣਾਏ ਗਏ ਅਸੁਰਾਂ ਨੂੰ ਦਾਸ, ਦਸਯੂ ਲਿਖਿਆ ਗਿਆ ਹੈ।

ਆਰੀਆ ਦੀਆਂ ਅਨੁ, ਪੁਰੂ, ਦਹਯੂ ਆਦਿ ਕਬੀਲਿਆਂ ਦੀਆਂ ਆਪਸ ਵਿਚ ਵੀ ਲੜਦਿਆਂ-ਭਿੜਦਿਆਂ ਦੀਆਂ ਅੰਗ ਕੁਸਿਕ, ਭਰਤ, ਤ੍ਰਿਤਸੂ, ਪਖਤ (ਪਠਾਣ), ਸ੍ਰਿੰਜਯ, ਕੁਰੂ ਤੇ ਦਾਰੋਕਿਪਾ ਆਦਿ ਹੋਰ ਸ਼ਾਖਾਵਾਂ ਵੀ ਬਣਦੀਆਂ ਗਈਆਂ। ਆਰੀਆ ਆਸੁਰਾਂ ਨੂੰ ਪਰਾਜਿਤ ਕਰਦੇ ਹੋਏ ਸਿੰਧੂ, ਵਿਤਸਤ (ਜੇਹਲਮ) ਅਸਕਿਨੀ (ਚਿਨਾਬ), ਪੁਰੂਸ਼ਣੀ (ਰਾਵੀ) ਵਿਪਾਸਾ (ਬਿਆਸ) ਤੇ ਸ਼ਤਦਰੂ (ਸਤਲੁਜ) ਦਰਿਆਵਾਂ ਨੂੰ ਪਾਰ ਕਰਦੇ ਹੋਏ। ਕਿੰਨੇ ਹੀ ਸ਼ਤ (ਹਜ਼ਾਰ) ਜੋਜਨ (ਦੋ ਮੀਲ) ਦੂਰ ਸਰਸਵਤੀ ਨਦੀ ਤੱਕ ਪਹੁੰਚ ਗਏ ਸਨ। ਆਰੀਆ ਦਾ ਸੱਤ ਦਰਿਆਵਾਂ ਦੀ ਧਰਤੀ, ਜਿਹਨੂੰ ਉਹ ਸਪਤ ਸਿੰਧੂ ਕਹਿੰਦੇ ਸਨ, ਉਪਰ ਕਬਜਾ ਹੋ ਗਿਆ ਸੀ।

ਇਕ ਪਾਸੇ ਸਰਸਵਤੀ ਨਦੀ ਦੇ ਪੂਰਵੀ ਮੁਹਾਣੇ ਉੱਤੇ ਇਕੱਤਰ ਹੋਈ ਆਰੀਆ, ਸਿੰਧੂ ਨਦੀ ਤੋਂ ਸਰਸਵਤੀ ਤੱਕ ਆਸੁਰਾਂ ਉੱਤੇ ਜਿੱਤ ਪ੍ਰਾਪਤ ਕਰਨ ਦੀਆਂ ਖ਼ੁਸ਼ੀਆਂ ਮਨਾ ਰਹੇ ਸਨ। ਦੂਸਰੇ ਪਾਸੇ ਸਰਸਵਤੀ ਤੋਂ ਪੂਰਬ ਵਾਲੇ ਪਾਸੇ ਅਸੁਰਾਂ ਦੇ ਅਜ, ਸ਼ਿਗਰੂ, ਨਿਸ਼ਾਦ ਤੇ ਯਕਸ਼ ਆਦਿ ਵੰਸ਼ਾਂ ਦੇ ਕਬੀਲੇ ਇਕੱਠੇ ਹੋ ਕੇ ਸੰਗਠਿਤ ਹੋ ਕੇ ਆਰੀਆ ਉੱਤੇ ਆਕਰਮਣ ਕਰਕੇ ਆਪਣੀ ਖੋਹੀ ਹੋਈ ਮਾਤ ਭੂਮੀ ਵਾਪਸ ਲੈਣ ਲਈ ਵਿਉਂਤਾਂ ਬਣਾ ਰਹੇ ਸਨ, ਦੰਦ ਕਰੀਚ ਰਹੇ ਸਨ। ਪਰ ਅਸੁਰਾਂ ਦੇ ਆਕਰਮਣਾਂ ਤੋਂ ਸਰਸਵਤੀ ਨਦੀ, ਢਾਲ ਬਣ ਕੇ ਆਰੀਆ ਦੀ ਰੱਖਿਆ ਕਰ ਰਹੀ ਸੀ। ਆਸੁਰਾਂ ਨੇ ਆਰੀਆ ਨੂੰ ਦੋ, ਤਿੰਨ ਸਦੀਆਂ ਤੱਕ ਸਰਸਵਤੀ ਨਦੀ ਪਾਰ ਨਹੀਂ ਕਰਨ ਦਿੱਤੀ। ਇਸ ਲਈ ਆਰੀਆ ਰਿਸ਼ੀ ਸਰਸਵਤੀ ਦੇ ਮੁਹਾਣੇ ਤੇ ਵਿਚਰਦਿਆਂ ਭ੍ਰਮਣ ਕਰਦਿਆਂ ਜਿਹੜੇ ਸੂਕਤ ਰਚਦੇ ਰਹੇ ਉਹਨਾਂ ਵਿਚ ਸਰਸਵਤੀ ਨਦੀ ਦੀ ਬਾਕੀ ਛੇ ਭੈਣਾਂ ਨਾਲੋਂ ਵੱਧ ਮਹਿਮਾ ਗਾਈ ਹੈ। ਜਿਹੜੀ ਕਿ ਰਿਗਵੇਦ ਵਿਚ ਦਰਜ ਹੈ।

ਕਿਰਾਤ, ਆਸੁਰਾਂ ਦਾ ਹਿਮਵੰਤ (ਹਿਮਾਲਾ) ਪਰਬਤ ਦੀਆਂ ਉੱਚੀਆਂ ਚੋਟੀਆਂ ਦੀਆਂ ਚਾਰਾਗਾਹਾਂ ਵਿਚ ਘੁੰਮ ਫਿਰ ਕੇ ਪਸ਼ੂ ਪਾਲਣ ਵਾਲਾ, ਪਸ਼ੂ ਪਾਲਕ ਕਬੀਲਾ ਸੀ। ਸਰਦੀਆਂ ਵਿਚ ਹਿਮਵੰਤ ਪਰਬਤ ਦੀਆਂ ਉੱਚੀਆਂ ਚੋਟੀਆਂ ਉਪਰ ਬਰਫ਼ ਪੈਣ ਕਰਕੇ ਕਿਰਾਤ ਆਪਣੇ ਪਸ਼ੂ ਹੱਕ ਕੇ ਹਿਮਵਤ ਪਰਬਤ ਤੋਂ ਥੱਲੇ ਉਤਰ ਕੇ ਸ਼ਿਵਾਲਿਕ ਪਹਾੜ ਦੇ ਪੈਰਾਂ ਵਿਚਲੀਆਂ ਚਾਰਾਗਾਹਾਂ ਵਿਚ ਲੈ ਆਉਂਦੇ ਸਨ। ਸਰਸਵਤੀ ਅਤੇ ਸ਼ਤਦਰੂ ਨਦੀਆਂ ਵਿਚਕਾਰ ਕਿਰਾਤਾਂ ਦੀਆਂ ਸੱਤ ਪੂਰੀਆਂ, ਮੋਰਚਾ ਬੰਦੀਆਂ ਸਨ। ਪਰ ਹੁਣ ਜਦ ਕਿਰਾਤ ਸਰਦੀਆਂ ਵਿਚ ਆਪਣੇ ਪਸ਼ੂ ਹੱਕ ਕੇ ਸ਼ਿਵਾਲਿਕ ਪਹਾੜ ਦੇ ਪੈਰਾਂ ਵਿਚਲੀਆਂ ਆਪਣੀਆਂ



ਚਾਰਾਗਾਹਾਂ ਵਿਚ ਲੈ ਕੇ ਆਉਂਦੇ ਤਾਂ ਉਹਨਾਂ ਚਾਰਾਗਾਹਾਂ ਵਿਚ ਆਪਣੇ-ਆਪਣੇ ਪਸ਼ੂ ਚਰਾਉਣ ਪਿੱਛੇ ਕਿਰਾਤਾਂ ਅਤੇ ਆਰੀਆ ਦੀਆਂ ਝੜਪਾ, ਲੜਾਈਆਂ ਹੁੰਦੀਆਂ ਰਹਿੰਦੀਆਂ ਸਨ।

ਉਸ ਸਮੇਂ ਵਿਚ ਆਰੀਆਂ ਦਾ ਸੈਨਾਪਤੀ (ਇੰਦਰ) ਦਿਵੋਦਾਸ ਬਣਿਆ ਉਹ ਬਹੁਤ ਦਲੇਰ ਤੇ ਬਹਾਦੁਰ ਅਤੇ ਤੀਰ-ਅੰਦਾਜੀ, ਤਲਵਾਰ-ਬਾਜੀ ਤੇ ਗਧਾ ਯੁੱਧ ਵਿਚ ਨਿਪੁਨ, ਸੈਨਾਪਤੀ ਸੀ। ਦੂਸਰੇ ਪਾਸੇ ਅਸੁਰਾਂ ਦਾ ਸੈਨਾਪਤੀ ਸੰਭਰ ਕਿਰਾਤ ਸੀ। ਸੰਭਰ ਦਾ ਬਹਾਦੁਰੀ ਨਾਲ ਲੜਨ ਦਾ ਆਰੀਆ ਰਿਸ਼ੀਆਂ ਨੇ ਰਿਗਵੇਦ ਵਿਚ ਵਰਣਨ ਕੀਤਾ ਹੈ। ਦਾਸ ਤੇ ਉਹਦੀ ਆਰੀਆਂ ਸੈਨਾ ਦਾ ਕਿਰਾਤ ਤੇ ਉਹਦੀ ਅਸੁਰ ਸੈਨਾ ਨਾਲ ਚਾਲੀ ਸਾਲ ਤੱਕ ਯੁੱਧ ਹੁੰਦਾ ਰਿਹਾ। ਅੰਤ ਨੂੰ ਗਧਾ ਯੁੱਧ ਵਿਚ ਕਿਰਾਤ, ਦਿਵੋਦਾਸ ਹੱਥੋਂ ਮਾਰਿਆ ਗਿਆ ਸੀ। ਅਤੇ ਬਚੀ ਹੋਈ ਕਿਰਾਤ ਸੈਨਾ ਨੇ ਹਿਮਵੰਤ ਪਰਬਤ ਦੀਆਂ ਉੱਚੀਆਂ ਚੋਟੀਆਂ ਉਪਰ ਨੂੰ ਭੱਜ ਕੇ ਆਰੀਆ ਸੈਨਾ ਤੋਂ ਜਾਨ ਬਚਾਈ ਸੀ।

ਪਰ ਆਰੀਆਂ ਨੂੰ ਅਸੁਰ, ਸਰਸਵਤੀ ਨਦੀਂ ਤੋਂ ਅੱਗੇ ਵੱਲ ਵਧਣ ਨਹੀਂ ਦੇ ਰਹੇ ਸਨ। ਉਧਰ ਆਰੀਆ ਕਬੀਲਿਆਂ ਦੀਆਂ ਵੀ ਆਪਸ ਵਿਚ ਝੜੱਪਾਂ, ਲੜਾਈਆਂ ਹੁੰਦੀਆਂ ਰਹਿੰਦੀਆਂ ਸਨ। ਇਸ ਲਈ ਆਰੀਆ ਦੇ ਇਸ ਆਪਸੀ ਯੁੱਧ ਤੋਂ ਬਚਣ ਲਈ ਆਰੀਆਂ ਦੇ ਕੁਝ ਕਬੀਲੇ ਹਿਮਵੰਤ ਪਰਬਤ ਦੀਆਂ ਉੱਚੀਆਂ ਚੋਟੀਆਂ ਤੇ ਚੜ੍ਹ ਕੇ, ਪਹਾੜਾਂ ਵਿਚ ਹੀ ਰਹਿਣ ਲੱਗ ਪਏ ਸਨ। ਉਦੋਂ ਆਰੀਆ ਦਾ ਦਰੋਕਿਪਾ ਕਬੀਲਾ ਵੀ ਹਿਮਵੰਤ ਪਰਬਤ ਦੀਆਂ ਉੱਚੀਆਂ ਚੋਟੀਆਂ ਉੱਤੇ ਚੜ੍ਹਦਾ ਗਿਆ, ਚੜਦਾ ਗਿਆ ਅਤੇ ਪਹਾੜਾ ਦੀਆਂ ਉੱਚੀਆਂ ਚੋਟੀਆਂ ਵਿਚਕਾਰ ਇਸ ਚਾਰੇ ਪਾਸਿਆਂ ਤੋਂ ਸੁਰੱਖਿਅਤ, ਜੰਸਕਾਰ ਵਾਦੀ ਵਿਚ ਆ ਕੇ ਰਹਿਣ ਲੱਗ ਪਿਆ ਸੀ। ਤੇ ਉਦੋਂ ਤੋਂ ਲੈ ਕੇ ਹੁਣ ਤੱਕ ਇਸ ਮਨਮੋਹਕ ਰਮਣੀਕ ਜੰਸਕਾਰ ਵਾਦੀ ਵਿਚ ਹੀ ਰਹਿੰਦਾ ਚਲਿਆ ਆ ਰਿਹਾ ਹੈ। ਸਾਡੇ ਪੂਰਵਜਾਂ ਦੇ ਇਥੇ ਆ ਕੇ ਜੰਸਕਾਰ ਘਾਟੀ ਚਿਵ ਰਹਿਣ ਤੋਂ ਬਾਅਦ , ਕੁਝ ਸਮੇਂ ਤੱਕ ਤਾਂ ਵਾਸ਼ਦੇਵ, ਭਾਰਦਵਾਜ, ਵਿਸ਼ਵਾ ਮਿੱਤਰ ਆਦਿ ਰਿਸ਼ੀ ਸਾਡੇ ਪੂਰਵਜਾਂ ਤੋਂ ਆ ਕੇ ਦਾਨ-ਦੱਕਸ਼ਣਾ ਲੈ ਕੇ ਜਾਂਦੇ ਰਹੇ। ਇਹ ਸਭ ਕੁਝ ਭੋਜ ਪੱਤਰਾਂ ਵਿਚੋਂ ਸਾਡੇ ਪੂਰਵਜਾਂ ਨੇ ਪੁਰਾਣੀਆਂ ਬਹੀਆਂ ਵਿਚ ਦਰਜ ਕੀਤਾ ਹੋਇਆ ਹੈ। ਪਰ ਜਦੋਂ ਆਰੀਆ, ਅਸੁਰਾਂ ਨੂੰ ਹਰਾ ਕੇ ਸਰਸਵਤੀ ਨਦੀ ਨੂੰ ਪਾਰ ਕਰਕੇ ਗੰਗਾਂ, ਯੁਮਨਾਂ ਦੇ ਮੈਦਾਨ ਤੱਕ ਫੈਲਦੇ ਚਲੇ ਗਏ ਤਾਂ ਇਹ ਆਰੀਆਂ ਰਿਸ਼ੀ ਵੀ ਸਾਡੇ ਪੂਰਵਜਾਂ ਕੋਲ ਦਾਨ-ਦੱਕਸ਼ਣਾ ਲੈਣ ਲਈ ਆਉਣ ਤੋਂ ਹਟ ਗਏ।

ਜਨ ਸਭਾ ਵਿਚ ਪਹਿਲੀ ਵਾਰ ਆਏ ਨਰ-ਨਾਰੀ ਤਾਂ ਆਪਣੇ ਦਰੋਕਿਪਾ ਕਬੀਲੇ ਦੇ ਪੁਰਾਤਨ ਇਤਿਹਾਸ ਨੂੰ ਸੁਣ ਕੇ ਅਚੰਭਿਤ ਹੋ ਰਹੇ ਸਨ, ਕਿ ਉਹਨਾਂ ਨੇ ਹੁਣ ਤੱਕ ਆਪਣੇ ਗਣ ਦੇ ਇਤਿਹਾਸ ਨੂੰ ਕਿਉਂ ਨਹੀਂ ਜਾਣਿਆ। ਅਤੇ ਨਵੇਂ ਬਰਸ ਦੀ ਜਨ ਸਭਾ ਵਿਚ ਲਗਭਗ ਹਰ ਬਰਸ ਆਉਣ ਵਾਲੇ ਵੱਡੀ ਉਮਰ ਦੇ ਨਰ ਨਾਰੀ ਵੀ ਆਪਣੇ ਦਾਰੋਕਿਪਾ ਗਣ ਦੇ ਇਥੇ ਜੰਸਕਾਰ ਘਾਟੀ ਵਿਚ ਰਹਿਣ ਦੇ ਇਤਿਹਾਸ ਨੂੰ ਸੁਣ ਕੇ ਗਦ ਗਦ ਹੋ ਰਹੇ ਸਨ, ਕਿਉਂਕਿ ਆਪਣੇ ਦਾਰੋਕਿਪਾ ਗਣ ਦੇ ਇਤਿਹਾਸ ਨੂੰ ਵਾਰ ਵਾਰ ਸੁਣ ਕੇ ਕੰਠ ਕਰਨਾ ਉਹਨਾਂ ਨੂੰ ਚੰਗਾ ਚੰਗਾ ਲਗਦਾ ਹੈ।

ਦਾਰੋਕਿਪਾ ਗਣ ਦੇ ਬਜ਼ੁਰਗਾਂ ਦੀ ਸਮਿਤੀ ਨੇ ਕਿਹਾ ਸੀ ਕਿ ਗਣ ਦੇ ਜਨਾਂ ਨੂੰ ਗਣ ਦੇ ਇਤਿਹਾਸ ਉੱਤੇ ਮਾਣ ਮਹਿਸੂਸ ਹੋਣਾ ਚਾਹੀਦਾ ਹੈ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ, ਉਹ ਹਮੇਸਾਂ ਲਈ ਸਮਾਪਤ ਹੋ ਜਾਂਦੀਆਂ ਹਨ। ਪਰ ਦਰੋਕਿਪਾ ਗਣ ਦੇ ਜਨਾਂ ਨੇ ਆਪਣੇ ਗਣ ਦੀਆਂ ਵੱਖਰੀਆਂ ਰਵਾਇਤਾਂ ਨੂੰ ਬਣਾ ਕੇ ਰੱਖਿਆ ਹੋਇਆ ਹੈ, ਆਪਣੀ ਹੋਂਦ ਨੂੰ ਕਾਇਮ ਰੱਖਿਆ ਹੋਇਆ ਹੈ। ਗਣ ਦੇ ਹਰੇਕ ਜਨ ਨੂੰ ਅੱਗੇ ਤੋਂ ਗਣ ਦੀ ਵੱਖਰੀ ਹੋਂਦ ਬਣਾ ਕੇ ਰੱਖਣ ਲਈ, ਬਜ਼ੁਰਗਾਂ ਦੀ ਸਮਿਤੀ ਅਤੇ ਹੋਰ ਸਮਿਤੀਆਂ ਦਾ ਭਰਪੂਰ ਸਹਿਯੋਗ ਦੇਣਾ ਚਾਹੀਦਾ ਹੈ। ਬਜ਼ੁਰਗਾਂ ਦੀ ਸਮਿਤੀ ਦੁਆਰਾ ਦੱਸੇ ਅਨੁਸਾਰ

ਗਣ ਦੇ ਜਨ ਆਪਣੀ ਦਰੋਕਿਪਾ ਕੌਮੀਅਤ ਦੇ ਇਤਿਹਾਸ ਉੱਤੇ ਗਰਵ ਕਰਦਿਆਂ ਸਾਜ਼ਾਂ ਦੀ ਤਾਲ 'ਤੇ ਗੀਤ ਗਾਉਂਦਿਆਂ ਨੱਚਣ ਲੱਗ ਪਏ ਹਨ। ਬਜ਼ੁਰਗਾਂ ਦੀ ਸਮਿਤੀ ਦੇ ਜਨ ਵੀ ਆਪਣੇ ਆਪ ਨੂੰ ਉਹਨਾਂ ਨਾਲ ਮਿਲ ਕੇ ਨੱਚਣ ਤੋਂ ਰੋਕ ਨਹੀਂ ਸਕੇ ਸਨ।

ਗਣ ਤੇ ਤਮਾਮ ਜਨ, ਮੰਤਰ-ਮੁਗਧ ਹੋਏ ਗਣ ਦੇ ਬਜ਼ੁਰਗਾਂ ਦੀ ਸਮਿਤੀ ਦੀਆਂ ਗੱਲਾਂ ਸੁਣ ਰਹੇ ਹਨ। ਗਣਪਤੀ, ਵਰੁਣ ਨੇ ਹੌਸਲੇ ਵਿਚ ਹੁੰਦਿਆਂ ਦੱਸਣਾ ਸ਼ੁਰੂ ਕੀਤਾ ਹੈ ਕਿ ਦਾਰੋਕਿਪਾ ਗਣ ਦਾ ਇਤਿਹਾਸ ਜਾਣਨ ਤੋਂ ਬਾਅਦ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਸਾਡੇ ਗਣ ਵਿਚ ਸਮਿਤੀਆਂ ਵਾਲੇ ਸ਼ਾਸ਼ਨ ਪ੍ਰਬੰਧ ਦਾ ਸੰਚਾਲਨ ਹੋਣਾ ਕਿਵੇਂ ਸ਼ੁਰੂ ਹੋਇਆ ਸੀ।

ਇਤਿਹਾਸ ਦੇ ਜਿਸ ਪੜਾਅ ਤੇ ਦਾਰੋਕਿਪਾ ਕਬੀਲਾ, ਜੰਸਕਾਰ ਘਾਟੀ ਵਿਚ ਆਇਆ ਇਤਿਹਾਸ ਦੇ ਉਸ ਪੜਾਅ ਤੇ ਕਬੀਲਿਆਂ ਦਾ ਸ਼ਾਸ਼ਨ ਪ੍ਰਬੰਧ 'ਗਣ' ਤੇ 'ਰਾਜਾਸ਼ਾਹੀ' ਗਣਾਂ ਵਿਚ ਸਵੈ ਸ਼ਾਸ਼ਨ ਪ੍ਰਚਲਤ ਸੀ। ਜਿਸਦਾ ਸੰਚਾਲਨ 'ਬਜ਼ੁਰਗਾਂ ਦੀ ਸਮਿਤੀ' ਦੁਆਰਾ ਕੀਤਾ ਜਾਂਦਾ ਸੀ। ਬਜ਼ੁਰਗਾਂ ਦੇ ਸਮਿਤੀ ਨੂੰ ਸਲਾਹ ਦੇਣ ਲਈ ਸਾਲ ਵਿਚ ਦੋ ਵਾਰੀ ਗਣ ਦੇ ਆਮ ਜਨਾਂ ਦੀ ਸਭਾ ਬੁਲਾਈ ਜਾਂਦੀ ਸੀ। ਸਸ਼ਤਰ ਵਿਦਿਆ ਵਿਚ ਪ੍ਰਵੀਨ ਬਲਵਾਨ ਤੇ ਆਪਣੇ ਗਣ ਦੇ ਜਨਾਂ ਪ੍ਰਤੀ ਸੁਹਿਰਦ ਜਨ ਨੂੰ ਨਾ ਮਾਤਰ ਦਾ ਸੈਨਾਪਤੀ ਚੁਣਿਆ ਜਾਂਦਾ ਸੀ। ਗਣ ਦੇ ਨਰ-ਨਾਰੀਆਂ ਵਿਚ ਸਸ਼ਤਰ ਵਿਦਿਆ ਸਿਖਣ ਦੀ ਰਵਾਇਤ ਪ੍ਰਚਲਤ ਸੀ। ਗਣ ਉੱਤੇ ਬਾਹਰੋਂ ਅਕਰਮਣ ਹੋਣ 'ਤੇ ਸ਼ਤਰੂ ਦੀ ਸੈਨਾ ਉੱਤੇ ਗਣ ਦੇ ਸੈਨਾਪਤੀ ਨਾਲ ਸਮੂਹ ਨਰ-ਨਾਰੀਆਂ ਦੀ ਸੈਨਾ ਟੁੱਟ ਕੇ ਪੈ ਜਾਂਦੀ ਸੀ। ਕਈ ਗਣਾਂ ਨੂੰ ਮਿਲਾ ਕੇ ਇਕ ਸੰਘ ਵੀ ਬਣਾ ਲਿਆ ਜਾਂਦਾ ਸੀ। ਗਣ ਦੇ ਜਨਾਂ ਉੱਤੇ ਕਿਸੇ ਕਿਸਮ ਦਾ ਕਰ ਟੈਕਸ ਨਹੀਂ ਲਗਾਇਆ ਜਾਂਦਾ ਸੀ, ਇਸਦੀ ਜ਼ਰੂਰਤ ਹੀ ਨਹੀਂ ਪੈਂਦੀ ਸੀ।

ਕਈ ਗਣਾਂ ਵਿਚ ਇਸ ਤਰ੍ਹਾਂ ਹੋਇਆ ਕਿ ਗਣ ਦਾ ਸੈਨਾਪਤੀ ਗਣ ਦੀ ਸੈਨਾ ਨੂੰ ਆਮ ਜਨਤਾਂ ਤੋਂ ਵੱਧ ਸਹੂਲਤਾਂ ਦੇਣ ਦਾ ਲਾਲਚ ਦੇ ਕੇ ਆਪਣੇ ਨਾਲ ਲਾ ਲੈਂਦਾ ਸੀ। ਅਤੇ ਉਹ ਉਸ ਗਣ ਦਾ 'ਰਾਜਾ' ਬਣ ਬੈਠਦਾ ਸੀ। ਇਸ ਤਰ੍ਹਾਂ ਨਾਲ 'ਰਾਜਾ ਸ਼ਾਹੀ' ਦਾ ਆਰੰਭ ਹੋਇਆ ਰਾਜਾ ਆਪਣੇ ਰਾਜ ਦੀ ਜ਼ਮੀਨ ਬਾਗ ਤੇ ਦਰਿਆਵਾਂ ਆਦਿ ਦੀ ਸੰਪਤੀ ਦਾ ਮਾਲਕ ਬਣ ਬੈਠਦਾ ਸੀ। ਅਤੇ ਆਪਣੇ ਰਜਵਾੜਿਆ ਨੂੰ ਕਿਸਾਨਾਂ ਤੋਂ ਉਹਨਾਂ ਦੀ ਉਪਜ ਦਾ ਛੇਵਾਂ ਹਿੱਸਾ ਇਕੱਠਾ ਕਰਨ ਦੇ ਨਾਂ 'ਤੇ ਉਹਨਾਂ ਕਿਸਾਨਾਂ ਦੀ ਉਪਜ ਦਾ ਮਨ ਮਰਜ਼ੀ ਦਾ ਭਾਗ ਹਥਿਆਉਣ ਦੀ ਇਜਾਜ਼ਤ ਦੇ ਦਿੰਦਾ ਸੀ। ਰਾਜੇ ਦੇ ਰਜਵਾੜੇ, ਜਾਗੀਰਦਾਰ, ਸੈਨਾਪਤੀ ਅਤੇ ਸੈਨਿਕ ਪਰਜਾ ਤੋਂ ਗਹਿਣੇ, ਧੰਨ, ਵਸਤਰ, ਪਸ਼ੂ ਅਤੇ ਸੁੰਦਰ ਇਸਤਰੀਆਂ ਆਦਿ ਵਸਤਾਂ ਲੁੱਟ ਕੇ ਲੈ ਜਾਂਦੇ ਸਨ। ਅਤੇ ਪਸ਼ੂਆਂ ਤੇ ਇਸਤਰੀਆਂ ਦੀਆਂ ਲੱਗਣ ਵਾਲੀਆਂ ਮੰਡੀਆਂ ਵਿਚ ਵੇਚ ਦਿੰਦੇ ਸਨ। ਉਦੋਂ ਵਸਤੂ-ਵਟਾਂਦਰਾਂ ਹੁੰਦਾ ਸੀ ਅਤੇ ਵਸਤੂ ਵਟਾਂਦਰੇ ਦਾ ਮਾਪ 'ਗਾਇ' ਹੁੰਦੀ ਸੀ। ਇਸ ਤਰ੍ਹਾਂ ਨਾਲ ਇਸਤਰੀਆਂ ਅਤੇ ਪਸ਼ੂ ਅੱਗੇ ਤੋਂ ਅੱਗੇ ਵਿਕਦੇ ਚਲੇ ਜਾਂਦੇ ਸਨ।

ਗਣਪਤੀ, ਵਰੁਣ ਨੇ ਗਣ ਦੇ ਧਿਆਨ ਮਗਨ ਹੋ ਕੇ, ਗੱਲਾਂ ਸੁਣ ਰਹੇ ਜਨਾਂ ਨੂੰ ਝੰਜੋੜਿਆ ਕਿ ਹੁਣ ਤੁਹਾਨੂੰ ਪਤਾ ਲੱਗ ਹੀ ਗਿਆ ਹੋਵੇਗਾ, ਦਾਰੋਕਿਪਾ ਕਬੀਲੇ ਦੇ ਉਸ ਵੇਲੇ ਦੇ ਪੂਰਵਜਾਂ ਨੇ ਕਬੀਲੇ ਦੇ ਸ਼ਾਸਨ ਪ੍ਰਬੰਧ ਦਾ ਸੰਚਾਲਨ ਕਰਨ ਲਈ ਕਿਹੜਾ ਪ੍ਰਬੰਧ ਚੁਣਿਆ? ਅਤੇ ਕਿਉਂ?? ਲੰਮੇ ਸਮੇਂ ਤੋਂ ਉੱਚੀ ਆਵਾਜ਼ ਵਿਚ ਬੋਲਦੇ ਰਹਿਣ ਕਰਕੇ, ਗਣਪਤੀ ਵਰੁਣ ਦੇ ਗਲੇ ਵਿਚ ਖਰਾਸ ਹੋਈ ਅਤੇ ਉਹਨੂੰ ਖਾਂਸੀ ਛਿੜ ਗਈ। ਜਨ ਸਭਾ ਵਿਚੋਂ ਉਠ ਕੇ, ਇਕ ਚਿਕਿਤਸਕ ਨੇ ਉਹਨੂੰ ਦਵਾਈ ਦੀ ਇਕ ਖੁਰਾਕ ਦਿੱਤੀ। ਉਹ ਪਿਛੇ ਹਟ ਕੇ, ਚਮੜੇ ਦੇ ਪਾਣੀ ਦੇ ਭਰੇ ਕੁੱਪੇ ਵਿਚੋਂ ਲੱਕੜ ਦਾ ਬਣਿਆ ਪਿਆਲਾ ਪਾਣੀ ਦਾ ਭਰ ਕੇ ਦਵਾਈ ਲੈਣ ਲੱਗ ਪਿਆ... ਉਸਦੀ ਥਾਂ ਤੇ ਬਜ਼ੁਰਗਾਂ ਦੀ ਸਮਿਤੀ ਦੇ ਇਕ ਹੋਰ ਜਨ, ਕਸ਼ਵ ਨੇ,



ਗਣਪਤੀ, ਵਰੁਣ ਦੀ ਗੱਲ ਨੂੰ ਅੱਗੇ ਤੋਰਦਿਆਂ ਦੱਸਣਾ ਸ਼ੁਰੂ ਕੀਤਾ ਸੰਗਕਾਰ ਘਾਟੀ ਵਿਚ ਆ ਕੇ ਸਾਡੇ ਪੂਰਵਜਾਂ ਨੇ ਮਹਿਸੂਸ ਕੀਤਾ ਕਿ ਦਰੋਕਿਪਾ ਕਬੀਲੇ ਦੀ 'ਸੈਨਾਪਤੀ' ਦੀ ਪਦਵੀ ਨੂੰ ਸਮਾਪਤ ਕਰ ਦਿੱਤਾ ਜਾਵੇ। ਕਿਉਂਕਿ ਇਕ ਤਾਂ ਸੰਗਕਾਰ ਘਾਟੀ ਚੋਹਾਂ ਪਾਸਿਆਂ ਤੋਂ ਉੱਚੇ ਉੱਚੇ ਪਹਾੜਾਂ ਵਿਚ ਘਿਰੀ ਹੋਣ ਕਰਕੇ ਬਾਹਰੋਂ ਆਕਰਮਣ ਕੀਤੇ ਜਾਣ ਦਾ ਕੋਈ ਖਤਰਾ ਨਹੀਂ ਸੀ। ਦੂਸਰੇ ਉਦੋਂ ਤੱਕ ਸੰਗਕਾਰ ਘਾਟੀ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਕਿਸੇ ਕਬੀਲੇ ਦਾ ਵਸੇਬਾ ਹੀ ਨਹੀਂ ਸੀ।

ਬਜ਼ੁਰਗਾਂ ਦੀ ਸਮਿਤੀ ਦੇ ਸਦੱਸ, ਕਸ਼ਵ ਨੇ ਦੱਸਣਾ ਜਾਰੀ ਰੱਖਿਆ ਕਿ ਸਾਡੇ ਉਸ ਵੇਲੇ ਦੇ ਪੂਰਵਜਾਂ ਨੇ ਗਣ ਦਾ ਸ਼ਾਸ਼ਨ ਪ੍ਰਬੰਧ ਲਾਗੂ ਕਰਕੇ, ਦਰੋਕਿਪਾ ਕਬੀਲੇ ਨੂੰ 'ਦਾਰੋਕਿਪਾ ਗਣ' ਘੋਸ਼ਿਤ ਕਰ ਦਿੱਤਾ ਸੀ। 'ਬਜ਼ੁਰਗਾਂ ਦੀ ਸਮਿਤੀ, ਨੇ ਉਦੋਂ ਗਣ ਦੀ ਜਨ ਸਭਾ ਬੁਲਾ ਕੇ ਫੈਸਲਾ ਲਿਆ ਕਿ ਗਣ ਦੇ ਵੱਖੋ-ਵੱਖਰੇ ਕੰਮਾਂ ਨੂੰ ਸਵੈ-ਸਾਸ਼ਨ ਵਾਲੀ ਪ੍ਰਣਾਲੀ ਦੁਆਰਾ ਕਰਵਾਉਣ ਲਈ, ਵੱਖ-ਵੱਖ ਸਮਿਤੀਆਂ ਬਣਾ ਦਿੱਤੀਆਂ, ਜਾਣ। ਅਤੇ ਸਬੰਧਤ ਕੰਮ ਵਿਚ ਪੇਸ਼ੇ ਵਿਚ, ਸ਼ਿਲਪਕਾਰੀ ਵਿਚ, ਦਕਸ਼, ਨਿਪੁੰਨ ਅਤੇ ਸੁਹਿਰਦ ਜਨ ਨੂੰ ਉਸ ਸਮਿਤੀ ਦਾ ਮੁਖੀ ਬਣਾ ਦਿੱਤਾ ਜਾਇਆ ਕਰੇਗਾ। ਜਿਹੜਾ ਕਿ ਆਪਣੀ ਸਮਿਤੀ ਵਿਚ ਸਾਮਿਲ ਜਨਾਂ ਨਾਲ ਮਿਲ-ਜੁਲ ਕੇ ਕੰਮ ਚਲਾਵੇਗਾ। ਇਹਨਾਂ ਸਮਿਤੀਆਂ ਵਿਚ ਸਾਮਿਲ ਜਨ ਵੀ, ਇਹਨਾਂ ਸਮਿਤੀਆਂ ਵਿਚ ਸਦਾ ਲਈ, ਹਮੇਸ਼ਾ ਲਈ ਸਾਮਿਲ ਨਹੀਂ ਰਹਿਣਗੇ। ਸਗੋਂ ਦਰੋਕਿਪਾ ਗਣ ਦਾ ਹਰੇਕ ਜਨ, ਜਿਹੜਾ ਜਿਹੜਾ ਕੰਮ ਕਰਨਾ ਚਾਹੇ... ਉਹਨੂੰ ਹੌਲੀ-ਹੌਲੀ ਹਰ ਉਹ ਕੰਮ ਕਰਨ ਵਾਲੀ ਸਮਿਤੀ ਵਿਚ ਜਾਣ ਦਾ ਮੌਕਾ ਦਿੱਤਾ ਜਾਵੇਗਾ। ਇਸ ਲਈ ਸਮਿਤੀਆਂ ਦੇ ਮੁਖੀਆਂ ਦੀ ਸਲਾਹ ਨਾਲ ਜਨਾਂ ਦੀ ਇਕ ਤੋਂ ਦੂਸਰੀਆਂ ਸਮਿਤੀਆਂ ਵਿਚ ਅਦਲਾ ਬਦਲੀ ਕੀਤੀ ਜਾਂਦੀ ਰਹੇਗੀ। ਇਸ ਤਰ੍ਹਾਂ ਕਰਨ ਨਾਲ ਗਣ ਦੇ ਜਨਾਂ ਨੂੰ ਵੱਖ-ਵੱਖ ਕੰਮ ਕਰਨ ਦੀ ਸੁਵਿਧਾ ਹੀ ਨਹੀਂ ਮਿਲੀ ਸਗੋਂ ਵੱਖ-ਵੱਖ ਜਨਾਂ ਨਰ-ਨਾਰੀਆਂ ਨਾਲ ਕੰਮ ਕਰਨ ਦੀ ਸੁਵਿਧਾ ਵੀ ਮਿਲ ਗਈ ਸੀ। ਉਹ ਜਿਸ ਜਸ ਨਾਲ ਕੰਮ ਕਰਨਾ ਨਹੀਂ ਚਾਹੁੰਦੇ ਸਨ, ਮਨ ਮੁਟਾਵ ਹੁੰਦਾ ਸੀ ਤਾਂ ਦੂਸਰੀ ਸਮਿਤੀ ਵਿਚ ਚਲੇ ਜਾਂਦੇ ਸਨ... ਜਿਨ੍ਹਾਂ ਨਰ-ਨਾਰੀਆਂ ਨਾਲ ਮਿਲ ਕੇ ਉਹ ਖੁਸ਼ੀ-ਖੁਸ਼ੀ ਕੰਮ ਕਰਨਾ ਚਾਹੁੰਦੇ ਸਨ। ਇਸ ਤਰ੍ਹਾਂ ਨਾਲ ਉਹਨਾਂ ਦੇ ਆਪਸ ਵਿਚ ਝਗੜੇ ਹੀ ਨਹੀਂ ਹੁੰਦੇ ਸਨ ਜੋ ਨਾ ਮਾਤਰ ਦੇ ਹੁੰਦੇ ਵੀ ਸਨ ਤਾਂ ਉਹਨਾਂ ਨੂੰ ਸਮਿਤੀਆਂ ਦੇ ਮੁਖੀ ਨਬੇੜ ਦਿੰਦੇ ਸਨ। ਬਜ਼ੁਰਗਾਂ ਦੀ ਸਮਿਤੀ ਤੱਕ ਕਿਸੇ ਝਗੜੇ ਨੂੰ ਲਿਆਉਣਾ ਗਣ ਦੇ ਨਰ-ਨਾਰੀ ਆਪਣੀ ਬੇਇੱਜ਼ਤੀ ਸਮਝਣ ਲੱਗ ਪਏ ਸਨ... ਇਸ ਤਰ੍ਹਾਂ ਦੀ ਵੱਖ-ਵੱਖ ਸਮਿਤੀਆਂ ਵਾਲੇ ਪ੍ਰਬੰਧ ਦੀ, ਸਾਡੇ ਪੂਰਵਜਾਂ ਦੀ ਬਣਾਈ ਹੋਈ ਪ੍ਰਣਾਲੀ ਸਾਡੇ ਤੱਕ ਪਹੁੰਚੀ ਹੈ।

ਹੁਣ ਚਰਮਕਾਰਾਂ, ਧਾਤੂਕਾਰਾਂ, ਬੜ੍ਹਈਆਂ, ਖੇਤੀ ਕਰਨ ਵਾਲਿਆਂ, ਸ਼ਿਕਾਰ ਕਰਨ ਵਾਲਿਆਂ, ਸ਼ਹਿਦ ਤੇ ਹੋਰ ਫ਼ਲ ਫੁਲ ਇਕੱਠੇ ਕਰਨ ਵਾਲਿਆਂ, ਲੱਕੜ ਹਾਰਿਆਂ, ਕੰਦ-ਮੂਲ, ਜੜ੍ਹਾਂ ਇਕੱਠੀਆਂ ਕਰਨ ਵਾਲਿਆਂ, ਸੁਰਾ, ਮੁਦਰਾ ਤਿਆਰ ਕਰਨ ਵਾਲਿਆਂ, ਮੱਛੀਆਂ ਖਾਣਾ ਬਣਾਉਣ ਵਾਲਿਆਂ, ਉਨ੍ਹਾਂ ਦੇ ਵਸਤਰ ਤਿਆਰ ਕਰਨ ਵਾਲਿਆਂ, ਚਿਕਤਿਸਕਾਂ, ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਵਾਲਿਆਂ ਦੀਆਂ ਦਾਰੋਕਿਪਾ ਗਣਾਂ ਦੀਆਂ ਅਨੇਕ ਸਮਿਤੀਆਂ ਹਨ। ਦਾਰੋਕਿਪਾ ਗਣ ਦੇ ਜਨ ਬਚਪਨ ਤੋਂ ਹੀ, ਵੱਖ ਵੱਖ ਕੰਮ ਕਾਰ ਕਰਨ ਵਾਲੀਆਂ ਸਮਿਤੀਆਂ ਦੇ ਵੱਡੀ ਉਮਰ ਦੇ ਜਨਾਂ ਨਾਲ ਜਾ ਕੇ, ਵੱਖ-ਵੱਖ ਕੰਮ ਕਰਨੇ ਸਿਖ ਜਾਂਦੇ ਹਨ।

ਭਾਵੇਂ ਦਾਰੋਕਿਪਾ ਗਣ ਦੇ ਜਨ, ਵੱਡੀ ਸੰਖਿਆ ਵਿਚ, ਸ਼ਿਕਾਰੀਆਂ ਦੀ ਸਮਿਤੀ ਨਾਲ ਜੰਗਲ ਵਿਚ ਜਾ ਕੇ, ਸ਼ਿਕਾਰ ਕਰਨ ਦੇ ਸ਼ੁਕੀਨ ਹਨ। ਪਰ ਉਹਨਾਂ ਨੂੰ ਅੰਧਾ-ਧੁੰਦ ਜੰਗਲੀ ਜੀਵ ਮਾਰਨ ਦੀ ਮਨਾਹੀ ਹੈ। ਇਕ ਦਿਨ ਜੰਗਲ ਵਿਚ ਸ਼ਿਕਾਰੀਆਂ ਨੂੰ, ਇਕ ਸ਼ੇਰਨੀ, ਬੱਚਿਆਂ ਸਮੇਤ ਘੁੰਮਦੀ ਮਿਲੀ। ਉਹ

ਸ਼ਿਕਾਰੀਆਂ ਉੱਤੇ ਝਪਟਣ ਦੀ ਤਾਕ ਵਿਚ ਨਜ਼ਰ ਆਉਂਦੀ ਸੀ। ਉਸ ਦਿਨ ਦੀ ਸ਼ਿਕਾਰ ਕਰਨ ਵਾਲਿਆਂ ਦੀ ਸਮਿਤੀ ਦੀ, ਗੋਰੀ ਚਿੱਟੀ, ਉੱਚੀ-ਲੰਮੀ, ਸੁੰਦਰ-ਸੁਡੋਲ, ਮੋਰਨੀ ਨਾਂ ਦੀ ਇਸਤਰੀ ਮੁਖੀਆਂ ਸੀ। ਉਹ ਚਾਹੁੰਦੀ ਸੀ ਕਿ ਸ਼ੇਰਨੀ ਨੂੰ ਛੋਟੇ-ਛੋਟੇ ਬੱਚਿਆਂ ਦੀ ਮਾਂ ਹੋਣ ਕਰਕੇ ਮਾਰਿਆ ਨਾ ਜਾਵੇ, ਸਗੋਂ ਉਸਨੂੰ ਖੱਬੇ ਸੱਜੇ ਪਾਸਿਆਂ ਤੋਂ ਤੀਰ ਮਾਰ ਕੇ ਅੱਗੇ ਵੱਧਣ ਤੋਂ ਰੋਕਿਆ ਜਾਵੇ ਤੇ ਜੰਗਲ ਵਿਚ ਨੂੰ ਭੇਜੇ ਜਾਣ ਲਈ ਮਜ਼ਬੂਰ ਕੀਤਾ ਜਾਵੇ। ਪਰ ਸ਼ੇਰਨੀ ਵੀ ਭੁੱਖੀ ਸੀ, ਉਹ ਸ਼ਿਕਾਰੀਆਂ ਵਿਚੋਂ ਕਿਸੇ ਨੂੰ ਸ਼ਿਕਾਰ ਬਣਾ ਕੇ, ਆਪਣੀ ਭੁੱਖ ਮਿਟਾਉਣਾ ਚਾਹੁੰਦੀ ਸੀ। ਉਹ ਅੱਗੇ ਹੀ ਅੱਗੇ ਵਧਦੀ ਆ ਰਹੀ ਸੀ। ਸ਼ਿਕਾਰੀਆਂ ਦੀ ਮੁੱਖੀ ਮੋਰਨੀ ਨੇ ਦੂਸਰੇ ਸ਼ਿਕਾਰੀਆਂ ਨੂੰ ਵਾਰ ਨਾ ਕਰਨ ਲਈ ਹੱਥ ਖੜਾ ਕੀਤਾ। ਦੂਸਰੇ ਸ਼ਿਕਾਰੀ ਡਰ ਰਹੇ ਸਨ ਕਿ ਉਸ ਦਿਨ ਮੋਰਨੀ ਨੇ, ਆਪਣੀ ਸੁਰੱਖਿਆ ਲਈ, ਛਾਤੀ ਤੋਂ ਲੈ ਕੇ ਲੱਕ ਤੱਕ ਚਮੜੇ ਦਾ ਬਣਿਆ ਕਵਚ ਤਾਂ ਪਹਿਨਿਆ ਹੋਇਆ ਸੀ। ਪਰ ਆਪਣੀ ਸੁਰੱਖਿਆ ਲਈ ਗਲ ਦੇ ਦੁਆਲੇ, ਚਮੜੇ ਦਾ ਬਣਿਆ ਪਟਾ ਨਹੀਂ ਪਾਇਆ ਹੋਇਆ ਸੀ। ਤੇ ਜਦ ਆਕਰਮਣ ਕਰ ਰਹੀ ਸ਼ੇਰਨੀ ਉਹਦੀ ਮਾਰ ਵਿਚ ਆ ਗਈ, ਤਾਂ ਉਹਨੇ ਮੋਰਨੀ ਵਰਗੀ ਲੰਮੀ, ਗੋਰੀ ਗਰਦਨ ਨੂੰ ਰਤਾ ਝਟਕਿਆ ਅਤੇ ਲਲਕਾਰਾ ਮਾਰ ਕੇ ਛਾਲ ਮਾਰੀ ਤੇ ਬਰਛਾ ਆਕਰਮਣ ਕਰ ਰਹੀ ਸ਼ੇਰਨੀ ਦੇ ਅੱਡੇ ਹੋਏ ਮੂੰਹ ਵਿਚ ਖੋਭ ਕੇ ਗਰਦਨ ਦੇ ਪਿੱਛੇ ਨੂੰ ਕੱਢ ਦਿੱਤਾ। ਸ਼ੇਰਨੀ ਧਰਤੀ 'ਤੇ ਡਿੱਗ ਕੇ ਤੜਫਣ ਲੱਗ ਪਈ। ਪਰ ਸ਼ਿਕਾਰੀਆਂ ਦੀ ਸਮਿਤੀ ਦੀ ਮੁੱਖੀ ਮੋਰਨੀ, ਸ਼ੇਰਨੀ ਨੂੰ ਮਾਰ ਕੇ ਖੁਸ਼ ਹੋਣ ਦੀ ਬਜਾਏ, ਸ਼ੇਰਨੀ ਦੇ ਦੁੱਧ ਚੁੰਘਦੇ ਬੱਚਿਆਂ ਨੂੰ ਗੋਦੀ ਵਿਚ ਲੈ ਕੇ, ਉਦਾਸ ਹੋ ਕੇ ਬੈਠ ਗਈ। ਉਹਨੇ ਸ਼ਿਕਾਰੀਆਂ ਦੀ ਸਮਿਤੀ ਦੇ ਜਨਾਂ ਨੂੰ, ਸ਼ਿਕਾਰ ਕਰਨ ਦੀ ਖੁਸ਼ੀ ਵਿਚ ਨੱਚਿਆ ਜਾਣ ਵਾਲਾ, 'ਸ਼ਿਕਾਰ ਨਾਚ' ਨੱਚਣ ਤੋਂ ਰੋਕ ਦਿੱਤਾ ਅਤੇ ਆਖਿਆ ਕਿ ਇਕ ਭੁੱਖੀ ਮਾਂ ਦੀ ਮੌਤ ਹੋਈ ਹੈ, ਇਸ ਲਈ ਗਣ ਦੇ ਕਿਸੇ ਜਨ ਦੇ ਮਰਨ 'ਤੇ ਨੱਚਿਆ ਜਾਣ ਵਾਲਾ... ਸੋਗ-ਨਾਚ ਨੱਚਿਆ ਜਾਵੇ।

ਸ਼ੇਰਨੀ ਦੇ ਦੁੱਧ ਚੁੰਘਦੇ ਬੱਚਿਆਂ ਨੂੰ ਲਿਜਾ ਕੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਵਾਲੀ ਸਮਿਤੀ ਨੂੰ ਦੇ ਦਿੱਤਾ ਗਿਆ। ਉਹਨਾਂ ਨੂੰ ਕੁੱਤਿਆਂ ਅਤੇ ਭੇਡਾਂ ਦਾ ਦੁੱਧ ਚੁੰਘਾ ਕੇ ਪਾਲਿਆ ਗਿਆ ਅਤੇ ਜਦੋਂ ਉਹ ਪਸ਼ੂ ਵਾੜੇ ਦੇ ਪਸ਼ੂਆਂ ਉੱਤੇ ਝਪਟਣ ਲੱਗ ਪਏ, ਤਾਂ ਉਹਨਾਂ ਨੂੰ ਸੰਘਣੇ ਜੰਗਲ ਵਿਚ ਲਿਜਾ ਕੇ ਛੱਡ ਦਿੱਤਾ ਗਿਆ ਸੀ।

ਬੰਸਰੀ, ਵੀਣਾ ਅਤੇ ਢੋਲ ਉੱਤੇ ਸ਼ੇਰ ਦੇ ਬੱਚਿਆਂ ਦੀ ਸਲਾਮਤੀ ਲਈ ਧੁਨ ਵਜਾਈ ਗਈ। ਗਣ ਦੇ ਜਨਾਂ ਨੇ ਉਹੀ ਗੀਤ ਗਾਇਆ... ਜਿਹੜਾ ਗੀਤ ਗਣ ਦੇ ਬੱਚਿਆਂ ਦੀ ਸਲਾਮਤੀ ਅਤੇ ਲੰਮੀ ਉਮਰ ਲਈ ਗਾਇਆ ਜਾਂਦਾ ਹੈ।

ਅੱਜ ਗਣ ਵਿਚ ਨਵੇਂ ਸਾਲ ਦਾ ਉਤਸਵ ਮਨਾਇਆ ਜਾਣ ਕਰਕੇ ਬਹੁਤ ਸਾਰੇ ਨਰ-ਨਾਰੀ ਆਪਣੇ ਆਪਣੇ ਸਾਜ਼ ਲੈ ਕੇ ਆਏ ਹੋਏ ਹਨ। ਸਾਜ਼ਾਂ ਨੂੰ ਬੇਸੁਰੇ ਹੋਣ ਦੇ ਡਰੋਂ, ਸੁਰ-ਤਾਲ ਮਿਲਾਉਣ ਦੀ ਕਮਾਨ ਗੀਤ ਸੰਗੀਤ ਸਿਖਾਉਣ ਵਾਲੀ ਸਮਿਤੀ ਦੇ ਮੁਖੀ ਸੂਰਜ ਨੇ ਆਪ ਸੰਭਾਲ ਲਈ ਹੈ।

ਗਣਪਤੀ ਵਰੁਣ ਦੇ ਇਸ਼ਾਰੇ 'ਤੇ ਗੀਤ-ਸੰਗੀਤ ਦਾ ਸਮਾਂ ਥੋੜ੍ਹਾ ਜਿਹਾ ਵਧਾ ਦਿੱਤਾ ਗਿਆ ਹੈ। ਇਸ ਸਮੇਂ ਵਿਚ ਬਜ਼ੁਰਗ ਦੀ ਸਮਿਤੀ ਆਪਸ ਵਿਚ ਸਲਾਹ ਮਸ਼ਵਰਾ ਕਰਦੀ ਰਹੀ ਹੈ। ਉਸ ਸਲਾਹ ਮਸ਼ਵਰੇ ਦੇ ਅਧਾਰ ਉੱਤੇ, ਗਣਪਤੀ ਵਰੁਣ ਆਪਣੀ ਗੱਲ ਕਰਨ ਲਈ ਅੱਗੇ ਆਇਆ ਹੈ। ਉਹ ਦੱਸਣ ਲੱਗਿਆ ਹੈ ਕਿ ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਤੋਂ ਬੁਜ਼ਰਗਾਂ ਦੀਆਂ ਸਮਿਤੀਆਂ ਦੇ ਜਨ, ਗਣ ਦੇ ਨਰ-ਨਾਰੀਆਂ ਲਈ ਲੋੜੀਂਦੀਆਂ ਵਸਤਾਂ ਦਾਰੂਦ ਦਰਿਆ ਦੇ ਨਾਲ-ਨਾਲ ਔਝੜ ਰਾਹਾਂ ਅਤੇ ਘਣੇ ਜੰਗਲਾਂ ਵਿਚਲੇ ਤਲਾਸ਼ ਕੀਤੇ ਰਸਤੇ ਦੁਆਰਾ ਸ਼ਹਿਰਾਂ ਤੋਂ ਜਾ ਕੇ ਲਿਆਉਂਦੇ ਰਹੇ ਹਨ। ਕਿਉਂਕਿ ਲੇਹ ਤੋਂ ਕਾਰਗਿਲ ਨੂੰ ਜਾਂਦੀ ਸੜਕ 'ਤੇ ਸਥਿਤ ਖਾਲਤਸੀ ਤੋਂ ਪਹਾੜੀ ਦੀ ਸਿੱਧੀ ਚੜ੍ਹਾਈ ਚੜ੍ਹ ਕੇ ਜੰਸਕਾਰ ਵਾਦੀ ਵਿਚ ਗਣ



ਦੀਆਂ ਬਹੀਆਂ ਵਿਚ ਦਰਜ ਵੇਰਵਿਆਂ ਅਨੁਸਾਰ ਰਿਡਾਲਫ ਅਤੇ ਐਸ ਸ਼ਿੰਦਰ ਆਦਿ ਕਈ ਸ਼ੈਲਾਨੀ ਆਉਂਦੇ ਰਹੇ ਹਨ। ਬਜ਼ੁਰਗਾਂ ਦੀ ਸਮਿਤੀ ਨੂੰ ਡਰ ਹੋਇਆ ਕਿ ਇਸ ਤਰ੍ਹਾਂ ਤਾਂ ਫੇਰ ਹੋਰ ਵੀ ਚੁਸਤ-ਚਲਾਕ ਸ਼ਹਿਰੀ ਲੋਕ ਜੰਸਕਾਰ ਵਾਦੀ ਵਿਚ ਆਉਣ ਲੱਗ ਪੈਣਗੇ ... ਉਹ ਪਹਿਲਾਂ ਦੱਸੇ ਰਜਵਾੜਾ ਸ਼ਾਹੀ ਨਜ਼ਾਮ ਵਾਂਗ ਸਾਡੇ ਕਬੀਲੇ ਦੀਆਂ ਬਣੀਆਂ ਹੋਈਆਂ ਵਸਤਾਂ, ਪਸ਼ੂਆਂ ਅਤੇ ਇਸਤਰੀਆਂ ਦੀ ਲੁੱਟ ਕਰਨ ਲੱਗ ਜਾਣਗੇ। ਤੇ ਨਾਟੇ ਕੱਦ ਅਤੇ ਚੁੰਨੀਆਂ ਅੱਖਾਂ ਵਾਲੇ ਸ਼ਹਿਰੀਆਂ ਨਾਲ ਲਹੂ ਰਲਣ ਨਾਲ ਸਹਸਤਰਾਂ ਬਰਸਾਂ ਤੋਂ ਸ਼ੁੱਧ ਆਰੀਆ ਨਸਲ ਲੰਮਾਂ ਕੱਦ, ਉੱਚਾ ਨੱਕ, ਤਿੱਖੇ ਨਕਸ਼ ਆਦਿ ਨੈਣ-ਨਕਸਾਂ ਵਾਲੀ ਬਣਾ ਕੇ ਰੱਖੀ ਅਲੱਗ ਪਛਾਣ ਸਮਾਪਤ ਹੋ ਜਾਵੇਗੀ। ਇਸ ਲਈ ਬਜ਼ੁਰਗਾਂ ਦੀ ਸਮਿਤੀ ਨੇ ਖਾਲਤਸੀ ਤੋਂ ਉੱਚੀ ਪਹਾੜੀ ਚੜ੍ਹਕੇ ਆਉਂਦਾ ਦੁਰਗਮ ਰਸਤਾ ਵੀ ਗਣ ਦੇ ਜਨਾਂ ਤੋਂ ਵੱਡੇ-ਵੱਡੇ ਪੱਥਰ ਸੁਟਵਾ ਕੇ ਪੂਰਣ ਤੌਰ ਤੇ ਬੰਦ ਕਰ ਦਿੱਤਾ ਹੈ। ਅਤੇ ਬਜ਼ੁਰਗਾਂ ਦੀਆਂ ਸਮਿਤੀਆਂ ਵਲੋਂ ਅਨੇਕ ਪੀੜ੍ਹੀਆਂ ਤੋਂ ਉਹਨਾਂ ਨੂੰ ਸ਼ਹਿਰ ਜਾ ਕੇ ਹੋਣ ਵਾਲੇ ਅਨੁਭਵ ਨਹੀਂ ਦੱਸੇ ਜਾਂਦੇ ਰਹੇ ਹਨ। ਕਿਉਂਕਿ ਉਹਨਾਂ ਦੇ ਸ਼ਹਿਰ ਜਾ ਕੇ ਹੋਣ ਵਾਲੇ ਅਨੁਭਵ ਬਹੁਤ ਚੰਗੇ ਨਹੀਂ ਹਨ। ਪਰੰਤੂ ਬਜ਼ੁਰਗਾਂ ਦੀ ਨਵੀਂ ਸਮਿਤੀ ਨੇ ਹੁਣੇ-ਹੁਣੇ ਫੈਸਲਾ ਕੀਤਾ ਹੈ ਕਿ ਦਰੋਕਿਪਾ ਗਣ ਦੇ ਤਮਾਮ ਜਨਾਂ ਨੂੰ ਬਜ਼ੁਰਗਾਂ ਦੀ ਸਮਿਤੀ ਨੂੰ ਸ਼ਹਿਰ ਜਾ ਕੇ ਹੋਣ ਵਾਲੇ ਅਨੁਭਵ ਜ਼ਰੂਰ ਦੱਸੇ ਜਾਣ... ਇਸ ਲਈ ਮੈਂ ਤੁਹਾਨੂੰ ਬਜ਼ੁਰਗਾਂ ਦੀ ਸਮਿਤੀ ਨੂੰ ਸ਼ਹਿਰ ਜਾ ਕੇ ਹੋਏ ਕੁਝ ਅਨੁਭਵ ਦੱਸ ਰਿਹਾ ਹਾਂ।

ਗਣ ਦੀ ਜਨ ਸਭਾ ਵਿਚ ਬੈਠੇ ਜਨ ਅੱਖਾਂ ਚੁੱਕ-ਚੁੱਕ ਕੇ ਗਣਪਤੀ, ਵਰੁਣ ਵੱਲ ਦੇਖਣ ਲੱਗ ਪਏ ਹਨ। ਜਿਵੇਂ ਉਹ ਇਹ ਜਾਣਨ ਲਈ ਉਤਾਵਲੇ ਹੋ ਰਹੇ ਹੋਣ... ਕਿ ਸ਼ਹਿਰ ਵਿਚ ਜਾ ਕੇ ਦਰੋਕਿਪਾ ਗਣ ਦੀ ਉਹਨਾਂ ਦੀ ਬਜ਼ੁਰਗਾਂ ਦੀ ਸਮਿਤੀ ਨੂੰ ਕੀ ਕੀ ਅਨੁਭਵ ਹੋਏ...?

ਅਸੀਂ ਘੋੜਿਆ ਉੱਤੇ ਸਵਾਰ ਹੋ ਕੇ ਚਮੜੇ ਦੇ ਬਣੇ ਕੁਪੇ, ਮਸ਼ਕਾਂ, ਪਟੇ ਅਤੇ ਜੁੱਤੀਆਂ ਆਦਿ ਅਤੇ ਉਨ ਦੇ ਖਡੀਆਂ 'ਤੇ ਬੁਣ ਕੇ ਤਿਆਰ ਕੀਤੇ ਹੋਏ ਸ਼ਾਲ, ਚਾਦਰਾਂ ਸੁਥਣਾਂ, ਪਜਾਮੀਆਂ ਟੋਪੀਆਂ ਆਦਿ ਘੋੜਿਆ ਉੱਤੇ ਲੱਦ ਕੇ ਅਤੇ ਕੁਝ ਗਾਵਾਂ ਤੇ ਬੈਲ ਅੱਗੇ ਅੱਗੇ ਤੋਰ ਕੇ, ਦਰੋਕਿਪਾ ਦਰਿਆ ਦੇ ਨਾਲ ਨਾਲ ਅੱਗੇ ਉਚਾਣਾ ਨਿਵਾਣਾਂ ਨੂੰ ਪਾਰ ਕਰਦੇ ਹੋਏ ਸੰਘਣੇ ਜੰਗਲ ਵਿਚ ਨੂੰ ਲੰਘ ਕੇ ਚਲੋ-ਚੱਲ ਚਲਦੇ ਹੋਏ ਇਕ ਸ਼ਹਿਰ ਵਿਚ ਪੁੱਜ ਗਏ ਸੀ। ਸਾਤੋਂ ਪਹਿਲਾਂ ਸ਼ਹਿਰ ਜਾਂਦੇ ਰਹੇ, ਸਾਤੋਂ ਪਹਿਲਾਂ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨ 'ਬੂਟਾ' ਅਤੇ ਜਿਹੜੇ ਕਿ ਹੁਣ ਸਾਡੇ ਵਿਚਕਾਰ ਨਹੀਂ ਹਨ, ਸਾਨੂੰ ਸੇਠ ਕਰੋੜੀ ਮੱਲ ਦੀ ਜਿਹਨੂੰ ਉਹ 'ਦੁਕਾਨ' ਕਹਿੰਦੇ ਸਨ, ਦੁਕਾਨ ਵਿਚ ਲੈ ਗਏ। ਦੁਕਾਨ ਦੇ ਇਕ ਪਾਸੇ ਬਣੇ ਉੱਚੇ ਥੜ੍ਹੇ ਉੱਤੇ ਕਰੋੜੀ ਮੱਲ ਅਤੇ ਕੁਝ ਹੋਰ ਜਣੇ ਬੈਠੇ ਸਨ। ਸਾਡੇ ਨਾਲ ਗਏ ਬਜ਼ੁਰਗ 'ਬੂਟਾ' ਅਤੇ 'ਬਾਘਾ' ਉਹਨਾਂ ਨਾਲ 'ਹਿੰਦੋਸਤਾਨੀ' ਭਾਸ਼ਾ ਵਿਚ ਗੱਲਾਂ ਕਰਨ ਲੱਗ ਪਏ ਸਨ। ਸਾਨੂੰ ਉਹਨਾਂ ਦੀਆਂ ਗੱਲਾਂ ਸਮਝ ਨਹੀਂ ਆਉਂਦੀਆਂ ਸਨ। ਪਰ ਉਹਨਾਂ ਨਾਲ ਹੋਈਆਂ ਗੱਲਾਂ ਸਾਡੇ ਨਾਲ ਗਏ ਬਜ਼ੁਰਗਾਂ ਦੀ ਸਮਿਤੀ ਦੇ ਜਨ ਸਾਨੂੰ ਸਾਡੇ ਦਰੋਕਿਪਾ ਗਣ ਵਿਚ ਬੋਲੀ ਜਾਣ ਵਾਲੀ 'ਦਾਰੂਦ' ਭਾਸ਼ਾ ਵਿਚ ਦੱਸ ਦਿੰਦੇ ਸਨ। ਸਮਝਾ ਦਿੰਦੇ ਸਨ।

'ਬੂਟੇ' ਅਤੇ 'ਬਾਘੂ' ਦੇ ਦੱਸੇ ਅਨੁਸਾਰ ਅਸੀਂ ਘੋੜਿਆਂ ਉੱਤੇ ਲੱਦੀਆਂ ਹੋਈਆਂ ਵਸਤਾਂ ਲਾਹ ਕੇ ,ਕਰੋੜੀ ਮੱਲ ਦੀ ਦੁਕਾਨ ਵਿਚ ਲੈ ਗਏ ਸਾਂ, ਅਤੇ ਆਪਣੇ ਪਸ਼ੂਆਂ ਨੂੰ ਕਰੋੜੀ ਮੱਲ ਦੇ ਪਸ਼ੂ ਵਾੜੇ ਵਿਚ ਖੁੱਲ੍ਹੇ ਛੱਡ ਦਿੱਤਾ ਸੀ। ਉਹਨੇ ਸਾਨੂੰ ਕਿਹਾ, "ਪਸ਼ੂਆਂ ਦੇ ਵਪਾਰੀ ਅਜੇ ਇਕ-ਦੋ ਦਿਨ ਅਟਕ ਕੇ ਆਉਣਗੇ, ਤੁਸੀਂ ਐਨੀ ਦੂਰੋਂ ਆਏ ਹੋ, ਅਜੇ ਆਰਾਮ ਕਰੋ।" ਉਸਨੇ ਨੌਕਰ ਨੂੰ ਸਾਡੇ ਨਾਲ ਭੇਜ ਕੇ ਦੂਰੋਂ ਆਏ ਗਾਹਕਾਂ ਲਈ ਰਹਿਣ ਵਾਸਤੇ ਬਣਾਏ ਵਿਸ਼ਰਾਮ ਘਰਾਂ ਦਾ ਉਹਦੇ ਘਰ ਵੱਲ ਖੁੱਲ੍ਹਦਾ ਕਮਰਾ ਖੁੱਲ੍ਹਾ ਦਿੱਤਾ, ਜਿਸ ਵਿਚ ਚੁੱਲ੍ਹਾ ਬਣਿਆ ਹੋਇਆ ਸੀ। ਅੱਗ ਬਾਲਣ ਲਈ ਲੱਕੜਾਂ ਤੇ ਖਾਣਾ ਬਣਾਉਣ ਲਈ ਬਰਤਨ ਰੱਖੇ ਹੋਏ ਸਨ। ਸਾਨੂੰ ਕਣਕ ਦਾ ਆਟਾ, ਸਬਜੀਆਂ ਤੇ ਲੂਣ, ਮਿਰਚ, ਮਸ਼ਾਲਾ ਆਦਿ ਦੇ ਦਿੱਤਾ

ਗਿਆ ਅਤੇ ਅਸੀਂ ਆਪਣਾ ਖਾਣਾ ਬਣਾ ਕੇ ਖਾਧਾ ਅਤੇ ਗੱਦੇ ਵਿਛੇ ਮੰਜਿਆ ਉੱਤੇ ਲੇਟ ਗਏ। ਏਨੇ ਨਰਮ ਗਦੈਲਿਆਂ ਉੱਤੇ ਅਸੀਂ ਪਹਿਲੀ ਵਾਰ ਪਏ ਸਾਂ। ਥੱਕੇ ਹੋਏ ਹੋਣ ਕਰਕੇ ਝੱਟ ਸਾਨੂੰ ਨੀਂਦ ਆ ਗਈ ਸੀ।

ਅਸੀਂ ਕਰੋੜੀ ਮੱਲ ਦੇ ਘਰ ਵਿਚ ਦੂਰ ਦੁਰਾਡੇ ਤੋਂ ਆਉਣ ਵਾਲੇ ਗਾਹਕਾਂ ਲਈ ਬਣੇ ਵਿਸ਼ਰਾਮ ਘਰ ਵਿਚ ਦੋ ਰਾਤਾਂ ਰਹੇ। ਸ਼ਹਿਰ ਵਿਚ ਘੁੰਮ ਕੇ ਵੀ ਆਉਂਦੇ ਰਹੇ, ਪਰ ਸਾਨੂੰ ਸ਼ਹਿਰੀਆਂ ਦੀ ਕੋਈ ਗੱਲ ਸਮਝ ਨਾ ਆਉਂਦੀ। ਕਰੋੜੀ ਮੱਲ ਦੇ ਘਰ ਮਾਸ ਨਹੀਂ ਰਿਝਦਾ ਸੀ। ਇਸ ਲਈ ਅਸੀਂ ਮਾਸ ਖਾਣ ਦੀ ਇੱਛਾ ਵੀ ਜ਼ਾਹਰ ਨਹੀਂ ਕਰ ਰਹੇ ਸਾਂ। ਅਸੀਂ ਨਿੱਤ ਤਰ੍ਹਾਂ-ਤਰ੍ਹਾਂ ਦਾ ਮਾਸ ਖਾਣ ਵਾਲੇ, ਮਾਸ ਖਾਣ ਨੂੰ ਵੀ ਤਰਸ ਗਏ ਸਾਂ।

ਚੌਥੇ ਦਿਨ ਸੇਠ ਕਰੋੜੀ ਮੱਲ ਨੇ ਸਾਨੂੰ ਦੁਕਾਨ ਉੱਤੇ ਬੁਲਾਇਆ। ਉਹ ਤੱਕੜੀਆਂ ਵਿਚ ਚੀਜਾਂ ਵਸਤਾਂ ਤੋਲ ਰਹੇ ਸਨ। ਲੋਹੇ ਦੇ ਦੋ ਗੋਲ ਪਲੜਿਆਂ ਵਿਚ ਛੇਕ ਕਰਕੇ ਉਨ੍ਹਾਂ ਨੂੰ ਲੋਹੇ ਦੀਆਂ ਸੰਗਲੀਆਂ ਨਾਲ ਬੰਨ੍ਹਿਆ ਹੋਇਆ ਸੀ। ਦੋਵੇਂ ਪਲੜਿਆਂ ਦੀਆਂ ਸੰਗਲੀਆਂ, ਉੱਤੇ ਜਾ ਕੇ ਲੋਹੇ ਦੇ ਮੋਟੇ ਸਰੀਏ ਦੇ ਦੁਆਲੇ ਕਸੀਆਂ ਹੋਈਆਂ ਸਨ। ਲੋਹੇ ਦੇ ਸਰੀਏ ਦੇ ਵਿਚਕਾਰ ਛੇਕ ਕਰਕੇ ਲੀਰਾਂ ਦਾ ਮੁੱਠਾ ਜਿਹਾ ਬਣਾ ਕੇ ਬੰਨ੍ਹਿਆ ਹੋਇਆ ਸੀ। ਉਸਨੇ ਵੱਡੇ ਛੋਟੇ ਪੱਥਰ ਜਿਹੇ ਰੱਖੇ ਹੋਏ ਸਨ, ਜਿਨ੍ਹਾਂ ਨੂੰ ਉਹ ਦਸ ਸੇਰ ,ਪੰਜ ਸੇਰ, ਦੋ ਸੇਰ ਤੇ ਇਕ ਸੇਰ ਦੇ ਵੱਟੇ ਕਹਿੰਦਾ ਸੀ। ਅਸੀਂ ਦੇਖਦੇ ਕਿ ਜਦ ਉਹ ਸਾਤੋਂ ਲੈਣ ਵਾਲੀਆਂ ਵਸਤਾਂ ਤੋਲਦਾ, ਤਾਂ ਵੱਡੇ ਵੱਟੇ ਨਾਲ ਇਕ ਛੋਟਾ ਵੱਟਾ ਪਾ ਕੇ ਸਾਥੋਂ ਵੱਧ ਵਸਤੂਆਂ ਲੈਂਦਾ... ਪਰ ਜਦ ਸਾਨੂੰ ਦੇਣ ਵਾਲੀਆਂ ਵਸਤਾਂ ਤੋਲਦਾ ਤਾਂ ਵੱਡੇ ਵੱਟੇ ਨਾਲ ਪਾਇਆ ਉਹੀ ਛੋਟਾ ਵੱਟਾ ਸਾਨੂੰ ਦੇਣ ਵਾਲੀਆਂ ਵਸਤਾ ਵੱਲ ਪਾ ਕੇ ਸਾਨੂੰ ਘੱਟ ਵਸਤਾਂ ਦਿੰਦਾ। ਅਸੀਂ ਧਿਆਨ ਨਾਲ ਦੇਖਿਆ ਕਿ ਸਾਥੋਂ ਬਿਨਾ ਹੋਰ ਗਾਹਕਾਂ ਨੂੰ ਵਸਤਾਂ ਦੇਣ ਅਤੇ ਲੈਣ ਵੇਲੇ ਉਹ ਵੱਡੇ ਵੱਟੇ ਨਾਲ ਛੋਟਾ ਵੱਟਾ ਤੱਕੜੀ ਦੇ ਕਿਸੇ ਵੀ ਪਲੜੇ ਵਿਚ ਨਹੀਂ ਪਾਉਂਦਾ ਸੀ। ਜਦ ਸਾਰੇ ਗਾਹਕ ਚਲੇ ਗਏ, ਤਾਂ ਅਸੀਂ ਕਰੋੜੀ ਮੱਲ ਨੂੰ ਪੁੱਛਿਆ ਕਿ ਕੇਵਲ ਸਾਨੂੰ ਵਸਤਾ ਦੇਣ ਤੇ ਲੈਣ ਲਈ ਵੱਡੇ ਵੱਟੇ ਨਾਲ ਛੋਟਾ ਵੱਟਾ ਕਿਉਂ ਪਾਉਂਦਾ ਹੈ? ਤਾਂ ਉਹ ਹੱਸ ਕੇ ਕਹਿਣ ਲੱਗਾ ਕਿ ਛੋਟਾ ਵੱਟਾ, ਵੱਡੇ ਵੱਟੇ ਦਾ 'ਬੱਚਾ' ਹੈ। ਜਿਵੇਂ ਤੁਹਾਡੀ ਘੋੜੀ ਨਾਲ ਵਛੇਰਾ ਹੈ। ਤੁਹਾਨੂੰ ਵਸਤਾਂ ਦੇਣ ਤੇ ਲੈਣ ਵੇਲੇ, ਇਹ ਇਸ ਲਈ ਤੱਕੜੀ ਵਿਚ ਪਾਇਆ ਜਾਂਦਾ ਹੈ। ਕਿਉਂਕਿ ਤੁਸੀਂ ਬਹੁਤ ਦੂਰ ਤੋਂ ਜੰਗਲ ਵਿਚੋਂ ਆਏ ਹੋ... ਇਸ ਲਈ ਤੁਹਾਡੇ ਨਾਲ ਖਾਸ ਲਿਹਾਜ ਕੀਤਾ ਜਾਂਦਾ ਹੈ। ਅਸੀਂ ਉਹਦੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ, ਕਿਉਂਕਿ ਅਸੀਂ ਸ਼ਹਿਰ ਵਿਚ ਆਪਣੇ ਹਮਾਮ ਨੂੰ ਈ ਸਹਾਰਾ ਸਮਝ ਰਹੇ ਸਾਂ। ਸਾਨੂੰ ਪਤਾ ਲੱਗ ਗਿਆ ਸੀ ਕਿ ਸ਼ਹਿਰੀ ਭਾਸ਼ਾ ਵਿਚ ਇਸ ਨੂੰ 'ਧੋਖਾ' ਕਹਿੰਦੇ ਹਨ। ਸਾਡੇ ਨਾਲ ਧੋਖਾ ਹੋ ਰਿਹਾ ਸੀ। ਅਸੀਂ ਲੁੱਟੇ ਜਾ ਰਹੇ ਸਾਂ। ਪਰ ਅਸੀਂ ਧੋਖਾ ਖਾਣ ਲਈ ਲੁੱਟੇ ਜਾਣ ਲਈ ਮਜਬੂਰ ਸਾਂ। ਕਿਉਂਕਿ ਇਸ ਤੋਂ ਬਿਨਾ ਸਾਡੇ ਕੋਲ ਕੋਈ ਚਾਰਾ ਨਹੀਂ ਸੀ।

ਪਰ ਸ਼ਹਿਰ ਤੋਂ ਚੀਜਾਂ-ਵਸਤਾਂ ਲੈ ਕੇ ਆਉਣ ਦਾ ਸਾਡੇ ਗਣ ਦੇ ਜਨਾਂ ਨੂੰ ਫਾਇਦਾ ਵੀ ਹੋ ਰਿਹਾ ਸੀ। ਸਭ ਤੋਂ ਵੱਧ ਸਹੂਲਤ ਸਾਡੇ ਗਣ ਦੇ ਧਾਤੂਕਾਰਾਂ ਨੂੰ ਮਿਲੀ। ਉਹ ਵੱਡੀਆਂ-ਵੱਡੀਆਂ ਭੱਠੀਆਂ ਬਣਾ ਕੇ ਲੋਹੇ ਤੇ ਹੋਰ ਧਾਤਾਂ ਨੂੰ ਪਿਘਲਾਉਂਦੇ ਸਨ ਤੇ ਫੇਰ ਉਹਨੂੰ ਹਥਿਆਰਾਂ ਅਤੇ ਔਜਾਰਾਂ ਦੀ ਸ਼ਕਲ ਦਿੰਦੇ ਸਨ। ਪਰ ਕੁਦਰਤੀ ਆਫਤਾਂ ਮੀਂਹ ਜਾਂ ਤੇਜ ਹਨੇਰੀ ਆਉਣ ਨਾਲ ਉਹਨਾਂ ਦੀ ਮਿਹਨਤ ਮਿੱਟੀ ਵਿਚ ਮਿਲ ਜਾਂਦੀ ਸੀ। ਦੂਸਰੇ ਹਥਿਆਰਾਂ ਅਤੇ ਔਜਾਰਾਂ ਦੇ ਆਲੇ ਦੁਆਲੇ ਲੱਗੇ ਫਾਲਤੂ ਲੋਹੇ ਨੂੰ ਉਤਾਰ ਕੇ, ਉਹਨਾਂ ਨੂੰ ਲਿਸ਼ਕਾਉਣ ਦੇ ਉਹਨਾਂ ਕੋਲ ਕੋਈ ਸਾਧਨ ਨਹੀਂ ਸਨ। ਪਰੰਤੂ ਸ਼ਹਿਰ ਤੋਂ ਲਿਆਂਦੇ ਹੋਏ ਹਥਿਆਰ, ਔਜ਼ਾਰ ਤੇ ਬਰਤਨ ਆਦਿ ਧਾਤਾਂ, ਮਸ਼ੀਨਾਂ ਵਿਚ ਢਾਲ ਕੇ ਬਣਾਏ ਹੋਏ ਹੁੰਦੇ ਸਨ ਅਤੇ ਰੰਗ ਰੋਗਨ ਕਰਕੇ ਲਿਸ਼ਕਾਏ ਚਮਕਾਏ ਹੋਏ ਹੁੰਦੇ ਸਨ। ਇਹ ਵਜ਼ਨ ਵਿਚ ਵੀ ਹਲਕੇ ਹੁੰਦੇ ਸਨ।



ਸ਼ਹਿਰ ਤੋਂ ਲਿਆਂਦੇ ਗਏ ਔਜਾਰਾਂ ਨੂੰ ਗਣ ਦੇ ਸ਼ਿਲਪੀਆਂ ਚਰਮਕਾਰਾਂ, ਧਾਤੂਕਾਰਾਂ, ਬੜ੍ਹਈਆਂ, ਬੁਣਕਰਾਂ ਅਤੇ ਕਿਸਾਨਾਂ ਨੇ ਬੁਹਤ ਪਸੰਦ ਕੀਤਾ, ਇਹ ਇਹਨਾਂ ਨਾਲੋਂ ਹਲਕੇ ਅਤੇ ਵੱਧ ਹੰਢਣਸਾਰ ਹੋਣ ਕਰਕੇ ਇਹਨਾਂ ਨਾਲ ਕੰਮ ਕਰਨਾ ਸੌਖਾ ਹੋ ਗਿਆ ਸੀ। ਅਤੇ ਥੋੜੇ ਸਮੇਂ ਵਿਚ ਵੱਧ ਕੰਮ ਕੀਤਾ ਜਾ ਸਕਦਾ ਸੀ।

ਗਣਪਤੀ, ਵਰੁਣ ਨੇ ਆਪਣੀ ਗੱਲ ਨੂੰ ਜਾਰੀ ਰੱਖਦਿਆਂ ਦੱਸਿਆ ਕਿ ਹਥਿਆਰਾਂ ਅਤੇ ਔਜਾਰਾਂ ਦੀ ਟੁੱਟ-ਭੱਜ ਹੁੰਦੀ ਰਹਿੰਦੀ ਹੈ, ਇਸ ਲਈ ਸਾਡੀ ਮੌਜੂਦਾ ਬਜ਼ੁਰਗਾਂ ਦੀ ਸਮਿਤੀ ਦੇ ਕੁਝ ਜਨਾਂ ਨੂੰ ਹਰ ਸਾਲ ਆਪਣੇ ਪਸ਼ੂਆਂ ਬਦਲੇ ਵਸਤਾਂ ਵਟਾ ਕੇ ਲਿਆਉਣ ਲਈ ਸ਼ਹਿਰ ਜਾਣਾ ਪੈਂਦਾ ਹੈ ਅਤੇ ਹਰ ਸਾਲ, ਕਰੋੜੀ ਮੱਲ ਤੋਂ ਉਸੇ ਤਰ੍ਹਾਂ ਲੁਟਾਈ ਕਰਵਾਉਣੀ ਪੈਂਦੀ ਹੈ। ਸਾਡੇ ਸ਼ਿਲਪਕਾਰਾਂ ਤੋਂ ਵਸਤਾਂ ਤਾਂ ਮਸਾਂ ਗਣ ਦੇ ਜਨਾਂ ਦੀਆਂ ਜ਼ਰੂਰਤਾਂ ਜੋਗੀਆਂ ਹੀ ਬਣਦੀਆਂ ਹਨ। ਇਸ ਲਈ ਅਸੀਂ ਘੋੜਿਆਂ ਉੱਤੇ ਸਵਾਰ ਹੋ ਕੇ ਬੈਲ, ਗਾਈਆਂ ਅਤੇ ਗਧੇ ਹੀ ਵੇਚਣ ਲਈ ਲੈ ਕੇ ਜਾਂਦੇ ਹਾਂ। ਇਕ-ਇਕ ਵਸਤੂ ਲਈ ਕਰੋੜੀ ਮੱਲ, ਇਕ-ਇਕ ਪਸ਼ੂ ਦੀ ਮੰਗ ਕਰਦਾ ਹੈ। ਅਤੇ ਹਰ ਇਕ ਗਾਂ ਨਾਲ ਵਛਰੂ ਦੀ ਮੰਗ ਕਰਦਾ ਹੈ। ਵੱਛਰੂ ਅਸੀਂ ਏਨੀ ਦੂਰ ਹੱਕ ਕੇ ਕਿਵੇਂ ਲਿਜਾ ਸਕਦੇ, ਵੱਛਰੂ ਦੀ ਥਾਂ ਇਕ ਹੋਰ ਪਸ਼ੂ ਗਧਾ ਜਾਂ ਗਧੀ ਦੇਣ ਦੀ ਮੰਗ ਕਰਦਾ ਹੈ।

ਜਨ ਸਭ ਵਿਚੋਂ ਕਿਸੇ ਜਨ ਨੇ ਪੁੱਛਿਆ, "ਫਿਰ ਸਮਿਤੀ ਦੇ ਜਨ ਪਸ਼ੂ ਲੈ ਕੇ ਔਜਾਰ ਖਰੀਦਣ ਲਈ ਕਿਸੇ ਹੋਰ ਸ਼ਹਿਰ ਕਿਉਂ ਨਹੀਂ ਜਾਂਦੇ।"

ਗਣਪਤੀ, ਵਰੁਣ ਬੋਲਿਆ, ਮੈਂ ਇਹ ਦੱਸਣ ਹੀ ਲੱਗਿਆ ਸਾਂ ਸਾਡੀ, ਬਜ਼ੁਰਗਾਂ ਦੀ ਸਮਿਤੀ ਦੇ ਜਨ, ਇਕ ਵਾਰੀ ਪਸ਼ੂ ਲੈ ਕੇ ਨਾਲ ਦੇ ਸ਼ਹਿਰ ਚਲੇ ਗਏ। ਸਾਥੋਂ ਪਤਾ ਕਰਕੇ ਕਿ ਅਸੀਂ ਜੰਗਲ ਵਿਚੋਂ ਪਸ਼ੂ ਵੇਚਣ ਲਈ ਆਏ ਹਾਂ। ਆਲੇ-ਦੁਆਲੇ ਦੇ ਕਈ ਦੁਕਾਨਦਾਰ ਇਕੱਠੇ ਹੋ ਗਏ ਸਨ। ਉਹ ਆਖਣ ਲੱਗੇ ਕਿ ਉਹਨਾਂ ਦੇ ਸ਼ਹਿਰ ਵਿਚ ਕਈ ਦਿਨਾਂ ਤੋਂ ਚੋਰੀਆਂ-ਡਾਕੇ ਅਸੀਂ ਜੰਗਲੀ ਹੀ ਆ ਕੇ ਮਾਰ ਰਹੇ ਹਾਂ। ਉਹ ਤਾਂ ਸਾਨੂੰ ਬੰਨ੍ਹ ਕੇ ਬਿਠਾਉਣ ਲੱਗੇ ਸਨ ਤੇ ਸੈਨਿਕਾਂ ਨੂੰ ਬੁਲਾਉਣ ਲੱਗੇ ਸਨ ਕਿ ਸਾਡੇ ਕੋਲ ਜਿਹੜੇ ਘੋੜੇ ਤੇ ਬੈਲ ਗਾਈਆਂ ਆਦਿ ਪਸ਼ੂ ਹਨ, ਇਹ ਵੀ ਅਸੀਂ ਚੋਰੀ ਕੀਤੇ ਹੋਏ ਹਨ। ਅਸੀਂ ਮਿਨਤਾਂ-ਤਰਲੇ ਕਰਦੇ ਰਹੇ ਅਤੇ ਉਹਨਾਂ ਵਿਚੋਂ ਕੁਝ ਬੀਬੇ ਬੰਦਿਆਂ ਨੂੰ ਸਾਡੀਆਂ ਚਿੱਟੀਆਂ ਦਾੜ੍ਹੀਆਂ ਤੇ ਸਫ਼ੈਦ ਪੱਗਾਂ ਬੰਨ੍ਹੀਆਂ ਹੋਣ ਕਰਕੇ ਤਰਸ ਆ ਗਿਆ। ਤੇ ਅਸੀਂ ਉਹਨਾਂ ਤੋਂ ਪਿੱਛਾ ਛੁਡਾ ਕੇ ਆਪਣੇ ਪਸ਼ੂ ਲੈ ਕੇ ਭੱਜ ਗਏ ਸਾਂ ਤੇ ਭੱਜ ਕੇ ਜਾਨ ਬਚਾਈ ਸੀ। ਕਿਉਂਕਿ ਸ਼ਹਿਰਾਂ ਵਿਚਲੀ ਪੁਲਿਸ ਬਹੁਤ ਬੁਰੀ ਹੈ, ਖਾਕੀ ਕਪੜਿਆਂ ਵਾਲੀ ਪੁਲਿਸ ਤੋਂ ਸਭ ਡਰਦੇ ਹਨ। ਸ਼ਹਿਰ ਦਾ ਬੱਚਾ-ਬੱਚਾ ਡਰਦਾ ਹੈ। ਇਸੇ ਲਈ ਤਾਂ ਅਸੀਂ ਪਸ਼ੂ ਲੈ ਕੇ ਕਰੋੜੀ ਮੱਲ ਕੋਲ ਜਾਂਦੇ ਹਾਂ। ਉਹਨੇ ਸਾਨੂੰ ਕਿਹਾ ਹੋਇਆ ਕਿ ਜਿੰਨਾ ਚਿਰ ਅਸੀਂ ਉਹਦੇ ਭਾਵ ਕਿ ਕਰੋੜੀ ਮੱਲ ਕੱਲ ਹਾਂ, ਪੁਲਿਸ ਸਾਡਾ ਕੁਝ ਵੀ ਵਿਗਾੜ ਨਹੀਂ ਸਕਦੀ। ਪੁਲਿਸ ਵਾਲੇ ਉਹਦੀ ਦੁਕਾਨ ਉੱਤੇ ਆਉਂਦੇ ਵੀ ਰਹਿੰਦੇ ਹਨ।

ਜਦ ਵੀ ਸ਼ਹਿਰ ਵਿਚ ਕੋਈ ਚੋਰੀ ਡਾਕਾ ਹੁੰਦਾ ਹੈ, ਕੋਈ ਲੜਾਈ ਝਗੜਾ ਹੁੰਦਾ ਹੈ ਤਾਂ ਪੁਲਿਸ ਵਾਲੇ ਸ਼ਹਿਰ ਤੋਂ ਬਾਹਰ ਵਾਲੇ ਝੁੱਗੀ-ਝੌਂਪੜੀ ਵਾਲਿਆਂ, ਟੱਪਰੀਵਾਸਾਂ ਦੇ ਮੁੰਡਿਆਂ ਨੂੰ ਮਾਰ-ਕੁੱਟ ਕੇ ਉਹਨਾਂ ਨੂੰ ਫੜ ਕੇ ਲੈ ਜਾਂਦੀ ਹੈ। ਪੁਲਿਸ ਵਾਲੇ ਉਹਨਾਂ ਦੀਆਂ ਇਸਤੀਆਂ ਨਾਲ ਬਲਾਤਕਾਰ ਕਰਦੇ ਹਨ। ਤੇ ਚੋਰੀ ਡਾਕੇ ਦਾ ਕੇਸ ਉਹਨਾਂ 'ਤੇ ਪਾ ਦਿੱਤਾ ਜਾਂਦਾ ਹੈ। ਫੜੇ ਗਏ ਮੁੰਡਿਆਂ ਦੇ ਮਾਂ ਪਿਓ ਰੋਂਦੇ ਕੁਰਲਾਂਦੇ ਸੇਠ ਕਰੋੜੀ ਮੱਲ ਕੋਲ ਆਉਂਦੇ ਹਨ ਤੇ ਸੇਠ ਕਰੋੜੀ ਮੱਲ ਉਹਨਾਂ ਤੇ ਤਰਸ ਖਾ ਕੇ, ਉਹਨਾਂ ਦੇ ਮੁੰਡਿਆਂ ਨੂੰ ਪੁਲਿਸ ਤੋਂ ਛੁਡਵਾ ਦਿੰਦਾ ਹੈ। ਪਰ ਪੁਲਿਸ ਵਾਲੇ ਉਹਨਾਂ ਝੁੱਗੀਆਂ ਵਾਲਿਆਂ ਦੇ ਮੁਰਗੇ, ਕੁੱਕੜ, ਛੇਲੇ,

ਬੱਕਰੀਆਂ ਜੋ ਵੀ ਟੱਕਰੇ, ਵੱਢ ਕੇ ਖਾਣ ਲਈ ਚੁੱਕ ਲਿਆਉਂਦੇ ਹਨ।

ਪਰ ਜੇ ਕੋਈ ਟੱਪਰੀਵਾਸਾਂ 'ਤੇ ਪੁਲਿਸ ਵਾਲੇ ਕਤਲ, ਬਲਾਤਕਾਰ ਦਾ ਝੂਠਾ ਕੇਸ ਬਣਾ ਦੇਣ, ਫਿਰ ਉਹਨਾਂ ਨੂੰ ਛੱਡਦੇ ਨਹੀਂ। ਕਹਿੰਦੇ ਹਨ ਉਹਨਾਂ ਤੇ ਕੋਰਟ ਵਿਚ ਕੇਸ ਚਲਾ ਕੇ ਉਹਨਾਂ ਨੂੰ ਸਾਰੀ ਉਮਰ ਲਈ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ। ਕਹਿੰਦੇ ਹਨ ਚੋਹੀ ਪਾਸੀਂ ਉੱਚੀ ਦੀਵਾਰ ਕਰਕੇ ਸ਼ਜਾ ਭੁਗਤਣ ਵਾਲਿਆਂ ਨੂੰ ਇਸ ਵਿਚ ਰੱਖਿਆ ਜਾਂਦਾ ਹੈ, ਤੇ ਅੱਧ ਭੁੱਖੇ ਪਿਆਸੇ ਰੱਖ ਕੇ ਮਾਰ ਕੁੱਟ ਕਰਕੇ ਤਸੀਹੇ ਦਿੱਤੇ ਜਾਂਦੇ ਹਨ।

"ਫਿਰ ਸਾਨੂੰ ਸ਼ਹਿਰ ਜਾਣਾ ਹੀ ਨਹੀਂ ਚਾਹੀਦਾ, ਪਤਾ ਨਹੀਂ ਕਦੋਂ ਕਿਸੇ ਝੂਠੇ ਕੇਸ ਵਿਚ ਫਸਾ ਕੇ ਜੇਲ੍ਹ ਵਿਚ ਸੁੱਟ ਦੇਣ।" ਗਣ ਦੇ ਜਨਾਂ ਦੇ ਵਿਚਾਲੇ ਜਿਹੇ ਬੈਠੀ ਤੀਹ ਕੁ ਸਾਲ ਦੀ ਭਰ ਜੋਬਨ ਮੁਟਿਆਰ ਅਗਨੀ ਨੇ ਕਿਹਾ। ਪਰ ਉਹਦੀ ਗੱਲ ਵੱਲ ਕਿਸੇ ਨੇ ਖਾਸ ਧਿਆਨ ਨਹੀਂ ਦਿੱਤਾ।

ਗਣਪਤੀ, ਵਰੁਣ ਨੇ ਆਪਣੀ ਗੱਲ ਜਾਰੀ ਰੱਖੀ, ਜਿਵੇਂ ਉਹਨੂੰ ਆਪਣੀ ਗੱਲ ਕਹਿਣ ਦੀ ਕਾਹਲੀ ਲੱਗੀ ਹੋਵੇ। ਉਹ ਦੱਸਣ ਲੱਗਿਆ ਕਿ ਸਾਨੂੰ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨਾਂ ਨੂੰ, ਆਪਣੇ ਪਸ਼ੂ ਵੇਚਣ ਲਈ ਸੇਠ ਕਰੋੜੀ ਮੱਲ ਦੇ ਵਿਸ਼ਰਾਮ ਗ੍ਰਹਿ ਦੇ ਉਹਦੇ ਘਰ ਵੱਲ ਖੁੱਲ੍ਹਦੇ ਕਮਰੇ ਵਿਚ ਜਾ ਕੇ ਕਈ ਕਈ ਦਿਨਾਂ ਤੱਕ ਰਹਿਣਾ ਪੈਂਦਾ ਹੈ। ਇਸ ਕਰਕੇ ਸਾਡੀਆਂ, ਕਰੋੜੀ ਮੱਲ, ਉਹਦੇ ਪੁੱਤਰ ਸ਼ਲੀਲ ਤੇ ਉਹਨਾਂ ਦੀ ਦੁਕਾਨ ਤੇ ਵਸਤਾਂ ਖਰੀਦਣ ਅਤੇ ਵੇਚਣ ਲਈ ਆਉਣ ਵਾਲਿਆਂ ਨਾਲ ਖੁੱਲ੍ਹ ਕੇ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਅਤੇ ਅਸੀਂ ਹੌਲੀ ਹੌਲੀ ਸ਼ਹਿਰ ਵਾਲਿਆਂ ਦੀ ਭਾਸ਼ਾ ਹਿੰਦੋਸਤਾਨੀ ਸਮਝਣੀ ਅਤੇ ਬੋਲਣੀ ਵੀ ਸਿਖ ਲਈ ਹੈ।

ਇਕ ਦਿਨ ਕਰੋੜੀ ਮੱਲ ਨੇ ਸਾਨੂੰ ਪੁੱਛਿਆ , "ਤੁਸੀਂ ਤਾਂ ਹੁਣ ਧੌਲੀਆਂ ਦਾੜ੍ਹੀਆਂ ਵਾਲੇ ਬਜ਼ੁਰਗ ਓ... ਹੁਣ ਤਾਂ ਸੁੱਖ ਨਾਲ ਤੁਹਾਡੇ ਧੀਆਂ ਪੁੱਤਰ ਵੀ ਵਿਆਹੇ ਵਰ੍ਹੇ ਹੋਣਗੇ ਅਤੇ ਤੁਸੀਂ ਦੋਹਤਿਆਂ-ਪੋਤਿਆਂ ਵਾਲੇ ਹੋ ਗਏ ਹੋਵੋਗੇ। ਹੋਰ ਤੁਹਾਡੇ ਘਰਾਂ ਵਿਚ, ਪਰਿਵਾਰਾਂ ਵਿਚ ਸੁੱਖ -ਸਾਂਦ ਤਾਂ ਹੈ? ਇਕ ਦੂਸਰੇ ਦਾ ਦੁਖ ਸੁਖ ਜਾਨਣ ਦੀ ਦੁੱਖ ਸੁਖ ਵਿਚ, ਸਾਮਿਲ ਹੋਣ ਦੀ ਭਾਈ ਦੁਨੀਆਂ ਵਿਚ ਇਹੀ ਸਾਂਝ ਤਾਂ ਹੈ।

ਅਸੀਂ ਉਸਦੀ ਗੱਲ ਸੁਣ ਕੇ ਦੰਗ ਰਹਿ ਗਏ ਸਾਂ... ਇਕ ਦੂਸਰੇ ਦੇ ਮੂੰਹਾਂ ਵੱਲ ਦੇਖਣ ਲੱਗ ਪਏ ਸਾਂ। ਅਖੀਰ ਮੈਂ ਹੀ ਉਹਦੀ ਗੱਲ ਦਾ ਜਵਾਬ ਦਿੱਤਾ। ਸਾਡੇ ਪੂਰਵਜ, ਅੱਗੇ ਤੋਂ ਅੱਗੇ ਦੱਸਦੇ ਆਏ ਕਿ ਕਈ ਸ਼ਤਕ ਬਰਸ ਪਹਿਲਾਂ ਸਾਡੇ ਦਰੋਕਿਪਾ ਗਣ ਦੇ ਝੌਂਪੜੀਆਂ ਉੱਪਰ ਪਹਾੜ ਉੱਤੋਂ ਖਿਸ਼ਕਦਾ ਆਉਂਦਾ ਬਹੁਤ ਵੱਡਾ ਬਰਫ਼ ਦਾ ਤੋਦਾ ਡਿੱਗ ਪਿਆ ਸੀ। ਉਸ ਦੇ ਥੱਲਿਓਂ ਕੁੱਝ ਇਕ ਤਾਕਤਵਰ ਬੱਲਸ਼ਾਲੀ ਨਰ-ਨਾਰੀ ਹੀ, ਜੱਦੋ-ਜਹਿਦ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਬਚ ਕੇ ਬਾਹਰ ਨਿਕਲੇ ਸਨ। ਉਹ ਵੀ ਭਿਆਨਕ ਸਦਮੇ ਵਿਚ ਘੁੰਮ ਰਹੇ ਸਨ। ਉਹਨਾਂ ਨੇ ਆਪਣੀ ਖੋਈ ਹੋਈ ਮਾਨਸਿਕ ਸ਼ਕਤੀ ਨੂੰ ਇਕੱਤਰ ਕੀਤਾ... ਅਤੇ ਫੇਰ ਇਕ ਝੌਂਪੜੀ ਬਣਾ ਕੇ ਰਹਿਣ ਲੱਗ ਪਏ। ਉਹ ਰਾਤ ਨੂੰ ਭੈ-ਭੀਤ ਹੋਏ ਇਕ ਦੂਸਰੇ ਨਾਲ ਲੱਗ ਕੇ ਸੌਂ ਜਾਂਦੇ ਸਨ। ਗਰਭਵਤੀ ਇਸਤਰੀਆਂ ਦੇ ਬੱਚੇ ਪੈਦਾ ਹੋਏ ਉਹਨਾਂ ਦਾ ਮਨ ਬੱਚਿਆਂ ਦਾ ਪਾਲਣ ਪੋਸ਼ਣ ਕਰਨ ਅਤੇ ਹੋਰ ਕੰਮਾਂ ਵਿਚ ਲੱਗਣ ਲੱਗ ਪਿਆ। ਇਸ ਤਰ੍ਹਾਂ ਅੱਗੇ ਤੋਂ ਅੱਗੇ ਦਰੋਕਿਪਾ ਗਣ ਦੀਆਂ ਨਾਰੀਆਂ ਦੇ ਬੱਚੇ ਪੈਦਾ ਹੁੰਦੇ ਰਹੇ ਅਤੇ ਗਣ ਦੇ ਜਨਾਂ ਦੀ ਗਿਣਤੀ ਵਧਦੀ ਗਈ ਅਤੇ ਉਸ ਤਰ੍ਹਾਂ ਝੌਂਪੜੀਆਂ ਦੀ ਗਿਣਤੀ ਵੀ ਵਧਦੀ ਗਈ। ਇਹਨਾਂ ਝੌਂਪੜੀਆਂ ਵਿਚ ਸਾਡੇ ਗਣ ਦੇ ਨਰ ਨਾਰੀ ਰਾਤ-ਬਰਾਤੇ ਕਾਮ ਸਬੰਧ ਬਣਾਉਂਦੇ ਰਹਿੰਦੇ ਹਨ। ਉਹ ਝੌਂਪੜੀਆਂ ਤੋਂ ਬਾਹਰ ਵੀ ਕਾਮ ਸਬੰਧ ਬਣਾ ਸਕਦੇ ਹਨ ਇਹ ਇਹਨਾਂ ਦੀ ਮਰਜ਼ੀ ਹੈ। ਸਾਡੇ ਗਣ ਦਾ ਹਰ ਜਨ ਆਪਣੀ ਮਰਜ਼ੀ ਦਾ ਮਾਲਕ ਹੈ।



ਸਾਡੀਆਂ ਗੱਲਾਂ ਸੁਣ ਕੇ ਕਰੋੜੀ ਮੱਲ ਤਾਂ ਡਾਢਾ ਗੁੱਸੇ ਵਿਚ ਆ ਗਿਆ ਸੀ। "ਹੈਂ ... ਹੈਂ ਤੁਸੀਂ ਚੰਗੇ ਬੰਦੇ ਓ... ਤੁਸੀਂ ਤਾਂ ਆਪਣੀਆਂ ਧੀਆਂ-ਭੈਣਾਂ ਨਾਲ ਵੀ ਸਹਿਵਾਸ ਕਰਦੇ ਰਹਿੰਦੇ ਹੋ ਬਲਾਤਕਾਰ ਨਹੀਂ ਤਾਂ ਹੋਰ ਇਹ ਕੀ ਹੈ? ਤੁਸੀਂ ਹੈ ਈ ਬਜ਼ੁਰਗ ਸਾਡਾ ਤਾਂ ਭਾਈ ਧੀਆਂ-ਭੈਣਾਂ ਵਾਲਾ ਪਰਿਵਾਰ ਐ। ਜੇ ਤੁਸੀਂ ਮੁੰਡੇ-ਖੁੰਡੇ ਹੁੰਦੇ ਧੱਕੇ ਮਾਰ ਕੇ ਘਰ ਤੋਂ ਬਾਹਰ ਕੱਢ ਦਿੰਦਾ ਪਰ ਤੁਸੀਂ ਸਾਡੇ ਪਤਾ ਨਹੀਂ ਕਿੰਨੀਆਂ ਪੁਸ਼ਤਾਂ ਤੋਂ ਚਲੇ ਆਉਂਦੇ ਗਾਹਕ ਓ। ਇਸ ਕਰਕੇ ਤੁਹਾਨੂੰ ਘਰੋਂ ਕੱਢਣਾ ਵੀ ਸ਼ੋਭਾ ਨਹੀਂ ਦਿੰਦਾ ਤੁਸੀਂ ਤਾਂ ਹੈ ਈ ਇਹੋ ਜਿਹੇ।" ਸੇਠ ਕਰੋੜੀ ਮੱਲ ਨੇ ਨੌਕਰ ਭੇਜ ਕੇ ਸਾਡਾ ਸਮਾਨ ਉਹਦੇ ਘਰ ਵੱਲ ਖੁੱਲ੍ਹਦੇ ਕਮਰੇ ਵਿਚੋਂ ਚੁਕਵਾ ਕੇ ਨਾਲ ਦੇ ਕਮਰੇ ਵਿਚ ਰੱਖਵਾ ਦਿੱਤਾ ਸੀ ਜਿਹੜਾ ਕਿ ਘਰ ਦੀ ਥਾਂ, ਬਾਹਰ ਸੜਕ ਵੱਲ ਖੁੱਲ੍ਹਦਾ ਸੀ।

ਫਿਰ ਸੇਠ ਕਰੋੜੀ ਮੱਲ, ਸਾਨੂੰ ਠਰ੍ਹਮੇ ਨਾਲ ਦੱਸਣ ਲੱਗਿਆ, "ਸ਼ਹਿਰ ਦੀ ਸਮਾਜਕ ਵਿਵਸਥਾ ਇਸ ਤਰ੍ਹਾਂ ਦੀ ਨਹੀਂ ਹੈ। ਸ਼ਹਿਰ ਵਿਚ ਇਕ ਵਿਅਕਤੀ, ਆਪਣੇ ਪਿਓ ਤੇ ਮਾਤਾ ਦਾ ਗੋਤ ਛੱਡ ਕੇ, ਦੂਰ ਦੁਰਾਡੇ ਦੇ ਕਿਸੇ ਪਿੰਡ ਗਰਾਂ ਦੀ ਆਪਣੀ ਜਾਤੀ ਦੀ ਇਸਤਰੀ ਨਾਲ ਵਿਆਹ ਕਰਵਾਉਂਦਾ ਹੈ। ਉਹ ਪਤੀ, ਪਤਨੀ ਬਣਕੇ ਰਹਿਣ ਰੱਗ ਜਾਂਦੇ ਹਨ, ਉਹਨਾਂ ਦੇ ਘਰ ਬੱਚੇ ਪੈਦਾ ਹੁੰਦੇ ਹਨ ਅਤੇ ਉਹ ਆਪਣਾ ਪਰਿਵਾਰ ਬਣਾ ਕੇ ਰਹਿਣ ਲੱਗ ਜਾਂਦੇ ਹਨ। ਸਾਰੀ ਦੁਨੀਆਂ ਵਿਚ ਇਸੇ ਤਰ੍ਹਾਂ ਦੇ ਪਰਿਵਾਰ ਤਾਂ ਵਸਦੇ ਹਨ। ਪਰਿਵਾਰ ਵਿਚ ਪਤੀ, ਪਤਨੀ ਤੇ ਧੀਆਂ-ਪੁੱਤਰਾਂ ਨਾਲ ਚਾਚਾ ਚਾਚੀ ਤਾਇਆ -ਤਾਈ , ਭੂਆ-ਫੁੱਫੜ, ਦਾਦਾ-ਦਾਦੀ, ਪੜਦਾਦਾ-ਪੜਦਾਦੀ ਅਤੇ ਹੋਰ ਆਲੇ-ਦੁਆਲੇ ਵਸਦੇ ਘਰਾਂ ਦਾ ਭਾਈਚਾਰਾ ਹੁੰਦਾ ਹੈ। ਅਤੇ ਪਤਨੀ ਵਲੋਂ ਰਿਸ਼ਤੇਦਾਰਾਂ ਵਿਚ ਮਾਮਾ-ਮਾਮੀ, ਮਾਸੀ-ਮਾਸੜ, ਨਾਨਾ-ਨਾਨੀ ਆਦਿ ਹੁੰਦੇ ਹਨ। ਇਹਨਾਂ ਸਾਰਿਆਂ ਰਿਸ਼ਤੇਦਾਰਾਂ ਵਿਚ, ਖੂਨ ਦਾ ਸਬੰਧ ਹੋਣ ਕਰਕੇ, ਇਕ ਦੂਸਰੇ ਦੇ ਪਰਵਾਰਾਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ। ਦੁਖ-ਸੁਖ ਵਿਚ ਸਹਾਈ ਹੁੰਦੇ ਹਨ। ਪਰ ਹੁਣ ਪਤੀ ਪਤਨੀ ਤੇ ਬੱਚਿਆਂ ਦਾ ਰਿਸ਼ਤਾ ਹੀ ਰਹਿ ਗਿਆ ਹੈ। ਬਾਕੀ ਰਿਸ਼ਤੇ ਟੁੱਟਦੇ ਜਾ ਰਹੇ ਹਨ।" ਸ਼ਹਿਰ ਵਿਚ ਹਰ ਗੱਲ, ਜੰਗਲ ਦੀ ਅੱਗ ਵਾਂਗ ਫੈਲਦੀ ਹੈ। ਅਸੀਂ ਸ਼ਹਿਰ ਦੇ ਬਾਜ਼ਰਾਂ ਵਿਚ ਗਲੀਆਂ ਵਿਚ, ਜਿਧਰ ਵੀ ਜਾਂਦੇ। ਲੋਕੀਂ ਸਾਨੂੰ ਦੁਕਾਨਾਂ ਵਿਚੋਂ ਘਰਾਂ ਵਿਚੋਂ ਉਠ-ਉਠ ਕੇ ਦੇਖਦੇ, ਜਿਵੇਂ ਕਹਿ ਰਹੇ ਹੋਣ, "ਲੈ ਬਈ ਇਹ ਜਾਂਦੇ ਨੇ... ਆਪਣੀਆਂ ਧੀਆਂ-ਭੈਣਾਂ ਨਾਲ ਪਤਨੀ-ਪਤਨੀ ਵਾਲੇ ਸਬੰਧ ਰੱਖਣ ਵਾਲੇ ਘਰਾਂ ਵਿਚ ਹੀ ਬਲਾਤਕਾਰ ਕਰਨ ਵਾਲੇ। " ਸਾਨੂੰ ਕਰੋੜੀ ਮੱਲ ਦੀ ਰਿਸ਼ਤਿਆਂ ਸਬੰਧੀ ਕੋਈ ਗੱਲ ਸਮਝ ਨਹੀਂ ਆ ਰਹੀ ਸੀ। ਸਾਨੂੰ ਤਾਂ ਉਹਦੀ ਦੱਸੀ ਕੇਵਲ ਇਕ ਗੱਲ ਸਮਝ ਆਈ ਸੀ ਕਿ ਇਹਨਾਂ ਵਿਚ ਕੇਵਲ ਪਤੀ ਨੂੰ ਆਪਣੀ ਪਤਨੀ ਨਾਲ ਸਹਿਵਾਸ ਕਰਨ ਦਾ ਅਧਿਕਾਰ ਹੈ। ਹੋਰ ਕਿਸੇ ਨੂੰ ਨਹੀਂ। ਸਹਿਵਾਸ ਦਾ ਅਰਥ ਵੀ ਉਹਨੇ ਸਾਡੇ ਪੁੱਛਣ ਤੇ ਦੱਸਿਆ, "ਜਿਹਨੂੰ ਤੁਸੀਂ ਸ਼ਰੀਰਕ ਸਬੰਧ ਬਣਾਉਣਾ ਕਹਿੰਦੇ ਹੋ।" ਕਰੋੜੀ ਮੱਲ ਨੇ ਸਾਨੂੰ ਹੋਰ ਵੀ ਕਈ ਗੱਲਾਂ ਦੱਸੀਆਂ। "ਹਜ਼ਾਰਾਂ ਸਾਲ ਹੋਏ, ਇਨਸਾਨ ਜੰਗਲਾਂ ਵਿਚੋਂ ਆ ਕੇ ਮੈਦਾਨਾਂ ਵਿਚ ਰਹਿਣ ਲੱਗ ਪਿਆ ਸੀ। ਹੌਲੀ-ਹੌਲੀ ਉਹ ਸਭਿਅਕ ਬਣਦਾ ਗਿਆ ਅਤੇ ਉਸ ਵਿਚ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਹੁੰਦਾ ਗਿਆ। ਉਹ ਅਸ਼ਲੀਲ ਤੋਂ ਸ਼ਲੀਲ ਭਾਸ਼ਾ ਬੋਲਣ ਲੱਗ ਪਿਆ। ਮੈਂ ਤਾਂ ਆਪਣੇ ਪੁੱਤਰ ਦਾ ਨਾਂ ਵੀ 'ਸ਼ਲੀਲ' ਰੱਖਿਆ ਹੈ ਅਤੇ ਧੀ ਦਾ ਨਾ 'ਸ਼ਲੀਨਤਾ' ਰੱਖਿਆ ਹੈ।"

ਉਹਨੇ ਸਾਨੂੰ ਸਮਝਾਇਆ ਕਿ ਜਿਹੜਾ ਅਸੀਂ ਸ਼ਰੀਰਕ ਸਬੰਧ ਬਣਾਉਣਾ ਕਹਿੰਦੇ ਹਾਂ, ਇਹ ਕਾਰਜ਼ ਵੀ ਸ਼ਹਿਰ ਵਿਚ ਅਸ਼ਲੀਲ ਸਮਝਿਆ ਜਾਂਦਾ ਹੈ। ਇਸਦੀ ਥਾਂ ਉਸਨੇ ਸਾਨੂੰ 'ਹਮ ਬਿਸਤਰ ਹੋਣਾ', 'ਸਹਿ ਵਾਸ ਕਰਨਾ' , 'ਨਾਲ ਸੌਣਾ' ਆਦਿ ਸ਼ਬਦ ਦੱਸੇ। ਸਾਡੀਆਂ ਗੱਲਾਂ ਸੁਣ ਕੇ, ਜਨ-ਸਭਾ ਵਿਚ ਹਾਸਾ ਮਚ ਗਿਆ ਸੀ। ਕੋਈ ਆਖੇ 'ਹਮ ਬਿਸਤਰ ਹੋਣਾ' ਤਾਂ ਕੱਠੇ ਬੈਠਣਾ ਜਾਂ 'ਕੱਠੇ ਸੌਣਾ ਹੁੰਦਾ ਹੈ।" ਕੋਈ ਕਹੇ, "ਨਾਲ ਸੌਣਾ' ਤਾਂ ਨਾਲ ਨਾਲ ਪੈ ਕੇ ਸੌਣਾ ਹੁੰਦਾ ਹੈ, ਸ਼ਰੀਰਕ ਸਬੰਧ ਤਾਂ ਨਹੀਂ ਹੁੰਦਾ।"

ਮਜ਼ਾਕ ਕਰ ਰਹੇ ਜਨਾਂ ਨੂੰ ਚੁਪ ਕਰਵਾ ਕੇ, ਵਰੁਣ ਆਪ ਵੀ ਹੱਸਦਿਆਂ ਦੱਸਣ ਲੱਗਿਆ ਕਿ ਸ਼ਹਿਰ ਵਿਚ ਇਹਨਾਂ ਸ਼ਬਦਾਂ ਦੇ ਅਰਥ 'ਕਾਮੁਕ ਸਬੰਧ' ਬਣਾਉਣ ਹੀ ਲਏ ਜਾਂਦੇ ਹਨ। ਅਸਲ ਵਿਚ ਸ਼ਹਿਰ ਵਿਚ ਹਰ ਗੱਲ ਦਾ ਓਹਲਾ ਰੱਖਿਆ ਜਾਂਦਾ ਹੈ। ਕੰਮ ਕੀਤਾ ਕੁਝ ਹੋਰ ਜਾਂਦਾ ਹੈ। ਉਸਦੇ ਬਾਰੇ ਦੱਸਿਆ ਕੁਝ ਹੋਰ ਜਾਂਦਾ ਹੈ। ਇਕ ਤਰ੍ਹਾਂ ਨਾਲ ਦੂਸਰਿਆਂ ਨੂੰ ਨ੍ਹੇਰੇ ਵਿਚ ਰੱਖਿਆ ਜਾਂਦਾ ਹੈ, ਪਤਾ ਹੀ ਨਹੀਂ ਲੱਗਣ ਦਿੱਤਾ ਜਾਂਦਾ। ਪਰੰਤੂ ਸਾਨੂੰ ਦਾਰੋਕਿਪਾ ਗਣ ਦੀ ਸਮਿਤੀ ਦੇ ਜਨਾਂ ਨੂੰ ਸੇਠ ਕਰੋੜੀ ਮੱਲ ਵਾਰ-ਵਾਰ ਕਹਿੰਦਾ ਰਹਿੰਦਾ ਸੀ, "ਤੁਸੀਂ ਜੰਗਲੀ ਹੋ ਅਸਭਿਅਕ ਹੋ ਨ੍ਹੇਰੇ ਤੋਂ ਨਿਕਲ ਕੇ ਚਾਨਣ ਵੱਲ ਆਓ... ਸ਼ਹਿਰ ਵਿਚ ਆ ਕੇ ਰਹਿਣ ਲੱਗ ਪਓ.. ਜੰਗਲੀ ਅਨੈਤਿਕਤਾ ਛੱਡੋ ਸ਼ਹਿਰੀ ਨੈਤਿਕਤਾ ਅਪਨਾਓ।"

ਸੇਠ ਕਰੋੜੀ ਮੱਲ ਦੀ, ਜੰਗਲ ਦੇ ਨ੍ਹੇਰੇ ਤੋਂ ਸ਼ਹਿਰ ਦੇ ਚਾਨਣ ਵੱਲ ਆਉਣ ਦੀ ਗੱਲ ਸੁਣ ਕੇ ਅਸੀਂ ਦਰੋਕਿਪਾ ਗਣ ਦੀ ਸਮਿਤੀ ਦੇ ਜਨ ਹੈਰਾਨ ਅਤੇ ਪਰੇਸ਼ਾਨ ਰਹਿਣ ਲੱਗ ਪਏ ਸਾਂ ਅਤੇ ਅਸੀਂ ਚੁਪਕੇ ਚੁਪਕੇ ਸ਼ਹਿਰੀ ਜੀਵਨ ਬਾਰੇ ਪਤਾ ਲਾਉਣ ਲੱਗ ਪਏ ਸਾਂ।

ਅਸੀਂ, ਸੇਠ ਕਰੋੜੀ ਮੱਲ ਦੀ ਦੁਕਾਨ ਵਿਚ ਆ ਕੇ ਬਹਿਣ ਵਾਲੇ ਸ਼ਹਿਰੀਆਂ ਦੀਆਂ ਸ਼ਹਿਰ ਦੇ ਅੰਦਰੂਨੀ ਹਾਲਾਤਾਂ ਬਾਰੇ ਕੀਤੀਆਂ ਜਾਂਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਨ ਲੱਗ ਪਏ ਸਾਂ। ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਪੜ੍ਹਕੇ ਕੀਤੇ ਜਾਂਦੇ ਵਿਚਾਰ ਵਟਾਂਦਰੇ, ਬਹਿਸਾਂ ਨੂੰ, ਅਸੀਂ ਧਿਆਨ ਨਾਲ ਸੁਣਦੇ ਅਤੇ ਸਮਝਣ ਦੀ ਕੋਸ਼ਿਸ਼ ਕਰਦੇ।

"ਅਖ਼ਬਰਾਂ ਆ...? ਅਖ਼ਬਾਰ ਬਾਰੇ ਗਣਪਤੀ, ਵਰੁਣ ਨੇ ਦੋਵੇਂ ਬਾਹਾਂ ਛਾਤੀ ਜਿੰਨੀਆਂ ਕੁ ਚੌੜੀਆਂ ਕਰਕੇ ਦੱਸਿਆ ਕਿ ਇੰਨੇ ਕੁ ਚੌੜੇ ਅਤੇ ਇਸ ਤੋਂ ਕੁਝ ਜ਼ਿਆਦਾ ਲੰਮੇ ਕਾਗਜਾਂ ਉੱਤੇ ਖ਼ਬਰਾਂ ਛਪੀਆਂ ਹੁੰਦੀਆਂ ਹਨ। ਸਾਡੀ ਬਜ਼ੁਰਗਾਂ ਦੀ ਸਮਿਤੀ ਦਾ ਸਭ ਤੋਂ ਘੱਟ ਉਮਰ ਦਾ ਸੱਤ ਸਾਲਾ ਸੁਮੇਰ ਤਾਂ ਉਹਨਾਂ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਨੂੰ ਪੜ੍ਹਨ ਵੀ ਲੱਗ ਗਿਆ ਹੈ। ਸੁਮੇਰ ਨੇ ਖੜ੍ਹਾ ਹੋ ਕੇ ਦੱਸਿਆ ਕਿ 'ਅਖ਼ਬਾਰਾਂ ਵਿਚ ਛਪੇ ਹੋਏ ਅੱਖਰ ਵੀ ਸਾਡੀਆਂ ਬਹੀਆਂ ਵਿਚ ਲਿਖੇ ਅੱਖਰਾਂ ਵਰਗੇ ਹੀ ਹੁੰਦੇ ਹਨ। ਅਖ਼ਬਾਰ ਪੜ੍ਹਦਿਆਂ, ਸਮਝ ਨਾ ਆਉਣ ਵਾਲੇ ਸ਼ਬਦਾਂ ਦੇ ਅਰਥ ਮੈਂ, ਸੇਠ ਕਰੋੜੀ ਮੱਲ ਦੇ ਪੁੱਤਰ ਸ਼ਲੀਲ ਤੋਂ ਜਾਂ ਕੋਲ ਬੈਠੇ ਕਿਸੇ ਹੋਰ ਵਿਅਕਤੀ ਤੋਂ ਪੁੱਛ ਲੈਂਦਾ ਸਾਂ। ਮੈਂ ਤਾਂ ਇਕ-ਦੋ-ਤਿੰਨ ਤੋਂ ਲੈ ਕੇ ਨੌਂ ਤੱਕ ਅੰਕ ਲਿਖਣੇ ਵੀ ਸ਼ਲੀਲ ਕੋਲੋਂ ਸਿਖ ਲਏ ਹਨ। ਅੰਕ 1 ਉਪਰ 0 ਲਾ ਕੇ 10, 100 ਤੇ 1000 ਤੱਕ ਗਿਣਤੀ ਮੈਂ ਲਿਖ ਸਕਦਾ ਹਾਂ। ਹੁਣ ਸਾਡੀਆਂ ਬਹੀਆਂ ਵਿਚ ਲੀਕਾਂ ਮਾਰ ਕੇ ਪੰਨੇ ਭਰਦਿਆਂ ਸਾਲ ਦਰਜ ਕਰਨ ਦੀ ਥਾਂ ਮੈਂ 1,2,3,4 ਅੰਕ ਲਿਖ ਕੇ ਉਮਰ ਦਰਜ ਕਰ ਦਿਆ ਕਰਾਂਗਾ।' ਗਣਪਤੀ ਵਰੁਣ ਦੱਸਣ ਲੱਗਿਆ ਕਿ ਸੇਠ ਕਰੋੜੀ ਮੱਲ ਦੀ ਦੁਕਾਨ ਵਿਚ ਸੁਮੇਰ ਖ਼ਬਰਾਂ ਪੜ੍ਹਕੇ ਖਾਸ ਖਾਸ ਗੱਲਾਂ ਦੁਕਾਨ ਤੋਂ ਖਰੀਦੀ ਬਹੀ ਵਿਚ ਲਿਖ ਲੈਂਦਾ। ਅਸੀਂ ਦਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨ, ਸ਼ਹਿਰ ਤੋਂ ਬਾਹਰ ਨਿਕਲ ਕੇ ਸੈਰ ਕਰਦਿਆਂ ਉਹਨਾਂ ਖ਼ਬਰਾਂ ਦੀ ਤਹਿ ਤੱਕ ਜਾਂਦੇ।

ਪਰ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਵੀ, ਘਰਾਂ ਪਰਵਾਰਾਂ ਮੁਹੱਲਿਆਂ ਵਿਚ ਵਾਪਰਦੀਆਂ ਘਟਨਾਵਾਂ ਹੀ ਬਣਦੀਆਂ ਹਨ। ਇਕ ਰਾਤ ਅਸੀਂ ਸੇਠ ਕਰੋੜੀ ਮੱਲ ਦੇ ਬਣਾਏ ਵਿਸ਼ਰਾਮ ਘਰ ਦੇ ਕਮਰੇ ਵਿਚ ਸੌਣ ਦੀ ਤਿਆਰੀ ਕਰ ਰਹੇ ਸਾਂ। ਨਾਲ ਦੇ ਕਮਰੇ ਦੀ ਇਕ ਦੀਵਾਰ 'ਤੇ ਸਾਨੂੰ ਦੋ ਪਰਛਾਵੇਂ ਨੱਚਦੇ ਨਜ਼ਰ ਆਏ। ਅਸੀਂ ਧਿਆਨ ਨਾਲ ਦੇਖਣ ਲੱਗ ਪਏ। ਉਥੇ ਇਕ ਪੁਰਸ਼ ਅਤੇ ਇਕ ਇਸਤਰੀ, ਨਗਨ ਅਵਸਥਾ ਵਿਚ ਸਨ। ਹੁਣ ਉਹ ਕਦੇ ਪੈ ਕੇ, ਕਦੇ ਖੜ੍ਹ ਕੇ ਤੇ ਕਦੇ ਬਹਿ ਕੇ ਵੱਖ-ਵੱਖ ਮੁਦਰਾ ਵਿਚ ਸ਼ਰੀਰਕ ਸਬੰਧ ਬਣਾਉਣ ਲੱਗ ਪਏ ਸਨ। ਸਾਨੂੰ ਬਾਅਦ ਵਿਚ ਪੁੱਛਣ ਤੇ ਪਤਾ ਲੱਗਾ ਕਿ ਇਸਨੂੰ ਬਲਿਊ ਫਿਲਮ ਕਹਿੰਦੇ ਹਨ। ਸਾਡੇ ਦੇਖਦੇ ਦੇਖਦੇ ਕਮਰਾ ਮੱਧਮ ਚਾਨਣ ਨਾਲ ਭਰ ਗਿਆ। ਕਰੋੜੀ ਮੱਲ ਦਾ ਲੜਕਾ



ਸ਼ਲੀਲ ਅਤੇ ਉਹਨਾਂ ਦੇ ਮੁਹੱਲੇ ਦੀ ਇਕ ਨੌਜਵਾਨ ਲੜਕੀ ਲਾਲੀ, ਮੰਜੇ 'ਤੇ ਬੈਠੇ ਪਲੇਟਾਂ ਵਿਚ ਪਾ ਕੇ ਮਾਸ ਖਾ ਰਹੇ ਸਨ ਤੇ ਸ਼ਰਾਬ ਦੀ ਬੋਤਲ ਵਿਚੋਂ ਪਿਆਲੀਆਂ ਵਿਚ ਥੋੜ੍ਹੀ-ਥੋੜ੍ਹੀ ਸ਼ਰਾਬ ਪਾ ਕੇ ਪੀ ਰਹੇ ਸਨ। ਫਿਰ ਉਹ ਵੀ ਉਸੇ ਮੰਜੇ ਉੱਤੇ ਦੀਵਾਰ ਉੱਤੇ ਕਾਮ ਸਬੰਧ ਬਣਾਉਂਦੇ ਪਰਛਾਵਿਆਂ ਵਾਂਗ ਆਪ ਵੀ ਵਸਤਰ ਉਤਾਰ ਕੇ ਕਾਮ ਸਬੰਧ ਬਣਾਉਣ ਲੱਗ ਪਏ ਸਨ। ਉਹਨਾਂ ਨੇ ਜਾਣ ਲੱਗਿਆ ਨੇ ਦੇਖ ਲਿਆ ਸੀ ਕਿ ਉਹ ਸਾਡੇ ਅਤੇ ਉਹਨਾਂ ਦੇ ਕਮਰੇ ਵਿਚਕਾਰਲੀ ਬਾਰੀ ਬੰਦ ਕਰਨੀ ਭੁੱਲ ਗਏ ਸਨ। ਅਤੇ ਅਸੀਂ ਉਹਨਾਂ ਨੂੰ ਕਾਮ ਸਬੰਧ ਬਣਾਉਂਦਿਆਂ ਨੂੰ ਦੇਖ ਲਿਆ ਸੀ।

ਦੂਸਰੇ ਦਿਨ, ਕਰੋੜੀ ਮੱਲ ਦਾ ਲੜਕਾ, ਸ਼ਲੀਲ, ਸਾਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗ ਪਿਆ ਸੀ। ਉਹਨੂੰ ਡਰ ਸੀ ਕਿ ਅਸੀਂ ਉਹਨਾਂ ਦੀ ਕਾਮ ਸਬੰਧ ਬਣਾਉਣ ਦੀ ਖ਼ਬਰ ਸਾਰੇ ਸ਼ਹਿਰ ਵਿਚ ਦੱਸ ਦਵਾਂਗੇ ਜਿਵੇਂ ਉਹਨਾਂ (ਸੇਠ ਕਰੋੜੀ ਮੱਲ ਤੇ ਉਹਦੇ ਲੜਕੇ ਸ਼ਲੀਲ) ਨੇ ਸਾਡੀ ਖ਼ਬਰ ਸਾਰੇ ਸ਼ਹਿਰ ਵਿਚ ਫੈਲਾ ਦਿੱਤੀ ਸੀ ਕਿ 'ਅਸੀਂ ਜੰਗਲ ਵਿਚ ਭੈਣ-ਭਰਾਵਾਂ ਵਿਚਕਾਰ ਗਰੁੱਪ ਵਿਆਹ ਕਰਵਾ ਕੇ ਰਹਿੰਦੇ ਹਾਂ।' ਪਰ ਸਾਡੇ ਦਰੋਕਿਪਾ ਗਣ ਦੇ ਨਰ-ਨਾਰੀਆਂ ਵਿਚ ਖਾਣ-ਪੀਣ ਅਤੇ ਹੋਰ ਕੰਮ ਧੰਦੇ ਕਰਨ ਵਾਂਗ ਕਾਮ ਸਬੰਧ ਬਣਾਉਣੇ ਵੀ ਆਮ ਗੱਲ ਹੈ। ਇਸ ਲਈ ਸਾਡੇ ਲਈ ਇਹ ਖ਼ਬਰ ਕਿਸੇ ਨੂੰ ਦੱਸਣ ਯੋਗ ਹੈ ਹੀ ਨਹੀਂ ਸੀ। ਫਿਰ ਅਸੀਂ ਲੋਕਾਂ ਨੂੰ ਕਿਉਂ ਦਸਦੇ ਫਿਰਦੇ।

ਪਰ ਸ਼ਹਿਰੀ ਤਾਂ ਖਾਣ ਪੀਣ ਦਾ ਵੀ ਓਹਲਾ ਚੋਰੀ ਰਖਦੇ ਹਨ। ਸੇਠ ਕਰੋੜੀ ਮੱਲ ਆਖਦਾ ਕਿ ਸਾਡੇ ਘਰ ਦਾ ਕੋਈ ਵੀ ਜੀਅ ਮਾਸ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਦਾ।" ਪਰ ਉਹਦੇ ਲੜਕੇ ਸ਼ਲੀਲ ਨੇ ਸਾਡੇ ਸਾਹਮਣੇ ਮੀਟ ਅਤੇ ਸ਼ਰਾਬ ਦਾ ਸੇਵਨ ਕੀਤਾ ਸੀ। ਪਰ ਆਪਣੇ ਪਿਤਾ ਕਰੋੜੀ ਮੱਲ ਅਤੇ ਆਮ ਲੋਕਾਂ ਤੋਂ ਚੋਰੀ ਕਰਦਾ ਸੀ।

ਜੋ ਸ਼ਹਿਰੀ ਲੋਕ, ਲੁਕ ਛਿਪ ਕੇ ਕਾਮ ਸਬੰਧ ਬਣਾਉਂਦੇ ਹਨ ਤਾਂ ਇਹ ਸ਼ਹਿਰੀ ਰੀਤੀ ਰਿਵਾਜ਼ਾਂ ਅਨੁਸਾਰ ਠੀਕ ਹੀ ਹੈ। ਕਿਉਂਕਿ ਸ਼ਲੀਲ ਅਤੇ ਲਾਲੀ ਦੇ ਕਾਮ ਸਬੰਧ ਬਣਾਉਣ ਦਾ ਉਹਨਾਂ ਦੇ ਘਰਦਿਆਂ ਨੂੰ ਕਿਤੋਂ ਪਤਾ ਲੱਗ ਗਿਆ ਸੀ ਅਤੇ ਇਹ ਖ਼ਬਰ ਸਾਰੇ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ। ਅਤੇ ਸ਼ਲੀਲ ਤੇ ਲਾਲੀ, ਡਰ ਦੇ ਮਾਰੇ ਘਰੋਂ ਭੱਜ ਗਏ ਸਨ। ਲਾਲੀ ਦੇ ਮਾਪਿਆਂ ਨੇ ਸ਼ਲੀਲ ਉੱਤੇ, ਉਹਨਾਂ ਦੀ ਲੜਕੀ ਲਾਲੀ ਨੂੰ ਘਰੋਂ ਭਜਾ ਕੇ ਲਿਜਾਣ ਦਾ ਕੇਸ ਸ਼ਹਿਰ ਦੀ ਪੁਲਿਸ ਕੋਲ ਦਰਜ ਕਰਵਾ ਦਿੱਤੀ ਸੀ। ਪੁਲਿਸ ਵਾਲੇ ਸੇਠ ਕਰੋੜੀ ਮੱਲ ਅਤੇ ਉਹਦੇ ਰਿਸ਼ਤੇਦਾਰਾਂ ਦੇ ਘਰੀਂ ਛਾਪੇ ਮਾਰਨ ਲੱਗ ਪਏ ਸਨ ਤਾਂ ਜੋ ਲੁਕ ਛਿਪ ਕੇ ਸਮਾਂ ਕੱਟਦੇ, ਸ਼ਲੀਲ ਤੇ ਲਾਲੀ ਨੂੰ ਫੜਿਆ ਜਾ ਸਕੇ।

ਸ਼ਲੀਲ ਅਤੇ ਲਾਲੀ ਨੇ ਕਿਸੇ ਦੂਰ ਦੁਰਾਡੇ ਦੇ ਵੱਡੇ ਸ਼ਹਿਰ ਵਿਚ ਜਾ ਕੇ ਜੱਜ ਦੇ ਸਾਹਮਣੇ ਬਿਆਨ ਦੇ ਦਿੱਤੇ ਸਨ ਕਿ ਉਹ ਆਪਣੀ ਮਰਜ਼ੀ ਨਾਲ ਇਕੱਠੇ ਰਹਿਣਾ ਚਾਹੁੰਦੇ ਹਨ। ਜਿਸ ਨੂੰ 'ਲਿਵ ਇਨ' ਕਿਹਾ ਜਾਂਦਾ ਹੈ। ਇਸ ਲਈ ਸ਼ਲੀਲ ਦੇ ਪਿਤਾ ਸੇਠ ਕਰੋੜੀ ਮੱਲ ਅਤੇ ਉਹਦੇ ਰਿਸ਼ਤੇਦਾਰਾਂ ਨੂੰ ਤੰਗ ਪਰੇਸ਼ਾਨ ਨਾ ਕੀਤਾ ਜਾਵੇ। ਸ਼ਹਿਰ ਦੇ ਲੋਕ ਲਾਲੀ ਦੇ ਪਰਿਵਾਰ ਨੂੰ ਮਿਹਣੇ-ਤਾਅਨੇ ਮਾਰ ਰਹੇ ਸਨ ਕਿ ਸ਼ਲੀਲ ਉਹਨਾਂ ਦੀ ਲੜਕੀ ਨੂੰ 'ਕੱਢ ਕੇ' ਲੈ ਗਿਆ ਹੈ, 'ਉਹ ਤਾਂ ਜਿਉਂਦੇ ਹੀ ਮਰ ਗਏ ਹਨ।' ਲਾਲੀ ਦੇ ਭਰਾ ਨੇ ਆਪਣੀ ਭੈਣ ਦੀ ਕੀਤੀ ਬੇਪੱਤੀ ਦਾ ਬਦਲਾ ਲੈਣ ਲਈ ਚਾਰ-ਪੰਜ ਮੁੰਡਿਆ ਨੂੰ ਇਕੱਠੇ ਕੀਤਾ ਅਤੇ ਸੇਠ ਸ਼ਲੀਲ ਦੇ ਪਿਤਾ ਕਰੋੜੀ ਮੱਲ ਦੀ ਨੌਜਵਾਨ ਪੁੱਤਰੀ, ਸ਼ਲੀਨਤਾ ਨੂੰ ਘਰੋਂ ਚੁੱਕ ਕੇ ਲੈ ਗਏ ਸਨ। ਉਹਨੂੰ ਕਿਸੇ ਅਣ ਦੱਸੀ ਥਾਂ ਲੈ ਗਏ ਅਤੇ ਉਹਦੇ ਨਾਲ ਕਈ ਦਿਨਾਂ ਤੱਕ ਜੋਰ ਜ਼ਬਰਦਸਤੀ, ਬਲਾਤਕਾਰ ਕਰਦੇ ਰਹੇ ਅਤੇ ਉਹਦੇ ਗੁਪਤ ਅੰਗ ਦਾ ਨਾਸ ਮਾਰ ਕੇ ਉਹਨੂੰ ਅਧ-ਮਰੀ ਕਰਕੇ ਸੇਠ ਕਰੋੜੀ ਮੱਲ ਦੇ ਘਰ ਦੇ ਬਾਹਰ ਸੁੱਟ ਗਏ ਸਨ। ਅਧ-ਮਰੀ ਬੇਹੋਸ ਸ਼ਲੀਨਤਾ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਸੀ, ਜਿਥੋਂ

ਚਿਕਿਤਸਕ ਉਹਦਾ ਲੰਬੇ ਸਮੇਂ ਤੱਕ ਇਲਾਜ਼ ਕਰਦੇ ਰਹੇ ਸਨ। ਸ਼ਲੀਨਤਾ ਨੂੰ ਅਣਮਨੁੱਖੀ ਤਸੀਹੇ ਦੇਣ ਉੱਤੇ ਸ਼ਹਿਰੀ ਕਈ ਦਿਨ ਹੰਝੂ ਵਹਾਉਂਦੇ ਰਹੇ ਅਤੇ ਇਹ ਖ਼ਬਰਾਂ ਕਿੰਨੇ ਹੀ ਦਿਨਾਂ ਤੱਕ ਅਖ਼ਬਾਰਾਂ ਵਿਚ ਛਪਦੀਆਂ ਰਹੀਆਂ ਸਨ। ਗਣਪਤੀ, ਵਰੁਣ ਅਤੇ ਦਾਰੋਕਿਪਾ ਗਣ ਦੀ ਸਮਿਤੀ ਦੇ ਜਨ ਜਿਹੜੇ ਸ਼ਹਿਰ ਜਾਂਦੇ ਰਹਿੰਦੇ ਸਨ ਦੇਖ ਰਹੇ ਸਨ ਕਿ ਇਹ ਗੱਲਾਂ ਸੁਣਕੇ, ਦਰੋਕਿਪਾ ਗਣ ਦੇ ਜਨ ਘਰੋਂ ਉਦਾਸੀ ਵਿਚ ਚਲੇ ਗਏ ਸਨ ਜਦ ਕਿ ਗਣ ਦੀਆਂ ਕੋਮਲ ਮਨ ਵਾਲੀਆਂ ਨਾਰੀਆਂ ਸ਼ਲੀਨਤਾ ਨਾਲ ਕੀਤੇ ਗਏ ਅਣ-ਮਨੁੱਖੀ ਦੁਰਵਿਵਹਾਰ ਉੱਤੇ ਹੰਝੂ ਵਹਾ ਰਹੀਆਂ ਸਨ।

ਗਣਪਤੀ, ਵਰੁਣ ਨੇ ਹੱਥ ਦਾ ਇਸ਼ਾਰਾ ਕਰਕੇ ਗੀਤ ਸੰਗੀਤ ਦੇ ਮੁਖੀ ਸੂਰਜ ਨੂੰ ਬੰਸਰੀ ਉੱਤੇ ਸ਼ਲੀਨਤਾ ਨਾਲ ਅਣ ਮਨੁੱਖੀ ਵਿਵਹਾਰ ਕਰਨ ਕਰਕੇ ਸੋਗੀ ਧੁਨ ਵਜਾਉਣ ਤੋਂ ਵੀ ਰੋਕ ਦਿੱਤਾ ਸੀ ਕਿਉਂਕਿ ਗਣ ਦੀਆਂ ਨਾਰੀਆ ਏਨੀਆਂ ਦੁਖੀ ਅਤੇ ਗ਼ਮਗੀਨ ਜਾਪ ਰਹੀਆਂ ਸਨ ਕਿ ਉਹ ਉਠ ਕੇ ਸੋਗੀ ਗੀਤ ਗਾਉਣ ਤੇ ਉਸ ਗੀਤ 'ਤੇ ਨੱਚਣ ਦੀ ਅਵਸਥਾ ਵਿਚ ਨਹੀਂ ਸਨ।

ਗਣਪਤੀ ਵਰੁਣ ਨੇ ਕਿਹਾ ਕਿ ਅਸੀਂ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨਾਂ ਨੇ ਫੈਸਲਾ ਕੀਤਾ ਹੈ ਕਿ ਸ਼ਹਿਰ ਵਿਚ ਵਾਪਰਦੀਆਂ ਅਣ-ਮਨੁੱਖੀ ਘਟਨਾਵਾਂ ਬਾਰੇ ਵਿਸਥਾਰ ਵਿਚ ਨਾ ਦੱਸਿਆ ਜਾਵੇ ਕਿਉਂਕਿ ਅਜਿਹੀਆਂ ਘਟਨਾਵਾਂ ਬਾਰੇ ਸੁਣ ਕੇ ਦਾਰੋਕਿਪਾ ਗਣ ਦੀਆਂ ਕੋਮਲ ਮਨ ਵਾਲੀਆਂ ਨਾਰੀਆਂ ਘਬਰਾਉਂਦੀਆਂ ਹਨ। ਸ਼ਾਇਦ ਉਹ ਸੋਚਦੀਆਂ ਹਨ ਕਿ ਜੇ ਉਹਨਾਂ ਨਾਲ ਇੱਦਾਂ ਹੋਵੇ ਤਾਂ ਉਹਨਾਂ ਦੀ ਕੀ ਅਵਸਥਾ ਹੋਵੇਗੀ। ਪਰ ਸ਼ਹਿਰੀ ਲੋਕ ਸਾਇਦ ਸ਼ਹਿਰਾਂ ਵਿਚ ਅਜਿਹੀਆਂ ਆਮ ਘਟਨਾਵਾਂ ਵਾਪਰਨ ਕਰਕੇ ਅਜਿਹੀਆਂ ਘਟਨਾਵਾਂ ਅਖ਼ਬਾਰਾਂ ਵਿਚ ਪੜ੍ਹਨ ਦੇ ਆਦੀ ਹੋ ਗਏ ਹਨ, ਕਿ ਇਹ ਤਾਂ ਵਾਪਰਨੀਆਂ ਹੀ ਹਨ, ਇਹਨਾਂ ਨੂੰ ਕੋਈ ਰੋਕ ਨਹੀਂ ਸਕਦਾ, ਸਗੋਂ ਵਧਦੀਆਂ ਹੀ ਜਾਂਦੀਆਂ ਹਨ।" ਪਰ ਨਰ-ਨਾਰੀ ਸਬੰਧਾਂ ਦੇ ਕੁਝ ਹੋਰ ਪੱਖਾਂ ਬਾਰੇ ਮੈਂ ਜ਼ਰੂਰ ਦੱਸਾਂਗਾ। ਗਣਪਤੀ ਵਰੁਣ ਨੇ ਕਿਹਾ... ਪਰ ਇਸ ਤੋਂ ਪਹਿਲਾਂ ਮੈਂ ਸੇਠ ਕਰੋੜੀ ਮੱਲ ਦੀ ਕਹਾਣੀ ਪੂਰੀ ਕਰ ਲਵਾਂ। ਸੇਠ ਵੀ ਆਲੇ-ਦੁਆਲੇ ਦੇ ਸ਼ਹਿਰਾਂ ਵਿਚ ਆਪਣੇ ਆਪ ਨੂੰ ਵੱਡਾ ਆਦਮੀ ਕਹਾਉਂਦਾ ਸੀ, ਉਹਨੇ ਆਪਣੇ ਸਾਲਿਆਂ ਨੂੰ ਇਕੱਠੇ ਕੀਤਾ ਅਤੇ ਉਹਦੇ ਲੜਕੇ ਸ਼ਲੀਲ ਨਾਲ ਗਈ ਲਾਲੀ ਦੇ ਘਰ ਉੱਤੇ ਡੰਡੇ ਬਰਛੇ ਭਾਲੇ ਲੈ ਕੇ ਆਕਰਮਣ ਕਰ ਦਿੱਤਾ। ਦੋਵੇਂ ਪਰਵਾਰਾਂ ਦੇ ਦਸ ਬਾਰਾਂ ਬੰਦੇ ਸਖਤ ਜ਼ਖ਼ਮੀ ਹੋਏ ਅਤੇ ਲਾਲੀ ਦੇ ਇਕ ਭਰਾ ਦੀ ਇਲਾਜ਼ ਦੌਰਾਨ ਮੌਤ ਹੋ ਗਈ।

ਇਥੇ ਆ ਕੇ ਦਰੋਕਿਪਾ ਗਣ ਦੇ ਅਨੇਕਾਂ ਜਨ, ਸੁਆਲ ਪੁਛਣੇ ਸ਼ੰਕੇ ਜ਼ਾਹਰ ਕਰਨਾ ਚਾਹੁੰਦੇ ਸਨ ਪਰ ਗਣਪਤੀ ਵਰੁਣ ਨੇ ਉਹਨਾਂ ਨੂੰ ਪੂਰੀ ਗੱਲ ਸੁਣਨ ਤੱਕ ਰੋਕ ਦਿੱਤਾ ਸੀ। ਉਹ ਪਰਵਾਰਾਂ, ਵਿਆਹਾਂ ਬਾਰੇ ਕੁਝ ਹੋਰ ਗੱਲਾਂ ਦੱਸਣ ਲੱਗ ਪਿਆ ਸੀ। ਸ਼ਹਿਰ ਵਿਚ ਵਿਆਹ ਕਰਵਾਉਣ ਤੋਂ ਬਾਅਦ ਪਤੀ-ਪਤਨੀ ਬਣੇ ਨਰ-ਨਾਰੀ ਆਪਸ ਵਿਚ ਹੀ ਕਾਮ ਸਬੰਧ ਬਣਾ ਸਕਦੇ ਹਨ। ਉਹਨਾਂ ਲਈ ਕਿਸੇ ਹੋਰ ਨਰ-ਨਾਰੀ ਨਾਲ ਅਤੇ ਨਾਰੀ ਲਈ ਨਰ ਨਾਲ ਕਾਮੁਕ ਸਬੰਧ ਪੈਦਾ ਕਰਨਾ ਅਵੈਧ ਮੰਨਿਆ ਜਾਂਦਾ ਹੈ। ਸ਼ਹਿਰ ਵਿਚ ਹਰ ਪਤੀ ਇਸਦੀ ਗੌਰ ਰੱਖਦਾ ਹੈ ਕਿ ਉਹਦੀ ਪਤਨੀ ਕਿਸੇ ਹੋਰ ਮਰਦ ਨਾਲ ਸਹਿਵਾਸ ਨਾ ਕਰੇ ਅਤੇ ਹਰ ਪਤਨੀ ਇਸਦੀ ਗੌਰ ਰੱਖਦੀ ਹੈ ਕਿ ਉਹਦਾ ਪਤੀ ਕਿਸੇ ਹੋਰ ਇਸਤਰੀ ਨਾਲ ਸਹਿਵਾਸ ਨਾ ਕਰੇ। ਕਾਮੁਕ ਸਬੰਧ ਨਾ ਬਣਾਏ।

ਸ਼ਹਿਰੀ ਅਖ਼ਬਾਰਾਂ ਵਿਚੋਂ ਖ਼ਬਰਾਂ ਪੜ੍ਹਦੇ ਨੇ, ਕਿ ਨਰ-ਨਾਰੀਆਂ ਦੇ ਅਵੈਧ ਸੈਕਸ ਸਬੰਧ ਬਣਾਉਣ ਦੇ ਸ਼ਹਿਰਾਂ ਦੀ ਪੁਲਿਸ ਕੋਲ, ਅਦਾਲਤਾਂ ਵਿਚ ਸਹਸਤਰਾਂ (ਹਜ਼ਾਰਾਂ) ਕੇਸ ਚਲਦੇ ਨੇ। ਖ਼ਬਰਾਂ ਛਪਦੀਆਂ ਹਨ... 'ਪਤੀ ਨੇ ਪਤਨੀ ਨੂੰ ਪ੍ਰੇਮੀ ਨਾਲ ਸੈਕਸ ਸਬੰਧ ਬਣਾਉਣ ਦੇ ਸ਼ੱਕ ਵਿਚ ਕਤਲ ਕਰ ਦਿੱਤਾ ਤੇ



ਉਸਦੀ ਲਾਸ਼ ਜ਼ਮੀਨ ਵਿਚ ਦੱਬ ਦਿੱਤੀ, ਪੁਲਿਸ ਨੇ ਪਤੀ ਦੀ ਮਾਰ ਕੁੱਟ ਕਰਕੇ ਲਾਸ਼ ਜ਼ਮੀਨ ਵਿਚੋਂ ਕਢਵਾਈ, ਪਤੀ ਜੇਲ੍ਹ ਵਿਚ।' ... ਪਤਨੀ ਪਤੀ ਨੂੰ ਗੈਰ ਨਾਰੀ ਨਾਲ ਸਬੰਧ ਬਣਾਉਣ ਤੋਂ ਰੋਕਦੀ ਸੀ, ਪਤਨੀ ਉਲਟਾ ਪਤਨੀ ਦੀ ਮਾਰ-ਕੁੱਟ ਕਰਦਾ ਸੀ। ਦੁਖੀ ਹੋ ਕੇ ਪਤਨੀ ਨੇ ਬੱਚਿਆਂ ਨੂੰ ਨਾਲ ਲੈ ਕੇ ਨਹਿਰ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ।

ਗਣਪਤੀ ਵਰੁਣ ਦਰੋਕਿਪਾ ਗਣ ਦੇ ਜਨਾਂ ਨੂੰ ਦੱਸਣ ਲੱਗਿਆ ਕਿ ਇਕ ਆਦਮੀ ਇਕ ਇਸਤਰੀ ਨਾਲ ਵਿਆਹ ਦਾ ਝਾਂਸਾ ਦੇ ਕੇ ਸਹਿਵਾਸ ਕਰਦਾ ਰਿਹਾ... ਇਹ ਅਨੈਤਿਕ ਕਰਮ ਹੈ। ਕਿਉਂਕਿ ਉਹ ਇਸਤਰੀ ਨਾਲ ਵਿਆਹ ਕਰਵਾਉਣ ਤੋਂ ਮੁਕਰ ਗਿਆ। ਉਹ ਕਾਨੂੰਨ ਦੀਆਂ ਨਜ਼ਰਾਂ ਵਿਚ ਸੱਤ ਸਾਲ ਜੇਲ੍ਹ ਦੀ ਸਜ਼ਾ ਦਾ ਭਾਗੀ ਹੈ ਪਰ ਜੇ ਉਹ ਉਸੇ ਇਸਤਰੀ ਨਾਲ ਵਿਆਹ ਕਰਵਾਉਣਾ ਮੰਨ ਜਾਂਦਾ ਹੈ, ਇਸਤਰੀ ਆਪਣਾ ਅਦਾਲਤ ਤੋਂ ਕੇਸ ਵਾਪਸ ਲੈ ਲੈਂਦੀ ਹੈ। ਤਾਂ ਉਹ ਆਦਮੀ ਦਾ ਇਸਤਰੀ ਨਾਲ ਕੀਤਾ ਸਹਿਵਾਸ ਨੈਤਿਕ ਕਰਮ ਬਣ ਜਾਂਦਾ ਹੈ। ਪਰ ਸ਼ਹਿਰ ਵਿਚਲੀ ਇਹ ਨੈਤਿਕਤਾ-ਅਨੈਤਕਿਤਾ ਸੰਗਕਾਰ ਘਾਟੀ ਵਿਚ ਰਹਿੰਦੇ ਦਰੋਕਿਪਾ ਗਣ ਦੇ ਜਨਾ ਦੀ ਸਮਝ ਤੋਂ ਬਾਹਰ ਦੀ ਗੱਲ ਹੈ।

ਕਿਉਂਕਿ ਸਾਡੀ ਸੰਗਕਾਰ ਘਾਟੀ ਵਿਚ ਨਰ-ਨਾਰੀਆਂ ਲਈ, ਆਪਣੀ ਸਮਿਤੀ ਵਿਚ ਕੰਮ ਧੰਦਾ ਕਰਨ, ਖਾਣਾ-ਪੀਣ, ਸੌਣ-ਜਾਗਣ ਵਾਂਗ ਹੀ ਕਾਮ ਸਬੰਧ ਬਣਾਉਣਾ ਸਹਿਜ ਕਰਮ ਹੈ। ਪਰੰਤੂ ਸ਼ਹਿਰ ਵਿਚ ਕੰਮ-ਧੰਦਾ ਕਰਨਾ ਤੇ ਖਾਣ-ਪੀਣਾ ਤਾਂ ਸਹਿਜ ਕਰਮ ਹੈ ਪਰ ਕਾਮ ਸਬੰਧ ਬਣਾਉਣਾ ਸਹਿਜ ਕਰਮ ਨਹੀਂ। ਸਗੋਂ ਅਸਹਿਜ ਕਰਮ ਹੈ। ਕਿਉਂਕਿ ਸਹਿਰ ਵਿਚ ਕਾਮ ਸਬੰਧ ਬਣਾਉਣ ਨੂੰ ਨੈਤਿਕਤਾ, ਅਨੈਤਿਕਤਾ ਨਾਲ ਜੋੜ ਦਿੱਤਾ ਜਾਂਦਾ ਹੈ।

ਕਹਿੰਦੇ ਹਨ ਕਿ ਨੈਤਿਕ ਮੁੱਲ ਵੀ ਪੁਰਖ ਨੇ ਬਣਾਏ ਹੋਏ ਹਨ ਅਤੇ ਪੁਰਖ ਦੇ ਹੱਕ ਵਿਚ ਭੁਗਤਦੇ ਹਨ। ਤੇ ਪੁਰਖ, ਇਸਤਰੀ ਨੂੰ ਆਪਣੀ ਨਿੱਜੀ ਸੰਪਤੀ ਸਮਝਦਾ ਹੈ। ਗਣਪਤੀ, ਵਰੁਣ ਨੇ ਦੋਵੇਂ ਬਾਹਵਾਂ ਖੜੀਆਂ ਕਰਕੇ ਦੱਸਿਆ ਕਿ ਅਖ਼ਬਾਰਾਂ ਵਿਚੋਂ ਪੁਰਖ ਦੁਆਰਾ ਆਪਣੀ ਪੁੱਤਰੀ ਅਤੇ ਭੈਣ ਨਾਲ ਬਲਾਤਕਾਰ ਕਰਨ ਦੀਆਂ ਖ਼ਬਰਾਂ ਪੜ੍ਹਦੇ ਹਨ। ਪਰ ਜੇ ਲੜਕੀ ਮਾਪਿਆ ਦੀ ਮਰਜ਼ੀ ਤੋਂ ਬਿਨਾ ਵਿਆਹ ਕਰਵਾ ਲੈਂਦੀ ਹੈ ਤਾਂ ਉਹਨੂੰ ਤੇ ਉਹਦੇ ਪਤੀ ਨੂੰ ਪਤੀ ਦੇ ਘਰਦਿਆਂ ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਜਿਸਨੂੰ 'ਇੱਜ਼ਤ' ਪਿਛੇ ਕੀਤਾ ਕਤਲ ਕਹਿੰਦੇ ਹਨ। ਤੇ ਨਿੱਤ ਅਖ਼ਬਾਰਾਂ ਦੇ ਪੰਨੇ 'ਇੱਜ਼ਤ' ਪਿਛੇ ਕੀਤੇ ਕਤਲਾਂ ਦੀਆਂ ਹਿਰਦੇ ਵੇਦਕ ਖ਼ਬਰਾਂ ਨਾਲ ਭਰੇ ਪਏ ਹੁੰਦੇ ਹਨ। ਇਹ ਗੱਲਾਂ ਅਸੀਂ ਤੁਹਾਨੂੰ ਅਖਬਾਰਾਂ ਵਿਚੋਂ ਪੜ੍ਹੀਆਂ ਸੁਣੀਆਂ ਹੋਈਆਂ ਦੱਸ ਰਹੇ ਹਾਂ। ਉਂਝ ਸ਼ਹਿਰਾਂ ਦੀ ਅੰਦਰੂਨੀ ਜੀਈ ਜਾਂਦੀ ਜ਼ਿੰਦਗੀ ਬਾਰੇ ਸਾਨੂੰ ਕੋਈ ਪਤਾ ਨਹੀਂ।

ਗਣਪਤੀ ਵਰੁਣ ਨੇ ਦਰੋਕਿਪਾ ਗਣ ਦੇ ਜਨਾਂ ਨੂੰ ਦੱਸਿਆ ਕਿ ਅਸੀਂ ਦਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਨੇ ਬਹਿ ਕੇ ਵਿਚਾਰ ਕੀਤਾ ਕਿ ਸ਼ਹਿਰ ਵਿਚ ਨਰ-ਨਾਰੀਆਂ ਨੂੰ ਵਿਆਹ ਕਰਵਾ ਕੇ, ਪਰਿਵਾਰ ਬਣਾ ਕੇ ਜਬਰ ਦਸਤੀ ਬੰਝ ਕੇ, ਇਕ ਦੂਸਰੇ ਨਾਲ ਨਰੜ ਕੇ ਰੱਖਿਆ ਜਾਂਦਾ ਹੈ। ਇਸ ਲਈ ਸ਼ਹਿਰੀ ਪਰਿਵਾਰ ਦੀ ਸੰਸਥਾ ਵਿਚ ਕਿਤੇ ਨਾ ਕਿਤੇ ਨੁਕਸ ਜ਼ਰੂਰ ਹੈ। ਕਿਉਂਕਿ ਬਹੁਤ ਸਾਰੇ ਬਜ਼ੁਰਗ ਬਿਰਧ ਘਰਾਂ ਵਿਚ ਰਹਿਣ ਲਈ ਮਜਬੂਰ ਹਨ ਅਤੇ ਬਹੁਤ ਸਾਰੇ ਬੱਚੇ ਅਨਾਥ ਘਰਾਂ ਵਿਚ ਲਾਡ ਪਿਆਰ ਤੋਂ ਸੱਖਣੇ, ਝਿੜਕਾ ਨਾਲ ਸਹਿਮੇ ਪਲ਼ ਰਹੇ ਹਨ। ਇਸ ਕਰਕੇ ਸ਼ਹਿਰ ਵਿਚ ਵੀ ਬਹੁਤ ਸਾਰੇ ਨਰ-ਨਾਰੀਆਂ ਨੇ ਵਿਆਹ ਨਾ ਕਰਵਾ ਕੇ ਇਕੱਲੇ ਰਹਿ ਕੇ ਖੁੱਲ੍ਹਾ ਡੁੱਲ੍ਹਾ ਆਜ਼ਾਦੀ ਵਾਲਾ ਜੀਵਨ ਜਿਉਣਾ ਸ਼ੁਰੂ ਕਰ ਦਿੱਤਾ ਹੈ।

ਕੋਈ ਤੀਹ ਕੁ ਸਾਲ ਦੀ ਭਰ ਜੋਬਨ ਮੁਟਿਆਰ ਅਗਨੀ ਆਪਣੀ ਥਾਂ ਤੋਂ ਉੱਠ ਕੇ ਬੋਲਣ ਲੱਗੀ। ਉਹਨੇ ਗੋਡਿਆ ਤੱਕ ਲਾਲ ਰੰਗ ਦੀ ਸੁਥਨੀ ਪਾਈ ਹੋਈ ਸੀ। ਉਹਦੀਆਂ ਸੁਡੋਲ, ਗੋਲ ਮਟੋਲ ਛਾਤੀਆਂ

ਉੱਤੇ ਲੀਰ ਵੀ ਨਹੀਂ ਬੰਨ੍ਹੀ ਹੋਈ ਸੀ। ਉਹ ਕੁਝ ਅਸਹਿਜ ਜਾਪ ਰਹੀ ਸੀ। ਉਹਦੀ ਖੱਬੀ ਛਾਤੀ ਵਿਚਕਾਰ ਤੋਂ ਉਪਰ ਹੇਠਾਂ ਹਿਲਦੀ ਨਜ਼ਰ ਆਉਂਦੀ ਸੀ। ਉਹਦਾ ਦਿਲ ਜ਼ੋਰ ਜ਼ੋਰ ਦੀ ਧੜਕਦਾ ਪ੍ਰਤੀਤ ਹੁੰਦਾ ਸੀ। ਉਹਨੇ ਕਿਹਾ, "ਜਦ ਸ਼ਹਿਰ ਵਿਚਲਾ ਨਰ-ਨਾਰੀਆਂ ਦੁਆਰਾ ਵਿਆਹ ਕਰਵਾ ਕੇ ਪਤੀ-ਪਤਨੀ ਬਣਕੇ, ਪਰਿਵਾਰ ਦੇ ਰੂਪ ਵਿਚ ਰਹਿਣ ਵਾਲਾ ਜੀਵਨ ਏਨਾ ਅਸਫ਼ਲ ਹੈ ਫਿਰ ਅਸੀਂ ਆਪਣਾ ਸੁਤੰਤਰ ਜੀਵਨ ਜਿਓਣ ਦਾ ਢੰਗ ਤਰੀਕਾ ਛੱਡ ਕੇ ਸ਼ਹਿਰ ਜਾ ਕੇ ਪਤੀ-ਪਤਨੀ ਦੇ ਪਰਿਵਾਰ ਵਾਲੀ ਜੀਵਨ ਪੱਧਤੀ ਕਿਉਂ ਅਪਨਾਵਾਂਗੇ। ਜਦਕਿ ਤੁਸੀਂ ਖ਼ੁਦ ਕਹਿੰਦੇ ਹੋ ਕਿ ਸ਼ਹਿਰ ਵਿਚ ਵੀ ਵਿਆਹ ਨਾ ਕਰਵਾ ਕੇ ਸੁਤੰਤਰ ਜੀਵਨ ਜੀਉਣ ਦਾ ਚਲਨ ਵੱਧ ਰਿਹਾ ਏ।" ਅਗਨੀ ਦੀ ਗੱਲ ਸੁਣਕੇ ਗਣਪਤੀ ਵਰੁਣ ਸੋਚਣ ਲੱਗਿਆ ਕਿ ਮੈਂ ਤਾਂ ਅਜੇ ਗਣ ਦੇ ਜਨਾਂ ਨੂੰ ਪਤੀ ਪਤਨੀ ਵਾਲੀ ਪਰਿਵਾਰਕ ਪੱਧਤੀ ਅਪਨਾਉਣ ਬਾਰੇ ਪੁੱਛਿਆ ਹੀ ਨਹੀਂ ਪਰ ਅਗਨੀ ਨੇ ਪਹਿਲਾਂ ਹੀ ਆ ਕੇ ਇਹ ਗੱਲ ਕਿਉਂ ਕਹਿ ਦਿੱਤੀ ਸ਼ਾਇਦ ਚੜ੍ਹਦੀ ਉਮਰ ਦੀਆਂ ਇਕੱਠੀਆਂ ਬੈਠੀਆਂ ਨਾਰੀਆਂ ਵਿਚ ਇਹ ਗੱਲ ਹੋਈ ਹੋਵੇਗੀ... ਉਹਨਾਂ ਨੇ ਸੇਠ ਕਰੋੜੀ ਮੱਲ ਦੁਆਰਾ ਵਾਰ-ਵਾਰ ਸਾਨੂੰ ਜੰਗਲੀ ਜੀਵਨ ਜਿਹਨੂੰ ਉਹ ਭੈਣ ਭਰਾਵਾਂ ਦੇ ਗਰੁੱਪ ਵਿਆਹਾ ਵਾਲੀ ਜੀਵਨ ਪੱਧਤੀ ਕਹਿੰਦਾ ਹੈ ਨੂੰ ਛੱਡਕੇ ਸ਼ਹਿਰ ਵਿਚ ਆ ਕੇ ਪਤੀ-ਪਤਨੀ ਬਣਕੇ ਜੀਵਨ ਜਿਉਂਣ ਨੂੰ ਕਹਿੰਦਾ ਸੀ ਦੀ ਆਖੀ ਗੱਲ ਬਾਰੇ ਵਿਚਾਰ ਕੀਤਾ ਹੋਵੇਗਾ।

ਗਣਪਤੀ ਵਰੁਣ ਨੇ ਅਗਨੀ ਨੂੰ ਖੜੀ ਕਰ ਕੇ ਪੁੱਛਿਆ, "ਅਗਨੀ! ਤੈਂ ਪਹਿਲਾਂ ਵੀ ਚਲਦੀਆਂ ਗੱਲਾਂ ਵਿਚ ਪ੍ਰਸ਼ਨ ਕੀਤਾ ਸੀ ਕਿ 'ਅਸੀਂ ਸ਼ਹਿਰ ਕਿਉਂ ਜਾਵਾਂਗੇ?' ਹੁਣ ਫੇਰ ਤੈਂ ਹੀ ਕਿਹਾ ਕਿ ਅਸੀਂ ਪਹਿਲਾਂ ਹੀ ਪਤੀ-ਪਤਨੀ ਬਣ ਕੇ ਪਰਿਵਾਰ ਵਿਚ ਰਹਿਣ ਵਾਲੀ' ਸ਼ਹਿਰ ਵਿਚ ਅਸਫ਼ਲ ਹੋ ਚੁੱਕੀ ਜੀਵਨ ਪੱਧਤੀ ਨੂੰ ਸ਼ਹਿਰ ਜਾ ਕੇ ਕਿਉਂ ਅਪਨਾਵਾਂਗੇ?' ਸ਼ਹਿਰ ਨਾ ਜਾਣ ਬਾਰੇ ਵਾਰ-ਵਾਰ ਤੂੰ ਹੀ ਕਿਉਂ ਕਹਿੰਦੀ ਏਂ। ਇਸ ਦਾ ਕੋਈ ਵਿਸ਼ੇਸ਼ ਕਾਰਨ ਏ??" ਅਗਨੀ ਨੇ ਬੁੱਲ੍ਹਾਂ ਤੇ ਮੁਸਕਾਨ ਲਿਆਉਂਦਿਆਂ ਦੱਸਿਆ, "ਇਸਦਾ ਕਾਰਨ ਵੀ ਮੈਂ ਜਨ ਸਭਾ ਸਮਾਪਤ ਹੋਣ ਤੋਂ ਬਾਅਦ ਦੱਸ ਹੀ ਦਿਆਂਗੀ ਹੁਣ ਮੈਂ ਜਨ ਸਭਾ ਦੀ ਚਲਦੀ ਕਾਰਵਾਈ ਵਿਚ ਆਪਣੀ ਗੱਲ ਕਰਕੇ ਖ਼ਲਲ ਪਾਉਣਾ ਨਹੀਂ ਚਾਹੁੰਦੀ।"

ਗਣਪਤੀ ਵਰੁਣ ਨੇ ਕਿਹਾ ਕਿ ਅਜੇ ਅਸੀਂ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੀ ਸਲਾਹ ਨਾਲ ਸ਼ਹਿਰ ਬਾਰੇ ਕੁਝ ਹੋਰ ਗੱਲਾਂ ਕਰਨੀਆਂ ਨੇ ਇਸ ਲਈ ਤਰੋ-ਤਾਜਾ ਹੋਣ ਲਈ ਕੋਈ ਗੀਤ ਗਾਇਆ ਜਾਵੇ। ਅਗਨੀ ਨੇ ਹੀ ਖੜੀ ਹੋ ਕੇ ਗੀਤ ਗਾਇਆ, 'ਹੇ ਰਾਹੀ! ਤੂੰ ਜੰਗਲ ਵਿਚ ਨਾ ਜਾ, ਅੱਗੇ ਜੰਗਲ ਵਿਚ ਕਿਤੇ ਵੀ ਧੂੰਆਂ ਉਠਦਾ, ਨਜ਼ਰੀ ਨਹੀਂ ਆ ਰਿਹਾ, ਅੱਗੇ ਕੋਈ ਬਸਤੀ ਨਹੀਂ, ਜੰਗਲ ਵਿਚ ਸ਼ੇਰ ਚੀਤੇ ਦਹਾੜ ਰਹੇ ਨੇ, ਹੇ ਰਾਹੀ, ਤੂੰ ਜੰਗਲ ਵਿਚ ਅੱਗੇ ਨਾ ਜਾ।" ਅਗਨੀ ਦੇ ਗੀਤ ਤੇ ਖ਼ੂਬ ਸਾਜ਼ ਵੱਜੇ ਨਾਚ ਨੱਚੇ ਗਏ। ਗਣਪਤੀ ਵਰੁਣ ਨੇ ਕਿਹਾ, "ਅਗਨ ਇਹ ਗੀਤ ਕਿਤੇ ਤੂੰ ਆਪਣੇ ਆਪ ਨੂੰ ਸ਼ਹਿਰ ਵਿਚ ਜਾਣ ਤੋਂ ਰੋਕਣ ਲਈ ਤਾਂ ਨਹੀਂ ਗਾਇਆ?" ਵਰੁਣ ਦੀ ਗੱਲ ਤੇ, ਗਣ ਦੇ ਜਨਾਂ ਵਿਚ ਖ਼ੂਬ ਹਾਸਾ ਗੂੰਜਿਆ।

ਗਣਪਤੀ ਵਰੁਣ ਦੱਸਣ ਲੱਗਿਆ ਕਿ ਅਗਲੇ ਸਾਲ ਜਦ ਅਸੀਂ ਬਜ਼ੁਰਗਾਂ ਦੀ ਸਮਿਤੀ ਦੇ ਜਨ, ਗਣ ਦੀਆਂ ਲੋੜੀਂਦੀਆਂ ਵਸਤਾਂ ਲਿਆਉਣ ਲਈ, ਘੋੜਿਆ ਤੇ ਸਵਾਰ ਹੋ ਕੇ, ਬੈਲ, ਗਾਈਆਂ, ਗਧੇ ਆਦਿ ਪਸ਼ੂ ਲੈ ਕੇ ਸ਼ਹਿਰ ਪੁੱਜੇ ਤਾਂ ਸਾਨੂੰ ਸੇਠ ਕਰੋੜੀ ਮੱਲ ਦੀ ਦੁਕਾਨ 'ਤੇ ਦਰਦਨਾਕ ਦ੍ਰਿਸ਼ ਦੇਖਣ ਨੂੰ ਮਿਲਿਆ। ਕਰੋੜੀ ਮੱਲ ਅਤੇ ਉਹਦੀ ਪਤਨੀ ਦੇ ਚਾਰ ਭਰਾ, ਲਾਲੀ ਦੇ ਭਰਾ ਨੂੰ ਕਤਲ ਕਰਨ ਕਰਕੇ, ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸਨ। ਅਤੇ ਲਾਲੀ ਦਾ ਪਿਓ ਅਤੇ ਉਸਦੇ ਭਰਾ ਸ਼ਲੀਲ ਦੀ ਭੈਣ ਸ਼ਲੀਨਤਾ ਨਾਲ ਬਲਾਤਕਾਰ ਕਰਨ ਅਤੇ ਅਣ ਮਨੁੱਖੀ ਤਸੀਹੇ ਦੇਣ ਕਰਕੇ ਦਸ ਦਸ ਸਾਲ ਦੀ ਜੇਲ੍ਹ ਵਿਚ



ਸਜ਼ਾ ਭੁਗਤ ਰਹੇ ਸਨ। ਕਰੋੜੀ ਮੱਲ ਦੀ ਦੁਕਾਨ ਵਿਚ ਉਹਦੀ ਅੱਤ ਦੁਖੀ ਪਤਨੀ ਬੈਠੀ ਸੀ। ਉਹਦੀ ਦੁਕਾਨ ਉੱਤੇ ਨੌਕਰ ਦੀ ਥਾਂ ਨੌਕਰਾਣੀ ਕੰਮ ਕਰ ਰਹੀ ਸੀ। ਕਰੋੜੀ ਮੱਲ ਦੀ ਪਤਨੀ ਨੇ ਦੱਸਿਆ ਕਿ ਉਹਦੀ ਬੇਟੀ ਸ਼ਲੀਨਤਾ ਨੂੰ ਹਸਪਤਾਲ ਵਿਚ ਚਿਕਿਤਸਕਾਂ ਨੇ ਮਰਨ ਤੋਂ ਤਾਂ ਬਚਾ ਲਿਆ ਸੀ ਪਰ ਉਹ ਮਨੋਰੋਗੀ ਹੋ ਗਈ ਹੈ... ਕਿਸੇ ਵੀ ਪੁਰਸ਼ ਨੂੰ ਦੇਖਦਿਆਂ ਹੀ ਡਰ ਕੇ ਚੀਕਾਂ ਮਾਰਨ ਲੱਗ ਜਾਂਦੀ ਹੈ। ਇਸ ਲਈ ਦੁਕਾਨ ਤੇ ਘਰ ਵਿਚ ਕੰਮ ਕਰਨ ਲਈ ਨੌਕਰ ਦੀ ਥਾਂ ਨੌਕਰਰਾਣੀ ਰੱਖੀ ਹੈ। ਬੇਟੀ ਸ਼ਲੀਨਤਾ 'ਤੇ ਨਿਗਾਹ ਰੱਖਣ ਲਈ ਦੁਕਾਨ ਵਿਚੋਂ ਘਰ ਵੱਲ ਦਰਵਾਜ਼ਾ ਕੱਢ ਲਿਆ ਹੈ। ਸ਼ਲੀਨਤਾ ਨੂੰ ਦਵਾ ਦਾਰੂ ਦੇਣ ਲਈ ਅਤੇ ਉਹਦੀ ਦੇਖ ਭਾਲ ਕਰਦਿਆਂ ਉਹਨੂੰ ਮਾਨਸਿਕ ਤੌਰ ਤੇ ਤਬਦੀਲ ਕਰਨ ਲਈ ਪੱਕੇ ਤੌਰ ਤੇ ਇਕ ਨਰਸ ਨੂੰ ਨੌਕਰੀ 'ਤੇ ਰੱਖਿਆ ਹੋਇਆ ਹੈ। ਕਰੋੜੀ ਮੱਲ ਦੀ ਪਤਨੀ ਨੇ ਕਿਹਾ, "ਮੈਂ ਚਾਹੁੰਦੀ ਤਾਂ ਹਾਂ ਕਿ ਤੁਹਾਨੂੰ ਵਿਸ਼ਰਾਮ ਘਰ ਦਾ ਆਪਣੇ ਘਰ ਵੱਲ ਖੁੱਲ੍ਹਦਾ ਕਮਰਾ ਦਵਾਂ। ਤੁਹਾਡੇ ਨਾਲ ਗੱਲਾਂ ਕਰਦਿਆਂ ਮੇਰਾ ਵੀ ਜੀਅ ਲੱਗਿਆ ਰਹੇ। ਪਰ ਕਿਉਂਕਿ ਕਿਸੇ ਆਦਮੀ ਨੂੰ ਦੇਖਦਿਆਂ ਹੀ ਮਨੋਰੋਗੀ ਸ਼ਲੀਨਤਾ ਡਰ ਕੇ ਚੀਕਾਂ ਮਾਰਨ ਲੱਗ ਪੈਂਦੀ ਹੈ।" ਇਸ ਲਈ ਉਹਨੇ ਨੌਕਰਾਣੀ ਨੂੰ ਭੇਜ ਕੇ ਸਾਡੇ ਰਹਿਣ ਲਈ, ਵਿਸ਼ਰਾਮ ਘਰ ਦਾ ਬਾਹਰ ਸੜਕ ਵੱਲ ਨੂੰ ਖੁਲ੍ਹਦਾ ਕਮਰਾ ਖੁੱਲ੍ਹਵਾ ਦਿੱਤਾ। ਅਤੇ ਅਸੀਂ ਉਸ ਕਮਰੇ ਵਿਚ ਆਪਣਾ ਸਮਾਨ ਟਿਕਾ ਦਿੱਤਾ ਸੀ।

ਅਸੀਂ ਬਹਿ ਕੇ ਵਿਚਾਰ ਕਰਨ ਲੱਗੇ ਕਿ ਸ਼ਲੀਲ ਅਤੇ ਲਾਲੀ ਦੇ ਕਾਇਮ ਕੀਤੇ ਕਾਮ ਸਬੰਧਾਂ ਕਾਰਨ ਲੜਾਈ ਕਰਕੇ ਦਸ ਬੰਦੇ ਜੇਲ੍ਹਾਂ ਵਿਚ ਸੜ ਰਹੇ ਨੇ। ਕਾਮ ਸਬੰਧ ਬਣਾਉਣ ਪਿਛੇ ਤੇ ਬਾਲੜੀਆਂ ਤੋਂ ਬੁੱਢੀਆਂ ਔਰਤਾਂ ਨਾਲ ਰੇਪ, ਬਲਾਤਕਾਰ ਕਾਰਨ ਹੋਈਆਂ ਲੜਾਈਆਂ ਕਰਕੇ ਪੁਲਿਸ ਕੇਸਾਂ ਵਿਚ ਅਦਾਲਤਾਂ ਵਿਚ ਜੇਲ੍ਹਾਂ ਵਿਚ ਰੁਲਦੇ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਮੁਤਾਬਕ ਸਹਸਤਰਾ ਹਜ਼ਾਰਾਂ ਨਹੀਂ ਬਲਕਿ ਲੱਖਾਂ ਕਰੋੜਾਂ ਨਰ-ਨਾਰੀ ਦੁਖ ਭੋਗ ਰਹੇ ਹਨ। ਮਾਨਸਿਕ ਤੇ ਸ਼ਰੀਰਕ ਕਸ਼ਟ ਝੱਲ ਰਹੇ ਨੇ ਆਤਮ ਹੱਤਿਆਵਾਂ ਕਰ ਰਹੇ ਹਨ। ਜ਼ਹਿਰ ਖਾ ਕੇ ਜਾਨਾ ਦੇ ਰਹੇ ਨੇ... ਕਤਲ ਕੀਤੇ ਜਾ ਰਹੇ ਨੇ। ਇਸ ਲਈ ਦਾਰੋਕਿਪਾ ਗਣ ਦੀ ਚੜ੍ਹਦੀ ਉਮਰ ਦੀ ਅਗਨੀ ਤੇ ਹੋਰ ਜਨਾਂ ਦਾ ਸ਼ਹਿਰ ਜਾ ਕੇ ਪਤੀ-ਪਤਨੀ ਦੇ ਬੰਧਨਾਂ ਵਿਚ ਬੱਝ ਕੇ ਪਰਿਵਾਰ ਬਣਾ ਕੇ ਨਾ ਰਹਿਣ ਦਾ ਫੈਸਲਾ ਸੱਚਾ ਹੈ, ਸਹੀ ਹੈ, ਇਸ ਵਿਚ ਕੋਈ ਸ਼ੱਕ ਨਹੀਂ।

ਵਿਸ਼ਰਾਮ ਘਰ ਦੇ ਕਮਰੇ ਵਿਚ ਆਪਣਾ ਸਮਾਨ ਰੱਖਕੇ, ਜਦੋਂ ਅਸੀਂ ਬਾਹਰ ਵੱਲ ਘੁੰਮਣ ਜਾਣ ਲੱਗੇ ਤਾਂ ਸੇਠ ਕਰੋੜੀ ਮੱਲ ਦੀ ਪਤਨੀ ਨੇ ਸਾਨੂੰ ਕੁਝ ਨੋਟ ਦਿੱਤੇ। ਬਜ਼ੁਰਗਾਂ ਦੀ ਸਮਿਤੀ ਵਿਚੋਂ ਨੋਟਾਂ ਉੱਤੇ ਲਿਖੇ ਹੋਏ ਅੰਕਾਂ ਦੀ ਗਿਣਤੀ ਪੜ੍ਹਨ ਵਿਚ ਪ੍ਰਵੀਨ ਹੋਣ ਕਰਕੇ ਇਹ ਨੋਟ ਸਭ ਤੋਂ ਘੱਟ ਉਮਰ ਦੇ ਸੱਤ ਸਾਲਾ ਸੁਮੇਰ ਨੂੰ ਫੜਾ ਦਿੱਤੇ ਗਏ। ਉਹਨੇ ਦੱਸਿਆ ਕਿ ਇਹ ਸੌ ਸੌ ਦੇ ਦਸ ਨੋਟ ਹਨ। ਅਸੀਂ ਕਰੋੜੀ ਮੱਲ ਦੀ ਪਤਨੀ ਦਾ ਧੰਨਵਾਦ ਕੀਤਾ, ਕਿਉਂਕਿ ਇਸ ਤੋਂ ਪਹਿਲਾਂ, ਸੇਠ ਕਰੋੜੀ ਮੱਲ ਨੇ ਕਦੇ ਵੀ ਸਾਨੂੰ ਕੋਈ ਕਾਗਜ਼ ਦਾ ਨੋਟ, ਖਰਚ ਕਰਨ ਲਈ ਦਿੱਤਾ ਹੀ ਨਹੀਂ ਸੀ ਅਤੇ ਨਾ ਹੀ ਅਸੀਂ ਕਦੇ, ਸ਼ਹਿਰ ਵਿਚੋਂ ਕੁਝ ਖਰੀਦ ਕੇ ਖਾਧਾ ਪੀਤਾ ਸੀ। ਆਪਣੇ ਕਮਰੇ ਵਿਚ, ਆਪਣੀ ਰੋਟੀ ਬਣਾ ਕੇ ਖਾਂਦੇ ਰਹੇ। ਖਾਣਾ ਬਣਾਉਣ ਲਈ 'ਸੁੱਕਾ ਸੀਧਾ' ਉਹ ਜ਼ਰੂਰ ਦੇ ਦਿੰਦਾ ਸੀ।

ਅਸੀਂ ਸ਼ਹਿਰ ਤੋਂ ਰਤਾ ਬਾਹਰ ਵੱਲ ਨਿਕਲ ਗਏ ਸਾਂ। ਸੁਮੇਰ ਨੇ ਸੜਕ ਨਾਲ ਲੱਗੇ ਬੋਰਡ ਤੇ 'ਪੰਜਾਬੀ ਢਾਬਾ' ਲਿਖਿਆ ਹੋਇਆ ਪੜ੍ਹਿਆ। ਅਸੀਂ ਅੰਦਰ ਵੜ ਕੇ ਖਾਲੀ ਕੁਰਸੀਆਂ ਉੱਤੇ ਜਾ ਕੇ ਬੈਠ ਗਏ। ਅੰਦਰ ਪਹਿਲਾਂ ਹੀ ਅਧਖੜ ਜਿਹੇ, ਇਕ ਮੋਨਾ ਤੇ ਇਕ ਪਗੜੀ ਵਾਲਾ ਵਿਅਕਤੀ ਦੋਵੇਂ ਬੈਠੇ ਗੱਲਾਂ ਕਰ ਰਹੇ ਸਨ।

ਢਾਬੇ ਦਾ ਮਾਲਕ ਸਾਡੇ ਕੋਲ ਆਇਆ, ਉਹਨੇ ਸਾਡੇ ਵਾਂਗ ਹੀ ਦਾੜ੍ਹੀ ਮੁੱਛਾਂ ਰੱਖੀਆਂ ਹੋਈਆਂ ਸਨ ਅਤੇ ਸਿਰ ਤੇ ਪਗੜੀ ਬੰਨ੍ਹੀ ਹੋਈ ਸੀ। ਉਹ ਪੁੱਛਣ ਲੱਗਿਆ, "ਹਾਂ ਜੀ, ਮੀਟ ਨਾਲ ਰੋਟੀ ਖਾਓਗੇ?" "ਮੀਟ

ਕਾਹਦਾ।" ਸੁਮੇਰ ਨੇ ਪੁੱਛਿਆ। ਕਿਉਂਕਿ ਪੈਸੇ ਸੁਮੇਰ ਕੋਲ ਹੀ ਸੀ। ਉਸੇ ਨੇ ਦੇਣੇ ਸਨ।

"ਮੀਟ ਬੱਕਰੇ ਦਾ ਜੀ।" ਸੁਮੇਰ ਨੇ ਉਹਨੂੰ ਆਪਣੀ ਮੁੱਠੀ ਵਿਚ ਫੜੇ ਹੋਏ ਨੋਟ ਦਿਖਾਏ। ਉਹਨੂੰ ਡਰ ਸੀ ਕਿ ਕਿਤੇ ਉਹਦੇ ਕੋਲ ਜਿੰਨੇ ਰੋਟੀ ਦੇ ਰੁਪੈ ਬਣਨੇ ਹਨ, ਉਸ ਤੋਂ ਘੱਟ ਪੈਸੇ ਹੀ ਨਾ ਹੋਣ। ਜਿਵੇਂ ਢਾਬੇ ਦਾ ਮਾਲਕ ਸਮਝ ਗਿਆ ਹੋਵੇ। "ਠੀਕ ਹੈ... ਠੀਕ ਹੈ... ਤੁਹਾਡੇ ਕੋਲ ਤਾਂ ਇਕ ਹਜ਼ਾਰ ਰੁਪਿਆ ਹੈ। ਪੰਜਾਂ ਦੀ ਰੋਟੀ ਦੇ ਤਾਂ ਪੰਜ ਸੌ ਰੁਪਏ ਲੱਗਣੇ ਹਨ। ਅਜੇ ਮੀਟ ਬਣਨ ਨੂੰ ਦੇਰ ਲੱਗਣੀ ਹੈ, ਓਨਾ ਚਿਰ ਬਹਿ ਕੇ ਅਖ਼ਬਾਰ ਪੜ੍ਹੋ, ਗੱਲਾਂ ਮਾਰੋ।"

ਗਣਪਤੀ ਵਰੁਣ ਨੇ ਦੱਸਿਆ ਕਿ ਪਹਿਲਾਂ ਤੋਂ ਹੀ ਬੈਠੇ ਗੱਲਾਂ ਮਾਰ ਰਹੇ ਦੋਵੇਂ ਜਣਿਆ ਦਾ ਧਿਆਨ। ਸਾਡੇ ਵੱਲ ਹੋਇਆ, ਉਹ ਸਾਡੀਆਂ ਗੱਲਾਂ ਤੋਂ ਅਤੇ ਸਾਡੀਆਂ ਰੱਖੀਆਂ ਦਾੜ੍ਹੀਆਂ , ਮੁੱਛਾਂ ਤੋਂ ਬੰਨ੍ਹੀਆਂ ਪਗੜੀਆਂ ਦੇ ਅਲੱਗ ਪਹਿਰਾਵੇ ਤੋਂ ਸਮਝ ਗਏ ਹੋਣੇ ਨੇ ਕਿ ਅਸੀਂ ਇਸ ਸ਼ਹਿਰ ਦੇ ਰਹਿਣ ਵਾਲੇ ਤਾਂ ਲਗਦੇ ਨਹੀਂ, "ਬਾਬਿਓ! ਕਿਥੋਂ ਆਏ ਓ? ਇਸ ਸ਼ਹਿਰ ਅਤੇ ਆਸੇ-ਪਾਸੇ ਦੇ ਤਾਂ ਤੁਸੀਂ ਲਗਦੇ ਨੀਂ ਹੈਗੇ?" ਅਸੀਂ ਦਾਰੋਕਿਪਾ ਗਣ ਦੀ ਸਮਿਤੀ ਦੇ ਜਨਾਂ ਨੇ, ਇਕ ਦੂਸਰੇ ਵੱਲ ਦੇਖਿਆ ਕਿ ਸੱਚ ਦੱਸੇ ਬਿਨਾ ਕੋਈ ਚਾਰਾ ਨਹੀਂ। ਮੈਂ ਦੱਸਣ ਲੱਗਿਆ, "ਅਸੀਂ ਬਹੁਤ ਬਹੁਤ ਦੂਰ ਜੰਗਲ ਵਿਚ ਰਹਿੰਦੇ ਆ ਸ਼ਹਿਰ ਵਿਚ ਕੁਝ ਹਥਿਆਰ ਅਤੇ ਔਜਾਰ ਖਰੀਦਣ ਲਈ ਆਏ ਆ।"

ਸਾਡੇ ਵਾਂਗ ਬੰਨ੍ਹੀ ਹੋਈ ਪਗੜੀ ਅਤੇ ਮੂੰਹ 'ਤੇ ਦਾੜ੍ਹੀ ਤੇ ਮੁੱਛਾਂ ਚਿਪਕਾ ਕੇ ਰੱਖੀਆਂ ਹੋਣ ਵਾਲੇ ਵਿਅਕਤੀ ਨੇ ਹੈਰਾਨ ਹੁੰਦਿਆਂ ਕਿਹਾ, "ਬਾਪੂ ਜੀ! ਤੁਸੀਂ ਅਜੋਕੇ ਸਮੇਂ ਵਿਚ ਵੀ ਜੰਗਲ ਵਿਚ ਹੀ ਰਹਿੰਦੇ ਓ। ਫਿਰ ਤਾਂ ਤੁਸੀਂ ਅਜੇ ਤੱਕ ਵੀ ਅਰਾਜਕਤਾ ਵਾਲੇ ਦੌਰ ਵਿਚ ਹੀ ਰਹਿ ਰਹੇ ਹੋ, ਜਦਕਿ ਸਮਾਜ ਜਾਗੀਰਦਾਰੀ ਦੌਰ ਤੇ ਫਿਰ ਸਰਮਾਏਦਾਰੀ ਦੌਰ ਵਿਚੋਂ ਗੁਜਰ ਰਿਹਾ ਹੈ। ਇਨਕਲਾਬ-ਕ੍ਰਾਂਤੀ ਆਵੇਗੀ ਅਤੇ ਸਮਾਜ ਵਿਗਿਆਨਕ ਸਮਾਜਵਾਦ, ਸਾਮਵਾਦ ਦੇ ਦੌਰ ਵਿਚ ਪਹੁੰਚ ਜਾਵੇਗਾ।"

ਸਾਡੇ ਵਿਚੋਂ ਰਤਾ ਚੁਸਤ ਚਲਾਕ, ਸੁਮੇਰ ਨੇ ਪੁੱਛ ਲਿਆ, "ਸਮਾਜ ਸਰਮਾਏਦਾਰੀ ਦੌਰ ਵਿਚੋਂ ਗੁਜਰ ਰਿਹਾ ਹੈ ਸਾਨੂੰ ਇਸਦੇ ਬਾਰੇ ਕੁਝ ਦੱਸੋ? " ਉਹ ਦੋਵੇਂ ਹੱਸਣ ਲੱਗ ਪਏ ਪਗੜੀ ਵਾਲਾ ਵਿਅਕਤੀ ਹੀ ਫਿਰ ਬੋਲਿਆ, "ਸਮਾਜ ਅਮੀਰਾਂ ਤੇ ਗਰੀਬਾਂ ਦੋ ਵਰਗਾਂ ਵਿਚ ਵੰਡਿਆ ਹੋਇਆ ਹੈ। ਸਭ ਬਰਾਬਰ ਨਹੀਂ ਹਨ। ਇਕ ਪਾਸੇ ਕਰੋੜਪਤੀ... ਹਾਂ ਸੱਚ ਬਾਪੂ ਜੀ ਤੁਸੀਂ ਤਾਂ ਜੰਗਲ ਵਿਚ ਰਹਿੰਦੇ ਹੋ ਤੁਸੀਂ ਆਹ ਗਿਣਤੀ ਕਿੰਨੇ ਤੱਕ ਗਿਣ ਲੈਂਦੇ ਓ?"

ਫਿਰ ਸੁਮੇਰ ਹੀ ਦੱਸਣ ਲੱਗਿਆ, "ਅਸੀਂ ਤਾਂ ਜੀਅ ਬਹੀ ਵਿਚ ਲੀਕਾਂ ਮਾਰਕੇ ਗਿਣਤੀ ਕਰਦੇ ਆ। ਬਹੀ ਵਿਚ ਇਕ ਪਾਲੀ ਵਿਚ ਦਸ ਲੀਕਾਂ ਮਾਰਦੇ ਹਾਂ। ਦਿਸ ਲਿਖ ਦਿੰਦੇ ਹਾਂ। ਫਿਰ ਅਗਲੀ ਪਾਲੀ ਵਿਚ ਦਸ ਲੀਕਾਂ ਮਾਰ ਕੇ ਵੀਹ ਲਿਖ ਦਿੰਦੇ ਆ। ਫਿਰ ਦਸ ਲੀਕਾਂ ਮਾਰ ਕੇ ਤੀਹ ਇਸੇ ਤਰ੍ਹਾਂ ਦਸ ਵਾਰ ਦਸ-ਦਸ ਲੀਕਾਂ ਮਾਰ ਕੇ ਇਕ ਸੌ ਲਿਖ ਦਿੰਦੇ ਹਾਂ। ਇਸੇ ਤਰ੍ਹਾਂ ਦਸ ਦਸ ਲੀਕਾਂ ਮਾਰਦੇ ਚਲੇ ਜਾਂਦੇ ਹਾਂ। ਫਿਰ ਦੋ-ਸੋ ਹੋ ਜਾਂਦਾ ਹੈ ਫਿਰ ਤਿੰਨ ਸੌ ਜਦ ਦਸ ਵਾਰ ਸੌ ਸੌ ਲੀਕਾਂ ਮਾਰੀਆਂ ਜਾਂਦੀਆਂ ਹਨ ਇਕ ਹਜ਼ਾਰ ਹੋ ਜਾਂਦਾ ਹੈ। ਇਸ ਤਰ੍ਹਾਂ ਨਾਲ ਇਕ ਹਜ਼ਾਰ ਤੱਕ ਗਿਣਤੀ ਅਸੀਂ ਕਰ ਸਕਦੇ ਹਾਂ।

ਸੁਮੇਰ ਦੀ ਲੀਕਾਂ ਮਾਰ ਕੇ ਇਕ ਹਜ਼ਾਰ ਤੱਕ ਗਿਣਤੀ ਕਰ ਸਕਣ ਦੀ ਗੱਲ ਸੁਣ ਕੇ ਉਹ ਦੋਵੇਂ ਬਹੁਤ ਹੱਸੇ। ਫਿਰ ਦਾੜ੍ਹੀ ਅਤੇ ਪਗੜੀ ਵਾਲਾ ਵਿਅਕਤੀ ਹੀ ਦੱਸਣ ਲੱਗਿਆ, "ਬਈ ਇਕ ਹਜ਼ਾਰ ਲੀਕਾਂ ਮਾਰਨ ਨਾਲ ਤੇਰੀ ਬਹੀ ਦੇ ਕਿੰਨੇ ਵਰਕੇ ਜਾਣਗੇ। ਪਰ ਜੇ ਤੈਨੂੰ ਇਕ ਹਜ਼ਾਰ ਲੀਕਾਂ ਇਕ ਹਜ਼ਾਰ ਵਾਰ ਮਾਰਨੀਆਂ ਪੈਣ। " ਸੁਮੇਰ ਬੋਲਿਆ, "ਮੈਂ ਤਾਂ ਏਨੀਆਂ ਲੀਕਾਂ ਮਾਰ ਹੀ ਨਹੀਂ ਸਕਦਾ। ਭੁਲ-ਭੁਲਾ ਜਾਵਾਂਗਾ।" ਪਗੜੀ ਵਾਲਾ ਬੋਲਿਆ, "ਮੈਂ ਤਾਂ ਤੁਹਾਨੂੰ ਕੇਵਲ ਅੰਦਾਜ਼ਾ ਲਾਉਣ ਲਈ ਦੱਸਿਆ ਹੈ ਕਿ ਜੇ ਇਕ ਹਜ਼ਾਰ ਲੀਕਾਂ



ਇਕ ਹਜ਼ਾਰ ਵਾਰੀ ਵੀ ਮਾਰੋਗੇ ਤਾਂ ਵੀ ਦੱਸ ਲੱਖ ਹੁੰਦਾ ਹੈ ਤੇ ਦਸ ਲੱਖ ਲੀਕਾਂ ਦਸ ਵਾਰ ਮਾਰਨ ਨਾਲ ਕੇਵਲ ਇਕ ਕਰੋੜ ਹੁੰਦੇ ਹਨ। ਪਰ ਦੁਨੀਆਂ ਦੇ ਗਿਣਤੀ ਦੇ ਅਮੀਰਾਂ ਕੋਲ ਤਾਂ ਹਜ਼ਾਰਾਂ ਕਰੋੜ ਰੁਪਏ ਤੋਂ ਵੀ ਵਾਧੂ ਦੀ ਜਾਇਦਾਦ ਇਕੱਤਰ ਕੀਤੀ ਹੋਈ ਹੈ।"

ਅੱਜ ਅਸੀਂ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨ ਪਹਿਲੀ ਵਾਰ ਸ਼ਹਿਰ ਦੇ ਆਲੇ ਦੁਆਲੇ ਦੀ ਜ਼ਮੀਨ ਵਿਚ ਖੜੀਆਂ ਕਣਕ ਤੇ ਜੌਂ ਦੀਆਂ ਫ਼ਸਲਾਂ ਅਤੇ ਸਬਜੀਆਂ ਅਤੇ ਬਾਗ਼ ਬਗੀਚੇ ਵੇਖ ਰਹੇ ਸਾਂ। ਸਾਨੂੰ ਸ਼ੱਕ ਸੀ ਕਿ ਕੀ ਏਨੀ ਜ਼ਮੀਨ ਦੀ ਉਪਜ ਨਾਲ ਸ਼ਹਿਰ ਵਿਚ ਰਹਿੰਦੇ ਲੋਕਾਂ ਦਾ ਖਾਣ ਪੀਣ ਚੱਲ ਜਾਂਦਾ ਹੋਵੇਗਾ। ਮੈਂ (ਗਣਪਤੀ ਵਰੁਣ) ਨੇ ਉਨ੍ਹਾਂ ਨੂੰ ਪੁੱਛਿਆ , "ਸ਼ਹਿਰ ਦੇ ਲੋਕ ਮਿਲ ਜੁਲ ਕੇ ਸ਼ਹਿਰ ਦੇ ਆਲੇ-ਦੁਆਲੇ ਦੀ ਜ਼ਮੀਨ ਵਿਚ ਜਿਹੜੀ ਸਾਂਝੀ ਖੇਤੀ ਕਰਦੇ ਹਨ, ਕੀ ਇਸਦੀ ਉਪਜ ਸ਼ਹਿਰੀਆਂ ਦੇ ਸਾਰਾ ਸਾਲ ਲਈ ਖਾਣ ਲਈ ਕਾਫੀ ਹੈ?

ਕੁਝ ਲੜਕੇ ਉਨ੍ਹਾਂ ਨਾਲ ਆ ਕੇ ਕੋਈ ਗੱਲ ਬਾਤ ਕਰਨ ਲੱਗ ਪਏ। ਸਾਨੂੰ ਇਹ ਤਾਂ ਪਤਾ ਨੀਂ ਲੱਗਿਆ ਕਿ ਇਹ ਉਨ੍ਹਾਂ ਤੋਂ ਕੀ ਪੁੱਛ ਕੇ ਗਏ ਹਨ। ਪਰ ਸਾਨੂੰ ਏਨਾ ਪਤਾ ਜ਼ਰੂਰ ਲੱਗ ਗਿਆ ਕਿ ਉਹ ਲੜਕੇ ਕਾਲਜ ਵਿਚੋਂ ਆਏ ਸਨ ਤੇ ਉਹ ਸਾਡੇ ਕੋਲ ਬੈਠੇ ਵਿਅਕਤੀਆਂ ਨੂੰ ਪ੍ਰੋਫ਼ੈਸਰ ਸਾਹਿਬ ਜਾਂ 'ਸਰ' ਕਹਿੰਦੇ ਸਨ। ਅਸੀਂ ਵੀ ਉਨ੍ਹਾਂ ਨੂੰ 'ਸਰ' ਕਹਿਣ ਲੱਗੇ ਤਾਂ ਉਹ ਹਸਕੇ ਕਹਿਣ ਲੱਗੇ,

ਤੁਸੀਂ ਸਾਡੇ ਬਜ਼ੁਰਗਾਂ ਸਮਾਨ ਓ ਸਾਨੂੰ ਪੁੱਤਰ ਕਹਿ ਕੇ ਬੁਲਾ ਲਿਆ ਕਰੋ।" ਸਾਨੂੰ ਸ਼ਹਿਰ ਆਉਣ ਨਾਲ ਪਤਾ ਲੱਗ ਗਿਆ ਸੀ ਕਿ ਸ਼ਹਿਰ ਵਿਚ 'ਪੁੱਤਰ!' 'ਧੀਏ' ਕਹਿ ਕੇ ਬੁਲਾਉਣ ਦਾ ਰਿਵਾਜ਼ ਹੈ। ਉਂਝ ਅਸੀਂ ਜਾਣਦੇ ਸਾਂ ਕਿ ਸਾਡੇ ਦਾਰੋਕਿਪਾ ਗਣ ਵਿਚ ਸਾਡੇ ਧੀਆਂ-ਪੁੱਤਰ ਵੀ ਸਾਡੇ ਆਪਣੇ ਨਹੀਂ... ਸਾਡੇ ਗਣ ਦੇ ਸਾਂਝੇ ਖੇਤਾਂ, ਬਾਗਾਂ, ਤੇ ਪਸ਼ੂਆਂ ਆਦਿ ਸਾਂਝੀਆਂ ਵਸਤਾਂ ਵਾਂਗ ਸਾਡੇ ਬੱਚੇ ਵੀ ਸਾਡੇ ਦਾਰੋਕਿਪਾ ਗਣ ਦੇ ਸਾਂਝੇ ਬੱਚੇ ਹਨ।

ਪਰ ਪਗੜੀ ਵਾਲੇ ਪ੍ਰੋਫ਼ੈਸਰ ਨੇ ਦੱਸਿਆ ਸੀ ਕਿ ਸ਼ਹਿਰ ਦੇ ਆਲੇ ਦੁਆਲੇ ਦੀ ਜ਼ਮੀਨ, ਖੇਤ, ਬਾਗ਼, ਕੀ ਸ਼ਹਿਰ ਵਿਚਲੇ ਮਕਾਨ, ਘਰ, ਦੁਕਾਨਾਂ ਆਦਿ ਸਾਰੀਆਂ ਵਸਤਾਂ ਨਿੱਜੀ ਸੰਪਤੀ, ਨਿੱਜੀ ਜਾਇਦਾਦ ਤੇ ਆਪਣੀ ਆਪਣੀ ਮਲਕੀਅਤ ਹੈ। ਇਹ ਵਸਤਾਂ ਸ਼ਹਿਰ ਦੇ ਲੋਕਾਂ ਦੀਆਂ ਸਾਂਝੀਆਂ ਨਹੀਂ ਹਨ। ਉਸਨੇ ਦੱਸਿਆ, "ਇਸ ਸ਼ਹਿਰ ਦੀਆਂ ਵਸਤਾਂ ਹੀ ਲੋਕਾਂ ਦੀ ਨਿੱਜੀ ਜਾਇਦਾਦ ਨਹੀਂ ਸਗੋਂ ਸਾਰੇ ਸੰਸਾਰ ਵਿਚ ਲੱਖਾਂ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਅਮੀਰ ਜਾਦਿਆਂ ਦੀਆਂ ਨਿੱਜੀ ਜਾਇਦਾਦਾਂ ਹਨ।"

"ਪਰ ਬਾਪੂ ਜੀ! ਇਸਦਾ ਦੂਸਰਾ ਪੱਖ ਵੀ ਹੈ। ਦੁਨੀਆਂ ਦੇ ਕਰੋੜਾਂ ਅਰਬਾਂ ਲੋਕਾਂ ਨੂੰ ਦੋ ਵਕਤ ਦੀ ਰੋਟੀ ਵੀ ਖਾਣ ਨੂੰ ਨਹੀਂ ਮਿਲਦੀ। ਉਹ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਲਈ ਮਜਬੂਰ ਹਨ। ਖੁੱਲ੍ਹੇ ਆਕਾਸ਼ ਥੱਲੇ ਰਹਿਣ ਲਈ ਆਤੁਰ ਹਨ। ਜਿਉਂ-ਜਿਉਂ ਦੁਨੀਆਂ ਵਿਚ ਅਮੀਰਾਂ ਦੀ ਜਾਇਦਾਦ ਵਧਦੀ ਜਾਂਦੀ ਹੈ। ਤਿਉਂ ਤਿਉਂ ਸੰਸਾਰ ਵਿਚ ਗਰੀਬਾਂ, ਲਾਚਾਰਾਂ ਬੇਸਹਾਰਾ ਲੋਕਾਂ ਦੀ ਗਿਣਤੀ ਵੀ ਵਧਦੀ ਜਾਂਦੀ ਹੈ, ਵਧਦੀ ਜਾ ਰਹੀ ਹੈ। ਵਧਦੀ ਹੀ ਜਾ ਰਹੀ ਹੈ।"

ਪ੍ਰੋਫ਼ੈਸਰ ਸਾਹਿਬਾਨ ਫਿਰ ਆਪਣੀਆਂ ਗੱਲਾਂ ਵਿਚ ਰੁੱਝ ਗਏ ਸਨ। ਅਸੀਂ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨ ਵੀ ਸੇਠ ਕਰੋੜੀ ਮੱਲ ਦੀ ਆਖੀ ਹੋਈ ਗੱਲ 'ਤੇ ਵਿਚਾਰ ਕਰਨ ਲੱਗ ਪਏ ਸਾਂ। ਉਹ ਵਾਰ-ਵਾਰ ਕਹਿੰਦਾ ਰਹਿੰਦਾ ਸੀ, "ਤੁਸੀਂ ਨ੍ਹੇਰੇ ਵਿਚੋਂ ਚਾਨਣ ਵੱਲ ਆ ਜਾਓ, ਜੰਗਲ ਵਿਚੋਂ ਸ਼ਹਿਰ ਵਿਚ ਆ ਕੇ ਵਸ ਜਾਓ। ਅਸੀਂ ਸਾਹਮਣੇ ਸ਼ਹਿਰ ਤੋਂ ਬਾਹਰ ਵਾਰ ਝੁੱਗੀ-ਝੋਪੜੀ ਵਾਲਿਆਂ ਦੀ ਵਸੀ ਹੋਈ ਬਸਤੀ ਦੇਖ ਰਿਹਾ ਸਾਂ। ਜੇ ਅਸੀਂ ਜੰਗਲ ਵਿਚੋਂ ਆ ਜਾਂਦੇ ਵੀ ਤਾਂ ਸਾਨੂੰ ਕਿਹੜਾ ਸ਼ਹਿਰ ਵਿਚ ਬਣੇ ਹੋਏ ਵੱਡੇ ਵੱਡੇ ਮਕਾਨ ਮਿਲਣੇ ਸਨ। ਸਾਨੂੰ ਅੱਜ ਪ੍ਰੋਫ਼ੈਸਰਾਂ ਤੋਂ ਪਤਾ ਲੱਗਿਆ ਸੀ। ਉਹ ਕਰੋੜਾਂ ਪਤੀ ਲੋਕਾਂ ਦੀ ਨਿੱਜੀ

ਜਾਇਦਾਦ ਹੈ।

ਸੁਮੇਰ, ਸੋਚ-ਸੋਚ ਕੇ ਕਹਿਣ ਲੱਗਿਆ ਕਿ ਫਿਰ ਅਸੀਂ ਜੰਗਲ ਵਿਚੋਂ ਆ ਕੇ ਅਜਿਹੀਆਂ ਝੁੱਗੀਆਂ-ਝੌਂਪੜੀਆਂ ਬਣਾ ਕੇ ਹੀ ਰਹਿੰਦੇ। ਅਸੀਂ ਦੇਖਦੇ ਰਹਿੰਦੇ ਹਾਂ ਕਿ ਝੁੱਗੀਆਂ-ਝੌਪੜੀਆਂ ਵਿਚ ਵੀ ਮਿੱਟੀ ਦੇ ਤੇਲ ਦੇ ਹੀ ਦੀਵੇ ਬਲਦੇ ਹਾਂ। ਸਾਡੇ ਝੌਂਪੜੀਆਂ ਵਿਚ ਵੀ ਇਸੇ ਤਰ੍ਹਾਂ ਯਾਕ ਦੀ ਚਰਬੀ ਦੇ ਦੀਵੇ ਬਲਦੇ ਹਨ। ਅੰਤਰ ਕੀ ਹੋਇਆ ਸੇਠ ਕਰੋੜੀ ਮੱਲ ਕਹਿੰਦਾ ਸੀ ਕਿ ਸ਼ਹਿਰ ਵਿਚ ਆ ਜਾਣ 'ਤੇ ਸਾਡੀ ਗਿਣਤੀ 'ਜਨ ਜਾਤੀ' ਦੇ ਲੋਕਾਂ ਵਿਚ ਹੋਵੇਗੀ। ਜਨ ਜਾਤੀ ਦੇ ਲੋਕਾਂ ਨੂੰ ਸਰਕਾਰ ਵਲੋਂ ਮੁਫ਼ਤ ਆਟਾ ਤੇ ਦਾਲ ਮਿਲਦੀ ਹੈ। ਪਰ ਇਥੇ ਸਾਡੇ ਪਸ਼ੂਆਂ ਲਈ ਤਾਂ ਚਾਰਾਗਾਹਾ ਹੀ ਨਹੀਂ ਹਨ, ਜੰਗਲ ਨਹੀਂ ਹਨ, ਸਾਡੇ ਪਸ਼ੂ ਕਿੱਥੇ ਚਰਨਗੇ। ਅਸੀਂ ਤਾਂ ਇਥੇ ਦਮ ਘੁੱਟ ਕੇ ਮਰ ਜਾਵਾਂਗੇ।

ਇਥੇ ਸ਼ਹਿਰ ਦੇ ਕੋਲ ਵਸੇ ਝੁੱਗੀ-ਝੋਪੜੀਆਂ ਵਾਲੇ ਜਨ-ਜਾਤੀ ਦੇ ਲੋਕ, ਸ਼ਹਿਰ ਵਿਚ ਗਲੀਆਂ ਅਤੇ ਘਰਾਂ ਦੀ ਸਫ਼ਾਈ ਕਰਦੇ ਹਨ, ਘਰਾਂ ਅਤੇ ਦੁਕਾਨਾਂ 'ਤੇ ਨੌਕਰੀ ਕਰਦੇ ਹਨ, ਚੀਜਾਂ ਵਸਤਾਂ ਢੋਣ ਦਾ ਕੰਮ ਕਰਦੇ ਹਨ। ਦੁਕਾਨਦਾਰਾਂ ਵਲੋਂ ਉਹ ਸਾਡੇ ਸਾਹਮਣੇ ਤ੍ਰਿਸਕਾਰਿਤ, ਅਪਮਾਨਿਤ ਕੀਤੇ ਜਾਂਦੇ ਹਨ। ਤਾਂ ਕੀ ਸੇਠ ਕਰੋੜੀ ਮੱਲ ਚਾਹੁੰਦਾ ਸੀ ਕਿ ਸਾਡੇ ਇਥੇ ਆਉਣ ਨਾਲ ਅਸੀਂ ਵੀ ਇਹੋ ਜਿਹੇ ਹੀ ਕੰਮ ਕਰਾਂਗੇ ਤੇ ਸ਼ਹਿਰ ਵਾਲਿਆਂ ਨੂੰ ਹੋਰ ਸਸਤੇ ਮਜ਼ਦੂਰ ਮਿਲ ਜਾਇਆ ਕਰਨਗੇ ਅਤੇ ਸਾਡੀਆਂ ਸੁੰਦਰ ਔਰਤਾਂ ਉਨ੍ਹਾਂ ਨੂੰ ਘਰਾਂ ਵਿਚ ਕੰਮ ਕਰਵਾਉਣ ਤੇ ਰੇਪ ਕਰਨ ਲਈ ਮਿਲ ਜਾਣਗੀਆਂ।

ਸਾਨੂੰ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨਾਂ ਨੂੰ ਇਥੇ ਬੈਠੇ ਸੋਚਦਿਆਂ ਵਿਚਾਰ ਕਰਦਿਆਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਸੇਠ ਕਰੋੜੀ ਮੱਲ ਸਾਨੂੰ ਜੰਗਲ ਤੋਂ ਸ਼ਹਿਰ ਵਿਚ ਆ ਕੇ ਵਸਣ ਲਈ ਕਿਉਂ ਕਹਿੰਦਾ ਹੁੰਦਾ ਸੀ। ਉਹ ਇਸ ਵੇਲੇ ਹੈ ਈ ਜੇਲ੍ਹ ਵਿਚ ਜੇ ਜੇਲ੍ਹ ਤੋਂ ਬਾਹਰ ਹੁੰਦਾ ਤਾਂ ਉਹਨੂੰ ਪੁੱਛਦੇ ਕਿ ਜਦੋਂ ਇਥੇ ਸ਼ਹਿਰ ਵਿਚ ਮਕਾਨ, ਦੁਕਾਨਾਂ, ਤੇ ਸ਼ਹਿਰ ਤੋਂ ਬਾਹਰ ਵਾਰ ਦੀ ਜ਼ਮੀਨ, ਬਾਗ਼ ਆਦਿ ਵਸਤਾਂ ਸ਼ਹਿਰੀਆਂ ਦੀ ਨਿੱਜੀ ਜਾਇਦਾਦ ਹੈ, ਨਿੱਜੀ ਮਾਲਕੀ ਹੈ, ਫਿਰ ਉਹ ਸਾਨੂੰ ਇਥੇ ਆ ਕੇ ਰਹਿਣ ਲਈ ਕਿਉਂ ਕਹਿੰਦਾ ਸੀ? ਅਸੀਂ ਇਥੇ ਆ ਕੇ ਰਹਿੰਦੇ ਕਿਥੇ?

ਅਸੀਂ ਤਾਂ ਸੋਚਿਆ ਸੀ ਕਿ ਦੋਵੇਂ ਪ੍ਰੋਫੈਸਰ ਆਪਣੀਆਂ ਗੱਲਾਂ ਵਿਚ ਰੁਝੇ ਹੋਏ ਹਨ ਪਰ ਸਾਨੂੰ ਕੀ ਪਤਾ ਸੀ ਕਿ ਉਹ ਸਾਡੀਆਂ ਗੱਲਾਂ ਵੀ ਨਾਲ ਦੀ ਨਾਲ ਧਿਆਨ ਨਾਲ ਸੁਣਦੇ ਆ ਰਹੇ ਸਨ। ਫਿਰ ਪਗੜੀ ਵਾਲਾ ਪ੍ਰੋਫੈਸਰ ਸਾਨੂੰ ਪੁੱਛਣ ਲੱਗਿਆ, "ਬਾਪੂ ਜੀ ਐਂ ਤਾਂ ਦੱਸੋ? ਤੁਹਾਡਾ ਜੰਗਲ ਵਿਚ ਰਹਿਣ ਸਹਿਣ ਦਾ ਪ੍ਰਬੰਧ ਕਿਸ ਤਰ੍ਹਾਂ ਦਾ ਹੈ?" ਦਾਰੋਕਿਪਾ ਗਣ ਦਾ ਗਣਪਤੀ ਹੋਣ ਕਰਕੇ ਮੈਨੂੰ ਵਰੁਣ ਨੂੰ ਹੀ ਪ੍ਰੋਫੈਸਰਾਂ ਦੀ ਪੁੱਛੀ ਹੋਈ ਗੱਲ ਦਾ ਜਵਾਬ ਦੇਣਾ ਪਿਆ। "ਪੁੱਤਰੋ! ਅਸੀਂ ਜੰਗਲ ਵਿਚ ਵਗਦੇ ਦਰਿਆ ਨਾਲ ਲਗਦੀ ਜ਼ਮੀਨ ਵਿਚ ਸਿੰਚਾਈ ਕਰਕੇ ਸਾਂਝੀ ਖੇਤੀ ਕਰਦੇ ਹਾਂ। ਵੱਡੇ ਵੱਡੇ ਝੋਪੜੇ ਬਣਾ ਕੇ ਰਹਿੰਦੇ ਹਾਂ ਪੁਰਾਤਨ ਕਾਲ ਤੋਂ ਲੈ ਕੇ ਸਾਡੇ ਗਣ ਵਿਚ ਨਰ ਨਾਰੀ ਦਾ ਰਿਸ਼ਤਾ ਚਲਿਆ ਆਉਂਦਾ ਹੈ। ਸ਼ਹਿਰੀਆਂ ਦੇ ਦੱਸੇ ਰਿਸ਼ਤਿਆਂ ਦੀ ਸਾਨੂੰ ਸਮਝ ਨਹੀਂ ਆਉਂਦੀ। ਸਾਡੇ ਗਣ ਦੇ ਸਾਂਝੇ ਪਸ਼ੂ ਹਨ, ਅਸੀਂ ਪਸ਼ੂਆਂ ਨੂੰ ਜੰਗਲ ਵਿਚ ਚਾਰਦੇ ਹਾਂ ਅਤੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਦੇ ਹਾਂ। ਆਪੋ ਵਿਚ ਲੜਾਈ ਝਗੜਾ ਹੋਣ ਤੋਂ ਬਚਾਅ ਲਈ ਅਤੇ 'ਸ਼ਿਕਾਰ ਕਰਨਾ', 'ਖੇਤੀ ਕਰਨਾ' ਆਦਿ ਕੰਮਾਂ ਨੂੰ ਸੁੱਚਜੇ ਤਰੀਕੇ ਨਾਲ ਨਿਪਟਾਉਣ ਲਈ, ਅਸੀਂ ਹਰ ਕੰਮ ਨੂੰ ਕਰਨ ਵਾਲੀ ਅਲੱਗ ਅਲੱਗ ਸਮਿਤੀ ਬਣਾਈ ਹੋਈ ਹੈ। ਅਤੇ ਸਾਰੀਆਂ ਸਮਿਤੀਆਂ ਦਾ ਸੰਚਾਲਨ ਕਰਨ ਲਈ ਬਜ਼ੁਰਗਾਂ ਦੀ ਸਮਿਤੀ ਬਣਾਈ ਹੋਈ ਹੈ।

ਪ੍ਰੋਫੈਸਰਾਂ ਨੇ ਇਕ ਮੋਟੀ ਜਿਹੀ ਕਿਤਾਬ ਖੋਲ੍ਹੀ ਅਤੇ ਦੱਸਣ ਲੱਗੇ, "ਬਾਬਿਓ! ਫਿਰ ਤਾਂ ਤੁਸੀਂ ਪੁਰਾਤਨ ਦੌਰ ਦੇ ਸਾਮਵਾਦ, ਕਮਿਊਨਿਜ਼ਮ ਦੇ ਸਿਸਟਮ ਨੂੰ ਵਿਵਸਥਾ ਨੂੰ ਸੰਭਾਲਿਆ ਹੋਇਆ ਹੈ। ਸੰਭਾਲਿਆਂ ਹੀ



ਨਹੀਂ ਹੋਇਆ ਸਗੋਂ ਵੱਖ-ਵੱਖ ਸਮਿਤੀਆਂ ਵੱਖ-ਵੱਖ ਸੰਘ ਬਣਾ ਕੇ ਉਹਨਾਂ ਰਾਹੀਂ ਜਿਵੇਂ ਖੇਤੀ ਕਰਨਾ, ਸ਼ਿਕਾਰ ਕਰਨਾ ਆਦਿ ਵੱਖ-ਵੱਖ ਕੰਮ ਧੰਦਿਆਂ ਦਾ ਵੱਖ-ਵੱਖ ਸਮਿਤੀਆਂ ਬਣਾ ਕੇ ਵੱਖ-ਵੱਖ ਸੰਘ ਬਣਾ ਕੇ ਉਹਨਾਂ ਰਾਹੀਂ ਸੰਚਾਲਨ ਕਰਵਾਉਂਦਿਆਂ ਇਸ ਵਿਵਸਥਾ ਦਾ ਵਿਕਾਸ ਵੀ ਕੀਤਾ ਹੈ।"

ਸਾਨੂੰ ਜਾਪਿਆ ਜਿਵੇਂ ਉਹਨਾਂ ਨੇ ਇਹ ਗੱਲਾਂ ਮੋਟੀ ਜਿਹੀ ਕਿਤਾਬ ਵਿਚੋਂ ਪੜ੍ਹ ਕੇ ਦੱਸੀਆਂ ਹੋਣ ਉਹ ਕਿਤਾਬ ਬੰਦ ਕਰਦਿਆਂ ਕਹਿਣ ਲੱਗੇ, "ਅਸੀਂ ਦੋਵੇਂ ਨਾਲ ਦੇ ਕਾਲਿਜ ਵਿਚ ਪੜ੍ਹਾਉਂਦੇ ਆ ਪ੍ਰੋਫੈਸਰ ਲੱਗੇ ਹੋਏ ਹਾਂ। ਨਾਲੇ ਅਸੀਂ 'ਸੰਸਾਰ ਵਿਚ ਪੁਰਾਤਨ ਸਮਾਜ ਦੀ ਰਹਿੰਦ ਖੂੰਹਦ' ਉੱਤੇ ਖੋਜ ਕਾਰਜ ਵੀ ਕਰ ਰਹੇ ਹਾਂ।" ਅਸੀਂ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨ ਫਿਰ ਡਰ ਗਏ ਸਾਂ। ਕਿ ਕਿਤੇ ਦੋਵੇਂ ਪ੍ਰੋਫੈਸਰ ਸਾਡੇ ਨਾਲ ਸੰਗਕਾਰ ਘਾਟੀ ਵਿਚ ਜਾ ਕੇ ਸਾਡੇ ਦਾਰੋਕਿਪਾ ਕਬੀਲੇ ਤੋਂ ਬਣੇ ਦਾਰੋਕਿਪਾ ਗਣ ਦੇ ਜਨਾਂ ਦੇ ਜੀਵਨ ਉੱਤੇ ਖੋਜ ਕਰਨ ਲਈ ਨਾ ਕਹਿ ਦੇਣ। ਕਿਉਂਕਿ ਅਸੀਂ ਤਾਂ ਜੇਸਕਾਰ ਘਾਟੀ ਵਿਚ ਸੈਲਾਨੀਆਂ ਦਾ ਆਉਣਾ ਬੰਦ ਕੀਤਾ ਹੋਇਆ ਹੈ। ਪਰ ਉਹ ਪ੍ਰੋਫੈਸਰ ਸਾਨੂੰ ਦੱਸਣ ਲੱਗੇ ਕਿ ਜਿਵੇਂ ਤੁਹਾਡੇ ਕਬੀਲੇ ਦੇ ਲੋਕਾਂ ਨੇ ਹਜ਼ਾਰਾਂ ਸਾਲਾਂ ਤੋਂ ਆਪਣੀ ਸੰਸਕ੍ਰਿਤੀ ਨੂੰ ਸਾਂਭ ਕੇ ਰੱਖਿਆ ਹੋਇਆ ਹੈ, ਉਸੇ ਤਰ੍ਹਾਂ ਇਥੋਂ ਦੱਖਣ ਵੱਲ ਸੈਂਕੜੇ, ਹਜ਼ਾਰਾਂ ਮੀਲ ਦੂਰ ਦੇ ਸੰਘਣੇ ਜੰਗਲਾਂ ਵਿਚ ਵਸਦੇ ਵਣ ਵਾਸੀਆਂ ਨੇ ਵੀ ਹਜ਼ਾਰਾਂ ਸਾਲਾਂ ਤੋਂ ਆਪਣੀ ਸੰਸਕ੍ਰਿਤੀ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਪਰ ਹੁਣ ਸਰਕਾਰ ਉਹਨਾਂ ਵਣ ਵਾਸੀਆਂ ਨੂੰ ਜੰਗਲਾਂ ਵਿਚੋਂ ਉਜਾੜ ਰਹੀ ਹੈ। ਤੁਹਾਨੂੰ ਅਸੀਂ ਕੁਝ ਗੱਲਾਂ ਦੱਸਦੇ ਹਾਂ ਪਰ ਤੁਹਾਨੂੰ ਪੂਰਨ ਤੌਰ ਤੇ ਸਮਝ ਨਹੀਂ ਆਉਣੀਆਂ। ਅਸੀਂ ਜਦੋਂ ਸੱਤਰ ਸਾਲਾਂ, ਸੁਮੇਰ ਨੂੰ ਇਸ਼ਾਰਾ ਕੀਤਾ ਤੇ ਉਹ ਆਪਣੀ ਬਹੀ ਵਿਚ ਕੁਝ ਗੱਲਾਂ ਨੋਟ ਕਰਨ ਲੱਗ ਪਿਆ ਸੀ। ਮੈਂ ਦਾਰੋਕਿਪਾ ਗਣ ਦੀ ਜਨ ਸਭਾ ਨੂੰ ਦੱਸਿਆ ਕਿ ਅਸੀਂ ਦਾਰੋਕਿਪਾ ਗਣ ਦੀ ਸਮਿਤੀ ਦੇ ਜਨ, ਇਸ ਲਈ ਇਸਨੂੰ ਸੱਤ ਸਾਲਾ ਸੁਮੇਰ ਕਹਿੰਦੇ ਹਾਂ ਕਿ ਇਹ ਸਾਡੀ ਸਮਿਤੀ ਵਿਚੋਂ ਸਭ ਤੋਂ ਛੋਟਾ ਹੈ ਤੇ ਸਾਡੇ 'ਚੋਂ ਸਭ ਨਾਲੋਂ ਵੱਧ ਬੁੱਧੀਮਾਨ ਹੈ, ਬਹੀ ਵਿਚ ਲਿਖਣਾ ਜਾਣਦਾ ਹੈ। ਇਸਦੀ ਦਾੜ੍ਹੀ ਵਿਚ ਅਜੇ ਕੋਈ ਚਿੱਟਾ ਵਾਲ਼ ਵੀ ਨਹੀਂ ਆਇਆ। ਸਾਡੇ ਗਣ ਦੇ ਜਨਾਂ ਦੀ ਉਮਰ ਸੌ ਸਾਲ ਤੋਂ ਵੱਧ ਹੁੰਦੀ ਹੈ। ਜੇਕਰ ਇਸਨੂੰ ਦਾਰੋਕਿਪਾ ਗਣ ਦੀ ਸਮਿਤੀ ਦਾ 'ਗਣਪਤੀ' ਬਣਾ ਦਿੱਤਾ ਗਿਆ ਇਹਨੇ ਤੀਹ-ਪੈਂਤੀ ਸਾਲ ਤੱਕ ਕਿਸੇ ਹੋਰ ਜਨ ਨੂੰ 'ਗਣਪਤੀ' ਨਹੀਂ ਬਣਨ ਦੇਣਾ। ਸੁਮੇਰ ਖੜ੍ਹਾ ਹੋ ਕੇ ਖੁੱਲ੍ਹ ਕੇ ਹੱਸਦਿਆਂ ਕਹਿਣ ਲੱਗਿਆ, "ਮੈਂ ਦਾਰੋਕਿਪਾ ਗਣ ਦਾ ਗਣਪਤੀ ਨਹੀਂ ਬਣਨਾ ਚਾਹੁੰਦਾ, ਬਜ਼ੁਰਗਾਂ ਦੀ ਸਮਿਤੀ ਦਾ ਸਦੱਸ, ਮੈਂਬਰ ਬਣ ਕੇ ਹੀ ਸੇਵਾ ਨਿਭਾਉਂਦਾ ਰਹਾਂਗਾ।"

"ਚੰਗਾ ਫੇਰ ਦੱਸ ਉਸ ਦਿਨ ਪ੍ਰੋਫੈਸਰ ਸਾਹਿਬਾਨ ਨੇ ਕੀ ਕਿਹਾ ਸੀ?" ਗਣਪਤੀ ਵਰੁਣ ਨੇ ਉਹਨੂੰ ਕਿਹਾ।

"ਪ੍ਰੋਫੈਸਰ ਸਾਹਿਬਾਨ ਨੇ ਕਿਹਾ ਸੀ ਕਿ ਇਥੋਂ ਸੈਕੜੇ ਜੰਗਲਾਂ ਵਿਚ ਵੀ ਹਜ਼ਾਰਾਂ ਸਾਲਾਂ ਤੋਂ ਵਣ ਵਾਸੀ ਜਿਹਨਾਂ ਨੂੰ ਆਦੀਵਾਸੀ ਕਹਿੰਦੇ ਹਨ ਰਹਿੰਦੇ ਚਲੇ ਆ ਰਹੇ ਹਨ। ਇਹਨਾਂ ਜੰਗਲਾਂ ਵਿਚ ਕੋਲੇ ਦੀਆਂ ਖਾਨਾ ਹਨ। ਸਰਕਾਰ ਇਹਨਾਂ ਆਦਿਵਾਸੀਆਂ ਨੂੰ ਉਜਾੜ ਕੇ ਜੰਗਲਾਂ ਦੀ ਜ਼ਮੀਨ ਦੇਸੀ ਅਤੇ ਬਦੇਸ਼ੀ ਉਦਯੋਗਪਤੀਆਂ ਨੂੰ ਸਸਤੇ ਭਾਅ ਵੇਚ ਰਹੀ ਹੈ। ਉਹਨਾਂ ਨੂੰ ਇਮਾਰਤ, ਸੜਕਾ ਆਦਿ ਦੀ ਉਸਾਰੀ ਤੇ ਕਾਰਖਾਨਿਆਂ ਵਿਚ ਕੰਮ ਕਰਨ ਲਈ ਸਸਤੇ ਰੇਟ 'ਤੇ ਕੰਮ ਕਰਨ ਵਾਲੇ, ਆਦੀਵਾਸੀ ਬਣਵਾਸੀ ਮਜ਼ਦੂਰ ਮਿਲ ਜਾਂਦੇ ਹਨ। ਪ੍ਰੰਤੂ ਉਹਨਾਂ ਆਦੀਵਾਸੀਆਂ ਦੇ ਜੀਵਨ ਦਾ ਮੂਲਭੂਤ ਆਧਾਰ ਜਲ, ਜੰਗਲ ਤੇ ਜ਼ਮੀਨ ਹੈ, ਜਿਨ੍ਹਾਂ ਦੇ ਉੱਤੇ ਉਨ੍ਹਾਂ ਨੂੰ ਹਜ਼ਾਰਾਂ ਸਾਲਾਂ ਤੋਂ ਹੱਕ ਹਾਸਿਲ ਰਿਹਾ ਹੈ। ਪਰੰਤੂ ਸਰਕਾਰ ਦੁਆਰਾ ਲਿਆਂਦੀਆਂ ਬਹੁ ਰਾਸ਼ਟਰੀ ਕੰਪਨੀਆਂ ਨੇ ਇਨ੍ਹਾਂ ਤਿੰਨਾਂ ਤੋਂ ਉਹਨਾਂ ਦਾ ਅਧਿਕਾਰ ਖੋਹ ਲਿਆ ਹੈ। ਉਹ ਬੇ ਘਰੇ ਹੋਏ ਭਟਕਦੇ ਘੁੰਮਦੇ ਫਿਰ ਰਹੇ ਹਨ।" ਦਾਰੋਕਿਪਾ ਗਣ ਦੇ ਜਨਾਂ ਦੀਆਂ ਚਾਰੇ ਪਾਸਿਆਂ ਤੋਂ ਅਵਾਜ਼ਾਂ ਆਉਣ ਲੱਗ ਪਈਆਂ। ਕਿ ਜੰਗਲ ਵਾਸੀ ਉਹਨਾਂ ਤੋਂ ਜਲ, ਜੰਗਲ, ਜ਼ਮੀਨ ਖੋਹਣ ਦਾ ਵਿਰੋਧ ਕਿਉਂ ਨਹੀਂ ਕਰਦੇ?" ਸੁਮੇਰ ਉਹਨਾਂ ਨੂੰ

ਦੱਸਣ ਲੱਗਿਆ, "ਪ੍ਰੋਫ਼ੈਸਰ ਸਾਹਿਬਾਨ ਨੇ ਕਿਹਾ ਸੀ ਕਿ ਦੇਸ 'ਤੇ ਰਾਜ ਕਰਨ ਵਾਲੀ 'ਸਰਕਾਰ ਹੈ ਅਤੇ ਸਰਕਾਰ ਆਪਣੀ ਗੱਲ ਪੁਲਿਸ ਦੁਆਰਾ ਮਨਵਾਉਂਦੀ ਹੈ।ਆਪਣੇ ਜਲ, ਜੰਗਲ, ਜ਼ਮੀਨ ਸਰਕਾਰ ਨੂੰ ਨਾ ਦੇਣ ਵਾਲਿਆਂ 'ਤੇ ਅਤੇ ਇਸਦਾ ਵਿਰੋਧ ਕਰਨ ਵਾਲਿਆਂ ਉੱਤੇ ਸਰਕਾਰ ਪੁਲਿਸ ਦੁਆਰਾ ਜਬਰ ਜ਼ੁਲਮ ਕਰਵਾਉਂਦੀ ਹੈ। ਵਿਰੋਧ ਕਰਨ ਵਾਲਿਆਂ ਨੂੰ ਪੁਲਿਸ ਵਾਲੇ ਮਾਰਦੇ-ਕੁਟਦੇ ਹੋਏ ਘਰਾਂ ਤੋਂ ਖਿੱਚ ਕੇ ਲੈ ਜਾਂਦੇ ਹਨ। ਉਹਨਾਂ ਦੇ ਕਪੜੇ ਫਟ ਜਾਂਦੇ ਹਨ। ਥਾਣੇ ਵਿਚ ਲਿਜਾ ਕੇ ਪੁਲਿਸ ਵਾਲੇ ਅਤੇ ਉਹਨਾਂ ਦੇ ਗੁੰਡੇ ਸਮੂਹਕ ਬਲਾਤਕਾਰ ਕਰਦੇ ਹਨ। ਇਸ ਤਰ੍ਹਾਂ ਨਾਲ ਜੰਗਲ ਵਾਸੀ ਪੁਰਖ ਤੇ ਇਸਤਰੀਆਂ ਨੂੰ ਜ਼ਲੀਲ, ਸ਼ਰਮਸਾਰ, ਅਪਮਾਨਿਤ ਤੇ ਮਾਨਸਿਕ ਤੇ ਸਰੀਰਕ ਤੌਰ ਤੇ ਉਤਪੀੜਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਉਹਨਾਂ ਦੇ ਅਸਤਿਤਵ ਅਤੇ ਹੋਂਦ ਤੇ ਸੰਕਟ ਦੇ ਬੱਦਲ ਗਰਜਦੇ ਰਹਿੰਦੇ ਹਨ।"

ਪ੍ਰੋਫ਼ੈਸਰ ਸਾਹਿਬਾਨ ਨੇ ਦੱਸਿਆ ਕਿ ਜਿਵੇਂ ਸਾਡੇ ਦਾਰੋਕਿਪਾ ਗਣ ਦੇ ਸਮੂਹ ਵਿਚ ਜਿੰਦਾ ਰਹਿਣਾ ਖਾਸੀਅਤ ਹੈ ਅਤੇ ਅਸੀਂ ਇਕੱਲੇ ਇਕੱਲੇ ਰਹਿ ਕੇ ਜੀਵਨ ਜੀਅ ਨਹੀਂ ਸਕਦੇ।" ਇਸੇ ਤਰ੍ਹਾਂ ਆਦੀਵਾਸੀ ਸਮਾਜ ਦੇ ਸਮੂਹ ਵਿਚ ਜਿੰਦਾ ਰਹਿਣਾ ਵੀ ਵਿਸ਼ੇਸ਼ ਖਾਸੀਅਤ ਹੈ। ਪਰ ਉਨ੍ਹਾਂ ਨੂੰ ਜੰਗਲ ਵਿਚੋਂ ਉਜਾੜਨ ਨਾਲ ਉਹਨਾਂ ਦਾ ਸਮੂਹ ਵਿਚ ਰਹਿਣ ਦਾ ਆਚਰਣ ਟੁੱਟਦਾ ਹੈ, ਬਿਖਰਦਾ ਹੈ, ਤਾਂ ਹਸ਼ਰ ਬੁਰਾ ਹੁੰਦਾ ਹੈ। ਉਹਨਾਂ ਦੇ ਜੀਵਨ ਮੁੱਲ ਹੀ ਬਿਖਰ ਜਾਂਦੇ ਹਨ। ਸਮੂਹ ਵਿਚ ਰਹਿ ਕੇ ਖਾਣਾ, ਪੀਣਾ, ਨੱਚਣਾ ਆਪਣੇ ਦੇਸੀ ਸਾਜ ਵੀਣਾ, ਬੰਸਰੀ, ਢੋਲਕ ਵਜਾ ਕੇ ਗੀਤ ਗਾਉਣੇ, ਜਾਨਵਰਾਂ, ਪੰਛੀਆਂ ਦੀਆਂ, ਉਹਨਾਂ ਸੂਰਬੀਰਾਂ ਦੀਆਂ ਜਿਹਨਾਂ ਨੇ ਅੰਗਰੇਜ਼ਾਂ ਦੁਆਰਾ ਉਹਨਾਂ ਦੇ ਜਲ, ਜੰਗਲ, ਜ਼ਮੀਨ ਖੋਹਣ ਦੇ ਵਿਰੁੱਧ ਸੰਘਰਸ਼ ਕੀਤਾ ਜਾਨਾ ਵਾਰੀਆਂ ਦੀਆਂ ਕਥਾ ਕਹਾਣੀਆਂ ਸੁਣਾਉਣੀਆਂ ਤੇ ਨਿਸ਼ਚਿੰਤ ਹੋ ਕੇ ਆਪਣੀ ਨੀਂਦ ਸੌਣਾ, ਜਾਗਣਾ ਸਭ ਕੁਝ ਬੀਤੇ ਹੋਏ ਇਤਿਹਾਸ ਦੇ ਪਲ ਹੋ ਗਏ ਹਨ।

ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨ ਆਪਣੇ ਗਣ ਦੇ ਜਨਾਂ ਨੂੰ ਭੈ-ਭੀਤ ਹੋ ਕੇ ਸੋਚਦਿਆਂ ਨੂੰ ਦੇਖ ਕੇ ਸਮਝ ਗਏ ਸਨ ਕਿ ਉਹ ਇਹ ਵਿਚਾਰ ਕਰ ਰਹੇ ਹਨ, ਕਿ 'ਜੇ ਉਹਨਾਂ ਦੇ ਦਾਰੋਕਿਪਾ ਗਣ ਦੇ ਜਨਾਂ ਨਾਲ ਵੀ ਜਿਹਨੂੰ 'ਸਰਕਾਰ' ਕਹਿੰਦੇ ਹਨ ਦੇ ਕਹਿਣ ਤੇ ਪੁਲਿਸ ਵਾਲੇ ਏਦਾ ਹੀ ਕਰਨ ਉਹਨਾਂ ਨੂੰ ਉਜਾੜਨ ਤਾਂ ਉਹਨਾਂ ਦਾ ਆਪਣਾ ਕੀ ਹਸ਼ਰ ਹੋਵੇਗਾ।'

ਅਸੀਂ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨ ਵੀ ਹੈਰਾਨ ਹੋ ਰਹੇ ਸਾਂ ਕਿ ਪੁਲਿਸ ਤੋਂ ਉਪਰ ਕੋਈ ਸਰਕਾਰ ਵੀ ਹੁੰਦੀ ਹੈ? ਅਸੀਂ ਸੁਮੇਰ ਨੂੰ ਇਸ਼ਾਰਾ ਕੀਤਾ, ਕਿਉਂਕਿ ਉਹ ਹੀ ਪ੍ਰੋਫ਼ੈਸਰ ਸਾਹਿਬਾਨ ਤੋਂ ਪੁੱਛ-ਪੁੱਛ ਕੇ ਕੁਝ ਗੱਲਾਂ ਆਪਣੀ ਬਹੀ ਵਿਚ ਨੋਟ ਕਰ ਰਿਹਾ ਸੀ, ਉਹਨੇ ਪੁੱਛਿਆ, "ਪ੍ਰੋਫ਼ੈਸਰ ਜੀਓ ! ਸਰਕਾਰ ਕੀ ਹੁੰਦੀ ਹੈ, ਜਿਹੜੀ ਸਹਸਤਰ੍ਹਾਂ, ਹਜ਼ਾਰਾਂ ਸਾਲਾਂ ਤੋਂ ਜੰਗਲਾਂ ਵਿਚ ਰਹਿਣ ਵਾਲੇ ਵਣ ਵਾਸੀਆਂ , ਆਦੀਵਾਸੀਆਂ ਤੋਂ ਜਲ-ਜੰਗਲ, ਜ਼ਮੀਨ ਜਬਰਦਸਤੀ ਖੋਂਹਦੀ ਹੈ ਅਤੇ ਪੁਲਿਸ ਤੋਂ ਉਹਨਾਂ ਉੱਤੇ ਜ਼ੁਲਮ ਤਸ਼ੱਦਦ ਕਰਵਾ ਕੇ ਉਹਨਾਂ ਨੂੰ ਜੰਗਲ ਵਿਚੋਂ ਖਦੇੜ ਦਿੰਦੀ ਹੈ ਅਤੇ ਉਹ ਆਦੀਵਾਸੀ ਵਿਚਾਰੇ ਬੇਘਰ ਹੋਏ ਮਿਹਨਤ ਮਜ਼ੂਰੀ ਕਰਕੇ ਤੇ ਜੇ ਮਿਹਨਤ ਮਜ਼ੂਰੀ ਨਾ ਮਿਲੇ ਤਾਂ ਭਿੱਖ ਮੰਡੇ ਬਣ ਕੇ ਢਿੱਡ ਭਰਦੇ ਹਨ। ਉਹਨਾਂ ਦੀਆਂ ਆਸਾਂ ਉਮੀਦਾਂ ਅਤੇ ਚਾਅ ਮਧੋਲੇ ਗਏ ਹਨ। ਉਹਨਾਂ ਦੇ ਬੱਚੇ ਢੇਰਾਂ ਉੱਤੋਂ ਕਚਰਾ, ਲਿਫ਼ਾਫ਼ੇ, ਖਾਲੀ ਬੋਤਲਾਂ ਇਕੱਠੀਆਂ ਕਰਦੇ ਫਿਰਦੇ ਨੇ।

ਦੋਵੇਂ ਪ੍ਰੋਫ਼ੈਸਰ ਸਾਹਿਬਾਨ ਵਾਰੀ-ਵਾਰੀ ਗੱਲਾਂ ਕਰਦਿਆਂ ਦੱਸ ਰਹੇ ਸਨ ਕਿ ਅਸਲ ਵਿਚ ਰਾਜ, ਸਟੇਟ ਦੁਆਰਾ ਬਣਾਈਆਂ ਹੋਈਆਂ ਨੀਤੀਆਂ ਪਾਲਸੀਆਂ ਨੂੰ ਹੀ ਸਰਕਾਰ ਨੇ ਲਾਗੂ ਕਰਨਾ ਹੁੰਦਾ ਹੈ। ਅਤੇ ਸਰਕਾਰ ਉਹਨਾਂ ਪਾਲਿਸੀਆਂ ਅਨੁਸਾਰ ਬਣਾਈਆਂ ਸਕੀਮਾਂ, ਯੋਜਨਾਵਾਂ ਨੂੰ ਪੁਲਿਸ ਵਾਲਿਆਂ ਅਤੇ ਪ੍ਰਸ਼ਾਸ਼ਨ ਦੇ ਅਫਸਰ ਤੇ ਕਰਮਚਾਰੀਆਂ ਦੁਆਰਾ ਲਾਗੂ ਕਰਦੀ ਹੈ। ਕਿਉਂਕਿ ਰਾਜ, ਸਟੇਟ ਲੋਕ ਪੱਖੀ ਨਹੀਂ,



ਸਰਮਾਏਦਾਰੀ ਪੱਖੀ ਹੈ। ਇਸ ਲਈ ਪੁਲਿਸ ਤੇ ਪ੍ਰਸ਼ਾਸ਼ਨ ਨੂੰ ਇਹ ਅਧਿਕਾਰ ਦਿੱਤੇ ਜਾਂਦੇ ਹਨ ਕਿ ਉਹ ਆਮ ਲੋਕਾਂ ਦਾ ਸ਼ੋਸ਼ਣ ਕਰਦੇ ਰਹਿਣ... ਲੁੱਟ ਖਸੁੱਟ ਨਾਲ ਮਾਰ ਕੁੱਟ ਵੀ ਕਰਦੇ ਰਹਿਣ ਤਾਂ ਜੋ ਲੋਕਾਂ ਦਾ ਮਨੋ ਬਲ ਡਿੱਗਦਾ ਚਲਿਆ ਜਾਵੇ ਤੇ ਉਹ ਰਾਜ ਦੀਆਂ ਬਣਾਈਆਂ ਤੇ ਸਰਕਾਰ ਦੁਆਰਾ ਲਾਗੂ ਕੀਤੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਦੇ ਯੋਗ ਹੀ ਨਾ ਰਹਿ ਸਕਣ।

ਅੰਤ ਵਿਚ ਪਗੜੀ ਵਾਲਾ ਪ੍ਰੋਫ਼ੈਸਰ ਸਾਡੀ ਸਮਿਤੀ ਦੇ ਜਨਾਂ ਨੂੰ ਸੰਬੋਧਨ ਕਰਨ ਲੱਗਿਆ, "ਹੇ ! ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਮੈਂਬਰੋਂ ! ਤੁਸੀਂ ਜਦੋਂ ਜੰਗਲ ਵਿਚੋਂ ਨਿਕਲ ਕੇ ਸ਼ਹਿਰ ਵਿਚ ਆ ਜਾਂਦੇ ਓ ਤਾਂ ਤੁਹਾਡੀ 'ਸ਼ਿਕਾਰ ਕਰਨ ਵਾਲੀਆਂ', 'ਖੇਤੀ ਕਰਨ ਵਾਲੀਆਂ' ਜਨਾਂ ਦੀਆਂ ਸਮਿਤੀਆਂ ਅਤੇ ਦਾਰੋਕਿਪਾ ਗਣ ਦੀਆਂ ਹੋਰ ਸਮਿਤੀਆਂ ਨੂੰ ਸੰਚਾਲਨ ਕਰਨ ਵਾਲੀ ਤੁਹਾਡੀ 'ਦਾਰੋਕਿਪਾ ਗਣ' ਦੀ ਬਜ਼ੁਰਗਾਂ ਦੀ ਸਮਿਤੀ ਦੀ ਸ਼ਕਤੀ ਸਮਾਪਤ ਹੋ ਜਾਂਦੀ ਹੈ। ਅਰਥ ਹੀਣ ਹੋ ਜਾਂਦੀ ਹੈ ਅਤੇ ਤੁਸੀਂ-ਤੁਸੀਂ ਬੇ ਸਹਾਰਾ ਅਤੇ ਲਾਚਾਰ ਹੋ ਜਾਂਦੇ ਓ ਅਤੇ ਤੁਹਾਡੀ ਹੋਂਦ, ਤੁਹਾਡਾ ਜਿਓਣਾ ਸੇਠ ਕਰੋੜੀ ਮੱਲ ਵਰਗੇ ਲੋਕਾਂ ਦਾ ਖ਼ੂਨ ਚੂਸਣ ਵਾਲਿਆਂ ਅਤੇ ਅਮਨ ਕਾਨੂੰਨ ਲਾਗੂ ਕਰਨ ਅਤੇ ਲੋਕਾਂ ਨੂੰ ਸੁਰੱਖਿਆ ਦੇਣ ਦੇ ਨਾਂ ਉੱਤੇ ਲੋਕਾਂ ਨੂੰ ਡਰਾ ਧਮਕਾ ਕੇ ਉਹਨਾਂ ਦੇ ਉੱਤੇ ਝੂਠੇ ਕੇਸ ਬਣਾਉਣ ਦੇ ਨਾਂ 'ਤੇ ਉਹਨਾਂ ਤੋਂ ਪੈਸੇ ਬਟੋਰਨ ਅਤੇ ਲੋਕਾਂ ਦੀ ਇੱਜ਼ਤ ਦਾ ਮਜ਼ਾਕ ਉਡਾਉਣ ਵਾਲੀ ਪੁਲਿਸ ਉੱਤੇ ਨਿਰਭਰ ਕਰਨ ਲੱਗ ਪੈਂਦਾ ਏ।"

"ਬਾਪੂ ਜੀ ! ਬਾਬਿਓ !! ਤੁਹਾਨੂੰ ਅਸੀਂ ਕੀ ਦੱਸੀਏ ਸਾਡਾ ਵਿਦਵਾਨਾਂ ਬੁੱਧੀ ਜੀਵੀਆ ਫਿਲਾਸਫਰਾਂ ਦਾ ਤਾਂ ਇਹ ਸੁਪਨਾ ਕਿ ਹਜ਼ਾਰ ਲੱਖਾਂ ਕਰੋੜਾ ਲੋਕ ਇਕੱਠੇ ਹੋ ਕੇ ਸੰਘਰਸ਼ ਕਰਨ ਅਤੇ ਸੰਸਾਰ ਉੱਤੇ ਜਬਰ ਤੇ ਜ਼ੁਲਮ ਵਾਲਾ ਰਾਜ ਸਮਾਪਤ ਹੋਵੇ ਫਿਰ ਰਾਜ ਸਟੇਟ ਤੇ ਸਰਕਾਰ ਦੀ ਕੋਈ ਜ਼ਰੂਰਤ ਨਹੀਂ ਰਹੇਗੀ। ਅਤੇ ਫਿਰ ਜਿਵੇਂ ਜੰਗਲ ਵਾਸੀਆਂ ਦਾ ਸਵੈ ਸ਼ਾਸ਼ਨ ਤੁਹਾਡਾ ਦਾਰੋਕਿਪਾ ਗਣ ਦਾ ਵੱਖ-ਵੱਖ ਸਮਿਤੀਆਂ ਵਾਲਾ ਸੰਘ ਰਾਹੀ ਕਾਰਜ ਸੰਚਾਲਨ ਕਰਨ ਵਾਲਾ ਪ੍ਰਬੰਧ ਹੈ... ਇਸੇ ਤਰ੍ਹਾਂ ਦੇ ਹੀ ਸਾਰੀ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਕੰਮਾਂ, ਵੱਖ-ਵੱਖ ਕਾਰਜ ਸੰਚਾਲਿਤ ਕਰਨ ਲਈ ਚਲਾਉਣ ਲਈ ਆਮ ਲੋਕਾਂ ਦੀਆਂ ਵੱਖ-ਵੱਖ ਸਮਿਤੀਆਂ ਵੱਖ-ਵੱਖ ਸੰਘ ਬਣਾਏ ਜਾਣ। ਫਿਰ ਇਹ ਆਮ ਲੋਕਾਂ ਦਾ ਲੋਕ ਭਲਾਈ ਵਾਲਾ ਸਮਾਜਿਕ ਬਰਾਬਰੀ ਵਾਲਾ ਰਾਜ ਹੋਵੇਗਾ। ਸ਼ਾਇਦ ਅਜਿਹੇ ਰਾਜ ਪ੍ਰਬੰਧ ਨੂੰ ਹੀ ਵੱਖ-ਵੱਖ ਫਿਲਾਸਫਰਾਂ ਨੇ ਸਾਮ-ਵਾਦ, ਸਮਾਜਿਕ ਬਰਾਬਰੀ ਵਾਲਾ ਰਾਜ ਕਿਹਾ ਹੈ, ਜਿਸ ਵਿਚ ਕਿਸੇ ਦੀ ਵੀ ਕੋਈ ਨਿੱਜੀ ਸੰਪਤੀ ਨਹੀਂ ਹੋਵੇਗੀ। ਸਾਰੀ ਸੰਪਤੀ ਸਮੁੱਚੇ ਤੌਰ ਤੇ ਸਾਰੇ ਸਮਾਜ ਦੀ ਹੋਵੇਗੀ। ਬਾਬਿਓ ! ਸਾਰੀਆਂ ਗੱਲਾਂ ਤੁਹਾਨੂੰ ਕਿੰਨੀਆਂ ਕੁ ਸਮਝ ਲੱਗੀਆਂ ਕਹਿ ਨਹੀਂ ਸਕਦੇ।"

ਸੁਮੇਰ ਨੂੰ ਹੱਥ ਦਾ ਇਸ਼ਾਰਾ ਕਰਕੇ ਬਿਠਾਉਂਦਿਆ, ਗਣਪਤੀ, ਵਰੁਣ ਗਣ ਦੀ ਜਨ ਸਭਾ ਨੂੰ ਦੱਸਣ ਲੱਗਿਆ ਕਿ ਖਾਣੇ ਦੇ ਪੰਜ ਸੌ ਰੁਪਏ ਦੇ ਕੇ ਸੇਠ ਕਰੋੜੀ ਮੱਲ ਦੀ ਦੁਕਾਨ ਵੱਲ ਜਾਂਦਿਆਂ ਅਸੀਂ ਡਰ ਰਹੇ ਸਾਂ ਕਿ ਪ੍ਰੋਫ਼ੈਸਰਾਂ ਦੇ ਦੱਸਣ ਮੁਤਾਬਕ ਸੇਠ ਕਿੰਨਾ ਧੋਖੇਬਾਜ ਸੀ। ਉਹ ਪੁਲਿਸ ਨਾਲ ਮਿਲ ਕੇ ਝੁੱਗੀ ਝੋਂਪੜੀ ਵਾਲਿਆਂ ਨੂੰ ਤੰਗ ਪ੍ਰੇਸ਼ਾਨ ਕਰਦਾ ਸੀ। ਉਹ ਉਹਨਾਂ ਨੂੰ ਵਿਆਜ 'ਤੇ ਪੈਸੇ ਦਿੰਦਾ ਸੀ। ਪ੍ਰੋਫ਼ੈਸਰਾਂ ਦੇ ਦੱਸਣ ਮੁਤਾਬਕ ਸੋ ਰੁਪਏ ਦੇ ਕੇ ਦੁੱਗਣੇ ਦੋ-ਸੋ ਵਸੂਲ ਕਰਦਾ ਸੀ। ਜੇ ਕੋਈ ਗਰੀਬ-ਗੁਰਬਾ ਉਸਦੇ ਪੈਸੇ ਦੇਣ ਤੋਂ ਅਸਮਰਥ ਹੁੰਦਾ ਸੇਠ ਪੁਲਿਸ ਰਾਹੀਂ ਉਹਦੇ ਘਰੋਂ ਗਾਂ, ਮੱਝ, ਬੱਕਰੀ ਆਦਿ ਪਸ਼ੂ ਲੈ ਆਉਂਦਾ ਸੀ। ਉਹ ਤਾਂ ਉਹਨਾਂ ਦੀਆਂ ਤੀਵੀਆਂ ਤੇ ਕੁੜੀਆਂ ਨੂੰ ਵੀ ਵਿਚ ਪੈ ਕੇ ਦਲਾਲਾਂ ਰਾਹੀ ਅੱਗੇ ਵੇਚਣ ਦਾ ਧੰਦਾ ਕਰਦਾ ਸੀ। ਪਰ ਪੁਲਿਸ ਦੇ ਡਰ ਕਰਕੇ ਉਹਦੇ ਅੱਗੇ ਕੋਈ ਕੁਸਕਦਾ ਨਹੀਂ ਸੀ। ਸਾਨੂੰ ਵੀ ਥੋੜੀਆਂ ਜਿਹੀਆਂ ਵਸਤੂਆਂ ਦੇ ਕੇ ਸਾਡੇ ਸਾਰੇ ਪਸ਼ੂ ਰੱਖ ਲੈਂਦਾ ਸੀ ਤੇ ਸਾਨੂੰ ਹਰ ਸਾਲ ਕਹਿੰਦਾ ਸੀ, "ਅੱਗੇ ਤੋਂ ਵੱਧ ਪਸ਼ੂ ਲੈ ਕੇ ਆਓ ਤੁਸੀਂ ਸਮਾਨ ਵੱਧ ਲੈ ਚਲੇ ਓ।" ਸਾਨੂੰ ਤਾਂ ਉਸਦੀਆਂ ਕਰਤੂਤਾਂ ਦਾ ਹੁਣ ਪਤਾ ਲੱਗਿਆ ਸੀ। ਸਾਨੂੰ ਤਾਂ ਉਹਦੀ

ਪਤਨੀ ਤੋਂ ਵੀ ਡਰ ਲੱਗਣ ਲੱਗ ਪਿਆ ਸੀ ਕਿ ਉਹ ਸਾਡੇ ਨਾਲ ਕੋਈ ਹੋਰ ਕਾਰਾ ਨਾ ਕਰ ਦੇਣ।"

ਦੂਸਰੀ ਸਵੇਰ, ਅਸੀਂ ਆਪਣੇ ਨਾਲ ਲੈ ਗਏ ਪਸ਼ੂਆਂ ਬਦਲੇ ਲਏ ਹਥਿਆਰ ਔਜਾਰ ਤੇ ਹੋਰ ਵਸਤਾਂ, ਘੋੜਿਆ ਤੇ ਲੱਦ ਕੇ ਸ਼ਹਿਰ ਤੋਂ ਆਪਣੇ ਦਾਰੋਕਿਪਾ ਗਣ ਵੱਲ ਤੁਰ ਪਏ ਸਾਂ।ਅਸੀਂ ਅਜੇ ਸ਼ਹਿਰ ਤੋਂ ਬਾਹਰ ਨਿਕਲੇ ਹੀ ਸਾਂ। ਸਾਨੂੰ ਕੁਝ ਖਾਕੀ ਵਰਦੀ ਵਾਲੇ ਪੁਲਿਸ ਵਾਲਿਆਂ ਨੇ ਘੇਰ ਲਿਆ ਸੀ ਅਤੇ ਸਾਨੂੰ ਥਾਣੇ ਚੱਲਣ ਲਈ ਕਹਿਣ ਲੱਗ ਪਏ ਸਨ।ਅਸੀਂ ਸੋਚਦੇ ਕਿ ਉਹਨਾਂ ਨੂੰ ਆਪਣਾ ਅਤਾ ਪਤਾ ਕੀ ਦੱਸਾਂਗੇ? ਉਹ ਪੁੱਛਦੇ ਹਨ "ਨਾਂ, ਪਿਤਾ ਦਾ ਨਾਮ..." ਪਰ ਅਸੀਂ ਪਿਤਾ ਦਾ ਨਾਮ ਕੀ ਦੱਸਦੇ? ਝੂਠ ਬੋਲਣਾ ਸਾਨੂੰ ਆਉਂਦਾ ਹੀ ਨਹੀਂ।ਉਹਨਾਂ ਨੇ ਸਾਨੂੰ ਚੋਰੀ ਡਾਕੇ ਦਾ ਕੇਸ ਬਣਾ ਕੇ ਜੇਲ੍ਹ ਵਿਚ ਸੁੱਟ ਦੇਣਾ ਸੀ, ਸਾਨੂੰ ਕਿਹੜਾ ਕਿਸੇ ਨੇ ਛੁਡਵਾਉਣਾ ਸੀ। ਪਰ ਉਨ੍ਹਾਂ ਵਿਚੋਂ ਇਕ ਜਣਾ ਕਹਿਣ ਲੱਗਿਆ, "ਚਲੋਂ ਇਹਨਾਂ ਕੋਲੋਂ ਸਫੈਦ ਰੰਗ ਦਾ ਘੋੜਾ ਲੈ ਲਓ ਤੇ ਇਹਨਾਂ ਨੂੰ ਜਾਣ ਦਿਓ।" ਅਸੀਂ ਦੁਖੀ ਮਨ ਨਾਲ 'ਪਖਤ' ਨਸਲ ਦੇ ਸਭ ਤੋਂ ਦਰਸ਼ਨੀ ਤੇ ਤੇਜ ਤਰਾਰ ਸਫੈਦ ਰੰਗ ਦੇ ਘੋੜੇ ਉਤੋਂ, ਆਪਣਾ ਸਮਾਨ ਉਤਾਰ ਕੇ, ਫਸਿਆ ਹੋਇਆ ਨੇ ਘੋੜਾ ਉਹਨਾਂ ਦੇ ਹਵਾਲੇ ਕਰ ਦਿੱਤਾ ਸੀ।

ਘੋੜਾ ਬਹੁਤ ਸਮਝਦਾਰ ਜਾਨਵਰ ਹੈ। ਇਹ ਸਫ਼ੈਦ ਰੰਗ ਦਾ ਘੋੜਾ ਸਮਝ ਗਿਆ ਸੀ ਕਿ ਉਹਨੂੰ ਓਪਰੇ ਸਵਾਰਾਂ ਨੂੰ ਦੇ ਦਿੱਤਾ ਗਿਆ ਹੈ। ਪੁਲਿਸ ਵਾਲਾ ਜਦ ਵੀ ਇਸ ਉੱਤੇ ਸਵਾਰ ਹੋਣ ਲਈ ਰਕਾਬ 'ਤੇ ਪੈਰ ਰੱਖਿਆ ਕਰੇ, ਇਹ ਕਦੇ ਥੱਲੇ ਬਹਿ ਜਾਇਆ ਕਰੇ, ਕਦੇ ਛਾਲ ਮਾਰਕੇ ਅੱਗੇ ਲੰਘ ਜਾਇਆ ਕਰੇ। ਮਰੀਅਲ ਜਿਹਾ ਥਾਣੇਦਾਰ ਗੁੱਸੇ ਵਿਚ ਗਰਜਿਆ ਸੀ, "ਆਹ ਲਓ ਫੜੋ ਆਪਣਾ ਘੋੜਾ ਥਾਣੇ ਚਲੋ ਤੁਸੀਂ ਚੋਰੀ ਦਾ ਸਮਾਨ ਚੁੱਕੀਂ ਲਈ ਜਾਂਦੇ ਓ, ਸਾਨੂੰ ਤੁਹਾਡੀ ਸ਼ਿਕਾਇਤ ਮਿਲੀ ਏ ਨਹੀਂ ਫੇਰ ਸਮਾਨ ਇਥੇ ਰੱਖੋ ਅਤੇ ਇਥੋਂ ਭੱਜ ਜਾਓ।" ਅਸੀਂ ਆਪਣੇ-ਆਪਣੇ ਘੋੜਿਆ 'ਤੇ ਸਵਾਰ ਹੋ ਕੇ ਘੋੜੇ ਭਜਾ ਲਏ ਸੀ। ਅਸੀਂ ਤਾਂ ਉਨ੍ਹਾਂ ਨੂੰ ਕਹਿਣ ਲੱਗੇ ਸੀ , 'ਭਾਵੇਂ ਸਾਡੇ ਕੱਪੜੇ ਵੀ ਲੁਹਾ ਲਓ ਅਸੀਂ ਤੇੜ ਲੰਗੋਟ ਲਾਏ ਹੋਏ ਹਨ ਪਰ ਸਾਨੂੰ ਪੁਲਿਸ ਦੀ ਪਕੜ ਵਿਚੋਂ ਛੱਡ ਦਿਓ।"

ਸਾਥੋਂ ਪੁਲਿਸ ਤੋਂ ਬਚ ਕੇ ਆਉਣ ਦੀ ਕਹਾਣੀ ਸੁਣ ਕੇ ਦਾਰੋਕਿਪਾ ਗਣ ਦੀ ਜਨ ਸਭਾ ਵਿਚ ਸ਼ਾਮਿਲ ਹੋਏ, ਸਾਰੇ ਜਨ ਖੁੱਲ੍ਹ ਕੇ ਹਸ ਰਹੇ ਹਨ ਅਸੀਂ ਦਾਰੋਕਿਪਾ ਗਣ ਦੀ ਬਜ਼ੁਰਗਾਂ ਦੀ ਸਮਿਤੀ ਦੇ ਜਨ ਵੀ ਹੱਸ-ਹੱਸ ਕੇ ਦੂਹਰੇ ਹੋ ਰਹੇ ਹਾਂ।

"ਗਣਪਤੀ ਵਰੁਣ ਜੀ ।" ਮੈਂ ਸਮਝ ਗਿਆ ਹਾਂ... ਖਾਣਾ ਤਿਆਰ ਹੋਣ ਦਾ ਸੱਦਾ ਆ ਗਿਆ ਹੈ। ਮੇਰੇ ਯਾਦ ਆਇਆ, ਸਭਾ ਦੇ ਅੰਤ ਵਿਚ ਅਗਨੀ ਕੁਝ ਕਹਿਣਾ ਚਾਹੁੰਦੀ ਹੈ, "ਅਗਨੀ ਤੀਹ ਸਾਲਾਂ ਦੀ ਸੁੰਦਰ ਸੁਡੋਲ ਗੋਰੀ ਚਿੱਟੀ ਲੰਮੀ-ਲੰਝੀ ਤਿੱਖੇ ਨੈਣ ਨਕਸ਼ਾਂ ਵਾਲੀ ਅਗਨੀ ਗਣਪਤੀ ਵਰੁਣ ਕੋਲ ਆ ਕੇ ਦੱਸਣ ਲੱਗੀ, "ਮੈਂ ਕਲ੍ਹ ਰਾਤੀਂ ਪਹਾੜੀ ਦੀ ਉੱਚੀ ਚੋਟੀ ਉਤਲੇ ਦਰਖਤ ਤੇ ਚੜ੍ਹ ਕੇ ਦੇਖਿਆ ਨ੍ਹੇਰੇ ਵਿਚ ਇਕ ਚਾਨਣ ਭੱਜਿਆ ਜਾਂਦਾ ਸੀ। ਮੈਂ ਬਾਹਰਲੀ ਦੁਨੀਆਂ ਨੂੰ ਸੰਗਕਾਰ ਘਾਟੀ ਵਿਚੋਂ ਨਿਕਲ ਕੇ ਦੇਖਣਾ ਚਾਹੁੰਦੀ ਸੀ ਤੇ ਅੱਜ ਰਾਤ ਨੂੰ ਮੈਂ ਸੰਗਕਾਰ ਘਾਟੀ ਛੱਡਕੇ ਪਹਾੜੀ ਉਤਰ ਕੇ ਸੜਕ 'ਤੇ ਜਾਂਦੀ ਰੌਸ਼ਨੀ ਨੂੰ ਚਾਨਣ ਨੂੰ ਫੜਨਾ ਚਾਹੁੰਦੀ ਸੀ।" ਮੈਂ ਹੱਸ ਕੇ ਕਿਹਾ ਕਿ ਫੇਰ ਤਾਂ ਤੂੰ ਨ੍ਹੇਰੇ ਵਿਚੋਂ ਨਿਕਲ ਕੇ ਚਾਨਣ ਵਲ ਜਾਣਾ ਚਾਹੁੰਦੀ ਸੀ।

"ਹਾਂ... ਮੈਂ ਜਾਣਾ ਚਾਹੁੰਦੀ ਸੀ, ਪਰ ਗਣਪਤੀ ਵਰੁਣ ਜੀ ਤੁਸੀਂ ਅੱਜ ਸੰਗਕਾਰ ਘਾਟੀ ਵਿਚੋਂ ਜਾ ਕੇ ਬਾਹਰਲੀ ਦੁਨੀਆਂ ਦੇ ਹੋਣ ਵਾਲੇ ਅਨੁਭਵ ਦੱਸੇ ਇਸ ਲਈ ਮੈਂ ਤੁਹਾਡੀ ਬਹੁਤ ਧੰਨਵਾਦੀ ਹਾਂ। ਸੰਗਕਾਰ ਘਾਟੀ ਤੋਂ ਬਾਹਰਲੀ ਦੁਨੀਆਂ ਵਿਚ ਤੁਸੀਂ ਸੁੰਦਰ ਮੁਟਿਆਰਾਂ ਨਾਲ ਵਾਪਰਦੀਆਂ ਘਟਨਾਵਾਂ ਬਾਰੇ ਦੱਸਿਆ ਹੀ ਹੈ। ਗੱਡੀਆਂ ਵਿਚ ਮੁਟਿਆਰਾਂ ਨੂੰ ਧੂਹ ਕੇ ਸੁੱਟ ਲਿਆ ਜਾਂਦਾ ਹੈ। ਕਈ ਦਿਨਾਂ ਤੱਕ ਮਾਰ ਕੁੱਟ ਕੇ ਸਮੂਹਿਕ



ਬਲਾਤਕਾਰ ਕੀਤਾ ਜਾਂਦਾ ਹੈ ਫਿਰ ਉਹਨੂੰ ਜ਼ਖ਼ਮੀ ਕੀਤਾ ਜਾਂਦਾ ਹੈ। ਹਾਇ ਮੈਂ ਤਾਂ ਉਹਨਾਂ ਦੀ ਬੋਲੀ ਵੀ ਨਹੀਂ ਸਮਝਦੀ ਮੇਰੀ ਫਰਿਆਦ ਵੀ ਕੀਹਨੇ ਸੁਣਨੀ ਸੀ ਅਗਨੀ, ਗਣਪਤੀ ਵਰੁਣ ਦੇ ਗਲ ਲੱਗ ਕੇ ਫੁੱਟ-ਫੁੱਟ ਕੇ ਰੋਣ ਹੀ ਤਾਂ ਲੱਗ ਪਈ ਸੀ। "ਹੇ ਗਣਪਤੀ ਵਰੁਣ ਜੀ ! ਅੱਜ ਦੀਆਂ ਬਾਹਰਲੀ ਦੁਨੀਆਂ ਬਾਰੇ ਦੱਸੀਆਂ ਤੁਹਾਡੀਆਂ ਗੱਲਾਂ ਨੇ ਮੈਨੂੰ ਬਰਬਾਦ ਹੋਣ ਤੋਂ ਬਚਾ ਲਿਆ ਹੈ... ਇਸ ਲਈ ਅੱਜ ਦੀ ਰਾਤ...।"

ਗਣਪਤੀ ਵਰੁਣ ਦੇ ਕਹਿਣ ਤੇ ਜਨ ਸਭਾ ਦੇ ਸਾਰੇ ਨਰ-ਨਾਰੀ ਇਕ ਦੂਸਰੇ ਦੇ ਗਲਾਂ ਵਿਚ ਬਾਹਾਂ ਪਾ ਕੇ ਹੱਥ ਵਿਚ ਹੱਥ ਫੜੀ ਨੱਚਦੇ ਕਲੋਲ ਕਰਦੇ ਖਾਣਾ ਖਾਣ ਵਾਲੇ ਮੈਦਾਨ ਵਲ ਜਾ ਰਹੇ ਹਨ। ਉਹਨਾਂ ਦੇ ਨਾਲ ਜਾ ਰਹੇ ਗਣਪਤੀ ਵਰੁਣ ਦੇ ਗਲ ਵਿਚ ਬਾਹਾਂ ਪਾ ਕੇ ਅਗਨੀ ਵੀ ਨਾਲ-ਨਾਲ ਤੁਰਦੀ ਜਾ ਰਹੀ ਹੈ।

ਖਾਣਾ ਬਣਾਉਣ ਵਾਲੀ ਸਮਿਤੀ ਨੇ ਬੈਲਾਂ ਤੇ ਘੋੜਿਆ ਦੀਆਂ ਰੰਗੀਆਂ ਹੋਈਆਂ ਖੱਲਾਂ ਨੂੰ ਬਰੀਕ ਕੱਟ ਕੇ ਬਣਾਈ ਚਮੜੇ ਦੀ ਰੱਸੀ ਨਾਲ ਸਿਉਂ ਕੇ ਬਣਾਏ ਬੋਕਿਆ ਜਿਹਿਆਂ ਨੂੰ ਦਾਰਿਆ ਤੋਂ ਮੱਛਕਾ ਵਿਚ ਪਾਣੀ ਭਰਕੇ ਲਿਆ ਕੇ ਭਰਿਆ ਹੋਇਆ ਹੈ। ਇਕ ਪਾਸੇ ਚਬੂਤਰੇ 'ਤੇ ਚਮੜੇ ਦੇ ਲੱਕੜ ਦੇ ਤੇ ਸ਼ਹਿਰ ਤੋਂ ਲਿਆਂਦੇ ਵੱਖ-ਵੱਖ ਧਾਤਾਂ ਦੇ ਬਣੇ ਪਿਆਲੇ ਰੱਖੇ ਹੋਏ ਸਨ। ਵੱਛੇ ਦਾ ਬੱਕਰੇ ਦਾ ਤੇ ਯਾਕ ਦਾ ਮਾਸ ਵੱਖ-ਵੱਖ ਪਤੀਲਿਆਂ ਵਿਚ ਰਿੰਨ੍ਹ ਕੇ ਰੱਖਿਆ ਹੋਇਆ ਹੈ। ਸਬਜੀਆਂ ਬਣਾ ਕੇ ਦਾਰੋਕਿਪਾ ਦਰਿਆ 'ਤੇ ਲਾਈਆਂ ਚੱਕੀਆਂ ਤੇ ਪੀਹੇ ਹੋਏ ਆਟੇ ਦੀਆਂ ਰੋਟੀਆਂ ਪਕਾਈਆਂ ਗਈਆਂ ਹਨ। ਮਦੂਰਾ ਬਣਾਉਣ ਵਾਲੀ ਸਮਿਤੀ ਦੁਆਰਾ ਮਧੂ, ਸ਼ਹਿਰ ਤੋਂ ਮਾਧਵਿਕਾ, ਜੌਆਂ ਤੋਂ ਬਣੀ ਪਨਸ਼ਾ, ਘੋੜੀ ਦੇ ਦੁੱਧ ਤੋਂ ਬਣੀ ਕੰਮਸ, ਖ਼ੁਰਮਾਨੀ ਤੋਂ ਬਣੀ ਖੁਰਮਾ ਆਦਿ ਅਨੇਕ ਤਰ੍ਹਾਂ ਦੀ ਮਦੂਰਾ ਚਮੜੇ, ਲੱਕੜ ਦੇ ਤੇ ਧਾਤ ਦੇ ਬਣੇ ਵੱਖ-ਵੱਖ ਕੁੱਪਿਆ ਵਿਚ ਭਰੀ ਪਈ ਹੈ। ਧਰਮ ਨਾਲ ਸਬੰਧਤ ਸਮਿਤੀ ਦੇ ਬਜ਼ੁਰਗਾਂ ਜਨਾਂ ਤੇ ਗਣਪਤੀ ਵਰੁਣ ਨੇ ਅਗਨ ਕੁੰਡ ਵਿਚ ਸੂਰਜ ਅਗਨੀ, ਪਵਨ, ਜੰਗਲ, ਪ੍ਰਕ੍ਰਿਤੀ ਆਦਿ ਦੇਵੀ ਦੇਵਤਿਆਂ ਦੇ ਨਾਂ ਤੇ ਖਾਣ ਲਈ ਤਿਆਰ ਕੀਤੇ ਵੱਖ-ਵੱਖ ਪਦਾਰਥਾਂ ਦੀਆਂ ਆਹੂਤੀਆਂ ਪਾਈਆਂ। ਅਤੇ ਢੋਲ ਨਗਾਰੇ ਵਜਾ ਕੇ ਨਵੇਂ ਸਾਲ ਦਾ ਉਤਸਵ ਮਨਾਇਆ ਜਾਣਾ ਸ਼ੁਰੂ ਕਰ ਦਿੱਤਾ ਗਿਆ। ਦਾਰੋਕਿਪਾ ਗਣ ਦੇ ਨਰ- ਨਾਰੀ ਬਾਹਾਂ ਵਿਚ ਬਾਹਾਂ ਪਾਈ ਸਾਜਾਂ ਦੀ ਤਾਲ 'ਤੇ ਨੱਚ ਰਹੇ ਹਨ ਗਾ ਰਹੇ ਹਨ। ਹਰੇਕ ਜਨ ਆਪਣੀ ਮਰਜ਼ੀ ਦਾ ਮਾਲਕ ਹੈ। ਕੋਈ ਮਦੂਰਾ ਦਾ ਪਿਆਲਾ ਭਰ ਕੇ ਪੀ ਰਿਹਾ ਹੈ ਵੱਖ-ਵੱਖ ਨਰ-ਨਾਰੀ ਵੱਖ ਵੱਖ ਤਰ੍ਹਾਂ ਦਾ ਮਾਸ ਪਿਆਲੀਆਂ ਵਿਚ ਪਾ ਕੇ ਖਾ ਰਹੇ ਹਨ। ਮਦੂਰਾ ਦੇ ਪਿਆਲੇ ਭਰ ਕੇ ਨਰ-ਨਾਰੀਆਂ ਇਕ ਦੂਸਰੇ ਦੇ ਬੁੱਲ੍ਹਾਂ ਨੂੰ ਲਾ ਰਹੇ ਹਨ। ਅਗਨੀ ਵੀ ਗਣਪਤੀ ਵਰੁਣ ਨਾਲ ਨੱਚਦੀ-ਨੱਚਦੀ ਦਮ ਮਾਰਨ ਲਈ ਖੜ੍ਹ ਗਈ ਹੈ। ਉਹ ਭੱਜ ਕੇ ਜਾ ਕੇ ਮਦੂਰਾ ਦਾ ਪਿਆਲਾ ਭਰਕੇ ਲੈ ਆਈ ਤੇ ਅਗਨੀ ਤੇ ਗਣਪਤੀ ਵਰੁਣ ਇਕ ਦੂਸਰੇ ਦੇ ਬੁਲ੍ਹਾਂ ਨੂੰ ਲਾ ਕੇ ਮੁਦਰਾ ਪੀਣ ਲੱਗ ਪਏ ਹਨ। ਤੇ ਫੇਰ ਗਣਪਤੀ ਵਰੁਣ ਜਾ ਕੇ ਮਦੂਰਾ ਦਾ ਇਕ ਹੋਰ ਪਿਆਲਾ ਭਰ ਕੇ ਲੈ ਆਇਆ ਹੈ। ਹੌਲੀ-ਹੌਲੀ ਅਗਨੀ ਤੇ ਗਣਪਤੀ ਵਰੁਣ ਮਦੂਰਾ ਦਾ ਪਿਆਲਾ ਫੇਰ ਪੀ ਗਏ ਹਨ। ਸਾਜਾਂ ਦੇ ਸ਼ੋਰ ਵਿਚ ਗੀਤ ਗਾਏ ਜਾ ਰਹੇ ਹਨ। ਨਾਚ-ਨੱਚੇ ਜਾ ਰਹੇ ਹਨ। ਨਰ-ਨਾਰੀ ਮਦੂਰਾ ਪੀ ਕੇ ਮਦਹੋਸ਼ ਹੋਏ ਏਧਰ ਉਧਰ ਘੁੰਮ ਰਹੇ ਹਨ। ਗਣਪਤੀ ਵਰੁਣ ਨੇ ਬਾਹਾਂ ਉਪਰ ਨੂੰ ਚੁੱਕ ਕੇ ਉੱਚੀ ਆਵਾਜ਼ ਵਿਚ ਕਿਹਾ ਹੈ, "ਅੱਜ ਦਰੋਕਿਪਾ ਗਣ ਦੇ ਜਨਾਂ ਦੁਆਰਾ ਸੰਗਕਾਰ ਘਾਟੀ ਵਿਚ ਆਉਣ ਦਾ ਤਿੰਨ ਹਜ਼ਾਰ ਤਿੰਨ ਸੌ ਇੱਕੀਵਾਂ ਸਾਲਾਨਾ ਉਤਸਵ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ।"

ਪਤਾ ਪਿੰਡ ਮਾਜਰੀ, ਡਾਕ ਘਰ ਸਿਆਲਬਾ,
ਤਹਿ. ਖਰੜ, ਜ਼ਿਲ੍ਹਾ ਐਸ ਏ ਐਸ ਨਗਰ,
ਮੋਹਾਲੀ, ਮੋਬਾਇਲ 98881-29977

## ਕਹਾਣੀ/ ਇਕ ਸ਼ਬਦ / -ਜ਼ੋਰਾ ਸਿੰਘ ਸੰਧੂ

ਸੁਖਜੀਤ ਆਪਣੀ ਮੰਮੀ ਦਾ ਫ਼ੋਨ ਨਾ ਚੁੱਕਦੀ ਨਾ ਕੱਟਦੀ, ਘੰਟੀ ਵਜਦੀ ਰਹਿੰਦੀ ਤੇ ਬੰਦ ਹੋ ਜਾਂਦੀ। ਦਿਨ ਵਿਚ ਕਈ ਵਾਰ ਮੰਮੀ ਯਤਨ ਕਰਦੇ ਥੱਕ ਅੱਕ ਜਾਂਦੇ ਪਰ ਉਹਨਾਂ ਦੇ ਪੱਲੇ ਕੁਝ ਵੀ ਨਾ ਪੈਂਦਾ। ਚਾਰ ਪੰਜ ਦਿਨਾਂ ਤੋਂ ਪਹਿਲਾਂ ਮੰਮੀ ਦਾ ਫ਼ੋਨ ਸੁਣਿਆ ਜਾਂਦਾ ਰਿਹਾ ਸੀ। ਭਾਵੇਂ ਧੀ ਉਹਨਾਂ ਨਾਲ ਕੁੱਤੇ ਖਾਣੀ ਹੀ ਕਰਿਆ ਕਰਦੀ ਸੀ। ਇੱਕ ਦਿਨ ਤਾਂ ਉਹਨੇ ਆਪਣੇ ਡੈਡੀ ਨੂੰ ਵੀ ਨਹੀਂ ਸੀ ਬਖ਼ਸ਼ਿਆ, ਜਿਹਨਾਂ ਦੇ ਸਾਹਮਣੇ ਉਹਨੇ ਕਦੇ ਅੱਖ ਪੱਟ ਕੇ ਵੀ ਨਹੀਂ ਸੀ ਵੇਖਿਆ। ਤੇ ਸਰਦਾਰ ਆਪਣੀ ਪਤਨੀ ਦੇ ਸਾਹਮਣੇ ਜ਼ਾਰ ਜ਼ਾਰ ਰੋਏ ਸਨ। ਉਸ ਧੀ ਦੇ ਮੂੰਹੋਂ ਉਹਨਾਂ ਨੇ ਅਸਭਿਆਕ ਸ਼ਬਦ ਸੁਣੇ ਸਨ, ਜਿਸ ਦੇ ਮੂੰਹ ਵਿਚ ਜ਼ਬਾਨ ਨਹੀਂ ਸੀ ਹੁੰਦੀ। ਮਾਂ ਨੇ ਧੀ ਦੀ ਹਰ ਤਰ੍ਹਾਂ ਦੀ ਭਾਸ਼ਾ ਬਰਦਾਸ਼ਤ ਕਰ ਲਈ ਸੀ ਪਰ ਆਪਣੇ ਸਰਦਾਰ ਦੀ ਬੇਹੁਰਮਤੀ ਉਹਨਾਂ ਨੂੰ ਜਰਨੀ ਬਹੁਤ ਹੀ ਔਖੀ ਹੋਈ ਹੋਈ ਸੀ। ਉਹ ਸਾਰੀ ਦਿਹਾੜੀ ਕਮਰੇ ਵਿਚੋਂ ਬਾਹਰ ਨਹੀਂ ਸਨ ਨਿਕਲ ਸਕੇ। ਰਾਤ ਦੀ ਰੋਟੀ ਵੇਲੇ ਸਰਦਾਰ ਹੀ ਉਹਨਾਂ ਨੂੰ ਉਹਨਾਂ ਦੇ ਕਮਰੇ, ਵਿਚੋਂ ਵਰਾਅ-ਵਰੂਅ ਕੇ ਬਾਹਰ ਲੈ ਕੇ ਆਏ ਸਨ। ਗੱਲੀਂ-ਬਾਤੀਂ ਜਦੋਂ ਦੋਵੇਂ ਜੀਅ ਇਸ ਸਿੱਟੇ 'ਤੇ ਪਹੁੰਚੇ ਕਿ ਉਹ ਹੀ ਕਸੂਰਵਾਰ ਸਨ ਤਾਂ ਜਾ ਕੇ ਦੋਹਾਂ ਨੂੰ ਕੁਝ ਧਰਵਾਸ ਮਿਲਿਆ ਸੀ ਤੇ ਰੋਟੀ ਦੀਆਂ ਚਾਰ ਬੁਰਕੀਆਂ ਉਹਨਾਂ ਦੇ ਸੰਘੋਂ ਹੇਠਾਂ ਹੋਈਆਂ ਸਨ।

ਸੁਖਜੀਤ ਦਾ ਐਮ. ਏ. ਭਾਗ ਪਹਿਲੇ ਦਾ ਨਤੀਜਾ ਨਿਕਲਿਆ ਤਾਂ ਉਹ ਮੈਨੂੰ ਨਾਲ ਲੈ ਕੇ ਮਾਪਿਆਂ ਨਾਲ ਮਿਲਾਉਣ ਲਈ ਆਪਣੀ ਕੋਠੀ ਲੈ ਆਈ। ਦੋਵੇਂ ਯੂਨੀਵਰਸਟੀ ਦੇ ਟਾਪਰ ਸਾਂ, ਪਹਿਲੇ ਦੂਜੇ ਨੰਬਰ 'ਤੇ ਅਸੀਂ ਆਏ ਸਾਂ। ਉਦੋਂ ਤਕ ਸਾਡੇ ਵਿਚਕਾਰ ਸਿਵਾ ਸਿਹਤਮੰਦ ਮੁਕਾਬਲੇ ਦੇ ਹੋਰ ਕੁਝ ਵੀ ਨਹੀਂ ਸੀ। ਦੂਜੇ ਸਾਲ ਦੇ ਅੰਤ ਦੇ ਨੇੜੇ ਅਸੀਂ ਬਹੁਤ ਹੀ ਨੇੜੇ ਹੋ ਗਏ ਸਾਂ। ਸੁਖਜੀਤ ਨੇ ਮਾਂ ਕੋਲ ਸਾਡੀ ਹੋਈ ਨੇੜਤਾ ਦਾ ਇਜ਼ਹਾਰ ਕਰ ਦਿੱਤਾ ਸੀ। ਮਾਂ ਨੇ ਉਹਨੂੰ ਹਲਾਸ਼ੇਰੀ ਭਾਵੇਂ ਨਹੀਂ ਸੀ ਦਿੱਤੀ ਪਰ ਉਹਨੂੰ ਟੋਕਿਆ ਵੀ ਨਹੀਂ ਸੀ। ਮੇਰੇ ਵਧੀਆ ਵਿਦਿਅਕ ਕੈਰੀਅਰ ਤੇ ਮਰਦਾਵੀਂ ਦਿੱਖ ਤੋਂ ਉਹ ਬਹੁਤ ਪ੍ਰਭਾਵਤ ਸਨ। ਪਰ ਦੋਹਾਂ ਪਰਿਵਾਰਾਂ ਵਿਚਲਾ ਆਰਥਿਕ ਪਾੜਾ ਉਹਨਾਂ ਦੀ ਪੇਸ਼ ਨਹੀਂ ਸੀ ਜਾਣ ਦਿੰਦਾ। ਉਹ ਖਾਨਦਾਨੀ ਸਰਦਾਰ ਸਨ, ਬਹੁਤ ਹੀ ਵੱਡੀ ਜਾਇਦਾਦ ਦੇ ਮਾਲਕ। ਮੈਂ ਸਧਾਰਨ ਸੌਖੇ ਜੱਟ ਦਾ ਪੁੱਤ ਸਾਂ। ਉਹ ਜੱਕੋ ਤੱਕੀ ਵਿਚ ਪਏ ਹੋਏ ਸਨ ਤੇ ਅੰਦਰ ਖਾਤੇ ਧੀ ਲਈ ਵਰ ਲੱਭਣ ਲਈ ਸਰਗਰਮ ਸਨ। ਇਹ ਸਰਗਰਮੀ ਸੁਖਜੀਤ ਤੋਂ ਲੁਕੀ ਰਹਿ ਸਕਣੀ ਅਸੰਭਵ ਸੀ। ਉਹਨੇ ਚਿੰਤਤ ਹੋ ਮੈਨੂੰ ਚੇਤੰਨ ਕਰਦਿਆਂ ਆਖਿਆ।

"ਜਗਜੀਤ ! ਕੋਈ ਬੰਨ੍ਹ-ਸੁਭ ਕਰ ਲੈ। ਪਛਤਾਏਂਗਾ ਤੇ ਮੈਨੂੰ ਮਰਨ ਜੋਗੀ ਛੱਡ ਦੇਵੇਂਗਾ। ਆਏ ਦਿਨ ਮੇਰੀ ਮੁਲਾਕਾਤ ਕਰਵਾਈ ਜਾ ਰਹੀ ਐ।" ਮੈਂ ਉਹਦੇ ਲਈ 'ਗੈਰੀ' ਸਾਂ ਪਰ ਅੱਜ ਜਗਜੀਤ ਬਣ ਗਿਆ ਸੀ।

ਮੈਂ ਝੱਟ ਆਪਣੀ ਚਾਚੀ ਤੇ ਚਾਚਾ ਜੀ ਪ੍ਰਦੁੰਮਣ ਸਿੰਘ ਮਾਨ ਨਾਲ ਗੱਲ ਕੀਤੀ। ਉਹਨਾਂ ਨੇ ਕੋਰਟ ਮੈਰਿਜ ਲਈ ਫਾਈਲ ਤਿਆਰ ਕਰ ਲਈ। ਕੁਝ ਦਿਨਾਂ ਲਈ ਉਹ ਰੁੱਝੇ ਹੋਏ ਸਨ। ਨਿੱਤ ਉਹਨਾਂ ਦਾ ਕੇਸ ਲੱਗਿਆ ਹੁੰਦਾ, ਜਿਹੜਾ ਹੁੰਦਾ ਵੀ ਫੈਸਲੇ 'ਤੇ ਸੀ। ਤੇ ਹੋਇਆ ਇਹ ਕਿ ਤਿਆਰ ਫਾਈਲ ਧਰੀ ਧਰਾਈ ਹੀ ਰਹਿ ਗਈ। ਜਿਲ੍ਹਾਂ ਜੱਜ ਦੀ ਕੋਠੀ ਵਿਚ ਸੁਖਜੀਤ ਦੀ ਕੋਰਟ ਮੈਰਿਜ ਕਰ ਦਿੱਤੀ ਗਈ ਤੇ ਦੂਲਹਾ ਅਮਰੀਕਾ ਨੂੰ ਉੱਡ ਗਿਆ।

ਸੁਖਜੀਤ ਦੀ ਮਜਬੂਰੀ ਸੀ, ਉਹਨੇ ਦੂਲਹੇ ਦਾ ਪਿੱਛਾ ਕਰਨਾ ਹੀ ਸੀ। ਤੇ ਜੱਗਾ ਜੱਟ ਆਪਣੇ ਮਾਪਿਆਂ ਕੋਲ ਪਿੰਡ ਆਣ ਪਟਕਿਆ। ਹੋਰ ਉਹ ਜਾਂਦਾ ਵੀ ਕਿਥੇ। ਖੂਹ ਟੋਭੇ ਪੈਣ ਵਾਲਾ ਉਹ ਬੰਦਾ ਨਹੀਂ।



ਸੁਖਜੀਤ ਮੇਰੇ ਨਾਲ ਬਰਾਬਰ ਰਾਬਤਾ ਰੱਖ ਰਹੀ ਸੀ। ਮੈਂ ਲੱਖ ਸਮਝਾਉਤੀ ਆਂ ਉਹਨੂੰ ਦਿੱਤੀਆਂ ਕਿ ਸਾਡੀਆਂ ਇਹ ਫੋਨ ਮੁਲਾਕਾਤਾਂ ਉਹਦੇ ਲਈ ਕਿਸੇ ਵੇਲੇ ਵੀ ਖ਼ਤਰੇ ਦੀਆਂ ਘੰਟੀਆਂ ਬਣ ਸਕਦੀਆਂ ਸਨ। ਪਰ ਉਹ ਨਿਸਚਿੰਤ ਸੀ,

"ਚਿੰਤਾ ਥੁੱਕ ਸਿੱਟ ਮੇਰੇ ਥੋੜ ਦਿਲੇ ਦੁਸ਼ਮਣਾਂ ! ਫੋਨ ਪਿਛੋਂ ਬੰਦ ਹੁੰਦੈ, ਮੈਂ ਮੁਲਾਕਾਤ ਦੇ ਨਿਸ਼ਾਨ ਪਹਿਲਾਂ ਮਿਟਾਅ ਦਿੰਦੀ ਆ !!'

ਉਹਨੇ ਆਪਣੀ ਖੂਬਸੂਰਤੀ ਤੇ ਅਲੋਕਾਰ ਸੁੱਘੜਤਾ ਦੇ ਬਲਬੂਤੇ ਆਪਣੇ ਸਰਦਾਰ ਨੂੰ ਅਜਿਹਾ ਭਰਮਾ ਰੱਖਿਆ ਸੀ ਕਿ ਉਹ ਉਹਦੀ ਪੈੜ ਤੋਂ ਪਾਸੇ ਪੈਰ ਰੱਖ ਹੀ ਨਹੀਂ ਸੀ ਸਕਦਾ। ਉਹਨੇ ਤਹੱਈਆ ਕਰ ਲਿਆ ਸੀ ਕਿ ਉਹ ਆਉਂਦੇ ਘੱਟੋ ਘਟ ਪੰਦਰਾਂ ਦਿਨ ਮਾਪਿਆਂ ਦਾ ਫ਼ੋਨ ਨਹੀਂ ਸੁਣੇਗੀ। ਤੇ ਉਹਦਾ ਪਤੀ ਵੀ ਉਹਦੇ ਮਾਪਿਆਂ ਵਲੋਂ ਆਈ ਕਾਲ ਅਟੈਂਡ ਨਹੀਂ ਕਰੇਗਾ। ਉਹਨੇ ਨਹੀਂ ਸੀ ਪੁੱਛਿਆ,

"ਕਿਉਂ ਨਹੀਂ ਬਈ ਫ਼ੋਨ ਸੁਣਨਾ?"

ਬਸ ਉਹਦੇ ਅਦੇਸ਼ 'ਤੇ ਸਿਰ ਝੁਕਾਅ ਦਿੱਤਾ ਗਿਆ ਸੀ। ਸੁਖਜੀਤ ਦਾ ਜਾਦੂ ਪਤੀ ਦੇ ਸਿਰ ਚੜ੍ਹਕੇ ਬੋਲ ਰਿਹਾ ਸੀ।

ਮੈਨੂੰ ਪਤਾ ਸੀ, ਮੈਡਮ ਦੇ ਧੀ ਜੁਆਈ ਦਾ ਹਾਲ ਚਾਲ ਵਧੀਆ ਸੀ। ਪਰ ਉਹਨਾਂ ਦੇ ਆਪਣੇ ਹਾਲ ਮੰਦੜੇ ਸਨ।

ਮੈਡਮ ਦਾ ਫ਼ੋਨ ਸੀ,

"ਕਾਕਾ ! ਉਹ ਮੇਰੇ ਨਾਲ ਕੁੱਤੇ ਖਾਣੀ ਕਰਦੀ ਸੀ ਤਾਂ ਮੈਂ ਉਸ ਕਰਕੇ ਜਰ ਲੈਂਦੀ ਸਾਂ ਕਿ ਮੈਂ ਕਸੂਰਵਾਰ ਸਾਂ। ਹੁਣ ਉਹਦੀ ਚੁੱਪ ਮੈਥੋਂ ਬਰਦਾਸ਼ਤ ਨਹੀਂ ਹੋ ਰਹੀ। ਮੇਰੀ ਜਾਨ ਸੁੱਕ ਰਹੀ ਐ ਬਈ ਪਤਾ ਨਹੀਂ ਵਿਚਾਰੀ ਕਿਸ ਹਾਲ ਵਿਚ ਹੋਵੇਗੀ? ਆਪਣੀ ਆਂਦਰ ਦੇ ਘੋਰ ਦੁੱਖ ਦਾ ਅਹਿਸਾਸ ਮੈਨੂੰ ਆਂਦਰ ਦੇ ਵੱਖ ਹੋਣ ਪਿਛੋਂ ਈ ਹੋਇਆ ਐ। ਮੇਰੇ ਨਾਲ ਉਹ ਭਾਵੇਂ ਖੇਤ ਵਿਚ ਪਏ ਗਧੇ ਵਾਲੀ ਹੀ ਕਰਦੀ ਰਹੇ, ਮੈਨੂੰ ਸੁਖ ਸ਼ਾਂਤੀ ਮਿਲੂ। ਅੱਜ ਮੈਂ ਮਰਿਆਂ ਸੰਗ ਨਾ ਜਿਉਂਦਿਆਂ ਸੰਗ ਆਂ ਜੀਤ ! ਉਹਨੂੰ ਕਹਿ, ਉਹ ਮਾਂ ਦੀ ਕੂਕ ਤਾਂ ਸੁਣ ਲਏ।"

"ਮੈਂ ਉਹਨਾਂ ਨੂੰ ਝੂਠਾ ਧਰਵਾਸ ਦਿੰਦਾ ਹਾਂ ਕਿ ਯਤਨ ਕਰਕੇ ਵੇਖ ਲੈਂਦਾ ਹਾਂ ਪਰ ਮੈਂ ਉਹਨਾਂ ਦੀ ਕੋਈ ਵੀ ਗੱਲ ਉਹਦੇ ਨਾਲ ਨਹੀਂ ਕਰਾਂਗਾ। ਸਾਡੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਅਸਲ ਗੱਲ ਤਾਂ ਇਹ ਹੈ ਕਿ ਮੈਨੂੰ ਉਹਨਾਂ ਨਾਲ ਕੋਈ ਹਮਦਰਦੀ ਨਹੀਂ ਹੈ। ਉਹਨਾਂ ਦੀਆਂ ਹੂਕਾਂ ਕੂਕਾਂ ਵਿਚੋਂ ਮੈਨੂੰ ਸੁਖ ਮਿਲਦਾ ਹੈ। ਕਦੇ ਕਦੇ ਮੈਨੂੰ ਇਉਂ ਜਾਪਣ ਲੱਗ ਪੈਂਦਾ ਹੈ ਕਿ ਮੇਰੇ ਅੰਦਰੋਂ ਮਨੁੱਖਤਾ ਹੀ ਮਰਦੀ ਜਾ ਰਹੀ ਹੈ। ਉਹਨਾਂ ਨੇ ਆਪਣੀ ਧੀ ਦੇ ਵਡੇਰੇ ਸੁੱਖ ਅਰਾਮ ਖਾਤਰ ਹੀ ਇਹ ਕਦਮ ਚੁੱਕਿਆ ਸੀ।

ਮੈਂ ਇਹਨਾਂ ਹੀ ਸੋਚਾਂ ਵਿਚ ਡੁੱਬਿਆ ਹੋਇਆ ਸਾਂ ਕਿ ਸੁਖਜੀਤ ਦਾ ਫ਼ੋਨ ਆ ਜਾਂਦਾ ਹੈ। ਉਹ ਚਹਿਕ ਰਹੀ ਹੈ। ਮੈਂ ਹੈਰਾਨ ਹੁੰਦਾ ਹਾਂ ਕਿ ਉਹ ਕਿਸ ਮਿੱਟੀ ਦੀ ਬਣੀ ਹੋਈ ਕੁੜੀ ਹੈ। ਘੋਰ ਦੁਖਾਂਤ ਵਿਚੋਂ ਅਸੀਂ ਗੁਜ਼ਰੇ ਹਾਂ। ਉਹਦੀ ਚਹਿਚਹਾਟ ਤਾਂ ਇਹ ਦਰਸਾਉਂਦੀ ਹੈ ਕਿ ਸਾਡੇ ਨਾਲ ਕੁਝ ਵੀ ਅਣ ਹੋਣਾ ਨਹੀਂ ਸੀ ਵਾਪਰਿਆ। ਵੇਲ ਨਾਲੋਂ ਚੂੰਆਂ ਨਹੀਂ ਸੀ ਤੋੜਿਆ ਗਿਆ। ਪੱਕੇ ਫ਼ਲ ਨੂੰ ਡਾਲੀ ਨਾਲੋਂ ਵੱਖ ਕੀਤਾ ਗਿਆ ਸੀ।

ਉਹ ਮਾਂ ਦੀਆਂ ਆਉਂਦੀਆਂ ਕਾਲਾਂ ਦਾ ਮਜ਼ਾਕ ਉੱਡਾ ਰਹੀ ਹੈ। ਉਹਦੀ ਹੋ ਰਹੀ ਦੁਰਦਸ਼ਾ 'ਤੇ ਸੁਆਦ ਮਾਣਦੀ ਹੈ ਤੇ ਬਹੁਤ ਹੀ ਖੁਸ਼ ਹੈ ਕਿ ਉਹਦਾ ਪਤੀ ਵੀ ਉਹਦੇ ਮੰਮੀ ਡੈਡੀ ਦੀ ਕਾਲ ਨੂੰ ਅਟੈਂਡ ਨਹੀਂ ਕਰ ਰਿਹਾ। ਉਹ ਮੈਨੂੰ ਕੰਨ ਨੇੜੇ ਕਰਨ ਲਈ ਆਖਦੀ ਹੈ। ਮੈਨੂੰ ਪਤਾ ਹੈ, ਉਹਨੇ ਕੀ ਆਖਣਾ ਹੈ। ਮੈਂ ਕਿੰਨਾ ਕਮੀਨਾ ਬਣ ਗਿਆ ਹਾਂ, ਫਿਰ ਵੀ ਕੰਨ ਲਾ ਕੇ ਸੁਣਦਾ ਹਾਂ। ਉਹ ਆਪਣੇ ਪਤੀ ਦਾ ਨਾਂ ਲੈ ਕੇ

ਆਖਦੀ ਹੈ, ਉਹੋ ਘਨੌਣੀ ਗੱਲ ਉਹ ਪਹਿਲਾਂ ਵੀ ਸੁਣਾ ਚੁੱਕੀ ਹੈ।

"ਮੈਂ ਉਹਦੇ ਨਾਲ ਪੈਂਦੀ ਆਂ ਗੈਰੀ! ਪਰ ਸੌਂਦੀ ਤੇਰੇ ਨਾਲ ਆਂ।"

ਮੈਡਮ ਦੀ ਕਾਲ ਆਉਂਦੀ ਹੈ, ਉਹ ਦਸਦੇ ਹਨ ਕਿ ਅੱਠ ਦਿਨ ਲੰਘ ਗਏ ਹਨ। ਉਹ ਹਾਲੋਂ ਬੇਹਾਲ ਹਨ। ਉਹਨਾਂ ਨੂੰ ਨਹੀਂ ਕਿਸੇ ਸੁਣਿਆ। ਪੁੱਛਦੇ ਹਨ ਕਿ ਮੈਂ ਕਿਧਰੇ ਕੰਮ ਧੰਦੇ ਤਾਂ ਬਾਹਰ ਨਹੀਂ ਜਾਣਾ। ਮੈਂ ਕਿਥੇ ਜਾਣਾ ਹੈ? ਮੇਰੇ ਸਭ ਕੰਮ ਕਾਰ ਮੁੱਕ ਚੁੱਕੇ ਹਨ। ਮੈਂ ਆਪਣੇ ਸਾਰੇ ਕੰਮ ਚੰਡੀਗੜ੍ਹ ਹੀ ਮੁਕਾਅ ਆਇਆ ਹਾਂ। ਬਸ ਇਕ ਜਿੰਦ ਨੂੰ ਧੂੰਅ ਕੇ ਘਰ ਲਿਆ ਸਿੱਟਿਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਸ ਸਰੀਰ ਵਿਚ ਸਾਹ ਸੁਖਜੀਤ ਦੇ ਆਉਂਦੇ ਫੋਨ ਨਾਲ ਚਲ ਰਿਹਾ ਹੈ। ਮੈਡਮ ਦਾ ਬੇਨਤੀ ਵਿਚ ਗਲੇਫਿਆ ਆਦੇਸ਼ ਹੈ,

"ਤੇਰੇ ਵੱਲ ਤੁਰਨ ਲੱਗੀ ਆ। ਤਿੰਨ ਘੰਟਿਆਂ ਵਿਚ ਵਿਚ ਪਹੁੰਚ ਜਾਵਾਂਗੀ। ਕੋਟਕਪੂਰੇ ਵੜਦਿਆਂ ਸਾਰ ਤੈਨੂੰ ਸੂਚਿਤ ਕਰ ਦਿਆਂਗੀ। ਤੂੰ ਮਚਾਕੀ ਵਾਲੀ ਕੱਸੀ ਦੀ ਪੁਲ਼ੀ 'ਤੇ ਆ ਜਾਵੀਂ। ਮੈਨੂੰ ਪਤਾ ਹੈ ਕਾਮਰੇਡ ਦਾ ਖੇਤ ਇਸ ਪੁਲ਼ੀ ਤੋਂ ਸ਼ੁਰੂ ਹੁੰਦਾ ਹੈ। ਬਰਾੜ ਫਾਰਮ ਤੇ ਤੁਹਾਡੇ ਖੇਤ ਦੇ ਸੰਨ੍ਹ ਇਹੋ ਕੱਸੀ ਹੈ। ਸੜਕ ਤੋਂ ਦਿਸਦਾ ਹੈ ਤੁਹਾਡਾ ਘਰ। ਬਸ ਕਿੱਲਾ ਕੁ ਹੀ ਸੜਕ ਤੋਂ ਪਿੱਛੋਂ ਹਟਵਾਂ ਹੈ, ਬਰਾੜ ਦੇ ਫਾਰਮ ਹਾਊਸ ਦੇ ਬਰਾਬਰ ਹੀ ਸਮਝੋ। ਬਰਾੜ ਵੀ ਮੇਰਾ ਜਮਾਤੀ ਸੀ ਸੁੱਖ ਦੇ ਡੈਡੀ ਵਾਂਗ। ਮੇਰੀ ਉਹਦੇ ਉੱਤੇ ਵੀ ਅੱਖ ਸੀ। ਤੈਥੋਂ ਕਾਕਾ ਕੀ ਉਹਲਾ ਹੈ, ਮੈਂ ਉਹਨੂੰ ਵੀ ਪੱਠੇ ਪਾਉਂਦੀ ਰਹੀ ਸਾਂ ਜੇ ਇਹ ਵੱਡਾ ਸਰਦਾਰ ਮੇਰੀ ਮੁੱਠੀ ਵਿਚੋਂ ਨਿਕਲ ਗਿਆ ਤਾਂ ਇਸ ਬਰਾੜ ਨੂੰ ਤਾਂ ਮੈਂ ਹਿੱਲਣ ਨਹੀਂ ਦਿਆਂਗੀ। ਮੇਰੀ ਚਤਰਾਈ, ਮੇਰੀ ਹੁਸ਼ਿਆਰੀ ਨੂੰ ਬਰਾੜ ਨਹੀਂ ਸੀ ਸਮਝ ਸਕਿਆ। ਵਿਚਾਰਾ ਭੋਲਾ! ਸਾਰੇ ਬਰਾੜ ਭਾਵੇਂ ਅੜਬ ਹੁੰਦੇ ਹਨ। ਪਰ ਨਾਲ ਅੰਤਾਂ ਦੇ ਭੋਲੇ ਭਾਲੇ ਵੀ ਹੁੰਦੇ ਹਨ। ਕਿਸੇ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਨਹੀਂ ਵੇਖਦੇ। ਅਗਲੇ ਦੇ ਸ਼ਬਦਾਂ 'ਤੇ ਵਿਸ਼ਵਾਸ਼ ਕਰਦੇ ਹਨ। ਲੈ ਵੇਖ! ਮੈਂ ਕਿਧਰ ਨੂੰ ਤੁਰ ਪਈ ਆਂ!! ਅਸਲ ਵਿਚ ਮੈਂ ਹਿੱਲੀ ਹੋਈ ਆਂ ਕਾਕਾ!!! ਮੈਨੂੰ ਤੇਰੇ ਘਰ ਵਿਚ ਵੀ ਆਉਣੋਂ ਕੋਈ ਸੰਕੋਚ ਨਹੀਂ ਹੈ। ਜੇ ਤੈਨੂੰ ਠੀਕ ਨਾ ਲੱਗੇ ਤਾਂ ਕਿਤੇ ਵੀ ਦਸ ਮਿੰਟ ਤੇਰੇ ਮੈਂ ਲੈਣੇ ਹਨ ਪਰ ਏਕਾਂਤ ਵਿਚ। ਮੈਂ ਤਾਂ ਆਪਣੇ ਪੇਕਿਆਂ ਦੇ ਘਰ ਵੀ ਨਹੀਂ ਜਾਵਾਂਗੀ। ਜਾਵਾਂ ਵੀ ਤਾਂ ਜੀਤ ਕਿਹੜਾ ਮੂੰਹ ਲੈ ਕੇ! ਜਵਾਈ ਤੋਰਿਆ ਤਾਂ ਸੁੱਖਦੇ ਤਾਇਆ ਤਾਈ ਹੀ ਨਾਲ ਸਨ। ਇਕਲੋਤਾ ਉਹਦਾ ਭਰਾ, ਕਿਸੇ ਪੰਗੇ ਕਾਰਨ ਅੰਦਰ ਹੋਇਆ ਵਿਆ ਸੀ। ਧੀ ਤੋਰੀ ਤਾਂ ਉਹਨੂੰ ਵਿਦਾ ਕਰਨ ਮੰਮੀ ਡੈਡੀ ਹੀ ਗਏ ਸਨ। ਡਰਦੇ ਸਾਂ ਕੁੜੀ ਕੋਈ ਹੰਗਾਮਾ ਖੜ੍ਹਾ ਨਾ ਕਰ ਬਹੇ। ਉਹਦਾ ਜਹਾਜ਼ ਉੱਡਿਆ ਤਾਂ ਸ਼ੁਕਰ ਮਨਾਇਆ ਸੀ। ਵੇਖ! ਕਿਵੇਂ ਇਸ ਔਰਤ ਨੂੰ ਕੁੱਤੇ ਦੀ ਜ਼ਬਾਨ ਲੱਗ ਚੁੱਕੀ ਐ। ਭੌਂਕੀ ਹੀ ਜਾਂਦੀ ਐ। ਹਾਂ ਮਚਾਕੀ ਵਾਲੀ ਪੁਲ਼ੀ 'ਤੇ ਮਿਲਾਂਗੇ।"

ਮੈਂ ਉਹਨਾਂ ਨੂੰ ਸਬਰ ਤੇ ਦਿਲਚਸਪੀ ਨਾਲ ਸੁਣ ਲਿਆ ਹੈ। ਮੇਰਾ ਉਹਨਾਂ ਨੂੰ ਉਤਰ ਹੈ, "ਮੈਡਮ ਜੌੜੀਆਂ ਨਹਿਰਾਂ ਦੇ ਪੁਲ਼ 'ਤੇ ਮੈਂ ਖੜ੍ਹਾ ਹੋਵਾਂਗਾ। ਪੁਲ਼ ਤੋਂ ਚੌਂਹ ਕਦਮਾਂ ਦੀ ਵਿੱਥ ਉੱਤੇ ਪੁਲਸ ਲਾਈਨ ਦੇ ਸਾਹਮਣੇ ਸਾਡਾ ਸ਼ਹਿਰ ਵਾਲਾ ਘਰ ਹੈ। ਉਹ ਘਰ ਦੀ ਇਕਾਂਤ ਵਿਚ ਬਹਿ ਕੇ ਆਪਾਂ ਅਰਾਮ ਨਾਲ ਗੱਲਾਂ ਬਾਤਾਂ ਕਰਾਂਗੇ। ਮੈਨੂੰ ਤੁਹਾਡੇ ਨਾਲ ਮਿਲ ਕੇ ਖੁਸ਼ੀ ਹੋਵੇਗੀ। ਤੁਸੀਂ ਪਹਿਲੀ ਵਾਰ ਸਾਡੇ ਘਰ ਆ ਰਹੇ ਹੋ, ਇਸੇ ਤੋਂ ਵੱਡੀ ਖੁਸ਼ੀ ਕੋਈ ਕਿਆਸ ਵੀ ਨਹੀਂ ਸਕਦਾ।"

ਮੈਂ ਸੋਚ ਰਿਹਾ ਹਾਂ ਕਿ ਮੈਡਮ ਨੂੰ ਹਾਲਾਤ ਨੇ ਕਿਵੇਂ ਮਜਬੂਰ ਕਰ ਰੱਖਿਆ ਹੈ ਕਿ ਉਹ ਚੰਡੀਗੜ੍ਹ ਤੋਂ ਫਰੀਦਕੋਟ ਨੂੰ ਭੱਜੀ ਆ ਰਹੀ ਹੈ, ਕੇਵਲ ਇਸ ਖਾਤਰ ਕਿ ਉਹਨੂੰ ਆਸ ਹੈ ਇਥੇ ਆ ਕੇ ਸ਼ਾਇਦ ਉਹ ਧੀ ਦੇ ਬੋਲ ਸੁਣ ਸਕੇਗੀ। ਧੀ ਨਾਲ ਮੇਰੇ ਰਾਹੀ ਉਹਦੀ ਗੱਲ ਵੀ ਹੋ ਸਕਦੀ ਹੈ। ਕੱਲ੍ਹ ਤੱਕ ਮੈਂ ਉਹਦਾ ਦੁਸ਼ਮਣ ਸਾਂ। ਉਹਦੀ ਸੋਚ ਹੈ, ਅੱਜ ਮੈਂ ਉਹਦਾ ਹਮਦਰਦ ਹਾਂ। ਦੋਸਤ ਹਾਂ। ਹੈਰਾਨ ਹਾਂ ਦੋਸਤੀਆਂ ਦੁਸ਼ਮਣੀਆਂ ਕਿਵੇਂ ਆਪਣੇ ਥਾਂ ਬਦਲਦੀਆਂ ਹਨ। ਪੱਚੀ ਸਾਲ ਪਹਿਲਾਂ ਆਪਣੇ ਜਮਾਤੀ ਬਰਾੜ ਨਾਲ ਮੈਡਮ ਨੇ ਗਰਜ਼ ਦਾ



ਰਿਸ਼ਤਾ ਰੱਖਿਆ ਸੀ, ਅੱਜ ਵੀ ਉਹ ਉਸ ਰਿਸ਼ਤੇ ਨੂੰ ਭੁੱਲੇ ਨਹੀਂ... ਅਸਧਾਰਨ ਹਾਲਤ ਵਿਚੋਂ ਲੰਘ ਰਹੇ ਕਰਕੇ ਹੀ ਆਪਣਾ ਉਹ ਭੇਤ ਮੇਰੇ ਕੋਲ ਨਸ਼ਰ ਕਰ ਗਏ ਹਨ। ਸਹਿਜ ਅਵਸਥਾ ਵਿਚ ਹੁੰਦੇ ਤਾਂ ਕਦੋਂ ਉਹਨਾਂ ਇਹ ਗੱਲਾਂ ਮੇਰੇ ਨਾਲ ਕਰਨੀਆਂ ਸਨ। ਨਾਲੇ ਮੈਂ ਉਹਨਾਂ ਦਾ ਹਾਂ ਵੀ ਕੌਣ ? ਅੱਜ ਉਹ ਮੈਨੂੰ ਆਪਣਾ ਪਾਸ ਸਮਝੀ ਬੈਠੇ ਹਨ। ਕਿਵੇਂ ਬੰਦੇ ਦੀਆਂ ਸੋਚਾਂ ਬਦਲਦੀਆਂ ਹਨ ? ਵਾਹ ਨੀ ਬੇ-ਬਸੀ ਓ! ਤੁਸੀਂ ਬੰਦੇ ਨੂੰ ਕੀ ਕੀ ਰੰਗ ਵਿਖਾਉਂਦੀਆਂ ਹੋ!! ਕੱਲ੍ਹ ਮੈਂ ਉਹਨਾਂ ਦਾ ਵੈਰੀ ਸਾਂ।"

ਉਡੀਕ ਦਾ ਸਮਾਂ ਬੜਾ ਬੋਝਲ ਜਣਿਆ ਹੋਇਆ ਹੈ!!! ਮੈਂ ਕਿਤਾਬ ਚੁੱਕ ਕੇ ਚਿੱਤ ਲਾਉਣ ਦੇ ਯਤਨ ਵਿਚ ਹਾਂ। ਕਿਤਾਬ ਅੱਖਾਂ ਦੇ ਸਾਹਮਣੇ ਹੈ ਪਰ ਸੁਰਤੀ ਭਟਕ ਰਹੀ ਹੈ। ਕਦੇ ਕੈਂਪਸ ਵਿਚ ਤੇ ਕਦੇ ਮੈਨੂੰ ਲਾਇਬ੍ਰੇਰੀ ਵਿਚ ਲੈ ਵੜਦੀ ਹੈ। ਹੁਣ ਚਾਚੀ ਮਾਨ ਦੀ ਕੋਠੀ ਵਿਚ ਪਹੁੰਚ ਗਿਆ ਹਾਂ। ਚਾਚੀ ਮਾਨ ਦੀ ਕੋਠੀ ਦਾ ਮਹਿਮਾਨ ਕਮਰਾ ਮੇਰਾ ਤੇ ਸੁਖਜੀਤ ਦਾ ਕਮਰਾ ਬਣ ਚੁੱਕਿਆ ਹੈ। ਮੈਂ ਇਸ ਕਮਰੇ ਵਿਚੋਂ ਨਹੀਂ ਨਿਕਲ ਰਿਹਾ। ਸੁਰਤੀ ਇਸ ਕਮਰੇ ਦੀ ਮਹਿਮਾਨ ਬਣ ਕੇ ਹੀ ਰਹਿ ਗਈ ਹੈ।

ਅੰਤ ਬੋਝਲ ਸਮਾਂ ਗੁਜ਼ਰ ਜਾਂਦਾ ਹੈ। ਮੈਂ ਸ਼ਹਿਰ ਪਹੁੰਚ ਜਾਂਦਾ ਹਾਂ। ਮਾਲਣ ਝਾੜ ਪੂੰਝ ਕਰ ਕੇ ਤੁਰ ਗਈ ਹੈ। ਫੋਨ ਆਉਂਦਾ ਹੈ ਕਿ ਮੈਡਮ ਕੋਟਕਪੂਰਾ ਲੰਘ ਆਏ ਹਨ। ਮੈਂ ਉਹਨਾਂ ਨੂੰ ਨਹਿਰਾਂ ਦੇ ਪੁਲ ਤੇ ਜੀ ਆਇਆ ਆਖਦਾ ਹਾਂ।

ਮਹਿਮਾਨਾ ਨੂੰ ਆਇਆਂ ਵੇਖ ਕੇ ਸੇਵਾ ਕਰਨ ਲਈ ਮਾਲਣ ਆ ਜਾਂਦੀ ਹੈ। ਮੈਂ ਉਹਨੂੰ ਹੱਸ ਕੇ ਆਖਦਾ ਹਾਂ,

"ਬੀਬੀ! ਅੱਜ ਸਾਡੀ ਭਾਬੀ ਹੈਗੀ ਐ। ਇਹਦੇ ਹੱਥ ਦੀ ਬਣਾਈ ਚਾਹ ਪੀਤਿਆਂ ਮੁੱਦਤ ਹੋ ਗਈ ਐ। ਜੇ ਰੋਟੀ ਖਾਣੀ ਹੋਈ ਤੈਨੂੰ ਅਵਾਜ਼ ਮਾਰ ਲਵਾਂਗੇ।"

ਮੈਂ ਆਪਣੀ ਗੱਲ 'ਤੇ ਸ਼ਰਮਿੰਦਾ ਹੋ ਜਾਂਦਾ ਹਾਂ, ਰੋਟੀ ਲਈ ਉਹਨਾਂ ਨੂੰ ਸੁਲਾਹ ਹੀ ਨਹੀਂ ਮਾਰਨੀ ਮੇਰੀ ਇੱਛਾ ਤਾਂ ਇਹ ਹੈ ਕਿ ਰੋਟੀ ਖੁਆਏ ਬਿਨਾਂ ਉਹਨਾਂ ਨੂੰ ਘਰੋਂ ਪੈਰ ਹੀ ਨਹੀਂ ਪੱਟਣ ਦਿਆਂਗਾ।

ਮਾਲਣ ਮੁੜ ਜਾਂਦੀ ਹੈ ਤੇ ਅਸੀਂ ਤਿੰਨੇ ਬੈਠਕ ਦੀ ਥਾਂ ਰਸੋਈ ਵਿਚ ਹੀ ਵੜ੍ਹ ਜਾਂਦੇ ਹਾਂ। ਉੱਥੇ ਖੜ੍ਹੇ ਖੜ੍ਹੇ ਹੀ ਠੰਡਾ ਪੀਣ ਲਗਦੇ ਹਾਂ। ਭਾਬੀ ਡਰਾਈਵਰ ਨੂੰ ਨਹੀਂ ਭੁੱਲਦੀ। ਚਾਹ ਬਣ ਜਾਂਦੀ ਹੈ ਤਾਂ ਤਿੰਨੇ ਜਣੇ ਬੈਠਕ ਵਿਚ ਆ ਬਹਿੰਦੇ ਹਾਂ। ਚਾਹ ਦੀ ਪਹਿਲੀ ਚੁਸਕੀ ਹੀ ਲਈ ਹੁੰਦੀ ਹੈ ਕਿ ਬੇਸਬਰ ਹੋਏ ਹੋਏ ਮੈਡਮ, ਅੱਖਾਂ ਭਰ ਕੇ ਆਖਦਾ, "ਜਗਜੀਤ ਮੇਰੀ ਸੁੱਖ ਨਾਲ ਗੱਲ ਕਰਾ। ਇਸੇ ਮੰਤਵ ਨਾਲ ਤੇਰੇ ਕੋਲ ਆਈ ਆਂ।"

"ਮੈਡਮ! ਪਹਿਲਾਂ ਅਰਾਮ ਨਾਲ ਚਾਹ ਪੀ ਲਈਏ। ਗੱਲਾਂ ਹੋ ਜਾਣਗੀਆਂ।"

ਭਾਬੀ ਡਰਾਈਵਰ ਨੂੰ ਚਾਹ ਦੇ ਕੇ ਮੁੜਦੀ ਹੈ, ਇਕ ਕਿੱਲੇ ਵਿਚ ਉਸਾਰੇ ਛੋਟੇ ਜਿਹੇ ਘਰ ਦੇ ਆਸੇ ਪਾਸੇ ਨੇ, ਉਹਦੀਆਂ ਨਜ਼ਰਾਂ ਤੇ ਰੂਹ ਨੂੰ ਜਿਵੇਂ ਬੰਨ੍ਹ ਹੀ ਲਿਆ ਹੁੰਦਾ ਹੈ। ਉਹਨੂੰ ਸੁਖਜੀਤ ਦੇ ਨਾ ਬਣ ਸਕੇ ਇਸ ਘਰ ਦੇ ਪਛਤਾਵੇ ਨੇ ਤੋੜ ਤੋੜ ਕੇ ਜਿਵੇਂ ਖਾ ਲਿਆ ਹੈ। ਉਹਨੇ ਭਾਵੇਂ ਆਪਣਾ ਮੂੰਹ ਘੁੱਟ ਕੇ ਬੰਦ ਰੱਖਣ ਦਾ ਹਰ ਸੰਭਵ ਯਤਨ ਕੀਤਾ ਹੋਇਆ ਹੈ ਪਰ ਬੇਵੱਸ ਉਹਦੇ ਮੂੰਹੋਂ ਨਿਕਲ ਹੀ ਜਾਂਦਾ ਹੈ,

"ਹਾਏ ਮੇਰਿਆ ਰੱਬਾ! ਤੈਂ ਇਹ ਜ਼ੁਲਮ ਨਈਂ ਸੀ ਕਰਨਾ!! ਜਿਸ ਅਭਾਗਣ ਹੱਥੋਂ ਅਜਿਹਾ ਘਰ ਖੋਹਿਆ ਗਿਆ ਹੋਵੇ, ਉਹਦੇ ਕੋਲ ਰਹਿ ਹੀ ਕੀ ਗਿਐ, ਚਾਚੀ!!!" ਚਾਚੀ ਭਤੀਜੀ ਦੀਆਂ ਅੱਖਾਂ ਵਿਚੋਂ ਤਤੀਰੀਆਂ ਵਹਿ ਤੁਰਦੀਆਂ ਹਨ। ਮੇਰੀਆਂ ਅੱਖਾਂ ਵੀ ਭਰ ਆਉਂਦੀਆਂ ਹਨ। ਮੈਂ ਆਪਣੀਆਂ ਅੱਖਾਂ ਸੁਕਾਅ ਕੇ ਹਿੰਮਤ ਬਟੋਰਦਾ ਹਾਂ, ਪਹਿਲਾਂ ਮੈਡਮ ਦੀਆਂ ਅੱਖਾਂ ਪੂੰਝਦਾ ਹਾਂ ਤੇ ਫਿਰ ਭਾਬੀ ਦੀਆਂ ਪੂੰਝ ਕੇ ਆਪਣੀ ਥਾਂ ਵੱਲ ਅਹੁਲਦਾ ਹਾਂ ਤਾਂ ਮੈਡਮ ਮੈਨੂੰ ਉੱਠ ਕੇ ਬੁੱਕਲ ਵਿਚ ਲੈ ਲੈਂਦੇ ਹਨ।

ਹੌਲੀ-ਹੌਲੀ ਅਸੀਂ ਸਹਿਜ ਹੋ ਜਾਂਦੇ ਹਾਂ। ਚਾਹ ਠੰਡੀ ਹੋ ਚੁੱਕੀ ਹੈ। ਭਾਬੀ ਤਾਜ਼ੀ ਚਾਹ ਬਣਾ ਲਿਆਉਂਦੀ ਹੈ। ਹੁਣ ਤਕ ਅਸੀਂ ਅਤਿ ਸਧਾਰਨ ਅਵਸਥਾ ਵਿਚ ਆ ਚੁਕੇ ਹਾਂ। ਭਾਬੀ ਦੀ ਸੁਆਦੀ ਚਾਹ ਦਾ ਅਸਰ ਹੈ ਕਿ ਘਰ ਦੇ ਸ਼ਾਂਤ ਖੁੱਲ੍ਹੇ-ਡੁੱਲ੍ਹੇ ਵਾਤਾਵਰਨ ਦਾ ਪ੍ਰਭਾਵ ਹੈ, ਸ਼ਾਇਦ ਦੋਹਾਂ ਨੇ ਹੀ ਸਾਡੇ ਮਨਾਂ ਨੂੰ ਅਮਨ ਚੈਨ ਦੀ ਦਾਤ ਬਖ਼ਸ਼ ਦਿੱਤੀ ਹੈ।

ਮੈਂ ਸੁਖਜੀਤ ਨੂੰ ਫੋਨ ਮਿਲਾਉਂਦਾ ਹਾਂ ਤੇ ਦੋਹਾਂ ਨੂੰ ਪਹਿਲਾਂ ਹੀ ਬੇਨਤੀ ਕਰ ਦਿੰਦਾ ਹਾਂ ਕਿ ਉਹ ਸਾਹ ਵੀ ਖੁੱਲ੍ਹ ਕੇ ਨਾ ਲੈਣ, ਬੋਲਣਾ ਤਾਂ ਬਹੁਤ ਹੀ ਦੂਰ ਰਿਹਾ।

ਸੁਖਜੀਤ ਚਹਿਕ ਕੇ ਪੱਟਕ ਪਟੱਕ ਗੱਲਾਂ ਮਾਰ ਰਹੀ ਹੈ ਤੇ ਮੈਨੂੰ ਅਣਸੁਣਿਆ ਕਰਕੇ ਗੱਲਾਂ ਮਾਰੀ ਹੀ ਜਾ ਰਹੀ ਹੈ। ਮੈਡਮ ਮੇਰੇ ਨਾਲ ਢੁੱਕ ਕੇ ਬੈਠੇ ਹਨ। ਫੋਨ ਬਹੁਤਾ ਮੈਡਮ ਵੱਲ ਹੀ ਹੈ। ਕਹਿ ਕੇ ਵਿਚ ਗਲੇਫਿਆ ਉਹਦਾ ਵਾਕ ਹੈ,

"ਗੈਰੀ ਸੁਣ! ਮੇਰਾ ਸਰਦਾਰ ਤੇਰੇ ਵਰਗਾ ਈ ਝੁੰਡੂ ਐ।"

"ਤੇਰਾ ਲੱਖ ਲੱਖ ਸ਼ੁਕਰ ਐ ਰੱਬਾ! ਧੀ ਦੇ ਬੋਲ ਕੰਨੀਂ ਪਏ ਐ!!"

ਤੇ ਝੱਟ ਫੋਨ ਦਾ ਗਲ਼ ਘੁੱਟ ਦਿੱਤਾ ਜਾਂਦਾ ਹੈ।

ਮੈਂ ਵਾਰ ਵਾਰ ਉਹਨੂੰ ਲਾਈਨ 'ਤੇ ਲਿਆਉਂਣ ਦੀ ਕੋਸ਼ਿਸ਼ ਕਰਦਾ ਹਾਂ ਪਰ ਅਸਫਲਤਾ ਮੇਰਾ ਮੂੰਹ ਚਿੜਾਉਂਦੀ ਰਹਿੰਦੀ ਹੈ।

ਜਗਜੀਤ ਪੁੱਤ, ਰਹਿਣ ਦੇ! ਤੂੰ ਨਹੀਂ ਜਾਣਦਾ, ਉਹਦੀ ਹਿੰਡ ਬਹੁਤ ਈ ਭੈੜੀ ਐ। ਹੁਣ ਉਹ ਰੱਬ ਦੀ ਵੀ ਨਹੀਂ ਸੁਣੇਗੀ! ਆਪਾਂ ਕੀਹਦੇ ਪਾਣੀ ਹਾਰ ਆਂ!!"

ਉਹ ਸੁਖ ਦਾ ਲੰਮਾ ਸਾਹ ਲੈ ਕੇ ਫਿਰ ਆਖਦੇ ਹਨ,

"ਮੇਰਾ ਮੰਤਵ ਸੰਪੂਰਨ ਹੋ ਗਿਐ। ਕੁਸ ਦਿਨ ਚੈਨ ਨਾਲ ਲੰਘ ਜਾਣਗੇ। ਜਦੋਂ ਇਹ ਬਰਦਾਸ਼ਤ ਤੋਂ ਬਾਹਰੀ ਘੜੀ ਆਣ ਪਈ, ਤੇਰੇ ਕੋਲ ਹਾਜ਼ਰ ਹੋ ਜਾਵਾਂਗੀ।"

ਉਹਨਾਂ ਦੇ ਚਿਹਰੇ ਉੱਤੇ ਤ੍ਰਿਪਤੀ ਦੀ ਝਲਕ ਚਮਕਣ ਲੱਗ ਪਈ ਹੈ। ਤੇ ਉਹ ਭਾਬੀ ਨੂੰ ਤੁਰਨ ਲਈ ਕਹਿ ਰਹੇ ਹਨ। ਪਰ ਉਹਨਾਂ ਦਾ ਨਿਠ ਕੇ ਬੈਠੇ ਰਹਿਣਾ ਦਰਸਾ ਰਿਹਾ ਹੈ ਕਿ ਦੋਵੇਂ ਹੀ, ਅਜੇ ਅੰਦਰੋਂ ਤੁਰਨ ਲਈ ਤਿਆਰ ਨਹੀਂ ਹਨ। ਮੈਂ ਨਿਮਰਤਾ ਨਾਲ ਆਖਦਾ ਹਾਂ ਕਿ ਉਹਨਾਂ ਨੂੰ ਭੁੱਖਿਆ ਤੁਰਨ ਨਹੀਂ ਦਿਆਂਗਾ। ਮੈਡਮ ਚੁੱਪ ਹਨ। ਭਾਬੀ ਦੇ ਬੋਲ ਹਨ,

"ਅਜੇ ਤਾਂ ਵੀਰ ਭੁੱਖ ਨਹੀਂ ਐ, ਨਾ ਈ ਰੋਟੀ ਵੇਲਾ ਹੋਇਐ।"

ਮੈਡਮ ਭਾਬੀ ਨਾਲ ਸਹਿਮਤੀ ਜ਼ਾਹਰ ਕਰਦੇ ਹਨ।

"ਰਾਹ ਵਿਚ ਕਿਸੇ ਢਾਬੇ 'ਤੇ ਕਾਲਜਾ ਧਾਫੜ ਲਵਾਂਗੇ। ਮੇਰੀ ਭੁੱਖ ਤਾਂ ਬੀਬਾ! ਮੇਰਾ ਜੁਆਈ ਜਹਾਜ਼ ਚਾੜ੍ਹ ਕੇ ਵਲੈਤ ਲੈ ਗਿਐ। ਤੇ ਮੇਰੀ ਤੇਹ ਧੀ ਨਾਲ ਹੀ ਉੱਡ ਗਈ ਐ। ਹੁਣ ਤਾਂ ਭੁੱਖ ਤੇਹ ਦਾ ਅਹਿਸਾਸ ਹੀ ਖਤਮ ਹੋ ਚੁੱਕਿਐ ਕਾਕਾ!!"

ਮੈਨੂੰ ਜਾਪਿਆ ਜਿਵੇਂ ਮੈਡਮ ਉੱਤੇ ਨਿਰਾਸਤਾ ਦਾ ਦੌਰਾ ਫਿਰ ਪੈਣ ਵਾਲਾ ਹੈ। ਉਹਨਾਂ ਦਾ ਧਿਆਨ ਬਦਲਣ ਦੀ ਕੋਸ਼ਿਸ਼ ਕਰਦਾ ਹਾਂ,

"ਆਓ ਮੈਡਮ! ਭੁੱਖ ਚਮਕਾਉਣ ਦੀ ਦੁਆਈ ਲਈਏ। ਭਾਬੀ ਤੁਸੀਂ ਵੀ ਆਵੋ।" ਅਸੀਂ ਮਾਲੀ ਦੇ ਕੁਆਟਰ ਵੱਲ ਤੁਰ ਪੈਂਦੇ ਹਾਂ। ਉਹਨਾਂ ਦਾ ਧਿਆਨ ਫੁੱਲ ਬੂਟੇ ਤੇ ਸਬਜ਼ੀਆਂ ਦੀ ਮਹਿਕ ਤੇ ਹਰਿਆਵਲ ਮੱਲ ਲੈਂਦੀ ਹੈ। ਮੈਡਮ ਉੱਤੇ ਨਿਰਾਸਤਾ ਦਾ ਪੈਣ ਪੈਣ ਕਰਦਾ ਦੌਰਾ ਜਹਾਜ਼ੇ ਚੜ੍ਹ ਜਾਂਦਾ ਹੈ। ਮੈਂ ਮਾਲਣ ਨੂੰ ਆਖਦਾ ਹਾਂ,



"ਬੀਬੀ! ਅਸੀਂ ਰੋਟੀ ਖਾਵਾਂਗੇ।" ਮਾਲਣ ਖੁਸ਼ ਹੋ ਜਾਂਦੀ ਹੈ। ਉਹਨਾਂ ਦੋਹਾਂ ਵਿਚੋਂ ਕੋਈ ਵੀ ਕਿੰਤੂ ਪ੍ਰੰਤੂ ਨਹੀਂ ਕਰਦੀ। ਹੁਣ, ਮੈਡਮ ਤੋਂ ਮਾਲਣ ਪੁੱਛਦੀ ਹੈ ਕਿ ਉਹ ਕਿਹੜੀ ਸਬਜ਼ੀ ਖਾਣਾ ਪਸੰਦ ਕਰਨਗੇ। ਉਹਦੀ ਵਾੜੀ ਵਿਚ ਮੌਸਮ ਦੀਆਂ ਸਾਰੀਆਂ ਸਬਜ਼ੀਆਂ ਦੀ ਭਰਮਾਰ ਹੈ। ਮਾਲਣ ਝੋਲਾ ਚੁਕਦੀ ਹੈ ਤੇ ਤਿੰਨੇ ਜਾਣੀਆਂ ਸਬਜ਼ੀਆਂ ਦੀਆਂ ਕਿਆਰੀਆਂ ਦਾ ਨਰੀਕਸ਼ਣ ਕਰਨ ਤੁਰ ਪੈਂਦੀਆਂ ਹਨ।

ਜਿਸ ਦਿਨ ਅਸੀਂ ਤਿੰਨੇ ਜੀਅ ਪਿੰਡੋਂ ਸ਼ਹਿਰ ਆਉਂਦੇ ਹਾਂ, ਦੁਪਹਿਰ ਦੀ ਰੋਟੀ ਸਾਨੂੰ ਮਾਲਣ ਹੀ ਖੁਆਉਂਦੀ ਹੈ। ਇਹ ਬਹੁਤ ਹੀ ਵਧੀਆ ਕੁੱਕ ਹੈ। ਤੇ ਮਾਲੀ ਬਹੁਤ ਹੀ ਵਧੀਆ ਸਬਜ਼ੀਆਂ ਪੈਦਾ ਕਰਨ ਵਾਲਾ ਕਿਸਾਨ ਹੈ। ਤਕਰੀਬਨ ਛੇ ਕਨਾਲਾਂ ਧਰਤੀ ਉਹਦੀਆਂ ਸਬਜੀਆਂ ਹੇਠ ਹੈ। ਅਸੀਂ ਉਹਤੋਂ ਕੁਝ ਵੀ ਨਹੀਂ ਲੈਂਦੇ। ਦੋਵੇਂ ਜੀਅ ਸਾਡੀ ਸੇਵਾ ਕਰਦੇ ਹਨ, ਸਾਡਾ ਘਰ ਸਾਂਭਦੇ ਹਨ। ਮਾਲੀ ਸਾਡੇ ਖੇਤ ਵੀ ਕੰਮ ਕਰ ਆਉਂਦਾ ਹੈ।

ਸਬਜ਼ੀਆਂ ਦਾ ਝੋਲਾ ਚੁੱਕੀ ਭਾਬੀ ਤੇ ਮਾਲਣ ਰਸੋਈ ਵਿਚ ਚਲੀਆਂ ਜਾਂਦੀਆਂ ਹਨ। ਮੈਡਮ ਵਰਾਂਡੇ ਵਿਚ ਪੈਰ ਗੱਡਕੇ ਖੜ੍ਹ ਜਾਂਦੇ ਹਨ। ਉਹਨਾਂ ਦੀ ਵੱਢਿਆਂ ਰੂਹ ਵੀ ਬੈਠਕ ਵਿਚ ਵੜਨ ਲਈ ਤਿਆਰ ਨਹੀਂ ਹੈ। ਨਿਰਾਸਤਾ ਤੇ ਉਦਾਸੀ ਜਿਵੇਂ ਮੈਡਮ ਕੋਲੋਂ ਤ੍ਰਹਿ ਕੇ ਆਪਣੇ ਰਾਹ ਲੱਗ ਗਈਆਂ ਹਨ। ਅਸੀਂ ਅੰਤ ਸਹਿਜ ਨਾਲ ਬਹਿ ਕੇ ਦੁੱਖ-ਸੁੱਖ ਫਰੋਲਨ ਲਗ ਪੈਂਦੇ ਹਾਂ। ਮੈਡਮ ਬਹੁਤ ਹੀ ਸਹਿਜ ਨਾਲ ਦਸ ਰਹੇ ਹਨ,

"ਅੱਜ ਅਸੀਂ ਦੋਵੇਂ ਜੀਅ ਪੰਜਤਾਲੀਆਂ ਦੇ ਆਸੇ ਪਾਸੇ ਦੇ ਹਾਂ। ਮੈਨੂੰ ਤੇ ਸੁੱਖ ਨੂੰ ਵੇਖ ਹਰ ਕੋਈ ਇਹੋ ਸਮਝਦਾ ਹੈ ਬਈ ਅਸੀਂ ਮਾਂ ਧੀ ਨਹੀਂ ਭੈਣਾ ਹਾਂ। ਕੱਲ੍ਹ ਤਕ ਮੇਰਾ ਬਾਂਕਾ ਸਰਦਾਰ ਭਰ ਜੁਆਨ ਗੱਭਰੂ ਸੀ। ਐਸ ਇਕ ਮਹੀਨੇ ਵਿਚ ਹੀ ਉਹਨੇ ਸੋਟੀ ਫੜ ਲਈ ਹੈ। ਅੱਧੀ ਉਹਦੀ ਦਾਹੜੀ ਬੱਗੀ ਹੋ ਗਈ ਹੈ। ਐਧਰ ਵੇਖ ਜੀਤ ਪੁੱਤ! ਤੇਰੀ ਮੰਮੀ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਚੰਦਰੀ ਦੈਂਗੜ ਦੈਂਗੜ ਕਰਦੀ ਫਿਰਦੀ ਐ। ਪਰ ਇਹਦੇ ਅੰਦਰ ਦਾ ਪੋਲ ਕਿਸੇ ਨੂੰ ਵੀ ਨਹੀਂ ਦਿਸਦਾ।"

ਮੈਂ ਡਰ ਜਾਂਦਾ ਹਾਂ, ਮੈਨੂੰ ਸ਼ੱਕ ਹੁੰਦਾ ਹੈ ਕਿ ਉਹ ਫਿਰ ਕਿਧਰੇ ਨਿਰਾਸ਼ਤਾ ਦੇ ਚੁੰਗਲ ਵਿਚ ਨਾ ਫਸ ਜਾਣ। ਭਾਬੀ ਨੂੰ ਪਾਣੀ ਲਈ ਬੋਲ ਮਾਰਦਾ ਹਾਂ। ਪਾਣੀ ਆ ਜਾਂਦਾ ਹੈ ਤਾਂ ਉਹਨਾਂ ਨੂੰ ਪੁੱਛਦਾ ਹਾਂ,

"ਮੰਮੀ! ਚਾਹ ਦੀ ਪਿਆਲੀ ਪਿਆਲੀ ਨਾ ਹੋ ਜਾਏ?"

ਉਹਨਾਂ ਦੀਆਂ ਉਦਾਸੀ ਦੀ ਲਪੇਟ ਵਿਚ ਆਉਂਣ ਲਗਦੀਆਂ ਅੱਖਾਂ ਵਿਚ ਅਲੋਕਾਰ ਚਮਕ ਆ ਜਾਂਦੀ ਹੈ। ਉਹਨਾਂ ਦੇ ਚਿਹਰੇ ਵਿਚ ਸੁਖਜੀਤ ਦੇ ਜੁਆਨ ਤਰੋ ਤਾਜੇ ਚਿਹਰੇ ਦੀਆਂ ਝਲਕਾਂ ਪੈਣ ਲਗ ਪੈਂਦੀਆਂ ਹਨ। ਹੈਰਾਨ ਹਾਂ ਪਲ ਛਿਣ ਵਿਚ ਹੀ ਮੈਡਮ ਦੀ ਦਿੱਖ ਵਿਚੋਂ ਪੱਚੀ ਸਾਲ ਖਾਰਜ਼ ਹੋ ਗਏ ਸਨ।

ਇਹ ਤਾਂ ਕੇਵਲ ਦੋ ਅੱਖਰੇ, ਇਕ ਸ਼ਬਦ ਦਾ ਚਮਤਕਾਰ ਹੈ।

ਪਤਾ 59-ਹੀਰਾ ਸਿੰਘ ਨਗਰ, ਕੋਟਕਪੂਰਾ, ਮੋ. 98554-81856

**'ਕਹਾਣੀ ਧਾਰਾ' ਦਾ ਅਗਲਾ ਅੰਕ (ਅਕਤੂਬਰ-ਦਸੰਬਰ,2014)**

## ਮਰਾਠੀ ਦਲਿਤ ਕਹਾਣੀ

**ਵਿਸ਼ੇਸ਼ ਅੰਕ ਹੋਵੇਗਾ।**

**ਜਿਸ ਵਿਚ ਮਰਾਠੀ ਭਾਸ਼ਾ ਵਿਚ ਲਿਖੀਆਂ ਜਾ ਰਹੀਆਂ ਦਲਿਤ ਕਹਾਣੀਆਂ ਦੇ ਨਾਲ-ਨਾਲ ਮਰਾਠੀ ਕਹਾਣੀ ਤੇ ਕੇਂਦਰਿਤ ਲੇਖ ਤੇ ਪ੍ਰਸਿੱਧ ਮਰਾਠੀ ਕਹਾਣੀਕਾਰ ਸ਼ਰਣ ਕੁਮਾਰ ਲਿੰਬਾਲੇ ਦੀ ਮੁਲਾਕਾਤ ਪ੍ਰਕਾਸ਼ਤ ਕੀਤੀ ਜਾਵੇਗੀ।**

## ਕਹਾਣੀ/ ਹੱਡਾ ਰੋੜੀ / -ਮੇਜਰ ਮਾਂਗਟ

"ਇਹ ਕੰਮ ਤਾਂ ਕੋਈ ਕਰਦੇ ਨੀ, ਖਰਚਾ ਕਿੱਥੋਂ ਚੱਲਦੈ?" ਮੈਂ ਟੋਨੀ ਨੂੰ ਪੁੱਛਿਆ।

"ਬਾਈ ਛੱਡ ਦੇ ਤੂੰ ਗੱਲਾਂ, ਏਥੇ ਤਾਂ ਹੁਣ ਕੰਮ ਬਹੁਤ ਵਿਗੜਿਆ ਹੋਇਐ। ਪਹਿਲਾਂ ਵਾਲੀਆਂ ਗੱਲਾਂ ਨੀ ਰਹੀਆਂ, ਮੈਂ ਤੈਨੂੰ ਦੱਸਾਂ" ਉਹ ਹੱਥ ਵਿੱਚ ਫੜੇ ਫੋਨ ਨੂੰ ਘੂਰਦਾ ਬੋਲਿਆ।

"ਨਾਂ ਸਵਾਰੀ ਸਵੂਰੀ ਮਿਲ ਜਾਂਦੀ ਆ। ਤੇਰਾ ਤੋਰੀ ਫੁਲਕਾ ਤਾਂ ਚੱਲੀ ਜਾਂਦੈ?"

"ਭਰਾਵਾਂ ਛੱਡ ਬੱਸ ਵਕਤ ਨੂੰ ਧੱਕੀ ਜਾਨੇ ਆਂ। ਤੈਂ ਹੁਣ ਦੇਖ ਏ ਲੈਣਾ। ਕਿਸੇ ਦੇ ਵਿਆਹ ਵਿਹੂਅ ਨੂੰ ਜਾਂ ਕੋਈ ਜਿਆਦਾ ਈ ਬਮਾਰ ਠਮਾਰ ਹੋ ਜੇ ਤਾਂ ਅਗਲਾ ਟੈਕਸੀ ਕਰਦੈ। ਜਾਂ ਫੇਰ ਪੁੱਠੇ ਕੰਮ ਆਲੇ ਕਰਦੇ ਨੇ" ਉਹ ਸ਼ੀਸ਼ੇ ਚੋਂ ਬਾਹਰ ਥੁੱਕਦਾ ਦੱਸ ਰਿਹਾ ਸੀ।

"ਨਾਂ ਅਜਿਹਾ ਕਿਉ?"

"ਲੈ ਗੱਡ ਖਾਨਾ ਕਿਤੇ ਥੋੜਾ ਆ ਗਿਆ। ਜਿਨੂੰ ਕਦੇ ਸਾਇਕਲ ਨੀ ਤੀ ਜੁੜਦਾ ਉਹ ਵੀ ਗੱਡੀ ਲਈਂ ਫਿਰਦੈ" ਟੋਨੀ ਮੈਨੂੰ ਪਿਛਲੀ ਵਾਰ ਨਾਲੋਂ ਉਦਾਸ ਤੇ ਨਿਰਾਸ਼ ਜਾਪ ਰਿਹਾ ਸੀ।

"ਲੋਕਾਂ ਕੋਲ ਇੱਕ ਦਮ ਐਨਾ ਪੈਸਾ ਕਿੱਥੋਂ ਆ ਗਿਆ? ਜੀਹਨਾ ਦੇ ਕਦੇ ਰੋਟੀ ਨੀ ਸੀ ਪੱਕਦੀ ਉਹ ਵੀ ਕਾਰਾਂ ਲਈਂ ਫਿਰਦੇ ਨੇ?" ਮੈਂ ਪੁੱਛਿਆ।

"ਬਾਈ ਕੁਲਜੀਤੇ ਜ਼ਮੀਨਾਂ ਦੇ ਰੇਟ ਬਹੁਤ ਵਧ ਗੇ ਨੇ। ਬਾਹਰਲਾ ਵਪਾਰੀ ਜ਼ਮੀਨ ਨੂੰ ਟੁੱਟ ਕੇ ਪੈਂਦੈ ਤੇ ਜੱਟ ਵੇਚੀ ਜਾਂਦੇ ਨੇ। ਦੇਖ ਲੈ ਕਿਵੇਂ ਫੈਕਟਰੀਆਂ ਲੱਗ ਗੀਆਂ ਤੇ ਆਹ ਮਾਲ ਬਣਨ ਲੱਗ ਪੇ। ਥੌਂ ਥੌਂ ਮੈਰਿਜ ਪੈਲਿਸ ਖੁੱਲੀ ਜਾਂਦੇ ਨੇ। ਕਾਲ਼ੇ ਧਨ ਵਾਲਿਆਂ ਨੇ ਜਮੀਨਾਂ ਦੇ ਭਾਅ ਚਾੜ੍ਹਤੇ ਅਸਮਾਨੀ। ਕਰੋੜ ਕਰੋੜ ਦਾ ਤਾਂ ਕੀਲਾ ਹੋ ਗਿਆ। ਜੀਹਨੇ ਕੀਲਾ ਕੁ ਵੇਚਤਾ ਆਪੇ ਕਾਰਾਂ ਕੋਠੀਆਂ ਆ ਗਈਆਂ। ਪਰ ਮੈਂ ਤਾਂ ਇਹ ਸੋਚਦੈਂ ਬਈ ਜ਼ਮੀਨਾਂ ਵੇਚ ਕੇ ਜੱਟ ਗਾਹਾਂ ਨੂੰ ਕੀ ਕਰਨਗੇ? ਭੁੱਖੇ ਈ ਮਰਨਗੇ।"

" ਨਾਂ ਤੇਰੇ ਕੋਲ ਵੀ ਤਾਂ ਚਾਰ ਸਿਆੜ ਸੀਗੇ, ਤੂੰ ਵੀ ਵਗਦੀ ਗੰਗਾ 'ਚ ਹੱਥ ਧੋ ਲੈਂਦਾ।" ਮੈਂ ਟੋਨੀ ਨੂੰ ਛੇੜਿਆ।

"ਯਾਰ ਕਿੱਥੇ ਸਾਡਾਂ ਤਾਂ ਬੁੜਾ ਈ ਬਹਿ ਗਿਆ ਜੜ੍ਹਾਂ 'ਚ। ਠੇਕੇਦਾਰਾਂ ਦਾ ਬੇੜਾ ਬਹਿ ਗਿਆ। ਚਾਰ ਏਕੜ ਤੀ ਸ਼ਹਿਰ ਦੇ ਨਾਲ ਲੱਗਦੀ ਝੋਟੇ ਦੇ ਸਿਰ ਅਰਗੀ। ਪਰ ਉਹ ਕੌਂ ਦੇ ਸਿਰ ਜਿੰਨੀ ਖਾਅ ਕੇ ਰੱਬ ਨੂੰ ਵੀ ਟੱਬ ਈ ਸਮਝਦਾ ਰਿਹਾ। ਅਗਲੇ ਸਾਰੀ ਲਿਖਾ ਗੇ। ਮੁੜ ਦਿਹਾੜੀ ਜੋਤੇ ਕਰਨ ਲਾ ਦਿੱਤੇ। ਕਿਹੜੇ ਮਜ੍ਹਬੀ ਸਿੱਖ ਕੋਲ ਚਾਰ ਕੀਲੇ ਨੇ? ਬੱਸ ਫਿਰਦੇ ਆ ਧੱਕੇ ਖਾਂਦੇ। ਨਾਗਣੀ ਓਂ ਲੈ ਕੇ ਬਹਿ ਗੀ। ਆਹ ਗੱਡੀ ਪਾਉਣ ਲਈ ਵੀ ਮਸਾਂ ਕਲੇਸ ਕਰ ਕਰ ਬੁੜੇ ਤੋਂ ਪੰਤਾਲੀ ਹਜ਼ਾਰ ਕਢਾਇਆ ਤੀ। ਉਦੋਂ ਵੀ ਮਰਨ ਮਾਰਨ ਨੂੰ ਫਿਰੇ। ਰਿਸ਼ਤੇਦਾਰ ਵਿੱਚ ਪਾ ਕੇ ਮਸਾਂ ਮੌਕਾ ਸਾਂਭਿਆ ਨਹੀਂ ਤਾਂ ਹੁਣ ਨੂੰ ਸਾਡਾ ਵੀ ਠਣ ਠਣ ਗੁਪਾਲ ਹੋਣਾ ਤੀ"

ਥੋੜਾ ਰੁਕ ਕੇ ਉਹ ਫੇਰ ਬੋਲਿਆ।

"ਇਹ ਵੀ ਸਾਡੇ ਦਾਦੇ ਨੇ ਭਲੇ ਵੇਲਿਆਂ 'ਚ ਬਣਾ ਲਈ ਤੀ। ਪਹਿਲਾਂ ਉਹ ਦੋ ਵਿੱਘੇ ਠੇਕੇ ਤੇ ਲੈ ਕੇ ਚਾਰਾ ਬੀਜ ਕੇ ਸ਼ਹਿਰ ਵੇਚਣ ਲੱਗਿਆ। ਫੇਰ ਦੋ ਕੀਲੇ ਲੈ ਲਏ। ਮੁੜ ਆਪਣੀ ਖਰੀਦਣ ਲੱਗ ਪਿਆ। ਪਿਉ ਮੇਰਾ ਤਾਂ ਮੁੱਢ ਤੋਂ ਹੀ ਐਸ਼ੀ ਪੱਠਾ ਰਿਹੈ। ਇਹ ਵੀ ਅਸੀਂ ਵਕਤ ਸਾਂਭ ਲਿਆ, ਜਿਹੜਾ ਲੜ ਭਿੜ ਕੇ ਘਰ ਬਣਵਾ ਲਿਆ ਤੇ ਆਹ ਗੱਡੀ ਪਾ ਲਈ, ਨਹੀਂ ਕੀਹਦੀ ਮਾਂ ਨੂੰ ਮਾਸੀ ਕਹਿੰਦੇ।" ਟੋਨੀ ਮੇਰੇ ਨਾਲ ਕਾਫੀ ਖੁੱਲ ਕੇ ਮਨ ਅੰਦਰਲੇ ਭੇਤ ਸਾਂਝੇ ਕਰ ਦਾ ਰਿਹਾ।

ਅਸੀਂ ਖੰਨੇ ਤੋਂ ਖਮਾਣੋਂ ਵਲ ਨੂੰ ਟੋਨੀ ਦੀ ਟੈਕਸੀ ਤੇ ਜਾ ਰਹੇ ਸਾਂ। ਇਸ ਵਾਰ ਵੀ ਇੰਡੋ ਕੈਨੇਡੀਅਨ ਬੱਸ ਤੋਂ ਮੈਨੂੰ ਚੁੱਕਣ ਟੋਨੀ ਹੀ ਆਇਆ ਸੀ। ਮੇਰਾ ਜਦੋਂ ਵੀ ਭਾਰਤ ਗੇੜਾ ਲੱਗਦਾ ਮੈਂ ਉਸੇ ਨੂੰ ਫੋਨ ਕਰ



ਲੈਂਦਾ। ਉਸ ਨਾਲ ਮੇਰੀ ਚੰਗੀ ਮੀਚਾ ਮਿਲਦੀ ਸੀ। ਇਸ ਵਾਰ ਵੀ ਛੁੱਟੀਆਂ ਦੌਰਾਨ ਉਸੇ ਦੀ ਗੱਡੀ ਮੇਰੇ ਨਾਲ ਰਹਿਣੀ ਸੀ। ਮੈਂ ਕੈਨੇਡਾ ਤੋਂ ਤੁਰਨ ਵਕਤ ਹੀ ਉਸ ਨੂੰ ਫੋਨ ਕਰਕੇ ਦੱਸ ਦਿੱਤਾ ਸੀ।

ਕੁੱਝ ਕੁ ਸਾਲਾਂ ਤੋਂ ਮੈਂ ਦਿੱਲੀ, ਕਿਰਾਏ ਦੀ ਗੱਡੀ ਮੰਗਾਉਂਣੀ ਛੱਡ ਦਿੱਤੀ ਸੀ। ਖੰਨੇ ਤੱਕ ਇੰਡੋ ਕੈਨੇਡੀਅਨ ਬੱਸ ਚੜ੍ਹ ਕੇ ਹੀ ਆ ਜਾਂਦਾ। ਕਾਰਨ ਕਈ ਸਨ, ਇੱਕ ਥਾਂ ਥਾਂ ਹੋਏ ਐਕਸੀਡੈਂਟ ਵੇਖ ਵੇਖ ਵੀ ਮਨ ਘਬਰਾਉਂਦਾ। ਦੂਜਾ ਲੁੱਟਾਂ ਖੋਹਾਂ ਵੀ ਬਹੁਤ ਵੱਧ ਗਈਆਂ ਸਨ। ਕਈ ਵਾਰ ਡਰਾਇਵਰ ਹੀ ਲੁਟੇਰਿਆਂ ਨਾਲ ਰਲ਼ ਜਾਂਦੇ। ਫੇਰ ਸਾਰੇ ਰਾਹ ਪੁਲਿਸ ਨਾਕੇ ਤੇ ਚਾਹ ਪਾਣੀ ਦੀ ਸੇਵਾ ਦਾ ਡਰ। ਆਹ ਮੁਬਾਈਲ ਫੋਨਾਂ ਨੇ ਤੇ ਕੋਈ ਭੇਤ ਵਾਲੀ ਗੱਲ ਕੋਈ ਰਹਿਣ ਹੀ ਨਹੀਂ ਸੀ ਦਿੱਤੀ। ਕਿਤੇ ਵੀ ਥੋਡਾ ਘੋਗਾ ਚਿੱਤ ਕੀਤਾ ਜਾ ਸਕਦਾ ਸੀ। ਬੱਸ ਵਿੱਚ ਮੈਂ ਵਧੇਰੇ ਸੁਰੱਖਿਅਤ ਸੀ। ਲੁੱਟ ਤੇ ਹਾਦਸੇ ਦਾ ਡਰ ਵੀ ਘੱਟ ਸੀ ਨਾਲੇ ਸਾਰੇ ਰਾਹ ਅਰਾਮ ਨਾਲ ਸੁੱਤੇ ਆਵੋ ਤੇ ਦਿਨ ਚੜ੍ਹਦੇ ਨੂੰ ਆਪਣੇ ਘਰ। ਮੈਂ ਆਲੇ-ਦੁਆਲੇ ਦੇਖਦਾ ਜਾ ਰਿਹਾ ਸੀ। ਕਦੇ ਕਦੇ ਟੋਨੀ ਗੱਲਾਂ ਵੀ ਤੋਰ ਲੈਂਦਾ।

ਸੋਚ ਰਿਹਾ ਸੀ ਕਿ ਪਿਛਲੀ ਵਾਰ ਤਾਂ ਬੱਸ ਵਾਲਿਆਂ ਹਜ਼ਾਰ ਰੁਪਿਆ ਲਿਆ ਸੀ ਤੇ ਇਸ ਵਾਰ ਅਠਾਰਾਂ ਸੌ ਮੰਗ ਲਿਆ। ਜਦੋਂ ਡਰਾਈਵਰ ਨੂੰ ਪੁੱਛਿਆ ਕਿ "ਆਹ ਅੱਠ ਸੌ ਇਕੱਠਾ ਹੀ ਵਧਾ ਤਾ?" ਉਹ ਬੋਲਿਆ "ਜੀ ਮਾਲਕ ਬਦਲ ਗੇ ਨੇ। ਅਸੀਂ ਕਿਹੜਾ ਆਪਣੇ ਘਰ ਲੈ ਕੇ ਜਾਣੈ ਨੇ।" ਕੋਈ ਕਹਿ ਰਿਹਾ ਸੀ "ਰਾਜ ਕਰਨ ਵਾਲੀ ਧਿਰ ਨੇ ਬੱਸਾਂ ਤੇ ਵੀ ਕਬਜ਼ਾ ਕਰ ਲਿਆ। ਪਤੰਦਰ ਸਭ ਕੁੱਝ ਦੱਬੀ ਜਾਂਦੇ ਨੇ ਜਿਹੜਾ ਵੀ ਬਿਜਨਸ ਡਿੱਕੇ ਔਂਦੈ। ਹੋਟਲ ਮੋਟਲ ਰੇਤਾ ਬਜਰੀ ਘਰ ਜ਼ਮੀਨਾਂ ਤੇ ਹੁਣ ਬੱਸਾਂ ਵੀ। ਲੁੱਟ ਮਚਾਈ ਪਈ ਆ। ਅੱਗੇ ਜਿਹੜੇ ਹੋਟਲ ਤੇ ਬੱਸ ਰੁਕਣੀ ਆਂ ਉਹ ਵੀ ਉਹਨਾਂ ਦਾ ਈ ਆ। ਪੈਸੇ ਬਣਾਉਣ ਵਾਲੇ ਸਾਰੇ ਕੰਮ ਦੱਬ ਲਏ।" ਮੈਂ ਬੱਸ 'ਚ ਬੈਠੇ ਲੋਕਾਂ ਦੀਆਂ ਗੱਲਾਂ ਸੁਣ ਸੁਣ ਹੈਰਾਨ ਹੁੰਦਾ ਰਿਹਾ ਸੀ। ਤੇ ਹੁਣ ਟੋਨੀ ਨੇ ਵੀ ਉਹਨਾਂ ਸਾਰੀਆਂ ਗੱਲਾਂ ਤੇ ਮੋਹਰ ਲਾ ਦਿੱਤੀ।

ਮੈਂ ਦੇਖ ਦੇਖ ਹੈਰਾਨ ਹੋ ਰਿਹਾ ਸੀ। ਸਾਰੇ ਪਾਸੇ ਸੜਕਾਂ ਟੁੱਟੀਆਂ ਪਈਆਂ ਸਨ। ਵੱਡੇ ਵੱਡੇ ਪੁਲ ਬਣਾਉਂਦਿਆਂ ਅੱਧ ਵਿਚਕਾਰ ਛੱਡੇ ਪਏ ਸਨ। ਕਨਟਰੱਕਸ਼ਨ ਹਰ ਪਾਸੇ ਹੀ ਚੱਲ ਰਹੀ ਸੀ ਪਰ ਪੂਰਾ ਹੁੰਦਾ ਕੁੱਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਟੋਨੀ ਕਹਿ ਰਿਹਾ ਸੀ ਇਹ ਸਰਕਾਰ ਦਾ ਢਕਵੰਜ ਐ। ਪੈਸੇ ਖਾਣ ਦੇ ਤਰੀਕੇ ਨੇ। ਤੇ ਹੁਣ ਵੋਟਾਂ ਵੀ ਨੇੜੇ। ਅਖੇ ਵਿਕਾਸ ਹੋ ਰਿਹੈ। ਨਹੀਂ ਤਾਂ ਰੁਕ ਜਾਊ ਕੀ ਵਿਕਾਸ ਹੋ ਰਿਹੈ? ਟੱਟੂ।" ਉਹ ਬੋਲਿਆ।

ਮੈਂ ਦੇਖਿਆ ਆਲੇ ਦੁਆਲੇ ਖੇਤਾਂ 'ਚ ਫਸਲਾਂ ਝੂਮ ਰਹੀਆਂ ਸਨ। ਪਰ ਕੰਮ ਕਰਨ ਵਾਲੇ ਕਿਤੇ ਦਿਖਾਈ ਨਹੀਂ ਸੀ ਦੇ ਰਹੇ। ਟੋਨੀ ਕਹਿ ਰਿਹਾਂ ਸੀ ਕਿ "ਮੁੰਡੇ ਤਾਂ ਹੁਣ ਸਮੈਕੀਏ ਬਣ ਗੇ, ਕੰਮ ਕੁੰਮ ਕਿੱਥੋਂ ਹੋ ਜੂ। ਬੱਸ ਗੇੜੀਆਂ ਲਾਉਣ ਜੋਗੇ ਈ ਨੇ। ਆਹ ਗੀਤ ਸੁਣ ਲੈ, ਇਹਨਾਂ 'ਚ ਵੀ ਆਹੀ ਕੁਛ ਆ। ਚੱਕ ਲੋ, ਮਾਰ ਲੋ, ਖਾਅ ਲੋ। ਏਥੇ ਕੁੜੀਆਂ ਜੰਮ ਕੇ ਦੱਸ ਕੀ ਬੰਦਾ ਤਰ ਜੂ। ਹੁਣ ਤਾਂ ਕੁੜੀਆਂ ਦੀ ਹਾਲਤ ਮੰਡੀ 'ਚ ਵਿਕਦੇ ਮਾਸ ਮੰਗੂ ਈ ਸਮਝ ਲੈ। ਫੇਰ ਅਖੇ ਭਰੂਣ ਹੱਤਿਆ ਕਿਉਂ ਹੁੰਦੀ ਆ। ਬਈ ਤੁਸੀਂ ਅੰਨੇ ਓਂ ਥੋਨੂੰ ਨੀ ਦੀਂਹਦਾ? ਕੁਲਜੀਤਿਆ ਇਹ ਹੁਣ ਪਹਿਲਾਂ ਵਾਲਾ ਪੰਜਾਬ ਨੀ ਰਿਹਾ। ਬਾਈ, ਬਹੁਤ ਕੁੱਝ ਬਦਲ ਗਿਆ ਏ।"

ਸਾਨੂੰ ਰਾਹ ਵਿੱਚ ਕਿੰਨੇ ਹੀ ਪਿੰਡ ਆਏ। ਜਿੰਨੇ ਪਿੰਡ ਉਨੇ ਹੀ ਸ਼ਰਾਬ ਦੇ ਠੇਕੇ। ਪਰ ਸਕੂਲ ਕੋਈ ਟਾਵਾਂ ਟੱਲਾ ਹੀ ਆਇਆ। ਮੈਂ ਟੋਨੀ ਨੂੰ ਪੁੱਛਿਆ "ਇਹ ਠੇਕੇ ਹੀ ਠੇਕੇ ਆਈ ਜਾਂਦੇ ਨੇ ਸਕੂਲ ਕੋਈ ਨੀ ਦੀਂਹਦਾ?" ਤਾਂ ਉਹ ਬੋਲਿਆ "ਸਕੂਲ ਤਾਂ ਹੀ ਹੋਊ ਜੇ ਪੜ੍ਹਨ ਆਲ਼ੇ ਹੋਣਗੇ? ਪੰਜਾਬੀ ਸਕੂਲਾਂ ਨੂੰ ਹੁਣ ਕੌਣ ਪੁੱਛਦੈ? ਪਿੰਡਾਂ ਦੇ ਨਿਆਣੇ ਤਾਂ ਸ਼ਹਿਰ ਦੇ ਅੰਗਰੇਜ਼ੀ ਸਕੂਲਾਂ 'ਚ ਪੜ੍ਹਨ ਜਾਂਦੇ ਨੇ। ਕਹਿੰਦੇ ਪੰਜਾਬੀ ਪੜ੍ਹਿਆਂ ਨੂੰ ਨੌਕਰੀਆਂ ਈਂ ਨੀ ਮਿਲਦੀਆਂ"

"ਨਾਂ ਫੇਰ ਕੋਈ ਆਪਣਾ ਕੰਮ ਧੰਦਾ ਤੋਰ ਲੈਣ। ਕੋਈ ਢਾਬਾ, ਜੂਸ ਦੀ ਦੁਕਾਨ ਜਾਂ ਕੁੱਝ ਵੀ।" ਮੈਂ

ਕਿਹਾ।

"ਲੈ ਹੁਣ ਇਹ ਕੰਮ ਤਾਂ ਭਈਏ ਕਰਦੇ ਨੇ। ਤੈਂ ਦੇਖਿਆ ਈ ਏ ਸਾਰੇ ਰਾਹ। ਜਾਂ ਤਾਂ ਦੱਸ ਜੇ ਕਿਸੇ ਪੰਜਾਬੀ ਨੂੰ ਢਾਬੇ ਜਾਂ ਜੂਸ ਦੀ ਦੁਕਾਨ ਤੇ ਕੰਮ ਕਰਦੇ ਹੋਏ ਦੇਖਿਐ।" ਟੋਨੀ ਹੱਸਿਆ।

ਮੈਂ ਪੁੱਛਿਆ "ਕੁੜੀਆਂ ਦਾ ਵੀ ਇਹ ਹੀ ਹਾਲ ਆ?" ਉਹ ਘਰਦੇ ਕੰਮ ਕੁੱਮ ਕਰ ਲੈਂਦੀਆਂ ਨੇ?" ਤਾਂ ਉਹ ਬੋਲਿਆ "ਪੁੱਛ ਨਾ ਭਰਾਵਾ ਸਾਰਾ ਆਵਾਂ ਹੀ ਊਤ ਗਿਆ। ਖਰਚੇ ਚਲਾਉਣ ਲਈ ਹੁਣ ਕੰਮ ਨਹੀਂ, ਧੰਦਾ ਕੀਤਾ ਜਾਂਦੈ। ਕਈ ਕੁੜੀਆਂ ਤਾਂ ਲੌਂਗ ਟਰਿੱਪ ਜਾਂ ਟੂਰ ਤੇ ਜਾਂਦੀਆ ਨੇ ਤੇ ਖਰਚਾ ਬਣਾ ਲਿਆਉਂਦੀਆਂ ਨੇ। ਤੇ ਮੁੰਡੇ ਸਮੈਕ ਦਾ ਖਰਚਾ ਤੋਰਨ ਲਈ ਲੁੱਟ ਖੋਹ ਜਾਂ ਝਪਟਮਾਰੀ ਵੀ ਕਰ ਲੈਂਦੇ ਨੇ। ਲੁੱਟ ਖੋਹ ਤਾਂ ਹੁਣ ਆਮ ਆ। ਹਾਂ ਜੇ ਆਪਾਂ ਨੂੰ ਕਾਰ ਰੋਕਣ ਲਈ ਕੋਈ ਵੀ ਕੁੜੀ, ਬੁੜੀ, ਮੁੰਡਾ ਜਾਂ ਬੰਦਾ ਹੱਥ ਦੇਵੇਂ ਤਾਂ ਮੈਨੂੰ ਰੋਕਣ ਨੂੰ ਨਾ ਕਹੀਂ। ਭਾਵੇਂ ਅਗਲਾ ਮਰਦਾ ਹੋਵੇ। ਏਥੇ ਸਾਲੇ ਬੜੇ ਡਰਾਮੇ ਚੱਲਦੇ ਨੇ।"

ਮੈਂ ਕਿਹਾ "ਅੱਛਾ ਕੋਈ ਹੋਰ ਟਿੱਪ ਦੱਸ।" ਤਾਂ ਕਹਿੰਦਾ

" ਐਨ ਆਰ ਆਈ ਨੂੰ ਤਾਂ ਧਰ ਕੇ ਲੈਂਦੇ ਨੇ। ਰਾਤ ਨੂੰ ਕੋਈ ਖੜਕਾਈ ਜਾਵੇ, ਦਰਵਾਜ਼ਾ ਨੀ ਖੋਹਲਣਾ। ਭਾਵੇਂ ਕੋਈ ਹੂਰ ਪਰੀ ਮਿਲ ਜਾਵੇ ਉਹਦੇ ਜਾਲ਼ ਨੀ ਫਸਣਾ। ਤੁਸੀਂ ਬਾਹਰੋਂ ਆਇਉਂ, ਤੁਹਾਨੂੰ ਏਥੇ ਦਾ ਕੱਖ ਨੀ ਪਤਾ। ਬੱਸ ਚੁੱਪ ਚਾਪ ਛੁੱਟੀਆਂ ਕੱਟੋ ਤੇ ਖੁਸ਼ੀ ਖੁਸ਼ੀ ਵਾਪਿਸ ਜਾਉ"

ਮੈਂ ਦੇਖਿਆ ਸੜਕ ਕਿਨਾਰੇ ਕਿੰਨੇ ਸਾਰੇ ਕੁੱਤੇ ਕਿਸੇ ਮਰੇ ਹੋਏ ਪਸ਼ੂ ਨੂੰ ਧੂੰਹਦੇ ਲੜ ਰਹੇ ਸਨ ਤੇ ਅਸਮਾਨ ਤੇ ਅਤੇ ਗਿਰਝਾਂ ਮੰਡਰਾ ਰਹੀਆਂ। ਬਾਹਰੋਂ ਆਏ ਗੰਦੇ ਮੁਸ਼ਕ ਨਾਲ ਸਾਰੀ ਗੱਡੀ ਭਰ ਗਈ ਤੇ ਅਸੀਂ ਫਟਾ ਫਟ ਸਭ ਖਿੜਕੀਆਂ ਬੰਦ ਕਰ ਲਈਆਂ।

ਪਟਿਆਲਾ:-

ਸਾਡੀ ਕਾਰ ਰੰਧਾਵਾ ਇਨਕਲੇਵ, ਕੋਠੀ ਨੰਬਰ 15 ਅੱਗੇ ਰੁਕਦੀ ਹੈ। ਲੱਭਦੇ ਲੁਭਾਉਂਦੇ ਮਸਾਂ ਪਹੁੰਚੇ ਹਾਂ। ਧੰਨ ਹੈ ਟੋਨੀ ਜੋ ਪੰਦਰਾਂ ਵੀਹ ਵਾਰ ਉੱਤਰ ਕੇ ਰਸਤਾ ਪੁੱਛਣ ਲਈ ਦੌੜਿਆ। ਮੈਂ ਸੋਚਦਾ ਹਾਂ ਜਿਸ ਮੁਲਕ ਵਿੱਚ ਕੋਈ ਮੈਪ ਹੀ ਨਹੀਂ ਹੈ ਉਥੇ ਜੀ ਪੀ ਐੱਸ ਵੀ ਕੀ ਕਰੂ। ਉਹ ਤਾਂ ਕਮਲਾ ਹੀ ਹੋ ਜਾਊ।

ਪ੍ਰੋ: ਕਿਰਪਾਲ ਵਲੋਂ ਦਿੱਤੀਆਂ ਹਦਾਇਤਾਂ ਤੇ ਵੀ ਅਸੀਂ ਪੂਰੇ ਉੱਤਰੇ। ਸ਼ੇਰਾਂ ਵਾਲੇ ਗੇਟ ਕੋਲੋਂ ਗੁਰਦੁਆਰਾਂ ਦੂਖਨਿਵਾਰਨ ਸਾਹਿਬ, ਬਾਰਾਂਦਰੀ, ਬਾਈ ਨੰਬਰ ਫਾਟਕ, ਚੌਵੀ ਨੰਬਰ ਵਾਲੇ ਰੇਲਵੇ ਫਾਟਕ ਨੂੰ ਲੰਘ ਕੇ ਸੱਜੇ ਮੁੜੇ। ਅੱਗੇ ਆਟਾ ਚੱਕੀ ਕੋਲੋਂ ਖੱਬੇ ਤੇ ਫੇਰ ਟਰਾਂਸਫਾਰਮਰ ਕੋਲੋਂ ਸੱਜੇ ਮੁੜ ਕੇ ਲਾਲ ਰੰਗ ਦੀ ਕੋਠੀ ਆ ਹੀ ਗਈ। ਪਰ ਕੋਈ ਵੀਹ ਵਾਰ ਔਟਲ਼ੇ ਤੇ ਹੁਣ ਮਸਾਂ ਹੀ ਲੱਭ ਕੇ ਚੈਨ ਮਿਲਿਆ ਏ।

ਮੈਂ ਤਾਂ ਖੁਦ ਇਸ ਸ਼ਹਿਰ ਰਿਹਾਂ ਹਾਂ। ਏਥੇ ਹੀ ਪੜ੍ਹਾਈ ਕੀਤੀ ਆ ਤਾਂ ਕੁੱਝ ਪਤਾ ਨੀ ਲੱਗਦਾ। ਜੇ ਮੇਰੇ ਨਿਆਣਿਆਂ ਨੇ ਇਹ ਜਗਾ ਲੱਭਣੀ ਹੋਵੇ, ਉਹ ਤਾਂ ਪਾਗਲ ਹੋ ਜਾਣ। ਕਿਆ ਅਜੀਬ ਤਰੀਕਾ ਹੈ ਪਤਾ ਦੱਸਣ ਦਾ, ਅਖੇ ਲਾਲ ਪੇਂਟ ਵਾਲੀ ਕੋਠੀ ਮੂਹਰੇ ਸਹਿਤੂਤ ਦਾ ਦਰਖਤ ਆ। ਪਤੰਦਰੋ ਦਰਖਤ ਤਾਂ ਹਰੇਕ ਕੋਠੀ ਮੂਹਰੇ ਈ ਖੜ੍ਹ ਆ। ਚੱਲ ਕੋਈ ਨਾ ਹੁਣ ਸਾਰੀ ਕੁੱਤੇ ਭਕਾਈ ਭੁੱਲ ਗਈ ਆ। ਅਸੀਂ ਡੋਰ ਬੈੱਲ ਕਰਦੇ ਹਾਂ ਤਾਂ ਇੱਕ ਖੂਬਸੂਰਤ ਬਣੀ ਤਣੀ ਕੁੜੀ ਗੇਟ ਖੋਹਲਦੀ ਆ। ਮੈਂ ਪ੍ਰੋ: ਕਿਰਪਾਲ ਸਿੰਘ ਦਾ ਨਾਂ ਲੈਂਦਾ ਹਾਂ ਤਾਂ ਉਹ ਅੰਦਰ ਲੰਘ ਜਾਣ ਦਾ ਇਸ਼ਾਰਾ ਕਰਦੀ ਹੈ ਤੇ ਮੁਸ਼ਕਰਾਹਟ ਵੀ ਬਿਖੇਰਦੀ ਹੈ।

ਪ੍ਰੋ: ਕਿਰਪਾਲ ਥ੍ਰੀ ਪੀਸ ਸੂਟ 'ਚ ਸਜੇ ਕੋਈ ਕਿਤਾਬ ਫਰੋਲ ਰਹੇ ਨੇ। ਉਹ ਉੱਠ ਕੇ ਗਰਮ ਜੋਸ਼ੀ ਨਾਲ ਹੱਥ ਮਿਲਾਉਂਦੇ ਨੇ। ਮੈਂ ਦੱਸਦਾ ਹਾਂ ਕੈਨੇਡਾ ਤੋਂ ਗੁਰਬੀਰ ਗਿੱਲ ਨੇ ਕਿਤਾਬਾਂ ਭੇਜੀਆਂ ਨੇ ਯੂਨੀਵਰਸਿਟੀ ਤੇ ਭਾਸ਼ਾਂ ਵਿਭਾਗ ਨੂੰ ਦੇਣ ਲਈ। ਬਾਕੀ ਗੱਲ ਉਹ ਝੱਟ ਸਮਝ ਜਾਂਦੇ ਨੇ ਤੇ ਬੇਟੀ ਨੂੰ ਕੋਲਡ ਡਰਿੰਕਸ ਲੈ ਕੇ ਆਉਣ ਲਈ ਆਵਾਜ਼ ਮਾਰਦੇ ਨੇ। ਮੈਨੂੰ ਪਤਾ ਲੱਗ ਗਿਆ ਹੈ ਲੜਕੀ ਦਾ ਨਾਮ ਨਮਰਤਾ ਹੈ ਜੋ ਹੁਣ ਟ੍ਰੇਅ ਚੋਂ ਕੋਕ ਦੇ ਗਿਲਾਸ ਮੇਜ਼ ਤੇ ਰੱਖ ਰਹੀ ਹੈ। ਪ੍ਰੋ: ਸਾਹਿਬ ਕਦੇ ਕਿਤਾਬਾਂ ਨੂੰ ਅਤੇ ਕਦੇ ਮੈਨੂੰ ਘੂਰ ਰਹੇ ਨੇ।

ਜਦ ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਜਾਂਦਾ ਹੈ, ਤਾਂ ਪੁੱਛਦੇ ਨੇ "ਗੁਰਬੀਰ ਨੇ ਕੁੱਝ ਹੋਰ ਨੀ



ਫੜਾਇਆ?" ਮੈਨੂੰ ਝੱਟ ਗੱਡੀ 'ਚ ਰਹਿ ਗਿਆ ਸਮਾਨ ਯਾਦ ਆਉਂਦਾ ਹੈ। ਇੱਕ ਲਿਫ਼ਾਫ਼ਾ ਜਿਸ ਵਿੱਚ ਹਜ਼ਾਰ ਕੈਨੇਡੀਅਨ ਡਾਲਰ ਨੇ ਅਤੇ ਬਲੈਕ ਲੇਵਲ ਵਿਸਕੀ ਦੀ ਬੋਤਲ ਆ। ਮੈਂ ਸੌਰੀ ਕਹਿੰਦਾ ਕਾਰ 'ਚੋਂ ਬੈਗ ਚੁੱਕਣ ਲਈ ਦੌੜਦਾ ਹਾਂ ਤੇ ਵਾਪਿਸ ਆ ਕੇ ਸਮਾਨ ਪ੍ਰੋ: ਕਿਰਪਾਲ ਨੂੰ ਦਿੰਦਾ ਹੋਇਆ, ਡਾਲਰ ਗਿਣਨ ਲਈ ਕਹਿੰਦਾ ਹਾਂ। ਮੁਰਝਾਏ ਬੂਟੇ ਨੂੰ ਪਾਣੀ ਪੈਣ ਵਾਂਗ ਪ੍ਰੋ: ਕਿਰਪਾਲ ਖਿੜ ਉੱਠਦੇ ਨੇ। ਨੋਟ ਗਿਣ ਕੇ ਆਖਦੇ ਨੇ "ਹੁਣ ਤਾਂ ਕੈਨੇਡੀਅਨ ਵੀ ਸੱਠਾਂ ਨੂੰ ਜਾ ਪੁੱਜਿਆ, ਅਮਰੀਕਣ ਦੇ ਮੌਰੀਂ ਜਾ ਚੜ੍ਹਿਆ ਏ।" ਚਿੱਟੀ ਕਾਲੀ ਸੰਵਾਰ ਕੇ ਬੰਨੀ ਦਾੜ੍ਹੀ ਵਿੱਚ ਦੰਦਾਂ ਦੀ ਬੀੜ ਲਿਸ਼ਕ ਪੈਂਦੀ ਹੈ। ਫੇਰ ਉਹ ਰੁਕ ਕੇ ਬੋਲੇ,

"ਪੂਰਾ ਜ਼ੋਰ ਲਾਊਂ ਭਾਸ਼ਾ ਵਿਭਾਗ ਦੇ ਇਨਾਮ ਵਾਲਾ ਕੰਮ ਤਾਂ ਪੱਕਾ ਈ ਸਮਝੋ। ਬਾਕੀ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੀ ਮੀਟਿੰਗ ਕੱਲ ਹੈ। ਪੂਰੀ ਲੌਬੀ ਕਰਾਂਗੇ।" ਫੇਰ ਉਹ ਆਪਣੀ ਪਤਨੀ ਨੂੰ ਹਾਕ ਮਾਰ ਕੇ ਪੈਸੇ ਅਤੇ ਬੋਤਲ ਫੜਾਉਂਦਾ, ਚਾਹ ਲਿਆਉਣ ਦੀ ਹਦਾਇਤ ਕਰਦਾ ਹੈ ਅਤੇ ਨਾਲ ਹੀ ਆਖਦਾ ਹੈ ਮੈਂ ਡਾ: ਬਲਰਾਜ ਨੂੰ ਫੋਨ ਕੀਤੈ ਉਸ ਦਾ ਉੱਪਰ ਤੱਕ ਹੱਥ ਪੈਂਦੈ, ਉਸ ਨੂੰ ਵੀ ਮਿਲ ਕੇ ਜਾਇਉ। ਜੇ ਹੁਣ ਆਏ ਹੀ ਹੋਂ ਤਾਂ ਪੱਕਾ ਕੰਮ ਕਰਕੇ ਜਾਇਉ। ਕਿਹੜਾ ਰੋਜ਼ ਰੋਜ਼ ਆ ਹੁੰਦਾ ਏ।"

ਸਿਮਰਤ ਟੋਨੀ ਨੂੰ ਕਾਰ ਵਿੱਚ ਹੀ ਚਾਹ ਫੜਾ ਆਈ ਹੈ। ਲਉ ਡਾ: ਬਲਰਾਜ ਜੀ ਵੀ ਏਥੇ ਹੀ ਆ ਗਏ ਹਨ। ਨੂੰਹੇਂ ਦੀ ਪੂਛ ਵਾਂਗ ਖੜੀਆਂ ਮੁੱਛਾਂ, ਮੋਟਾ ਢਿੱਡ ਅਤੇ ਧੁੰਨੀ ਤੋਂ ਉੱਪਰ ਬੰਨੀ ਪੈਂਟ ਕਾਰਨ ਉਹ ਨਿਰਾ ਜੋਕਰ ਲੱਗਦਾ ਹੈ। ਪ੍ਰੋ: ਕਿਰਪਾਲ ਮੇਰੀ ਕੈਨੇਡਾ ਤੋਂ ਆਏ ਮਹੱਤਵਪੂਰਨ ਬੰਦੇ ਦੇ ਤੌਰ ਤੇ ਜਾਣ ਪਛਾਣ ਕਰਵਾਂਉਦੇ ਨੇ। ਮੈਂ ਦੱਸਦਾ ਹਾਂ ਕਿ ਮੈਂ ਟੋਰਾਂਟੋ ਇੱਕ ਕੰਪਨੀ ਵਿੱਚ ਸੁਪਰਵਾਈਜ਼ਰ ਹਾਂ ਤੇ ਕਦੀ ਕਦਾਈ ਮੈਂ ਵੀ ਕਹਾਣੀ ਬਗੈਰਾ ਲਿਖ ਲੈਂਦਾ ਹਾਂ। ਡਾ: ਬਲਰਾਜ ਦੀਆਂ ਬਾਛਾਂ ਖਿਲਦੀਆਂ ਨੇ "ਕਹਿੰਦਾ ਹੈ ਤੇਰੀਆਂ ਕਹਾਣੀਆਂ ਜੇ ਟੌਪ ਦੇ ਪੇਪਰਾਂ 'ਚ ਲੁਆ ਦਈਏ? ਇਨਾਮ ਸ਼ਨਾਮ ਵੀ ਸਾਰਾ ਕੁੱਝ ਹੋ ਜੂ" ਟੋਨੀ ਇਸੇ ਨੂੰ ਦਾਨਾ ਸੁੱਟਣਾ ਕਹਿੰਦਾ ਹੁੰਦਾ ਹੈ। ਮੇਰਾ ਜੀ ਕਰਦਾ ਹੈ ਜਾ ਕੇ ਉਸ ਨੂੰ ਅੰਦਰ ਲੈ ਆਵਾਂ। ਪਰ ਉਹ ਤਾਂ ਮੇਰਾ ਡਰਾਈਵਰ ਹੈ ਇਹਨਾਂ ਪ੍ਰੋਫੈਸਰਾਂ ਨੇ ਉਸ ਨੂੰ ਬਰਾਬਰ ਬਠਾਉਣਾ ਚੰਗਾ ਨੀ ਸਮਝਣਾ। ਤਾਂ ਹੀ ਅੰਦਰ ਲਿਆਉਣ ਦੀ ਬਜਾਏ ਉਸ ਨੂੰ ਚਾਹ ਕਾਰ ਵਿੱਚ ਹੀ ਫੜਾ ਆਏ ਨੇ।

ਪ੍ਰੋ: ਕਿਰਪਾਲ ਨੇ ਬੇਟੀ ਨੂੰ ਹਾਕ ਮਾਰੀ ਹੈ। ਉਹ ਸਾਹਮਣੇ ਆ ਖੜੀ ਹੈ। ਤਾਂ ਉਹ ਬੋਲਦੇ ਨੇ "ਇਹ ਬੇਟੀ ਵੀ ਅਬਰੌਡ ਜਾਣਾ ਚਾਹੁੰਦੀ ਆ। ਅਸੀਂ ਕਿਸੇ ਵੀ ਕੀਮਤ ਤੇ ਭੇਜਣ ਲਈ ਤਿਆਰ ਹਾਂ ਜੇ ਤੁਸੀਂ ਕੁੱਝ ਕਰ ਸਕਦੇ ਹੋ? ਗੁਰਬੀਰ ਦੱਸਦਾ ਸੀ ਤੁਹਾਡਾ ਵੀ ਸਾਲਾ ਅਜੇ ਵਿਆਹੁਣ ਵਾਲਾ ਹੈ। ਇਹ ਕੰਮ ਜਰੂਰ ਕਰੋ। ਤੁਸੀਂ ਤਾਂ ਜਵਾਈ ਹੋਂ, ਤੁਹਾਨੂੰ ਤਾਂ ਜਵਾਬ ਦੇਣ ਨਹੀਂ ਲੱਗੇ। ਜੇ ਹੋਰ ਕੁੱਝ ਨਾ ਬਣਿਆ ਤਾਂ ਪੁਆਇੰਟ ਸਿਸਟਮ ਤੇ ਕੱਢ ਲਿਉ। ਤੁਹਾਡੇ ਕੋਲ ਜਾ ਕੇ ਰਹਿ ਲਵੇਗੀ। ਇਕ ਕਰਨ ਵਾਲਾ ਕੰਮ ਹੈ। ਜੋ ਵੀ ਤੁਹਾਡਾ ਕੰਮ ਏਧਰ ਹੋਊ ਫੇਰ ਅਸੀਂ ਬੈਠੇ ਆਂ।" ਬੀੜ ਇੱਕ ਵਾਰ ਫੇਰ ਲਿਸ਼ਕੀ। ਮੈਂ ਕਹਿਣਾ ਤਾਂ ਚਾਹੁੰਦਾ ਸੀ, "ਐਦਾਂ ਕਿਤੇ ਖੇਲ ਪਏ ਨੇ ਰਿਸ਼ਤੇ ਕਰਾਉਣੇ।" ਪਰ ਇਹਨਾਂ ਨੂੰ ਕਿਹੜਾ ਮੇਰੀ ਗੱਲ ਸਮਝ ਲੱਗਣੀ ਸੀ।

ਮੈਨੂੰ ਪਿਛਲੇ ਸਾਲ ਵਾਲੀ ਗੱਲ ਯਾਦ ਆਈ, ਜਦੋਂ ਇੱਕ ਸਾਹਿਤ ਸਭਾ ਦਾ ਪ੍ਰਧਾਨ ਕਿਸੇ ਮਰੇ ਹੋਏ ਲੇਖਕ ਦੀ ਯਾਦ ਵਿੱਚ ਲਾਇਬਰੇਰੀ ਸਥਾਪਤ ਕਰਨ ਲਈ, ਮੇਰੇ ਤੋਂ ਪੰਜਾਹ ਹਜ਼ਾਰ ਰੁਪਿਆ ਲੈਣ ਲਈ ਪਿੱਛੇ ਪੈ ਗਿਆ ਸੀ। ਏਥੇ ਹੀ ਬੱਸ ਨਹੀਂ ਉਹ ਚਾਹੁੰਦਾ ਸੀ ਮੈਂ ਲੱਖ ਰੁਪਈਆਂ ਸਾਹਿਤ ਸਭਾ ਦੇ ਅਕਾਊਂਟ ਵਿੱਚ ਵੀ ਰੱਖਾਂ, ਜਿਸ ਨਾਲ ਉਹ ਫੰਕਸ਼ਨ ਕਰਵਾ ਕੇ ਹਰ ਵਰੇ ਫੰਕਸ਼ਨ ਇਨਾਮ ਸ਼ਨਾਮ ਵੀ ਦੇ ਦਿਆ ਕਰਨ। ਸ਼ਾਇਦ ਉਹ ਸੋਚਦਾ ਸੀ ਕਿ ਬਾਹਰਲੇ ਮੁਲਕਾਂ ਵਿੱਚ ਪੈਸੇ ਦਰਖਤਾਂ ਨੂੰ ਲੱਗਦੇ ਹਨ। ਪਰ ਇਹ ਵੀ ਕੀ ਗੱਲ ਹੋਈ ਕਿ ਤੁਸੀਂ ਜੀਊਂਦੇ ਲੇਖਕਾਂ ਦਾ ਮਾਸ ਨੋਚੋ ਤੇ ਉਨ੍ਹਾਂ ਨੂੰ ਰਗੜੀ ਜਾਉ, ਮਰ ਚੁੱਕਿਆਂ ਦੀ ਮੜੀਆਂ ਪੂਜੀ ਜਾਉ। ਤੇ ਉਹ ਵੀ ਸਿਰਫ ਆਪਣੇ ਹਿੱਤ ਲਈ।

ਉਹ ਪ੍ਰਧਾਨ ਕੁਤਰੀ ਦਾੜ੍ਹੀ ਨੂੰ ਤੇਲ ਲਾਅ, ਜੀਨ ਦੇ ਨਾਲ ਫਤੂਹੀ ਜਿਹੀ ਪਾ ਕੇ ਰੋਜ਼ ਮੇਰੇ ਦਰਵਾਜ਼ੇ

ਆ ਖੜਦਾ। ਕਦੇ ਕੋਈ ਖੜਾ ਬੈਠਾ ਨਾ ਦੇਖਦਾ ਤੇ ਨਾ ਹੀ ਜਾਣ ਆਉਣ ਦਾ ਵਕਤ। ਮੈਂ ਬਥੇਰਾ ਸਮਝਾਇਆ ਕਿ ਮੇਰੇ ਵੀ ਬੱਚਿਆਂ ਦੇ ਬਹੁਤ ਖਰਚ ਨੇ। ਮਸਾਂ ਔਖੇ ਹੋ ਕੇ ਕਰੈਡਿਟ ਕਾਰਡਾਂ ਤੇ ਪੈਸੇ ਚੁੱਕ ਚੁੱਕ ਤਾਂ ਅਸਾਂ ਇੰਡੀਆਂ ਆਉਂਦੇ ਹਾਂ। ਪਰ ਉਸ ਨੂੰ ਲੱਗਦਾ ਕਿ ਮੈਂ ਉਸ ਨੂੰ ਟਾਲਣ ਲਈ ਝੂਠ ਬੋਲਦਾ ਹਾਂ। ਮੈਨੂੰ ਤਾਂ ਇਹ ਵੀ ਪਤਾ ਲੱਗਾ ਸੀ ਕਿ ਉਹ ਬਾਹਰੋਂ ਆਇਆਂ ਲੇਖਕਾਂ ਦੀ ਕਿਸੇ ਕਿਤਾਬ ਤੇ ਫੰਕਸ਼ਨ ਰਖਾ ਕੇ ਚੰਗਾ ਮਾਂਜਾ ਲਾਉਂਦਾ ਹੈ। ਉਸਦਾ ਬਿਜਨਸ ਹੀ ਪੈਸੇ ਬਟੋਰਨਾ ਹੈ ਤੇ ਏਸੇ ਕਰਕੇ ਉਹ ਸਭਾ ਦਾ ਕਬਜ਼ਾ ਨਹੀਂ ਛੱਡਦਾ।

ਮੇਰੇ ਤੋਂ ਪੰਜਾਹ ਹਜ਼ਾਰ ਲੈ ਕੇ ਉਸ ਨੇ ਆਪਣੇ ਕੋਲ ਪਈਆਂ ਵਾਧੂ ਕਿਤਾਬਾਂ ਸ਼ੇਲਫਾਂ ਤੇ ਸਜ਼ਾ ਕੇ ਹੀ ਅਖਬਾਰਾਂ ਨੂੰ ਫੋਟੋਆਂ ਸਮੇਤ ਖਬਰਾਂ ਭੇਜ ਦੇਣੀਆਂ ਸਨ। ਉਨ੍ਹਾਂ ਦਾ ਕੰਮ ਹੀ ਇਹ ਸੀ। ਸ਼ਾਮ ਨੂੰ ਸਾਰੀ ਜੁੰਡਲੀ ਮਿਲਕੇ ਦਾਰੂ ਪੀਦੀਂ ਅਤੇ ਮੁਰਗ਼ ਮੁਸੱਲਮ ਖਾਂਦੀ। ਮੁਰਗੀ ਫਸਾਉਣੀ ਉਹਨਾਂ ਨੂੰ ਖੂਬ ਆਉਂਦੀ ਸੀ। ਅਗਲੇ ਨੂੰ ਰੈਸਟੋਰੈਂਟ ਲਿਜ਼ਾ ਕੇ ਖੁਦ ਹੀ ਐਸੇ ਆਰਡਰ ਚਾੜ੍ਹਦੇ ਕਿ ਫਸੇ ਬੰਦੇ ਨੂੰ ਬਟੂਏ ਦਾ ਫਿਕਰ ਪੈ ਜਾਂਦਾ। ਜਦੋਂ ਮੈਂ ਟੋਨੀ ਨੂੰ ਉਸਦੀ ਗੱਲ ਦੱਸੀ ਤਾਂ ਉਹ ਬੋਲਿਆ "ਇਹ ਤਾਂ ਸਾਲੇ ਕੰਜਰੀਆਂ ਤੋਂ ਵੀ ਭੈੜੇ ਨੇ ਅਗਲੀ ਤਾਂ ਪੈਸੇ ਲੈ ਕੇ ਸਿਰਫ ਜਿਸਮ ਵੇਚਦੀ ਆ ਪਰ ਇਹ ਤਾਂ ਸਾਰਾ ਕੁੱਝ ਹੀ ਵੇਚ ਦਿੰਦੇ ਨੇ। ਵੀਰ ਮੇਰਿਆਂ ਬਚ ਕੇ ਰਹੀਂ ਪੰਜਾਬ ਵਿੱਚ ਉਹ ਵੇਲਾ ਆਉਣ ਵਾਲਾ ਹੈ ਕਿ ਨੌਸਰਬਾਜ ਤਾਂ ਐਨ ਆਰ ਆਈਆਂ ਨੂੰ ਦੀਵਾ ਲੈ ਕੇ ਲੱਭਿਆ ਕਰਨਗੇ। ਉਹ ਇਹ ਵਾਰ ਵੀ ਕਹਿ ਰਿਹਾ ਸੀ "ਜੁਗਾੜੂ ਬੰਦਿਆਂ ਨੂੰ ਨੇੜੇ ਨਾ ਲੱਗਣ ਦਈਂ।"

ਮੈਂ ਵਿਦਾ ਲੈ ਕੇ ਕਾਰ 'ਚ ਆ ਬੈਠਾ ਤਾਂ ਟੋਨੀ ਬੋਲਿਆ "ਹੁਣ ਤਾਂ ਨੀ ਮੁੰਨਤਾ ਕਿਸੇ ਨੇ? ਕਿ ਲਹਾ ਆਇਐਂ ਉੱਨ?" ਮੈਂ ਪ੍ਰੋ: ਕਿਰਪਾਲ ਵਲੋਂ ਕੁੜੀ ਕੈਨੇਡਾ ਕੱਢਣ ਵਾਲੀ ਗੱਲ ਦੱਸੀ, ਤਾਂ ਉਹ ਹੱਸਿਆ "ਕਰ ਲੈ ਐਸ਼ਾਂ ਚਾਰ ਦਿਨ। ਲੈ ਜਾ ਦਿੱਲੀ। ਕਹਿ ਦਈਂ ਅੰਬੈਸੀ 'ਚ ਪੇਪਰਾਂ ਦਾ ਕੰਮ ਕਰਾਉਣੈ। ਜੇ ਜਵਾਬ ਦੇ ਗਏ ਤਾਂ ਕਹਿ ਦਈਂ। ਨਾਲੇ ਮੇਰੇ ਦਿੱਲੀ ਦੇ ਗੇੜੇ ਲੱਗ ਜਾਣਗੇ ਤੇ ਉਹ ਪੈਸੇ ਵੀ ਪ੍ਰੋਫੈਸਰ ਈ ਦੇਊਗਾ। ਉਂਹ ਇਹ ਕਲਚਰ ਦੀਆਂ ਗੱਲਾਂ ਕਰਨਗੇ। ਉਂ ਕੁੜੀਆਂ ਨੂੰ ਕੈਨੇਡਾ ਕੱਢਣ ਕਿਸੇ ਵੀ ਲੱਲੂ ਪੰਜੂ ਨੂੰ ਜੋ ਮਰਜੀ ਕਰਨ ਲਈ ਪੇਸ਼ ਕਰ ਦੇਣਗੇ। ਹੈਂ ਨਾ ਸਾਡਾ ਭਾਰਤ ਮਹਾਨ।" ਉਹ ਹੱਸਿਆ। "ਜੇ ਅਗਲੇ ਥੋਨੂੰ ਨੀ ਬਖਸ਼ਦੇ ਤੁਸੀਂ ਵੀ ਰਗੜਨਾ ਸਿੱਖੋ।"

ਫੇਰ ਸਾਡਾ ਵਿਸ਼ਾ ਕੁੜੀਆਂ ਵਲ ਮੁੜ ਪਿਆ। ਟੋਨੀ ਦਾ ਤਰਕ ਸੀ ਕਿ "ਲੋਕ ਕੁੱਖ ਵਿੱਚ ਕੁੜੀਆਂ ਤਾਂ ਮਾਰ ਦਿੰਦੇ ਨੇ ਉਹਨਾਂ ਦੀ ਜੂਨ ਹੀ ਕੋਈ ਨਹੀਂ। ਹਰ ਰੋਜ਼ ਨਾਬਾਲਗ ਕੁੜੀਆਂ ਨਾਲ ਬਲਾਤਕਾਰ ਤੇ ਫੇਰ ਕਤਲ ਹੁੰਦੇ ਨੇ। ਕਾਨੂੰਨ ਨਿੱਸਲ ਹੋ ਕੇ ਪਿਆ ਰਹਿੰਦਾ ਆ। ਪਿਉ ਭਰਾ ਤਾਂ ਨਸ਼ਿਆਂ 'ਚ ਗਰਕ ਰਹਿੰਦੇ ਨੇ ਤੇ ਫੇਰ ਕੁੜੀਆਂ ਪੜ੍ਹਾਈ ਦੇ ਜਾਂ ਨਿੱਤ ਦੇ ਖਰਚੇ ਕਿੱਥੋਂ ਤੋਰਨ? ਵਿਗੜਨਗੀਆਂ ਈਂ। ਹੋਰ ਕੀ ਕਰਨ?"

ਮੈਂ ਉਸ ਦੀਆਂ ਗੱਲਾਂ ਸੁਣ ਸੁਣ ਹੈਰਾਨ ਹੋ ਰਿਹਾ ਸੀ। ਉਹ ਬੋਲਿਆ "ਭਰਾਵਾਂ ਐਸ ਕੰਮ ਦਾ ਵੀ ਬਹੁਤ ਬੜਾ ਜੁਗਾੜ ਆ। ਆਪਣੇ ਸ਼ਹਿਰ ਦੀਆਂ ਕੁੜੀਆਂ ਦਿੱਲੀ ਬੰਬੇ ਤੱਕ ਸਪਲਾਈ ਹੁੰਦੀਆਂ ਨੇ। ਅਖੇ ਅਸੀਂ ਮੌਡਲਿੰਗ ਕਰਨ ਜਾਂਦੀਆਂ ਹਾਂ। ਕਿਸੇ ਇੱਕ ਅੱਧੇ ਗੀਤ 'ਚ ਨਚਾ ਕੇ ਅਗਲੇ ਡਾਂਸ ਬਾਰਾਂ ਨੂੰ ਭੇਜ ਦਿੰਦੇ ਨੇ। ਸਿੰਗਾਪੁਰ ਦੁਬਈ ਤੱਕ ਤੇ ਹੋਟਲਾਂ ਤੱਕ ਧੰਦਾ ਫੈਲਿਆ ਹੋਇਆ। ਜਾਸਮੀਨ ਬਿਊਟੀ ਪਾਰਲਰ ਵਾਲੀ ਜੈਸਿਕਾ ਵੀ ਇਹ ਹੀ ਕੰਮ ਕਰਦੀ ਆ। ਦਿਨਾਂ 'ਚ ਏ ਕਰੋੜਪਤੀ ਬਣਗੀ। ਮੇਰੀ ਗੱਡੀ ਉਸ ਨੇ ਪੱਕੀ ਹੀ ਬੁੱਕ ਕੀਤੀ ਹੋਈ ਆ। ਮੈਂ ਤਾਂ ਉਹਦੀ ਰਗ ਰਗ ਤੋਂ ਵਾਕਿਫ ਆਂ। ਘਰ ਵਾਲਾ ਉਹਦਾ ਚਿੱਟਾ ਵੇਚਦੈ। ਮੰਤਰੀਆਂ ਨਾਲ ਸਬੰਧ ਨੇ। ਭਰਾਵਾਂ ਤੈਨੂੰ ਉਹ ਸਟੋਰੀਆਂ ਦੱਸੂੰ ਕਿ ਤੇਰੇ ਦੰਦ ਜੁੜ ਜਾਣਗੇ। ਜੇ ਤੈਂ ਜਲਵਾ ਦੇਖਣੈ ਉਹ ਵੀ ਦਿਖਾ ਦਊਂ। ਹੁਣ ਕੀ ਕਰੀਏ ਅਸੀਂ ਵੀ ਤਾਂ ਰੋਟੀ ਖਾਣੀ ਆ ਤੇ ਨਿਆਣੇ ਪਾਲਣੇ ਨੇ। ਪਰ ਟੈਕਸੀ ਦਾ ਕੰਮ ਹੈ ਬੜਾ ਕੁੱਤਾ।"

ਮੈਂ ਹੈਰਾਨ ਸਾਂ ਕਿ ਪੰਜਾਬ ਵਿੱਚ ਐਨੀ ਜਲਦੀ ਇਹ ਕੀ ਹੋ ਗਿਆ ਆ। ਔਰਤਾਂ ਦੀ ਇੱਜ਼ਤ ਤੇ



ਪਿੰਡ ਦੀ ਧੀ ਭੈਣ ਵਾਲੀ ਤਾਂ ਗੱਲ ਹੀ ਨਹੀਂ ਰਹੀ। ਕਿਉਂ ਲੋਕ ਆਪਣੀਆਂ ਹੀ ਧੀਆਂ ਭੈਣਾਂ ਵੇਚਣ ਲੱਗ ਪਏ ਨੇ। ਜਿਨਾਂ ਤੋਂ ਇਹ ਕੰਮ ਨਹੀਂ ਹੋ ਸਕਦਾ ਹੋਊ ਉਹ ਹੀ ਜੰਮਣ ਤੋਂ ਪਹਿਲਾਂ ਕੁੜੀਆਂ ਮਾਰਨ ਲੱਗ ਪਏ ਹੋਣਗੇ।

ਮੈਨੂੰ ਯਾਦ ਆਇਆਂ ਕਿ ਕੁੱਝ ਸਾਲ ਪਹਿਲਾਂ ਜਦੋਂ ਮੈਂ ਇੱਕ ਮਹਿਫਲ ਵਿੱਚ ਕਹਿ ਦਿੱਤਾ ਸੀ ਕਿ ਜੇ ਪੰਜਾਬੀਆਂ ਦਾ ਇਹ ਹੀ ਹਾਲ ਰਿਹਾ ਤਾਂ ਪੰਜਾਬੀ ਕੁੜੀਆਂ ਕੋਲ ਦੇਹ ਵਪਾਰ ਕਰਨ ਤੋਂ ਸਿਵਾਏ ਹੋਰ ਕੋਈ ਰਸਤਾ ਨਹੀ ਬਚੇਗਾ। ਤਾਂ ਪੂਰੀ ਮਹਿਫਲ ਮੇਰੇ ਗਲ਼ ਪੈ ਗਈ ਸੀ। ਪਰ ਹੁਣ ਇਹ ਕੰਮ ਸ਼ਰੇਆਮ ਹੋ ਰਿਹਾ ਸੀ। ਸ਼ਹਿਰ ਦੀ ਪੌਸ਼ ਕਲੋਨੀਆਂ ਤੇ ਹੋਟਲਾਂ ਵਿੱਚ ਧੰਦਾ ਬੜੇ ਠਾਠ ਨਾਲ ਚੱਲ ਰਿਹਾ ਸੀ। ਪਰਸਾਸ਼ਨ ਦੀ ਮਿਲੀ ਭੁਗਤ ਹੋਣ ਕਾਰਨ ਸਾਰੇ ਇਸ ਹਮਾਮ 'ਚ ਨੰਗੇ ਨੇ। ਟੋਨੀ ਮੈਨੂੰ ਅੰਦਰਲੇ ਭੇਦ ਦੱਸ ਰਿਹਾ ਸੀ। ਉਹ ਫੇਰ ਬੋਲਿਆ:-

"ਕੁਲਜੀਤਿਆ ਪਿੰਡਾਂ ਦੀਆਂ ਕੁੜੀਆਂ ਜਾਸਮੀਨ ਮੈਡਮ ਕੋਲ ਬਿਊਟੀ ਪਾਰਲਰ ਜਾਣਾ, ਕਹਿ ਕੇ ਆਂਉਦੀਆਂ ਨੇ ਤੇ ਏਥੋਂ ਹੀ ਸੌਦੇ ਤਹਿ ਹੋ ਜਾਂਦੇ ਨੇ। ਅਗਲੇ ਕਾਰ 'ਚ ਚੁੱਕ ਕੇ ਲੈ ਜਾਂਦੇ ਨੇ ਤੇ ਘੰਟੇ ਦੋ ਘੰਟੇ ਬਾਅਦ ਛੱਡ ਜਾਂਦੇ ਨੇ। ਮੈਡਮ ਦਾ ਮਾਲ ਵੱਡੇ ਮੰਤਰੀਆਂ ਤੇ ਪੁਲਿਸ ਅਫਸਰਾਂ ਸਭ ਕੋਲ ਜਾਂਦੈ। ਜੇ ਕੋਈ ਤੇਰੇ ਵਰਗਾ ਬਾਹਰੋਂ ਆਇਆ ਹਫਤੇ ਖੰਡ ਲਈ ਮਾਲ ਬਾਹਰਲੇ ਟਰਿੱਪ ਤੇ ਲੈ ਕੇ ਜਾਣਾਂ ਚਾਹੇ ਉਹ ਵੀ ਮਿਲ ਜਾਂਦੈ। ਮੈਡਮ ਦੀ ਤਾਂ ਉੱਪਰ ਤੱਕ ਚੱਲਦੀ ਆ। ਸਾਰੇ ਹੀ ਉਹਦੇ ਗਾਹਕ ਨੇ। ਤੇ ਉਹ ਸਭ ਦੇ ਭੇਤ ਜਾਣਦੀਆਂ ਆ। ਵੱਡੇ ਅਫਸਰਾਂ ਨੂੰ ਗੰਦੀਆਂ ਗਾਲਾਂ ਕੱਢ ਦਿੰਦੀ ਆਂ। ਉਸ ਦੇ ਹਸਬੈਂਡ ਦਾ ਸਮੱਗਲਿੰਗ ਤੇ ਇਸ ਧੰਦੇ 'ਚ ਪੂਰਾ ਹੱਥ ਆ।

ਇਹਨੇ ਵੀਹ ਸਾਲ ਦੀ ਨੇ ਕੰਮ ਸ਼ੁਰੂ ਕੀਤਾ ਸੀ ਹੁਣ ਦੇਖ ਲੈ ਕਰੋੜਾਂ ਪਤੀ ਆ। ਸ਼ਹਿਰ ਵਿੱਚ ਕਈ ਪਲਾਟ ਤੇ ਕੋਠੀਆਂ ਨੇ। ਸਭ ਕੋਠੀਆਂ ਇਸੇ ਕੰਮ ਲਈ ਰੱਖੀਆਂ ਹੋਈਆਂ ਨੇ। ਭਰਾਵਾ ਮੈਂ ਤਾਂ ਇਹ ਕੰਜਰਖਾਨਾ ਨਿੱਤ ਦੇਖਦਾਂ ਹਾਂ। ਮੈਂ ਹੀ ਕੁੜੀਆਂ ਛੱਡ ਕੇ ਆਉਂਦੈ। ਸਕੂਲਾਂ ਕਾਲਜਾਂ ਦੀਆਂ ਭੋਰਾ ਭਰ ਲੱਗਦੀਆਂ ਕੁੜੀਆਂ ਜਿਨਾਂ ਨੂੰ ਦੇਖ ਕੇ ਤੁਸੀ ਕਹਿ ਹੀ ਨਹੀ ਸਕਦੇ। ਇਸ ਧੰਦੇ 'ਚ ਲੱਗੀਆਂ ਹੋਈਆਂ। ਪਿੰਡੋਂ ਸ਼ਹਿਰ ਕਿਸੇ ਬਹਾਨੇ ਆਈਆਂ ਕੁੜੀਆਂ ਇੱਕ ਦੋ ਗਾਹਕ ਭੁਗਤਾ ਕੇ ਮੁੜ ਜਾਂਦੀਆਂ ਨੇ। ਮੈਡਮ ਇੱਕ ਵਾਰ ਦਾ ਪੰਜ ਹਜ਼ਾਰ ਲੈਂਦੀ ਆ। ਦੋ ਕੁੜੀ ਦਾ ਤੇ ਤਿੰਨ ਮੈਡਮ ਦਾ। ਜਗਾ ਦਾ ਪ੍ਰਬੰਧ ਵੀ ਉਹ ਆਪ ਹੀ ਕਰਦੀ ਆ। ਪੁਲੀਸ ਦੀ ਕੀ ਮਜਾਲ ਹੈ ਕਿ ਉਸ ਮੂਹਰੇ ਖੰਘ ਜਾਵੇ। ਸਭ ਉਸ ਦਾ ਪਾਣੀ ਭਰਦੇ ਨੇ। ਤੇ ਉਹ ਮਹੀਨਾ ਭਰਦੀ ਆ। ਬਹੁਤ ਖਰਾਂਟ ਔਰਤ ਆ। ਜੇ ਕਹੇਂ ਤੈਨੂੰ ਵੀ ਤਮਾਸ਼ਾ ਦਿਖਾ ਦਿੰਨੇ ਆਂ। ਕਰ ਲੈ ਫੋਨ ਡਾਇਲ। ਕਹੀਂ ਕੇ ਬਾਹਰੋਂ ਆਇਆਂ ਹਾਂ ਮਾਲ ਚਾਹੀਦੈ।"

ਮੈ ਕਿਹਾ ਚਲੋ ਇਹ ਨਵਾਂ ਤਜ਼ਰੁਬਾ ਵੀ ਕਰ ਲੈਂਦੇ ਹਾਂ। ਤੇ ਟੋਨੀ ਤੋਂ ਪੁੱਛਕੇ ਨੰਬਰ ਲਾ ਦਿੱਤਾ। ਅਗਲੇ ਹੀ ਪਲ ਜਾਸਮੀਨ ਮੇਰੇ ਨਾਲ ਫੋਨ ਤੇ ਸੌਦਾ ਤਹਿ ਕਰ ਰਹੀ ਸੀ।

"ਜੀ ਸਰ ਸਾਡੀਆਂ ਲੜਕੀਆਂ ਪੂਰੀ ਤਰ੍ਹਾਂ ਸੇਫ ਨੇ ਤੇ ਸਿਰਫ ਸੇਫ ਥਾਂ ਤੇ ਹੀ ਜਾਂਦੀਆ ਨੇ। ਜਗਾ ਅਸੀਂ ਆਪ ਦੱਸਦੇ ਹਾਂ, ਮੋਟਰਾਂ ਟਿਊਬੈਲਾਂ ਜਾਂ ਹੋਰ ਥਾਵਾਂ ਤੇ ਅਸੀਂ ਕੁੜੀਆਂ ਨਹੀਂ ਭੇਜਦੇ। ਫੋਟੋ ਆਈ ਡੀ ਦੇਖੇ ਬਗੈਰ ਅਸੀਂ ਲੜਕੀ ਨਹੀਂ ਭੇਜਦੇ। ਸਾਰਾ ਕੁੱਝ ਪੂਰੀ ਤਰ੍ਹਾਂ ਕਾਂਨਫੀਡੈਂਸ਼ਲ ਹੈ। ਪਰ ਫੀਸ ਪਹਿਲਾਂ ਲੈਂਦੇ ਹਾਂ। ਤੁਹਾਨੂੰ ਪਤਾ ਹੀ ਹੈ ਅਸੀਂ, ਰਿਸਕ ਨਹੀਂ ਲੈ ਸਕਦੇ। ਤੁਸੀਂ ਫੋਨ ਕਰਕੇ ਆ ਜਾਵੋ। ਪੰਜ ਹਜ਼ਾਰ ਰੁਪਏ ਜਮਾਂ ਕਰਵਾ ਕੇ ਪਿੱਕ ਅੱਪ ਕਰ ਲੈਣਾ। ਸਭ ਚੌਵੀ ਸਾਲ ਤੋਂ ਥੱਲੇ ਨੇ। ਹਾਂ ਹਾਂ ਤੁਸੀਂ ਤੁਸੀਂ ਬਾਹਰ ਦੇ ਟਰਿੱਪ ਲਈ ਵੀ ਲੈ ਸਕਦੇ ਹੋ। ਗੁੱਡ ਡੀਲ ਦੇ ਦੇਵਾਂਗੇ। ਟੋਨੀ ਦਾ ਨਾਂ ਜੋ ਲੈ ਦਿੱਤੈ, ਹੁਣ ਕਰਨਾ ਹੀ ਪਵੇਗਾ। ਕੋਈ ਨਾ ਆ ਜਾਵੋ।" ਕਹਿੰਦਿਆਂ ਉਸ ਨੇ ਫੋਨ ਕੱਟ ਦਿੱਤਾ।

ਉਹ ਹੰਢੀ ਹੋਈ ਬਿਜਨਸ ਵੁਮੈਨ ਲੱਗਦੀ ਸੀ। ਮੇਰਾ ਸਿਰ ਚਕਰਾਉਣ ਲੱਗ ਪਿਆ। ਮੇਰੇ ਰਿਸ਼ਤੇਦਾਰਾ ਦੀਆਂ ਵੀ ਤਾਂ ਅਨੇਕਾਂ ਕੁੜੀਆਂ ਜੋ ਰੋਜ਼ ਬੱਸ ਚੜ੍ਹਕੇ ਸ਼ਹਿਰ ਜਾਂਦੀਆਂ ਸਨ। ਕੌਣ ਕੀ ਸੀ? ਕੋਈ ਨਹੀਂ

ਸੀ ਪਤਾ।"ਮੁੰਡੇ ਸਮੈਕੀਏ ਤੇ ਕੁੜੀਆਂ ਟੈਕਸੀਆਂ।" ਟੋਨੀ ਦੇ ਬੋਲ ਬਰਸ਼ੇ ਵਾਂਗ ਮੇਰੇ ਸੀਨੇ ਖੁੱਭ ਗਏ।

ਉਹ ਬੋਲਿਆ "ਬੱਸ ਆਹ ਹੀ ਦਿਨ ਦੇਖਣੋਂ ਰਹਿ ਗਏ ਸਨ।" ਮੈਨੂੰ ਲੱਗਿਆ ਜਿਵੇ ਮੈਂ ਪਾਗਲ ਹੋ ਜਾਵਾਂਗਾ।ਸ਼ਹਿਰਾਂ ਵਿੱਚ ਮੋਬਾਈਲ ਚੁੱਕੀ ਮੁੰਡੇ ਕੁੜੀਆਂ ਹਰਲ ਹਰਲ ਕਰਦੇ ਫਿਰ ਰਹੇ ਸਨ।ਸ਼ਹਿਰ ਦੀਆਂ ਉਜਾੜ ਥਾਵਾਂ, ਖਾਲੀ ਸ਼ੀਸ਼ੀਆਂ ਅਤੇ ਸਰਿੰਜਾਂ ਨਾਲ ਭਰੀਆਂ ਸਨ।ਕਮੈਸਟਾਂ ਦੀਆਂ ਦੁਕਾਨਾਂ ਤੇ ਮੁੰਡੇ ਕੁੜੀਆਂ ਦੀ ਭੀੜ ਸੀ।ਦਵਾਈਆਂ ਦੇ ਨਾਲ ਨਾਲ ਡਰੱਗ ਦਾ ਧੰਦਾ ਵੀ ਜ਼ੋਰਾਂ ਤੇ ਸੀ।ਕਈ ਮੰਤਰੀਆਂ ਨੇ ਤਾਂ ਦਵਾਈਆਂ ਦੇ ਰੂਪ ਵਿੱਚ ਸਿਨਥੈਟਿਕ ਡਰੱਗ ਬਣਾਉਣ ਦੀਆਂ ਫੈਕਟਰੀਆਂ ਵੀ ਲਾ ਦਿੱਤੀਆਂ ਸਨ।ਉਹਨਾਂ ਦੇ ਡੀਲਰ ਜੋ ਲੀਡਰ ਵੀ ਕਹਾਉਂਦੇ ਮਾਲ ਸਪਲਾਈ ਕਰ ਜਾਂਦੇ।

ਬਾਕੀ ਦੁਕਾਨਾਂ ਤੇ ਵੀ ਖਰੀਦਦਾਰ ਵੀ ਜ਼ਿਆਦਾ ਕੁੜੀਆਂ ਹੀ ਸਨ।ਪੈਸੇ ਕਾਰਨ ਖਰੀਦ ਸ਼ਕਤੀ ਵੀ ਉਨ੍ਹਾਂ ਕੋਲ ਹੀ ਸੀ। ਚਾਲੀ ਚਾਲੀ ਹਜ਼ਾਰ ਵਾਲੇ ਫੋਨ ਰੱਖਣ ਤੇ ਬਰੈਂਡ ਨੇਮ ਕੱਪੜੇ ਲੈਣ ਲਈ ਪੈਸੇ ਕਮਾਉਣ ਦਾ ਅਸਾਨ ਤਰੀਕਾ ਜੋ ਲੱਭ ਗਿਆ ਸੀ।"ਦੇਸ਼ ਤਰੱਕੀ ਕਰ ਰਿਹਾ ਹੈ।" ਲੀਡਰ ਮਾਣ ਨਾਲ ਦੱਸ ਰਹੇ ਸਨ।ਯੂਥ ਲੀਡਰ ਮੀਤਾ ਮਾਹਲ ਸਮੈਕ ਵੇਚ ਕੇ ਕਰੋੜਾਂ ਦੀ ਜਾਇਦਾਦ ਬਣਾ ਗਿਆ ਸੀ।ਇਹ ਉਹ ਹੀ ਸੀ ਮੀਤਾ ਜਿਸ ਦੇ ਮਾਪੇ ਭੁੱਖੇ ਮਰਦੇ ਦਿਹਾੜੀ ਜੋਤਾ ਕਰਦੇ ਸਨ ਤੇ ਕਿਸੇ ਵੱਡੇ ਲੀਡਰ ਦੇ ਲੜ ਲੱਗ ਗਿਆ ਸੀ।

ਦੂਸਰੇ ਦਿਨ ਫੇਰ ਮੈਂ ਸ਼ਹਿਰ ਵਿੱਚ ਪਾਗਲਾਂ ਵਾਂਗ ਘੁੰਮਦਾ ਰਿਹਾ।ਮੁਬਾਈਲ ਫੋਨਾਂ ਦੀਆਂ ਦੁਕਾਨਾਂ ਤੇ ਮੁੰਡੇ ਕੁੜੀਆਂ ਦੀ ਭੀੜ ਮੈਨੂੰ ਦੰਦ ਚਿੜਾਉਂਦੀ ਰਹੀ।ਹਰ ਕੁੜੀ ਹੀ ਸ਼ੱਕੀ ਜਿਹੀ ਜਾਪ ਰਹੀ ਸੀ।ਸੜਕਾਂ ਤੇ ਬਹੁਤ ਮਹਿੰਗੀਆਂ ਅਤੇ ਬਰੈਂਡ ਨੇਮ ਕਾਰਾਂ ਘੁੰਮ ਰਹੀਆਂ ਸਨ।ਸ਼ਹਿਰ ਬਦਲ ਚੁੱਕਾ ਸੀ, ਲੋਕ ਬਦਲ ਚੁੱਕੇ ਸਨ।ਪਹਿਰਾਵੇ ਤੇ ਖਾਣ ਵੀ ਪੀਣ ਬਦਲ ਚੁੱਕਾ ਸੀ।ਥਾਂ ਥਾਂ ਤੇ ਨੂਡਲਜ਼ ਬਰਗਰਾਂ ਦੀ ਭਰਮਾਰ ਸੀ। ਵੱਡੇ ਮਾਲ ਮੈਕਡੌਨਲ ਤੇ ਕੇ ਐੱਫ ਸੀ ਥਾਂ ਥਾਂ ਖੁੱਲ ਰਹੇ ਸਨ।ਕੁੜੀਆਂ ਨੂੰ ਹੁਣ ਸੂਟ ਪਾਉਣੇ ਪਸੰਦ ਸਨ। ਜੀਨ ਟੌਪ ਪਹਿਨਣ ਦਾ ਅਤੇ ਹਿੰਦੀ ਅੰਗਰੇਜ਼ੀ 'ਚ ਗੱਲ ਕਰਨ ਦਾ ਰਿਵਾਜ਼ ਹੋ ਗਿਆ ਲੱਗਦਾ ਸੀ।

ਫਿਰਦਿਆਂ ਫਿਰਦਿਆਂ ਮੈਨੂੰ ਸ਼ਾਮ ਹੋ ਗਈ।ਫੇਰ ਕੁੱਝ ਦੋਸਤ ਮਿਲ ਪਏ।ਮੈਂ ਕਿਹਾ "ਬੈਠੀਏ ਕਿਤੇ?" ਉਹ ਕਹਿੰਦੇ "ਪੈਰਾਡਾਈਜ਼ ਚਿਕਨ ਚੱਲਦੇ ਹਾਂ।ਟੌਪ ਦਾ ਰੈਸਟੋਰੈਂਟ ਆ।" ਮੈਂ ਸਮਝ ਗਿਆ ਕਿ ਅੱਜ ਫੇਰ ਚੰਗਾ ਲੋਦਾ ਲਾਉਣਗੇ।"ਐਨ ਆਰ ਆਈ ਨੂੰ ਵੀ ਤਾਂ ਚਿਕਨ ਸਮਝਦੇ ਨੇ।ਜਦੋਂ ਮਰਜ਼ੀ ਧੌਣ ਮਰੋੜ ਲਵੋ।"

ਅੰਦਰ ਗਏ ਤਾਂ ਇੱਕ ਪਰਦਿਆਂ ਵਾਲੇ ਕੈਬਨ 'ਚ ਬੈਠ ਗਏ।ਮੇਰੇ ਨਾਲ ਆਇਆ ਪ੍ਰਮਿੰਦਰ ਵੇਟਰ ਨੂੰ ਕਹਿ ਰਿਹਾ ਸੀ "ਜਾਂ ਇੱਕ ਆਰ ਸੀ ਦੀ ਬੋਤਲ ਫੜ ਕੇ ਲਿਆ ਤੇ ਨਾਲ ਛੇ ਕੈਨ ਲਵੈਟ ਫਿਫਟੀ ਬੀਅਰ ਦੇ।" ਫੇਰ ਮੇਰੇ ਵਲ ਦੇਖ ਕੇ ਬੋਲਿਆ "ਭਾਅ ਜੀ ਆਹ ਫੜਾਉ ਤਾਂ ਦੋ ਕੁ ਹਜ਼ਾਰ।" ਮੈਂ ਬੈਠਾ ਮੂੰਹ ਵਲ ਵੇਖਾਂ ਕਿ ਸੱਦੇ ਤਾਂ ਮੈਂ ਨੇ ਤੇ ਆਰਡਰ ਮੈਨੂੰ ਬਗੈਰ ਪੁੱਛੇ ਹੀ ਕਰੀ ਜਾ ਰਹੇ ਨੇ।ਰੁਆਇਲ ਸਟੈਗ ਭਲਾਂ ਕੀ ਕਹਿੰਦੀ ਸੀ? ਮੈਂ ਵਿੱਚੇ ਵਿੱਚ ਕੁੜਦਾ ਰਿਹਾ।ਫੇਰ ਚਿਕਨ ਰੋਸਟਿਡ, ਚਿੱਲੀ ਚਿਕਨ, ਖਾਰੇ ਸੋਢੇ ਤੇ ਸਲਾਦ ਵਾਰ ਵਾਰ ਆਉਂਦੇ ਰਹੇ।ਅੰਤ ਨੂੰ ਚਾਰ ਹਜ਼ਾਰ ਬਿੱਲ ਹੋਰ ਬਣ ਗਿਆ।ਮੈਂ ਭੇਡ ਵਾਂਗ ਇੱਕ ਵਾਰ ਫੇਰ ਉੱਨ ਲੁਹਾ ਕੇ ਘਰ ਨੂੰ ਤੁਰ ਪਿਆ ਤੇ ਉਹ ਖਾਅ ਪੀਕੇ ਮੋਟਰ ਸਾਈਕਲਾਂ ਤੇ ਪੱਤਰਾ ਵਾਚ ਗਏ।ਬੱਸ ਇਹ ਹੀ ਰਹਿ ਗਿਆ ਸੀ ਹੁਣ ਪੰਜਾਬੀ ਕਲਚਰ।

ਖਮਾਣੋ

ਸਾਹਿਤਕ ਇਕੱਠ ਜੁੜਿਆ ਹੋਇਆ ਹੈ ਤੇ ਮੈਨੂੰ ਵੀ ਸੱਦਿਆ ਗਿਆ ਹੈ।ਅਖੇ ਤੂੰ ਵੀ ਮਾੜਾ ਮੋਟਾ ਲਿਖ ਲੈਂਦਾ ਏ।ਜ਼ਰੂਰ ਗੁਰਬੀਰ ਨੇ ਹੀ ਇਹਨਾਂ ਨੂੰ ਦੱਸਿਆ ਹੋਊ।ਪਰ ਇਹ ਕੀ ਬੈਨਰ ਤੇ ਮੇਰਾ ਨਾ ਲਿਖ ਕੇ 'ਚਰਚਿਤ ਪਰਵਾਸੀ ਲੇਖਕ ਨਾਲ ਰੂ ਬ ਰੂ' ਲਿਖਿਆ ਹੈ।ਮੈਂ ਤਾਂ ਅਜੇ ਤਿੰਨਾਂ ਵਿੱਚ ਨਾਂ ਤੇਰਾਂ ਵਿੱਚ। ਮੇਰੀ ਤਾਂ ਕੋਈ ਕਿਤਾਬ ਵੀ ਨਹੀਂ ਛਪੀ।ਏਥੇ ਵਾਹਵਾਂ ਲੇਖਕ ਜੁੜੇ ਹੋਏ ਨੇ।ਗੁੱਲ ਮੀਤ ਨਾ ਦਾ ਸੈਕਟਰੀ



ਜੋ ਕਿਸੇ ਅਖ਼ਬਾਰ ਦਾ ਪੱਤਰਕਾਰ ਵੀ ਹੈ, ਕਹਿ ਰਿਹਾ ਕਿ "ਤੁਹਾਡੀ ਪੂਰੀ ਚਰਚਾ ਕਰਵਾਂਵਾਂਗੇ।" ਮੈਂ ਘਬਰਾਇਆ ਹੋਇਆਂ ਹਾਂ।ਟੋਨੀ ਵੀ ਨਾਲ ਹੀ ਹੈ ਤੇ ਕਹਿ ਰਿਹਾ ਹੈ "ਦੇਖ ਲਿਉ ਭਾਜੀ ਅੱਜ ਥੋਡੇ ਕੱਪੜੇ ਲਾਹੁਣਗੇ।"

ਮੇਰੇ ਹੱਥ ਇੱਕ ਠਹੂਆ ਜਿਹਾ ਫੜਾ ਕੇ ਸਨਮਾਨ ਵੀ ਕਰ ਦਿੱਤਾ ਗਿਆ ਹੈ।ਸਕੱਤਰ ਨੇ ਫੰਕਸ਼ਨ ਖਤਮ ਹੁੰਦਿਆਂ ਹੀ ਸਭ ਨੂੰ ਮੇਰੇ ਵਲੋਂ 'ਨੂਰ' ਰੈਸਟੋਰੈਂਟ ਬੈਠਣ ਦਾ ਸੱਦਾ, ਮੈਨੂੰ ਬਗੈਰ ਪੁੱਛੇ ਹੀ ਦੇ ਦਿੱਤਾ ਹੈ। ਲੱਗਦਾ ਹੈ ਮੇਰਾ ਚੰਗਾ ਚੰਮ ਲਾਹੁਣਗੇ।ਸਭਾ ਦੇ ਸਕੱਤਰ ਗੁੱਲ ਮੀਤ ਨੇ ਮੇਰੇ ਕੰਨ ਕੋਲ ਮੂੰਹ ਕਰ ਕੇ ਕਿਹਾ ਹੈ ਕਿ "ਤੁਰਨ ਤੋਂ ਪਹਿਲਾਂ ਹਿਸਾਬ ਵੀ ਕਰ ਲਈਏ।" ਚਾਹ ਪਾਣੀ, ਸਾਊਂਡ ਤੇ ਸ਼ਮਿਆਨੇ ਵਾਲੇ ਪੈਸੇ ਮੰਗਦੇ ਨੇ।ਉਸ ਨੇ ਮੇਰੇ ਤੋਂ ਸੱਤ ਹਜ਼ਾਰ ਕਢਾ ਲਿਆ ਹੈ।ਉਸੇ ਵਕਤ ਕੋਈ ਲੇਖਕ ਸਭਾ ਮੈਨੂੰ ਮੈਂਬਰਸ਼ਿੱਪ ਵਾਲਾ ਵਾਲਾ ਫਾਰਮ ਸਾਈਨ ਕਰਵਾਉਣ ਲਈ ਆ ਖੜਿਆ ਜਿਸ ਦੀ ਸੌ ਡਾਲਰ ਅਮਰੀਕਨ ਮੈਂਬਰਸ਼ਿੱਪ ਫੀਸ ਹੈ।ਦੂਜੇ ਕੰਨ ਕੋਲ ਇੱਕ ਆਪੂੰ ਬਣਿਆਂ ਸੰਪਾਦਕ ਆਪਣੇ ਘਟੀਆ ਜਿਹੇ ਮੈਗਜ਼ੀਨ ਲਈ ਜੀਵਨ ਮੈਂਬਰਸ਼ਿੱਪ ਮੰਗ ਰਿਹਾ ਹੈ।ਜਿਵੇਂ ਸੈਂਕੜੇ ਕੁੱਤੇ ਕਿਸੇ ਮੁਰਦਾਰ ਨੂੰ ਨੋਚਦੇ ਹੋਣ।ਅੱਜ ਮੈਨੂੰ ਲੱਗਦਾ ਹੈ ਕਿ ਮੈਂ ਜ਼ਰੂਰ ਪਾਗਲ ਹੋ ਜਾਵਾਂਗਾ।

ਹੋਟਲ ਨੀਲੇ ਸ਼ੀਸ਼ੇ ਤੇ ਅੰਦਰ ਜਗਦੀ ਦੁਧੀਆ ਰੌਸ਼ਨੀ।ਮਹਿੰਗੀ ਦਾਰੂ ਨਾਲ ਲੋਕ ਹੱਡੀਆਂ ਚੂੰਡ ਰਹੇ ਨੇ।ਕਈਆਂ ਦੀਆਂ ਮੁੱਛਾਂ ਦਾੜੀਆਂ ਮੀਟ ਦੀ ਤਰੀਂ ਨਾਲ ਲਿੱਬੜ ਗਈਆਂ ਨੇ।ਉਹ ਹੱਡੀਆਂ ਤੇ ਟਿਸ਼ੂ ਪੇਪਰ ਫਰਸ਼ ਤੇ ਹੀ ਪੈਰਾਂ ਵਿੱਚ ਸੁੱਟੀ ਜਾ ਰਹੇ ਨੇ।ਖਾਧਾ ਪੀਤਾ ਲਾਹੇ ਦਾ ਵਾਲੀ ਕਹਾਵਤ ਏਥੇ ਪੂਰੀ ਢੁਕ ਰਹੀ ਹੈ।ਗਿਲਾਸ ਤੇ ਗਿਲਾਸ ਭਰ ਕੇ ਅੰਦਰ ਸੁੱਟੇ ਰਹੇ ਨੇ।ਜਿਵੇਂ ਮਹਿੰਗੀ ਸ਼ਰਾਬ ਮਸਾਂ ਹੀ ਦੇਖੀ ਹੁੰਦੀ ਆ। ਇੱਕ ਦੋ ਤਾਂ ਬਾਹਰ ਜਾ ਕੇ ਉਲਟੀਆਂ ਵੀ ਕਰ ਆਏ ਹਨ।ਕਈਆਂ ਤੋਂ ਤਾਂ ਖੜ ਨਹੀਂ ਹੋ ਰਿਹਾ ਕਿ ਐਨੇ ਸ਼ਰਾਬੀ ਨੇ, ਪਰ ਫੇਰ ਵੀ ਪੀ ਰਹੇ ਨੇ।

ਰੈਸਟੋਰੈਂਟ ਵਿੱਚ ਕੋਹਰਾਮ ਮੱਚਿਆ ਪਿਆ ਹੈ।ਕੋਈ ਜਣਾ ਟੇਬਲ ਤੋਂ ਬੋਤਲ ਹੀ ਚੁਰਾ ਕੇ ਲੈ ਗਿਆ ਹੈ।ਸਕੱਤਰ ਗੁੱਲ ਮੀਤ ਕਹਿ ਰਿਹਾ ਹੈ ਕਿ "ਦਿਉ ਪੈਸੇ ਕੁੱਝ ਬੰਦੇ ਵੱਧ ਹੋ ਗਏ ਨੇ ਦੋ ਟੈਕਸੀਆਂ ਕਰਕੇ ਭੇਜਣੇ ਪੈਣੇ ਨੇ।ਤੇ ਮੈਂ ਵੀ ਨਾਲ ਚਲਾ ਜਾਵਾਂਗਾ।" ਹੌਲੀ ਹੌਲੀ ਬਾਕੀ ਵੀ ਖਿਸਕ ਗਏ ਨੇ।ਹੋਟਲ ਵਾਲਾ ਮੋਟਾ ਬਿੱਲ ਬਣਾਉਂਦਾ ਹੈ।ਕਈ ਤਾਂ ਮੋਟਰਸਾਈਕਲਾਂ ਦੀਆਂ ਟੋਕਰੀਆਂ 'ਚ ਵੀ ਸਮਾਨ ਤੁੰਨ ਕੇ ਲੈ ਗਏ ਨੇ ਤੇ ਉਹ ਬਿੱਲ ਵੀ ਮੈਨੂੰ ਪਵਾ ਗਏ ਨੇ।ਟੁੱਟੇ ਤੇ ਚੋਰੀ ਹੋਏ ਗਿਲਾਸ ਸਭ ਜੋੜ ਕੇ ਦਸ ਕੁ ਹਜ਼ਾਰ ਬਣਿਆ ਹੈ, ਜੋ ਮੈਂ ਚੁਕਾ ਦਿੱਤਾ ਹੈ।ਬਹਿਰਾ ਵੀ ਮੋਟੀ ਬਖਸ਼ੀਸ਼ ਲੈ ਕੇ ਮਸਾਂ ਹੀ ਹਿੱਲਿਆ ਹੈ।

ਟੋਨੀ ਕਹਿ ਰਿਹਾ ਹੈ "ਚੰਗਾ ਥੁੱਕ ਲਾ ਗਏ"

'ਕੀ ਸੋਚਦੇ ਨੇ ਇਹ ਲੋਕ? ਕਿ ਬਾਹਰ ਪੈਸੇ ਦਰਖਤਾਂ ਨੂੰ ਲੱਗਦੇ ਨੇ ? ਕਿੱਥੇ ਗਿਆ ਪਿਆਰ ਸਤਿਕਾਰ? ਸਾਹਿਤ ਸਣੇ ਹਰ ਚੀਜ਼ ਹੀ ਵਪਾਰ ਬਣ ਗਈ ਏ।ਏਹੋ ਜਿਹਾ ਨਿਘਾਰ ਪਹਿਲਾਂ ਤਾਂ ਨਹੀਂ ਸੀ' ਮੈਂ ਸੋਚੀਂ ਪੈ ਗਿਆ।

ਰੈਸਟੋਰੈਂਟ ਵਿੱਚ ਖਾਣਾ ਕੀ ਖਾਧਾ, ਮੈਂ ਅੰਤਾਂ ਦਾ ਬਿਮਾਰ ਹੋ ਗਿਆ।ਟੋਨੀ ਨੂੰ ਫੋਨ ਕਰਦਾ ਹਾਂ, ਉਹ ਮੈਨੂੰ ਸ਼ਹਿਰ ਦੇ ਸਭ ਤੋਂ ਵਧੀਆ ਹਸਪਤਾਲ ਲੈ ਜਾਂਦਾ ਹੈ। ਡਾ: ਐਨ ਆਰ ਆਈ ਹੋਣ ਕਰਕੇ ਮੈਨੂੰ ਪ੍ਰਾਈਵੇਟ ਕਮਰਾ ਦੇ ਕੇ ਦਾਖਲ ਕਰ ਲੈਂਦੇ ਨੇ।ਤੁਰੰਤ ਗੁਲੂਕੋਜ਼ ਲਗਾ ਕੇ ਪੰਜ ਸੱਤ ਟੀਕੇ ਠੋਕ ਦਿੱਤੇ ਜਾਂਦੇ ਨੇ। ਵੱਡਾ ਡਾਕਟਰ ਦੱਸਦਾ ਹੈ ਕਿ ਫੂਡ ਪੁਆਇਜ਼ਨਿੰਗ ਹੋ ਗਈ ਆ ਤੇ ਫੂਡ ਪਾਈਪ ਵੀ ਡੈਮਿਜ ਹੋ ਸਕਦੀ ਆ।ਉਹ ਦਾਖਲੇ ਦਾ ਤਿੰਨ ਹਜ਼ਾਰ ਰੁਪਈਆ ਤੁਰੰਤ ਜਮਾ ਕਰਵਾਉਣ ਲਈ ਆਖਦੈ।ਹਸਪਤਾਲ ਦੇ ਨਾਲ ਹੀ ਕੈਮਿਸਟ ਦੀ ਦੁਕਾਨ ਹੈ, ਸ਼ਾਇਦ ਡਾਕਟਰ ਦੀ ਆਪਣੀ ਹੋਵੇ। ਉਹ ਤੁਰੰਤ ਉਸ ਤੋਂ ਦਵਾਈਆਂ ਤੇ ਟੀਕੇ ਫੜ੍ਹ ਕੇ ਲਿਆਉਣ ਲਈ ਕਹਿੰਦਾ ਹੈ। ਮੈਂ ਟੋਨੀ ਨੂੰ ਚਾਰ ਹਜ਼ਾਰ ਰੁਪਿਆ ਦੇ ਕੇ ਤੋਰਦਾ ਹਾਂ।

ਇਹ ਡਾਕਟਰ ਕੀ ਕਹਿੰਦਾ ਹੈ ਕਿ ਮੇਰਾ ਦਸ ਦਿਨ ਇਲਾਜ਼ ਚੱਲੇਗਾ? ਏਨੀ ਹੀ ਤਾਂ ਮੇਰੀ ਛੁੱਟੀ ਬਾਕੀ ਹੈ।

ਅੱਜ ਤੀਸਰਾ ਦਿਨ ਹੈ। ਰੋਜ਼ ਬਲੱਡ ਟੈਸਟ ਕਰਨ ਵਾਲਾ ਸੁਵੱਖਤੇ ਹੀ, ਹਜ਼ਾਰ ਰੁਪਿਆ ਲੈ ਜਾਂਦਾ ਹੈ। ਨਰਸ ਆ ਕੇ ਪਰਚੀ ਫੜਾ ਜਾਂਦੀ ਹੈ ਕਿ ਟੀਕੇ ਤੇ ਦਵਾਈਆਂ ਮੰਗਵਾ ਲਵੋ। ਡਾਕਟਰ ਹਰ ਦੂਜੇ ਦਿਨ ਸਕੈਨਿੰਗ ਕਰਵਾ ਰਿਹਾ ਹੈ, ਉਸ ਦੀ ਵੀ ਮੋਟੀ ਫੀਸ ਹੈ। ਲੱਗਦੈ ਹੈ ਬਾਹਰਲੀ ਮੁਰਗੀ ਮਸਾਂ ਹੀ ਫਸੀ ਹੈ। ਮੇਰੀਆਂ ਬੋਟੀਆਂ ਜਿਵੇਂ ਜੰਬੂਰਾਂ ਨਾਲ ਤੋੜੀਆਂ ਜਾ ਰਹੀਆਂ ਨੇ। ਰਿਸ਼ਤੇਦਾਰਾਂ ਨੂੰ ਫੋਨ ਕਰਦਾ ਰਿਹਾ ਹਾਂ, ਪਰ ਕੋਈ ਵੀ ਖ਼ਬਰ ਲੈਣ ਨਹੀਂ ਆਇਆ। "ਏਥੋਂ ਕਿਸੇ ਨੂੰ ਕੀ ਮਿਲਣਾ ਹੈ? ਕੁੱਝ ਦੇ ਕੇ ਹੀ ਜਾਣਾ ਪਊ। ਉਹ ਤਾਂ ਸਿਰਫ ਗਿਫਟ ਲੈਣ ਆਉਂਦੇ ਨੇ।" ਲੋਕ ਅੱਜ ਕੱਲ ਬੜੇ ਸਿਆਣੇ ਹੋ ਗਏ ਨੇ। ਅਜਿਹੀਆਂ ਮਹਿੰਗੀਆਂ ਚੀਜ਼ਾਂ ਦੀ ਮੰਗ ਕਰਨਗੇ, ਜੋ ਕਿ ਤੁਸੀਂ ਕਦੇ ਆਪਣੇ ਲਈ ਵੀ ਨਹੀਂ ਖਰੀਦੀਆਂ ਹੁੰਦੀਆਂ। ਨਹੀਂ ਲੈ ਕੇ ਜਾਵੋਂਗੇ ਤਾਂ ਸਭ ਦੇ ਮੂੰਹ ਮੋਟੇ। ਸ਼ਾਇਦ ਏਸੇ ਕਰਕੇ ਹੀ ਨਾ ਆਏ ਹੋਣ। ਜਦੋਂ ਠੀਕ ਹੋ ਕੇ ਨਿੱਕਲਿਆ ਫੇਰ ਕਈ ਪਾਰਟੀ ਮੰਗਣ ਆਉਣਗੇ। ਪਤਾ ਨਹੀਂ ਕਿਉਂ ਲੱਗਦੈ ਹੈ ਇਹ ਇਹ ਪੰਜਾਬ ਹੁਣ ਮੇਰਾ ਨਹੀਂ ਰਿਹਾ।

ਹਸਪਤਾਲ ਚੋਂ ਛੁੱਟੀ ਲੈਣ ਲਈ ਬਹੁਤ ਵੱਡੇ ਬੰਦੇ ਦੀ ਸਿਫਾਰਸ਼ ਪਵਾਉਣੀ ਪਈ ਹੈ। ਛੋਟੇ ਡਾਕਟਰਾਂ ਨੇ ਰਿਸ਼ਵਤ ਜਾਂ ਚਾਹ ਪਾਣੀ ਲੈ ਕੇ ਮਸਾਂ ਪਾਈਪਾਂ ਲਾਹੀਆਂ ਨੇ। ਵੱਡੇ ਡਾਕਟਰ ਨੇ ਕਾਊਂਟਰ ਤੇ ਪੱਚੀ ਹਜ਼ਾਰ ਹੋਰ ਜਮਾ ਕਰਵਾਉਣ ਨੂੰ ਕਿਹਾ ਹੈ। ਕੈਨੇਡਾ ਤੋਂ ਫੋਨ ਆ ਰਿਹਾ ਹੈ ਕਿ ਕਿਵੇਂ ਨਾ ਕਿਵੇਂ ਖਹਿੜਾ ਛੁਡਾ ਕੇ ਆ ਜਾਵੋ। ਉਹ ਅੱਗੇ ਤੋਂ ਨਾ ਜਾਣ ਦੀ ਤਾਕੀਦ ਵੀ ਕਰੀ ਜਾ ਰਹੇ ਨੇ। ਕਹਿੰਦੇ "ਤੁਸੀਂ ਹਰ ਵਾਰ ਮੁਸੀਬਤ ਕਿਉਂ ਸਹੇੜ ਲੈਂਦੇ ਹੋ? ਕਿਉਂ ਜਾਂਦੇ ਹੋ ਪੰਜਾਬ? ਆਪਣੀ ਛਿੱਲ ਲਹਾਉਣ। ਹੁਣ ਕੌਣ ਹੈ ਥੋਡਾ ਓਥੇ?" ਪਰ ਮੇਰਾ ਮੋਹ ਭੰਗ ਨਹੀ ਸੀ ਹੋ ਰਿਹਾ।

ਟੋਨੀ ਹਸਪਤਾਲੋਂ ਮੈਨੂੰ ਘਰ ਛੱਡ ਗਿਆ ਹੈ। ਜਿੱਥੇ ਮੈਂ ਇਕੱਲਾ ਹੀ ਹਾਂ। ਘਰ ਵਿੱਚ ਦੁਬਕਿਆ ਬੈਠਾ ਹਾਂ, ਜਿਵੇਂ ਖ਼ੂੰਖਾਰ ਕੁੱਤਿਆਂ ਤੋਂ ਡਰਦਾ ਕੋਈ ਖਰਗੋਸ਼ ਝਾੜੀਆਂ ਵਿੱਚ ਲੁਕਿਆ ਹੋਵੇ। ਸੜਕਾਂ ਤੇ ਹਾਦਸੇ ਵਾਪਰ ਰਹੇ ਨੇ, ਮੈਨੂੰ ਲੱਗਦਾ ਜੇ ਮੈਂ ਨਿੱਕਲਿਆ ਤਾਂ ਮੇਰੀ ਵੀ ਲਾਸ਼ ਐਵੇਂ ਕਿਸੇ ਸੜਕ ਕੰਢੇ ਪਈ ਹੋਵੇਗੀ। ਟੋਨੀ ਨੇ ਤਾਂ ਪਹਿਲਾਂ ਹੀ ਕਿਹਾ ਸੀ ਕਿ "ਭਾਅ ਜੀ ਜਿਨਾਂ ਚਿਰ ਰਹਿਣਾ ਹੈ, ਪੁਲੀਸ ਜਾਂ ਵਕੀਲਾਂ ਦੇ ਚੱਕਰ ਤੋਂ ਬਚ ਕੇ ਰਿਹੋ। ਏਥੇ ਤਾਂ ਸਣੇ ਹਸਪਤਾਲ ਸਭ ਕਸਾਈਖਾਨੇ ਨੇ। ਹੁਣ ਪੈਸਾ ਹੀ ਲੋਕਾਂ ਦਾ ਧਰਮ ਹੈ। ਤੇ ਪੈਸੇ ਤੋਂ ਬਗੈਰ ਕੋਈ ਕੰਮ ਨਹੀਂ ਹੁੰਦਾ।"

ਮੈਨੂੰ ਰਾਤ ਨੂੰ ਡਰ ਲੱਗ ਰਿਹਾ ਹੈ। ਹਵਾ ਨਾਲ ਦਰਵਾਜ਼ਾ ਖੜਕਣ ਤੇ ਵੀ ਮੈਂ ਤ੍ਰਬਕ ਕੇ ਉੱਠ ਖੜਦਾ ਹਾਂ। ਕੱਲ ਨੂੰ ਮੇਰੀ ਕੈਨੇਡਾ ਲਈ ਉਡਾਣ ਹੈ। ਟੋਨੀ ਨੇ ਹੀ ਮੈਨੂੰ ਖੰਨੇ ਇੰਡੋ ਕੈਨੇਡੀਅਨ ਬੱਸ ਚੜ੍ਹਾਉਣ ਜਾਣਾ ਹੈ। ਅੱਖ ਲੱਗੀ ਤਾਂ ਇੱਕ ਅਜੀਬ ਜਿਹਾ ਸੁਪਨਾ ਵੇਖਦਾ ਹਾਂ। ਕੁੱਤੇ ਕਿਸੇ ਮਰੇ ਹੋਏ ਜਾਨਵਰ ਨੂੰ ਘਸੀਟ ਰਹੇ ਨੇ, ਖਾਅ ਰਹੇ ਨੇ ਤੇ ਇੱਕ ਦੂਸਰੇ ਨੂੰ ਵੱਢ ਰਹੇ। ਕੁੱਤਿਆਂ ਦੇ ਚਿਹਰੇ ਬਦਲ ਕੇ ਬੰਦਿਆਂ ਦੇ ਮੂੰਹ ਬਣੀ ਜਾਂਦੇ ਨੇ ਤੇ ਮਰੇ ਹੋਏ ਜਾਨਵਰ ਦਾ ਚਿਹਰਾ ਮੇਰੇ ਵਰਗੈ। ਮੈਂ ਧੰਦਕ ਕੇ ਉੱਠ ਖੜ੍ਹਦਾ ਹਾਂ। ਦਿਨ ਚੜ੍ਹਨ ਵਿੱਚ ਹੀ ਨਹੀਂ ਆ ਰਿਹਾ। ਮੈਂ ਵਤਨ ਨੂੰ ਮੁੜ ਜਾਣ ਲਈ ਬੇਹੱਦ ਕਾਹਲਾ ਪੈ ਗਿਆ ਹਾਂ। ਕੈਨੇਡਾ ਜੋ ਹੁਣ ਮੇਰਾ ਆਪਣਾ ਵਤਨ ਹੈ। ਏਥੇ ਤਾਂ ਸੜੇ ਹੋਏ ਮਾਸ ਦੀ ਦੁਰਗੰਧ ਨਾਲ ਮੇਰਾ ਦਮ ਘੁੱਟ ਰਿਹਾ ਹੈ। ਵਕਤ ਜਿਵੇਂ ਪੈਰ ਗੱਡ ਕੇ ਖੜੋ ਗਿਆ ਹੋਵੇ।



## ਕਹਾਣੀ / ਸੀਲੂ/ -ਸ਼ਸ਼ੀ ਸਮੁੰਦਰਾ

ਮੈਂ ਵਾਈ ਐੱਮ ਸੀ ਏ ਦੇ ਐਕਸਰਸਾਈਜ਼ ਰੂਮ ਵਿਚ ਟ੍ਰੈੱਡਮਿਲ 'ਤੇ ਕਸਰਤ ਕਰ ਰਹੀ ਸਾਂ, ਜਿੱਥੇ ਅਲੱਗ ਅਗੱਲ ਮਸ਼ੀਨਾਂ ਤੇ ਹੋਰ ਆਦਮੀ ਤੇ ਔਰਤਾਂ ਵੀ ਇਹੋ ਕਰ ਰਹੇ ਸਨ। ਕੀ ਦੇਖਦੀ ਹਾਂ ਕਿ ਇੱਕ ਸੱਤਰ, ਪਝੱਤਰ ਦੀ ਲੱਗਦੀ ਔਰਤ ਉੱਥੋਂ ਦੇ ਇਮਪਲਾਈ ਨਾਲ ਅੰਦਰ ਆਉਂਦੀ ਹੈ। ਉਸ ਔਰਤ ਦਾ ਰੰਗ ਗੋਰਾ ਹੈ, ਚੌੜਾ ਮੱਥਾ, ਵੱਡੀਆਂ ਕੌਡੀ ਅੱਖਾਂ, ਵੱਡਾ ਨੱਕ, ਪਤਲੇ ਬੁੱਲ੍ਹ, ਨਿੱਕਾ ਵਾਕ ਤੇ ਲਮੂਤਰੇ ਮੂੰਹ ਦੀ ਗਰਦਨ ਨਾਲ ਲੱਗਦੀ ਢਿਲਕੀ ਠੋਡੀ ਹੈ। ਲੱਕ ਤਕ ਲੰਮੇ ਚਿੱਟੇ ਮੋਰ ਦੀ ਪੂਛ ਵਰਗੇ ਵਾਲਾਂ ਨੂੰ ਉਹਨੇ ਟੇਢਾ ਚੀਰ ਕਢਕੇ ਰਬੜ ਬੈਂਡ ਨਾਲ ਬੰਨ੍ਹ ਪਿਛਾਂਹ ਸੁੱਟਿਆ ਹੋਇਆ ਹੈ। ਮੇਰਾ ਸਭ ਤੋਂ ਵੱਧ ਧਿਆਨ ਉਹਦੇ ਕੱਪੜੇ ਖਿੱਚ ਰਹੇ ਹਨ। ਪੂਰੀਆਂ ਬਾਹਾਂ ਦੇ ਕਾਲਰ ਵਾਲੇ ਬਲਾਊਜ਼ ਨੂੰ ਉਹਨੇ ਪੈਰ ਛੂੰਹਦੀ ਸਕਰਟ ਦੇ ਅੰਦਰ ਕਰਕੇ ਸਕਰਟ ਨੂੰ ਉਤਾਂਹ ਪੱਸਲੀਆਂ ਤਕ ਚਾੜ੍ਹਿਆ ਹੋਇਆ ਹੈ ਜੀਹਦੇ ਤੋਂ ਸਕਰਟ ਦੇ ਤੰਬੂ ਹੋਣ ਦਾ ਭੁਲੇਖਾ ਪੈਂਦਾ ਹੈ। ਇਹ ਕਰਨ ਨਾਲ ਉਹਦਾ ਮਟਕਾ ਢਿੱਡ ਵੀ ਹੋਰ ਵੱਡਾ ਲੱਗਦਾ ਹੈ। ਮੈਨੂੰ ਇਹ ਦੇਖ ਕੇ ਮੱਲੋਂ ਮੱਲੀ ਹਾਸਾ ਆ ਗਿਆ ਹੈ।

ਉਹ ਚੇਹਰੇ ਮੋਹਰੇ ਤੋਂ ਹਾਵ-ਭਾਵ ਤੋਂ ਇੰਡੀਅਨ ਲੱਗਦੀ ਹੈ ਤੇ ਨਹੀਂ ਵੀ। ਮੇਰਾ ਦਿਮਾਗ਼ ਐਵੇਂ ਹੀ ਅੰਦਾਜ਼ੇ ਲਾਉਣ ਲੱਗ ਪਿਆ ਹੈ। ਇੰਜ਼ ਸ਼ੀ ਇੰਡੀਅਨ ਆਰ ਨੋ? ਨਹੀਂ ਇੰਡੀਅਨ ਨਹੀਂ ਹੋਣੀ। ਏਸ ਉਮਰ ਦੀ ਇੰਡੀਅਨ ਔਰਤ ਨੇ ਏਥੇ ਕੱਲੀ ਨਹੀਂ ਸੀ ਆਉਣਾ। ਨਾਲ ਘਰਵਾਲੇ ਜਾਂ ਪੁੱਤ, ਪੋਤੇ ਨੇ ਹੋਣਾ ਸੀ। ਪਰ ਸ਼ਕਲ ਤੋਂ ਇੰਡੀਅਨ ਲੱਗਦੀ ਹੈ। ਪਰ ਰੰਗ, ਅੱਖਾਂ ਨੱਕ, ਮੂੰਹ ਤੋਂ ਕੋਈ ਅਰਬ ਦੇਸ਼ ਦੀ ਵੀ ਹੋ ਸਕਦੀ ਹੈ। ਨਹੀਂ, ਕਿਸੇ ਅਰਬ ਔਰਤ ਨੇ ਵੀ ਏਥੇ ਕਿੱਥੇ ਆਉਣਾ ਸੀ। ਕਿਸੇ ਲੈਟਿਨ ਅਮਰੀਕਨ ਦੇਸ਼ ਤੋਂ ਹੋਣੀ ਹੈ। ਸ਼ਾਇਦ ਅਰਜਨਟੀਨਾ ਤੋਂ ਹੋਵੇ। ਹਾ ਹਾ ਹਾ! ਅੰਦਾਜ਼ੇ ਦੇ ਘੋੜੇ ਦੁੜਾਉਂਦੇ ਮੇਰੇ ਦਿਮਾਗ਼ ਨੇ ਕਾਲਕੁਲੇਸ਼ਨਾ ਵਿਚ ਪੈ ਕੇ ਖ਼ੌਰੇ ਕਿਉਂ ਉਹਨੂੰ ਅਰਜਨਟੀਨਾ ਦੀ ਬਣਾ ਦਿੱਤਾ ਸੀ। ਸ਼ਾਇਦ ਇਹਦਾ ਕਾਰਣ ਇਹ ਕਿ ਸਾਨੂੰ ਆਦਤ ਹੈ ਦੂਜਿਆਂ ਨੂੰ ਖਾਨਿਆਂ ਵਿਚ ਪਾਉਣ ਜਾਂ ਖ਼ਾਸ ਫ਼ਰੇਮਾਂ ਵਿਚ ਫਿੱਟ ਕਰਨ ਦੀ, ਤੇ ਜਿਨਾ ਚਿਰ ਅਸੀਂ ਇਹ ਕਰ ਨਹੀਂ ਲੈਂਦੇ ਉਨ੍ਹਾਂ ਚਿਰ ਸਾਡਾ ਦਿਮਾਗ਼ ਅਜਿਹੇ ਅਲਗੋਰਿਥਮ 'ਚ ਪਿਆ ਰਹਿੰਦਾ ਹੈ।

ਉਹ ਉਸ ਮੁੰਡੇ ਨੂੰ ਕੁੱਝ ਪੁੱਛ ਰਹੀ ਸੀ ਤੇ ਮੈਂ ਉੱਤਮੁਕਤਾ ਵੱਸ ਉੱਧਰ ਕੰਨ ਲਾ ਉਹਨੂੰ ਸੁਣਨ ਦੀ ਕੋਸ਼ਿਸ਼ ਕਰ ਰਹੀ ਸਾਂ, "ਆਈ ਕੈਨ ਬੂਜ਼ ਦੀਜ਼ ਮਸ਼ੀਨਜ਼ ਐਨੀ ਟਾਈਮ ਨੋ?"

"ਬੂ ਵਿਲ ਟੀਚ ਮੀ ਹਊਂ ਟੂ ਬੂਜ਼ ਦੀਜ਼ ਮਸ਼ੀਨਜ਼ ਨੋ?"

ਹਾ! ਹਾ! ਹਾ! ਉਹਨੂੰ ਸੁਣਦੀ ਨੂੰ ਮੈਨੂੰ ਹਾਸਾ ਆ ਗਿਆ ਸੀ। ਜੇ ਉਹ ਇੰਡੀਅਨ ਨਹੀਂ ਤਾਂ ਆਪਣੀ ਹਰ ਗੱਲ ਦੇ ਅਖੀਰ ਤੇ ਨੋ? ਹੋਰ ਕੀਹਨੇ ਕਹਿਣਾ ਸੀ। ਮਸ਼ੀਨਾ ਵਗੈਰਾ ਦੇਖ ਤੇ ਨਾਲ ਆਏ ਮੁੰਡੇ ਤੋਂ ਪੁੱਛ ਪੜਤਾਲ ਕਰਕੇ ਉਹ ਛੇਤੀਂ ਹੀ ਚਲੀ ਗਈ ਸੀ।

ਇਕ ਦਿਨ ਫੇਰ ਮੈਂ ਟ੍ਰੈੱਡਮਿਲ 'ਤੇ ਹੀ ਸਾਂ ਕਿ ਉਹ ਵੀ ਨਾਲ ਵਾਲੇ ਤੇ ਆ ਕੇ ਕਸਰਤ ਕਰਨ ਲੱਗ ਪਈ। ਕੁੱਝ ਚਿਰ ਪਿੱਛੋਂ ਮੈਨੂੰ ਹੈਲੋ ਆਖ ਪੁੱਛਣ ਲੱਗੀ, "ਆਰ ਯੂ ਇੰਡੀਅਨ?"

"ਯੈਸ। ਐਂਡ ਯੂ?"

"ਮੀ ਟੂ। ਇੰਡੀਆ ਮੇਂ ਕਹਾਂ ਸੇ ਹੈਂ ਆਪ?"

"ਪੰਜਾਬ।"

"ਮੈਂ ਮੰਬਈ ਸੇ ਹੂੰ।"

"ਆਈ ਸੀ। ਐਂਡ, ਯੂ ਲਿਵ ਇਨ ਦਿਸ ਸਿਟੀ?"

"ਯੈਸ। ਆਪ ਕਹਾਂ ਰਹਤੇ ਹੈਂ?"

"ਮੈਂ ਬੀ ਯਹੀਂ ਰਹਤੀ ਹੂੰ। ਆਪ ਕੇ ਹਸਬੈਂਡ ਬੱਚੇ ਸਭ ਯਹੀਂ ਹੈ?"

"ਹਾਂ ...ਹੈ ਸਬ ਕੁੱਛ।" ਆਖ ਉਹਦੀਆਂ ਅੱਖਾਂ 'ਚੋਂ ਅਚਾਨਿਕ ਬਰਸਾਤੀ ਮੀਂਹ ਵਾਂਗ ਹੰਝੂ ਵਹਿ ਤੁਰੇ। ਮੈਂ ਜ਼ਰੂਰ ਉਹਦੀ ਕਿਸੇ ਦੁਖਦੀ ਰਗ ਨੂੰ ਛੇੜ ਦਿੱਤਾ ਸੀ, ਸੋਚ ਮੈਨੂੰ ਅਫਸੋਸ ਹੋਇਆ। ਸੋਚਿਆ, ਹੋ ਸਕਦਾ ਨਿਆਣੇ ਮਾਂ ਦੀ ਪ੍ਰਵਾਹ ਨਾ ਕਰਦੇ ਹੋਣ, ਤੇ ਉਹ ਉਨ੍ਹਾਂ ਹੱਥੋਂ ਦੁਖੀ ਹੋਵੇ। ਮੈਨੂੰ ਕੀ ਲੋੜ ਸੀ ਭਲਾ ਇਹ ਪੁੱਛਣ ਦੀ!

"ਆਈ ਐਮ ਸੌਰੀ।" ਆਖ ਮੈਂ ਆਪਣੀ ਮੂਰਖਤਾ ਤੇ ਪਛਤਾਵੇ ਤੋਂ ਉਹਦੇ ਕੋਲੋਂ ਮੁਆਫੀ ਮੰਗੀ ਸੀ।

"ਇਟ'ਸ ਓ ਕੇ।" ਆਖਦੀ ਹੁਣ ਉਹ ਅੱਖਾਂ ਪੂੰਝ ਰਹੀ ਸੀ। ਤੇ ਥੋੜੇ ਹੀ ਸਮੇਂ 'ਚ ਮੈਨੂੰ ਬਾਏ ਆਖ ਚਲੀ ਗਈ ਸੀ।

ਉਸ ਤੋਂ ਪਿੱਛੋਂ ਸਾਡੀ ਮੁਲਾਕਾਤ ਉੱਥੇ ਹਫ਼ਤੇ 'ਚ ਇਕ ਦੋ ਵਾਰ ਜ਼ਰੂਰ ਹੋ ਜਾਂਦੀ ਸੀ। ਹੌਲੀ-ਹੌਲੀ ਉਹਨੇ ਮੈਨੂੰ ਆਪਣੇ ਬਾਰੇ ਕੁੱਝ ਹੋਰ ਗੱਲਾਂ ਵੀ ਦੱਸ ਦਿੱਤੀਆਂ ਸਨ ਕਿ ਉਹ ਪਾਰਸੀ ਸੀ ਕਿ ਕੁੱਝ ਸਾਲ ਪਹਿਲਾਂ ਉਹਦੇ ਪਤੀ ਦੀ ਮੌਤ ਹੋ ਗਈ ਸੀ ਤੇ ਉਨ੍ਹਾਂ ਦਾ ਕੋਈ ਬੱਚਾ ਨਹੀਂ ਸੀ ਤੇ ਇਹ ਵੀ ਕਿ ਉਹ ਇਕੱਲੀ ਇੱਕ ਅਪ੍ਰਾਟਮੈਂਟ ਵਿਚ ਰਹਿੰਦੀ ਸੀ।

"ਕੋਈ ਹੋਰ ਰਿਸ਼ਤੇਦਾਰ ਨਹੀਂ ਹੈ ਏਥੇ?"

"ਹੈ ਇਕ ਭੈਣ। ਮੇਰੇ ਤੋਂ ਦੋ ਕੁ ਸਾਲ ਵੱਡੀ ਹੈ। ਸੈਕਰਾਮੈਂਟੋ ਆਪਣੇ ਹਸਬੈਂਡ ਤੇ ਬੱਚਿਆਂ ਨਾਲ ਰਹਿੰਦੀ ਹੈ...

"ਦੈਟ'ਸ ਨਾਈਸ।" ਮੈਂ ਵਿਚੋਂ ਹੀ ਟੋਕ ਕੇ ਆਖ ਦਿੱਤਾ ਸੀ।

'ਨਾਈਸ ਖਾਕ। ਮੇਰੇ ਆ ਕੇ ਨਹੀਂ ਰਾਜੀ। ਨਾ ਮੈਨੂੰ ਕਦੇ ਸੱਦਦੀ ਹੈ। ਪੈਸੇ ਵਾਲੀ ਹੈ। ਮੈਂ ਗਰੀਬ ਹਾਂ। ਬਸ ਕਦੇ ਕਦਾਈਂ ਜੇ ਆਉਂਦੀ ਵੀ ਹੈ ਤਾਂ ਮੇਰੀਆਂ ਨੁਕਸਾਂ ਕੱਢਦੀ ਰਹਿੰਦੀ ਹੈ। ਤੈਨੂੰ ਆਹ ਨਹੀਂ ਆਉਂਦਾ, ਔਹ ਨਹੀਂ ਆਉਂਦਾ। ਮੈਂ ਪੰਜ ਚਿੜੀਆਂ ਰੱਖੀਆਂ ਹੋਈਆਂ ਜਿਨ੍ਹਾਂ ਨੂੰ ਮੈਂ ਸਿਰਫ਼ ਰਾਤ ਨੂੰ ਪਿੰਜਰੇ 'ਚ ਬੰਦ ਕਰਦੀ ਹਾਂ। ਇਕ ਵਾਰੀ ਇਕ ਚਿੜੀ ਨੇ ਉਹਦੇ ਤੇ ਬਿੱਠ ਕਰ ਦਿੱਤੀ। ਬੱਸ ਉਹ ਉੱਠੀ ਤੇ ਮੈਨੂੰ ਗਾਲਾਂ ਕੱਢਦੀ ਚਲੀ ਗਈ। ਐਹੋ ਜਿਹੀ ਭੈਣ ਨੂੰ ਮੈਂ ਮਿਲ ਕੇ ਵੀ ਕੀ ਕਰਾਂ।"

"ਦੈਟ 'ਸ ਸੈਡ।"

'ਇਕ ਮੇਰਾ ਭਾਣਜਾ ਸੈਂਨ ਫ੍ਰਾਂਸਿਸਕੋ ਰਹਿੰਦਾ ਹੈ। ਉਹ ਕਦੇ ਕਦੇ ਆਪਣੀ ਘਰ ਵਾਲੀ ਨਾਲ ਮੈਨੂੰ ਮਿਲਣ ਲਈ ਆ ਜਾਂਦੈ।"

ਮੇਰਾ ਮਨ ਪਸੀਜ ਗਿਆ ਸੀ। ਜੇ ਕਦੇ ਮੇਰੀ ਹੈਲਪ ਦੀ ਲੋੜ ਪਈ ਤਾਂ ਮੈਨੂੰ ਫ਼ੋਨ ਕਰ ਲਵੀਂ।" ਮੈਂ ਉਹਨੂੰ ਆਪਣਾ ਫ਼ੋਨ ਨੰਬਰ ਦੇ ਕੇ ਆਖਿਆ ਸੀ।

"ਓ ਕੇ ਥੈਂਕ ਯੂ।" ਆਖ ਉਹਨੇ ਉਹ ਕਾਗਜ਼ ਆਪਣੇ ਪਰਸ ਵਿਚ ਸਾਂਭ ਲਿਆ ਸੀ।

ਏਸੇ ਤੋਂ ਕੋਈ ਦੋ ਡੇਢ ਤਿੰਨ ਕੁ ਹਫ਼ਤੇ ਪਿੱਛੋਂ ਇਕ ਦਿਨ ਸੀਲੂ ਦਾ ਫ਼ੋਨ ਆਇਆ। ਦੱਸ ਰਹੀ ਸੀ ਕਿ ਦੂਜੇ ਦਿਨ ਉਹਦੀ ਇਕ ਕਾਇਰੋਪ੍ਰੈਕਟਰ ਨਾਲ ਅਪਾਇੰਟਮੈਂਟ ਸੀ। ਉਹਨੇ ਮੈਨੂੰ ਟਾਈਮ ਦੱਸ ਕੇ ਪੁੱਛਿਆ ਸੀ ਕਿ ਕੀ ਮੈਂ ਉਹਦੀ ਮਦੱਦ ਕਰ ਸਕਦੀ ਸਾਂ?

"ਹਾਂ ਠੀਕ ਹੈ। ਮੈਂ ਲੈ ਜਵਾਂਗੀ। ਤਿਆਰ ਰਹਿਣਾ।"

"ਥੈਂਕ ਯੂ ਵੈਰੀ ਮਚ।"

"ਨੋ ਪ੍ਰੌਬਲਮ। ਐਨੀ ਟਾਈਮ।"



ਦੂਜੇ ਦਿਨ, ਮਿਥੇ ਸਮੇਂ ਮੈਂ ਉਹਨੂੰ ਉਹਦੇ ਕਾਇਰੋਪ੍ਰੈਕਟਰ ਕੋਲ ਲੈ ਗਈ ਸਾਂ ਜਦੋਂ ਅਸੀਂ ਔਫ਼ਿਸ ਤੋਂ ਬਾਹਰ ਨਿਕਲੀਆਂ ਤਾਂ ਉਹਨੇ ਮੈਨੂੰ ਸੁਝਾਓ ਦਿੱਤਾ ਕਿ ਕਿਧਰੇ ਲੰਚ ਲਈ ਜਾਇਆ ਜਾਵੇ। ਮੈਂ ਬਹੁਤਾ ਬਾਹਰ ਖਾਣ ਦੀ ਸ਼ੁਕੀਨ ਨਹੀਂ ਹਾਂ ਪਰ ਲੰਚ ਦਾ ਟਾਈਮ ਸੀ ਸੋ ਸੋਚਿਆ ਚਲੋ ਠੀਕ ਹੈ, ਚਲੋ ਚੱਲਦੀ ਹਾਂ।

"ਕਿੱਥੇ ਜਾਣਾ ਹੈ?" ਮੈਂ ਪੁੱਛਿਆ।

ਇਥੋਂ ਇਕ ਨੇੜੇ ਹੀ ਚਾਇਨੀਜ਼ ਰੈਸਟੋਰੈਂਟ ਹੈ। ਜਾਂ ਜਿੱਥੇ ਤੈਨੂੰ ਪਸੰਦ ਹੈ ਜਾਣਾ, ਉਥੇ ਚਲੇ ਚੱਲਦੇ ਹਾਂ।" ਉਹਨੇ ਗੱਡੀ 'ਚ ਬੈਠਦਿਆਂ ਕਿਹਾ 'ਨਹੀਂ।' ਉਹ ਚਾਇਨੀਜ਼ ਹੀ ਠੀਕ ਹੈ। ਆਖ ਮੈਂ ਗੱਡੀ ਸਟਾਰਟ ਕਰ ਲਈ।

ਜਿਹੜੇ ਰੈਸਟੋਰੈਂਟ ਉਹ ਮੈਨੂੰ ਲੈ ਕੇ ਗਈ ਸੀ ਉਥੇ ਬਫ਼ੇਅ ਲੱਗਾ ਹੋਇਆ ਸੀ ਤੇ ਏਥੇ ਅੱਠ ਡਾਲਰ ਦੇ ਕੇ ਤੁਸੀਂ ਕਈ ਕਿਸਮ ਦੇ ਮੀਟ, ਸਬਜੀਆਂ ਚੌਲ, ਸਲਾਦ ਵਗੈਰਾ ਲੈ ਸਕਦੇ ਸੀ ਤੇ ਜਿਨਾ ਚਾਹੋਂ ਖਾ ਸਕਦੇ ਸੀ। ਸੀਲੂ ਨੇ ਮੈਨੂੰ ਦੱਸਿਆ ਕਿ ਉਹ ਉੱਥੇ ਅਕਸਰ ਲੰਚ ਲਈ ਜਾਂਦੀ ਰਹਿੰਦੀ ਸੀ।

ਪਲੇਟਾਂ ਵਿਚ ਮਨ ਮਰਜੀ ਦੀਆਂ ਚੀਜਾਂ ਪਾ ਕੇ ਅਸੀਂ ਇਕ ਸਾਈਡ ਤੇ ਲੱਗੇ ਟੇਬਲ ਦੁਆਲੇ ਜਾ ਬੈਠੀਆਂ। ਖਾਣਾ ਖਾਂਦੀ ਉਹ ਮੈਨੂੰ ਦੱਸਣ ਲੱਗ ਪਈ,

"ਮੈਨੂੰ ਅਮਰੀਕਾ ਆਈ ਨੂੰ ਕੋਈ ਚਾਲੀ ਸਾਲ ਹੋ ਗਏ ਹਨ। ਮੇਰਾ ਪਤੀ ਇਕ ਕੁਇਕ ਸਟੋਰ ਵਿਚ ਕੰਮ ਕਰਦਾ ਸੀ। ਖਾਣ-ਪੀਣ ਤੇ ਘੁੰਮਣ ਫਿਰਨ ਦਾ ਬੜਾ ਸ਼ੁਕੀਨ ਸੀ। ਛੁੱਟੀ ਵਾਲੇ ਦਿਨ ਕਹਿਣਾ, ਚੱਲ ਸੈਂਨ ਫ੍ਰਾਂਸਿਸਕੋ ਚੱਲਦੇ ਹਾਂ। ਕਦੇ ਅਸੀਂ ਬਰਕਲੀ ਚਲੇ ਜਾਣਾ। ਕਦੇ ਸੈਂਨ ਹੋਜ਼ੇ ਵੱਲ ਨਿਕੱਲ ਜਾਣਾ। ਉੱਥੇ ਉਹਦੇ ਕਈ ਦੋਸਤ ਸੀ। ਬੜੀ ਐਸ਼ ਕਰਦੇ ਸੀ। ਬੱਸ, ਜਿੰਨੇ ਕਮਾਉਣੇ, ਉਨੇ ਖਾ ਲੈਣੇ।"

"ਤੂੰ ਆਪ ਕੋਈ ਨੌਕਰੀ ਨਾ ਕੀਤੀ?"

"ਕੀਤੀ ਸੀ ਮੈਂ ਵੀ ਕੁਝ ਚਿਰ। ਇਕ ਸਕੂਲ 'ਚ ਅਸਿਸਟੈਂਟ ਟੀਚਰ ਲੱਗੀ ਹੋਈ ਸੀ। ਕਈ ਸਾਲ ਉੱਥੇ ਕੰਮ ਕੀਤਾ। ਫੇਰ ਉਨ੍ਹਾਂ ਸਟਾਫ਼ ਦੇ ਕਈ ਮੈਂਬਰਾਂ ਨੂੰ ਫੰਡਜ਼ ਦੀ ਕਮੀ ਆਖ ਕੇ ਕੱਢ ਦਿੱਤਾ। ਮੇਰੀ ਨੌਕਰੀ ਵੀ ਜਾਂਦੀ ਰਹੀ। ਬਸ ਮੁੜਕੇ ਮੈਂ ਹੋਰ ਕਿਧਰੇ ਕੰਮ ਲੱਭਿਆ ਹੀ ਨਾ। ਸੋਚਿਆ ਚਲੋ ਸਾਡੇ ਕਿਹੜਾ ਏਥੇ ਨਿਆਣੇ ਭੁੱਖੇ ਮਰਦੇ ਆ। ਗੁਜ਼ਾਰਾ ਹੀ ਕਰਨਾ, ਉਹ ਹੋਈ ਜਾਂਦਾ।"

"ਇਹਦਾ ਮਤਲਬ ਤੇਰਾ ਹਸਬੈਂਡ ਚੰਗਾ ਸੀ।"

"ਚੰਗਾ ਸੀ ਵੀ ਤੇ ਨਹੀਂ ਵੀ।" ਉਹਨੇ ਨੈਪਕਿਨ ਨਾਲ ਮੂੰਹ ਪੂੰਝਕੇ ਆਖਿਆ।

"ਸ਼ਰਾਬ ਪੀ ਕੇ ਕਈ ਵਾਰੀ ਮੈਨੂੰ ਐਵੇਂ ਹੀ ਗਾਲਾਂ ਕੱਢਣ ਲੱਗ ਜਾਂਦਾ ਸੀ। ਕਦੇ ਕੁੱਟਣ ਲੱਗ ਪੈਂਦਾ।" ਇਹ ਆਖ ਕੇ ਉਹ ਚੁੱਪ ਹੋ ਗਈ ਸੀ।

"ਇੰਡੀਆ ਕਦੋਂ ਗਈ ਸੀ?" ਮੈਂ ਪਾਣੀ ਦੇ ਕੁੱਝ ਘੁੱਟ ਭਰਨ ਪਿੱਛੋਂ ਗੱਲ ਬਦਲੀ।

"ਜਦੋਂ ਮੇਰਾ ਹਸਬੈਂਡ ਜੀਉਂਦਾ ਸੀ, ਉਦੋਂ ਅਸੀਂ 'ਕੱਠੇ ਗਏ ਸੀ। ਹੋ ਗਏ ਕੋਈ ਸਤਾਰਾਂ ਅਠਾਰਾਂ ਸਾਲ ਉੱਥੇ ਗਈ ਨੂੰ।"

"ਏਨਾ ਚਿਰ?"

"ਹਾਂ।"

ਆਪਣਾ ਘਰ, ਸ਼ਹਿਰ, ਗਲੀਆਂ, ਬਾਜ਼ਾਰ, ਰਿਸ਼ਤੇਦਾਰ, ਸਹੇਲੀਆਂ, ਆਂਢੀ-ਗੁਆਂਢੀ, ਹੋਰ ਜਾਣੂੰ ਸਭ ਯਾਦ ਆਉਂਦੇ ਹੋਣਗੇ।"

"ਹਾਂ, ਕਦੇ ਕਦੇ ਉਹਨੇ ਹੱਥ ਵਿਚਲਾ ਫੋਰਕ ਪਲੇਟ 'ਚ ਰੱਖਦੀ ਨੇ ਜਵਾਬ ਦਿੱਤਾ,

"ਤੈਨੂੰ ਛੇਤੀ ਵਾਪਿਸ ਜਾਣਾ ਚਾਹੀਦੈ।" ਮੈਂ ਉਹਦੀ ਉਮਰ ਤੇ ਸਿਹਤ ਦਾ ਸੋਚਕੇ ਸਲਾਹ ਦਿੱਤੀ ਸੀ ਕਿਉਂਕਿ ਮੈਂ ਸੋਚਦੀ ਸੀ ਕਿ ਇਨਸਾਨ ਜਿੱਥੇ ਮਰਜ਼ੀ ਰਹੇ, ਪਰ ਮਰਨ ਤੋਂ ਪਹਿਲਾਂ ਇਕ ਵਾਰ ਉਹਨੂੰ

ਆਪਣੀ ਜੱਦੀ-ਪੁਸ਼ਤੀ ਥਾਂ ਜ਼ਰੂਰ ਦੇਖ ਆਉਣੀ ਚਾਹੀਦੀ ਹੈ।

"ਪਰ ਹੁਣ ਮੈਂ ਇਕੱਲੀ ਕਿੱਥੇ ਏਨੀ ਖੇਚਲ ਕਰੂੰਗੀ। ਮੁਸ਼ਕਿਲ ਹੈ।" ਆਖ ਉਹਨੇ ਆਪਣੀ ਬੇਬਸੀ ਜ਼ਾਹਿਰ ਕੀਤੀ ਸੀ।

"ਜਦੋਂ ਮੈਂ ਇੰਡੀਆ ਅਗਲੀ ਵਾਰੀ ਗਈ ਤਾਂ ਤੂੰ ਮੇਰੇ ਨਾਲ ਚਲੀ ਚੱਲੀ।" ਮੈਂ ਕੁੱਝ ਉਤਸਾਹਿਤ ਹੋ ਕੇ ਕਿਹਾ ਸੀ।

"ਕੀ ਕਰੂੰਗੀ ਮੈਂ ਉੱਥੇ ਜਾ ਕੇ ਹੁਣ? ਜਿਹੜੇ ਮੈਨੂੰ ਜਾਣਦੇ ਸੀ ਉਹ ਤਾਂ ਰਹੇ ਨਹੀਂ, ਤੇ ਅਗਲੀ ਪੀੜ੍ਹੀ ਦੇ ਮੈਨੂੰ ਜਾਣਦੇ ਨਹੀਂ।"

ਮੈਂ ਉਹਦਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕੀਤੀ ਸੀ ਜਿੱਥੇ ਮੈਨੂੰ ਕੋਈ ਜ਼ਾਹਿਰਾ ਉਦਾਸੀ ਜਾਂ ਪਛਤਾਵੇ ਦੀ ਕੋਈ ਵੀ ਝਲਕ ਨਹੀਂ ਸੀ ਦਿਸੀ। ਮੈਨੂੰ ਉਹਦੀ ਇਹ ਕਠੋਰਤਾ ਚੰਗੀ ਲੱਗੀ ਸੀ। ਸ਼ਾਇਦ ਉਹਨੇ ਆਪਣੇ ਆਪ ਨਾਲ ਤੇ ਆਪਣੇ ਹਾਲਾਤ ਨਾਲ ਸਮਝੌਤਾ ਕਰ ਲਿਆ ਸੀ ਕਿ ਹੁਣ ਉਹਨੇ ਇੰਡੀਆ ਕਦੇ ਵੀ ਨਹੀਂ ਸੀ ਜਾਣਾ। ਮੈਂ ਅੱਗੋਂ ਉਹਨੂੰ ਇਹਦੇ ਬਾਰੇ ਹੋਰ ਕੁੱਝ ਨਹੀਂ ਸੀ ਕਿਹਾ, ਪਰ ਮਨ 'ਚ ਇਹ ਧਾਰ ਲਿਆ ਸੀ ਕਿ ਅਗਲੀ ਵਾਰੀ ਜਦੋਂ ਇੰਡੀਆ ਜਾਵਾਂਗੀ ਤਾਂ ਮੀਲੂ ਨੂੰ ਨਾਲ ਲਿਜਾਣ ਦੀ ਪੂਰੀ ਕੋਸ਼ਿਸ਼ ਕਰਾਂਗੀ। ਕਿੰਨੀ ਖੁਸ਼ ਹੋਏਗੀ ਉਹ ਮੁੜ ਆਪਣੇ ਬਚਪਨ ਦਾ ਘਰ, ਗਲੀਆਂ, ਬਾਜ਼ਾਰ ਤੇ ਸ਼ਹਿਰ ਦੇਖ ਕੇ ਮੈਂ ਮਨ 'ਚ ਸੋਚਦੀ।

ਖ਼ੈਰ ਫੇਰ ਇਕ ਰੁਟੀਨ ਜਿਹੀ ਬਣ ਗਈ ਕਿ ਹਫ਼ਤੇ ਡੇਢ ਹਫ਼ਤੇ ਬਾਅਦ ਸੀਲੂ ਨੇ ਮੈਨੂੰ ਡਾਕਟਰ ਕੋਲ ਲਿਜਾਣ ਲਈ ਫ਼ੋਨ ਕਰ ਦੇਣਾ, ਤੇ ਮੈਂ ਉਹਨੂੰ ਲੈ ਜਾਣਾ। ਪਿੱਛੋਂ ਫੇਰ ਉਹਨੇ ਖਾਣੇ ਲਈ ਕਿਸੇ ਰੇਸਟੋਰੈਂਟ 'ਚ ਜਾਣ ਦੀ ਤਜਵੀਜ਼ ਕਰਨੀ, ਤੇ ਫੇਰ ਉੱਥੇ ਬੈਠ ਸਾਡੀਆਂ ਗੱਲਾਂ ਹੋਣੀਆਂ ਜਿਹੜੀਆਂ ਬਹੁਤੀਆਂ ਤਾਂ ਉਹੀ ਕਰਦੀ ਸੀ ਤੇ ਜਿੰਨ੍ਹਾਂ ਦੇ ਬਾਰ ਬਾਰ ਦੁਹਰਾਏ ਜਾਣ ਕਰਕੇ, ਕੁੱਝ ਚਿਰ ਪਿੱਛੋਂ ਮੈਂ ਸੁਣਦੀ ਬੋਰ ਹੋਣ ਲੱਗ ਪਈ ਸਾਂ। ਮੇਰੀ ਬੋਰੀਅਤ ਦਾ ਕਾਰਨ ਉਹਦੇ ਆਮ ਇੰਡੀਅਨਜ਼ ਦੀ ਪਿਛਾਂਹ ਖਿੱਚੂ ਤੰਗ ਸੋਚ ਸਮਝ ਵਾਲੀਆਂ ਗੱਲਾਂ ਕਰਨਾ ਵੀ ਸੀ। ਗੱਲ ਗੱਲ ਤੇ ਉਹ ਆਖਦੀ 'ਕੀ ਹਨ ਇਹ ਲੋਕ ਏਥੋਂ ਦੇ? ਐਵੇਂ ਛੋਟੀ ਜਿਹੀ ਗੱਲ ਤੇ ਤਲਾਕ ਦੇ ਦੇਣਾ... ਮੈਂ ਸਾਰੀ ਉਮਰ ਘਰ ਵਾਲੇ ਦੀ ਕੁੱਟ ਖਾਂਦੀ ਰਹੀ...।"

"ਇਹ ਤੇਰੀ ਕਮਜ਼ੋਰੀ ਸੀ। ਫ਼ਖਰ ਕਰਨ ਦੀ ਥਾਂ ਤੈਨੂੰ ਤਾਂ ਆਪਣੇ ਆਪ ਤੇ ਸ਼ਰਮਿੰਦਾ ਹੋਣਾ ਚਾਹੀਦਾ।" ਮੈਂ ਖਿਝ ਕੇ ਆਖਦੀ। ਇਕ ਦਿਨ ਆਪਣੀਆਂ ਸਿਫ਼ਤਾਂ ਕਰਦੀ ਆਖਣ ਲੱਗੀ, "ਮੈਂ ਹੁਣ ਦੀਆਂ ਕੁੜੀਆਂ ਵਰਗੀ ਨਹੀਂ ਸੀ।"

"ਵਟ ਯੂ ਮੀਨ?"

"ਮੈਂ ਘਰੋਂ ਬਾਹਰ ਨਹੀਂ ਸੀ ਨਿਕਲਦੀ ਹੁੰਦੀ।"

"ਕਿਉਂ ਤੈਨੂੰ ਕੀ ਕੀੜੇ ਪਏ ਸੀ ਜਿਹੜਾ ਤੂੰ ਬਾਹਰ ਨਹੀਂ ਸੀ ਨਿਕਲਦੀ? ਉਦੋਂ ਦਾ ਮੰਬਈ ਵੀ ਏਨਾ ਸੋਹਣਾ ਸ਼ਹਿਰ ਹੋਣਾ। ਹੁਣ ਜਿਹਾ ਭੀੜ ਭੜੱਕਾ ਵੀ ਨਹੀਂ ਹੋਣਾ। ਤੂੰ ਸ਼ਰੀਫ਼ਜ਼ਾਦੀ ਬਣਦੀ ਨੇ ਆਪਣਾ ਸ਼ਹਿਰ ਹੀ ਨਾ ਦੇਖਿਆ। ਹਓ ਸੈਡ।"

ਇਕ ਦਿਨ ਤਾਂ ਆਪਣੀ ਮੂਰਖਤਾਂ ਜਾਂ ਤੰਗਦਿਲੀ ਦੀ ਉਹਨੇ ਹੱਦ ਹੀ ਕਰ ਦਿੱਤੀ। ਮੈਂ ਆਪਣੀ ਇਕ ਅਮਰੀਕਨ ਸਹੇਲੀ ਨੂੰ ਖਾਣੇ ਲਈ ਸੱਦਿਆ ਤਾਂ ਸੀਲੂ ਦਾ ਦਿਲ ਲਾਓਣ ਲਈ ਮੈਂ ਉਹਨੂੰ ਵੀ ਜਾ ਕੇ ਲੈ ਆਈ ਸੀ। ਮੇਰੀ ਸਹੇਲੀ ਆਪਣੇ ਪਾਰਟਨਰ ਦੇ ਖਾਣ-ਪੀਣ ਦੀਆਂ ਬਹੁਤ ਸਧਾਰਣ ਆਦਤਾਂ ਦੀ ਗੱਲ ਕਰ ਰਹੀ ਸੀ ਕਿ ਕਿਵੇਂ ਉਹ ਕਈ ਕਈ ਦਿਨ ਸਿਰਫ਼ ਕੱਚੀਆਂ ਸਬਜ਼ੀਆਂ ਤੇ ਫ਼ਲ ਵਗੈਰਾ ਹੀ ਖਾਂਦਾ ਸੀ। ਤੁਲਨਾ ਕਰਦਿਆਂ ਸੀਲੂ ਨੂੰ ਆਪਣੇ ਘਰ ਵਾਲੇ ਦੀ ਸ਼ੇਖੀ ਮਾਰਨ ਦੀ ਸੁੱਝੀ ਤਾਂ ਸਿਰ ਉੱਚਾ ਕਰਕੇ ਬੋਲੀ, ਮੇਰਾ ਘਰਵਾਲਾ ਤਾਂ ਏਹੋ ਜਿਹਾ ਖਾਣਾ ਕਦੇ ਨਹੀਂ ਸੀ ਖਾਂਦਾ, ਹੀ ਏਟ ਲਾਈਕ ਏ ਕਿੰਗ ਐਂਡ



ਡਾਈਡ ਲਾਈਕ ਏ ਡੋਗ-ਹਰਟ ਅਟੈਕ ਨਾਲ।" ਮੈਂ ਮਨ 'ਚ ਕਿਹਾ। ਫੇਰ ਗੱਲ ਚੱਲ ਪਈ ਵੇਸਵਾਗਿਰੀ ਬਾਰੇ। ਡਾਇਨਾ ਜੀਹਨੇ ਸੋਸ਼ਲ ਐਂਥਰੋਪਾਲੋਜੀ ਵਿਚ ਐਮ. ਏ. ਕੀਤੀ ਹੋਈ ਸੀ ਤੇ ਲੋਕਲ ਕਾਲੇਜ 'ਚ ਪਾਰਟ ਟਾਈਮ ਪੜ੍ਹਾਉਂਦੀ ਸੀ ਆਖ ਰਹੀ ਸੀ ਕਿ ਜਿਨ੍ਹਾਂ ਚਿਰ ਔਰਤ ਆਦਮੀ ਦੇ ਬਰਾਬਰ ਨਹੀਂ ਹੋ ਜਾਂਦੀ ਤੇ ਜਿਨ੍ਹਾਂ ਚਿਰ ਉਹਦਾ ਜਿਸਮ ਵੇਚਣ ਵੱਟਣ ਵਾਲੀ ਚੀਜ਼ ਬਣਿਆ ਰਹਿਣਾ ਹੈ, ਉਨ੍ਹਾਂ ਚਿਰ ਵੇਸਵਾਗਿਰੀ ਚੱਲਦੀ ਰਹਿਣੀ ਹੈ। ਗੱਲ ਨੂੰ ਸਮਝੇ ਬਿਨਾ ਹੀ ਸੀਲੂ ਨੇ ਵਿਚ ਆਪਣਾ ਸੋਸ਼ਾ ਛੱਡ ਦਿੱਤਾ। ਬੋਲੀ, ਸਾਡੇ ਮੰਬਈ ਇਕ ਬਾਜ਼ਾਰ ਹੁੰਦਾ ਸੀ ਰੰਡਿਆ ਦਾ। ਓਥੇ ਬਸ ਇਹੋ ਕੁੱਝ ਹੁੰਦਾ ਸੀ ਪਰ ਅਸੀਂ ਦੇਖਦੇ ਸੀ ਕਿ ਹੁੰਦੇ ਉਨ੍ਹਾਂ ਦੇ ਗਾਹਕ ਬਹੁਤੇ ਗੋਰੇ ਹੀ ਸੀ।' ਇਹ ਆਖ ਉਹਨੇ ਬੱਚਿਆਂ ਵਾਂਗ ਜੀਭ ਬਾਹਰ ਕੱਢੀ ਸੀ। ਏਸ ਤੇ ਡਾਇਨਾ ਨੇ ਉਹਦੇ ਵੱਲ ਹੈਰਾਨ ਹੋ ਕੇ ਦੇਖਿਆ ਸੀ ਤੇ ਮੈਂ ਘੂਰ ਕੇ। 'ਆਹੋ ਤੂੰ ਤਾਂ ਉੱਥੇ ਕੈਮਰਾ ਲੈ ਕੇ ਖੜ੍ਹੀ ਹੁੰਦੀ ਹੋਣੀ ਆ ਨਾ ਫੋਟੋ ਖਿੱਚਦੀ ਮੈਂ ਖਿਝ ਕੇ ਸੋਚਿਆ ਸੀ।

ਤੰਗ ਦਿਲ ਤੇ ਬੇਤੁਕੀਆਂ ਜਿਹੀਆਂ ਗੱਲਾਂ ਤੋਂ ਸਿਵਾਏ ਮੈਨੂੰ ਸੀਲੂ 'ਤੇ ਕੁੱਝ ਹੋਰ ਗੱਲਾਂ ਤੋਂ ਵੀ ਖਿਝ ਆਉਣ ਲੱਗ ਪਈ ਸੀ। ਮਿਸਾਲ ਵਜੋਂ ਉਹਨੇ ਮੈਨੂੰ ਫੋਨ ਕਰਨਾ ਕਿ ਉਹਨੇ ਫੋਨ ਦਾ ਬਿੱਲ ਦੇਣ ਲਈ ਉਸ ਆਫਿਸ ਜਾਣਾ ਸੀ। ਜਦੋਂ ਮੈਂ ਉਥੇ ਲੈ ਕੇ ਜਾਣਾ ਤਾਂ ਕਈ ਕੰਮ ਵਿਚ ਹੋਰ ਦੱਸ ਦੇਣੇ, "ਮੈਂ ਸੀਅਰਜ਼ ਕੁੱਝ ਕੱਪੜੇ ਦੇਖਣ ਜਾਣਾ ਸੀ।"

"ਮੈਂ ਸੀ ਵੀ ਐੱਸ ਤੋਂ ਹਾਜ਼ਮੇਂ ਦੀ ਦਵਾਈ ਲੈਣੀ ਹੈ।"

"ਜਰਾ ਰਾਹ 'ਚ ਸੇਫ਼ ਵੇ ਵੀ ਰੁਕਣਾ ਹੈ। ਕੁੱਝ ਗਰੋਸਰੀ ਖਰੀਦਣੀ ਹੈ।"

"ਤੂੰ ਜਦੋਂ ਮੈਨੂੰ ਫ਼ੋਨ ਕੀਤਾ ਸੀ ਉਦੋਂ ਕਿਉਂ ਨਾ ਦੱਸਿਆ ਕਿ ਆਹ ਸਾਰੇ ਕੰਮ ਵੀ ਕਰਨੇ ਸੀ। ਏਥੇ ਤੇ ਔਥੇ ਵੀ ਜਾਣਾ ਸੀ? ਮੈਨੂੰ ਦੱਸ ਦਿਆ ਕਰੋ ਤਾਂ ਮੈਂ ਉਸੇ ਹਿਸਾਬ ਨਾਲ ਆਪਣਾ ਪਲੈਨ ਬਣਾਵਾਂ, ਮੈਂ ਉਹਨੂੰ ਇਹ ਕਈ ਵਾਰੀ ਕਿਹਾ ਸੀ, ਪਰ ਉਹਨੂੰ ਖੌਰੇ ਇਹ ਆਦਤ ਕਦੋਂ ਕੁ ਦੀ ਪਈ ਹੋਈ ਸੀ ਕਿ ਮੇਰੀ ਗੱਲ ਦਾ ਉਹਦੇ ਤੇ ਕੋਈ ਬਹੁਤਾ ਅਸਰ ਨਹੀਂ ਸੀ ਹੋ ਰਿਹਾ।

ਮੇਰੇ ਸ਼ਹਿਰ ਤੋਂ ਕਈ 70 ਮੀਲ ਦੂਰ ਦੂਜੇ ਸ਼ਹਿਰ ਰਹਿੰਦੇ ਕਿਸੇ ਪਰਿਵਾਰ ਦਾ ਜ਼ਿਕਰ ਕਰਦੀ ਉਹਨੇ ਦੱਸਿਆ ਕਿ ਜਦੋਂ ਉਹਦਾ ਘਰਵਾਲਾ ਜੀਉਂਦਾ ਸੀ ਤਾਂ ਉਨ੍ਹਾਂ ਦਾ ਏਧਰ ਆਣਾ ਜਾਣਾ ਰਹਿੰਦਾ ਸੀ। "ਅਸੀਂ 'ਕੱਠੇ ਹੋ ਕੇ ਬਹੁਤ ਇਨਜੌਇ ਕਰਦੇ ਸੀ। ਕਦੇ ਫਿਲਮਾਂ ਦੇਖਣੀਆਂ ਕਦੇ ਫਿਰਨਾ। ਮੈਂ ਉਹਨਾਂ ਨੂੰ ਬਹੁਤ ਮਿਸ ਕਰਦੀ ਹਾਂ। ਮੇਰੀ ਸਹੇਲੀ ਨਿੱਕੀ ਮੈਨੂੰ ਫੋਨ ਕਰਕੇ ਕਹਿੰਦੀ ਰਹਿੰਦੀ ਆ ਕਿ ਮੈਂ ਉਨ੍ਹਾਂ ਨੂੰ ਮਿਲ ਆਵਾਂ। ਪਰ ਮੈਂ ਤਾਂ ਹੁਣ ਜਾ ਨਹੀਂ ਸਕਦੀ। ਅਸੀਂ ਇੱਕਠੇ ਬਹੁਤ ਇੰਨਜੌਇ ਕਰਦੇ ਹੁੰਦੇ ਸੀ।"

ਇਕ ਦਿਨ ਜਦੋਂ ਸੌ ਕੁ ਵਾਰੀ ਉਹਨੇ ਫੇਰ ਨਿੱਕੀ ਨੂੰ ਮਿਲਣ ਬਾਰੇ ਰਉਂ ਰਉਂ ਜਿਹੀ ਕੀਤੀ ਤਾਂ ਮੈਨੂੰ ਤਰਸ ਆ ਗਿਆ। ਸੋਚਿਆ 'ਚਲੋ, ਕੋਈ ਨਹੀਂ।' ਮੇਰੀ ਇਕ ਦਿਹਾੜੀ ਦੀ ਗੱਲ ਹੀ ਹੈ। ਮਿਲਾ ਲਿਆਉਂਦੀ ਹਾਂ ਇਹਦੀ ਵਿਛੜੀ ਸਹੇਲੀ ਨੂੰ। ਸੋ , ਮੁਕੱਰਰ ਦਿਨ ਅਸੀਂ ਘਰੋਂ ਚੱਲ ਪਈਆਂ। ਸੈਂਟਾ ਰੋਜ਼ਾ ਤੋਂ ਮਾਰਟੀਨੈਸ ਨਿੱਕੀ ਜਾਂ ਨਿਖਿਤ ਅਹਿਮਦ ਦੇ ਘਰ ਪਹੁੰਚਣ ਨੂੰ ਕੋਈ ਡੇਢ ਘੰਟਾ ਲੱਗ ਗਿਆ।

ਕੀ ਟਾਈਮ ਹੋਇਆ?" ਉਥੇ ਪਹੁੰਚਣ ਤੇ ਸੀਲੂ ਨੇ ਮੈਨੂੰ ਸਵਾਲ ਕੀਤਾ ਤੇ ਫੇਰ ਆਪਣੀ ਘੜੀ ਵੱਲ ਦੇਖਕੇ ਬੋਲੀ, "ਸਾਢੇ ਬਾਰਾਂ ਹੋਏ ਆ। ਅਸੀਂ ਅੱਧਾ ਘੰਟਾ ਪਹਿਲਾਂ ਆ ਗਏ।"

"ਚੰਗਾ ਸਗੋਂ।" ਮੈਂ ਕਿਹਾ, "ਲੇਟ ਨਾਲੋਂ ਪਹਿਲਾਂ ਪਹੁੰਚਣਾ ਚੰਗਾ।"

"ਨਹੀਂ।" ਨਿੱਕੀ ਨੇ ਇਕ ਵਜੇ ਆਉਣ ਨੂੰ ਕਿਹਾ ਸੀ।"

"ਘਰ ਈ ਤਾਂ ਜਾਣੈ। ਆਪਾਂ ਕਿਹੜਾ ਕਿਸੇ ਦੇ ਦਫ਼ਤਰ ਜਾ ਰਹੇ ਆਂ।" ਮੈਂ ਕੁੱਝ ਵਿਰੋਧ ਕੀਤਾ।

"ਨਹੀਂ, ਨਿੱਕੀ ਕਹਿੰਦੀ ਸੀ ਇੱਕ ਵਜੇ ਆਉਣਾ। ਉਹ ਕੁਝ ਬੱਚਿਆਂ ਦੀ ਬੇਬੀ ਸਿਟਿੰਗ ਕਰਦੀ ਹੈ। ਉਹ ਕਹਿੰਦੀ ਸੀ ਉਹ ਬੱਚਿਆਂ ਨੂੰ ਲੰਚ ਖੁਆ ਕੇ ਇੱਕ ਵਜੇ ਨੈਪ ਲਈ ਲਿਟਾ ਦਿੰਦੀ ਹੈ। ਤੇ ਜਦੋਂ ਬੱਚੇ

ਸੌਣ, ਅਸੀਂ ਉਦੋਂ ਜਾਈਏ।” ਫੇਰ ਹੁਣ ਕੀ ਕਰੀਏ?”

ਚੱਲ ਆਈਸ ਕਰੀਮ ਖਾਨੇ ਆਂ। ਏਥੋਂ ਨੇੜੇ ਈ ਇਕ ਇੰਡੀਅਨ ਗਰੋਸਰੀ ਦਾ ਸਟੋਰ ਆ। ਉਥੋਂ ਬੜੀ ਟੇਸਟੀ ਇੰਡੀਅਨ ਆਈਸ ਕਰੀਮ ਮਿਲਦੀ ਹੈ।”

ਸੋ, ਅਸੀਂ ਆਈਸ ਕਰੀਮ ਖਾ ਕੇ ਟਾਈਮ ਪਾਸ ਕਰਨ ਲਈ ਚਲੀਆਂ ਗਈਆਂ।

“ਨਿੱਕੀ ਨੂੰ ਨਹੀਂ ਦੱਸਣਾ ਕਿ ਆਈਸ ਕਰੀਮ ਖਾਧੀ ਸੀ ਜਾਂ ਅਸੀਂ ਦਿੱਤੇ ਟਾਈਮ ਤੋਂ ਪਹਿਲਾਂ ਪਹੁੰਚ ਗਏ ਸੀ।” ਉਹਨੇ ਨਿੱਕੀ ਦੇ ਘਰ ਵੱਲ ਜਾਂਦਿਆਂ ਮੈਨੂੰ ਤਾੜਨਾ ਕੀਤੀ।

“ਮੈਂ ਨਹੀਂ ਦੱਸੂੰਗੀ, ਮੈਂ ਕਿਹਾ, ਪਰ ਨਿੱਕੀ ਤੋਂ ਇਹ ਲੁਕੋ ਰੱਖਣ ਦੀ ਕੀ ਲੋੜ ਹੈ?”

“ਬਸ ਤੂੰ ਨਾ ਕੁੱਝ ਕਹੀ। ਇਹਦੇ ਬਾਰੇ।”

“ਓ.ਕੇ.।” ਮੈਂ ਨਕਸ਼ੇ ਦੀਆਂ ਡਾਇਰੈਕਸ਼ਨ ਮੁਤਾਬਿਕ ਉਹਨੂੰ ਠੀਕ ਥਾਂ ਤਾਂ ਲੈ ਗਈ ਪਰ ਉਥੇ ਸੀਲੂ ਨੂੰ ਪਤਾ ਨਾ ਲੱਗੇ ਕਿ ਨਿੱਕੀ ਦਾ ਘਰ ਕਿਹੜਾ ਸੀ। ਉਹਨੇ ਤਿੰਨ ਘਰਾਂ ਦੇ ਗਲਤ ਦਰਵਾਜ਼ੇ ਖੜਕਾ ਕੇ ਅਖੀਰ ਨਿੱਕੀ ਦਾ ਘਰ ਲੱਭਿਆ। ਸੱਠ-ਪੈਂਠ ਦੀ ਲੱਗਦੀ ਔਰਤ ਨੇ ਦਰਵਾਜ਼ਾ ਖੋਲ੍ਹਿਆ ਤੇ ‘ਸੁਬਾਨ ਅੱਲਾ! ਸੁਬਾਨ੍ਹ ਅੱਲਾ!’ ਕਰਦੀ ਉਹਨੂੰ ਬਾਹਾਂ ’ਚ ਬਾਹਾਂ ਪਾ ਕੇ ਮਿਲੀ। ਗੱਡੀ ਇਕ ਸਾਈਡ ਤੇ ਲਾ ਕੇ ਮੈਂ ਵੀ ਪਹੁੰਚ ਗਈ। ਤੇ “ਹੈਲੋ ਸਲਾਮ।” ਪਿੱਛੋਂ ਉਨ੍ਹਾਂ ਨਾਲ ਅੰਦਰ ਚਲੀ ਗਈ।

ਨਿੱਕੀ ਨੇ ਗੱਲਾਂ ਕਰਦਿਆਂ ਚਾਹ ਬਣਾਈ ਤੇ ਫੇਰ ਚਿਕਨ ਤੇ ਰੋਟੀ ਗਰਮ ਜਿਹੜੀ ਅਸੀਂ ਤਿੰਨਾਂ ਨੇ ਮਿਲ ਕੇ ਖਾ ਲਈ।

ਅੱਛਾ ਬੇਟਾ ਕੈਸੇ ਹੈ? ਬੇਟੀ ਕੈਸੇ ਹੈ? ਮੈਂ ਤੋਂ ਉਨਕੋ ਬਹੁਤ ਯਾਦ ਕਰਤੀ ਹੂੰ। ਜਬ ਛੋਟੇ ਥੇ ਤੋ ਕਿਤਨੀ ਸ਼ਰਾਰਤੇ ਕੀਆ ਕਰਤੇ ਥੇ। ਮੁਈਨ ਕਯਾ ਆਬ੍ਹੀ ਭ੍ਰੀ ਉਤਨਾ ਹੀ ਸ਼ਰਾਰਤੀ ਹੈਂ?”

“ਮੁਈਨ ਤੋਂ ਅਬ ਮਾਸ਼ਾ ਅੱਲਾ ਬੀਸ ਕਾ ਹੋ ਗਯਾ। ਕਾਲਜ ਜਾਤਾ ਹੈ। ਬਿਜ਼ਨਸ ਕੀ ਪੜ੍ਹਾਈ ਕਰ ਰਹਾ ਹੈ। ਕਹਤਾ ਹੈ ਉਸੇ ਕਿਸੀ ਕੇ ਅੰਡਰ ਕਾਮ ਨਹੀਂ ਕਰਨਾ। ਆਪਨਾ ਬਿਜ਼ਨਸ ਕਰੇਗਾ।”

“ਵੈਰੀ ਗੁੱਡ! ਵੈਰੀ ਗੁੱਡ!” ਸੀਲੂ ਨੇ ਚਿਕਨ ਦਾ ਇਕ ਪੀਸ ਚਬਾਉਂਦਿਆਂ ਦਾਦ ਦਿੱਤੀ।

“ਬੇਟੀ ਸਾਸੀਆਂ ਅਠਾਰਾਂ ਕੀ ਹੋ ਗਈ ਹੈ। ਬਸ ਇਸੀ ਸਾਲ ਵੋਹ ਸਕੂਲ ਕੀ ਪੜਾਈ ਖ਼ਤਮ ਕਰ ਲੇਗੀ। ਉਸ ਕੋ ਸਾਇੰਸ ਕੀ ਪੜ੍ਹਾਈ ਕਰਨੀ ਹੈ। ਅਬ ਤੋ ਹਿਜਾਬ ਬਾਂਧਤੀ ਹੈ। ਹਮ ਪਿਛਲੇ ਸਾਲ ਪਾਕਿਸਤਾਨ ਗਏ ਥੇ, ਤੋਂ ਵਹਾਂ ਸਭ੍ਰੀ ਕਹੇਂ ਅਰੇ ਸਾਮੀਆਂ ਤੋਂ ਹਮਾਰੀ ਯਹਾਂ ਕੀ ਲੜਕੀਓਂ ਸੇ ਭ੍ਰੀ ਅੱਛੀ ਹੈ।”

ਇਸ ਪਰ ਤੋਂ ਮਾਨੋ ਅਮੈਰਿਕਾ ਕਾ ਕੋਈ ਅਸਰ ਹੀ ਨਹੀਂ।”

“ਵਾਹ ! ਬਹੁਤ ਅੱਛੀ ਬਾਤ ਹੈ ਯੇ ਤੋ।” ਸੀਲੂ ਖਿੜੇ ਮੂੰਹ ਨਾਲ ਆਖ ਰਹੀ ਸੀ।

ਖਾਣਾ ਖਾ ਕੇ ਨਿੱਕੀ ਆਪਣੇ ਦੋਵੇਂ ਬੱਚਿਆਂ ਦੀਆਂ ਤਸਵੀਰਾਂ ਦਿਖਾਉਣ ਲੱਗ ਪਈ।

“ਨਜ਼ਰ ਨਾ ਲਗੇ, ਕਿਤਨੇ ਪਿਆਰੇ ਬੱਚੇ ਹੈਂ।” ਸ਼ੀਲੂ ਦੇ ਇਹ ਕਹਿਣ ’ਤੇ ਨਿੱਕੀ ਨੇ ਦੱਸਿਆ ਕਿ ਜਦੋਂ ਉਹ ਪਾਕਿਸਤਾਨ ਗਏ ਸੀ ਤਾਂ ਉਹਦੇ ਕੁੱਝ ਰਿਸ਼ਤੇਦਾਰਾਂ ਕੁਝ ਹੋਰ ਰਿਸ਼ਤੇਦਾਰਾਂ ਦੇ ਬੱਚਿਆਂ ਨਾਲ ਮੁਕਾਬਲਾ ਕਰਦੇ ਕੁੱਝ ਲੋਕ ਕਹਿ ਰਹੇ ਸਨ ਕਿ, “ਤੁਮਹਾਰੇ ਬੱਚੇ ਤੋਂ ਖੋਏ ਕੇ ਪੇੜੇ ਹੈਂ ਔਰ ਉਨਕੇ ਗੁਲਾਬ ਜਾਮੁਨਾ। ਅਬ ਬਤਾਓ, ਖੋਏ ਕੇ ਪੇੜੋਂ ਸੇ ਗੁਲਾਬ ਜਾਮਨ ਕਯਾ ਮੁਕਾਬਲਾ ਕਰੇਗੀ।”

ਮੈਂ ਖਾ ਕੇ ਹੁਣ ਪਰ੍ਹਾਂ ਸੋਫ਼ੇ ’ਤੇ ਬੈਠੀ ਇਹ ਸਭ ਸੁਣ ਰਹੀ ਸਾਂ। ਤੋਬਾ! ਤੋਬਾ! ਕਿਹੋ ਜਹੇ ਘਟੀਆਂ ਲੋਕ ਹਨ, ਮੇਰਾ ਮਨ ਚਿਲਾ ਰਿਹਾ ਸੀ। ਇਨਸਾਨਾ ਦੀ ਤੁਲਨਾ ਬੱਚਿਆਂ ਦੀ ਤੁਲਨਾ ਖੋਏ ਦੇ ਪੇੜਿਆਂ ਤੇ ਗੁਲਾਬ ਜਾਮਨਾ ਨਾਲ। ਤੇ ਉਹ ਵੀ ਇਹੋ ਜਿਹੇ ਲੋਕ ਜਿਹੜੇ ਵਰਿਆਂ ਤੋਂ ਏਥੇ ਅਮਕੀਰਾ ਵਰਗੇ ਦੇਸ਼ਾਂ ’ਚ ਰਹਿ ਰਹੇ ਹਨ ਜਿੱਥੇ ਹਰ ਰੰਗ ਤੇ ਨਸਲ ਦੇ ਲੋਕ ਰਹਿੰਦੇ ਹਨ ਤੇ ਬਰਾਬਰ ਕੰਮ ਕਰਦੇ ਹਨ। ਚਲੋ ਕਰੀ ਜਾਣ ਬਕਵਾਸ। ਮੈਨੂੰ ਕੀ।” ਮੈਂ ਸੋਫ਼ੇ ਤੇ ਸਿਰ ਪਿਛਾਂਹ ਸੁੱਟਦੀ ਨੇ ਸੋਚਿਆ। ਸੀਲੂ ਆਪਣੀ ਚਿਰ ਪਹਿਲਾਂ



ਵਿੱਛੜੀ ਸਹੇਲੀ ਨੂੰ ਮਿਲਣਾ ਚਾਹੁੰਦੀ ਸੀ, ਉਹ ਮਿਲਾ ਦਿੱਤੀ। ਗੱਲ ਖ਼ਤਮ।

ਮੇਰਾ ਖਿਆਲ ਸੀ ਕਿ ਅਸੀਂ ਸ਼ਾਮ ਨੂੰ ਨਿੱਕੀ ਦੇ ਘਰ ਵਾਲੇ ਤੇ ਬੱਚਿਆਂ ਨੂੰ ਮਿਲ ਕੇ ਖਾਣਾ ਖਾ ਕੇ ਵਾਪਿਸ ਪਰ ਮੈਨੂੰ ਬੜੀ ਹੈਰਾਨੀ ਹੋਈ ਜਦੋਂ ਘੰਟੇ ਕੁ ਅੰਦਰ ਹੀ ਮੀਲੂ ਨੇ ਮੈਨੂੰ ਉੱਥੋਂ ਚੱਲਣ ਲਈ ਕਿਹਾ।

“ਵਾਪਿਸ ਏਨੀ ਛੇਤੀਂ ਮੁੜਣ ਦੀ ਕੀ ਲੋੜ ਸੀ? ” ਮੈਂ ਉਹਨੂੰ ਰਾਹ ਵਿਚ ਪੁੱਛਿਆ ਸੀ।

“ਉਹ ਬੱਚੇ ਉੱਠ ਜਾਂਦੇ ਹਨ ਨਾ। ਫੇਰ ਉਹਨੇ ਉਨ੍ਹਾਂ ਦੀ ਦੇਖ ਭਾਲ ਕਰਨੀ ਹੁੰਦੀ ਹੈ। ਚਲੋ ਮਿਲਣਾ ਸੀ ਮਿਲ ਲਿਆ। ਨਿੱਕੀ ਦੀ ਤਰ੍ਹਾਂ ਹੀ ਇਹਦਾ ਹਸਬੈਂਡ ਵੀ ਬਹੁਤ ਚੰਗਾ ਹੈ। ਇਨ੍ਹਾਂ ਦੇ ਬੱਚੇ ਵੀ ਮੈਨੂੰ ਬਹੁਤ ਪਿਆਰ ਕਰਦੇ ਆ। ਬਸ ਫੋਨ ਤੇ ਕਹਿੰਦੇ ਹੀ ਰਹਿਣਗੇ, ਅੰਟੀ ਤੁਸੀਂ ਆ ਜਾਓ ਸਾਡੇ।” ਦੈਟ’ਸ ਨਾਈਸ ਕੋਈ ਏਨੀ ਪ੍ਰਵਾਹ ਕਰੇ। ਚੰਗੀ ਗੱਲ ਹੈ। ਮੈਂ ਤਸੱਲੀ ਨਾਲ ਕਿਹਾ ਸੀ। ਮੈਨੂੰ ਸੱਚੀਂ ਖੁਸ਼ੀ ਸੀ ਕਿ ਕੋਈ ਸੀ ਜਿਹੜੇ ਸੀਲੂ ਦੀ ਏਨੀ ਪ੍ਰਵਾਹ ਕਰਦੇ ਸੀ।

ਇਕ ਵਾਰ ਮੈਂ ਫੇਰ ਸੀਲੂ ਨੂੰ ਨਿੱਕੀ ਨੂੰ ਮਿਲਾਉਣ ਲੈ ਗਈ ਸਾਂ। ਏਸ ਵਾਰੀ ਵੀ ਉਥੋਂ ਜਾਣ ਦਾ ਤੇ ਵਾਪਿਸ ਮੁੜਨ ਦਾ ਉਹੀ ਟਾਈਮ ਸੀ। ਪਹਿਲਾਂ ਦੀ ਤਰ੍ਹਾਂ ਹੀ ਪਹਿਲਾਂ ਚਾਹ ਪੀਤੀ ਗਈ ਤੇ ਫੇਰ ਗਰਮ ਕਰਕੇ ਚਿਕਨ ਤੇ ਰੋਟੀ ਖਾਧੀ ਗਈ। ਤੇ ਉਹ ਪਹਿਲਾਂ ਜਹੀਆਂ ਹੀ ਗੱਲਾਂ ਬੱਸ ਹੁਣ ਇਹ ਹੋ ਗਿਆ ਸੀ ਕਿ ਜਦੋਂ ਵੀ ਮੈਂ ਸੀਲੂ ਨੂੰ ਮਿਲਣਾ ਜਾਂ ਫੋਨ ਤੇ ਗੱਲ ਹੋਣੀ ਤਾਂ ਉਹਨੇ ਨਿੱਕੀ ਉਹਦਾ ਘਰ ਵਾਲਾ ਤੇ ਉਹਦੇ ਬੱਚਿਆਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੀ ਜਾਣੇ। ਤੇ ਇਹ ਵੀ ਕਿ ਉਹ ਸਾਰੇ ਇਹਨੂੰ ਕਿੰਨਾ ਪਿਆਰ ਕਰਦੇ ਸਨ।

ਮੈਂ ਉਹਨੂੰ ਮੁੜ ਉਥੇ ਲਿਜਾਣ ਦਾ ਆਖ ਤਾਂ ਦਿੱਤਾ ਸੀ ਪਰ ਮੇਰਾ ਮਨ ਕਹਿੰਦਾ ਸੀ ਕਿ ਮੈਂ ਤਿੰਨ ਘੰਟੇ ਡਰਾਈਵ ਕਰਕੇ ਸੀਲੂ ਨੂੰ ਉਸ ਔਰਤ ਨੂੰ ਮਿਲਾਉਣ ਲਿਜਾਂਦੀ ਸਾਂ ਪਰ ਜਿਹੜੀ ਰੋਟੀ ਖਵਾ ਕੇ ਘੰਟੇ ਬਾਅਦ ਸਾਨੂੰ ਘਰੋਂ ਕੱਢ ਦਿੰਦੀ ਸੀ। ਇਹ ਭਲਾ ਕੀ ਦੋਸਤੀ ਹੋਈ ਜਦੋਂ ਦੂਜੇ ਟਰਿੱਪ ਨੂੰ ਚਾਰ ਕੁ ਮਹੀਨੇ ਲੰਘ ਗਏ ਤੇ ਮੈਂ ਮੁੜ ਲਿਜਾਣ ਬਾਰੇ ਕੋਈ ਗੱਲ ਨਾ ਕੀਤੀ ਤਾਂ ਸੀਲੂ ਨੇ ਮੈਨੂੰ ਸੁਣਾਉਣਾ ਸ਼ੁਰੂ ਕਰ ਦਿੱਤਾ, “ਨਿੱਕੀ ਦਾ ਫੋਨ ਆਇਆ ਸੀ। ਉਹ ਕਹਿੰਦੀ ਹੈ, ਅਰੇ ਕੈਸੀ ਤੁਮਾਰੀ ਫ਼ਰੈਂਡ ਹੈ ਜੋ ਤੁਮਹੇਂ ਇਤਨੀ ਦੇਰ ਮੇਂ ਹਮੇਂ ਮਿਲਾਨੇ ਲੀਏ ਭ੍ਰੀ ਨਹੀਂ ਲਾਈ?” ਮੈਨੂੰ ਇਹ ਮਿਹਣਾ ਬਾਰ ਬਾਰ ਸੁਣਨਾ ਪੈ ਰਿਹਾ ਸੀ। ਅਖੀਰ ਇਕ ਦਿਨ ਮੈਨੂੰ ਗੁੱਸਾ ਆ ਗਿਆ ਤੇ ਮੈਂ ਕਿਹਾ, “ਸੀਲੂ ਨਿੱਕੀ ਤੈਨੂੰ ਆਪ ਕਿਉਂ ਨਹੀਂ ਆ ਕੇ ਲੈ ਜਾਂਦੀ?”

“ਵਿਚਾਰੀ ਬੇਬੀ ਸਿਟਿੰਗ ਕਰਦੀ ਹੈ। ਕਿਵੇਂ ਆਊਗੀ ਏਡੀ ਦੂਰ?”

“ਤੈਨੂੰ ਪਤਾ ਏਥੋਂ ਬੱਸਾਂ ਵੀ ਜਾਂਦੀਆਂ। ਤੂੰ ਏਥੋਂ ਬੱਸ ਲੈ ਕੇ ਚਲੀ ਜਾਹ। ਉਹਨੂੰ ਕਹਿ ਤੈਨੂੰ ਉੱਥੋਂ ਬੱਸ ਸਟੈਂਡ ਤੋਂ ਚੁੱਕ ਲਵੇ।

“ਚਾਰ, ਪੰਜ ਬੱਚਿਆਂ ਨੂੰ ਕਾਰ ’ਚ ਬਿਠਾ ਕੇ ਕਿੱਥੇ ਮੈਨੂੰ ਬੱਸ ਸਟੌਪ ਤੋਂ ਲੈਣ ਜਾਊਗੀ।”

“ਫੇਰ ਉਹਨੂੰ ਕਹਿ ਆਪਣੇ ਹਸਬੈਂਡ ਨੂੰ ਕਹੇ ਤੈਨੂੰ ਆ ਕੇ ਲੈ ਜਾਵੇ। ਜਾਂ ਆਪਣੇ ਮੁੰਡੇ ਜਾਂ ਕੁੜੀ ਨੂੰ ਕਹੇ ਤੈਨੂੰ ਲੈ ਜਾਣ। ਉਹ ਵੀ ਹੁਣ ਕੋਈ ਨਿਆਣੇ ਤਾਂ ਹੈ ਨਈਂ। ਮੈਨੂੰ ਪੱਕਾ ਉਨ੍ਹਾਂ ਸਾਰਿਆਂ ਕੋਲ ਆਪਣੀਆਂ ਆਪਣੀਆਂ ਕਾਰਾਂ ਹੋਣੀਆਂ। ਘਰ ’ਚ ਇਕ ਕਾਰ ਤਾਂ ਹੋਏਗੀ ਹੀ।”

“ਉਹ ਸਾਰੇ ਬਿਜੀ ਆ। ਬੱਚੇ ਪੜ੍ਹਦੇ ਆ। ਹਸਬੈਂਡ ਦੂਜੇ ਸ਼ਹਿਰ ’ਚ ਫੁਲ ਟਾਈਮ ਜੌਬ ਕਰਦਾ।”

“ਸੀਲੂ, ਹਸਬੈਂਡ ਸੱਤੇ ਦਿਨ ਤਾਂ ਨੌਕਰੀ ਨਹੀਂ ਕਰਦਾ ਹੋਣਾ। ਮੁੰਡਾ ਕੁੜੀ ਸੱਤੇ ਦਿਨ ਤਾਂ ਕਲਾਸਾਂ ਨਹੀਂ ਲਾਉਂਦੇ ਹੋਣੇ। ਜੇ ਉਨ੍ਹਾਂ ਨੂੰ ਤੇਰੀ ਏਨੀ ਹੀ ਪ੍ਰਵਾਹ ਹੋਵੇ ਤਾਂ ਕੋਈ ਜਣਾ ਤੈਨੂੰ ਆ ਕੇ ਲੈ ਜਾਵੇ ਤੇ ਤੈਨੂੰ ਕੁੱਝ ਦਿਨ ਆਪਣੇ ਕੋਲ ਰੱਖਣ। ਜੇ ਉਹ ਤੈਨੂੰ ਕਦੇ ਲੈਣ ਵੀ ਨਹੀਂ ਆ ਸਕਦੇ। ਏਥੋਂ ਤੱਕ ਕਿ ਲੋਕਲ ਬੱਸ ਸਟੌਪ ਤੋਂ ਤੈਨੂੰ ਚੁੱਕ ਵੀ ਨਹੀਂ ਸਕਦੇ ਤੇ ਦੋ ਦਿਨ ਕਦੇ ਆਪਣੇ ਕੋਲ ਰੱਖ ਵੀ ਨਹੀਂ ਸਕਦੇ ਤਾਂ ਤੇਰੇ ਦੋਸਤ ਉਹ ਕੀ ਸਵਾਹ ਦੇ ਹੋਏ! ਹੁਣ ਤੂੰ ਮੇਰੇ ਕੋਲ ਉਨ੍ਹਾਂ ਦੀਆਂ ਫ਼ਜ਼ੂਲ ਤਾਰੀਫ਼ਾਂ ਕਰ ਕਰ ਕੇ ਮੈਨੂੰ ਹੋਰ ਚਾਰਾ ਪਾਉਣ ਦੀ ਕੋਸ਼ਿਸ਼ ਨਾ ਕਰ ਉਸ ਦਿਨ ਗੁੱਸੇ ਵਿਚ ਜੋ ਵੀ ਮੇਰੇ ਮਨ ਵਿਚ ਆਇਆ, ਉਹ ਮੈਂ ਸੀਲੂ

ਨੂੰ ਆਖ ਦਿੱਤਾ ਸੀ।

"ਮੈਨੂੰ ਪਤਾ। ਮੈਨੂੰ ਸਭ ਪਤਾ।" ਆਖ ਕੇ ਉਹ ਚੁੱਪ ਹੋ ਗਈ ਸੀ। ਤੇ ਉਸ ਦਿਨ ਨਿੱਕੀ ਆਹ ਤੇ ਨਿੱਕੀ ਔਹ ਤੇ ਉਹਨੂੰ ਮਿਲਣ ਦਾ ਭੋਗ ਵੀ ਪੈ ਗਿਆ ਸੀ।

ਸੀਲੂ ਤੇ ਮੇਰੀ ਜਾਣ ਪਛਾਣ ਹੋਈ ਨੂੰ ਕੋਈ ਦੋ ਸਾਲ ਤੋਂ ਉੱਪਰ ਹੋ ਗਏ ਸਨ। ਮੈਂ ਕਾਲੇਜ ਵਿਚ ਫੁੱਲ ਟਾਈਮ ਕਲਾਸਾਂ ਲੈਣ ਲੱਗ ਪਈ ਸਾਂ। ਹੁਣ ਕਦੇ ਮੈਂ ਉਹਨੂੰ ਡਾਕਟਰ ਕੋਲ ਰੈਸਟੋਰੈਂਟ ਤੇ ਬਿੱਲ ਵਗੈਰਾ ਦੇਣ ਲੈ ਜਾਂਦੀ ਸਾਂ ਤੇ ਕਲਾਸਾਂ ਹੋਣ ਕਰਕੇ ਜਾਂ ਪੇਪਰਾਂ 'ਚ ਬਿਜੀ ਹੋਣ ਕਰਕੇ ਇਹ ਨਹੀਂ ਸਾਂ ਕਰ ਸਕਦੀ। ਏਸ ਸਮੇਂ 'ਚ ਕਿਸੇ ਜਾਣੂੰਆਂ ਨਾਲ ਉਹਨੇ ਚਰਚ ਜਾਣਾ ਸ਼ੁਰੂ ਕਰ ਦਿੱਤਾ ਸੀ। ਮੈਨੂੰ ਇਕ ਵਾਰੀ ਉਹਨੇ ਦੱਸਿਆ ਕਿ ਚਰਚ ਦੇ ਕੁੱਝ ਮੈਂਬਰ ਉਹਦੇ ਬਾਹਰਲੇ ਕੰਮਾਂ 'ਚ ਉਹਦੀ ਮਦਦ ਕਰ ਦਿੰਦੇ ਸਨ।

"ਮੈਂ ਕੋਈ ਕ੍ਰਿਸ਼ਚੀਅਨ ਥੋੜੇ ਬਣ ਗਈ ਹਾਂ।" ਉਹ ਦੱਸ ਰਹੀ ਸੀ, "ਉੱਥੇ ਤਾਂ ਮੈਂ ਆਪਣੀ ਲੋੜ ਨੂੰ ਜਾਂਦੀ ਹਾਂ।'

ਹਾ! ਹਾ! ਹਾ! ਮੈਨੂੰ ਸੁਣ ਕੇ ਹਾਸਾ ਆ ਗਿਆ ਸੀ। ਕਿਉਂਕਿ ਇਹ ਅੰਦਾਜ਼ਾ ਤਾਂ ਮੈਂ ਉਹਦੇ ਦੱਸਣ ਤੋਂ ਪਹਿਲਾਂ ਹੀ ਲਾ ਲਿਆ ਸੀ। ਖ਼ੈਰ ਮਰਦਾ ਕੀ ਨਾ ਕਰਦਾ, ਮੈਂ ਸੋਚਿਆ ਲੋੜਵੰਦ ਇਨਸਾਨ ਕਿਵੇਂ ਔਕੀਂ ਪਲਾਹੀਂ ਹੱਥ ਮਾਰਦਾ ਹੈ।

ਫੇਰ ਇਕ ਵਾਰੀ ਉਹਨੇ ਮੈਨੂੰ ਦੱਸਿਆ ਕਿ ਉਹਨੇ ਆਪਣੀ ਅਪ੍ਰਾਟਮੈਂਟ ਛੱਡ ਦਿੱਤੀ ਸੀ ਕਿਉਂਕਿ ਉਹਦੇ ਕੋਲੋਂ ਮਹੀਨੇ ਦਾ ਚੌਦਾਂ ਸੌ ਡਾਲਰ ਕਿਰਾਇਆ ਨਹੀਂ ਸੀ ਦਿੱਤਾ ਜਾਂਦਾ। ਸਾਲਵੇਸ਼ਨ ਆਰਮੀ ਤੇ ਕੁੱਝ ਹੋਰ ਲੋਕਲ ਦਾਨ ਸੰਸਥਾਵਾਂ ਵੱਲੋਂ ਸ਼ਹਿਰ ਦੇ ਹੋਰ ਗਰੀਬਾਂ ਵਾਂਗ ਉਹਨੂੰ ਵੀ ਹਰ ਹਫ਼ਤੇ ਗੁਜਾਰੇ ਜੋਗੀ ਮੁਫ਼ਤ ਗਰੋਸਰੀ ਮਿਲ ਜਾਂਦੀ ਸੀ। ਪਰ ਫੇਰ ਵੀ। ਹੋਰ ਖਰਚ ਸਨ ਜਿਹੜੇ ਪੂਰੇ ਨਹੀਂ ਸੀ ਹੁੰਦੇ। ਉਹਨੇ ਆਪਣੀਆਂ ਪਿਆਰੀਆਂ ਚਿੜੀਆਂ ਵੀ ਲੋਕਾਂ ਨੂੰ ਦੇ ਦਿੱਤੀਆਂ ਸਨ, ਤੇ ਕਿਸੇ ਦੇ ਘਰ ਵਿਚ ਇਕ ਕਮਰਾ ਚਾਰ ਸੌ ਡਾਲਰ ਮਹੀਨਾ ਕਿਰਾਇਆ ਦੇ ਕੇ ਲੈ ਲਿਆ ਸੀ। ਪਰ ਛੇਤੀ ਹੀ ਉਹ ਪਰਿਵਾਰ ਦੀਆਂ ਸ਼ਿਕਾਇਤਾਂ ਕਰਨ ਲੱਗ ਪਈ ਸੀ।

"ਉਹ ਆਪਣਾ ਖਾਣਾ ਬਣਾ ਕੇ ਆਪਣੇ ਦੋਵੇਂ ਛੋਟੇ ਨਿਆਣਿਆ ਨਾਲ ਖਾ ਲੈਂਦੇ ਆ। ਨਾ ਆਦਮੀ ਤੇ ਨਾ ਔਰਤ, ਮੈਨੂੰ ਤਾਂ ਕਦੇ ਨਾਲ ਖਾਣ ਨੂੰ ਕਹਿੰਦੇ ਹੀ ਨਹੀਂ।"

"ਤੈਨੂੰ ਉਹ ਨਾਲ ਖਾਣ ਨੂੰ ਕਿਉਂ ਕਹਿਣ?" ਮੈਂ ਕੁੱਝ ਖਿਝ ਕੇ ਪੁੱਛਿਆ, "ਕਮਰਾ ਕਿਰਾਏ ਤੇ ਦੇਣ ਲੱਗਿਆ ਕੀ ਉਨ੍ਹਾਂ ਨੇ ਤੇਰੇ ਨਾਲ ਕੋਈ ਐਹੋ ਜਿਹਾ ਸਮਝੌਤਾ ਕੀਤਾ ਸੀ।"

"ਫੇਰ ਵੀ ਇਨਸਾਨੀਅਤ ਨਾਂਅ ਦੀ ਕੋਈ ਚੀਜ਼ ਹੁੰਦੀ ਹੈ।" ਉਹਨੇ ਆਪਣੀ ਇੰਡੀਅਨ ਦਲੀਲ ਵਰਤੀ।

"ਅਮਰੀਕਨ ਇੰਜ ਨਹੀਂ ਸੋਚਦੇ।" ਮੈਂ ਕਿਹਾ। "ਉਨ੍ਹਾਂ ਲਈ ਐਹੋ ਜਿਹੀ ਲੋਲੋ ਪੋ ਪੋ ਇਨਸਾਨੀਅਤ ਵਿਚ ਨਹੀਂ ਆਉਂਦੀ। ਉਹ ਆਪਣਾ ਖਾਣਾ ਬਣਾ ਕੇ ਖਾਂਦੇ ਆ। ਤੂੰ ਆਪਣਾ ਖਾਣਾ ਬਣਾ ਕੇ ਖਾਹ। ਗੱਲ ਖਤਮ।"

"ਮੈਂ ਆਪਣਾ ਖਾਣਾ ਆਪ ਹੀ ਤਾਂ ਬਣਾ ਕੇ ਖਾਨੀ ਆ।" ਉਹਨੇ ਨਾ ਖੁਸ਼ ਆਵਾਜ਼ 'ਚ ਕਿਹਾ।

"ਪਰ ਤੂੰ ਇਹ ਝਾਕ ਕਿਉਂ ਰੱਖਦੀ ਹੈਂ ਕਿ ਖਾਣੇ ਸਮੇਂ ਉਹ ਤੈਨੂੰ ਸ਼ਾਮਿਲ ਹੋਣ ਲਈ ਆਖਣ? ਦੂਜੇ ਕਲਚਰ ਨੂੰ ਸਮਝਣ ਦੀ ਕੋਸ਼ਿਸ਼ ਕਰੋ ਤੇ ਉਹਦੇ ਮੁਤਾਬਿਕ ਉਨ੍ਹਾਂ ਨਾਲ ਕੰਮ ਕਰਨਾ ਸਿੱਖੋ ਨਾ ਕਿ ਆਪਣੇ ਤਰੀਕਿਆਂ ਨਾਲ ਕੰਮ ਕਰਦੇ ਜਾਂ ਦੂਜਿਆਂ ਤੇ ਇਹ ਇੰਪੋਜ਼ ਕਰਕੇ ਸੜਦੇ ਭੁੱਜਦੇ ਫਿਰੋ। ਤੈਨੂੰ ਥਾਂ ਪਸੰਦ ਹੈ, ਕਿਰਾਇਆ ਵਾਜਿਬ ਹੈ ਤੇ ਮੇਰਾ ਦਿਲ ਕਹਿੰਦਾ ਲੋਕ ਵੀ ਚੰਗੇ ਹੀ ਹੋਣਗੇ, ਇਹ ਬਹੁਤ ਹੈ। ਜੁਆਨ ਜੋੜਾ ਹੈ, ਆਪਣੇ ਕੰਮ ਤੇ ਬੱਚੇ ਪਾਲਣ 'ਚ ਰੁੱਝਿਆ ਹੋਇਆ ਹੈ। ਉਨ੍ਹਾਂ ਤੋਂ ਉਮੀਦ ਨਾ ਕਰ ਕਿ ਕਦੇ ਤੇਰੇ ਨਾਲ



ਖਾਣੇ ਖਾਂਦੇ ਤੇ ਕਦੇ ਸੋਫੇ ਤੇ ਬੈਠ ਗੱਲਾਂ ਮਾਰਦੇ ਤੈਨੂੰ ਇੰਟਰਨੇਟ ਕਰਨਗੇ।"

ਮੈਨੂੰ ਪਤਾ ਸੀ ਮੈਂ ਉਹਨੂੰ ਕੌੜੀਆਂ ਗੱਲਾਂ ਸੁਣਾ ਰਹੀ ਸਾਂ ਪਰ ਮੈਂ ਚਾਹੁੰਦੀ ਸਾਂ ਕਿ ਉਹ ਇੰਡੀਆ ਦੀਆਂ ਗੱਲਾਂ, ਸੋਚਾਂ ਤੇ ਉਮੀਦਾਂ ਨੂੰ ਪਰ੍ਹਾਂ ਛੱਡ ਜਿੱਥੇ ਰਹਿੰਦੀ ਸੀ ਉਹਨੂੰ ਸਮਝੇ ਤੇ ਸਮਝਾਉਤਾ ਕਰਨਾ ਸਿੱਖੇ ਤਾਂ ਕਿ ਉਹਦੀ ਜ਼ਿੰਦਗੀ ਕੁੱਝ ਸੌਖੀ ਹੋ ਸਕੇ। ਜਵਾਬ 'ਚ ਉਹਨੇ ਅੱਗਿਓਂ ਹੁਣ ਹੋਰ ਕੁੱਝ ਨਹੀਂ ਸੀ ਕਿਹਾ, ਪਰ ਤਿੰਨ ਕੁ ਮਹੀਨੇ ਉੱਥੇ ਔਖੀ ਸੌਖੀ ਕੱਟ ਕੇ ਕਿਤੇ ਹੋਰ ਥਾਂ ਕਮਰਾ ਲੈ ਲਿਆ ਸੀ। ਫੇਰ ਉਥੇ ਵੀ ਉਹ ਔਖੀ ਸੀ ਤੇ ਦੋ ਕੁ ਮਹੀਨਿਆਂ ਪਿੱਛੋਂ ਕਿਤੇ ਹੋਰ ਸਿਫ਼ਟ ਕਰ ਲਿਆ ਸੀ। "ਹੁਣ ਉਸ ਸਮਰੇ ਤੋਂ ਵੀ ਤੈਨੂੰ ਕੀ ਤਕਲੀਫ਼ ਹੋ ਗਈ ਸੀ।" ਮੈਨੂੰ ਫੋਨ 'ਤੇ ਪੁੱਛਿਆ, "ਉਹ ਦੂਰ ਬਹੁਤ ਸੀ ਕੋਟਰੀ ਸਾਈਡ 'ਤੇ ਉਹ ਲੋਕ ਮੈਨੂੰ ਕਦੇ ਕਦੇ ਹੀ ਰਾਈਡ ਦਿੰਦੇ ਸੀ। ਚਰਚ ਵਾਲੇ ਵੀ ਮੇਰੀ ਮਦਦ ਨਈਂ ਸੀ ਕਰਦੇ। ਕਹਿੰਦੇ, ਸਾਨੂੰ ਦੂਰ ਪੈਂਦਾ।"

"ਉੱਥੇ ਸਿਫ਼ਟ ਕਰਨ ਤੋਂ ਪਹਿਲਾਂ ਤੈਨੂੰ ਇਹ ਸਭ ਸੋਚਣਾ ਚਾਹੀਦਾ ਸੀ, "ਮੈਂ ਸੋਚਿਆ ਉਨ੍ਹਾਂ ਲੋਕਾਂ ਕੋਲ ਕਾਰ ਹੈ।"

"ਉਨ੍ਹਾਂ ਕੋਲ ਚਾਹੇ ਇੱਕ ਦੀ ਥਾਂ ਦਸ ਕਾਰਾਂ ਹੋਣ। ਤੇਰਾ ਉਹਦੇ ਨਾਲ ਕੀ ਭਾਅ? ਕੀ ਉੱਥੇ ਜਾਣ ਤੋਂ ਪਹਿਲਾਂ ਤੂੰ ਉਨ੍ਹਾਂ ਨੂੰ ਕਿਹਾ ਸੀ ਕਿ ਤੇਰੇ ਕੋਲੋਂ ਹੁਣ ਡਰਾਈਵ ਨਹੀਂ ਹੁੰਦੀ ਤੇ ਤੈਨੂੰ ਅਕਸਰ ਉਨ੍ਹਾਂ ਦੀ ਹੈਲਪ ਦੀ ਲੋੜ ਪਏਗੀ? ਅੱਗੋਂ ਉਹਦਾ ਹੂੰ ਹਾਂ ਤੇ ਗੋਲ ਮੋਲ ਜਵਾਬ ਮਿਲਿਆ ਸੀ।

ਮੈਂ ਹੁਣ ਤਕ ਸੀਲੂ ਦੀ ਏਸ ਆਦਤ ਤੋਂ ਚੰਗੀ ਤਰ੍ਹਾਂ ਨਾਲ ਜਾਣੂੰ ਹੋ ਗਈ ਸਾਂ ਕਿ ਕਿਸੇ ਤੋਂ ਸਿੱਧੀ ਮਦੱਦ ਮੰਗਣ ਦੀ ਥਾਂ ਉਹ ਤਰੀਕੇ ਨਾਲ ਅਗਲੇ ਨੂੰ ਵਰਤਣ ਦੀ ਕੋਸ਼ਿਸ਼ ਕਰਦੀ ਸੀ ਜਾਂ ਪੂਰੀ ਗੱਲ ਇਮਾਨਦਾਰੀ ਨਾਲ ਸਪੱਸ਼ਟ ਨਹੀਂ ਸੀ ਕਰਦੀ। ਜਿਵੇਂ ਮੈਨੂੰ ਘਰੋਂ ਇੱਕ ਕੇਸ ਕਰਨ ਲਈ ਲਿਜਾ ਕੇ ਫੇਰ ਉੱਥੇ ਜਾ ਕੇ ਪੰਜ ਹੋਰ ਦੱਸ ਦਿੰਦੀ ਸੀ। ਦੋ ਚਾਰ ਵਾਰ ਬੇਵਕੂਫ਼ ਬਣ ਕੇ ਅਗਲੇ ਇਹ ਜਾਣ-ਸਮਝ ਕੇ ਉਹਦੇ ਨਾਲ ਹਮਦਰਦੀ ਕਰਨ ਦੇ ਬਾਵਜੂਦ ਉਹਦੇ ਤੋਂ ਖਿਝਣ ਲੱਗ ਜਾਂਦੇ ਸਨ। ਇਕ ਦਿਨ ਆਖਣ ਲੱਗੀ, "ਆਹ ਚਰਚ ਵਾਲੇ ਵੀ ਸਰਵਿਸ ਤੋਂ ਪਿੱਛੋਂ ਬਹੁਤ ਵਾਰ ਮੈਨੂੰ ਰਾਹ 'ਚ ਵਾਪਿਸੀ ਤੇ ਗਰੋਸਰੀ ਸਟੋਰ ਵਗੈਰਾ ਨਹੀਂ ਲੈ ਕੇ ਜਾਂਦੇ।"

"ਕਿਉਂਕਿ ਚਰਚ ਸਰਵਿਸ ਤੋਂ ਪਿੱਛੋਂ ਅਗਲਿਆਂ ਨੇ ਘਰ ਜਾ ਕੇ ਜਾਂ ਕਿਸੇ ਰੈਸਟੋਰੈਂਟ 'ਚ ਖਾਣਾ ਖਾਣਾ ਹੁੰਦੈ। ਲੰਚ ਵੇਲੇ ਭੁੱਖੇ ਭਾਣੇ ਉਹ ਤੈਨੂੰ ਗਰੋਸਰੀ ਸਟੋਰਾਂ 'ਚ ਕਿੱਥੇ ਲਈ ਫਿਰਨ। ਏਨਾ ਥੋੜਾ ਉਹ ਤੈਨੂੰ ਚਰਚ ਲੈ ਜਾਂਦੇ ਆ ਤੇ ਫੇਰ ਘਰ ਛੱਡ ਜਾਂਦੇ ਆ।

"ਹੂੰ।"

"ਇਹਦੇ ਬਾਰੇ ਤੂੰ ਚਰਚ 'ਚ ਕੇਸ ਕਰਦੇ ਕੋ-ਓਰਡੀਨੇਟਰਾਂ ਨਾਲ ਗੱਲ ਕਰ ਕਿ ਤੈਨੂੰ ਚਰਚ ਤੋਂ ਘਰ ਵਾਪਿਸ ਜਾਂਦਿਆਂ ਰਾਹ 'ਚ ਕਿਸੇ ਗਰੋਸਰੀ ਸਟੋਰ 'ਚ ਰੁਕਣ ਦੀ ਲੋੜ ਹੁੰਦੀ ਹੈ। ਫੇਰ ਤੈਨੂੰ ਉਹੀ ਲੋਕ ਛੱਡਣ ਜਾਣਗੇ ਜਿਹੜੇ ਰਾਹ 'ਚ ਤੇਰੀ ਸ਼ਾਪਿੰਗ ਵੀ ਕਰਵਾ ਸਕਣ।"

ਪਰ ਨਹੀਂ, ਸੀਲੂ ਨੇ ਇਹ ਕਿੱਥੇ ਕਰਨਾ ਸੀ। ਇਹ ਕਰਕੇ ਚਰਚ ਵਾਲਿਆਂ ਨੂੰ ਸ਼ੱਕ ਥੋੜੇ ਕਰਾਉਣੀ ਸੀ ਕਿ ਉਹ ਕੋਈ ਕ੍ਰਿਸ਼ਚੀਅਨ ਕਰੁਸ਼ਚੀਅਨ ਨਹੀਂ ਸੀ ਬਣੀ ਹੋਈ ਕਿ ਉਹ ਤਾਂ ਸਿਰਫ਼ ਆਪਣੇ ਕੰਮ ਲਈ ਉੱਥੇ ਜਾਂਦੀ ਸੀ। ਪਤਾ ਨਹੀਂ ਸੀਲੂ ਦਾ ਕੀ ਬਣਨਾ ਹੈ, ਮੈਂ ਕਦੇ ਕਦੇ ਫਿਕਰ ਨਾਲ ਸੋਚਣਾ। ਬਸ ਪਤਾ ਨਹੀਂ ਜਿਨ੍ਹੀ ਵੀ ਉਮਰ ਬਾਕੀ ਹੈ ਉਹ ਇਹ ਕਿਵੇਂ ਕਟੂੰਗੀ?

ਇਹ ਜਿਹੜੀ ਨਵੀਂ ਥਾਂ ਉਹਨੇ ਕਮਰਾ ਲਿਆ ਸੀ ਇਹ ਕਿਸੇ ਵਿਧਵਾ ਔਰਤ ਦਾ ਮਕਾਨ ਸੀ ਜੀਹਦੇ ਪਤੀ ਦੀ ਮੌਤ ਹੋਈ ਨੂੰ ਦੋ ਕੁ ਸਾਲ ਹੀ ਹੋਏ ਸਨ। ਇਹ ਥਾਂ ਨਾਲ ਲੱਗਦੇ ਛੋਟੇ ਜਿਹੇ ਸ਼ਹਿਰ ਜਾਣਾ ਚਹੁੰਦੀ ਹੈ ਏਥੋਂ ਉਹ ਲੋਕਲ ਬੱਸ ਲੈ ਕੇ ਆਸਾਨੀ ਨਾਲ ਹੋਰ ਥਾਹੀਂ ਜਾ ਸਕਦੀ ਸੀ। ਇਹਦੇ ਇਲਾਵਾ

ਸੀਨੀਅਰ ਸਿਟੀਜ਼ਨਜ਼ ਤੇ ਹੈਂਡੀਕੈਪ ਨੂੰ ਰਾਈਡ ਦੇਣ ਵਾਲੀ ਬੱਸ ਉਹਨੂੰ ਘਰੋਂ ਆ ਕੇ ਲੈ ਜਾਂਦੀ ਤੇ ਛੱਡ ਜਾਂਦੀ ਸੀ, ਸੀਲੂ ਖੁਸ਼ ਜਾਪਦੀ ਸੀ। ਡਾਕਟਰ ਕੋਲ ਜਾਣ ਲਈ ਛੋਟੇ ਮੋਟੇ ਬਿੱਲ ਵਗੈਰਾ ਦੇਣ ਲਈ ਜਾਂ ਅਜਿਹੇ ਕਿਸੇ ਹੋਰ ਕੰਮ ਲਈ ਉਹਨੂੰ ਹਾਲੇ ਵੀ ਥੋੜ੍ਹੀ ਬਹੁਤ ਮਦਦ ਦੀ ਲੋੜ ਪੈ ਜਾਂਦੀ ਸੀ ਜਿਹੜੀ ਕਦੇ ਮੈਂ ਕਰ ਦਿੰਦੀ ਸਾਂ ਤੇ ਕਦੇ ਕੋਈ ਹੋਰ।

ਇਕ ਵਾਰੀ ਮੈਂ ਉਹਨੂੰ ਉਸ ਨਵੀਂ ਥਾਂ ਤੋਂ ਚੁੱਕਣ ਗਈ ਤਾਂ ਸੀਲੂ ਨੇ ਮੈਨੂੰ ਮਾਲਕ ਮਕਾਨ ਨਾਲ ਮਿਲਾਇਆ। ਕੋਈ ਗੋਰੀ ਔਰਤ ਸੀਲੂ ਦੀ ਉਮਰ ਕੁ ਦੀ, ਪਰ ਸਰੀਰ ਤੋਂ ਰਿਸ਼ਟ ਪੁਸ਼ਟ। ਅੰਗ੍ਰੇਜ਼ੀ ਉਚਾਰਣ ਤੋਂ ਪਤਾ ਲੱਗਿਆ ਕਿ ਕਿਸੇ ਈਸਟਰਨ ਯੂਰਪੀਅਨ ਦੇਸ਼ ਦੀ ਸੀ। ਟੁੱਟੀ ਫੁੱਟੀ ਜਿਹੀ ਅੰਗਰੇਜ਼ੀ 'ਚ ਉਹਨੇ ਮੇਰੇ ਨਾਲ ਦੋ ਚਾਰ ਕੁ ਗੱਲਾਂ ਕੀਤੀਆਂ, ਤੇ ਛੇਤੀਂ ਸੀਲੂ ਤੇ ਮੈਂ ਉੱਥੋਂ ਚੱਲ ਪਈਆਂ।

"ਗੱਲ ਬਾਤ ਤੋਂ ਤਾਂ ਕਾਫੀ ਚੰਗੀ ਲੱਗਦੀ ਆਂ ਇਹ ਔਰਤ।" ਮੈਂ ਕਾਰ ਡ੍ਰਾਈਵ ਕਰਦੀ ਨੇ ਰਾਹ 'ਚ ਕਿਹਾ।

"ਉਹ ਵੀ ਕੱਲੀ ਹੈ ਤੇ ਤੂੰ ਵੀ। ਚਲੋ ਤੁਹਾਨੂੰ ਦੋਹਾਂ ਨੂੰ ਇਕ ਦੂਜੀ ਦੀ ਰੌਣਕ ਹੋ ਗਈ।

"ਸਵਾਹ ਖੇਹ ਰੌਣਕਾਂ।" ਉਹ ਖਿਝ ਕੇ ਬੋਲੀ।

"ਸਵਾਹ ਖੇਹ ਕਿਉਂ।"

"ਹੋਰ ਕੀ ! ਸੜੀ ਜਿਹੀ ਗੱਲ ਤਾਂ ਕਰਦੀ ਨਹੀਂ ਕਦੇ ਚੱਜ ਨਾਲ। ਜੇ ਕਿਤੋਂ ਹੋ ਕੇ ਆਵੇ ਤੇ ਮੈਂ ਪੁੱਛ ਲਵਾਂ ਕਿ ਕਿੱਥੋਂ ਆਈ ਹੈ ਤਾਂ ਮੈਨੂੰ ਕਹਿੰਦੀ ਹੈ, ਤੂੰ ਕਿਉਂ ਪੁੱਛਦੀ ਹੈ? ਇਕ ਦਿਨ ਇਹ ਕਿਤੇ ਚੱਲੀ ਸੀ। ਮੈਂ ਪੁੱਛ ਲਿਆ, ਕਿੱਥੇ ਚੱਲੀ ਹੈਂ ? ਤਾਂ ਅੱਗੇ ਮੈਨੂੰ ਟੁੱਟ ਕੇ ਪਈ। ਕਹਿੰਦੀ, ਤੈਨੂੰ ਕੀ? ਮੈਂ ਜਿੱਥੇ ਮਰਜੀ ਜਾਵਾਂ। ਪਰਸੋਂ ਇਹ ਸਾਰਾ ਦਿਨ ਕਿਤੇ ਗਈ ਰਹੀ। ਸ਼ਾਮ ਨੂੰ ਮੁੜੀ ਤਾਂ ਮੈਂ ਕਿਹਾ, "ਤੂੰ ਘੱਟੋਘੱਟ ਮੈਨੂੰ ਦੱਸ ਤਾਂ ਜਾਂਦੀ ਕਿ ਤੂੰ ਕਦੋਂ ਮੁੜਨਾ ਸੀ।" ਕਹਿੰਦੀ, "ਤੂੰ ਆਪਣੇ ਕੰਮ ਨਾਲ ਮਤਲਬ ਰੱਖ।"

"ਹਾਂ, ਉਹ ਠੀਕ ਕਹਿੰਦੀ ਆ। ਤੂੰ ਕਿਉਂ ਉਹਨੂੰ ਪੁੱਛਦੀ ਹੈ ਕਿ ਉਹ ਕਿੱਥੋਂ ਆਈ ਤੇ ਕਿੱਥੇ ਗਈ?"

"ਪਰ ਮੈਨੂੰ ਫ਼ਿਕਰ ਹੋ ਜਾਂਦੈ। ਜਦੋਂ ਉਹ ਕਿੰਨ੍ਹਾਂ ਚਿਰ ਮੁੜਦੀ ਨਹੀਂ।'

'ਸੀਲੂ, ਤੂੰ ਐਹੋ ਜਿਹਾ ਕੁੱਝ ਪੁੱਛ ਪੁੱਛ ਕੇ ਉਹਦੇ ਨੱਕ 'ਚ ਦਮ ਕਰ ਦੇਣਾ, ਤੇ ਇੱਕ ਦਿਨ ਉਹਨੇ ਸਤ ਕੇ ਤੇਰਾ ਸਾਰਾ ਸਾਮਾਨ ਚੁੱਕ ਕੇ ਬਾਹਰ ਮਾਰਨੈ। ਤੈਨੂੰ ਆਪਣਾ ਦੇਸੀਪੁਣਾ ਬੰਦ ਕਰਨਾ ਦੀ ਲੋੜ ਹੈ। "

"ਚੰਗਾ ਨਹੀਂ ਪੁੱਛੂੰਗੀ ਮੈਂ ਉਹਨੂੰ ਕੁੱਝ ਵੀ। ਮੈਂ ਕੀ ਲੈਣਾ।"

"ਬਿਲਕੁਲ ਤੈਨੂੰ ਕੀ ! ਬੱਸ ਏਹੋ ਸੋਚੀਂ ਤੇ ਅੱਗੋਂ ਆਪਣੀ ਜ਼ੁਬਾਨ ਬੰਦ ਰੱਖੀਂ।"

"ਓ.ਕੇ.।"

ਏਸ ਗੱਲ ਨੂੰ ਕਈ ਮਹੀਨੇ ਹੋ ਗਏ ਸਨ। ਆਪਣੇ ਕੰਮਾਂ 'ਚ ਰੁਝੀ ਹੋਣ ਕਰਕੇ ਨਾ ਤਾਂ ਮੈਂ ਸੀਲੂ ਨੂੰ ਮਿਲ ਸਕੀ ਸਾਂ ਤੇ ਨਾ ਉਹਦੇ ਨਾਲ ਫੋਨ ਤੇ ਗੱਲ ਹੀ ਹੋਈ ਸੀ। ਕਦੇ ਕਦੇ ਮੈਂ ਸੀਲੂ ਬਾਰੇ ਸੋਚ ਲੈਣਾ, ਤੇ ਫੇਰ ਨਾਲ ਇਹ ਵੀ ਸੋਚਣਾ ਕਿ ਉਹ ਠੀਕ ਠਾਕ ਹੀ ਹੋਏਗੀ। ਲੋੜ ਹੁੰਦੀ ਤਾਂ ਉਹਨੇ ਮੈਨੂੰ ਫੋਨ ਕਰ ਹੀ ਲੈਣਾ ਸੀ।

ਮੈਨੂੰ ਕਾਲੇਜ ਤੇ ਸਪਰਿੰਗ ਦੀਆਂ ਛੁੱਟੀਆਂ ਸਨ, ਤੇ ਇਕ ਸਵੇਰ ਮੇਰਾ ਜੀ ਕੀਤਾ ਕਿ ਕਿਉਂ ਨਾ ਸੀਲੂ ਨੂੰ ਫੋਨ ਕਰਕੇ ਹਾਲ ਚਾਲ ਪੁੱਛਾਂ ਤੇ ਜੇ ਉਹਦਾ ਮਨ ਹੋਇਆ ਤਾਂ ਉਹਨੂੰ ਕਿਧਰੇ ਘੁਮਾ ਫਿਰਾ ਲਿਆਵਾਂ। ਸੋ ਮੈਂ ਫੋਨ ਕੀਤਾ।

"ਐਲੋ, ਐਲੋ।"

"ਕੈਨ ਆਈ ਟਾਕ ਟੂ ਸੀਲੂ?"

"ਹੂ?"

"ਸੀਲੂ।"



"ਰੌਂਗ ਨੰਬਰ।" ਆਖ ਉੱਧਰੋਂ ਫੋਨ ਕੱਟ ਹੋ ਗਿਆ।

ਮੈਂ ਦੁਬਾਰਾ ਫੋਨ ਕੀਤਾ।

"ਐਲੋ।"

ਏਸ ਵਾਰੀ ਮੈਂ ਬਹੁਤ ਹੌਲੀ-ਹੌਲੀ ਬੋਲ ਕੇ ਕਿਹਾ, "ਤੁਹਾਡੇ ਜਿਹੜੀ ਸੀਲੂ ਨਾਂ ਦੀ ਇੰਡੀਅਨ ਔਰਤ ਰਹਿੰਦੀ ਹੈ, ਮੈਂ ਉਹਦੇ ਨਾਲ ਗੱਲ ਕਰਨੀ ਹੈ।"

"ਓ ਸੀਲੂ?"

"ਯੈਸ।"

"ਸੀਲੂ ਡਾ-ਇਡ।"

"ਵੱਟ!?"

"ਸ਼ੀ ਡਾ-ਈਡ।"

"ਸ਼ੀ ਡਾ-ਈਡ!!"

"ਯੇਏਸ?"

"ਵੈੱਨ?"

ਅੱਗੋਂ ਟੁੱਟੀ ਫੁੱਟੀ ਅੰਗ੍ਰੇਜ਼ੀ 'ਚ ਜੋ ਉਸ ਔਰਤ ਨੇ ਕਿਹਾ, ਮੈਨੂੰ ਉਹਦੀ ਕੋਈ ਬਹੁਤੀ ਸਮਝ ਨਹੀਂ ਆਈ।

ਫੋਨ ਰੱਖ ਸਾਮਣੀ ਕੰਧ ਨੂੰ ਘੂਰਦੀ ਡੁੱਬੇ ਮਨ ਨਾਲ ਮੈਂ ਕੁਝ ਦੇਰ ਸੀਲੂ ਬਾਰੇ ਸੋਚਦੀ ਰਹੀ,

"ਸੱਚੀਂ ਚਲੀ ਗਈ ਸੀ ਸੀਲੂ ਹਮੇਸ਼ਾਂ ਲਈ ? ਪਤਾ ਨਹੀਂ ਕਿਨਾ ਚਿਰ ਹੋ ਗਿਆ ਉਹਨੂੰ ਗਈ ਨੂੰ ? ਮੈਂ ਵੀ ਤਾਂ ਕਈ ਮਹੀਨੇ ਉਹਨੂੰ ਫੋਨ ਨਹੀਂ ਕੀਤਾ। ਪਤਾ ਨਹੀਂ ਕਿਵੇਂ ਉਹਦਾ ਦਾਹ-ਸੰਸਕਾਰ ਕੀਤਾ ਹੋਊ ਤੇ ਕੀਹਨੇ ? ਪਾਰਸੀ ਰਸਮਾਂ ਨਾਲ ਤਾਂ ਏਥੇ ਇਹ ਹੋ ਨਹੀਂ ਸਕਦਾ ਕਿ ਗਿਰਝਾਂ ਦੇ ਖਾਣ ਨੂੰ ਖੂਹ ਵਿੱਚ ਸੁੱਟ ਦੇਣਾ। ਫੇਰ ? ਮੈਂ ਤਾਂ ਸੀਲੂ ਨੂੰ ਕਦੇ ਇਹਦੇ ਬਾਰੇ ਪੁੱਛਿਆ ਹੀ ਨਹੀਂ ਸੀ। ਮੈਨੂੰ ਪਛਤਾਵਾ ਹੋਇਆ ਕਿ ਕਾਸ਼ ਮੈਂ ਸੀਲੂ ਨੂੰ ਇਹਦੇ ਬਾਰੇ ਪੁੱਛਿਆ ਹੁੰਦਾ।

ਕਿਵੇਂ ਮਰ ਗਈ ਇਕ ਯਤੀਮ ਵਾਂਗ, ਲਾ-ਵਾਰਿਸ, ਬੇ-ਵਤਨ। ਸੀਲੂ ਸੋਚਦੀ ਦੇ ਮੇਰੀਆਂ ਅੱਖਾਂ 'ਚ ਹੰਝੂ ਛਲਕ ਆਏ ਸਨ।

ਪਰ, ਚਲੋ ਚੰਗਾ ਹੀ ਹੋਇਆ ਕਿ ਚਲੀ ਗਈ। ਹੋਰ ਜੀਊਂਦੀ ਰਹਿੰਦੀ ਤਾਂ ਹੋਰ ਰੁਲਣਾ ਹੀ ਸੀ। ਰੁਲ ਹੀ ਤਾਂ ਰਹੀ ਸੀ। ਉਹ ਥਾਂ ਥਾਂ। ਵਿਚਾਰੀ ਅਮਰੀਕਨਾ ਤੋਂ ਯੂਰਪੀਅਨਾਂ ਨਾਲ ਪਹਿਲਾਂ ਕਦੇ ਰਹੀ ਨਹੀਂ ਸੀ। ਤੇ ਉਹਨੂੰ ਇਨ੍ਹਾਂ ਲੋਕਾਂ ਦੀ ਸਮਝ ਨਹੀਂ ਸੀ ਆ ਰਹੀ। ਜਿੰਨ੍ਹੀ ਉਹ ਚੰਗੀ ਬਣਦੀ ਉਨ੍ਹਾਂ ਦੇ ਨੇੜੇ ਹੋਣ ਦੀ ਕੋਸ਼ਿਸ਼ ਕਰਦੀ ਸੀ ਉਨ੍ਹਾਂ ਹੀ ਉਹ ਇਹਨੂੰ 'ਨੌਜ਼ੀ' ਸਮਝ ਇਹਦੇ ਤੋਂ ਖਿਝਦੇ ਸਨ।

ਓ ਸੀਲੂ !!" ਤੇਰੇ ਇਹ ਦੁਨੀਆਂ ਛੱਡਣ ਪਹਿਲਾਂ ਤੇ ਤੂੰ ਮੇਰੀਆਂ ਕੋਰੀਆਂ ਗੱਲਾਂ ਤੇ ਸਖਤੀ ਨਾਲ ਦਿੱਤੀਆਂ ਨਸੀਹਤਾਂ ਕਿ ਯੂਰਪੀਅਨ ਤੇ ਅਮਰੀਕਨਾਂ ਦੀ ਜ਼ਿੰਦਗੀ 'ਚ ਦਖਲ ਅੰਦਾਜ਼ੀ ਨਹੀਂ ਦੇਣੀ ਚਾਹੀਦੀ ਨੂੰ ਏਨਾ ਲੜ ਬੰਨ੍ਹ ਲਿਆ ਕਿ ਮੈਨੂੰ ਹੀ ਫੋਨ ਕਰਨੋ ਹਟ ਗਈ। ਮੈਨੂੰ ਵੀ ਫੋਨ ਕਰਕੇ ਨਾ ਪੁੱਛਿਆ ਕਿ ਮੈਂ ਕੀ ਕਰ ਰਹੀ ਸਾਂ, ਜਾਂ ਕਿ ਤੂੰ ਜਾ ਰਹੀ ਸੈਂ... ਸੀਲੂ। ਅਲਵਿਦਾ, ਸੀਲੂ।

ਮੈਂ ਕਈ ਦਿਨ ਸੀਲੂ ਨੂੰ ਯਾਦ ਕਰਦੀ ਉਹਦੀਆਂ ਮੁਸ਼ਕਿਲਾਂ ਦਾ ਸੋਚਦੀ ਜ਼ਿੰਦਗੀ ਦਾ ਸੋਚਦੀ ਉਦਾਸ ਹੁੰਦੀ ਰਹੀ ਸਾਂ। ਫੇਰ ਹੌਲੀ-ਹੌਲੀ, ਉਹਦੀ ਯਾਦ ਮੇਰੀ ਸੋਚ 'ਚ ਵਿਸਰਨ ਲੱਗੀ ਸੀ, ਤੇ ਹੋਰ ਬਹੁਤ ਸਾਰੀਆਂ ਭੁੱਲੀਆਂ ਵਿੱਸਰੀਆਂ ਯਾਦਾਂ 'ਚ ਜਾ ਰਲੀ ਸੀ।

Add.Shashi Pal Samundra, P.O. Box.27, Santa Rosa, CA. 95402 U.S.A.

## ਕਹਾਣੀ/ ਕਾਲੀ ਸਲਵਾਰ/ -ਪ੍ਰੀਤ ਨੀਤਪੁਰ

ਫਰਵਰੀ ਦਾ ਪਹਿਲਾ ਪੱਖ। ਅੱਧ ਚਾਨਣੀ ਠੰਢੀ ਰਾਤ।

... ਤੇ ਮੈਂ ਸਿੱਧੀ ਸਤੋਰ ਪਈ ਹਾਂ, ਜਾਗਦੀ। ਤੇ ਤੂੰ ਮੇਰੀ ਸੱਜੀ ਬਾਂਹ 'ਤੇ ਸਿਰ ਧਰੀ ਸੁੱਤਾ ਪਿਐ, ਘੂਕ। ਤੇ ਤੇਰਾ ਸੱਜਾ ਹੱਥ ਪੋਲੇ ਭਾਅ ਮੇਰੀ ਖੱਬੀ 'ਛਾਤੀ' 'ਤੇ ਟਿਕਿਆ ਹੋਇਐ। ਤੇ ਤੇਰੀ ਸੱਜੀ ਲੱਤ ਮੇਰੇ ਪੱਟਾਂ ਦੇ ਵਿਚਾਲੇ ....। ਤੇ ਤੇਰੇ ਸਾਹਾਂ ਦਾ ਸੰਗੀਤ ਮੇਰੇ ਕੰਨਾਂ 'ਚ ਰਸ ਘੋਲਦੈ। ਤੇ ਮੈਂ ਕਿਸੇ ਅਨੋਖੇ ਜਿਹੇ ਵਜਦ 'ਚ ਆ ਕੇ, ਤੇਰੇ ਚਿਹਰੇ ਨੂੰ ਨਿਹਾਰਦੀ ਹਾਂ। ਤੇ ਸੋਚਦੀ ਹਾਂ।... ਕਿ ਤੂੰ ਕਿੰਨਾਂ ਬੇਫ਼ਿਕਰ, ਸਹਿਜ ਤੇ ਸ਼ਾਂਤ ਸੁੱਤਾ ਪਿਐ, ਜਿਵੇਂ ਇਹ ਤੇਰਾ ਆਪਣਾ ਘਰ ਹੋਵੇ। ਮੈਂ ਤੇਰੀ ਆਪਣੀ 'ਰੰਨ' ਹੋਵਾਂ। ਤੂੰ ਕਿੰਨੀਂ ਮੇਰ ਕਰਦੈ, ਮੇਰੇ 'ਤੇ...। ਅੜਿਆ, ਹੱਦੋਂ ਵੱਧ ਮੇਰ, ਹੱਦੋਂ ਵੱਧ ਅਣਗਹਿਲੀ ਤੇ ਲਾਪ੍ਰਵਾਹੀ ਵਰਜ਼ਿਤ ਰਿਸ਼ਤੇ ਲਈ ਘਾਤਕ ਹੁੰਦੀ ਹੈ। ਸਹਿਬਾਂ ਦੇ ਪੱਟ ਦਾ ਸਰਾਣ੍ਹਾਂ ਬਣ ਕੇ, ਮਿਰਜ਼ਾ ਵੀ ਐਂ ਈ ਸੁੱਤਾ ਸੀ, ਤੇਰੇ ਆਂਗੂੰ ਘੂਕ...।

ਮਿਰਜੇ ਤੇ ਸਹਿਬਾਂ ਦੀ ਹੋਣੀ ਬਾਰੇ ਚਿਤਵਦਿਆਂ, ਮੈਂ ਸਬੂਤੀ ਦੀ ਸਬੂਤੀ ਕੰਬ ਜਾਂਦੀ ਹਾਂ।

ਇਸ ਤੋਂ ਪਹਿਲਾਂ ਕਿ ਮੈਂ ਕਹਿੰਦੀ, "ਅੜਿਆ! ਉਠ ਵਗ ਜਾ ਘਰ ਨੂੰ, ਦਿਨ ਚੜ੍ਹਨ ਆਲੈ।" ਮੈਂ ਅਤੀਤ 'ਚ ਗੁਵਾਚ ਜਾਂਦੀ ਹਾਂ।

***

ਮੈਂ ਜਦੋਂ ਮੁਕਲਾਵੇ ਆਈ ਸੀ। ਤੂੰ ਉਦੋਂ ਪੰਜਵੀਂ 'ਚ ਪੜ੍ਹਦਾ ਹੁੰਦਾ ਸੀ। ਤੂੰ ਸਕੂਲ ਦੀ ਵਰਦੀ, ਖਾਕੀ ਨਿੱਕਰ ਚਿੱਟੀ ਕਮੀਜ਼ ਪਾਈ ਤੇ ਜੂੜੇ 'ਤੇ ਰੁਮਾਲ ਬੰਨ੍ਹੀ ਸਾਡੇ ਘਰ ਮੂਹਰ ਦੀ ਲੰਘਦਾ ਹੁੰਦਾ ਸੀ। ਮੈਂ ਤੈਨੂੰ ਨੀਝ ਲਾ ਕੇ ਵੇਖਦੀ। ਗੋਰਾ ਰੰਗ। ਚਿੱਟੇ ਮੋਤੀਆਂ ਵਰਗੇ ਦੰਦ। ਮੋਟੀਆਂ ਭੂਰੀਆਂ ਅੱਖਾਂ, ਤਿੱਖੇ ਨੈਣ ਨਕਸ਼। ਚਿਹਰੇ 'ਤੇ ਲੋਹੜੇ ਦੀ ਮਾਸੂਮੀਅਤ। ਭੋਲਾਪਣ...। ਤੈਨੂੰ ਵੇਖ ਕੇ ਮੇਰੇ ਅੰਦਰ ਪਤਾ ਨਹੀਂ ਕਿਉਂ ਇਕ ਹਸਰਤ ਜਿਹੀ ਪੈਦਾ ਹੁੰਦੀ ਸੀ। ਕਿ ਤੂੰ ਮੇਰੇ ਢਿੱਡ 'ਚ ਪੈ-ਜੇ। ਕੁੱਖ 'ਚ ...। ਜਾਣੀ, ਮੇਰਾ ਪਹਿਲਾ ਬੱਚਾ ਤੇਰੇ ਵਰਗਾ ਹੋਵੇ। ਸੋਹਣਾ। ਸੁਨੱਖਾ ਤੇ ਮਾਸੂਮ...। ਸੱਚੀ, ਤੂੰ ਮੈਨੂੰ ਬਾਹਲਾ ਈ ਪਿਆਰਾ ਜਿਹਾ ਲੱਗਦਾ ਹੁੰਦਾ ਸੀ। ਅੰਤਾਂ ਦਾ ਮੋਹ ਆਉਂਦਾ ਹੁੰਦਾ ਸੀ ਮੈਨੂੰ ਤੇਰਾ...! ਤੈਨੂੰ ਵੇਖਦਿਆਂ ਹੀ ਮੇਰੇ ਅੰਦਰ ਮਮਤਾ ਉਛਾਲਾ ਖਾਂਦੀ। ਅੱਖਾਂ 'ਚ ਮੋਹ ਭਿੱਜੀ ਨਮੀ ਤੈਰਦੀ। ਛਾਤੀਆਂ 'ਚ ਝੁਣਝੁਣੀ ਜਿਹੀ ਹੋ ਕੇ, ਅਕੜਾ ਜਿਹਾ ਪੈਦਾ ਹੋ ਜਾਂਦਾ ਹੁੰਦਾ ਸੀ। ਅਜਿਹੀ ਅਵਸਥਾ 'ਚ ਮੈਂ ਆਪਾ ਨਾ ਰੋਕ ਸਕਦੀ। ਤੇ ਤੇਰੇ ਮੂਹਰੇ ਹੋ ਕੇ ਤੇਰਾ ਰਾਹ ਰੋਕ ਲੈਂਦੀ। ਤੈਨੂੰ ਮੋਢਿਆਂ ਤੋਂ ਫੜਕੇ ਕਹਿੰਦੀ।

"ਬਹੁਤ ਪਿਆਰੈ, ਸੋਹਣੈ।" ਮੈਂ ਤੇਰੀਆਂ ਗੱਲ੍ਹਾਂ ਨੂੰ ਸਹਿਲਾਉਂਦੀ , "ਕੀ ਨਾਂ ਤੇਰਾ?"

"ਗੁਰਵਿੰਦਰ।" ਤੂੰ ਨੀਵੀਂ ਚੋਂ ਕਹਿੰਦਾ।

ਫਿਰ ਮੈਂ ਤੇਰੇ ਮੰਮੀ-ਡੈਡੀ ਦਾ ਨਾਂ ਜਾਂ ਕੁੱਝ ਹੋਰ ਪੁੱਛਦੀ। ਤਾਂ ਤੂੰ ਬੜੇ ਠਰ੍ਹੰਮੇ ਧੀਰਜ ਤੇ ਸਲੀਕੇ ਨਾਲ ਦੱਸੀ ਤੁਰੀ ਜਾਂਦਾ ਸੀ। ਤੇਰੇ ਬੋਲਾਂ 'ਚੋਂ ਭੋਲਾਪਣ, ਮਾਸੂਮੀਅਤ ਤੇ ਮਿਠਾਸ ਡੁੱਲ੍ਹ ਡੁੱਲ੍ਹ ਪੈਂਦੀ।

"ਅੱਛਾ, ਤੇ ਮੈਂ ਤੇਰੀ ਕੀ ਲੱਗਦੀ ਆ?"

"ਭਾਬੀ।"

ਮੈਂ ਹੱਸ ਪਈ। ਚੰਗਾ ਹੋਇਆ ਤੂੰ ਮੈਨੂੰ ਚਾਚੀ-ਤਾਈ ਨਹੀਂ ਕਿਹਾ।

ਤੇਰੇ ਮੂੰਹੋਂ 'ਭਾਬੀ' ਸ਼ਬਦ ਐਨਾ ਫੱਬਿਐ, ਐਨਾ ਜਚਿਆ, ਕਿ ਮੈਂ ਤੇਰਾ ਮੱਥਾ ਚੁੰਮਦੀ-ਚੁੰਮਦੀ ਰਹਿਗੀ। ਕਾਸ਼! ਮੈਂ ਅਜਿਹਾ ਕਰ ਸਕਦੀ। ਮੇਰੇ ਅੰਦਰ ਹੌਲ ਜਿਹਾ ਪੈਂਦਾ। ਲੂਹਰੀ ਜਿਹੀ ਉੱਠਦੀ। ਮੋਹ, ਮਮਤਾ ਤੇ ਪਿਆਰ ਦਾ ਜ਼ਜਬਾ ਮੇਰੇ ਅੰਦਰ ਲਹਿਰ ਲਹਿਰ ਹੋ ਜਾਂਦੈ। ਛੱਲਾਂ...।



ਹਫ਼ਤੇ 'ਚ ਦੋ ਚਾਰ ਵਾਰ ਅਵੱਸ਼ ਮੈਂ ਤੈਨੂੰ ਰੋਕ ਕੇ, ਨਿੱਕੀਆਂ ਨਿੱਕੀਆਂ ਗੱਲਾਂ ਕਰਦੀ। ਲਾਡ-ਲਡਾਉਂਦੀ। ਪਿਆਰ ਕਰਦੀ। ਮੇਰੀ ਅਜਿਹੀ ਹਰਕਤ ਤੋਂ ਬੀਜੀ ਢਿੱਡੋਂ ਔਖੀ ਹੁੰਦੀ। ਖਿੱਝਦੀ। ਮੱਥੇ ਵੱਟ ਪਾਉਂਦੀ। ਨੱਕ ਚੜਾਉਂਦੀ। ਉਹ ਦਕੀਆਨੂਸੀ ਵਿਚਾਰਾ ਦੀ ਧਾਰਨੀ ਸੀ। ਰੂੜੀਵਾਦੀ। ਜਾਤ ਅਭਿਮਾਨੀ, ਛੂਆ-ਛਾਤ ਮੰਨਦੀ ਸੀ। ਵੈਸੇ, ਸੁੱਚਮ, ਸੰਜਮ ਤੇ ਸਹਿਜ ਉਹਦੀ ਸਖ਼ਸ਼ੀਅਤ ਦਾ ਖਾਸ ਪਹਿਲੂ ਸੀ।

ਮੈਂ ਬੀਜੀ ਦਾ ਮੂਡ ਵੇਖਕੇ ਬੋਲਦੀ, "ਬੀਜੀ, ਕੋਈ ਆਖੂ ਵੀ ਇਹ ਵਿਹੜੇ ਵਾਲਿਆਂ ਦਾ ਜੁਵਾਕ ਆ। ਵੇਖੋ, ਕਿੰਨਾਂ ਸੋਹਣਾ ਤੇ ਸਾਫ਼ ਸੁਥਰੈ...।"

"ਆਹੋ ਭਾਮੇਂ ਸੋਹਣੈ, ਪਰ ਹੈ ਤਾਂ ਉਹੀ, ਨਿੱਕੀ-ਸੁੱਕੀ ਜਾਤ।" ਬੀਜੀ ਨੇ ਜਿਵੇਂ ਚਿਤਾਵਨੀ ਵਜੋਂ ਕਿਹਾ, ਚੂਹੜੇ ਚਮਾਰਾਂ ਨੂੰ ਬਾਹਲਾ ਮੂੰਹ ਨ੍ਹੀਂ ਲਾਈਦੈ।" ਬੀਜੀ ਦੇ ਉਪਰੋਕਤ ਸ਼ਬਦਾਂ ਤੋਂ ਉਹਦੀ ਸੌੜੀ ਮਾਨਸਿਕਤਾ ਦਾ ਪ੍ਰਗਟਾਵਾ ਹੀ ਨਹੀਂ ਸੀ ਹੁੰਦਾ। ਸਗੋਂ ਉਹਦੀ ਬੇਅਕਲੀ ਦਾ ਸਬੂਤ ਵੀ ਮਿਲਦਾ ਸੀ। ਜਿਹੜੀ ਇਕ ਬੱਚੇ ਬਾਰੇ ਅਜਿਹੀ ਸੋਚ ਰੱਖਦੀ ਸੀ।

ਮੈਂ ਕਹਿਣਾ ਚਾਹੁੰਦੀ ਸੀ। ਬੀਜੀ ਬੱਚਿਆਂ ਦੀ ਕੋਈ ਜਾਤ ਨਹੀਂ ਹੁੰਦੀ। ਪਰ ਮੈਂ ਚੁੱਪ ਰਹੀ। ਊਂ ਚਿੱਤ 'ਚ ਬੁੜਬੁੜ ਕੀਤੀ। ਬੁੜੀ ਖਵਰੇ ਕਿਹੜੀ ਦੁਨੀਆਂ 'ਚ ਰਹਿੰਦੀ ਆ? ਨਾਖਸਮੀ!

ਫਿਰ ਤੂੰ ਪੰਜਵੀਂ ਪਾਸ ਕਰਕੇ ਹਾਈ ਸਕੂਲ 'ਚ ਦਾਖਲ ਹੋ ਗਿਆ ਸੀ। ਹਾਈ ਸਕੂਲ ਪਿੰਡੋਂ ਵਾਹਵਾ ਹਟਵਾਂ ਸੀ, ਬਾਹਰ-ਬਾਹਰ। ਇਹ ਸਕੂਲ ਥੋੜਾ ਚਿਰ ਪਹਿਲਾਂ ਹੀ ਮਿਡਲ ਤੋਂ ਹਾਈ ਬਣਿਆ ਸੀ। ਸਕੂਲ ਕੰਨੀਂ ਜਾਂ ਵਿਹੜੇ ਕੰਨੀਂ ਸਾਡੇ ਪਰਿਵਾਰ ਦੀਆਂ ਔਰਤਾਂ ਦਾ ਆਉਣ-ਜਾਣ ਨਹੀਂ ਸੀ।

ਤੇਰਾ ਮਾਸੂਮ ਚਿਹਰਾ ਮੇਰੀਆਂ ਅੱਖਾਂ ਤੋਂ ਉਹਲੇ ਹੋ ਗਿਆ। ਫਿਰ ਸਮਾਂ ਪਾ ਕੇ ਤੂੰ ਮੇਰੇ ਚੇਤਿਆਂ 'ਚ ਵਿਸਰ ਗਿਆ ਸੀ।

ਮੇਰਾ ਸਹੁਰਾ ਪਰਿਵਾਰ ਪਿੰਡ 'ਚ ਲੰਬੜਦਾਰ ਕਰਕੇ ਜਾਣਿਆ ਜਾਂਦਾ ਸੀ। ਇਹ ਕੋਈ ਅੱਲ ਨਹੀਂ ਸੀ। ਸਗੋਂ ਸਚਾਈ ਇਹ ਸੀ ਕਿ ਮੁੱਢ ਕਦੀਮੋਂ ਹੀ ਲੰਬੜਦਾਰੀ ਪੀੜ੍ਹੀ ਦਰ ਪੀੜ੍ਹੀ ਇਸੇ ਪਰਿਵਾਰ ਕੋਲ ਰਹੀ ਸੀ। ਇਕ-ਦੋ ਟਰਮਾਂ ਇਸ ਪਰਿਵਾਰ ਨੂੰ ਸਰਪੰਚੀ ਕਰਨ ਦਾ ਮਾਣ ਵੀ ਹਾਸਿਲ ਸੀ। ਨਿਰਸ਼ੰਦੇਹ, ਇਸ ਪਰਿਵਾਰ ਦੀ ਪਿੰਡ 'ਚ ਵਾਹਵਾ ਮਾਨ ਇੱਜ਼ਤ ਸੀ। ਚੰਗੀ ਭਲ਼ ਬਣੀ ਹੋਈ ਸੀ। ਸਰਕਾਰੇ ਦਰਬਾਰੇ ਪਹੁੰਚ ਸੀ। ਚੰਗੀ ਜ਼ਮੀਨ ਸੀ। ਕੁੱਝ ਮਾਰੂ। ਕੁੱਝ ਨਹਿਰੀ। ਸਾਂਝਾ ਪਰਿਵਾਰ ਸੀ। ਸਾਂਝੀ ਖੇਤੀ ਸੀ। ਸਾਂਝਾ ਚੁੱਲ੍ਹਾ ਸੀ।

ਇਸ ਘਰ ਦੀ ਮੈਂ ਚੌਥੀ ਨੌਂਹ ਸੀ। ਸਭ ਤੋਂ ਛੋਟੀ ਜਾਣੀ ਛੋਟੀ ਨੂੰਹ ਲੰਬੜਾ ਦੀ। ਆਂਢ-ਗੁਵਾਂਢ 'ਚ ਮੈਂ ਇਸੇ ਨਾਂਅ ਨਾਲ ਜਾਣੀ ਜਾਂਦੀ ਸੀ।

ਛੋਟੀ ਨੂੰਹ ਲੰਬੜਾਂ ਦੀ ਮੇਰੀ ਪਛਾਣ ਸੀ। ਤੀਮੀਆਂ ਗੱਲਾਂ ਕਰਦੀਆਂ।

"ਨੀ, ਲੰਬੜਾਂ ਦੀ ਛੋਟੀ ਨੂੰਹ ਤਾਂ ਪੜ੍ਹੀ ਲਿਖੀ ਆ। ਸੁਨੱਖੀ ਵੀ ਬਾਹਲੀ ਆ, ਡੁੱਬੜੀ।"

"ਨੀ ਗੁਰਨਾਮ (ਮੇਰਾ ਪਤੀ) ਤਾਂ ਇਹਦੇ ਪਾਸਕ ਵੀ ਨਹੀਂ। ਊਂ ਵੀ ਲੋਲ੍ਹਾ ਜਿਹੇ ਲੱਗਦੈ।

"ਲੋਲਾ ਜਿਹਾ ਨ੍ਹੀਂ ਉਹ, ਮਿੰਨ੍ਹਾ-ਮੀਸਨੈ।"

ਇਹ ਸਭ ਸੁਣਕੇ ਮੈਨੂੰ ਹਾਸਾ ਵੀ ਆਉਦੈ। ਤੇ ਚੰਗਾ ਚੰਗਾ ਵੀ ਲੱਗਦਾ ਹੁੰਦਾ ਸੀ, ਮੈਂ ਬਾਹਲੀ ਤਾਂ ਨਹੀਂ, ਦਸ ਕੁ ਜਮਾਤਾਂ ਪੜ੍ਹੀ ਸੀ। ਉਦੋਂ ਜੱਟ ਪਰਿਵਾਰਾਂ 'ਚ ਕੁੜੀਆਂ ਨੂੰ ਪੜ੍ਹਾਉਣ ਦਾ ਰੁਝਾਣ ਨਹੀਂ ਸੀ ਹੁੰਦਾ। ਖ਼ੈਰ, ਜਿੱਥੇ ਮੈਨੂੰ ਜੇਠਾਣੀਆਂ ਦੇ ਮੁਕਾਬਲੇ ਵੱਧ ਪੜ੍ਹੀ ਹੋਣ ਦਾ ਮਾਣ ਸੀ। ਉਥੇ ਮੈਨੂੰ ਆਪਣੀ ਸੁੰਦਰਤਾ ਦਾ ਵੀ ਅਹਿਸਾਸ ਸੀ। ਵੈਸੇ, ਖ਼ੂਬਸੂਰਤ ਹੋਣ ਦਾ ਭਰਮ ਤਾਂ ਹਰ ਔਰਤ ਪਾਲਦੀ ਹੈ।

ਮੇਰੇ ਬਾਪ ਨੇ ਮੇਰਾ ਵਿਆਹ ਪੜ੍ਹੇ ਲਿਖੇ, ਸੋਹਣੇ ਸਨੁੱਖੇ ਤੇ ਕਿਸੇ ਸਮਝਦਾਰ ਗੱਭਰੂ ਨਾਲ ਨਹੀਂ ਸੀ ਕੀਤਾ। ਸਗੋਂ ਕਿੱਲਿਆ ਨਾਲ ਕੀਤਾ ਸੀ। ਮੁੰਡੇ ਦੀ ਅਕਲ ਸ਼ਕਲ ਨਹੀਂ ਸੀ ਵੇਖੀ-ਪਰਖੀ। ਸਗੋਂ, ਜ਼ਮੀਨ-ਜਾਇਦਾਦ, ਘਰ-ਬਾਰ, ਤੇ ਖਾਨਦਾਨ ਵੇਖਿਆ ਸੀ। ਇਹ ਸਭ ਠੀਕ ਹੈ ਤਾਂ ਸੀ।

"ਕੀ ਇਹੋ ਕੁੱਝ ਚਾਹੀਦੇ ਔਰਤ ਨੂੰ...???" ਇਹ ਸਵਾਲ ਸਮੇਂ ਸਮੇਂ ਮੇਰੇ ਜ਼ਿਹਨ 'ਚ ਹਥੌੜੇ ਵਾਂਗ ਵੱਜਦਾ ਰਹਿੰਦਾ ਹੁੰਦਾ ਸੀ। ਪਰ ਜਵਾਬ...?

ਵਿਆਹ ਤੋਂ ਦੋ ਕੁ ਸਾਲ ਬਾਅਦ ਹੀ ਅਕਾਲ ਪੁਰਖ ਨੇ ਮੇਰੀ ਝੋਲੀ ਖੁਸ਼ੀਆਂ ਨਾਲ ਭਰ ਦਿੱਤੀ ਸੀ। ਮੇਰੀ ਕੁੱਖੋਂ ਜੌੜੇ ਬੱਚੇ ਪੈਦਾ ਹੋਏ ਸੀ। ਕੁੜੀ ਮੁੰਡਾ। ਦੋਵੇਂ ਤੰਦਰੁਸਤ। ਸੋਹਣੇ-ਸੁਨੱਖੇ। ਕੁੜੀ ਬਾਪ 'ਤੇ ਸੀ। ਤੇ ਮੁੰਡੇ ਦੇ ਨੈਣ-ਨਕਸ਼ ਜਮਾਂ ਮੇਰੇ ਵਰਗੇ...।

"ਚੱਲ, ਇਕੋ ਵਾਰੀ ਯੱਭ੍ਹ ਨਿੱਬੜ ਗਿਆ, ਬਾਰ-ਬਾਰ ਤਕਲੀਫ ਝੱਲਣ ਨਾਲੋਂ...।" ਇਹ ਗੁਰਨਾਮ ਦੇ ਬੋਲ ਸੀ। ਮੇਰੇ ਘਰਵਾਲੇ ਦੇ...।

ਮੈਂ 'ਯੱਭ੍ਹ' ਤੇ 'ਤਕਲੀਫ਼' ਸ਼ਬਦ ਨੂੰ ਪਰਿਭਾਸ਼ਤ ਕਰਨ ਲਈ ਟੱਕਰਾਂ ਮਾਰਦੀ ਰਹੀ।

"ਇਹ ਬੰਦਾ ਕਿੰਨਾਂ ਭਾਜੂ ਹੈ।" ਮੈਂ ਸੋਚਦੀ, ਆਪਣੀ ਸਾਂਝੀ 'ਸਿਰਜਣਾ' ਨੂੰ ਧੱਭ੍ਹ ਤੇ ਤਕਲੀਫ਼ ਸਮਝਦੈ। ਨਾ ਸਮਝ...।'

ਘਰ ਵਿਚ ਖੁਸ਼ੀਆਂ ਭਰਿਆ ਮਾਹੌਲ ਸੀ। ਜਿਵੇਂ ਕਿਸੇ ਦਾ ਵਿਆਹ ਧਰਿਆ ਹੁੰਦੈ। ਲੰਬੜਾਂ ਦਾ ਵਿਹੜਾ ਵਧਾਈਆਂ ਦੇਣ ਵਾਲਿਆਂ ਨਾਲ ਭਰਿਆ ਰਹਿੰਦਾ। ਨਿੱਤ ਪਾਰਟੀ ਹੁੰਦੀ। ਸ਼ਰਾਬ ਮੀਟ ਖੁੱਲ੍ਹਾ ਵਰਤਦੈ। ਲਾਗੀਆਂ ਭਾਗੀਆਂ ਤੇ ਮੰਗਣ ਪਿੰਝਣ ਵਾਲਿਆਂ ਨੂੰ 'ਖੁਸ਼' ਕਰਕੇ ਤੋਰਿਆ ਜਾਂਦਾ। ਲੰਬੜਾਂ ਦੀ ਪਿੰਡ 'ਚ ਬੱਲੇ ਬੱਲੇ ਹੋਈ ਪਈ ਸੀ।

ਦੋ ਹੀ ਕਾਫੀ। ਹੋਰ ਤੋਂ ਮਾਫੀ 'ਤੇ ਅਮਲ ਕਰਦਿਆਂ ਮੈਂ ਨਸਬੰਦੀ ਕਰਵਾ ਲਈ ਸੀ। ਨਸਬੰਦੀ ਕਰਾਉਣ ਤੋਂ ਬਾਅਦ, ਮੈਂ ਇਕ ਦਿਨ ਗੁਰਨਾਮ ਨੂੰ ਛੇੜਦਿਆਂ, ਸ਼ਰਾਰਤੀ ਅੱਖ ਮਾਰਦਿਆਂ ਕਿਹਾ।

"ਹੁਣ ਮੌਜਾਂ, ਕੋਈ ਯੱਭ੍ਹ ਪੈਣ ਦਾ ਡਰ ਨ੍ਹੀਂ।"

ਪਰ ਉਹਦਾ ਕੋਈ ਪ੍ਰਤੀਕਰਮ ਨਹੀਂ ਸੀ। ਭੌਂਦੂ। ਸਮੇਂ ਸਮੇਂ ਇਸ ਘਰ 'ਚ ਚੰਗਾ ਮਾੜਾ ਕਿੰਨਾਂ ਕੁੱਝ ਵਾਪਰਦਾ ਰਿਹਾ। ਭਰਾਵਾਂ 'ਚ ਕਈ ਵਾਰੀ ਤੂੰ-ਤੂੰ ਮੈਂ-ਮੈਂ ਵੀ ਹੋਈ। ਤੇ ਦਰਾਣੀਆਂ ਜੇਠਾਣੀਆਂ 'ਚ ਕਾਟੋ ਕਲੇਸ਼ ਵੀ ਹੁੰਦਾ। ਰਿਹਾ। ਬੀਜੀ ਕਦੇ ਇੱਧਰ ਕਦੇ ਉੱਧਰ ਦਾ ਰੌਲ ਨਿਭਾਉਂਦੀ ਰਹੀ। ਹੁਣ ਪਹਿਲਾਂ ਵਾਲਾ ਘਰ 'ਚ ਮਾਹੌਲ ਨਹੀਂ ਸੀ ਰਹਿ ਗਿਆ। ਸਭ ਦੀ ਆਪੋ ਆਪਣੀ ਸੁਰ ਸੀ। ਸੋ ਪਹਿਲਾਂ ਚੌਂਹ ਭਰਾਵਾਂ ਦੇ ਚੁੱਲ੍ਹੇ ਵੱਖੋ-ਵੱਖਰੇ ਹੋਏ। ਤੇ ਫਿਰ ਬਾਪੂ ਜੀ ਦੇ ਸਵਰਗਵਾਸ ਹੋਣ ਬਾਅਦ, ਘਰ ਅਤੇ ਖੇਤਾਂ ਵਿਚ ਲੀਕਾਂ ਖਿੱਚੀਆਂ ਗਈਆਂ। ਸਾਰੇ ਅੱਡ-ਵਿੱਢ ਹੋ ਗਏ। ਘਰ ਵੰਡਿਆ। ਖੇਤ ਵੰਡੇ। ਮਾਲ ਡੰਗਰ ਵੰਡ ਲਿਆ ਸੀ। ਚੌਂਹ ਹਿੱਸੀ ਕਰ ਲਿਆ ਸੀ। ਬਸ, ਇਕ ਬੀਜੀ ਸਾਂਝੀ ਰਹਿ ਗਈ ਸੀ।

ਬੀਜੀ ਨੇ ਆਪ ਕਿਹਾ ਸੀ ਮੈਂ ਤਾਂ ਭਾਈ, ਆਵਦਾ ਜਿੱਥੇ ਚਿੱਤ ਮੰਨੂੰ ਉਥੇ ਈ ਖਾਊ। ਮੇਰੇ ਲਈ ਤਾਂ ਸਾਰੇ ਈ ਇਕੋ-ਜੇ ਆ।"

ਦਰਅਸਲ, ਬੀਜੀ ਦਾ ਅੰਦਰਲੇ (ਪੁਰਾਣੇ) ਘਰ ਨਾਲ ਬਾਹਲਾ ਮੋਹ ਸੀ। ਭਾਵਨਾਤਮਿਕ ਸਾਂਝ ਸੀ। ਕਦੇ ਉਹ ਇਸੇ ਘਰ 'ਚ ਮੁਕਲਾਵੇ ਆਈ ਸੀ। ਇਸੇ ਘਰ 'ਚ ਕਿੰਨੇ ਜਨੇਪੇ ਕੱਟੇ ਸੀ। ਇਸੇ ਘਰ 'ਚ ਉਹਦਾ ਦਾਜ ਦਾ ਬਚਿਆ ਖੁਚਿਆ ਸਮਾਨ, ਨਵਾਰੀ ਪਲੰਘ ਸ਼ੀਸ਼ਿਆ ਵਾਲਾ ਚਰਖਾ ਤੇ ਕਾਲੀ ਟਾਹਲੀ ਦੀ ਲੱਕੜ ਦਾ ਪਿੱਤਲ ਦਾ ਕੋਕਿਆ ਨਾਲ ਜੜਿਆ ਸਦੂੰਕ ਪਿਆ ਸੀ। ਸੋ ਬੀਜੀ ਅੰਦਰਲੇ ਘਰੇ ਹੀ ਰਹਿੰਦੀ ਹੁੰਦੀ ਸੀ। ਅੰਦਰਲਾ ਘਰ ਵੱਡੇ ਬਾਈ ਦੇ ਹਿੱਸੇ ਆਇਆ ਸੀ। ਜਿਹੜਾ ਬਾਪੂ ਜੀ ਤੋਂ ਬਾਅਦ ਲੰਬੜਦਾਰ ਬਣ ਗਿਆ ਸੀ। ਦੋ ਭਰਾਵਾਂ ਨੇ ਖੇਤਾਂ 'ਚ ਘਰ ਬਣਾ ਲਏ ਸੀ। ਤੇ ਅਸੀਂ ਬਾਹਰ ਫਿਰਨੀ 'ਤੇ ਗੁਜਾਰਾ ਜੋਗਾ ਛੱਤ ਲਿਆ ਸੀ। ਦੋ ਕਮਰੇ। ਲਲਾਣ। ਰਸੋਈ ਤੇ ਬੈਠਕ। ਪਸ਼ੂਆਂ ਲਈ ਸੈੱਡ। ਸੈੱਡ 'ਚ ਪੱਕੀਆਂ ਖੁਰਲੀਆ। ਪੱਠੇ ਕੁਤਰਨ ਲਈ ਇੰਜਣ। ਇਕ ਨੁੱਕਰ 'ਚ ਨਲਕਾ ਤੇ ਗੁਸਲਖਾਨ। ਮੇਰੇ ਜਾਚੇ, ਇਕ ਸਧਾਰਣ ਜਿੰਮੀਦਾਰ ਦਾ ਘਰ ਇਸ ਤੋਂ ਵਧੀਆ ਨਹੀਂ ਹੋ ਸਕਦੈ।



ਸਾਂਝੇ ਤੇ ਵੱਡੇ ਪਰਿਵਾਰ ਤੋਂ ਵੱਖ ਹੋ ਕੇ ਪਹਿਲਾਂ ਦੇ ਮੁਕਾਬਲੇ ਜੁੰਮੇਵਾਰੀ ਦਾ ਵੱਧ ਅਹਿਸਾਸ ਹੋਇਆ। ਖੁਦ ਫੈਸਲੇ ਲੈਣ ਦੀ ਸਮਰੱਥਾ ਵਧੀ। ਕੰਮ ਦਾ ਬੋਝ ਘਟਿਆ। ਜੇਠਾਣੀਆਂ ਤੇ ਬੀਜੀ ਦੀ 'ਟੋਕਾ ਟਾਕੀ' ਤੋਂ ਨਿਜਾਤ ਮਿਲੀ। ਥੋੜੀ ਆਜ਼ਾਦੀ ਮਿਲੀ। ਤੇ ਮੈਂ ਪਹਿਲਾਂ ਨਾਲੋਂ ਵੱਧ ਪਹਿਨ-ਪੱਚਰ ਕੇ ਬਣ-ਠਣ ਕੇ ਰਹਿਣ ਲੱਗ ਪਈ ਸੀ। ਕਿੰਨਾਂ ਕਿੰਨਾਂ ਈ ਚਿਰ ਸ਼ੀਸ਼ੇ ਮੂਹਰੇ ਖੜੀ ਰਹਿੰਦੀ ਸੀ।

ਸਾਡੇ ਘਰ ਮੂਹਰ ਦੀ ਆਮ ਲਾਂਘਾ ਸੀ। ਤੂੰ ਲੰਘਦਾ ਟੱਪਦਾ ਸਾਡੇ ਘਰ ਆ ਜਾਂਦਾ ਹੁੰਦਾ ਸੀ। ਜਾਂ ਮੈਂ ਨਿੱਕੇ ਮੋਟੇ ਲਈ ਤੈਨੂੰ ਸੱਦ ਲੈਂਦੀ ਹੁੰਦੀ ਸੀ। ਤੂੰ ਮੇਰੇ ਅੱਧੇ ਬੋਲ ਨੂੰ ਖੜੇ ਮੱਥੇ ਪਰਵਾਨ ਕਰਦਾ , ਝੱਟ ਕਹਿੰਦਾ ਹੁੰਦਾ ਸੀ। 'ਭਾਬੀ ਬੰਦਾ ਹਾਜ਼ਿਰ ਹੈ।" ਤੇਰਾ ਹੱਸ ਕੇ ਹਲੀਮੀ ਨਾਲ ਬੋਲਣਾ, ਮੈਨੂੰ ਪ੍ਰਭਾਵਿਤ ਕਰਦੈ। ਮੇਰੇ ਅੰਦਰ ਤੇਰੇ ਪ੍ਰਤੀ ਖਿੱਚ ਜਿਹੀ ਉਤਪਨ ਹੁੰਦੀ। ਜਾਣੀ ਧੂਹ ਜਿਹੀ ਪੈਂਦੀ। ਮੈਂ ਦਿਨ-ਬ-ਦਿਨ ਤੇਰੇ 'ਚ ਦਿਲਚਸਪੀ ਲੈਣ ਲੱਗ ਪਈ ਸੀ। ਜਦੋਂ ਤੂੰ ਨਿੱਕਾ ਹੁੰਦਾ ਸੀ। ਉਦੋਂ ਵੀ ਮੇਰੀ ਤੇਰੇ ਵਿਚ ਦਿਲਚਸਪੀ ਸੀ। ਪਰ ਉਦੋਂ ਭਾਵਨਾ ਕੋਈ ਹੋਰ ਸੀ। ਮਮਤਾਮਈ ਭਾਵਨਾ! ਹੁਣ ਤੂੰ ਜਵਾਨ ਹੋ ਗਿਆ ਸੀ। ਤੇਰੇ ਪ੍ਰਤੀ ਖਿੱਚ ਤੇ ਆਕਾਰਸ਼ਿਤ ਹੋਣ ਪਿੱਛੇ ਕਾਰਨ ਕੋਈ ਹੋਰ ਸੀ। ਜ਼ਜਬਾ ਕੋਈ ਹੋਰ ਸੀ। ਭਾਵਨਾ ਕੋਈ ਹੋਰ ਸੀ। ਪਿਆਰ। ਇਸ਼ਕ...। ਤੈਨੂੰ ਪਾ ਲੈਣ ਦੀ ਲਲਕ! ਹਸਰਤ! ਸੜੇ ਸਮਾਜ ਦੀਆਂ ਥੋਤੀਆਂ ਮਰਿਯਾਦਾਵਾਂ ਤੇ ਵਰਜਣਾ ਦੀ ਪ੍ਰਵਾਹ ਨਾ ਕਰਦਿਆਂ, ਮੈਂ ਤੇਰੇ ਪਿੱਛੇ ਭਾਵਰੀ ਹੋਈ ਫਿਰਦੀ ਸੀ। ਪਰ ਤੇਰੇ ਡੇਰੇ ਖ਼ਬਰ ਨਹੀਂ ਸੀ ਕਿ ਕੋਈ ਤੈਨੂੰ ਕਿੰਨਾਂ ਚਾਹੁੰਦੀ ਹੈ। ਮੇਰਾ ਮਨ ਤੜਫਦੈ। ਰੂਹ ਕੁਰਲਾਉਂਦੀ।

"ਤੈਨੂੰ ਵੇਖਿਆ ਸਬਰ ਨਾ ਆਵੇ। ਯਾਰਾ ਤੇਰਾ ਘੁੱਟ ਭਰ ਲਾਂ...

ਕਦੇ ਕਦੇ ਮੈਨੂੰ ਤੇਰੇ 'ਤੇ ਬਾਹਲਾ ਗੁੱਸਾ ਜਿਹਾ ਆਉਂਦਾ ਹੁੰਦਾ ਸੀ। ਕਿ ਤੂੰ ਮੇਰੀ ਰਮਜ਼ ਕਿਉਂ ਨੀਂ ਸਮਝਦੈ। ਭੌਂਦੂ...।

ਫਿਰ ਮੈਂ ਸੋਚਦੀ ਹੋ ਸਕਦੈ, ਇਹ ਛੋਟੀ ਜਾਤ ਦਾ ਮੁੰਡਾ, ਮੇਰੇ 'ਹਾਮੀ' ਭਰਨ ਤੋਂ ਪਹਿਲਾਂ, ਮੇਰੇ ਵੱਲ ਅੱਖ ਭਰਕੇ ਵੇਖਣ ਦੀ ਜੁਰੱਅਤ ਈਂ ਨਾ ਕਰੇ। ਲੰਬੜਾਂ ਦੀ ਨੂੰਹ ਵੱਲ ਟੀਰਾ ਝਾਕਣਾ, ਵੱਡੇ ਜਿਗਰੇ ਦੀ ਲੋੜ ਸੀ। ਤੁਸੀਂ ਲੋਕ, ਅਜੇ ਲੰਬੜਦਾਰਾਂ, ਸਰਦਾਰਾਂ ਦੀ ਦਹਿਸ਼ਤ ਤੋਂ ਡਰ ਮੁੱਕਤ ਨਹੀਂ ਸੀ ਹੋਏ। ਮੈਨੂੰ ਲਗਦੈ, ਤੇਰੇ 'ਚ ਮਿਰਜ਼ਾ ਬਣਨ ਦੀ ਜ਼ੁਰੱਅਤ ਨਹੀਂ ਸੀ। ਪਰ ਕੋਈ ਸਾਹਿਬਾਂ, ਕਿੰਨਾ ਕੁ ਚਿਰ ਉਡੀਕੂ...? ਦਿਨੋ ਦਿਨ ਮੇਰੀ ਪਿਆਸ ਤੜਫ ਵਧਦੀ ਤੁਰੀ ਜਾਂਦੀ ਸੀ।

ਤੂੰ ਅਕਸਰ ਮੈਨੂੰ ਭਾਬੀ ਕਹਿ ਕੇ ਬਲਾਉਂਦਾ ਹੁੰਦਾ ਸੀ। ਪਰ ਕਦੇ ਕਦੇ ਮੇਰਾ ਨਾਂ ਲੈ ਕੇ ਵੀ ਸੰਬੋਧਨ ਕਰਦੈ, ਪੁਸ਼ਪਿੰਦਰ। ਤੇਰੇ ਮੂੰਹੋਂ ਮੇਰਾ ਨਾਂ ਬਾਹਲਾ ਫਬਦੈ। ਜਚਦੈ। ਮੇਰਾ ਰੋਮ-ਰੋਮ ਖਿੜ ਜਾਂਦੈ। ਤੇਰਾ ਨਾਂਅ ਲੈ ਕੇ ਬਲਾਉਣ ਦਾ ਅੰਦਾਜ਼, ਸਲੀਕਾ ਐਨਾ ਅਪਣਤ ਭਰਿਆ ਹੁੰਦੈ। ਕਿ ਧੂਹ ਜਿਹੀ ਪੈਂਦੀ। ਤੂੰ ਮੈਨੂੰ ਆਪਣਾ-ਆਪਣਾ ਲਗਦੈ। ਚੁੱਪ ਤੇ ਤ੍ਰਿਹਾਏ ਬੱਲ੍ਹਾਂ 'ਚੋਂ ਖ਼ਾਮੋਸ਼ ਆਵਾਜ਼ ਗੂੰਜ਼ਦੀ।

'ਲੱਗਦਾ ਪਿਆਰਾ ਬਹੁਤਾ ਉਦੋਂ<br>
ਜਦੋਂ ਨਾਂ ਜਿਹਾ ਲੈ ਕੇ ਬਲਾਉਂਦਾ ਨੀ।<br>
ਸੁੱਤੀ ਪਈ ਦੇ ਬੁੱਲ੍ਹਾਂ ਨੂੰ...

ਸੁੱਤੀ ਹੋਵਾਂ ਜਾਂ ਜਾਗਦੀ। ਮੈਂ ਤੇਰੇ ਹੀ ਖਿਆਲਾਂ 'ਚ ਖੋਹੀ ਰਹਿੰਦੀ ਸੀ। ਮੇਰੇ ਬੁੱਲ੍ਹ ਤੇਰੇ ਬੁੱਲ੍ਹਾਂ ਲਈ ਤਰਸੇ ਪਏ ਸੀ। ਪਰ ਇਕ ਤੂੰ ਸੀ ਕਿ ਬਸ, ਜਮਾਂ ਭੌਂਦੂੰ... ਜੱਬ੍ਹਲ।

ਔਰਤ ਜਦੋਂ ਕਿਸੇ ਨੂੰ ਚਾਹੁੰਦੀ ਹੈ। ਪੂਰੀ ਸਿੱਦਤ ਨਾਲ ਚਾਹੁੰਦੀ ਹੈ। ਜੀ ਜਾਨ ਨਾਲ ਚਾਹੁੰਦੀ ਹੈ। ਆਪਣੇ 'ਹਾਣੀ ਮਰਦ' ਨੂੰ ਪਾਉਣ ਲਈ ਉਹ ਸਮਾਜਿਕ ਕਦਰਾਂ-ਕੀਮਤਾਂ ਦੇ ਰੱਸੇ ਪੈੜੇ ਤੋੜਦੀ ਤੁਰੀ ਜਾਂਦੀ ਹੈ।

ਤੂੰ ਮੇਰੀ ਰਮਜ਼ ਕਿਉਂ ਨ੍ਹੀਂ ਸਮਝਦੈ? ਮੈਨੂੰ ਖਿਝ ਜਿਹੀ ਫੁੱਟਦੀ। ਗੁੱਸਾ ਚੜ੍ਹਦੈ। ਵਈ ਭਰ ਜਵਾਨ

ਮੁੰਡਾ, ਔਰਤ ਦਾ ਉਤਲੇ ਦੰਦਾਂ ਨਾਲ ਹੇਠਲਾ ਬੁੱਲ੍ਹ ਟੁੱਕਣ, ਕਨੱਖਾ ਝਾਕਣ, ਭੇਤਪੂਰਨ ਮੁਸਕਰਾਉਣ ਤੇ ਚਿਹਰੇ ਦੇ ਬਦਲਦੇ ਰੰਗਾਂ ਦੀ ਪਰਿਭਾਸ਼ਾ ਕਿਉਂ ਨ੍ਹੀਂ ਸਮਝਦੈ...? ਮੇਰੇ ਅੰਦਰ ਭਾਂਬੜ ਜਿਹਾ ਬਲਦਾ। ਪਿੰਡਾ ਸੇਕ ਮਾਰਦਾ। ਅੰਗ-ਅੰਗ ਸੁਰ ਕੀਤੇ ਹੋਏ ਸਾਜ਼ ਵਾਂਗੂੰ ਕੱਸਿਆ ਜਾਂਦੈ। ਮੈਂ ਖੂੰਜੇ ਪਈ ਸਤਾਰ, ਤੇਰੇ ਪੋਟਿਆਂ ਦੀ ਛੋਹ ਨੂੰ ਤਰਸੀ ਪਈ ਸੀ। ਪਰ ਤੂੰ...??

ਤੇ ਫਿਰ ਇਕ ਦਿਨ ਕੌਤਕ ਹੋ ਗਿਆ।

ਤੂੰ ਚੁੱਪ ਤੋੜੀ ਸੀ।

"ਭਾਬੀ, ਇਕ ਗੱਲ ਆਖਾ, ਗੁੱਸਾ ਤਾਂ ਨੀਂ ਕਰਦੀ?"

"ਹਾਏ ਅੜਿਆ, ਤੇਰੀ ਗੱਲ ਦਾ ਗੁੱਸਾ? ਮੈਂ ਚਿੱਤ 'ਚ ਕਿਹਾ, ਤੂੰ ਭਾਮੇਂ ਕਾਲਜੇ 'ਚੋਂ ਰੁੱਗ ਭਰਕੇ ਕੱਢ ਲੈ। ਮੈਂ 'ਸੀ' ਤੱਕ ਨੀਂ ਕਰਦੀ।

"ਹਾਂ ਦੱਸ।" ਮੈਂ ਸੇਲ੍ਹੀਆਂ ਸਕੋੜ ਕੇ ਨਜ਼ਰਾਂ ਤੇਰੇ ਚਿਹਰੇ 'ਤੇ ਗੱਡ ਦਿੱਤੀਆਂ ਸੀ।

"ਭਾਬੀ ਜਦੋਂ ਤੇਰੀ 'ਕਾਲੀ ਸਲਵਾਰ' ਪਾਈ ਹੁੰਦੀ ਆ। ਤੂੰ ਬਾਹਲੀ ਸੋਹਣੀ ਲੱਗਦੀ ਆ। ਸਨੁੱਖੀ। ਆਕਾਰਸ਼ਿਤ। ਜਿਵੇਂ ਰੂਪ ਸਾਣ 'ਤੇ ਲਾਇਆ ਹੁੰਦੈ!" ਤੂੰ ਇਕੋ ਸਾਹ ਕਿੰਨਾਂ ਕੁੱਝ ਕਹਿ ਗਿਆ ਸੀ।

ਤੇਰਾ ਮੂੰਹ ਲਾਲ ਬਿੰਬ ਹੋ ਗਿਆ ਸੀ। ਤੇਰੇ ਬੁੱਲ੍ਹ ਕੰਬ ਰਹੇ ਸੀ। ਜਿਵੇਂ ਤੂੰ ਆਪਣੀ ਔਕਾਤ ਤੋਂ ਵੱਧ ਬੋਲ ਗਿਆ ਹੋਵੇ।

"ਓਂ-ਹੂੰ।" ਬੁੱਲ੍ਹ ਮੀਟ ਕੇ ਅੱਖਾਂ 'ਚ ਮੁਸਕਰਾਈ ਸੀ।

ਤੂੰ ਫਿਰ ਬੋਲਿਆ।

"ਭਾਬੀ! ਮੈਨੂੰ ਤੇਰੇ 'ਨਾ ਮੋਹ ਜਿਹਾ ਹੋ ਗਿਆ।"

ਤੇਰਾ ਮਨ ਭਰ ਜਿਹੇ ਆਇਆ ਸੀ।

"ਮੈਂ ਤਾਂ ਤੈਨੂੰ ਨਿੱਕੇ ਹੁੰਦੇ ਨੂੰ ਮੋਹ ਕਰਦੀ ਆ, ਪਤੈ।"

"ਪਤੈ...।"

ਹੁਣ ਆਪਾਂ ਦੋਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ। ਕਿ 'ਮੋਹ' ਪਿਆਰ 'ਚ ਤਬਦੀਲ ਹੋ ਗਿਆ ਹੈ। ਆਖੇ, ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਆ। ਅੱਗ ਜਦੋਂ ਲੱਗਦੀ ਆ। ਦੋਹੀਂ ਪਾਸੀ ਇਕੋ ਵੇਲੇ ਤੇ ਇਕੋ ਜਿੰਨੀ ਲੱਗਦੀ ਆ। ਪਿਆਰ ਕੀਤਾ ਨਹੀਂ ਜਾਂਦੈ। ਹੋ ਜਾਂਦੈ...।

ਹੁਣ ਆਪਾਂ ਜਦੋਂ ਕਦੇ ਮਿਲਦੇ ਸੀ। ਮੌਕਾ ਤਾੜਕੇ ਮਿਲਦੇ ਸੀ। ਚੋਰੀ ਛੁਪੇ ਮਿਲਦੇ ਸੀ, ਤੇ ਇਕ ਦੂਜੇ ਨੂੰ ਧਾਹ ਕੇ ਗੱਲ ਵੱਕੜੀ ਪਾਉਂਦੇ ਹੁੰਦੇ ਸੀ।

ਤੂੰ ਮੈਨੂੰ ਬਾਹਾਂ 'ਚ ਘੁੱਟ ਕੇ ਕਹਿੰਦਾ ਹੁੰਦਾ ਸੀ।

"ਤੇਰੇ ਵਰਗੇ ਨਹੀਂ ਹੋਰ ਕਿਸੇ ਦੇ ਅੱਖਾਂ, ਨੱਕ, ਬੁੱਲ੍ਹ ਤੇ...।"

"ਤੇ ਕੀ...?"

"ਤੇ ਪਿੱਛਾ।"

"ਹੱਅਤ ਤੇਰੀ, ਬਾਹਲਾ ਸ਼ਰਾਰਤੀ ਹੋ ਗਿਐ! ਮੈਂ ਤੇਰੀ ਢੂਈ 'ਚ ਪੋਲੀ ਜਿਹੀ ਮੁੱਕੀ ਮਾਰਦੀ। ਤੇ ਕਿੰਨਾਂ ਈ ਚਿਰ ਖਿੜਖਿੜ ਕਰਕੇ ਹੱਸਦੀ ਰਹਿੰਦੀ ਸੀ।

ਇਹ ਸਿਲਸਿਲਾ ਲੰਮਾ ਚਿਰ ਚੱਲਦਾ ਰਿਹਾ।

ਤੂੰ ਜਮਾਂ ਅਲ੍ਹੜ ਤੇ ਪੱਠੀਰ ਜਿਹਾ ਮੁੰਡਾ ਸੀ। ਲੈਰਾ। ਨਾਜ਼ੁਕ। ਤੂੰ ਕਦੇ ਜਿੱਦ ਨਹੀਂ ਸੀ ਕੀਤੀ। ਕਦੇ ਬਾਂਹ ਨਹੀਂ ਸੀ ਮਰੋੜੀ। ਕਦੇ ਵੰਗਾਂ ਨਹੀਂ ਸੀ ਤੋੜੀਆਂ। ਬਸ, ਸਧਾਰਣ ਜਿਹੇ ਲਹਿਜ਼ੇ 'ਚ ਕਹਿੰਦਾ ਹੁੰਦਾ ਸੀ।



"ਭਾਬੀ ਅੱਜ ਮੌਕੇ।"

"ਨਹੀਂ ਕੋਈ ਆਜੁਗਾ, ਕੋਈ ਵੇਖਲੂ ਗਾ। ਅੜਿਆ ਮੈਨੂੰ ਤਾਂ ਡਰ ਲੱਗਦੈ।"

ਦਰਅਸਲ ਔਰਤ ਰਜ਼ਾਮੰਦ ਹੁੰਦੀ ਹੈ, ਪਰ ਤੂੰ ਇਨ੍ਹਾਂ ਗੱਲਾਂ ਤੋਂ ਅਣਜਾਣ ਸੀ। ਭੋਲਾ। ਮੇਰੀਆਂ ਅੱਖਾਂ 'ਚ ਉੱਕਰੀ ਇਬਾਰਤ ਨੂੰ ਉਠਾਲਣਾਂ ਤੇਰੇ ਲਈ ਔਖਾ ਸੀ। ਔਰਤ ਦੀ ਮਾਨਸਿਕਤਾ ਨੂੰ ਸਮਝਣਾ ਤੇਰੇ ਵੱਸ ਦਾ ਰੋਗ ਨਹੀਂ ਸੀ। ਉਂ ਮੇਰਾ ਜਾਦੂ ਤੇਰੇ 'ਤੇ ਚਲ ਗਿਆ ਸੀ। ਤੇ ਸਿਰ ਚੜ੍ਹਕੇ ਵੀ ਬੋਲਦਾ ਸੀ।

"ਭਾਬੀ ਤੈਨੂੰ ਵੇਖਕੇ ਮੇਰੇ ਕਾਲਜੇ 'ਚੋਂ ਰੁੱਗ ਜਿਹਾ ਭਰਿਆ ਜਾਂਦੈ। ਐਂ ਕਾਹਤੋਂ ਹੁੰਦੈ?"

"ਪਤਾ ਨ੍ਹੀਂ...!" ਮੈਂ ਬੁੱਲ੍ਹਾਂ ਪਿੱਛੇ ਹਾਸਾ ਡੱਕਦੀ।

"ਪੁਸ਼ਪਿੰਦਰ! ਮੈਂ ਤੈਨੂੰ ਪਿਆਰ ਵੀ ਕਰਦੈ। ਤੇਰੀ ਇੱਜ਼ਤ ਵੀ ਕਰਦੈ।" ਤੂੰ ਕਿਸੇ ਵੇਗ ਜਿਹੇ 'ਚੋਂ ਬੋਲਦੈ,

"ਤੈਨੂੰ ਵੇਖ ਕੇ ਮੇਰਾ ਮਨ ਪੰਘਰ ਜਿਹੇ ਕਿਉਂ ਜਾਂਦੈ?"

"ਪਤਾ ਨ੍ਹੀਂ...।" ਮੈਂ ਹੇਠਲਾ ਬੁੱਲ੍ਹ ਦੰਦਾਂ 'ਚ ਲੈ ਕੇ, ਪਿਆਰ ਭਰੀਆਂ ਅੱਖਾਂ ਨਾਲ ਤੈਨੂੰ ਵੇਖਦੀ ਰਹਿੰਦੀ।

ਮੈਂ ਹੁਣ ਤੱਕ ਜਾਣ ਗਈ ਸੀ ਕਿ ਤੂੰ ਡਾਹਢਾ ਕੋਮਲ ਭਾਵੀ, ਜ਼ਜਬਾਤੀ ਤੇ ਲੋਹੜੇ ਦਾ ਸੰਵੇਦਨਸ਼ੀਲ ਆ। ਔਰਤ ਦੀ ਸੁੰਦਰਤਾ ਦਾ ਉਪਾਸ਼ਕ ਤੇ ਉਹਦੀਆਂ ਭਾਵਨਾਵਾਂ ਦਾ ਕਦਰਦਾਨ...। ਅਜਿਹੀ ਮਾਨਸਿਕਤਾ ਵਾਲਾ ਬੰਦਾ ਔਰਤ ਨੂੰ ਚਾਹੁੰਦੈ ਤਾਂ ਬਹੁਤ ਹੁੰਦੈ, ਪਰ ਉਹ ਕਿਸੇ ਵੀ ਸੂਰਤ ਵਿਚ ਔਰਤ ਦੀ 'ਮਰਜ਼ੀ' ਦੇ ਵਿਰੁੱਧ ਨਹੀਂ ਜਾਂਦਾ ਹੁੰਦੈ। ਹਮੇਸ਼ਾ ਉਹਦੇ ਅੰਦਰ ਇਕ ਝਿਜਕ ਜਿਹੀ ਬਣੀ ਰਹਿੰਦੀ ਹੈ। ਇਹ ਮੇਰਾ ਆਪਣਾ ਅਨੁਭਵ ਹੈ।

ਦਿਨ, ਹਫ਼ਤੇ ਮਹੀਨੇ ਬੀਤਦੇ ਤੁਰੇ ਗਏ। ਪਰ ਆਪਾਂ ਲਛਮਣ ਰੇਖਾ ਨਹੀਂ ਸੀ ਟੱਪੇ।

ਮੇਰੇ ਘਰ ਵਾਲੇ ਨੂੰ ਮਹੀਨੇ 'ਚ ਦੋ-ਤਿੰਨ ਵਾਰ ਘਰੋਂ ਬਾਹਰ ਰਾਤ ਰਹਿਣਾ ਪੈਂਦਾ ਹੁੰਦਾ ਸੀ। ਕਦੇ ਫ਼ਸਲ ਨੂੰ ਪਾਣੀ ਲਾਉਣ ਤੇ ਕਦੇ ਕਿਸੇ ਸਾਕ-ਸਕੀਰੀ 'ਚ ਜਲੌਣੇ ਜਾਣਾ ਪੈਂਦਾ ਸੀ। ਉਹਦੀ ਗੈਰ ਹਾਜ਼ਰੀ 'ਚ ਬੀਜੀ ਸਾਡੇ ਕੰਨੀਂ ਆ ਕੇ ਪੈ ਜਾਂਦੀ ਹੁੰਦੀ ਸੀ। ਉਹ ਜੁਵਾਕਾਂ ਨੂੰ ਬਾਤਾਂ ਸੁਣਾਉਂਦੀ ਤੇ ਨਾਲੇ ਇੱਧਰੀਆਂ-ਉੱਪਰਲੀਆਂ ਗੱਲਾਂ ਕਰਕੇ ਆਪਣਾ ਢਿੱਡ ਹੌਲਾ ਕਰ ਲੈਂਦੀ ਹੁੰਦੀ ਸੀ। ਹੁਣ ਬੀਜੀ ਦੂਜਿਆਂ ਨਾਲੋਂ ਮੇਰੇ ਨਾਲ ਵੱਧ ਹੇਜ਼ ਜਿਹਾ ਕਰਦੀ ਹੁੰਦੀ ਸੀ।

ਫਿਰ ਪਤਾ ਨਹੀਂ ਮੇਰੇ ਮਨ 'ਚ ਕੀ ਫੁਰਨਾ ਫੁਰਿਆ ਕਿ ਮੈਂ ਬੀਜੀ ਨੂੰ ਸੱਦਣਾ ਬੰਦ ਕਰ ਦਿੱਤਾ ਸੀ। ਜੇ ਜੁਵਾਕਾਂ ਨੇ ਕਹਿਣਾ, "ਮੰਮੀ ਬੀਜੀ ਨੂੰ ਸੱਦ ਲਿਆਈਏ?" ਮੈਂ ਝੱਟ ਕਹਿਣਾ, "ਨਹੀਂ, ਥੋਡੇ ਡੈਡੀ ਨੇ ਮੁੜ ਆਉਣੈ। ਮੈਂ ਜੁਵਾਕਾਂ ਨੂੰ ਅੰਦਰਲੇ ਘਰੇ ਨਾ ਜਾਣ ਦੇਣਾ, ਮਤੇ ਬੀਜੀ ਪੁੱਛ ਲਏ, ਕਿ ਥੋਡਾ ਡੈਡੀ ਕਿੱਥੇ ਗਿਆ।"

ਮੈਂ ਤੈਨੂੰ ਗੱਲੀਂ ਬਾਤੀ ਦੱਸਿਆ ਸੀ। ਰਮਜ਼ ਸਾਰੀ ਸੀ। ਕਿ ਤੇਰਾ ਬਾਈ ਜਦੋਂ ਕਦੇ ਲੌਣੇ ਜਾਂਦੈ। ਮੈਂ ਰਾਤ ਨੂੰ ਇਕੱਲੀ ਹੁੰਨੀ ਆ। 'ਕੱਲੀ ਨੂੰ ਡਰ ਜਿਹਾ ਲੱਗਦੈ। ਇਹ ਕਹਿ ਕੇ ਮੈਂ ਤੇਰੇ ਵੱਲ ਤ੍ਰਿਛਾ ਝਾਕੀ ਸੀ।

"ਜਦੋਂ ਕਦੇ 'ਕੱਲੀ ਹੋਈ, ਦੱਸੀ, ਮੈਂ ਆਜੂ ਰਾਤ ਨੂੰ...।" ਤੂੰ ਅੱਖਾਂ 'ਚ ਹੱਸਿਆ ਸੀ।

"ਊਂ-ਹੂੰ...। ਮੈਂ ਨਖਰਾ ਕੀਤਾ।" ਬੜਾ ਚਿੱਤ ਕਰਦੈ।"

"ਹਾਂ ਕਰਦੈ।" ਤੂੰ ਨਿਸੰਗ ਕਿਹਾ ਸੀ, "ਤੇਰੇ ਨਾਲ ਸੌਣ ਨੂੰ ਚਿੱਤ ਕਰਦੈ।"

"ਸੰਗ ਤਾ ਨ੍ਹੀਂ ਆਉਂਦੀ। " ਮੈਂ ਮਿੱਠੀ ਝਿੜਕ ਮਾਰੀ ਸੀ।

"ਸੰਗ ਤਾਂ ਆਪੇ ਲਹਿਜੂ।" ਤੂੰ ਸ਼ਰਾਰਤੀ ਅੱਖ ਨੱਪੀ ਸੀ।

ਮੈਂ ਤੇਰੇ ਕੰਨ੍ਹੀਂ ਗਹੁ ਨਾਲ ਵੇਖਿਆ। ਫੁੱਟਦੀਆਂ ਮੁੱਛਾਂ ਤੇ ਗੱਲ੍ਹਾਂ ਤੇ ਉਤਰਦੀ ਲੂਈ ਤੇਰੇ ਭਰ ਜਵਾਨ

ਹੋਣ ਦਾ ਅਹਿਸਾਸ ਕਰਾਉਂਦੀ ਸੀ।

"ਐਂ ਜੇ ਕਿਸੇ ਨੂੰ ਪਤਾ ਲੱਗ ਗਿਐ?" ਦੋਚਿੱਤੀ ਮੇਰੇ ਅੰਦਰ ਪਾਰੇ ਵਾਂਗੂੰ ਕੰਬੀ।

"ਐਂ ਕਿਵੇਂ ਪਤਾ ਲੱਗਜੂ, ਤੇਰੀ ਸਹਿਮਤੀ ਚਾਹੀਦੀ ਆ।"

"ਕੋਈ ਨੀਂ, ਵੇਖਾਂਗੇ?" ਕਹਿ ਕੇ ਮੈਂ ਹੱਸਣ ਲੱਗ ਪਈ ਸੀ।

"ਵੇਖਲਾ, ਤੇਰੀ ਮਰਜ਼ੀ ਆ।" ਤੂੰ ਉਦਾਸ ਜਿਹਾ ਮੂੰਹ ਲੈ ਕੇ ਤੁਰ ਗਿਆ ਸੀ।

ਹੁਣ ਆਪਾਂ ਬਹੁਤ ਚਿਰ ਖੜ੍ਹਕੇ ਗੱਲਾਂ ਨਹੀਂ ਸੀ ਕਰਦੇ ਹੁੰਦੇ। ਡਰਦੇ ਸੀ। ਮਤੇ ਕੋਈ ਵੇਖ ਨਾ ਲਵੇ। ਆਪਣੇ ਅੰਦਰ ਚੋਰ ਸੀ। ਚੋਰ ਦੇ ਪੈਰ ਨਹੀਂ ਹੁੰਦੇ।

ਮੌਕਾ ਮਿਲਦਿਆਂ ਹੀ ਤੂੰ ਦੋ-ਤਿੰਨ ਫਿਕਰੇ ਜ਼ਰੂਰ ਕਹਿੰਦਾ ਹੁੰਦਾ ਸੀ।

"ਭਾਬੀ ਤੇਰੇ ਕਾਲੀ ਸਲਵਾਰ ਬਾਹਲੀ ਫੱਬਦੀ ਆ।"

"ਐਂ ਜਮਾਂ ਕੁੜੀ ਜਿਹੀ ਲੱਗਦੀ ਆ।"

"ਸੁੰਦਰਤਾ ਆਲੀ ਤਾਂ ਐਂ ਜਮਾਂ ਲੀਕ ਟੁੱਟੀ ਪਈ ਆ।"

ਅਕਸਰ ਅਜਿਹੇ ਫ਼ਿਕਰੇ ਤੇਰੇ ਮੂੰਹੋਂ ਸੁਣਨ ਨੂੰ ਮਿਲ ਜਾਂਦੇ ਸੀ। ਖਾਸ ਕਰਕੇ ਜਦੋਂ ਮੇਰੇ ਕਾਲੀ ਸਲਵਾਰ ਪਾਈ ਹੁੰਦੀ ਸੀ। ਤੂੰ ਮੇਰੀਆਂ ਸਿਫਤਾਂ ਬਹੁਤ ਕਰਦਾ ਹੁੰਦਾ ਸੀ। ਆਪਣੀਆਂ ਸਿਫਤਾਂ ਸੁਣ ਕੇ ਮੇਰਾ ਉੱਡ ਜਾਣ ਨੂੰ ਜੀਅ ਕਰਦਾ ਹੁੰਦਾ ਸੀ। ਜਿਵੇਂ, ਮੈਨੂੰ ਖੰਭ ਲੱਗ ਗਏ ਹੋਣ। ਮੈਥੋਂ ਚਾਅ ਸਾਂਭਿਆ ਨਾ ਜਾਂਦਾ। ਮੇਰਾ ਰੋਮ ਰੋਮ ਕੂਕਦਾ।

"ਮੈਂ ਉੱਡਦੀ ਆਸਰੇ ਤੇਰੇ ਵੇ।

ਖੰਭ ਝੜ ਨਾ ਜਾਣ ਕਿਤੇ ਮੇਰੇ ਵੇ।"

ਸੱਚੀ ਅੜਿਆ! ਮੈਂ ਤੇਰੇ ਪਿਆਰ ਰੰਗੀ, ਹਮੇਸ਼ਾ ਰੰਗ ਰੱਤੀ ਰਹਿੰਦੀ ਹੁੰਦੀ ਸੀ। ਮਸਤ। ਝੱਲੀ। ਤੈਨੂੰ ਵੀ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ। ਕਿ ਮੈਂ ਤੇਰੇ 'ਤੇ ਮਰਦੀ ਹਾਂ। ਤੈਨੂੰ ਜੀ ਜਾਨ ਨਾਲ ਚਾਹੁੰਦੀ ਹਾਂ। ਹੁਣ ਤੂੰ ਬਿਨਾਂ ਕਿਸੇ ਸੰਗ-ਝਿੱਜਕ ਦੇ ਮੇਰੇ ਨਾਲ ਖੁੱਲ੍ਹੀਆਂ ਗੱਲਾਂ ਕਰ ਲੈਂਦਾ ਹੁੰਦਾ ਸੀ।

"ਭਾਬੀ ਬਾਈ ਨਾ ਨਿੱਤ ਸੌਂਨੀ ਹੁੰਨੀ ਆ?"

"ਆਹੋ, ਨਿੱਤ ਸੌਂਨੀ ਆ।" ਮੈਂ ਤੇਰੇ ਵੱਲ ਕੁਨੱਖਾ ਝਾਕੀ, "ਤੇਰਾ ਕੀ ਢਿੱਡ ਦੁਖਦੈ?"

"ਨਹੀਂ ਢਿੱਡ ਤਾਂ ਨ੍ਹੀਂ ਦੁਖਦੈ...।" ਤੂੰ ਗਿੱਚੀ ਖੁਰਕਦੈਂ।

"ਹੋਰ ਕੀ ਹੁੰਦੈ?" ਮੈਂ ਅੱਖਾਂ 'ਚ ਹੱਸਦੀ।

"ਭਾਂਬੜ ਜਿਹਾ ਬਲਦੈ।"

ਫਿਰ ਆਪਾਂ ਦੋਵੇਂ ਹੱਸ ਪੈਂਦੇ ਹੁੰਦੇ ਸੀ। ਤੇ ਕਿੰਨਾਂ ਈ ਚਿਰ ਹੱਸਦੇ ਰਹਿੰਦੇ ਹੁੰਦੇ ਸੀ।

ਮੇਰਾ ਘਰਵਾਲਾ ਗੁਰਨਾਮ ਸਿਉਂ ਆਪਣੇ ਕੰਮ ਨਾਲ ਮਤਲਬ ਰੱਖਦੈ। ਚੁੱਪ ਜਿਹਾ ਰਹਿੰਦੈ। ਕੋਈ ਐਬ ਨਹੀਂ। ਕੋਈ ਸ਼ੌਕ ਨਹੀਂ। ਹਾਂ, ਉਹਨੂੰ ਬਲਦਾਂ ਦੇ ਗਲ਼ ਘੁੰਗਰਾਲਾਂ ਤੇ ਕੱਟਿਆਂ ਵੱਛਿਆਂ ਦੇ ਗਲ਼ ਗਾਨੀਆ ਪਾਉਣ ਦਾ ਬਹੁਤ ਸ਼ੌਕ ਸੀ, ਤੀਮੀਂ ਦੇ ਚਾਅ ਕਿਵੇਂ ਪੂਰੇ ਕਰਨੇ ਹੈ? ਤੀਮੀ ਨੂੰ ਖੁਸ਼ ਕਿਵੇਂ ਰੱਖਣਾ ਹੈ? ਇਸ ਗੱਲੋਂ ਜਮਾਂ ਅਣਜਾਣ ਹੈ। ਸਿੱਧੈ...। ਦੋ ਬੱਚਿਆਂ ਦਾ ਬਾਪ ਹੋ ਕੇ ਉਹ ਆਪਣਾ ਜਿਵੇਂ ਫਰਜ਼ ਜਿਹਾ ਪੂਰਾ ਕਰੀ ਬੈਠਾ ਸੀ। ਪਰ ਇਹ ਤਾਂ ਉਵੇਂ ਸੀ ਜਿਵੇਂ ਕੋਈ ਅਣਜਾਣ, ਅਨਾੜੀ ਬੰਦਾ 'ਵੱਤਰ ਜ਼ਮੀਨ' 'ਚ ਬੀਅ ਸੁੱਟ ਦੇਵੇ। ਜ਼ਰਖੇਜ਼ ਜ਼ਮੀਨ 'ਚ ਬੀਅ ਤਾਂ ਹਰ ਹਾਲਤ 'ਚ ਉੱਗੂ...। ਇਹਦੇ 'ਚ ਮਰਦਾਨਗੀ ਜਾਂ ਸਿਆਣਪ ਵਾਲੀ ਭਲਾ ਕਿਹੜੀ ਗੱਲ ਆ? ਉਹ ਵੀ ਕੋਈ ਬੰਦਾ ਹੁੰਦੈ। ਜਿਹੜਾ ਤੀਮੀ ਨਾਲ ਮਾੜੀ ਮੋਟੀ ਮਨਮਾਨੀ ਨਾ ਕਰੇ। ਅੰਦਰਲੇ ਘਰੇ, ਜਾਣੀ ਸਾਂਝੇ ਪਰਿਵਾਰ 'ਚ ਰਹਿੰਦਿਆਂ ਉਹ ਮੈਨੂੰ ਮੀਨ੍ਹਾ-ਮੀਨ੍ਹਾ ਨਹੀਂ ਸੀ ਬਲਾਉਂਦਾ ਹੁੰਦੈ। ਇੱਧਰ ਆ ਕੇ ਵੀ ਉਹਦਾ ਉਹੀ ਹਾਲ ਰਿਹਾ। ਇਸ ਦੇ ਬਾਵਜੂਦ ਮੈਨੂੰ ਉਹਦੇ ਨਾਲ



ਕੋਈ ਸ਼ਿਕਾਇਤ ਨਹੀਂ। ਕੋਈ ਗਿਲਾ ਨਹੀਂ। ਦੋ ਬੱਚਿਆਂ ਦੀ ਮਾਂ ਹੋ ਕੇ ਮੈਂ ਸੰਪੂਰਨ ਔਰਤ ਹੋਣ ਦਾ ਮਾਣ ਹਾਸਿਲ ਕਰ ਲਿਆ ਸੀ। ਪਰ ਫਿਰ ਵੀ ਮੇਰੇ ਅੰਦਰੋਂ ਮੁੱਠੀ 'ਚ ਘੁੱਟੀ ਰੇਤ ਵਾਂਗੂੰ, ਕੁੱਝ ਕਿਰਦਾ ਰਹਿੰਦਾ ਸੀ। ਕੁੱਝ ਘਟਦਾ ਰਹਿੰਦਾ ਸੀ। ਕਿਸੇ ਚੀਜ਼ ਦੀ ਤਾਂਘ ਮੈਨੂੰ ਬੇਚੈਨ ਕਰਦੀ ਰਹਿੰਦੀ ਸੀ। ਜਿਵੇਂ ਮੇਰਾ ਕੁੱਸ ਗਵਾਚ ਗਿਆ ਹੋਵੇ। ਜਿਵੇਂ ਮੈਨੂੰ ਕਿਸੇ ਚੀਜ਼ ਦੀ ਤਲਾਸ਼ ਹੋਵੇ। ਤਲਬ ਹੋਵੇ...।

ਕਹਿੰਦੇ, ਆਪਣੀ 'ਤਲਬ' ਦੀ ਪੂਰਤੀ ਲਈ ਔਰਤ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਕਿਸੇ ਵੀ ਹੱਦ ਤੱਕ ਗਿਰ ਸਕਦੀ ਹੈ। ਅਜਿਹਾ ਰੁਝਾਨ ਖਤਰਨਾਕ ਤੇ ਔਰਤ ਦੀ ਅਹਿਮੀਅਤ ਨੂੰ, ਸਵੈ ਨੂੰ ਸੱਟ ਮਾਰਨ ਵਾਲਾ ਹੁੰਦਾ ਹੈ।

ਮੈਂ ਸੰਭਲ ਕੇ ਤੁਰਦੀ ਸੀ।

ਕਦੇ-ਕਦਾਈ ਮੇਰੇ ਜ਼ਿਹਨ 'ਚ ਇਕ ਖਿਆਲ ਘੌਰੂ ਪਾਉਂਦੈ, ਕਿ ਸ਼ਾਦੀ ਸੁਦਾ ਔਰਤ ਲਈ, ਖਸਮ ਦੀਆਂ ਅੱਖਾਂ 'ਚ ਘੱਟਾ ਪਾ ਕੇ, ਕਿਸੇ ਦੂਜੇ ਨਾਲ ਨਜਾਇਜ਼ ਸਬੰਧ ਬਣਾਉਣੇ, ਕਿੰਨੀਂ ਸ਼ਰਮਨਾਕ ਤੇ ਖਤਰਨਾਕ ਖੇਡ ਹੈ। ਸਮਾਜਿਕ ਮਰਿਯਾਦਾ ਦੀ ਉਲੰਘਣਾ ਪਵਿੱਤਰ ਰਿਸ਼ਤਿਆਂ ਨਾਲ ਖਲਵਾੜ। ਘੋਰ ਬੇਇਨਸਾਫੀ! ਵਿਸ਼ਵਾਸ਼ਘਾਤ। ਉਫ਼ ...!! ਅਜਿਹਾ ਸੋਚਦਿਆਂ, ਮੈਂ ਸਬੂਤੀ ਦੀ ਸਬੂਤੀ ਕੰਬ ਜਾਂਦੀ ਹੁੰਦੀ ਸੀ।

ਪਰ ਮੇਰੇ ਅੰਦਰਲੀ ਆਮੋੜ ਅਤ੍ਰਿਪਤ ਤੇ ਬਾਗੀ ਔਰਤ ਜਿੱਦ ਕਰਦੀ। ਬਾਬ੍ਹਰ ਦੀ...।

"ਵਾਰਿਸ਼ ਸ਼ਾਹ ਨਾ ਮੁੜਾਂਗੀ ਰਾਝਣੇ ਤੋਂ,

ਭਾਮੇਂ ਬਾਪ ਦੇ ਬਾਪ ਦਾ ਬਾਪ ਆਵੇ।"

ਅੱਗ ਮੱਚਣ ਤੋਂ ਪਹਿਲਾ ਹੀ ਧੂੰਏਂ ਦਾ ਗੁਬਾਰ ਅਸਮਾਨੀ ਚੜ੍ਹ ਗਿਆ ਸੀ। ਆਪਣੀ ਨੇੜਤਾ ਦੀ ਖੂਹ-ਟੋਭੇ ਚਰਚਾ ਹੋਣ ਲੱਗ ਪਈ ਸੀ। ਤੀਮੀਆਂ ਘੁਸਰ-ਮੁਸਰ ਕਰਦੀਆਂ ਸੀ। ਤੇਰਾ ਸਾਡੇ ਘਰ ਆਉਣਾ ਜਾਣਾ ਬੀਜੀ ਨੂੰ ਫੁੱਟੀ ਅੱਖ ਨਹੀਂ ਸੀ ਸੁਖਾਂਦੈ। ਉਹਨੇ ਕਈ ਵਾਰੀ ਗੱਲ ਰੜਕਾਈ ਸੀ।

"ਭਾਈ ਉਹ ਮੁੰਡਾ ਤਾਂ ਨ੍ਹੀਂ ਮਾੜੈ, ਫਿਰ ਵੀ ਲੋਕਾਂ ਦਾ ਮੂੰਹ ਤਾਂ ਨ੍ਹੀਂ ਫੜਿਆ ਜਾਂਦੈ। ਲੋਕ ਤਾਂ ਬਿੰਦ 'ਚ ਗੱਲ ਬਣਾ ਲੈਂਦੇ ਆ।"

"ਬੀਜੀ, ਐਂ ਕੋਈ ਕਿਸੇ ਨੂੰ ਮੂੰਹ 'ਚ ਤਾਂ ਨ੍ਹੀਂ ਪਾਉਂਦਾ ਹੁੰਦੈ।" ਮੈਂ ਤਾਅ ਜਿਹਾ ਖਾ ਕੇ ਬੋਲਦੀ, "ਲੋਕਾਂ ਦਾ ਤਾਂ ਊਈ ਢਿੱਡ ਦੁਖਦੈ, ਵੀ ਉਹ ਵੇਲੇ ਕੁਵੇਲੇ ਸਾਡੇ ਨਾਲ ਕੰਮ-ਧੰਦਾ ਜੁ ਕਰਾ ਦਿੰਦੈ।"

ਮੈਂ ਵਾਹਵਾ ਤੱਤਾ-ਠੰਢਾ ਬੋਲਦੀ।

ਬੀਜੀ ਕੰਨ ਲਪੇਟ ਕੇ ਤੁਰ ਜਾਂਦੀ ਸੀ।

ਮੇਰੇ ਅੰਦਰ ਕੁਹਾੜਾ ਚੱਲਦਾ ਰਹਿੰਦੈ। ਟੱਕ ਜਿਹਾ ਪੈਂਦਾ ਰਹਿੰਦੈ। ਵਾਢਾ... ਡਰ, ਖੌਫ, ਖਤਰਾ ਮੈਨੂੰ ਮੱਛੀਓ ਮਾਸ ਕਰੀ ਤੁਰਿਆ ਜਾਂਦੈ। ਮੈਂ ਤੜਫ ਕੇ ਰਹਿ ਜਾਂਦੀ। ਮੈਂ ਕਿਹੜੇ ਯੱਭ੍ਹ 'ਚ ਪੈ ਗਈ? ਮੇਰੇ ਅੰਦਰ ਛੁਰੀਆਂ ਚੱਲਦੀਆਂ।

ਇਨ੍ਹਾਂ ਦਿਨਾਂ 'ਚ ਹੀ ਪਿੰਡ 'ਚ ਇਕ ਘਟਨਾ ਵਾਪਰ ਗਈ ਸੀ। ਨਰੰਜਣ ਨਾਈ ਨੇ ਖੂਹ 'ਚ ਛਾਲ ਮਾਰਕੇ ਆਤਮ ਹੱਤਿਆ ਕਰ ਲਈ ਸੀ। ਉਹ ਨਹਾਇਤ ਸਰੀਫ਼ ਤੇ ਅੜੇ ਥੁੜੇ ਹਰੇਕ ਦੇ ਕੰਮ ਆਉਣ ਵਾਲਾ ਬੰਦਾ ਸੀ। ਉਹ ਆਪਣੇ ਕੰਮ ਦਾ ਮਿਹਨਤਾਨਾ ਠੋਕ ਵਜ਼ਾ ਕੇ ਨਹੀਂ ਸੀ ਲੈਂਦਾ ਹੁੰਦਾ। ਸਗੋਂ ਜਿੰਨੇ ਕੋਈ ਦੇ ਦੇਵੇ, ਉਨੇ ਹੀ ਖੜੇ ਮੱਥੇ ਸਵੀਕਾਰ ਕਰ ਲੈਂਦਾ ਹੁੰਦਾ ਸੀ। ਨਾਲੇ ਹੱਥ ਜੋੜਕੇ ਕਹਿੰਦਾ ਹੁੰਦਾ ਸੀ।

"ਬਹੁਤ ਆ ਜੀ, ਬਹੁਤ ਆ, ਬੰਦੇ ਨੂੰ ਕਿਤੇ ਰੱਜ ਆਉਂਦੈ।"

ਨਰੰਜਣ ਤੇ ਉਹਦੀ ਪਤਨੀ ਚੰਨੋ, ਵਿਆਹ-ਸ਼ਾਦੀਆਂ 'ਚ ਕੰਮ ਕਰਦੇ ਹੁੰਦੇ ਸੀ। ਲਾਗਪੁਣਾ। ਨਰੰਜਣ ਇਕਹਿਰੇ ਪਿੰਡੇ ਦਾ ਸੀ। ਮਾੜਚੂ ਜਿਹਾ। ਪਿਚਕੇ ਜਿਹੇ ਮੂੰਹ ਵਾਲਾ। ਪਰ ਚੰਨੋ ਲੰਬੀ-ਲੰਝੀ ਤੇ

ਜਰਵਾਨੀ ਸੀ। ਘੋੜੇ ਵਰਗੀ। ਵਾਹਵਾ ਬਣ-ਠਣ ਕੇ ਰਹਿੰਦੀ ਸੀ। ਸੋਹਣਾ ਲੀੜਾ-ਲੱਤਾ ਪਾਉਂਦੀ ਸੀ। ਅੱਖਾਂ ਨਾਲ ਗੱਲਾਂ ਕਰਦੀ ਸੀ। ਨਰੰਜਣ ਉਹਦੇ 'ਚਾਲ-ਚੱਲਣ' ਤੇ ਸ਼ੱਕ ਕਰਦਾ ਸੀ ਪਰ ਉਹ ਪਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦੀ। ਫਿਰ ਕਹਿੰਦੇ, ਇਕ ਦਿਨ ਰੰਗੇ ਹੱਥੀਂ ਫੜੀ ਗਈ। ਨਰੰਜਣ ਇਹ ਗੱਲ ਸਹਿਣ ਨਹੀਂ ਕਰ ਸਕਿਆ ਤੇ ਸਿਰ ਤੋੜ ਖੂਹ ਨੂੰ ਭੱਜ ਤੁਰਿਆ।

ਜਦੋਂ ਮੈਂ ਇਸ ਘਟਨਾ ਨੂੰ ਆਪਣੇ ਨਾਲ ਜੋੜਕੇ ਵੇਖਦੀ, ਸੋਚਦੀ ਤਾਂ ਮੇਰਾ ਤਾਹ੍ ਨਿਕਲ ਜਾਂਦੈ। ਨਰੰਜਣ ਤਾਂ ਕੀ ਕੋਈ ਵੀ ਬੰਦਾ ਇਹ ਗੱਲ ਸਹਿਣ ਨਹੀਂ ਕਰ ਸਕਦਾ ਹੁੰਦੈ। ਕਿ ਉਹਦੀ ਤੀਮੀ ਕਿਸੇ ਹੋਰ ਨਾਲ...।

"ਮੈਂ ਉਸ ਵੇਲੇ ਨੂੰ ਪਛਤਾਉਂਦੀ, ਜਦੋਂ ਤੇਰੇ ਨਾਲ ਪਿਆਰ ਦੇ ਬੋਲ ਸਾਂਝੇ ਕੀਤੇ ਸੀ। ਤੈਨੂੰ ਲਿਫਟ ਦਿੱਤੀ ਸੀ। ਅਗਾਊਂ ਕਿਸੇ ਖਤਰੇ ਨੂੰ ਭਾਂਪਦਿਆਂ, ਮੈਂ ਤੇਰੀ 'ਨੇੜਤਾ' ਤੋਂ ਘਬਰਾਉਂਦੀ ਸੀ। ਡਰਦੀ ਸੀ। ਪਰ ਤੇਰੇ ਬਿਨਾਂ ਰਹਿ ਵੀ ਨਹੀਂ ਸੀ ਸਕਦੀ।

'ਮੁੰਡਾ ਰੌਂਅ ਗਿਆ ਹੱਡਾਂ ਦੇ ਵਿਚ ਮੇਰੇ,

ਮੈਂ ਸੁੰਘਿਆ ਸੀ ਫੁੱਲ ਕਰਕੇ...

ਇਕ ਦਿਨ ਤੂੰ ਮੇਰੇ ਮੂਹਰੇ ਇਕ ਅਨੋਖੀ ਜਿਹੀ ਸ਼ਰਤ ਰੱਖ ਦਿੱਤੀ ਸੀ। ਤੂੰ ਦੋ ਟੁੱਕ ਫੈਸਲਾ ਕਰਨ ਵਾਂਗ ਬੋਲਿਆ ਸੀ।

"ਭਾਬੀ, ਤੂੰ ਬਸ ਉੱਦਣ ਈ 'ਕਾਲੀ ਸਲਵਾਰ' ਪਾਏਗੀ। ਜਿੱਦਣ ਬਾਈ ਘਰ ਨਾ ਹੋਇਐ। ਤੇਰਾ ਕਾਲੀ ਸਲਵਾਰ ਪਾਉਨੈ, ਤੇਰੇ ਵੱਲੋਂ ਸਹਿਮਤੀ ਤੇ ਮੇਰੇ ਲਈ ਸੱਦੇ ਦਾ ਪ੍ਰਤੀਕ ਹੋਵੇਗੀ। ਜਾਣੀ ਗੁੱਪਤ ਸੰਕੇਤ...।'

ਜੇ ਮੈਂ ਨਾ ਪਾਵਾਂ, ਫਿਰ?"

"ਫਿਰ ਮੈਂ ਸਮਝੂ ਤੇਰਾ ਸਾਥ ਮੇਰੇ ਨਸੀਬੀ ਨਹੀਂ।" ਤੂੰ ਨਿਰੋਹਾ ਮਾਰ ਕੇ ਤੁਰ ਗਿਆ ਸੀ।

ਤੇ ਮੈਂ ਮਨ ਹੀ ਮਨ ਤੇਰੀ ਸ਼ਰਤ ਮਨਜ਼ੂਰ ਕਰ ਲਈ ਸੀ। ਮੈਂ ਤੇਰਾ ਉਲਾਭ੍ਹਾ ਲਾਹੁਣਾ ਚਾਹੁੰਦੀ ਸੀ। ਤੇਰੇ ਉਲਾਭ੍ਹੇ ਦਾ ਮੇਰੇ ਸਿਰ ਗੱਡੇ ਜਿੰਨਾ ਭਾਰ ਸੀ। ਮੈਂ ਭਾਰ ਤੋਂ ਮੁਕਤ ਹੋਣਾ ਚਾਹੁੰਦੀ ਸੀ।

ਮੇਰੇ ਬੁੱਲ੍ਹ ਕੰਬੇ।

"ਤਾਰਿਆਂ ਦੀ ਛਾਵੇਂ ਕਿਤੇ 'ਕੱਲੀ ਨੂੰ ਬੁਲਾਵੇ।

ਸਿਰੋਂ ਲਹਿਜੇ ਗੱਡੇ ਜਿੰਨਾਂ ਭਾਰ ਵੇ।

ਫਿਰ ਮੈਂ ਕਾਲੀ ਸਲਵਾਰ ਇਕ ਖਾਸ ਦਿਨ 'ਤੇ ਹੀ ਪਾਉਂਦੀ ਹੁੰਦੀ ਸੀ। ਤੇ ਆਪਾਂ ਕਿੰਨੀਆਂ ਈ ਰਾਤਾਂ ਇਕੱਠਿਆਂ ਗੁਜ਼ਾਰੀਆਂ ਸੀ। ਜਾਗਦਿਆਂ ਗੁਜ਼ਾਰੀਆਂ ਸੀ। ਅੱਖਾਂ 'ਚ ਗੁਜ਼ਾਰੀਆਂ ਸੀ। ਤੂੰ ਚੌੜ ਬਹੁਤ ਕਰਦਾ ਹੁੰਦਾ ਸੀ। ਲਾਡ-ਬਾਡੀਆਂ...। ਤੇਰਾ ਇਉਂ ਕਰਨਾ ਮੈਨੂੰ ਚੰਗਾ-ਚੰਗਾ ਲੱਗਦਾ ਹੁੰਦਾ ਸੀ। ਖੁਸ਼ੀ, ਚਾਅ, ਸਕੂਨ ਤੇ ਅਨੋਖਾ ਜਿਹਾ ਅਨੰਦ ਮੇਰੇ ਅੰਗ-ਅੰਗ ਵਿਚ ਪਾਰੇ ਵਾਂਗੂੰ ਥਰਕਦੈ। ਲਰਜਦੈ। ਮੈਂ ਸੰਪੂਰਨ ਅਨੰਦ ਦੀ ਸਿਖਰ 'ਤੇ ਪਹੁੰਚ ਜਾਂਦੀ। ਤੇ ਵੇਗਮਈ ਅਵਸਥਾ 'ਚ ਮੈਂ ਤੈਨੂੰ ਕਿੰਨੇ ਹੀ ਰੂਪਾਂ 'ਚ ਮਾਣਿਆ ਸੀ ਪੁੱਤ, ਖਸਮ ਤੇ ਯਾਰ। ਮੇਰਾ ਆਪਣਾ ਅਨੁਭਵ ਹੈ ਕਿ ਔਰਤ ਇਕ ਖਾਸ਼ ਅਵਸਥਾ 'ਚ ਆਪਣੇ 'ਮਰਦ ਨੂੰ ਇਕ ਤੋਂ ਵੱਧ ਰੂਪਾਂ 'ਚ ਹੰਢਾਉਂਦੀ ਹੈ। ਮਾਣਦੀ ਹੈ। ਭੋਗਦੀ ਹੈ।

ਮੇਰਾ ਕਾਲੀ ਸਲਵਾਰ ਪਹਿਨਣਾ, ਤੇਰੇ ਲਈ ਗੁੱਪਤ ਇਸ਼ਾਰਾ ਹੁੰਦਾ ਸੀ। ਦੋਹਾਂ ਧਿਰਾਂ ਨੂੰ ਮੂੰਹੋਂ ਬੋਲਕੇ ਕੁੱਝ ਦੱਸਣਾ ਪੁੱਛਣਾ ਨਹੀਂ ਸੀ ਪੈਂਦਾ। ਬਸ, ਇਕ ਖਾਮੋਸ਼ ਆਵਾਜ਼ ਫਿਜ਼ਾ 'ਚ ਗੂੰਜਦੀ। ਜਿਹੜੀ ਸਿਰਫ ਤੇਰੇ ਕੰਨਾਂ ਨਾਲ ਹੀ ਟਕਰਾਉਂਦੀ। 'ਅੱਜ ਮੈਂ 'ਕੱਲੀ ਹਾਂ। ਆ-ਜੀ। ਕੁੰਡਾ ਖੁੱਲ੍ਹਾ ਹਉ। ਮੈਂ ਤੇਰੀ ਉਡੀਕ ਕਰੂੰਗੀ...।'



ਲੱਖ ਖਤਰਿਆਂ ਦੇ ਬਾਵਜੂਦ ਇਹ ਸਿਲਸਿਲਾ ਚਲਦਾ ਰਿਹਾ।

ਇਕ ਦਿਨ ਪੰਗਾ ਪੈ ਗਿਆ ਸੀ।

"ਹਾਏ ਰੱਬਾ! ਹੁਣ... ਮੈਂ ਜਮਾਂ ਪਾਣੀਓਂ ਪਤਲੀ ਹੋ ਗਈ ਸੀ।

ਬੀਜੀ ਸੁਭੈਕ੍ਹੀ 'ਨੇਰ੍ਹੇ ਜਿਹੇ ਹੋਏ ਸਾਡੇ ਘਰ ਆ ਧਮਕੀ ਸੀ। ਉਹਦੇ ਕੁੱਝ ਬੋਲਣ ਤੋਂ ਪਹਿਲਾਂ ਹੀ ਜੁਵਾਕਾਂ ਨੇ ਚਾਅ ਜਿਹੇ ਨਾਲ ਕਿਹਾ ਸੀ।

"ਬੀਜੀ, ਅੱਜ ਸਾਡੇ ਕੋਲ ਪੈਜੋ, ਡੈਡੀ ਘਰੇ ਹੈਨੀ।"

ਬੀਜੀ ਨੂੰ ਕੋਈ ਉੱਜਰ ਨਹੀਂ ਸੀ। ਉਹ ਝੱਟ ਮੰਨ ਗਈ। ਉਹ ਗੁੱਝੀ-ਗੁੱਝੀ ਮੇਰੀ ਰਾਖੀ ਕਰਦੀ ਸੀ।

ਮੇਰਾ ਮੰਦਾ ਹਾਲ ਸੀ। ਆਖਰਾਂ ਦੀ ਠੰਢ 'ਚ ਵੀ ਮੈਂ ਮੁੜ੍ਹਕੋ ਮੁੜ੍ਹਕੀ ਹੋਈ ਪਈ ਸੀ। ਬੜੀ ਕਸੂਤੀ ਸਥਿਤੀ ਬਣ ਗਈ ਸੀ। ਤੂੰ ਹਰ ਹਾਲਤ ਆਉਣਾ ਈ ਆਉਣਾ ਸੀ।

ਬੀਜੀ ਮੈਨੂੰ ਵਿਹੁ ਲੱਗਦੀ ਸੀ। ਮੇਰਾ ਢਿੱਡ ਮੱਚਦਾ ਸੀ। ਨਾਖਸਮੀ।

ਜੁਵਾਕ ਬਾਤਾਂ-ਬੂਤਾਂ ਸੁਣਕੇ ਸੌਂ ਗਏ ਸੀ। ਬੀਜੀ ਇੱਧਰਲੀਆਂ-ਉਧਰਲੀਆਂ ਮਾਰੀ ਜਾਂਦੀ ਸੀ। ਚੁਗਲੀਆਂ...। ਮੈਂ ਹਾਂ ਹੂੰ ਕਰੀ ਜਾਂਦੀ ਸੀ। ਮੇਰੀ ਸੁਤਾ ਦਰਵਾਜ਼ੇ ਕੰਨ੍ਹੀਂ ਸੀ।

ਜਿਉਂ ਹੀ ਬੀਜੀ ਦੇ ਘੁਰਾੜੇ ਸ਼ੁਰੂ ਹੋਏ। ਮੈਂ ਪਹਿਲਾਂ ਵਾਂਗ ਹੀ ਦਰਵਾਜ਼ੇ ਮੂਹਰੇ ਜਾ ਖੜੀ ਸੀ। ਤੂੰ ਜਿਉਂ ਹੀ ਬੂਹਾ ਅੰਦਰ ਨੂੰ ਧੱਕਿਆ। ਮੈਂ ਦੰਦਾ ਥੱਲੇ ਜੀਭ ਲੈ ਕੇ ਅਹਿਸਤਾ ਜਿਹੇ ਕਿਹਾ।

"ਬੀਜੀ।"

"ਬੀਜੀ' ਸ਼ਬਦ ਸੁਣਦਿਆਂ ਹੀ ਤੂੰ ਤਾੜ ਕਰਦਾ ਥੱਪੜ ਮੇਰੇ ਮੂੰਹ 'ਤੇ ਮਾਰਿਆ। ਤੇ ਉਨ੍ਹੀ ਪੈਰੀਂ ਵਾਪਸ ਮੁੜ ਗਿਆ ਸੀ।

ਮੈਂ ਸਾਰੀ ਰਾਤ ਸੌਂ ਨਾ ਸਕੀ। ਗੁੱਸਾ ਮੇਰੇ ਅੰਦਰ ਲਾਟੀ ਬਲਦਾ ਰਿਹਾ। ਤੇਰੇ ਨਾਲੋਂ ਵੱਧ ਗੁੱਸਾ ਮੈਨੂੰ ਬੀਜੀ 'ਤੇ ਆਉਂਦਾ ਸੀ। ਜਿਹੜੀ ਖਾਹ ਮਖਾਹ ਅੜਿਕਾ ਬਣ ਗਈ ਸੀ। ਮੇਰੀ ਖੱਬੀ ਅੱਖ 'ਚ ਲੋਹੜੇ ਦੀ ਰੜਕ ਪੈਂਦੀ ਸੀ। ਪਰਲ ਪਰਲ ਪਾਣੀ ਵਗੀ ਜਾਂਦਾ ਸੀ। ਤੇਰੀ ਉਂਗਲ ਮੇਰੀ ਅੱਖ 'ਚ ਵੱਜੀ ਸੀ।

ਤੇਰੇ ਗੁੱਸੇ ਦਾ ਸਬੱਬ ਮੈਂ ਸਮਝਦੀ ਸੀ। ਤੇਰੇ ਠੂਠੇ ਖੈਰ ਨਹੀਂ ਸੀ ਪਈ, ਤੂੰ ਠੂਠਾ ਮੇਰੇ ਸਿਰ ਭੰਨ ਕੇ ਤੁਰ ਗਿਆ ਸੀ। ਤੇਰੇ ਅੰਦਰ ਕਬਜ਼ੇ ਤੇ ਕਾਮ ਦੀ ਭਾਵਨਾ ਪ੍ਰਬਲ ਸੀ। ਰਜ਼ਾਈ 'ਚ ਮੂੰਹ ਦੇ ਕੇ ਮੈਂ ਪਤਾ ਨਹੀਂ ਕਿੰਨਾ ਚਿਰ ਹੁੱਬਕੀ ਹੁੱਬਕੀ ਰੋਂਦੀ ਰਹੀ ਸੀ। ਅੰਦਰਲੀ ਪੀੜ ਹਾਉਂਕੇ ਤੋਂ ਹੂਕ ਹੋ ਗਈ ਸੀ।

ਭੈੜੇ ਦੁੱਖ ਯਾਰੀਆ ਦੇ...

ਅਗਲੇ ਦਿਨ ਮੌਕਾ ਤਾੜ ਕੇ ਤੂੰ ਘਰ ਆਇਆ ਸੀ। ਮੈਂ ਵਿਹੜੇ 'ਚ ਬਹੁਕਰ ਫੇਰਦੀ ਸੀ। ਤੇਰੀ ਹੋਂਦ ਨੂੰ ਅਣਗੌਲਿਆ ਕਰਕੇ, ਮੈਂ ਖਾਮੋਸ਼ ਆਪਣਾ ਕੰਮ ਕਰਦੀ ਰਹੀ। ਤੂੰ ਬਿੰਦ ਕੁ ਚੁੱਪ ਰਹਿ ਕੇ ਆਜ਼ਜ਼ੀ ਨਾਲ ਬੋਲਿਆ ਸੀ।

"ਰਾਤ ਦੀ ਵਧੀਕੀ ਲਈ ਮਾਫੀ ਚਾਹੁਨੈ!"

ਮੈਂ ਨੀਵੀਂ ਨਹੀਂ ਚੁੱਕੀ। ਨਾ ਬੋਲੀ। ਖ਼ਾਮੋਸ਼ ਰਹੀ। ਰੋਸ ਮੇਰੇ ਅੰਦਰ ਫ਼ੰਨ ਚੁੱਕੀ ਖੜਾ ਸੀ।

"ਮੈਂ ਕੀ ਕਹਿਨੈ, ਸੁਣਦੈ...?"

ਉਤਲੇ ਦੰਦਾਂ ਨਾਲ ਹੇਠਲਾ ਬੁੱਲ੍ਹ ਦੱਬਕੇ ਆਪਣੇ ਹੰਝੂਆਂ 'ਤੇ ਕਾਬੂ ਪਾ ਕੇ, ਮੈਂ ਖਾਮੋਸ਼ ਤੇਰੇ ਵੱਲ ਝਾਕੀ ਸੀ।

"ਹਾਅ, ਤੇਰੀ ਅੱਖ ਨੂੰ ਕੀ ਹੋਇਐ?

"ਰਾਤ ਦਾ ਕਾਰੈ।" ਮੈਂ ਚੁੰਨੀ ਦੇ ਲੜ ਨਾਲ ਅੱਖ ਪੂੰਝੀ।

ਤੈਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਸੀ। ਤੂੰ ਮੂੰਹ ਪਸੀਜ ਕੇ ਬੋਲਿਆ ਸੀ।

"ਭਾਬੀ ! ਤੂੰ ਬਹੁਤ ਮਹਾਨ ਆ ! ਮੁਹੱਬਤ ਦੀ ਵਹਿੰਦੀ ਨਦੀ। ਮਮਤਾ ਦਾ ਫੁੱਟਦਾ ਚਸਮਾਂ। ਮੈਂ ਤਾਂ ਤੇਰੇ ਪਾਸਕ ਵੀ ਨਹੀਂ। ਬੰਦਾ, ਔਰਤ ਦੇ ਪਾਸਕ ਹੋ ਈ ਨਹੀਂ ਸਕਦੈ।" ਤੂੰ ਫਲਾਸਫੀ ਜਿਹੀ ਘੋਟਦਾ ਪਛਤਾਵੇ ਦੀ ਮੂਰਤ ਬਣਿਆ ਖੜਾ ਸੀ।

ਮੈਂ ਚੁੱਪ ਰਹੀ।

ਤੂੰ ਫਿਰ ਬੋਲਿਆ, "ਮੈਂ ਸਾਰੀ ਰਾਤ ਸੁੱਤਾ ਨਹੀਂ। ਪਛਤਾਵਾ, ਗਿਲਾਨੀ ਤੇ ਅਪਰਾਧ ਬੋਧ ਨਾਲ ਭਰਿਆ, ਤਰਲੋਮੱਛੀ ਹੁੰਦਾ ਰਿਹਾ।" ਤੇਰਾ ਮਨ ਭਰ ਜਿਹੇ ਆਇਆ ਸੀ। ਬਿੰਦ ਕੁ ਚੁੱਪ ਰਹਿ ਕੇ ਤੂੰ ਫਿਰ ਕਿਹਾ, "ਪਸ਼ਪਿੰਦਰ, ਮੈਨੂੰ ਮੁਆਫ ਨ੍ਹੀਂ ਕਰੇਗੀ?"

ਤੇਰਾ ਪੁਸ਼ਪਿੰਦਰ ਕਹਿਣਾ ਮੈਨੂੰ ਚੰਗਾ ਲੱਗਦਾ ਸੀ। ਮੈਂ ਝੱਟ ਮੋਮ ਹੋ ਗਈ। ਪੰਘਰ ਗਈ। ਤੇ ਗੁੱਸਾ ਥੁੱਕ ਬੋਲੀ, "ਨਹੀਂ, ਮੁਆਫੀ ਆਲੀ ਤਾਂ ਕੋਈ ਗੱਲ ਨ੍ਹੀਂ ਪਰ ਮੈਨੂੰ ਰੰਜ਼ੀ ਇਸ ਗੱਲ ਦੀ ਹੈ ਕਿ ਮਰਦ ਨੇ ਔਰਤ ਦੀ ਕਦੇ ਮਜ਼ਬੂਰੀ ਨਹੀਂ ਸਮਝੀ। ਉਹ ਹਮੇਸ਼ਾ ਔਰਤ ਦੇ ਸਬਰ, ਸਿੱਦਕ ਤੇ ਸਾਇਕੀ ਤੋਂ ਅਣਭਿੱਜ ਰਿਹਾ ਹੈ। ਜਮਾਂ ਕੋਰਾ...।" ਅਪਣਤ ਭਰਿਆ ਨਿਹੋਰਾ ਮਾਰ ਕੇ ਮੈਂ ਤੇਰੇ ਵੱਲ ਤ੍ਰਿਛਾ ਝਾਕੀ ਸੀ।

"ਤੇਰੀ ਗੱਲ ਜਮਾਂ ਦਰੁੱਸਤ ਆ। ਮਰਦ, ਔਰਤ ਦੀਆਂ ਭਾਵਨਾਵਾਂ ਦਾ, ਸੁਫਨਿਆਂ ਦਾ ਕਦੇ ਹਾਣੀ ਨਹੀਂ ਹੋ ਸਕਦਾ।"

"ਫਿਰ ਵੀ ਉਹ ਹੈਵੀ ਰਹਿੰਦੈ।"

"ਮਰਦ ਜੁ ਹੋਇਆ।"

"ਆਪਣਾ ਦੋਹਾਂ ਦਾ ਹਾਸਾ ਨਿੱਕਲ ਗਿਆ ਸੀ।

ਜਿਵੇਂ, ਆਪਾਂ ਇਕ ਦੂਜੇ ਨੂੰ ਛੱਲਦੇ ਹੋਈਏ, ਮਰਦ, ਔਰਤ ਇਕ-ਦੂਜੇ ਨੂੰ ਛੱਲਦੇ ਹੀ ਤਾਂ ਹੈ।

ਮੈਨੂੰ ਆਪਣੀਆਂ ਬਾਹਾਂ 'ਚ ਭਰ ਕੇ, ਤੂੰ ਆਪਣੇ ਮੂੰਹ ਚੜ੍ਹਿਆ ਫਿਕਰਾ ਬੋਲਿਆ ਸੀ।

"ਤੇਰੇ ਵਰਗੇ ਨ੍ਹੀਂ ਹੋਰ ਕਿਸੇ ਦੇ ਅੱਖਾਂ, ਨੱਕ, ਬੁੱਲ੍ਹ ਤੇ...।"

"ਤੇਰੀਆਂ ਇਨ੍ਹਾਂ ਗੱਲਾਂ ਨੇ ਪੱਟਿਆ ਮੈਨੂੰ।" ਮੈਂ ਤੇਰੀ ਢੂਹੀਂ ਤੇ ਕੱਸ ਕੇ ਮੁੱਕੀ ਮਾਰੀ ਸੀ।

*********

ਕੁੱਕੜ ਨੇ ਪਹਿਲੀ ਬਾਂਗ ਦਿੱਤੀ ਹੈ।

ਬਾਂਗ ਮੇਰੇ ਜ਼ਿਹਨ 'ਚ ਬੰਦੂਕ ਦੀ ਗੋਲੀ ਵਾਂਗੂੰ ਵੱਜੀ ਹੈ। ਹਾਏ ਅੜਿਆ, ਉਹ ਗੁਰਨਾਮ ਤਾਂ ਖੇਤੋਂ ਮੁੜਨ ਆਲੈ। ਤੇ ਇਹ...

ਮੈਂ ਤੈਨੂੰ ਝੰਜੋੜ ਕੇ ਜਗਾਉਂਦੀ ਹਾਂ।

"ਗੁਰਵਿੰਦਰ ਆੜਿਆ ਉੱਠ, ਦਿਨ ਚੜ੍ਹਨ ਆਲੈ।" ਮੈਂ ਆਪਣੇ ਕੱਪੜੇ ਸੰਵਾਰਦੀ ਹਾਂ, "ਛੇਤੀ ਕਰ ਉਹ ਆਉਣ ਵਾਲੈ।"

ਤੂੰ ਉਬੜਵਾਹੇ ਉੱਠਕੇ, ਸਿਰ 'ਤੇ ਸਾਫਾ ਲਪੇਟ ਕੇ। ਜੁੱਤੀ ਪਾ ਕੇ ਤੁਰ ਪੈਨੈਂ। ਮੈਂ ਤੈਨੂੰ ਦਰਵਾਜ਼ੇ ਤੱਕ ਛੱਡਣ ਜਾਂਦੀ ਹਾਂ। ਤੈਨੂੰ ਤੋਰ ਕੇ, ਅੰਦਰੋਂ ਕੁੰਡਾ ਲਾ ਕੇ, ਮੈਂ ਅਜੇ ਦਰਵਾਜ਼ੇ ਤੋਂ ਦੋ ਤਿੰਨ ਕਦਮ ਹੀ ਦੂਰ ਹੋਈ ਸੀ। ਕਿ ਕੁੰਡਾ ਖੜਕਿਆ।

ਮੈਂ ਸੋਚਿਆ, ਤੂੰ ਕੁਸ਼ ਭੁੱਲ ਗਿਆ ਹੋਣੈ। ਜਾਂ ਚੁੰਮੀ...। ਮੈਂ ਢਿੱਡ 'ਚ ਹੱਸੀ।

"ਹੁਣ ਕੀ ਹੋਇਐ?"

"ਮੈਂ ਦੱਸਦੈ ਕੀ ਹੋਇਐ, ਤੂੰ ਕੁੰਡਾ ਖੋਲ੍ਹ।"

ਬੂਹੇ 'ਚ ਗੁਰਨਾਮ ਸੀ। ਮੇਰੇ ਘਰਵਾਲਾ।

ਮੋਬਾ. 98788-05238 ✪



# ਲੇਖਕ ਜਦੋਂ ਫ਼ਾਲਤੂ ਲਿਖਣ ਲਈ ਮਜਬੂਰ ਹੁੰਦਾ ਹੈ/-ਪ੍ਰੋ. ਨਰਿੰਜਨ ਤਸਨੀਮ

ਲਿਖਣਾ ਕੁਦਰਤੀ ਅਮਲ ਹੈ, ਮਨ ਦੀ ਮੌਜ ਹੈ। ਕੋਈ ਬੰਦਿਸ਼ ਨਹੀਂ ਹੁੰਦੀ, ਸਗੋਂ ਆਪ ਮੁਹਾਰੇ ਹੀ ਕਲਮ ਹੱਥ ਵਿਚ ਆ ਜਾਂਦੀ ਅਤੇ ਕਾਗ਼ਜ਼ ਉੱਤੇ ਇਬਾਰਤ ਲਿਖੀ ਤੁਰੀ ਜਾਂਦੀ ਹੈ। ਇੰਜ ਰਚਨਾਵਾਂ ਪਹਿਲਾਂ ਅਖ਼ਬਾਰਾਂ ਰਸਾਲਿਆਂ ਵਿਚ ਛਪਦੀਆਂ ਹਨ, ਫੇਰ ਕਿਤਾਬੀ ਸੂਰਤ ਅਖ਼ਤਿਆਰ ਕਰਦੀਆਂ ਹਨ। ਬਾਅਦ ਵਿਚ ਲੇਖਕ ਕੋਈ ਨਾ ਕੋਈ ਕਿੱਤਾ ਅਪਣਾਉਂਦਾ ਹੈ ਅਤੇ ਵਿਹਲੇ ਸਮੇਂ ਵਿਚ ਰਚਨਾਕਾਰੀ ਹੁੰਦੀ ਰਹਿੰਦੀ ਹੈ। ਮੁਸ਼ਕਿਲ ਉਦੋਂ ਪੇਸ਼ ਆਉਂਦੀ ਹੈ ਜਦੋਂ ਲੇਖਕ ਕਿਸੇ ਮਜਬੂਰੀ ਵੱਸ, ਆਪਣੀਆਂ ਲਿਖਤਾਂ ਰਾਹੀਂ ਹੀ ਆਪਣੀ ਜ਼ਿੰਦਗੀ ਬਸਰ ਕਰਨ ਦੀ ਵਿਉਂਤ ਬਣਾ ਲੈਂਦਾ ਹੈ। ਕੁਝ ਸਮੇਂ ਲਈ ਉਹ ਸ਼ਾਇਦ ਸਫ਼ਲ ਹੋ ਹੀ ਜਾਏ, ਲੇਕਿਨ ਛੇਤੀ ਹੀ ਉਹ ਮਹਿਸੂਸ ਕਰਨ ਲਗਦਾ ਹੈ ਕਿ ਏਦਾਂ ਸਰਨਾ ਨਹੀਂ। ਫੇਰ ਉਹ ਆਪਣੀ ਮਨ ਮਰਜ਼ੀ ਦੀਆਂ ਰਚਨਾਵਾਂ ਰਚਣ ਦੀ ਬਜਾਏ, ਆਪਣੇ ਮਨ ਨੂੰ ਮਾਰ ਕੇ ਲਿਖਣ ਲਈ ਡਿੱਗ ਪੈਂਦਾ ਹੈ ਅਤੇ ਉਸ ਦੀਆਂ ਲਿਖਤਾਂ ਅਣਗੌਲੀਆਂ ਰਹਿ ਜਾਂਦੀਆਂ ਹਨ।

ਪੰਜਾਬੀ ਵਿਚ, ਚੰਗੇ ਭਾਗੀਂ, ਬਹੁਤੇ ਲੇਖਕ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਅਧਿਆਪਨ ਦੇ ਕਾਰਜ ਵਿਚ ਰੁਝੇ ਹੋਏ ਹਨ। ਇਹਨਾਂ ਕੋਲ ਸਮਾਂ ਹੁੰਦਾ ਹੈ, ਸਰਵਿਸ ਦੇ ਦੌਰਾਨ ਵੀ ਅਤੇ ਪੈਨਸ਼ਨ ਮਿਲਣ ਉਪਰੰਤ ਵੀ। ਲੇਕਿਨ ਸਭ ਲੇਖਕਾਂ ਨੂੰ ਇਸ ਤਰ੍ਹਾਂ ਦੀ ਸਹੂਲਤ ਉਪਲਬਧ ਨਹੀਂ। ਬਾਵਾ ਬਲਵੰਤ ਦੀ ਮਿਸਾਲ ਸਾਡੇ ਸਾਮ੍ਹਣੇ ਹੈ। ਸ਼ੁਰੂ ਵਿਚ ਉਸ ਨੇ ਬਹੁਤ ਲਿਖਿਆ, ਜਿਸ ਨੂੰ ਬਹੁਤ ਸਰਾਹਿਆ ਗਿਆ। ਪਾਰਟੀਸ਼ਨ ਦੇ ਸਮੇਂ ਲਾਹੌਰ ਤੋਂ ਉਹ ਦਿੱਲੀ ਆ ਗਿਆ ਅਤੇ ਵਕਤ ਦੇ ਨਾਲ ਨਾਲ ਉਸ ਦੀ ਰਚਨਾਕਾਰੀ ਮੱਧਮ ਪੈਂਦੀ ਗਈ। ਆਪਣੇ ਗੁਜ਼ਾਰੇ ਲਈ ਉਸ ਨੇ ਕੋਈ ਹੋਰ ਕਿੱਤਾ ਅਖ਼ਤਿਆਰ ਨਾ ਕੀਤਾ ਅਤੇ ਨਾ ਹੀ ਉਸ ਨੇ ਕੁਲ ਵਕਤੀ ਲੇਖਕ ਬਣਨਾ ਪਸੰਦ ਕੀਤਾ। ਏਥੋਂ ਤੱਕ ਕਿ ਉਹ ਰੇਡਿਓ ਅਤੇ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਨ ਤੋਂ ਵੀ ਸੰਕੋਚ ਕਰਦਾ ਰਿਹਾ। ਏਨਾ ਜ਼ਰੂਰ ਸੀ ਕਿ ਕਿਸੇ ਵਕਤ ਭਾਸ਼ਾ ਵਿਭਾਗ, ਪੰਜਾਬ ਵਲੋਂ ਉਸ ਨੂੰ ਪੈਨਸ਼ਨ ਮਿਲਣੀ ਸ਼ੁਰੂ ਹੋ ਗਈ ਸੀ। ਸ਼ਾਇਦ ਉਸ ਦੀਆਂ ਕਾਵਿ ਪੁਸਤਕਾਂ, ਜਿਵੇਂ ਕਿ 'ਬੰਦਰਗਾਹ' ਅਤੇ 'ਜਵਾਲਾਮੁਖੀ' ਦੀ ਰਾਇਲਟੀ ਕੁਝ ਸਮਾਂ ਉਸ ਨੂੰ ਮਿਲਦੀ ਰਹੀ ਹੋਵੇ। ਇਕ ਲੰਮਾ ਅਰਸਾ ਉਹ ਬਹੁਤ ਥੋੜ੍ਹੀ ਰਾਸ਼ੀ ਨਾਲ ਗੁਜ਼ਾਰਾ ਕਰਦਾ ਰਿਹਾ। ਇਸੇ ਲਈ ਉਸ ਨੂੰ 'ਫ਼ੱਕਰ ਸ਼ਾਇਰ' ਕਿਹਾ ਜਾਂਦਾ ਹੈ।

ਬਾਵਾ ਬਲਵੰਤ ਦੀ ਇਹ ਵਿਲੱਖਣ ਮਿਸਾਲ ਹੈ ਜਿਸ ਨੇ ਪੈਸਾ ਕਮਾਉਣ ਲਈ ਨੀਵੇਂ ਪੱਧਰ ਦੀਆਂ ਰਚਨਾਵਾਂ ਨਹੀਂ ਸਨ ਰਚੀਆਂ। ਲੇਕਿਨ ਕੁਲ ਵਕਤੀ ਲੇਖਕਾਂ ਨੂੰ ਕਈ ਵਾਰ ਆਪਣੇ ਪੱਧਰ ਤੋਂ ਨੀਵਾਂ ਹੋ ਕੇ ਲਿਖਣ ਪ੍ਰਕਿਰਿਆ ਵਿਚ ਜੁੱਟਣਾ ਪੈਂਦਾ ਹੈ। ਉਰਦੂ ਦੇ ਪ੍ਰਸਿੱਧ ਕਹਾਣੀਕਾਰ ਅਤੇ ਨਾਵਲਕਾਰ ਕ੍ਰਿਸ਼ਨ ਚੰਦਰ ਨੇ ਪਿਛਲੀ ਸਦੀ ਦੇ ਤੀਹਵਿਆਂ ਚਾਲੀਵਿਆਂ ਅਤੇ ਪੰਜਾਹਵਿਆਂ ਵਿਚ ਉਰਦੂ ਅਦਬ ਨੂੰ ਮਾਲਾਮਾਲ ਕੀਤਾ। ਉਸ ਦੇ ਕਹਾਣੀ ਸੰਗ੍ਰਹਿ ਤਿਲਿਸਮੇ-ਖ਼ਿਆਲ' 'ਨਗ਼ਮੇ ਕੀ ਮੌਤ' ਅਤੇ 'ਜ਼ਿੰਦਗੀ ਕੇ ਮੋੜ ਪਰ' ਨੇ ਉਰਦੂ ਦੇ ਪਾਠਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਫੇਰ ਇਕ ਵਕਤ ਆਇਆ ਜਦੋਂ ਉਸ ਨੇ ਤਰੱਕੀ ਪਸੰਦ ਲਹਿਰ ਦੇ ਅਸਰ ਅਧੀਨ 'ਜਬ ਖੇਤ ਜਾਗੇ' ਦੀ ਰਚਨਾ ਕੀਤੀ। ਉਸ ਦੇ ਨਾਵਲ 'ਸ਼ਿਕਸਤ' ਨੇ ਉਰਦੂ ਨਾਵਲ ਨੂੰ ਸੇਧ ਦਿੱਤੀ। ਲੇਕਿਨ ਬਾਅਦ ਵਿਚ, ਜਦੋਂ ਕ੍ਰਿਸ਼ਨ ਚੰਦਰ ਦਾ ਜਲੋ ਘੱਟ ਗਿਆ ਅਤੇ ਰੁਪਏ ਪੈਸੇ ਦੀ ਕਿੱਲਤ ਮਹਿਸੂਸ ਹੋਈ ਤਾਂ ਉਸ ਨੇ ਚਾਲੂ ਕਿਸਮ ਦੀਆਂ ਰਚਨਾਵਾਂ ਜਿਵੇਂ ਕਿ 'ਏਕ ਗਧੇ ਦੀ ਸਰਗੁਜ਼ਸ਼ਤ', 'ਏਕ ਔਰਤ ਹਜ਼ਾਰ ਦੀਵਾਨੇ', 'ਸਮੁੰਦਰ ਕੇ ਕਿਨਾਰੇ' ਅਤੇ 'ਕਿਤਾਬ ਕਾ ਕਫ਼ਨ' ਵਰਗੇ

ਨਾਵਲ ਛਪਵਾਣੇ ਸ਼ੁਰੂ ਕਰ ਦਿੱਤੇ। ਉਸ ਦੀਆਂ ਰਚਨਾਵਾਂ ਦੇ ਨੀਵੇਂ ਪੱਧਰ ਨੂੰ ਦੇਖ ਕੇ ਰਾਜਿੰਦਰ ਸਿੰਘ ਬੇਦੀ ਨੇ ਕਿਹਾ ਸੀ-'ਕ੍ਰਿਸ਼ਨ ਚੰਦਰ ਇਹ ਕਿਉਂ ਲਿਖਦਾ ਪਿਆ ਏ।'

ਮਾਲੀ ਹਾਲਤ ਨੂੰ ਸੁਧਾਰਨ ਦੀ ਖ਼ਾਤਰ ਦੜਾ ਮਾਲ ਮਾਰਕੀਟ ਵਿਚ ਸੁੱਟਣ ਦਾ ਨਤੀਜਾ ਇਹ ਹੋਇਆ ਕਿ ਕ੍ਰਿਸ਼ਨ ਚੰਦਰ ਆਪਣੇ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਵਿਚ ਡਿੱਗ ਪਿਆ ਅਤੇ ਉਹ ਉਸ ਦੀਆਂ ਚੰਗੀਆਂ ਰਚਨਾਵਾਂ ਨੂੰ ਵੀ ਭੁੱਲ ਗਏ। ਇਹੀ ਹਾਲ ਉਰਦੂ ਦੇ ਇਕ ਹੋਰ ਪ੍ਰਸਿੱਧ ਕਹਾਣੀਕਾਰ ਅਤੇ ਨਾਵਲਕਾਰ ਬਲਵੰਤ ਸਿੰਘ ਦਾ ਹੋਇਆ। ਉਸ ਦੀਆਂ ਕਹਾਣੀਆਂ ਪਿਛਲੀ ਸਦੀ ਦੇ ਚਾਲੀਵਿਆਂ ਵਿਚ ਜਦੋਂ ਛਪਣੀਆਂ ਸ਼ੁਰੂ ਹੋਈਆਂ ਤਾਂ ਪਾਠਕ ਹੈਰਾਨ ਰਹਿ ਗਏ। ਪਹਿਲੀ ਵਾਰ ਕਿਸੇ ਉਰਦੂ ਕਹਾਣੀਕਾਰ ਨੇ ਪੰਜਾਬ ਦੇ ਪਿੰਡਾਂ ਬਾਰੇ ਕਹਾਣੀਆਂ ਲਿਖੀਆਂ ਸਨ। ਏਨਾ ਖੁੱਭ ਕੇ ਉਸ ਨੇ ਲਿਖਿਆ, ਪੰਜਾਬੀ ਕਲਚਰ ਬਾਰੇ, ਕਿ ਰਾਜਿੰਦਰ ਸਿੰਘ ਬੇਦੀ ਨੇ ਉਚੇਚੇ ਤੌਰ 'ਤੇ ਉਸ ਦੀਆਂ ਕਹਾਣੀਆਂ ਦੀ ਸਰਾਹੁਣਾ ਕੀਤੀ। ਪਾਰਟੀਸ਼ਨ ਤੋਂ ਬਾਅਦ ਉਹ ਸੈਂਟ੍ਰਲ ਗੌਰਮਿੰਟ ਦੇ ਪਰਸਾਰਨ ਅਤੇ ਸੂਚਨਾ ਵਿਭਾਗ ਵਲੋਂ ਪ੍ਰਕਾਸ਼ਿਤ ਹੁੰਦੇ ਉਰਦੂ ਮਾਸਿਕ 'ਆਜਕਲ' ਦਾ ਸਹਾਇਕ ਸੰਪਾਦਕ ਨਿਯੁਕਤ ਹੋ ਗਿਆ। ਲੇਕਿਨ ਦੋ ਕੁ ਸਾਲਾਂ ਬਾਅਦ ਸਟਾਫ਼ ਦੀ ਛਾਂਟੀ ਹੋਣ ਕਾਰਨ ਉਸ ਨੂੰ ਸਰਵਿਸ ਛੱਡਣੀ ਪਈ। ਇਸ ਤੋਂ ਬਾਅਦ ਉਹ ਅਲਾਹਾਬਾਦ ਚਲਾ ਗਿਆ ਜਿੱਥੇ ਉਸ ਦੇ ਪਿਤਾ ਜੀ ਇਕ ਹੋਟਲ ਦੇ ਮਾਲਕ ਸਨ। ਪਿਤਾ ਜੀ ਦੀ ਮੌਤ ਤੋਂ ਬਾਅਦ, ਹੋਟਲ ਦਾ ਕੰਮ ਬਲਵੰਤ ਸਿੰਘ ਨੇ ਸੰਭਾਲ ਤਾਂ ਲਿਆ ਪਰ ਹੌਲੀ-ਹੌਲੀ ਕੰਮ ਘੱਟਦਾ ਚਲਿਆ ਗਿਆ। ਆਖ਼ਰਕਾਰ ਉਹ ਕੁੱਲ-ਵਕਤੀ ਲੇਖਕ ਬਣ ਗਿਆ।

ਅਲਾਹਾਬਾਦ ਵਿਚ ਹਿੰਦੀ ਦਾ ਬੋਲ ਬਾਲਾ ਸੀ, ਇਸ ਲਈ ਬਲਵੰਤ ਸਿੰਘ ਨੇ ਹਿੰਦੀ ਵਿਚ ਨਾਵਲ ਲਿਖਣੇ ਸ਼ੁਰੂ ਕਰ ਦਿੱਤੇ। ਉਹ ਸਵੇਰੇ ਘਰੋਂ ਨਿਕਲਦਾ ਅਤੇ ਇਕ ਪਬਲਿਸ਼ਰ ਦੇ ਦਫ਼ਤਰ ਵਿਚ ਪਹੁੰਚ ਜਾਂਦਾ। ਉੱਥੇ ਉਹਦੇ ਲਈ ਵਖਰੀ ਕੁਰਸੀ ਅਤੇ ਟੇਬਲ ਰੱਖਿਆ ਹੁੰਦਾ ਸੀ। ਸਾਰਾ ਦਿਨ ਉਹ ਉੱਥੇ ਬੈਠਾ ਨਾਵਲ ਦੀ ਰਚਨਾ ਕਰਦਾ ਰਹਿੰਦਾ ਅਤੇ ਸ਼ਾਮੀਂ ਨਿਸਚਿਤ ਰਕਮ ਲੈ ਕੇ ਘਰ ਆ ਜਾਂਦਾ। ਇਹੀ ਉਸ ਦੀ ਆਮਦਨ ਸੀ। ਮਾਲੀ ਤੌਰ ਤੇ ਬਦਹਾਲ ਹੋਣ ਦਾ ਨਤੀਜਾ ਇਹ ਹੋਇਆ ਕਿ ਉਹ ਬੱਧੇ ਵਾਸ ਰਚਨਾਤਮਕ ਅਮਲ ਵਿਚ ਰੁਝਿਆ ਰਿਹਾ। ਉਸ ਦੇ ਇਹ ਹਿੰਦੀ ਵਿਚ ਲਿਖੇ ਹੋਏ ਨਾਵਲ ਤਾਂ ਬਹੁਤ ਵਿਕੇ ਪਰ ਉਰਦੂ ਸਾਹਿਤ ਦੇ ਖੇਤਰ ਵਿਚ ਉਸ ਦਾ ਜੋ ਨਾਂ ਬਣ ਚੁੱਕਿਆ ਸੀ, ਉਸ ਨੂੰ ਗ੍ਰਹਿਣ ਲੱਗ ਗਿਆ। ਉਸ ਦੇ ਉਰਦੂ ਕਹਾਣੀ ਸੰਗ੍ਰਹਿਆਂ, ਜਿਵੇਂ ਕਿ 'ਤਾਰੋ-ਪੈਂਚ' 'ਜੱਗਾ', 'ਸੁਨਹਿਰਾ ਦੇਸ' ਅਤੇ 'ਪਹਿਲਾ ਪੱਥਰ' ਨੇ ਪਾਠਕਾਂ ਦੇ ਮਨਾਂ ਵਿਚ ਜਿਹੜੀ ਰੇਸ਼ਮੀ ਜਾਲੀ ਬੁਣੀ ਸੀ, ਉਹ ਉਸ ਦੀਆਂ ਪੈਸਾ ਕਮਾਉਣ ਲਈ ਲਿਖੀਆਂ ਗਾਲਪਨਿਕ ਰਚਨਾਵਾਂ, ਜਿਵੇਂ ਕਿ 'ਏਕ ਮਾਮੂਲੀ ਸੀ ਲੜਕੀ' ਅਤੇ 'ਰਾਤ, ਚੋਰ ਅਤੇ ਚਾਂਦ' ਨੇ ਖੇਰੂੰ ਖੇਰੂੰ ਕਰ ਦਿੱਤੀ। ਨਤੀਜਾ ਇਹ ਹੋਇਆ ਕਿ 'ਨਾ ਖੁਦਾ ਹੀ ਮਿਲਾ, ਨਾ ਵਿਸਾਲੇ ਸਨਮ'।

ਆਖ਼ੀਰ ਵਿਚ ਮੈਂ ਸਆਦਤ ਹਸਨ ਮੰਟੋ ਦੀ ਮਿਸਾਲ ਦੇਣੀ ਚਾਹਾਂਗਾ। ਪਾਰਟੀਸ਼ਨ ਤੋਂ ਬਾਅਦ ਬੰਬਈ ਤੋਂ ਲਾਹੌਰ ਆ ਕੇ ਉਸ ਨੇ ਫ਼ਿਰਕਾਦਾਰਾਨਾ ਫ਼ਸਾਦਾਂ ਬਾਰੇ ਬੜੀਆਂ ਮਹੱਤਵਪੂਰਨ ਕਹਾਣੀਆਂ ਲਿਖੀਆਂ, ਜਿਵੇਂ ਕਿ 'ਠੰਢਾ ਗੋਸ਼ਤ', 'ਖੋਲ ਦੋ' ਅਤੇ 'ਟੋਭਾ ਟੇਕ ਸਿੰਘ' ਆਪਣੀ ਪੁਸਤਕ 'ਸਿਆਹ ਹਾਸ਼ੀਏ' ਵਿਚ ਉਸ ਨੇ, ਵਿਅੰਗਮਈ ਢੰਗ ਨਾਲ, ਉਸ ਸਮੇਂ ਦੇ ਲੋਕਾਂ ਦੀ ਮਾਨਸਿਕਤਾ 'ਤੇ ਫਟਕਾਰ ਪਾਈ। ਫੇਰ ਇਕ ਸਮਾਂ ਆਇਆ ਜਦੋਂ ਉਸ ਨੂੰ ਕਈ ਵਾਰ ਕਚਹਿਰੀ ਵਿਚ ਖੱਜਲ ਖੁਆਰ ਹੋਣਾ ਪਿਆ, ਕਿਉਂਕਿ ਉਸ ਦੀਆਂ ਕੁਝ ਕਹਾਣੀਆਂ, ਜਿਵੇਂ ਕਿ 'ਠੰਢਾ ਗੋਸ਼ਤ' , 'ਨੰਗੀ ਆਵਾਜ਼ੇ' ਅਤੇ 'ਊਪਰ, ਨੀਚੇ ਔਰ ਦਰਮਿਆਨ' ਨੂੰ ਅਸ਼ਲੀਲ ਗਰਦਾਨਿਆ ਗਿਆ ਸੀ। ਹੌਲੀ ਹੌਲੀ ਉਸ ਦੀ ਸਿਹਤ ਜਵਾਬ ਦਿੰਦੀ ਗਈ ਅਤੇ ਮਾਲੀ ਮੁਸ਼ਕਲਾਂ ਨੇ ਉਸ ਨੂੰ ਘੇਰ ਲਿਆ। ਫੇਰ ਉਰਦੂ ਦੇ ਇਕ ਪਬਲਿਸ਼ਰ ਨੇ ਉਸ ਨੂੰ ਸੁਝਾਅ ਦਿੱਤਾ ਕਿ ਉਹ ਹਰ



ਰੋਜ਼ ਇਕ ਕਹਾਣੀ ਲਿਖੇ, ਜਿਸ ਦੇ ਉਹ ਪੱਚੀ ਰੁਪਏ ਦੇ ਦਿਆ ਕਰੇਗਾ। ਇਹ ਗੱਲਾਂ 1953 ਅਤੇ 1954 ਦੀਆਂ ਹਨ। ਸੋ ਮੰਟੋ ਸਵੇਰੇ ਨਾਸ਼ਤਾ ਕਰਕੇ ਕੁਰਸੀ 'ਤੇ ਅਕੜੂੰ (ਪੈਰਾਂ ਭਾਰ) ਬੈਠ ਜਾਂਦਾ ਸੀ ਅਤੇ ਗੋਡਿਆਂ ਉੱਤੇ ਰਾਈਟਿੰਗ ਬੋਰਡ ਰੱਖ ਕੇ ਪੈਂਸਲ ਨਾਲ ਕਹਾਣੀ ਲਿਖਣ ਲੱਗ ਜਾਂਦਾ ਸੀ। ਇਹ ਕਹਾਣੀ ਉਹ ਪਬਲਿਸ਼ਰ ਸ਼ਾਮੀਂ ਪੱਚੀ ਰੁਪਏ ਦੇ ਕੇ ਲੈ ਜਾਂਦਾ ਸੀ। ਬਹੁਤ ਛੇਤੀ ਮੰਟੋ ਦਾ ਕਹਾਣੀ ਸੰਗ੍ਰਹਿ ਛਪ ਗਿਆ ਜਿਸ ਵਿਚ ਹਰ ਰੋਜ਼ ਲਿਖੀਆਂ ਗਈਆਂ ਕਹਾਣੀਆਂ ਦੇ ਥੱਲੇ ਤਾਰੀਖ਼ ਦਰਜ ਸੀ। ਇਹ ਵਖਰੀ ਗੱਲ ਹੈ ਕਿ ਇਹਨਾਂ ਕਹਾਣੀਆਂ ਨੇ ਮੰਟੋ ਦੇ ਇਮੇਜ ਨੂੰ ਢਾਅ ਲਾਈ ਅਤੇ ਉਸ ਦੇ ਪ੍ਰਸ਼ੰਸਕਾਂ ਨੂੰ ਦੁੱਖ ਪਹੁੰਚਾਇਆ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਹਿਤਕਾਰ ਔਖੇ ਸਮੇਂ ਵਿਚ, ਜਦੋਂ ਉਹਦੀ ਸਿਹਤ ਜਵਾਬ ਦੇ ਰਹੀ ਹੋਵੇ ਅਤੇ ਰੋਜ਼ੀ ਰੋਟੀ ਦੇ ਲਾਲੇ ਪੈ ਜਾਣ, ਤਾਂ ਉਹ ਕੀ ਕਰੇ। ਇਕ ਜਵਾਬ ਤਾਂ ਇਹੀ ਹੈ ਕਿ ਕ੍ਰਿਸ਼ਨ ਚੰਦਰ, ਬਲਵੰਤ ਸਿੰਘ ਅਤੇ ਮੰਟੋ ਵਾਂਗ ਉਹ ਨੀਵੀਂ ਪੱਧਰ ਦੇ ਸਾਹਿਤ ਦੀ ਰਚਨਾ ਕਰਕੇ ਛੇਤੀ ਛੇਤੀ ਕੁਝ ਕਮਾਈ ਕਰੇ। ਦੂਸਰਾ ਜਵਾਬ ਹੈ ਕਿ ਬਾਵਾ ਬਲਵੰਤ ਵਾਂਗ ਉਹ ਫੱਕਰ ਜਾਂ ਦਰਵੇਸ਼ ਬਣ ਜਾਏ ਅਤੇ ਰੁੱਖੀ-ਸੁੱਕੀ ਖਾ ਕੇ ਗੁਜ਼ਾਰਾ ਕਰੇ। ਇਹ ਵੀ ਕੋਈ ਸੌਖੀ ਗੱਲ ਨਹੀਂ। ਬਾਵਾ ਬਲਵੰਤ ਇਕ ਛੋਟੀ ਜਹੀ ਮਿਆਨੀ ਵਿਚ ਰਹਿੰਦਾ ਸੀ, ਜਿਸ ਵਿਚ ਇਕ ਮੰਜਾ, ਇਕ ਟਰੰਕੀ, ਇਕ ਛਤਰੀ ਅਤੇ ਹੋਰ ਨਿੱਕ ਸੁੱਕ ਪਿਆ ਹੁੰਦਾ ਸੀ। ਆਪਣੇ ਜੀਵਨ ਦੇ ਆਖ਼ਰੀ ਦਿਨ, ਸਿਖਰ ਦੁਪਹਿਰੇ ਗਰਮੀ ਦੇ ਮੌਸਮ ਵਿਚ ਉਹ ਬੱਸ ਰਾਹੀਂ ਆਪਣੇ ਕਿਸੇ ਮਿੱਤਰ ਨੂੰ ਮਿਲਣ ਜਾ ਰਿਹਾ ਸੀ। ਰਸਤੇ ਵਿਚ, ਸ਼ਾਇਦ ਬੱਸ ਵਿਚ ਖੜੇ ਰਹਿਣ ਕਰਕੇ ਉਹ ਨਿਢਾਲ ਹੋ ਗਿਆ ਅਤੇ ਅਗਲੇ ਸਟਾਪ 'ਤੇ ਬੱਸ ਵਿਚੋਂ ਉਤਰ ਗਿਆ। ਫੇਰ ਉਹ ਸੜਕ ਦੇ ਕਿਨਾਰੇ ਬੈਠ ਗਿਆ ਜਾਂ ਲੇਟ ਗਿਆ ਅਤੇ ਬੇਬਸੀ ਦੀ ਹਾਲਤ ਵਿਚ ਆਖ਼ਰੀ ਸਾਹ ਲੈਣ ਉਹ ਜੇਕਰ ਟੈਕਸੀ ਵਿਚ ਜਾਂ ਆਟੋ ਵਿਚ ਸਫ਼ਰ ਕਰ ਰਿਹਾ ਹੁੰਦਾ ਤਾਂ ਇੰਜ ਬੇਯਾਰੋ ਮਦਦਗਾਰ ਨਾ ਚਲਿਆ ਜਾਂਦਾ।

ਕਿਸੇ ਸਾਹਿਤਕਾਰ ਦਾ ਤੰਗਦਸਤੀ ਕਾਰਨ ਗੋਸ਼ਾ-ਨਸ਼ੀਨ (ਗੁੱਠੇ ਲੱਗ ਜਾਣਾ) ਹੋਣਾ, ਜਾਂ ਫਿਰ ਪੈਸਾ ਕਮਾਉਣ ਲਈ ਨੀਵੇਂ ਪੱਧਰ ਦੀਆਂ ਰਚਨਾਵਾਂ ਰਚਣ ਲਈ ਮਜਬੂਰ ਹੋ ਜਾਣਾ, ਬਹੁਤ ਹੀ ਮਾੜੀ ਗੱਲ ਹੈ। ਜਿਊਂਦੇ ਜੀਅ ਨਰਕ ਭੋਗ ਕੇ ਜਾਣ ਉਪਰੰਤ, ਉਸ ਪ੍ਰਸਿੱਧ ਸਾਹਿਤਕਾਰ ਦੀਆਂ ਰਚਨਾਵਾਂ ਬਾਰੇ ਸੈਮੀਨਾਰ ਕਰਵਾਉਣੇ ਉਹਦੇ ਨਾਂ 'ਤੇ ਪੁਰਸਕਾਰ ਦੇਣੇ ਅਤੇ ਸ਼ਤਾਬਦੀਆਂ ਮਨਾਉਣਾ (ਜਿਵੇਂ ਮੰਟੋ ਅਤੇ ਕ੍ਰਿਸ਼ਨ ਚੰਦਰ ਦੀਆਂ) ਹਾਸੋਹੀਣਾ ਕਰਮ ਹੈ। ਏਸ ਵੇਲੇ ਵੀ ਸਾਡੇ ਬਹੁਤ ਸਾਰੇ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਦੇ ਸਾਹਿਤਕਾਰ ਕਿਸੇ ਨਾ ਕਿਸੇ ਕਸ਼ਟ ਵਿਚ ਹਨ। ਉਹ ਆਪਣਾ ਕਾਰਜ ਕਰ ਚੁੱਕੇ ਹਨ ਅਤੇ ਨਾਮਣਾ ਖੱਟ ਚੁੱਕੇ ਹਨ। ਉਹਨਾਂ ਦਾ ਬਿਰਧ ਅਵਸਥਾ ਵਿਚ, ਆਪਣੀ ਸਿਹਤ ਦੀ ਸਮੱਸਿਆ ਜਾਂ ਮਾਲੀ ਸੰਕਟ ਦੇ ਝਮੇਲੇ ਨਾਲ ਨਜਿੱਠਣਾ ਸੰਭਵ ਨਹੀਂ। ਸਰਕਾਰ ਦੇ ਕਈ ਅਦਾਰੇ ਹਨ ਜਿਨ੍ਹਾਂ ਦਾ ਸੰਪਰਕ ਸਾਹਿਤਕਾਰਾਂ ਨਾਲ ਹੈ। ਉਹ ਆਪਣਾ ਫ਼ਰਜ਼ ਪੂਰਾ ਕਰਦੇ ਹੋਏ ਸਾਹਿਤ ਦੇ ਖੇਤਰ ਵਿਚ ਐਸੇ ਹਾਲਾਤ ਪੈਦਾ ਕਰਨ ਤਾਂ ਜੋ ਕਿਸੇ ਕਾਰਨ ਫੱਕਰ ਜਾਂ ਦਰਵੇਸ਼ ਨਾ ਬਣਨਾ ਪਵੇ ਅਤੇ ਨਾ ਹੀ ਕ੍ਰਿਸ਼ਨ ਚੰਦਰ, ਬਲਵੰਤ ਸਿੰਘ ਅਤੇ ਸਆਦਤ ਹਸਨ ਮੰਟੋ ਵਾਂਗ ਆਪਣੀ ਉਚੇਰੀ ਪੱਧਰ ਦਾ ਤਿਆਗ ਕਰਨ ਲਈ ਮਜਬੂਰ ਹੋਣਾ ਪਵੇ।

✪

# ਕਹੀ ਸੁਣੀ ਪਰ ਕਹਾਣੀ ਨਹੀਂ/ - ਗੁਰਸੇਵਕ ਸਿੰਘ ਪ੍ਰੀਤ

***ਅਛੂਤ ਪੀੜ***

ਮੁਸਲਮਾਨ ਆਏ ਸੱਤ ਸੋ ਸਾਲ ਰਾਜ ਕਰਕੇ ਚਲੇ ਗਏ। ਅੰਗਰੇਜ਼ ਸਾਢੇ ਤਿੰਨ ਸੌ ਸਾਲ ਰਾਜ ਕਰ ਗਏ। ਪਰ ਇਕ ਸ਼ਾਤਰ ਕੌਮ 3 ਹਜ਼ਾਰ ਸਾਲ ਤੋਂ ਸ਼ਹਿ ਲਾ ਕੇ ਬੈਠੀ ਹੈ ਤੇ ਲਾਗਾਤਾਰ ਰਾਜ ਕਰ ਰਹੀ ਹੈ। ਪਤਾ ਹੈ ਕੌਣ, ਆਰੀਆ ਬ੍ਰਾਹਮਣ। ਇਹ ਅਜੇ ਵੀ ਹੈਗੀ ਆ। ਸਾਡੇ ਬਜ਼ੁਰਗਾਂ ਨੇ ਪੰਜ ਸੌ ਸਾਲ ਲੜਾਈ ਕੀਤੀ ਹਾਰ ਗਏ ਤੇ ਗੁਲਾਮ ਹੋ ਗਏ। ਅਸੀਂ ਮੂਲ ਨਿਵਾਸੀ ਹਾਂ ਇਸ ਮੁਲਕ ਦੇ ਤੇ ਇਹ ਕਾਬਜ਼, ਆਰੀਅਨ।

ਬ੍ਰਾਹਮਣਾ ਨੇ ਰਾਜ ਕਰਨ ਲਈ ਕਈ ਚਾਲਾਂ ਚੱਲੀਆਂ ਇਕ ਵਿਚ ਸਾਨੂੰ ਅਛੂਤ ਬਣਾ ਦਿੱਤਾ। ਕਹਿੰਦੇ ਇਨ੍ਹਾਂ ਨੂੰ ਹੱਥ ਨਹੀਂ ਲਾਉਣਾ। ਦੂਜੇ ਪਾਸੇ ਆਪਣਾ ਗੋਲਪੁਣਾ ਕਰਾਉਣ ਲਈ ਕੁਝ ਨੂੰ ਸਛੂਤ ਬਣਾ ਦਿੱਤਾ। ਘਰਾਂ ਦੇ ਗੋਲਪੁਣੇ ਲਈ ਉਨ੍ਹਾਂ ਦੀ ਲੋੜ ਸੀ। ਘੜਿਆਂ 'ਚ ਪਾਣੀ ਭਰਾਉਣ ਲਈ ਝੀਵਰ। ਝੀਵਰ ਉਚਿਆਂ ਦੇ ਚੌਂਤਰਿਆਂ 'ਤੇ ਚੜ੍ਹ ਚੁੱਲ੍ਹਿਆਂ ਕੋਲ ਰੱਖੇ ਘੜਿਆਂ 'ਚ ਪਾਣੀ ਭਰਦੇ। ਮਜ਼ਬੂਰੀ ਸੀ, ਇਸ ਲਈ ਝੀਵਰਾਂ ਨੂੰ ਇਹ ਅਧਿਕਾਰ ਦੇ ਦਿੱਤਾ। ਘਰ ਪਾਉਣ ਲਈ ਖਾਤੀ ਚਾਹੀਦੇ ਸੀ। ਕੱਪੜੇ ਸਿਓਣ ਲਈ ਛੀਂਬੇ। ਗਹਿਣੇ ਬਣਾਉਣ ਲਈ ਸੁਨਿਆਰ। ਵਾਲ ਗੁੰਦਣ ਤੇ ਰੋਟੀ ਟੁਕ ਲਈ ਨਾਈ। ਇਹ ਸਭ ਕੌਮਾਂ ਉੱਚਿਆਂ ਦੇ ਘਰਾਂ 'ਚ ਵੜਦੇ। ਉਨ੍ਹਾਂ ਦੇ ਖਾਣ- ਪੀਣ ਤੇ ਸਰੀਰਕ ਲੋੜਾਂ ਦੇ ਕੰਮ ਕਰਦੇ। ਦੋਹਾਂ ਧਿਰਾਂ 'ਚ ਫਰਕ ਪਾਉਣ ਲਈ ਹੁਕਮ ਦੇ ਦਿੱਤਾ ਹੈ ਕਿ ਸਛੂਤ, ਅਛੂਤ ਨਾਲ ਨਹੀਂ ਵਰਤੇਗਾ। ਸ਼ਰਤ ਰੱਖ ਦਿੱਤੀ।

ਬ੍ਰਾਹਮਣਾਂ ਤੋਂ ਪਹਿਲਾਂ ਇਹ ਦਲਿਤ, ਅਛੂਤ, ਸਛੂਤ ਮਾਲਕ ਸੀ। ਦਰਾਵੜ ਕਿਹਾ ਜਾਂਦਾ ਸੀ ਇਨ੍ਹਾਂ ਨੂੰ। ਦਰਾਵੜਾਂ ਦੀ ਸੰਤਾਨ ਮੂਲ ਨਿਵਾਸੀ ਹੈ ਇਸ ਖਿੱਤੇ ਦੀ। ਦੁਨੀਆ ਭਰ ਦੇ ਦੁੱਖ ਸਹਿਣ ਵਾਲਿਆਂ ਦੀ ਸੰਤਾਨ।

ਅਛੂਤ ਦਾ ਪ੍ਰਛਾਵਾਂ ਜੇ ਕਿਸੇ ਉੱਚ ਜਾਤ 'ਤੇ ਪੈ ਜਾਵੇ ਤਾਂ ਉਹ ਗੰਗਾ ਨਹਾ ਕੇ ਆਉਂਦਾ ਸੀ। ਹੁਣ ਵੀ ਇਹੀ ਚੱਲਦਾ। ਕਹਿੰਦੇ ਬ੍ਰਾਹਮਣਾ ਨੇ ਇਕ ਯੂਨੀਵਰਸਿਟੀ ਬਣਾ ਲਈ ਤੇ ਜਗਜੀਵਨ ਰਾਮ ਕੋਲੋਂ ਉਸਦਾ ਉਦਘਾਟਨ ਕਰਵਾਇਆ। ਆਪਣੇ ਵੱਡੇ ਵਡੇਰੇ ਦੀ ਮੂਰਤੀ ਨੂੰ ਹਾਰ ਪਵਾਇਆ। ਮਜ਼ਬੂਰੀ ਸੀ ਕਿਉਂਕੇ ਬਾਬੂ ਜਗਜੀਵਨ ਰਾਮ ਉਦੋਂ ਕੇਂਦਰੀ ਮੰਤਰੀ ਸੀ। ਪਰ ਕਹਿੰਦੇ ਨੇ ਕਿ ਬਾਅਦ ਵਿਚ ਜਿਥੇ -ਜਿਥੇ ਬਾਬੂ ਜੀ ਬੈਠੇ ਤੇ ਜਿਸ ਮੂਰਤੀ ਨੂੰ ਹਾਰ ਪਾਇਆ ਸੀ ਉਸ ਥਾਂ ਨੂੰ ਗਾਂ ਦੇ ਮੂਤ ਤੇ ਗੰਗਾ ਜਲ ਨਾਲ ਧੋ ਕੇ ਸੁੱਚਾ ਕੀਤਾ ਗਿਆ।

ਇਹ ਸੁਣਿਆ ਕਿ ਜੁੱਤੀਆਂ ਬਣਾਉਣ ਵਾਲੇ ਜੁੱਤੀ ਨਹੀਂ ਸੀ ਪਾ ਸਕਦੇ। ਘੋੜੇ ਪਾਲਣ ਵਾਲੇ ਘੋੜੇ ਤੇ ਨਹੀਂ ਸੀ ਚੜ੍ਹ ਸਕਦੇ। ਇਹ ਤਾਂ ਮਾਹਰਾਜ ਗੁਰੂ ਗੋਬਿੰਦ ਸਿੰਘ ਨੇ ਨਿਮਾਣਿਆਂ- ਨਿਤਾਣਿਆਂ ਨੂੰ ਘੋੜਿਆਂ 'ਤੇ ਵੀ ਚੜ੍ਹਾਇਆ ਤੇ ਹੱਥ 'ਚ ਕ੍ਰਿਪਾਨਾਂ ਵੀ ਫੜਾਈਆਂ।

'ਬਾਲਮੀਕੀ' ਨੇ ਆਪਣੀ ਸਵੈ- ਜੀਵਨੀ 'ਚ ਲਿਖਿਆ ਹੈ ਕਿ ਸ਼ੂਦਰਾਂ ਨੂੰ ਆਪਣੇ ਨੰਗੇ ਪੈਰਾਂ ਦੀ ਪੈੜ੍ਹਾਂ ਮਿਟਾਉਣ ਲਈ ਢੂਈ ਨਾਲ ਦਰਖਤ ਦੀ ਟਾਹਣੀ ਬੰਨ੍ਹ ਕੇ ਰੱਖਣੀ ਪੈਂਦੀ ਸੀ। ਮੂਹਰੇ, ਮੂੰਹ ਥੱਲੇ ਮਿੱਟੀ ਦਾ ਠੂਠਾ ਬੰਨ੍ਹ ਕੇ ਰੱਖੋ, ਕਿਉਂਕੇ ਬੋਲਣ ਵੇਲੇ ਜਿਹੜਾ ਥੁੱਕ ਥੱਲੇ ਡਿੱਗਦਾ ਸੀ ਉਸ ਉਪਰ 'ਵੱਡਿਆਂ' ਦਾ ਪੈਰ ਪੈ ਜਾਣ ਕਰਕੇ ਉਹ ਭਰਿਸ਼ਟ ਹੋ ਜਾਂਦੇ ਸੀ।

ਕਈ ਕਹਾਣੀਆਂ ਵੀ ਬਣੀਆਂ ਨੇ। ਅਖੈ ਖਾਤੀਆਂ ਦਾ ਬੁੜਾ ਖੂਹ ਲਾਉਣ ਗਿਆ। ਕਈ ਦਿਨ ਖੂਹ ਲਾਉਂਦਾ ਰਿਹਾ। ਚੱਕ ਬਣਾਇਆ। ਖੂਹ ਉਸਾਰਿਆ। ਟਿੰਡਾਂ ਲਾਈਆਂ। ਸਭ ਕੁਝ ਕੀਤਾ। ਜਦੋਂ ਖੂਹ ਬਣ ਗਿਆ ਤਾਂ ਸਰਦਾਰਾਂ ਦਾ ਵੱਡਾ ਬੁੜਾ ਕਹਿੰਦਾ ਖਾਤੀਆਂ ਪਾਸੇ ਨੂੰ ਹੋ ਜਾ ਤੇਰਾ ਪਰਛਾਵਾਂ ਮੇਰੇ 'ਤੇ



ਪੈਂਦਾ। ਖਾਤੀ ਦਿਲ 'ਚ ਕੂਕਿਆ, 'ਓਏ ਮਾਂ ਦਿਆ..., ਮੈਂ ਮਹੀਨਾ ਭਰ ਖੂਹ ਦੀ ਇਕ ਇਕ ਇੱਟ ਚਿਣਦਾ ਰਿਹਾਂ, ਇਨ੍ਹਾਂ ਇੱਟਾਂ 'ਤੇ ਮੇਰਾ ਮੁੜਕਾ ਡੁੱਲਿਆ, ਮੇਰੇ ਹੱਥ ਲੱਗੇ ਆ... ਇਨ੍ਹਾਂ ਇੱਟਾਂ ਨਾਲ ਲੱਗਿਆ ਪਾਣੀ ਥੋਡੇ ਬੱਬਰ 'ਚ ਜਾਂਦੈ... ਉਹ ਤਾਂ ਚੰਗਾ ਤੇ ਹੁਣ ਮੇਰਾ ਪਰਛਾਵਾਂ ਵੀ ਥੋਨੂੰ ਭਿੱਟ ਚਾਹੜਦਾ।'

ਕਹਿੰਦੇ ਇਕ ਵਾਰ ਜੱਟ ਨੇ ਆਪਣੇ ਸੀਰੀ ਨੂੰ ਅਵਾਜ਼ ਮਾਰੀ, ਕਹਿੰਦਾ ਭਰੀ ਚੁਕਾ ਜਾ। ਉਹ ਗਿਆ ਤਾਂ ਜੱਟ ਨੇ ਜੁੱਤੀ ਖੋਲ੍ਹ ਕੇ ਰੱਖ ਦਿੱਤੀ। ਕਹਿੰਦਾ ਪਹਿਲਾਂ ਇਹ ਹੱਥਾਂ 'ਚ ਪਾ ਲੈ । ਤੂੰ ਜਦੋਂ ਪੰਡ ਚਕਾਵੇਂਗਾ ਤੇਰੇ ਹੱਥ ਮੇਰੇ ਹੱਥਾਂ ਨਾਲ ਲੱਗਣਗੇ, ਮੈਂ ਭਿੱਟ ਜਾਵਾਂਗਾ। ਜੇ ਮੇਰੀ ਜੁੱਤੀ ਮੇਰੇ ਹੱਥਾਂ ਨਾਲ ਲੱਗਜੂ ਤਾਂ ਕੋਈ ਗੱਲ ਨਹੀਂ। ਬਈ ਪੁੱਛਣ ਆਲਾ ਹੋਵੇ ਬਈ ਇਹ ਜੁੱਤੀ ਬਣਾਉਣ ਵਾਲਾ ਚਮਾਰ ਆ, ਉਸਦਾ ਹੱਥ ਲੱਗਿਆ। ਉਹਦੇ ਨਾਲ ਭਿੱਟ ਨੀਂ ਚੜ੍ਹਦੀ। ਕਿ ਨੀਂ। ਪਰ ਬਾਈ ਜੀ ਮਸਲਾ ਤਾਂ ਜ਼ਲੀਲ ਕਰਨ ਦਾ। ਜੁੱਤੀ ਥੱਲੇ ਰੱਖਣ ਦਾ।

ਜਦੋਂ ਭਾਰਤ ਉਪਰ ਅੰਗਰੇਜ਼ਾਂ ਦਾ ਰਾਜ ਸੀ ਤਾਂ ਕਾਰਲ ਮਾਰਕਸ ਨੇ ਕਿਹਾ 'ਦਾਸ ਕੈਪੀਟਲ' ਵਿਚ ਲਿਖਿਆ,'ਭਾਰਤ ਨੂੰ ਅੰਗਰੇਜ਼ਾਂ ਨੇ ਗੁਲਾਮ ਬਣਾ ਲਿਆ ਪਰ ਮੇਰਾ ਦਿਮਾਗ ਕਹਿੰਦਾ ਹੈ ਕਿ ਇਹ ਗੁਲਾਮੀ ਬਹੁਤ ਸਾਰੇ ਲੋਕਾਂ ਨੂੰ ਅਜ਼ਾਦੀ ਮੁਹੱਈਆ ਕਰੇਗੀ।' ਗੱਲ ਵੀ ਸਹੀ ਸੀ। ਉਦੋਂ ਹੀ ਦੇਸ਼ 'ਚ ਸਕੂਲ ਖੁੱਲੇ ਤੇ ਗਰੀਬ ਲੋਕ ਪੜ੍ਹੇ।

ਸੁਣ ਮੇਰੀ ਕਵਿਤਾ:

ਜਿੱਦਣ ਮਹਾਤਮਾ ਬੁੱਧ ਜੰਮਿਆ ਚੰਦ ਪੂਰਾ ਸੀ
ਜਿੱਦਣ ਮਹਾਤਮਾ ਬੁੱਧ ਗਯਾ 'ਚ ਗਿਆ ਹੋਇਆ ਚੰਦ ਪੂਰਾ ਸੀ
ਜਿੱਦਣ ਪਹਿਲੇ ਪੰਜ ਚੇਲਿਆਂ ਨੂੰ ਸਾਰਨਾਥ 'ਚ ਉਪਦੇਸ਼ ਦਿੱਤਾ ਚੰਦ ਪੂਰਾ ਸੀ
ਤੇ ਜਦੋਂ ਕੁਸ਼ੀ ਨਗਰ 'ਚ ਜ਼ਹਿਰ ਦੇ ਕੇ ਮਾਰਿਆ ਓਦਣ ਵੀ ਚੰਦ ਪੂਰਾ ਸੀ
ਤੇ ਅੱਜ ਵੀ ਚੰਦ ਪੂਰਾ ਹੈ,
ਜਦੋਂ ਮੈਂ ਸਰਪੰਚ ਨਾਲ ਲੜਕੇ ਆਇਆ ਹਾਂ।

ਸਣਾਉਣ ਵਾਲੇ ਦੇ ਬੋਲਾਂ 'ਚ ,"ਸਾਡਾ ਬਾਪੂ ਭੱਖੜਾ ਚੁਗ ਕੇ ਲਿਆਉਂਦਾ ਸੀ। ਉਹਨੂੰ ਕੁੱਟ ਕੇ ਬੇਬੇ ਨੇ ਛਟਾਂਕ ਕੁ ਆਟਾ ਕੱਢਣਾ ਤੇ ਉਹਦੀ ਰੋਟੀ ਪਕਾ ਕੇ ਖਵਾਉਣੀ। ਬੁਰਕੀ ਬੁਰਕੀ... ਬਈ ਮਾਂ ਦਿਓ ਖਸਮੋਂ ਜਿਹੜੇ ਖੇਤਾਂ ਵਿਚ ਸਾਡਾ ਖੂਨ ਪਸੀਨਾ ਚੋਂਦਾ ਉਨ੍ਹਾਂ ਖੇਤਾਂ ਦਾ ਅੰਨ ਤਾਂ ਤੁਸੀਂ ਖਾਵੋਂ, ਜਿਹੜੇ ਪਸ਼ੂਆਂ ਨੂੰ ਅਸੀਂ ਚਰਾਉਂਦੇ ਆਂ ਨਹਾਉਂਦੇ ਆਂ ਉਨ੍ਹਾਂ ਦਾ ਦੁੱਧ ਤੁਸੀਂ ਪੀਵੋਂ, ਜਿਹੜੇ ਘਰ ਬਣਾਉਣ ਲਈ ਅਸੀਂ ਵਗਾਰਾਂ ਕਰਦੇ ਹਾਂ ਉਨ੍ਹਾਂ 'ਚ ਤੁਸੀਂ ਰਹੋ... ਉਦੋਂ ਤਾਂ ਭਿੱਟ ਨਹੀਂ ਹੁੰਦੇ ਪਰ ਜੇ ਸਾਡਾ ਹੱਥ ਲੱਗ ਜੇ ਤਾਂ ਭਿੱਟੇ ਗਏ... ।"

ਗੱਲ ਦਾ ਤੋੜਾ ਝਾੜਦਿਆਂ ਉਸ ਕਿਹਾ, ਬ੍ਰਾਹਮਣ ਖਿਲਾਫ ਪਹਿਲੀ ਵਾਰ ਬਗਾਵਤ ਬੁੱਧ ਨੇ ਕੀਤੀ। 2600 ਸਾਲ ਪਹਿਲਾਂ। ਉਹ ਜੁਲਾਹਾ ਸੀ। ਫਿਰ ਅਸ਼ੋਕ ਨੇ ਗਰੀਬਾਂ ਦੀ ਸਾਰ ਲਈ ਉਹ ਸੈਣ ਸੀ, ਨਾਈ। ਫਿਰ ਸਤਿਗੁਰੂ ਨਾਮਦੇਵ ਦੇ ਰਾਜਿਆਂ ਦਾ ਵਿਰੋਧ ਕੀਤਾ ਉਹ ਛੀਂਬਾ ਸੀ। ਕਬੀਰ ਨੇ ਕੀਤਾ ਉਹ ਜੁਲਾਹਾ ਸੀ। ਮਹਾਰਾਜ ਰਵੀਦਾਸ, ਚਮਾਰ। ਪੰਜ ਪਿਆਰਿਆਂ 'ਚ ਚਾਰ ਸਾਡੇ 'ਚੋਂ ਸੀ। ਹੋਰ ਤਾਂ ਹੋਰ ਮਹਾਰਾਜ ਰਣਜੀਤ ਸਿਓਂ ਵੀ ਸਾਂਸੀ ਸੀ। ਗਰੀਬਾਂ 'ਚ ਹੀ ਗਰੀਬਾਂ ਦੀ ਹੈਅ ਦਿਆ ਹੁੰਦਾ ਆ... ਕਿ ਨੀਂ।

ਲੇਖਕ ਵੱਲੋ: ਮੈਂ ਸੋਚਦਾਂ ਪਤਾ ਨਹੀਂ ਇਹ ਗੱਲ ਅੱਜ ਦੇ ਦੌਰ ਪ੍ਰਸੰਗਕ ਹੈ ਜਾਂ ਨਹੀਂ ਪਰ ਉਸਦੇ ਬੋਲਾਂ 'ਚ ਸੱਚਾਈ ਲੱਗੀ ਸੀ। ਮੈਨੂੰ ਹੁਣ ਇਹ ਵੀ ਯਾਦ ਨਹੀਂ ਕਿ ਇਹ ਗੱਲਾਂ ਕਿਸ ਮੌਕੇ ਹੋਈਆਂ ਸਨ। ਪਰ ਗੱਲਾਂ ਖਰੀਆਂ ਸਨ। ਇਸ ਲਈ ਮੇਰੀ ਡਾਇਰੀ 'ਚ ਸਾਂਭੀਆਂ ਪਈਆਂ ਸਨ। ਹਰ ਚੰਗੀ ਰਚਨਾ ਵਾਂਗ ਮੈਂ ਇਹ ਬੋਲ ਸਾਂਭ ਲਏ ਤੇ ਕਰੀਬ ਇਕ ਦਹਾਕੇ ਬਾਅਦ ਤੁਹਾਡੇ ਨਾਲ ਸਾਂਝੇ ਕਰ ਰਿਹਾਂ। ✪

ਨਾਮਦੇਵ ਨਗਰ , ਮੁਕਤਸਰ ।94173-58073

# ਮੋਹਨ ਲਾਲ ਫਿਲੌਰੀਆ ਦਾ ਕਥਾ-ਜਗਤ / - ਡਾ. ਚੰਦਰ ਮੋਹਨ

ਪੰਜਾਬੀ ਸਾਹਿਤਕ ਹਲਕਿਆਂ ਵਿਚ ਢਾਈ-ਤਿੰਨ ਦਹਾਕੇ ਪਹਿਲਾਂ ਪੈਦਾ ਹੋਈ ਦਲਿਤ ਸਾਹਿਤਕ ਲਹਿਰ ਆਪਣੀ ਗਤੀ ਤੇ ਚੇਤਨਾ ਜਾਤ-ਆਧਾਰਤ ਦਲਿਤ ਵਰਗ ਦੀ ਸਥਿਤੀ ਤੋਂ ਪ੍ਰਾਪਤ ਕਰਦੀ ਹੈ। ਇਸ ਲਹਿਰ ਨਾਲ ਸੰਬੰਧਤ ਰਚਨਾ-ਪ੍ਰਕਿਰਿਆ ਆਪਣੀ ਸਿਰਜਣਾਤਮਕ ਸ਼ਕਤੀ ਦਾ ਵਸਤੂਗਤ ਆਧਾਰ ਨਾ ਕੇਵਲ ਵਿਸ਼ੇਸ਼ ਖਿੱਤੇ ਦੀਆਂ ਵਿਸ਼ੇਸ਼ ਜਾਤੀਗਤ ਸਥਿਤੀਆਂ ਨੂੰ ਬਣਾਉਂਦੀ ਹੈ ਬਲਕਿ ਉਨ੍ਹਾਂ ਦੀ ਦ੍ਰਿਸ਼ਟਾਂਤਕ ਪੇਸ਼ਕਾਰੀ ਰਾਹੀਂ ਪ੍ਰਚੱਲਤ ਸਾਹਿਤਕ ਪ੍ਰਬੰਧ ਵਿਚ ਆਪਣਾ ਵੱਖਰਾ ਸਰੂਪ ਕਾਇਮ ਕਰਨ ਲਈ ਵਿਸ਼ੇਸ਼ ਭਾਸ਼ਾਈ ਮੁਹਾਵਰੇ ਦੀ ਵਰਤੋਂ ਵੀ ਕਰਦੀ ਹੈ। ਸ਼ਾਇਦ ਏਸੇ ਵਿਸ਼ੇਸ਼ ਮੁਹਾਵਰੇ ਨੂੰ ਪ੍ਰਗਟਾਉਣ ਲਈ ਪੰਜਾਬੀ ਦੇ ਵੱਡੇ ਲੇਖਕ ਭਾਈਚਾਰੇ ਵਿਚ ਇਕ ਵਰਗ-ਵਿਸ਼ੇਸ਼ ਲੇਖਕ ਭਾਈਚਾਰਾ ਉਭਰ ਕੇ ਸਾਹਮਣੇ ਆਇਆ ਹੈ ਅਤੇ ਉਹ ਵਰਗ-ਵਿਸ਼ੇਸ਼ ਲੇਖਕ ਭਾਈਚਾਰਾ ਹੈ – ਦਲਿਤ ਲੇਖਕਾਂ ਦਾ। ਇਹ ਵਿਸ਼ੇਸ਼ ਲੇਖਕ ਭਾਈਚਾਰਾ ਆਪਣੇ ਜੀਵਨ-ਦਰਸ਼ਨ ਤੇ ਸਾਹਿਤ ਦਰਸ਼ਨ ਰਾਹੀਂ ਸਿਰਜਣਾਤਮਕ ਪੰਜਾਬੀ ਸਾਹਿਤ-ਪਰੰਪਰਾ ਵਿਚ ਇਕ ਨਵੀਂ ਤੇ ਮੌਲਿਕ ਦ੍ਰਿਸ਼ਟੀਗਤ ਪਹੁੰਚ ਦਾ ਮੁੱਢ ਬੰਨ੍ਹ ਕੇ ਅੱਗੇ ਆਉਂਦਾ ਹੈ।

ਪੰਜਾਬੀ ਕਥਾ ਦੇ ਇਤਿਹਾਸ ਵਿਚ ਮੋਹਨ ਲਾਲ ਫਿਲੌਰੀਆ ਅਜਿਹਾ ਹੀ ਕਥਾਕਾਰ ਹੈ ਜਿਹੜਾ ਇਸ ਨਵੀਂ ਤੇ ਮੌਲਿਕ ਦ੍ਰਿਸ਼ਟੀਗਤ ਪਹੁੰਚ ਨੂੰ ਆਪਣੀ ਕਥਾ ਰਚਨਾ ਦਾ ਕੇਂਦਰੀ ਧੁਰਾ ਬਣਾਉਂਦਾ ਹੈ। ਅਚੇਤ-ਸੁਚੇਤ ਰੂਪ ਵਿਚ ਉਹ ਦਲਿਤ ਵਿਅਕਤੀ ਦੀ ਸਮਾਜਕ-ਸਭਿਆਚਾਰਕ ਅਤੇ ਆਰਥਿਕ-ਰਾਜਨੀਤਕ ਤੱਥਾਤਮਕ ਹੋਂਦ ਨੂੰ ਕਥਾ ਸਾਹਿਤ-ਰੂਪ ਵਿਚ ਢਾਲ ਕੇ ਨਾ ਕੇਵਲ ਪੰਜਾਬੀ ਦਲਿਤ ਵਿਅਕਤੀ ਦੀ ਬਲਕਿ ਸਮੁੱਚੇ ਭਾਰਤੀ ਦਲਿਤ ਵਿਅਕਤੀ ਦੀ ਵੇਦਨਾ, ਸੰਵੇਦਨਾ, ਚੇਤਨਾ ਤੇ ਦ੍ਰਿਸ਼ਟੀ ਦੇ ਵਿਭਿੰਨ ਪਹਿਲੂਆਂ ਨੂੰ ਪਾਠਕ ਸਾਹਵੇਂ ਲਿਆਉਂਦਾ ਹੈ।

ਮੋਹਨ ਲਾਲ ਫਿਲੌਰੀਆ ਅਵੱਸ਼ ਹੀ ਜਾਤ ਆਧਾਰਤ ਦਲਿਤ ਵਰਗ ਨਾਲ ਸੰਬੰਧ ਰੱਖਣ ਵਾਲਾ ਕਥਾਕਾਰ ਹੈ। ਚੰਗਾ ਪੜ੍ਹਿਆ ਲਿਖਿਆ ਹੈ। ਨੌਕਰੀ ਪੇਸ਼ੇ ਵਜੋਂ ਬੈਂਕ ਅਫ਼ਸਰ ਰਹਿ ਚੁੱਕਾ ਹੈ। ਪੰਜਾਬ ਦੇ ਦੁਆਬੇ ਇਲਾਕੇ ਨਾਲ ਸੰਬੰਧਤ ਸਾਡੇ ਇਸ ਕਥਾਕਾਰ ਨੇ ਆਪਣੀ ਨੌਕਰੀ ਦੌਰਾਨ ਭਾਰਤ ਦੇ ਵਿਭਿੰਨ ਪ੍ਰਾਂਤਾਂ ਦਾ ਭ੍ਰਮਣ ਕੀਤਾ ਹੈ। ਇਸ ਲਈ ਪੰਜਾਬੀ ਦਲਿਤ ਵਰਗ ਦੇ ਲੇਖਕਾਂ ਦੀ ਸ਼੍ਰੇਣੀ ਵਿਚੋਂ ਉਹ ਵਿਸ਼ਾਲ ਅਨੁਭਵ ਦਾ ਸੁਆਮੀ ਹੈ। ਇਸ ਵਿਸ਼ਾਲ ਅਨੁਭਵ ਦੇ ਵਸਤੂ-ਸਮਾਚਾਰ ਉਸਦੇ ਵਿਅਕਤੀਗਤ ਜੀਵਨ ਨਾਲ ਰਲਮਿਲ ਕੇ ਉਸ ਦੇ ਕਥਾ-ਜਗਤ ਦੇ ਵਿਭਿੰਨ ਵਸਤੂ-ਸੰਦਰਭ ਬਣੇ ਹਨ ਜਿਨ੍ਹਾਂ ਦੀ ਪਛਾਣ ਲੇਖਕ ਰਚਿਤ 'ਸਰਕਾਰੀ ਵਰਦੀ', 'ਲਾਗੀ', 'ਮਿੱਟੀ ਦਾ ਬੋਝ' ਅਤੇ 'ਮੋਚੀ ਦਾ ਪੁੱਤ' ਨਾਮਕ ਕਥਾ-ਸੰਗ੍ਰਹਿਆਂ ਵਿਚ ਮਿਲ ਜਾਂਦੀ ਹੈ।

ਮੋਹਨ ਲਾਲ ਫਿਲੌਰੀਆ ਨੇ ਲਗਪਗ ਸਾਰੀਆਂ ਹੀ ਕਹਾਣੀਆਂ ਵਿਚ ਖ਼ੁਦ ਨੂੰ ਪਾਤਰ ਬਣਾ ਕੇ ਗੱਲ ਕਹਿਣੀ ਚਾਹੀ ਹੈ। ਕਿਤੇ ਗਲਪੀ-ਮੈਂ ਲੇਬਰ ਅਫ਼ਸਰ ਬਣੀ ਹੈ, ਕਿਤੇ ਐਡਮਨਿਸਟਰੇਟਿਵ ਅਫ਼ਸਰ, ਕਿਤੇ ਲਾਅ ਅਫ਼ਸਰ ਤੇ ਕਿਤੇ ਪਰਸੋਨਲ ਅਫ਼ਸਰ। ਇਸ ਅਫ਼ਸਰ ਤੋਂ ਪਹਿਲਾ ਪੜਾਅ ਖੇਤ-ਮਜ਼ਦੂਰ ਵੀ ਹੋ ਨਿਬੜਿਆ ਹੈ। ਸ਼ਾਇਦ ਏਸੇ ਲਈ ਬਹੁਤੀਆਂ ਕਹਾਣੀਆਂ ਵਿਚ ਵਾਰ-ਵਾਰ ਖੇਤਾਂ ਵਿਚ ਕੰਮ ਕਰਦੇ ਵਿਅਕਤੀਆਂ ਦੇ ਪ੍ਰਸੰਗਕ ਚਿਤਰਣ ਮਿਲਦੇ ਹਨ।

'ਲਾਗੀ' ਤੇ 'ਚੋਣ' ਨਾਂਅ ਦੀਆਂ ਕਹਾਣੀਆਂ ਦਲਿਤ ਲੋਕਾਂ (ਚੂਹੜੇ ਅਤੇ ਚਮਾਰ) ਦੀ ਆਰਥਿਕ ਤੇ ਰਾਜਸੀ ਚੇਤਨਾ ਨੂੰ ਪਕੜਦੀਆਂ ਹਨ। ਪਹਿਲੀ ਕਹਾਣੀ ਵਿਚ ਨੀਵੀਂ ਜਾਤ ਦਾ ਮੈਂ ਪਾਤਰ ਉੱਚ ਨੌਕਰੀ ਦੀ ਬਦੌਲਤ ਆਰਥਿਕ ਪੱਖੋਂ ਮਜ਼ਬੂਤ ਹੁੰਦਾ ਹੋਇਆ ਵੀ ਸਮਾਜਕ ਤੇ ਮਾਨਸਿਕ ਪੱਖੋਂ ਪਛੜਿਆ ਵੇਖਿਆ ਜਾ ਸਕਦਾ ਹੈ ਅਤੇ ਦੂਸਰੀ ਕਹਾਣੀ ਵਿਚ ਨੀਵੀਂ ਜਾਤ ਦੇ ਲੋਕਾਂ ਦੀ ਇਕਜੁੱਟ ਰਾਜਸੀ ਏਕਤਾ ਵੀ ਉਨ੍ਹਾਂ ਨੂੰ



ਉੱਚੀ ਜਾਤ ਦੀ ਗੁਲਾਮੀ ਤੋਂ ਛੁਟਕਾਰਾ ਨਹੀਂ ਦਿਵਾ ਸਕਦੀ। ਕਿਉਂਕਿ ਉਹ 'ਅਨਭੋਲ ਕੁੜੀਆਂ' ਕਹਾਣੀ ਵਿਚਲੀਆਂ ਅਜਿਹੀਆਂ ਅਨਭੋਲ ਕੁੜੀਆਂ ਸਮਾਨ ਹਨ ਜਿਨ੍ਹਾਂ ਨੂੰ ਸ਼ਹਿਰ ਜਾਂ ਪਿੰਡ ਵਿਚ ਲੋਕਾਂ ਦੇ ਘਰਾਂ ਜਾਂ ਖੇਤਾਂ ਵਿਚ ਕੰਮ ਕਰਕੇ ਦੋ ਵੇਲੇ ਦੀ ਰੋਟੀ ਮਸੀਂ ਨਸੀਬ ਹੁੰਦੀ ਹੈ ਅਤੇ ਉਨ੍ਹਾਂ ਨੂੰ 'ਅੱਧਾ ਮਨੁੱਖ' ਕਹਾਣੀ ਵਿਚਲੇ ਅਧੂਰੇ ਮਨੁੱਖ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਕਥਾਕਾਰ ਦੀ ਇਹ ਮਜਬੂਰੀ ਯਥਾਰਥ ਨੂੰ ਕਲਾ ਦੀ ਪੱਧਰ ਉੱਤੇ ਪ੍ਰਗਟਾਉਣ ਦੀ ਕਲਾਤਮਕ ਲਾਲਸਾ ਵਿਚੋਂ ਪਨਪੀ ਲਗਦੀ ਹੈ। ਲੇਖਕ ਲਈ ਕਲਾਤਮਕ ਲਾਲਸਾ ਨੂੰ ਪ੍ਰਗਟਾਉਣਾ ਉਸਦੀ ਰਚਨਾਤਮਕ ਪ੍ਰਕਿਰਿਆ ਦਾ ਨਾ ਕੇਵਲ ਯਥਾਰਥਕ ਅਮਲ ਹੁੰਦਾ ਹੈ ਸਗੋਂ ਵਿਚਾਰਧਾਰਕ ਸੰਘਰਸ਼ ਵੀ ਹੁੰਦਾ ਹੈ। ਇਸ ਪ੍ਰਸੰਗ 'ਚ ਦਲਿਤ ਚੇਤਨਾ ਵਾਲੇ ਸਾਹਿਤ ਬਾਰੇ ਪ੍ਰਗਟਾਈ ਡਾ. ਰਘਬੀਰ ਸਿੰਘ ਦੀ ਇਹ ਟਿੱਪਣੀ ਹੀ ਕਾਫ਼ੀ ਹੈ ਕਿ 'ਦਲਿਤ ਦੀ ਸਥਿਤੀ ਨੂੰ ਇਤਿਹਾਸਕ ਯਥਾਰਥ ਦੀ ਸੋਝੀ ਅਤੇ ਮਾਨਵੀ ਹਮਦਰਦੀ ਨਾਲ ਪੇਸ਼ ਕਰਦੀਆਂ, ਆਕ੍ਰੋਸ਼ ਨਾਲ ਭਰੀਆਂ, ਇਹਨਾਂ (ਦਲਿਤ) ਲੇਖਕਾਂ ਦੀਆਂ ਲਿਖਤਾਂ ਪੰਜਾਬੀ ਸਿਰਜਣਾਤਮਕ ਸਾਹਿਤ ਦੇ ਖੇਤਰ ਵਿਚ ਉਸ ਵਰਤਾਰੇ ਦੀਆਂ ਸੂਚਕ ਹਨ ਜਿਸ ਵਿਚ ਦਲਿਤਾਂ ਦੀ ਜਾਤ-ਪਾਤੀ ਚੇਤਨਾ ਪ੍ਰਚੰਡ ਹੋ ਰਹੀ ਹੈ। ਰਜਸੀ ਪਿੜ ਵਾਂਗ ਹੀ ਜਾਤਪਾਤ ਤਕ ਸੁੰਗੜੀ ਦਲਿਤ ਸਾਹਿਤਕ ਚੇਤਨਾ ਭੁਲਾਂਦਰੇਮਈ ਚੇਤਨਾ ਹੈ, ਕਿਉਂਕਿ ਅਨਿਆਈਂ ਵਿਵਸਥਾ ਦਾ ਖਾਤਮਾ ਜਾਤ-ਪਾਤ ਨੂੰ ਉਛਾਲਣ ਵਿਚ ਨਹੀਂ, ਇਸ ਦੀ ਜੜ੍ਹ ਪੁੱਟਣ ਵਿਚ ਹੈ।

ਭਾਰਤੀ ਮਨੂਵਾਦੀ ਵਿਵਸਥਾ ਦੀ ਜੜ੍ਹ ਪੁੱਟਣ ਦੀ ਧੁਨੀ ਮੋਹਨ ਲਾਲ ਫਿਲੌਰੀਆ ਦੀ 'ਮੋਚੀ ਦਾ ਪੁੱਤ' ਕਹਾਣੀ ਵਿਚੋਂ ਸੁਣਾਈ ਦਿੰਦੀ ਹੈ। ਪਰ ਇਹ ਧੁਨੀ ਆਦਰਸ਼ੀ ਭਾਵਕਤਾ ਤਕ ਸਿਮਟ ਕੇ ਰਹਿ ਜਾਂਦੀ ਹੈ। ਇਸ ਕਹਾਣੀ ਵਿਚ ਮੋਚੀ ਦੇ ਪੁੱਤਰ ਨੂੰ ਅਫ਼ਸਰ ਬਣਾਇਆ ਗਿਆ ਹੈ। ਇਸ ਅਫ਼ਸਰ ਦਾ ਸਰੂਪ 'ਕੋਟੇ ਵਾਲੇ', 'ਜੋ ਹਮ ਸ਼ਹਿਰੀ' 'ਸ਼ੈਤਾਨ ਸਿੰਘ' – ਤਿੰਨਾਂ ਕਹਾਣੀਆਂ ਵਿਚੋਂ ਲੱਭਿਆ ਜਾ ਸਕਦਾ ਹੈ। 'ਕੋਟੇ ਵਾਲੇ' ਕਹਾਣੀ ਦੀ ਸਹਿਤਕ ਬਿਰਤਾਂਤ ਸ਼ਕਤੀ ਜਾਤ-ਪਾਤੀ ਪ੍ਰਬੰਧ ਵਿਚਲੇ ਬ੍ਰਾਹਮਣੀ ਮੁੱਲ-ਵਿਧਾਨ ਉੱਤੇ ਜਿੱਤ ਪਾਉਂਦੀ ਜਾਪਦੀ ਹੈ। ਕਿਉਂਜੁ, ਕਹਾਣੀ ਦਾ ਮੈਂ ਪਾਤਰ 'ਕੋਟੇ ਵਾਲਾ' (ਰਿਜ਼ਰਵ ਕੈਟਾਗਰੀ) ਹੁੰਦਾ ਹੈ ਜਿਹੜਾ ਕਿ ਜਨਰਲ ਕੈਟਾਗਰੀ ਕਾਮਿਆਂ ਨਾਲੋਂ ਵੱਧ ਸਫ਼ਲ, ਕੁਸ਼ਲ ਤੇ ਸਾਰਥਕ ਸਿੱਧ ਹੋਇਆ ਹੈ, ਜਿਸਨੇ ਜਾਤ-ਪਾਤ ਹਉਂ ਦਾ ਪ੍ਰਸ਼ਨ ਪੈਦਾ ਕੀਤਾ ਹੈ। ਏਸੇ ਤਰ੍ਹਾਂ 'ਜੋ ਹਮ ਸ਼ਹਿਰੀ' ਕਹਾਣੀ ਦੀ ਮੂਲ ਸਮੱਸਿਆ ਦਫ਼ਤਰਾਂ ਵਿਚ ਕੰਮ ਕਰਦੇ ਸ਼ਡਿਊਲਡ ਕਾਸਟ ਅਫ਼ਸਰਾਂ ਦੀ ਕਾਰਜ-ਕੁਸ਼ਲਤਾ ਉੱਤੇ ਝਾਤ ਮਾਰਦੀ ਹੋਈ ਇਨ੍ਹਾਂ ਦੇ ਜਾਤੀ ਪਿਛੋਕੜ ਨੂੰ ਵੀ ਖਿਸਕਣ ਨਹੀਂ ਦਿੰਦੀ। ਦਫ਼ਤਰਾਂ ਵਿਚ ਕੰਮ ਕਰਦੇ ਵੱਖ-ਵੱਖ ਜਾਤਾਂ ਤੇ ਧਰਮਾਂ ਦੇ ਕਰਮਚਾਰੀਆਂ ਦੀ ਨਿਸ਼ਾਨਦੇਹੀ ਕਰਦੀ ਕਹਾਣੀ 'ਸ਼ੈਤਾਨ ਸਿੰਘ' ਇਤਲਾਹ ਦਿੰਦੀ ਹੈ ਕਿ ਰਿਜ਼ਰਵ ਕੈਟੈਗਰੀਆਂ ਦੇ ਸ਼ਡਿਊਲਡ ਕਾਸਟ ਕਰਮਚਾਰੀ ਚੰਗੇ ਸਾਬਤ ਹੁੰਦੇ ਹਨ। ਕਿਉਂਜੁ, ਉਨ੍ਹਾਂ ਦਾ ਸਮਾਜਕ ਤੌਰ ਤੇ ਪਛੜਿਆਪਣ ਉਨ੍ਹਾਂ ਵਿਚ ਜਾਤੀਹੀਣਤਾ ਦੀ ਭਾਵਨਾ ਜਗ੍ਹਾ ਕੇ ਉਨ੍ਹਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਬਣਨ ਦੇ ਸੁਪਨਿਆਂ ਨਾਲ ਭਰਪੂਰ ਕਰਦਾ ਹੈ ਜਿਸ ਉੱਤੇ ਉਨ੍ਹਾਂ ਦਾ ਭਵਿੱਖਾਰਥੀ ਸਮਾਜਕ ਰੁਤਬਾ ਟਿਕਣਾ ਹੈ।

'ਲੇਖਾ-ਜੋਖਾ' ਕਹਾਣੀ ਵਿਚ ਕੰਮੀ ਕਮੀਣ ਪਿੰਡ ਦੇ ਜੱਟਾਂ ਦੇ ਖੇਤਾਂ ਵਿਚ ਗੋਲਪੁਣਾ ਕਰਦੇ ਹੋਏ ਆਪਣੇ ਪੁੱਤਰਾਂ ਨੂੰ ਅਫ਼ਸਰ ਬਣਾ ਦਿੰਦੇ ਹਨ। ਕਹਾਣੀ ਲੇਖਾ-ਜੋਖਾ ਕਰਦੀ ਹੈ ਕਿ ਕੀ ਉਹ ਅਫ਼ਸਰ ਬਣਿਆ ਪੁੱਤ ਸੱਚਮੁੱਚ ਹੀ ਉਸਦੀ ਮਾਂ ਨੇ ਪਾਲਿਆ, ਪੜ੍ਹਾਇਆ ਤੇ ਨੌਕਰੀ ਲਗਾਇਆ ਹੈ? 'ਔਕਾਤ' ਨਾਮੀ ਕਹਾਣੀ ਨੀਵੀਂ ਜਾਤ ਤੇ ਜਮਾਤ ਦੇ ਵਿਵਹਾਰਕ ਪਛੜੇਵੇਂ ਨੂੰ ਬੂਟ ਪਾਲਿਸ਼ ਕਰਦੇ ਮੁੰਡੇ ਦੀ ਘਟਨਾ ਨਾਲ ਕੁਰੇਦਦੀ ਹੋਈ ਸਾਬਤ ਕਰਨਾ ਚਾਹੁੰਦੀ ਹੈ ਕਿ ਵਰਣ-ਵਿਵਸਥਾ ਵਾਲੇ ਸਮਾਜ ਵਿਚ ਸਭ ਤੋਂ ਨੀਵੇਂ ਵਰਣ ਵਾਲੇ ਲੋਕਾਂ ਦੀ ਹੀ ਨੀਵੀਂ ਜਮਾਤ ਬਣਦੀ ਹੈ। ਏਸੇ ਤਰ੍ਹਾਂ ਹੀ 'ਹੱਥ ਕੰਡੇ' ਕਹਾਣੀ ਜਮਾਤੀ ਪ੍ਰਬੰਧ ਨੂੰ ਉਲੀਕਣ ਲਈ ਮੁਖਾਤਬ ਤਾਂ ਲਗਦੀ ਹੈ ਪਰ ਜਮਾਤੀ ਚੇਤਨਾ ਦੀਆਂ ਸੂਖਮ ਤੰਦਾਂ ਗੁੰਦਣ ਵਿਚ ਜ਼ਰਾ ਢਿੱਲੀ ਰਹਿ

ਜਾਂਦੀ ਹੈ। ਕੀ ਇਹ ਦਲਿਤ ਚੇਤਨਾ ਦਾ ਵਿਚਾਰਧਾਰਕ ਪਹਿਲੂ ਨਹੀਂ ਹੈ?

ਨੌਕਰੀਆਂ ਵਿਚ ਦਿੱਤੀ ਜਾਂਦੀ ਸਰਕਾਰੀ ਰਿਜ਼ਰਵੇਸ਼ਨ ਦੀ ਪੁਣ-ਛਾਣ ਕਰਦੀ ਹੋਈ 'ਬੇਕਸਾਂ ਦਾ ਯਾਰ' ਕਹਾਣੀ ਦੱਸਦੀ ਹੈ ਕਿ ਇਹ ਰਿਜ਼ਰਵੇਸ਼ਨ ਦੀ ਬਲਾਅ ਨੌਕਰੀ ਕਰਦੇ ਰਿਜ਼ਰਵ ਬੰਦਿਆਂ ਨੂੰ ਦਫ਼ਤਰਾਂ ਵਿਚ ਤਾਂ ਚਿੰਮੜਦੀ ਹੀ ਹੈ, ਕਿਰਾਏ ਉੱਤੇ ਰਹਿੰਦੇ ਅਜਿਹੇ ਕਰਮਚਾਰੀਆਂ ਨੂੰ ਚੈਨ ਨਾਲ ਇਕ ਥਾਂ 'ਤੇ ਟਿਕ ਕੇ ਵੀ ਬਹਿਣ ਨਹੀਂ ਦਿੰਦੀ। ਉਨ੍ਹਾਂ ਨੂੰ ਸਰਕਾਰ ਵੱਲੋਂ ਬਣਾਇਆ 'ਐਨਟੈਚਬਿਲਟੀ ਐਕਟ' ਚਿੱਬਾ-ਖੜਿੱਬਾ ਅਤੇ ਰਿਜ਼ਰਵੇਸ਼ਨ ਵਿਰੋਧੀ ਜਾਪਦਾ ਹੈ। ਕੀ ਅਜਿਹੀਆਂ ਸਮਾਜਕ ਘਟਨਾਵਾਂ ਹੀ ਦਲਿਤ ਸਾਹਿਤ ਦਾ ਵਿਸ਼ੈ-ਖੇਤਰ ਹਨ?

'ਕਾਲੇ ਗੋਰੇ' ਕਹਾਣੀ ਦੇ ਬਿਰਤਾਂਤਕ ਸਿੱਕੇ ਦੇ ਇਕ ਪਾਸੇ ਤਾਂ ਆਵਾਸੀ ਉੱਚੇ/ਨੀਵੇਂ ਭਾਵ ਜੱਟ/ਚੂਹੜੇ-ਚਮਾਰ ਦਾ ਵਿਤਕਰਾ ਪਿਆ ਵੇਖਿਆ ਜਾ ਸਕਦਾ ਹੈ, ਤੇ ਦੂਸਰੇ ਪਾਸੇ ਰੋਜ਼ੀ ਰੋਟੀ ਦੀ ਭਾਲ ਲਈ ਇੰਗਲੈਂਡ ਗਏ ਪਰਵਾਸੀ-ਚਾਹੇ ਉਹ ਉੱਚੀ ਜਾਤ ਦਾ ਹਿੰਦੁਸਤਾਨੀ ਹੀ ਕਿਉਂ ਨਾ ਹੋਵੇ; ਗੋਰੇ ਲੋਕ ਉਸਨੂੰ ਕਾਲੇ ਕਹਿ ਕੇ ਪੁਕਾਰਦੇ ਹਨ, ਕਹਾਣੀ ਵਿਚਲੇ ਪਰਵਾਸੀ ਪਾਤਰ ਜਤਿੰਦਰ ਗਿੱਲ ਨੂੰ ਇਸ ਗੱਲ ਦਾ ਅਹਿਸਾਸ ਆਪਣੇ ਵਤਨ 'ਚ ਆਪਣੇ ਘਰ ਗੋਹਾ-ਕੂੜਾ ਸੁੱਟਣ ਵਾਲੀ ਚੂਹੜੀ ਨੂੰ ਵੇਖ ਕੇ ਹੁੰਦਾ ਹੈ। ਉਹ ਉਸਨੂੰ ਆਪਣੇ ਗਲ ਨਾਲ ਲਾ ਕੇ ਰੋਣਾ ਚਾਹੁੰਦਾ ਹੈ। ਕੀ ਪਰਵਾਸੀਆਂ ਨਾਲ ਹੁੰਦਾ ਇਹ ਵਿਤਕਰਾ ਦਲਿਤ ਵਿਤਕਰੇ ਨਾਲੋਂ ਘੱਟ ਹੈ? ਪੰਜਾਬੀ ਸਾਹਿਤ ਦੇ ਸੰਦਰਭ ਵਿਚ ਦਲਿਤ ਸਾਹਿਤ ਦੇ ਮੂਲ ਸੂਤਰਾਂ ਨੂੰ ਵਿਚਾਰਨ ਲੱਗਿਆਂ ਇਸ ਨੁਕਤੇ ਵੱਲ ਵੀ ਧਿਆਨ ਦੇਣਾ ਬਣਦਾ ਹੈ।

'ਕਾਲੇ ਗੋਰੇ' ਕਹਾਣੀ ਦੀ ਕਲਾਤਮਕ ਪ੍ਰਾਪਤੀ ਏਸੇ ਗੱਲ ਵਿਚ ਹੈ ਕਿ ਇਸਨੇ ਪੰਜਾਬੀ ਸਮਾਜ ਦੇ ਜਾਤ-ਪਾਤੀ ਪ੍ਰਬੰਧ ਦੇ ਵਾਂਗ ਬਰਤਾਨਵੀ ਨਸਲਵਾਦ ਦੇ ਸ਼ਿਕਾਰ ਪੰਜਾਬੀ ਲੋਕਾਂ ਦੇ ਜੀਵਨ-ਯਥਾਰਥ ਨੂੰ ਚਿਤਰਿਤ ਕੀਤਾ ਹੈ। ਕਹਾਣੀਕਾਰ ਅਨੁਸਾਰ ਜਿੱਥੇ ਹਰ ਦਲਿਤ ਨੂੰ ਦੇਸ਼ ਵਿਚ ਛੂਤ-ਛਾਤ ਦੀ ਸਮੱਸਿਆ ਨੂੰ ਭੋਗਣਾ ਪੈਂਦਾ ਹੈ ਉਥੇ ਹਰ ਦਲਿਤ ਅਤੇ ਗੈਰ-ਦਲਿਤ ਭਾਰਤੀ ਵਿਅਕਤੀ ਨੂੰ ਬਰਤਾਨੀਆ ਵਿਚ ਨਸਲਵਾਦ ਦਾ ਜ਼ਰੂਰੀ ਤੌਰ 'ਤੇ ਸ਼ਿਕਾਰ ਹੋਣਾ ਪੈਂਦਾ ਹੈ। ਫਿਲੌਰੀਆ ਦੀ ਕਥਾ-ਦ੍ਰਿਸ਼ਟੀ ਬਰਤਾਨਵੀ ਨਸਲਵਾਦ ਦੀਆਂ ਜੜ੍ਹਾਂ ਨੂੰ ਭਾਰਤੀ ਦਲਿਤਵਾਦ 'ਚੋਂ ਖੋਜਣ ਦਾ ਪ੍ਰਯਤਨ ਕਰਦੀ ਹੈ। ਕਹਾਣੀ ਵਿਚਲੇ ਦੋ ਪਾਤਰਾਂ-ਨਾਮੋ ਤੇ ਜਤਿੰਦਰ ਦੇ ਹਾਵਾਂ-ਭਾਵਾਂ ਰਾਹੀਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ। ਜਿੱਥੇ ਨਾਮੋ ਭਾਰਤੀ ਚਮਾਰ ਜਾਤੀ ਵਿਚੋਂ ਹੋਣ ਕਰਕੇ ਭਾਰਤ ਵਿਚ ਕਾਲੀ ਨਸਲ ਹੈ ਉਥੇ ਜਤਿੰਦਰ ਵਲੈਤ ਵਿਚ ਹਿੰਦੁਸਤਾਨੀ ਕਾਲਾ ਹੋਣ ਕਰਕੇ ਆਪਣੇ ਆਪ ਨੂੰ ਵਲੈਤੀ ਲੋਕਾਂ ਵਿਚ ਛੋਟੀ ਜਾਤ ਦੇ ਨਾਂ ਨਾਲ ਜਾਣਿਆ ਜਾਂਦਾ ਵਲੈਤੀ ਕਾਲਾ ਮਹਿਸੂਸ ਕਰਦਾ ਹੈ।

ਬੁਨਿਆਦੀ ਤੌਰ 'ਤੇ ਫਿਲੌਰੀਆ ਦੀ ਰਚਨਾ-ਵਸਤੂ ਦਾ ਕੇਂਦਰੀ ਧੁਰਾ ਜਾਤੀਗਤ ਉਤਪੀੜਨ ਹੈ। ਜਾਤੀਗਤ ਉਤਪੀੜਨ ਅਜੇ ਵੀ ਭਾਰਤ ਵਰਗੇ ਲੋਕਤੰਤਰਕ ਉਦਾਰਵਾਦੀ ਕਹੇ ਜਾਂਦੇ ਦੇਸ਼ ਲਈ ਇਕ ਚੁਣੌਤੀ ਹੈ। ਜਾਤੀਗਤ ਅਨਿਆਂ ਦੇ ਵਿਰੁੱਧ ਸੁਪਰੀਮ ਕੋਰਟ ਵਿਚ ਅਪੀਲਾਂ ਤੇ ਫੈਸਲੇ ਹੋ ਸਕਦੇ ਹਨ ਪਰ ਜ਼ਰੂਰੀ ਨਹੀਂ ਅਜਿਹੀਆਂ ਅਪੀਲਾਂ ਤੇ ਫੈਸਲਿਆਂ ਦੇ ਸਮੂਹਕ ਪੱਧਰ 'ਤੇ ਵੀ ਸੰਤੋਸ਼ਜਨਕ ਸਿੱਟੇ ਨਿਕਲ ਸਕਣ। ਜਾਤੀਗਤ ਉਤਪੀੜਨ ਵਿਰੁੱਧ ਸੰਵਿਧਾਨਕ ਵਿਵਸਥਾ ਵੀ ਕੀਤੀ ਗਈ ਹੈ। ਛੂਤ-ਛਾਤ ਨੂੰ ਮੰਨਣ ਤੇ ਫੈਲਾਉਣ ਵਾਲਾ ਵਿਅਕਤੀ ਕਾਨੂੰਨ ਦੀ ਨਜ਼ਰ ਵਿਚ ਅਪਰਾਧੀ ਮੰਨਿਆ ਜਾਂਦਾ ਹੈ। ਐਪਰ, ਸਿਧਾਂਤ ਅਤੇ ਵਿਹਾਰ ਵਿਚ ਬੜਾ ਫਰਕ ਪਾਇਆ ਜਾਂਦਾ ਹੈ। ਅਕਸਰ ਵਿਹਾਰ ਸਿਧਾਂਤ ਦੇ ਉਲਟ ਜਾ ਖੜਦਾ ਹੈ। ਸਿਧਾਂਤ ਦੀ ਇਸ ਉਲਟ ਦਿਸ਼ਾ ਦੇ ਵਿਹਾਰ ਦਾ ਗਲਪੀਕਰਣ 'ਪਾਗਲਖਾਨਾ' ਕਹਾਣੀ ਵਿਚ ਹੋਇਆ ਮਿਲਦਾ ਹੈ।



ਭਾਰਤ ਦੇਸ਼ ਦੇ ਧਰਮ ਅਤੇ ਨਿਆਂ-ਪ੍ਰਬੰਧ ਉਤੇ ਸਰਮਾਏ ਦੀ ਪ੍ਰਧਾਨਤਾ ਨੂੰ ਦਰਸਾਉਣਾ 'ਲੇਬਰ ਕੋਰਟ ਉਦਾਸ ਹੈ' ਕਹਾਣੀ ਦਾ ਮੂਲ ਮੰਤਵ ਹੈ। ਪਰਤਾਪ ਸਿੰਘ ਅਤੇ ਰਾਮ ਪਿਆਰੀ ਕਹਾਣੀ ਦੇ ਦੋਵੇਂ ਪਾਤਰ ਸਮਾਜਕ ਬੇਇਨਸਾਫੀ ਦਾ ਸ਼ਿਕਾਰ ਹਨ। ਉਹਨਾਂ ਨਾਲ ਸਮਾਜਕ ਪੱਧਰ ਉੱਤੇ ਜੋ ਕੁਝ ਵਾਪਰਦਾ ਹੈ, ਉਹ ਉਹਨਾਂ ਦੀ ਉਸ ਪ੍ਰਤੀ ਮਹਿਸੂਸਣ ਸ਼ਕਤੀ ਤੋਂ ਕਿਤੇ ਜ਼ਿਆਦਾ ਘਿਣਾਉਣੇ ਰੂਪ 'ਚ ਵਾਪਰ ਜਾਂਦਾ ਹੈ। ਇਸ ਘਿਣਾਉਣੇ ਰੂਪ ਤੋਂ ਨਾ ਤਾਂ ਉਹਨਾਂ ਨੂੰ ਕਾਮਰੇਡੀ ਅਸੂਲ, ਨਾ ਧਾਰਮਿਕ ਵਿਸ਼ਵਾਸ ਅਤੇ ਨਾ ਹੀ ਗਰੀਬ-ਗੁਰਬਿਆਂ ਦੀ ਰਾਖੀ ਲਈ ਬਣਿਆ ਨਿਆਂ-ਪ੍ਰਬੰਧ ਛੁਟਕਾਰਾ ਦਵਾ ਸਕੇ। ਕਾਰਨ ਇਸਦਾ ਕਹਾਣੀ ਵਿਚੋਂ ਇਹ ਲੱਭਦਾ ਹੈ ਕਿ ਸਮਾਜ ਦੀ ਸਮੁੱਚੀ ਜੀਵਨ ਤੋਰ ਪੂੰਜੀ ਹੀ ਨਿਰਧਾਰਤ ਕਰਦੀ ਹੈ ਅਤੇ ਜਿਸ ਵਰਗ ਦੇ ਹੱਥ ਵਿਚ ਪੂੰਜੀ ਦਾ ਇਕੱਤਰੀਕਰਣ ਹੋਇਆ ਹੁੰਦਾ ਹੈ, ਉਹੀ ਵਰਗ ਆਪਣੇ ਹਿੱਤਾਂ ਦੀ ਰਾਖੀ ਲਈ ਸੰਚਿਤ ਕੀਤੀ ਪੂੰਜੀ ਦੇ ਰਾਹੀਂ ਸਟੇਟ ਮਸ਼ੀਨਰੀ ਨੂੰ ਵਰਤਣ ਦੇ ਯੋਗ ਹੋ ਜਾਂਦਾ ਹੈ।

ਸਟੇਟ ਮਸ਼ੀਨਰੀ ਦੇ ਹੋਰਨਾਂ ਅਨੇਕਾਂ ਪੁਰਜ਼ਿਆਂ ਵਾਂਗ ਸਟੇਟ ਦੀ ਪੁਲਿਸ ਵੀ ਇਸ ਮਸ਼ੀਨਰੀ ਦੇ ਇਕ ਪੁਰਜ਼ੇ ਸਮਾਨ ਹੈ। ਕਹਾਣੀ ਦੀ ਮੂਲ ਆਤਮਾ ਮੁਤਾਬਕ ਸਟੇਟ ਮਸ਼ੀਨਰੀ ਦੀ ਵਾਗਡੋਰ ਮਹਿਤਿਆਂ, ਜੋਸ਼ੀਆਂ, ਕਾਲੜਿਆਂ ਆਦਿ ਸਵਰਨ ਜਾਤੀ ਸਰਮਾਏਦਾਰ ਜਮਾਤ ਦੇ ਲੋਕਾਂ ਦੇ ਹੱਥਾਂ ਵਿਚ ਹੈ। ਅਜਿਹੇ ਲੋਕਾਂ ਦੇ ਹੱਥਾਂ ਵਿਚ ਆਈ ਇਹ ਕਠਪੁਤਲੀ ਦਾ ਨਾਚ ਨੱਚਦੀ ਦਫ਼ਤਰਾਂ ਵਿਚ ਵੇਖੀ ਜਾ ਸਕਦੀ ਹੈ। 'ਤਫ਼ਤੀਸ਼' ਕਹਾਣੀ ਦਾ ਘਟਨਾਵੀ ਵਾਤਾਵਰਣ ਇਸ ਸਮਾਜਕ ਸੱਚ ਦਾ ਜਿਉਂਦਾ ਜਾਗਦਾ ਸਬੂਤ ਪੇਸ਼ ਕਰਦਾ ਹੈ। ਕਹਾਣੀ ਦੇ ਅੰਤ ਵਿਚ ਇਕ ਚੌਂਕੀਦਾਰ ਨੂੰ ਪੁਲਿਸ ਵਾਲੇ ਕੁੱਟਮਾਰ ਕੇ ਉਸ ਕੋਲੋਂ ਇਸ ਗੱਲ ਦਾ ਪਤਾ ਲਗਵਾਉਣਾ ਚਾਹੁੰਦੇ ਹਨ ਕਿ ਦਫ਼ਤਰ ਵਿਚ ਲੱਗੀ ਅੰਬੇਦਕਰ ਦੀ ਫੋਟੋ ਕਿਸ ਨੇ ਤੋੜੀ ਹੈ। ਇਸ ਪੁੱਛ-ਗਿੱਛ ਦੌਰਾਨ ਉਹ ਨਾਕਾਮ ਰਹਿ ਜਾਂਦੇ ਹਨ। ਕਹਾਣੀ ਦਾ ਅੰਤਲਾ ਬਿਰਤਾਂਤਕ ਬੋਲ ਪੁਲਿਸ ਵਾਲੇ ਦੇ ਮੂੰਹੋਂ ਇੰਝ ਬੁਲਵਾਇਆ ਗਿਆ ਹੈ 'ਅਸਲ ਦੋਸ਼ੀ ਬਹੁਤ ਜਲਦੀ ਫੜ ਲਏ ਜਾਣਗੇ – ਇਹ ਬੋਲ ਅਸਲ ਵਿਚ ਸਟੇਟ ਮਸ਼ੀਨਰੀ ਦਾ ਸਵਰਨ ਜਾਤੀ ਅਫ਼ਸਰਾਂ/ਕਾਮਿਆਂ ਵੱਲ ਵਧਿਆ ਮਿੱਤਰਤਾ ਵਾਲਾ ਹੱਥ ਵਿਖਾਉਂਦਾ ਹੈ। ਅਤੇ ਚੌਂਕੀਦਾਰ ਦੀ ਕੁੱਟਮਾਰ ਇਸ ਤੱਥ ਦੀ ਗਵਾਹੀ ਭਰਦੀ ਘਟਨਾ ਹੈ ਕਿ ਅੰਬੇਦਕਰ ਦੀ ਵਿਚਾਰਧਾਰਾ ਨੂੰ ਸਮਝਣ-ਸਮਝਾਉਣ ਵਾਲੇ ਲੋਕ ਪ੍ਰੈਕਟੀਕਲ ਤੌਰ 'ਤੇ ਨਾਕਾਮ ਹੋ ਜਾਂਦੇ ਹਨ।

'ਅੱਧੀ ਤਨਖਾਹ' ਕਹਾਣੀ ਵੀ ਛੋਟੀ ਜਿਹੀ ਘਟਨਾ ਰਾਹੀਂ ਸਟੇਟ ਮਸ਼ੀਨਰੀ ਦੀ ਕਾਰਗੁਜ਼ਾਰੀ ਉੱਤੇ ਵਿਅੰਗ ਕੱਸਦੀ ਹੈ। ਘਟਨਾ ਹੈ – ਬਿਜਲੀ ਦੇ ਵਧਦੇ ਬਿੱਲਾਂ ਦੀ ਸਮੱਸਿਆ। ਕਹਾਣੀ ਦੱਸਦੀ ਹੈ ਕਿ ਇਸ ਸਮੱਸਿਆ ਦਾ ਸਾਹਮਣਾ ਗਰੀਬ-ਗੁਰਬੇ, ਛੋਟੀਆਂ ਜਾਤਾਂ ਵਾਲੇ ਲੋਕਾਂ ਨੂੰ ਕਰਨਾ ਪੈ ਰਿਹਾ ਹੈ। ਜਿਹਨਾਂ ਦਾ ਮਹੀਨੇ ਦਾ ਬਿਜਲੀ ਦਾ ਬਿੱਲ ਉਨ੍ਹਾਂ ਦੀ ਅੱਧੀ ਤਨਖਾਹ ਨਾਲ ਤਰਦਾ ਹੈ। ਕਹਾਣੀ ਵਿਚੋਂ ਇਹ ਰਾਜਨੀਤਕ ਸਚਾਈ ਸਪਸ਼ਟ ਹੁੰਦੀ ਹੈ ਕਿ ਵੱਡੇ ਜ਼ਿਮੀਂਦਾਰਾਂ ਦੀ ਸਰਕਾਰ ਨੇ ਆਪਣੇ ਢਿੱਡ ਭਰਨ ਲਈ ਆਮ ਗਰੀਬ ਜਨਤਾ ਦਾ ਖ਼ੂਨ ਚੂਸਣ ਵਿਚ ਕੋਈ ਕਸਰ ਨਹੀਂ ਛੱਡੀ।

ਭਾਰਤੀ ਲੋਕਤੰਤਰੀ ਦੇਸ਼ ਵਿਚ ਵੋਟਾਂ ਖਰੀਦਣ ਅਤੇ ਵੇਚਣ ਦੀ ਰਾਜਨੀਤੀ, ਅਖੌਤੀ ਪੇਂਡੂ ਬਾਬਿਆਂ ਦੇ ਤਾਂਤਰਿਕ ਕ੍ਰਿਸ਼ਮੇਂ, ਦਲਿਤ ਔਰਤਾਂ ਦੀ ਦਲਿਤਤਾ, ਦਲਿਤ ਮਰਦਾਂ ਦੀਆਂ ਭੈੜੀਆਂ ਤੇ ਗੰਦੀਆਂ ਆਦਤਾਂ ਦੇ ਕਥਾ-ਸੰਦਰਭ 'ਮਿੱਟੀ ਦਾ ਬੋਝ' ਕਹਾਣੀ ਵਿਚੋਂ ਲੱਭਦੇ ਹਨ। ਕਹਾਣੀ ਵਿਚ ਸਾਹਮਣੇ ਆਉਂਦੇ ਦਲਿਤ ਮਰਦ-ਪਾਤਰ ਤਾਂ ਸ਼ਰਾਬ, ਡੋਡਿਆਂ, ਅਫੀਮ ਆਦਿ ਨਸ਼ਿਆਂ 'ਚ ਉਮਰ ਗਵਾ ਰਹੇ ਹਨ ਪਰ ਦਲਿਤ ਔਰਤ-ਪਾਤਰ ਹੱਥੀਂ ਕੰਮ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ। ਘਾਹ ਖੋਤਣ, ਆਲੂ ਪੁੱਟਣ, ਝੋਨਾ ਬੀਜਣ-ਗੁੱਡਣ, ਵੱਢਣ-ਝਾੜਨ ਆਦਿ ਕਾਰਨ ਪਏ ਉਹਨਾਂ ਦੇ ਹੱਥਾਂ ਉਤਲੇ ਖੁਰਦਰੇ ਅੱਟਣ ਦੱਸਦੇ ਹਨ ਕਿ ਉਹ ਮਿਹਨਤ-ਮਜ਼ਦੂਰੀ ਕਰਨ ਵਾਲੀਆਂ ਪਾਤਰ ਹਨ। ਮਿਹਨਤ ਮਜੂਰੀ ਬਦਲੇ ਉਹਨਾਂ ਨੂੰ

ਜ਼ਿਮੀਂਦਾਰਾਂ ਦੇ ਘਰੋਂ ਮੰਗਵੀਆਂ ਰੋਟੀਆਂ ਨਸੀਬ ਹੁੰਦੀਆਂ ਹਨ। ਪਰ ਉਹਨਾਂ ਦੇ ਨਸੀਬ ਉਹਨਾਂ ਦੇ ਮਰਦਾਂ ਦੀਆਂ ਭੈੜੀਆਂ ਆਦਤਾਂ ਦੀ ਵਜ੍ਹਾ ਕਾਰਨ ਵੀ ਫੁੱਟਦੇ ਹਨ। ਸਿੱਟੇ ਵਜੋਂ ਦਲਿਤ ਮਰਦ-ਪਾਤਰ ਆਪਣੀਆਂ ਔਰਤਾਂ ਨੂੰ ਇਕ ਨਰਕ (ਪੇਕੇ ਘਰ) ਤੋਂ ਦੂਸਰੇ ਨਰਕ (ਸਹੁਰੇ ਘਰ) 'ਚ ਧੱਕ ਦਿੰਦੇ ਹਨ। ਇਕ ਦਲਿਤ ਪਾਠਕ ਨੂੰ ਕਹਾਣੀਆਂ ਵਿਚੋਂ ਉਸਦੇ ਆਪਣੇ ਅਨੁਭਵ ਦੇ ਹਾਣ ਦਾ ਦਲਿਤ ਅਨੁਭਵ ਮਾਨਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਅਤੇ ਇਹ ਅਨੁਭਵ ਆਮ ਪਾਠਕਾਂ ਦੀ ਸੋਝੀ ਵੀ ਵਿਸਤਾਰਦਾ ਹੈ।

ਸਮੁੱਚੇ ਭਾਰਤ ਦੇ ਬਾਕੀ ਪ੍ਰਾਂਤਾਂ ਦੇ ਮੁਕਾਬਲੇ ਪੰਜਾਬ ਵਿਚ ਅੱਜ ਵਰਣ-ਵਿਵਸਥਾ ਭਾਵੇਂ ਉਤਨੀ ਪੱਕੀ ਪੀਢੀ ਅਵਸਥਾ ਵਿਚ ਨਹੀਂ ਰਹੀ ਪਰ ਫਿਰ ਵੀ ਸਮਾਜਕ ਜੀਵਨ ਉਤੇ ਇਸਦੀ ਜਕੜ ਦੇ ਪ੍ਰਮਾਣ ਮੋਹਨ ਲਾਲ ਫਿਲੌਰੀਆ ਦੀਆਂ ਕਹਾਣੀਆਂ ਵਿਚੋਂ ਮਿਲਦੇ ਹਨ। 'ਕੋਟੇ ਵਾਲੇ' ਕਹਾਣੀ ਇਸ ਪ੍ਰਸੰਗ 'ਚ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਕਹਾਣੀ ਗਵਾਹੀ ਦਿੰਦੀ ਹੈ ਕਿ ਦਲਿਤਾਂ ਲਈ ਪਿੰਡਾਂ ਵਿਚ 'ਚੁਮਾਲੜੀ' ਜਾਂ 'ਚਮੂਲੜੀ' ਸ਼ਬਦ ਵਰਤਿਆ ਜਾਂਦਾ ਸੀ। ਪਰ ਜਦੋਂ ਉਹੀ ਦਲਿਤ ਪੜ੍ਹ ਲਿਖ ਕੇ ਸ਼ਹਿਰੀ ਦਫ਼ਤਰਾਂ ਵਿਚ ਕੰਮਾਂ ਉੱਤੇ ਜਾ ਲੱਗੇ ਹਨ, ਉਹਨਾਂ ਨੂੰ ਕੋਟੇ ਵਾਲੇ ਦੇ ਨਾਮ ਨਾਲ ਪੁਕਾਰਿਆ ਜਾਣ ਲੱਗ ਪੈਂਦਾ ਹੈ। ਇੰਞ ਕਹਾਣੀਕਾਰ ਨੂੰ ਪੇਂਡੂ ਅਤੇ ਸ਼ਹਿਰੀ ਦਲਿਤ ਜੀਵਨ-ਯਥਾਰਥ ਦਾ ਦੋਹਰਾ ਅਨੁਭਵ ਹੈ। ਕੇਵਲ ਅਨੁਭਵ ਹੀ ਨਹੀਂ, ਇਸ ਅਨੁਭਵ ਨੂੰ ਪ੍ਰਗਟਾਉਣ ਲਈ ਕਲਾਤਮਕ ਪ੍ਰਬੀਨਤਾ ਵੀ ਹਾਸਲ ਹੈ।

ਵਰਤਮਾਨ ਸਮੇਂ ਵਿਚ ਪੰਜਾਬ ਦੇ ਪੇਂਡੂ ਲੋਕਾਂ ਦਾ ਸ਼ਹਿਰਾਂ ਵੱਲ ਨੂੰ ਝੁਕਾਉ ਇਕ ਆਮ ਵਰਤਾਰਾ ਹੈ। ਵਿੱਦਿਆ ਦਾ ਪ੍ਰਸਾਰ, ਵਿਗਿਆਨ ਦੀ ਤਰੱਕੀ, ਰੁਜ਼ਗਾਰ ਦੀ ਭਾਲ, ਮੰਡੀਕਰਣ ਆਦਿ ਅਨੇਕਾਂ ਪੱਖ ਇਸ ਪ੍ਰਕਿਰਿਆ ਨੂੰ ਤੇਜ਼ ਕਰਕੇ ਪੇਂਡੂ ਅਤੇ ਸ਼ਹਿਰੀ ਸੰਸਕ੍ਰਿਤੀ ਨੂੰ ਇਕਮਿਕਤਾ ਪ੍ਰਦਾਨ ਕਰਦੇ ਹਨ। ਇਸ ਸਾਰੀ ਪ੍ਰਕਿਰਿਆ ਦਾ ਪ੍ਰਭਾਵ ਸਮਾਜ ਦੇ ਜਾਤਾਂ ਵਿਚ ਵੰਡੇ ਸਾਰੇ ਵਰਗਾਂ ਉੱਪਰ ਪੈਂਦਾ ਹੈ। 'ਮਾਨਸ ਕੀ ਜਾਤ' ਕਹਾਣੀ ਵਿਚ ਇਸ ਪ੍ਰਕਿਰਿਆ ਦਾ ਵਿਸ਼ੇਸ਼ ਚਿਤਰਣ ਕੀਤਾ ਗਿਆ ਹੈ। ਦਲਿਤਾਂ ਦੀ ਪਿੰਡ ਤੋਂ ਸ਼ਹਿਰ ਜਾਣ ਦੀ ਕਿਰਿਆ ਦਲਿਤ ਸੰਕਲਪ ਦੇ ਪ੍ਰਚੱਲਤ ਨਾਲੋਂ ਹਟਕੇ ਨਵੇਂ ਅਰਥਾਂ ਅਤੇ ਸਭਿਆਚਾਰਕ ਚੇਤਨਾ ਦੇ ਪ੍ਰਤੀਪਾਦਨ ਕਰਦੀ ਹੈ। ਕਹਾਣੀ ਦੇ ਮੁੱਖ-ਪਾਤਰ ਰਾਮ ਸਰਨ ਦੇ ਜੀਵਨ-ਬਿਰਤਾਂਤ ਦੇ ਪੇਂਡੂ ਅਤੇ ਸ਼ਹਿਰੀ ਦੋ ਨਿਸ਼ਚਿਤ ਪੜਾਅ ਦਲਿਤ ਸਾਹਿਤ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਨੂੰ ਨਿਰਧਾਰਤ ਕਰਦੇ ਹਨ।

ਪੇਂਡੂ ਦਲਿਤ ਵਰਗ ਦੀ ਮਾਨਸਿਕਤਾ ਉੱਪਰ ਜਗੀਰਦਾਰਾਂ ਦੀ ਸਫੈਦ ਪੋਸ਼ੀ, ਲੰਬੜਦਾਰੀ, ਦਹਿਸ਼ਤਗਰਦੀ, ਖਲਨਾਇਕਤਾ, ਹਊਆਪਨ ਆਦਿ ਦੇ ਬੋਝ ਨੂੰ ਚੁੱਕਦੇ ਹੋਏ ਮੈਂ ਪਾਤਰ ਅਤੇ ਹੋਰ ਦਲਿਤ ਪਾਤਰਾਂ ਦੇ ਵਿਅਕਤੀਗਤ ਜੀਵਨ-ਚਰਿੱਤਰ ਰਾਹੀਂ 'ਮੋਚੀ ਦਾ ਪੁੱਤ' ਕਹਾਣੀ ਸਿੱਖਿਆ ਦਿੰਦੀ ਹੈ ਕਿ ਹੱਕ ਮੰਗਿਆਂ ਨਹੀਂ ਮਿਲਦੇ ਸਗੋਂ ਖੋਹੇ ਜਾਂਦੇ ਹਨ। ਦਲਿਤ ਚੇਤਨਾ ਦੇ ਉਭਾਰ ਤੇ ਪ੍ਰਸਾਰ ਲਈ ਕਹਾਣੀ ਵਿਚ ਇਕ ਘਟਨਾ ਸਿਰਜੀ ਗਈ ਹੈ। ਘਟਨਾ ਹੈ – ਕਹਾਣੀ ਦੇ ਅੰਤ ਵਿਚ ਇਕ ਮੋਚੀ ਦਾ ਪੁੱਤ ਟਰੇਨ ਵਿਚ ਇਕ ਬਾਬੂ ਦੇ ਬੂਟ ਪਾਲਸ਼ ਕਰਨ ਉਪਰੰਤ ਚਮੜਾ ਕੱਟਣ ਵਾਲੀ ਲੋਹੇ ਦੀ ਛੁਰੀ ਨਾਲ ਉਸ ਨੂੰ ਧਮਕਾ ਕੇ ਆਪਣੇ ਹੱਕ ਦੇ ਬਣਦੇ ਦੋ ਰੁਪਏ ਉਸ ਕੋਲੋਂ ਕਢਵਾ ਲੈਂਦਾ ਹੈ, ਅਤੇ ਅਜਿਹਾ ਕਰਕੇ ਜਿੱਤ ਦੀ ਖੁਸ਼ੀ ਮਹਿਸੂਸ ਕਰਦਾ ਹੋਇਆ ਛਾਤੀ ਚੌੜੀ ਕਰਕੇ ਅੱਗੇ ਨਿਕਲ ਜਾਂਦਾ ਹੈ।

ਇਹ ਸੰਭਾਵੀ ਸੱਚ ਹੈ ਕਿ ਜਿਸਨੂੰ ਸਿਰਜਣ ਲਈ ਵੀ ਮੋਹਨ ਲਾਲ ਫਿਲੌਰੀਆ ਨੂੰ ਵਿਆਪਕ ਸੱਚ ਦਾ ਪੱਲਾ ਫੜੀ ਰੱਖਣਾ ਜ਼ਰੂਰੀ ਸੀ। ਇਸ ਪ੍ਰਸੰਗ 'ਚ ਡਾ.ਰਘਬੀਰ ਸਿੰਘ ਦੀ ਇਹ ਦਲੀਲ ਉਚਿਤ ਜਾਪਦੀ ਹੈ ਕਿ 'ਵਰਣ-ਵਿਵਸਥਾ ਦੇ ਨਿਵੇਕਲੇ ਵਰਤਾਰੇ ਕਾਰਣ ਨਿਆਈਂ ਸਮਾਜ ਦੀ ਸਥਾਪਨਾ ਲਈ ਦਲਿਤਾਂ ਵਿਚ ਵਰਗ-ਚੇਤਨਾ ਦੇ ਨਾਲ ਨਾਲ ਵਿਸ਼ੇਸ਼ ਪ੍ਰਕਾਰ ਦੀ ਜਾਤੀ ਚੇਤਨਾ ਦੇ ਉਭਾਰ ਦੀ ਸੰਭਾਵਨਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਦੂਹਰੇ ਤੀਹਰੇ ਸ਼ੋਸ਼ਣ ਦਾ ਸ਼ਿਕਾਰ ਰਹੇ ਦਲਿਤ ਅੱਜ ਦੇ ਲੋਕਤੰਤਰੀ ਜੁੱਗ ਵਿਚ ਜੇ



ਚੇਤਨਾ ਗ੍ਰਹਿਣ ਕਰਦੇ ਹਨ ਤਾਂ ਜਿਸ ਕੌੜੇ ਅਨੁਭਵ ਵਿਚੋਂ ਉਹ ਗੁਜ਼ਰੇ ਹਨ, ਉਸ ਸਦਕਾ ਉਹਨਾਂ ਵਿਚ ਪ੍ਰਚੰਡ ਰੋਹ ਵਿਦ੍ਰੋਹ ਦੇ ਭਾਵ ਉਭਰਨੇ ਗੈਰ-ਕੁਦਰਤੀ ਨਹੀਂ। ਅੱਜ ਸਾਡੇ ਦੇਸ਼ ਦੇ ਦਲਿਤਾਂ ਵਿਚ ਇਹੀ ਕੁਝ ਵਾਪਰ ਰਿਹਾ ਹੈ ਅਤੇ ਕੁਦਰਤੀ ਹੀ ਇਸਦਾ ਪ੍ਰਗਟਾ ਸਾਹਿਤ ਅਤੇ ਸਭਿਆਚਾਰ ਦੇ ਵਿਭਿੰਨ ਰੂਪਾਂ ਵਿਚ ਵੀ ਹੋ ਰਿਹਾ ਹੈ। ਪਰ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਮਨੁੱਖੀ ਜੀਵਨ ਅਤੇ ਸਮਾਜਕ ਵਿਕਾਸ ਦੇ ਵਡੇਰੇ ਪ੍ਰਸੰਗ ਵਿਚ ਵਡੇਰੀ ਸਚਾਈ ਵਰਗ ਸਥਿਤੀ ਦੀ ਹੈ ਨਾ ਕਿ ਜਾਤ ਜਾਂ ਵਰਣ ਦੀ। ਸਹੀ ਦ੍ਰਿਸ਼ਟੀਕੋਣ ਤੋਂ ਜਾਤ ਜਾਂ ਵਰਣ ਦਾ ਅੱਜ ਦੀਆਂ ਹਾਲਤਾਂ ਵਿਚ ਮਹੱਤਵ ਉਸਦੇ ਵਰਗਗਤ ਚਰਿੱਤਰ ਨਾਲ ਹੈ।

'ਦਲਿਤ' ਅਤੇ 'ਗੈਰ-ਦਲਿਤ' ਸੰਕਲਪਾਂ ਨੂੰ ਸਪੱਸ਼ਟ ਕਰਨ ਦੇ ਜਤਨ ਵਿਚ 'ਡੁਬਕੀਆਂ' ਕਹਾਣੀ ਕਲਾਤਮਕ ਸੰਜਮ ਦਾ ਪ੍ਰਮਾਣ ਦੇਣ ਬਾਵਜੂਦ ਲੇਖਕ ਦੇ ਦ੍ਰਿਸ਼ਟੀਕੋਣ ਵਿਚਲੀ ਵਿਚਾਰਧਾਰਕ ਸੰਜਮਤਾ ਕਾਇਮ ਰੱਖਣੋਂ ਉਕਤਾ ਜਾਂਦੀ ਹੈ। ਕਹਾਣੀ ਵਿਚ ਇਕ ਪਾਸੇ ਤਾਂ 'ਪੈਰਾਂ ਤੋਂ ਨੰਗੇ, ਤਨ ਤੋਂ ਨੰਗੇ-ਸਿਰ ਤੋਂ ਨੰਗੇ ਖਾਲੀ ਪੇਟ' ਵਾਲੇ ਕਿਸੇ ਵੀ ਜਾਤੀ ਦੇ ਵਿਅਕਤੀ ਨੂੰ ਦਲਿਤ ਘੋਸ਼ਿਤ ਕੀਤਾ ਗਿਆ ਹੈ। ਪਰ ਦੂਸਰੇ ਪਾਸੇ ਕਾਮਰੇਡੀ ਲੇਖਕ ਮੂੰਹੋਂ 'ਸਾਲਾ ਚੜ੍ਹੰਮ ਵੱਡਾ ਸਾਹਿਤਕਾਰ' ਵਾਲਾ ਕਥਾ-ਵਾਕ ਰਚ ਕੇ ਆਪਣੇ ਗਲਪੀ ਦ੍ਰਿਸ਼ਟੀਕੋਣ ਦੀ ਇਕ ਸ਼ਾਖਾ ਦਾ ਮੂੰਹ ਵਿਸ਼ੇਸ਼ ਜਾਤ ਵਾਲੀ ਮਾਨਸਿਕਤਾ ਵੱਲ ਕਰ ਦਿੱਤਾ ਹੈ। ਕਹਾਣੀਕਾਰ ਦੇ ਗਲਪ ਦ੍ਰਿਸ਼ਟੀਕੋਣ ਵਿਚ ਇਹ ਗੱਲ ਟਿਕੀ ਪਈ ਹੈ ਕਿ ਜਿਵੇਂ ਆਪਣੇ ਆਪ ਨੂੰ ਅਗਾਂਹਵਧੂ ਕਹਿਣ ਵਾਲੇ ਖੱਬੇਪੱਖੀ ਸੋਚ ਵਾਲੇ ਦਲਿਤ ਤੇ ਗੈਰ-ਦਲਿਤ ਲੇਖਕ ਵਿਸ਼ੇਸ਼ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਕੱਟੜਤਾ ਦਾ ਰੂਪ ਧਾਰਨ ਕਰੀ ਬੈਠੇ ਹਨ। ਇਸ ਕਹਾਣੀ ਵਿਚੋਂ ਜਿਥੇ ਇਕ ਪਾਸੇ ਦਲਿਤ ਲੇਖਕਾਂ ਨੂੰ ਸੰਗਠਿਤ ਹੋਣ ਦਾ ਦਿੱਤਾ ਸੰਦੇਸ਼ ਲੱਭਦਾ ਹੈ ਉਥੇ ਦੂਜੇ ਪਾਸੇ ਜਾਤ-ਬਰਾਦਰੀ ਪੱਖੋਂ ਪੰਜਾਬੀ ਲੇਖਕ ਸਮਾਜ ਵਿਚ ਪਈਆਂ ਵੰਡੀਆਂ ਵਿਖਾਣ ਦਾ ਕਾਰਜ ਵੀ ਏਸੇ ਕਹਾਣੀ ਨੇ ਹੀ ਨਿਭਾਇਆ ਹੈ।

ਕਹਾਣੀ ਦਾ ਸੰਬੰਧ ਮਨੁੱਖੀ ਜੀਵਨ ਨਾਲ ਹੈ। ਮਨੁੱਖੀ ਜੀਵਨ ਦਾ ਸੰਬੰਧ ਸਮਾਜ ਨਾਲ ਹੈ। ਸਮਾਜ ਵਿਚ ਵਿਭਿੰਨ ਪ੍ਰਕਾਰ ਦੀਆਂ ਸਮੱਸਿਆਵਾਂ ਹਨ। ਸਮੱਸਿਆਵਾਂ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਅਜਿਹੇ ਪ੍ਰਭਾਵ ਨੂੰ ਸਮੱਸਿਆਕਾਰੀ ਰੂਪ ਦੇਣ ਲਈ ਕਹਾਣੀਕਾਰ ਦੀ ਕਹਾਣੀ ਸਿਰਜਣਾ ਕਰਦਾ ਹੈ। ਸ਼ਾਇਦ ਇਸੇ ਲਈ ਕਹਾਣੀ ਦੀ ਵਿਧਾ ਨੂੰ ਸਮਾਜਿਕ ਸਥਿਤੀਆਂ ਦਾ ਸਿਰਜਣਈ ਬਿਰਤਾਂਤ ਮੰਨਿਆ ਗਿਆ ਹੈ।

'ਸਾਇਕੈਟਰੀ ਵਾਰਡ' ਮੂਲ ਰੂਪ ਵਿਚ ਅਜੋਕੇ ਸਮਾਜਿਕ ਵਰਤਾਰੇ ਦਾ ਸਮੱਸਿਆਕਾਰੀ ਬਿਰਤਾਂਤ ਹੈ। ਕਹਾਣੀ ਨੂੰ ਪੜ੍ਹਦਿਆਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਅਜਿਹੇ ਬਿਰਤਾਂਤ ਨੂੰ ਪਾਠਕ ਵਰਗ ਸਾਹਵੇਂ ਪੇਸ਼ ਕਰਨ ਲਈ ਕਹਾਣੀਕਾਰ ਨੇ ਕਿਹੜੀਆਂ ਸਮਾਜਿਕ ਸਥਿਤੀਆਂ ਦਾ ਸਹਾਰਾ ਲਿਆ ਹੈ। ਸਥਿਤੀ-ਮੂਲਕ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਚਲਦਾ ਹੈ ਕਿ ਕਹਾਣੀਕਾਰ ਨੇ ਲਗਭਗ ਅੱਠ-ਨੌਂ ਪ੍ਰਕਾਰ ਦੀਆਂ ਸਮਾਜਿਕ ਸਥਿਤੀਆਂ ਦੀ ਸਿਰਜਣਾ ਰਾਹੀਂ ਆਪਣੀ ਗੱਲ ਕੀਤੀ ਹੈ। ਕਹਾਣੀ ਵਿਚ ਇਹ ਅੱਠ-ਨੌਂ ਸਥਿਤੀਆਂ ਕੜੀਦਾਰ ਤੇ ਲੜੀਦਾਰ ਰੂਪ ਵਿਚ ਪੇਸ਼ ਹੋ ਕੇ ਜਿੱਥੇ 'ਸਾਇਕੈਟਰੀ ਵਾਰਡ' ਨੂੰ ਰੂਪਾਤਮਕ ਸੰਗਠਨ ਵਿਚ ਬੰਨ੍ਹਦੀਆਂ ਹਨ ਉਥੇ ਇਨ੍ਹਾਂ ਦਾ ਸਮੱਸਿਆਕਾਰੀ ਪ੍ਰਕਾਰਜ ਅਜੋਕੇ ਸਮਾਜਿਕ ਵਰਤਾਰੇ ਦੀ ਤਹਿ ਹੇਠ ਕਾਰਜ ਕਰਦੀਆਂ ਰਾਜਕੀ ਸੰਸਥਾਵਾਂ ਦੀ ਮਾੜੀ ਕਾਰਗੁਜ਼ਾਰੀ ਅਤੇ ਰਾਜਸੀ ਵਰਤਾਰੇ ਦੀਆਂ ਕੁਚਾਲਾਂ ਨੂੰ ਨੰਗਿਆਂ ਕਰਨਾ ਬਣਦਾ ਹੈ।

'ਸਾਇਕੈਟਰੀ ਵਾਰਡ' ਕਹਾਣੀ ਦੀ ਬਿਰਤਾਂਤ ਯਾਤਰਾ ਮੈਂ ਪਾਤਰ ਦੇ ਚਰਿੱਤਰ ਦੇ ਵਿਚਾਰਧਾਰਕ ਪਹਿਲੂ ਦੀ ਉਸਾਰੀ ਨਾਲ ਸੰਬੰਧਿਤ ਹੈ। ਅਜਿਹੀ ਉਸਾਰੀ ਦੀ ਸਿਰਜਣਾ ਲਈ ਕਹਾਣੀਕਾਰ ਨੇ ਮੈਂ ਪਾਤਰ ਦੇ ਜੀਵਨ ਨੂੰ ਸਮਾਜਿਕ ਸਥਿਤੀਆਂ ਨਾਲ ਜ਼ਰਬ ਦਿੱਤੀ ਹੈ। ਜ਼ਰਬਾਈਆਂ ਗਈਆਂ ਸਮਾਜਿਕ ਸਥਿਤੀਆਂ ਅਤੇ ਮੈਂ ਪਾਤਰ ਦੀ ਸੋਚ ਦਾ ਦਵੰਦਾਤਮਕ ਸੰਬੰਧ ਅਧਿਐਨ ਦੀ ਵਸਤੂ ਬਣ ਸਕਦੈ।

ਅਸੀਂ ਆਪਣੀ ਗੱਲ ਸਥਿਤੀ ਨੰਬਰ 'ਇੱਕ' ਤੋਂ ਸ਼ੁਰੂ ਕਰਦੇ ਹਾਂ। ਸਥਿਤੀ ਨੰਬਰ 'ਇੱਕ' ਕਹਾਣੀ ਦੇ ਬਿਰਤਾਂਤ ਦਾ ਆਰੰਭ ਹੈ। ਇਸ ਵਿਚ ਮੈਂ ਪਾਤਰ ਤੇ ਉਸਦੀ ਪਤਨੀ ਅਤੇ ਡਾਕਟਰ ਤੇ ਨਰਸ ਦੇ ਆਪਸੀ ਸੰਬੰਧਾਂ ਦਾ ਜ਼ਿਕਰ ਹੈ। ਇਨ੍ਹਾਂ ਸੰਬੰਧਾਂ ਵਿਚੋਂ ਪਤਾ ਚਲਦਾ ਹੈ ਕਿ ਮੈਂ ਪਾਤਰ ਆਪਣੇ ਆਪ ਨੂੰ ਬਿਮਾਰ ਨਹੀਂ ਮੰਨਦਾ ਪਰ ਉਸਦੀ ਪਤਨੀ, ਰਿਸ਼ਤੇਦਾਰ ਤੇ ਆਂਢ-ਗੁਆਂਢ ਉਸਨੂੰ ਬਿਮਾਰ ਸਮਝ ਕੇ ਹਸਪਤਾਲ ਵਿਚ ਦਾਖਲ ਕਰਾਉਂਦੇ ਹਨ। ਜਿਸ ਦੀ ਬਿਮਾਰੀ (?) ਦਾ ਪਤਾ ਮੈਂ ਪਾਤਰ ਦੀ ਪਤਨੀ, ਰਿਸ਼ਤੇਦਾਰ ਤੇ ਆਂਢ-ਗੁਆਂਢ ਨੂੰ ਨਹੀਂ ਲਗਦਾ ਉਸ ਬਾਰੇ ਖੁਦ ਮੈਂ ਪਾਤਰ ਸੁਚੇਤ ਹੈ। ਇਹ ਬਿਮਾਰੀ ਸਮਾਜਕ ਵਰਤਾਰੇ ਨੂੰ ਪਾਰਖੂ ਅੱਖ ਨਾਲ ਦੇਖਣ ਵਾਲੇ ਉਸ ਸੂਝਵਾਨ ਬੰਦੇ ਨੂੰ ਹੀ ਲਗਦੀ ਹੈ ਜਿਸਨੂੰ ਇਸ ਗੱਲ ਦਾ ਦੁੱਖ ਹੋਵੇ ਕਿ ਬੰਦਾ ਹੁਣ ਬੰਦੇ ਨੂੰ ਨਹੀਂ ਪਛਾਣ ਰਿਹਾ। ਮੈਂ ਪਾਤਰ ਵੀ ਸੂਝਵਾਨ ਹੈ। ਇਸੇ ਲਈ ਮੈਂ ਪਾਤਰ ਨੂੰ ਹਸਪਤਾਲ ਵਿਚ ਪਹੁੰਚ ਕੇ 'ਸਾਰਾ ਦੇਸ਼ ਪਾਗਲ ਹੋ ਗਿਆ' ਜਾਪਦਾ ਹੈ। ਹਸਪਤਾਲ ਪੁੱਜਣ ਤੋਂ ਪਹਿਲਾਂ ਉਹ ਦਫ਼ਤਰ ਵਿਚ ਫਾਇਲਾਂ ਦਾ ਹੀ ਤਾਂ ਮਾਰਿਆ ਹੋਇਆ ਅਜਿਹੀ ਬਿਮਾਰੀ ਦਾ ਸ਼ਿਕਾਰ ਹੁੰਦਾ ਹੈ। ਦਫ਼ਤਰੀ ਫਾਇਲ ਦਾ ਨਾਂ ਸੁਣ ਕੇ ਤ੍ਰਿਭਕਣ ਵਾਲਾ ਵਿਅਕਤੀ ਕਿੰਨਾ ਕੁ ਦਲੇਰ ਹੋ ਸਕਦਾ ਹੈ? – ਜੇ ਉਸਦੀ ਪਤਨੀ, ਰਿਸ਼ਤੇਦਾਰ ਤੇ ਆਂਢ-ਗੁਆਂਢ ਉਸਨੂੰ ਪਾਗਲ ਸਮਝ ਕੇ ਹਸਪਤਾਲ ਦੇ 'ਪਾਗਲਾਂ ਵਾਲੇ ਵਾਰਡ' ਵਿਚ ਦਾਖ਼ਲ ਕਰਵਾ ਜਾਣ? ਕਹਾਣੀ 'ਚ ਸਿਰਜੀ ਇਹ ਪਹਿਲੀ ਸਥਿਤੀ ਦੀ ਆਰੰਭਕ ਵਸਤੂ ਹੈ? ਵਿਧੀ ਹੈ? ਜਾਂ ਫਿਰ ਦ੍ਰਿਸ਼ਟੀ?

ਮੈਂ ਪਾਤਰ ਨੂੰ ਪਾਗਲਾਂ ਦੇ ਵਾਰਡ 'ਚ ਤੇਰਾਂ ਨੰਬਰ ਬੈੱਡ ਮਿਲਦਾ ਹੈ ਜੋ ਕਿ ਲੋਕ ਮਾਨਸਿਕਤਾ 'ਚ ਮਨਹੂਸ ਸਮਝਿਆ ਜਾਂਦਾ ਹੈ। ਉਸਦੇ ਪਹੁੰਚਣ ਤੋਂ ਪਹਿਲਾਂ ਉਸ ਬੈੱਡ ਉੱਤੋਂ ਇੱਕ ਅਜਿਹੇ ਬੰਦੇ ਦੀ ਲਾਸ਼ ਉੱਠਦੀ ਹੈ ਜਿਹੜਾ ਕਿਸੇ 'ਡਾਕਟਰ ਦੀ ਗਲਤੀ' ਕਰਕੇ ਮਾਰਿਆ ਜਾਂਦਾ ਹੈ। ਲੋਕਾਂ ਨੂੰ ਬਚਾਉਣ ਵਾਲੀ ਸਿਹਤ ਸੰਸਥਾ ਲੋਕਾਂ ਦੀ ਜਾਨ ਲੈਂਦੀ ਹੈ। ਸਥਿਤੀ ਦਾ ਇਹ ਵਿਅੰਗ ਰਾਜਕੀ ਸਿਹਤ ਸੰਸਥਾਵਾਂ ਦੀ ਮਾੜੀ ਕਾਰਗੁਜ਼ਾਰੀ ਵੱਲ ਇਸ਼ਾਰਾ ਕਰਦਾ ਗਲਪੀ ਤੱਥ ਹੈ। ਮੈਂ ਪਾਤਰ ਨੂੰ ਤੇਰਾਂ ਨੰਬਰ ਬੈੱਡ ਉੱਤੇ ਪਏ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਆਪ ਵੀ ਇਕ ਲਾਸ਼ ਸਮਾਨ ਹੈ। ਉਸਨੂੰ ਕਮਰੇ ਵਿਚਲੇ ਪਏ ਬੈੱਡਾਂ ਉਤਲੇ ਸਾਰੇ ਮਰੀਜ਼ ਲਾਸ਼ਾਂ ਸਮਾਨ ਨਜ਼ਰ ਆਉਂਦੇ ਹਨ। ਮੈਂ ਪਾਤਰ ਅਜਿਹੀ ਸਥਿਤੀ ਨੂੰ ਜਾਣਦਾ/ਸਮਝਦਾ ਹੈ ਤੇ ਇਸ ਪ੍ਰਤੀ ਸੰਦੇਹ ਕਰਦਾ ਹੈ ਕਿ ਕਿਤੇ ਸਾਰੇ ਮਰੀਜ਼ ਹੀ ਉਸ ਵਰਗੇ ਨਾ ਹੋਣ। ਇਸੇ ਲਈ ਉਹ ਬੈੱਡ ਉੱਤੇ ਬੈਠਾ ਬੈਠਾ ਉੱਠ ਖੜ੍ਹਦਾ ਹੈ, ਖੜ੍ਹੇ ਹੋਣ ਤੋਂ ਬਾਅਦ ਕਮਰੇ 'ਚੋਂ ਬਾਹਰ ਵਰਾਂਡੇ ਵਿਚ ਚਲਾ ਜਾਂਦਾ ਹੈ। ਸਕਿਉਰਟੀ ਗਾਰਡ ਡੰਡੇ ਦੀ ਹੁਕ ਉਸਦੇ ਪੇਟ ਵਿਚ ਖਭੋ ਕੇ ਉਸਨੂੰ ਰੋਕਦਾ ਹੈ। ਮੈਂ ਪਾਤਰ ਡਰ ਜਾਂਦਾ ਹੈ। ਉਸਦੇ ਡਰਨ ਨਾਲ ਸਕਿਉਰਟੀ ਗਾਰਡ ਉਸ ਕੋਲੋਂ ਥੋੜ੍ਹਾ ਪਿੱਛੇ ਹਟ ਕੇ ਖੜ੍ਹ ਜਾਂਦਾ ਹੈ ਤੇ ਉਸਨੂੰ ਕੁਝ ਕਹਿਣੋਂ ਰੁਕ ਜਾਂਦਾ ਹੈ। ਕੀ ਮੈਂ ਪਾਤਰ ਦੇ ਉੱਠ ਕੇ ਤੁਰਨ ਨਾਲ ਸਕਿਉਰਟੀ ਗਾਰਡ ਦੇ ਡਰ ਜਾਣ ਦੀ ਉਪ-ਸਥਿਤੀ ਕਹਾਣੀਕਾਰ ਦੀ ਦ੍ਰਿਸ਼ਟੀ ਵਿਚ ਪਈ ਕ੍ਰਾਂਤੀਕਾਰੀ ਚੇਤਨਾ ਦੇ ਇਕ ਰੂਪ ਦੀ ਉਪਜ ਹੈ?

ਸਥਿਤੀ ਨੰਬਰ 'ਦੋ' ਕਹਾਣੀਕਾਰ ਦੇ ਅਜਿਹੇ ਹੀ ਚੇਤਨਾਮਈ ਰੂਪ ਨੂੰ ਉਘਾੜਦੀ ਹੈ। ਸਥਿਤੀ ਨੰਬਰ 'ਦੋ' ਵਿਚ ਮੈਂ ਪਾਤਰ ਬਰਾਂਡੇ ਦਾ ਸਰਵੇ ਕਰਦਾ ਹੈ। ਸਰਵੇ ਦੌਰਾਨ ਉਸਦੀ ਨਿਗਾਹ ਕੰਧ ਉੱਪਰ ਲੱਗੇ ਇਕ ਪੋਸਟਰ ਉੱਤੇ ਪੈਂਦੀ ਹੈ ਜਿਸ ਉੱਤੇ ਲਿਖਿਆ ਹੈ :'ਡਾਕਟਰ ਰੀਜ਼ਰਵੇਸ਼ਨ ਦੇ ਵਿਰੋਧ ਵਿਚ ਸੰਘਰਸ਼ ਕਰ ਰਹੇ ਹਨ, ਕਿਰਪਾ ਕਰਕੇ ਇਹਨਾਂ ਡਾਕਟਰਾਂ ਦਾ ਸਾਥ ਦਿਓ।' ਮੈਂ ਪਾਤਰ ਨੂੰ ਪੋਸਟਰ ਨੂੰ ਪੜ੍ਹ ਕੇ ਗੁੱਸਾ ਆਉਂਦਾ ਹੈ। ਉਸ ਪੋਸਟਰ ਨੂੰ ਉਤਾਰ ਕੇ ਟੁਕੜੇ-ਟੁਕੜੇ ਕਰਕੇ ਪਾੜ ਸੁੱਟਦਾ ਹੈ। ਇਹ ਸਾਰਾ ਦ੍ਰਿਸ਼ ਸਕਿਉਰਟੀ ਗਾਰਡ ਦੀਆਂ ਅੱਖਾਂ ਸਾਹਵੇਂ ਵਾਪਰਦਾ ਹੈ। ਉਹ ਉਸਨੂੰ ਕੁਝ ਨਹੀਂ ਕਹਿੰਦਾ। ਸਫਾਈ ਕਰਮਚਾਰੀ ਨੇ ਵੀ ਇਹ ਦ੍ਰਿਸ਼ ਵੇਖਿਆ ਹੈ। ਉਹ ਉਹਨਾਂ ਦੋਹਾਂ ਕੋਲ ਆ ਖੜੋਂਦਾ ਹੈ। ਹੁਣ ਤਿੰਨ ਜਣੇ ਖੜ੍ਹੇ ਹਨ। ਇੱਕ, ਮੈਂ ਪਾਤਰ ਦੂਜਾ ਸਕਿਉਰਟੀ ਗਾਰਡ ਤੇ ਤੀਜਾ ਸਫਾਈ ਕਰਮਚਾਰੀ। ਜਿਹੜਾ ਕੰਮ (ਰੀਜ਼ਰਵੇਸ਼ਨ ਦੇ ਵਿਰੋਧ ਵਾਲਾ ਪੋਸਟਰ



ਫਾੜਨ ਦਾ) ਸਕਿਉਰਟੀ ਗਾਰਡ ਤੇ ਸਫਾਈ ਕਰਮਚਾਰੀ ਚਾਹੁੰਦੇ ਹੋਏ ਵੀ ਨਾ ਕਰ ਸਕੇ ਉਹ ਕੰਮ ਮੈਂ ਪਾਤਰ ਨੇ ਸਾਈਕੈਟਰੀ ਵਾਰਡ ਵਿਚ ਪਾਗਲ (ਲੋਕਾਂ ਦੀ ਨਜ਼ਰ ਵਿਚ ਪਰ ਆਪਣੀ ਨਜ਼ਰ ਵਿਚ ਨਹੀਂ।) ਬਣ ਕੇ ਕਰ ਦਿੱਤਾ। ਮੈਂ ਪਾਤਰ ਦਾ ਅਜਿਹਾ ਕਾਰਜ ਅਜਿਹੀ ਸੋਚ 'ਚੋਂ ਜਨਮਦਾ ਹੈ, ਜਿਸਨੂੰ ਸਫਾਈ ਕਰਮਚਾਰੀ ਦੇ ਸਕਿਉਰਟੀ ਗਾਰਡ ਨੂੰ ਆਖੇ ਇਨ੍ਹਾਂ ਬੋਲਾਂ 'ਚੋਂ ਪਛਾਣਿਆ ਜਾ ਸਕਦਾ ਹੈ, 'ਇਹ ਕਿਹੜੀ ਰੀਜਰਵੇਸ਼ਨ ਦਾ ਵਿਰੋਧ ਕਰਦੇ ਨੇ, ਸਾਨੂੰ ਅਜੇ ਤੱਕ ਕੀ ਮਿਲਿਆ ਏ, ਮੈਨੂੰ ਤਾਂ, ਆਹ ਝਾੜੂ ਮਿਲਿਆ ਤੇ ਤੈਨੂੰ ਹਾਅ ਡੰਡਾ ਈ ਮਿਲਿਆ ਏ ਨਾ – ਤੇ ਸਾਡੇ ਜੁਆਕਾਂ ਦੀ ਵਾਰੀ ਆਈ ਤੇ ਤੇਰੀ ਰੀਜ਼ਰਵੇਸ਼ਨ ਬੰਦ ਕਰੋ। .... ਮੈਂ ਤੈਨੂੰ ਦੱਸਾਂ ਤੂੰ ਆਹ ਡੰਡਾ ਮਜ਼ਬੂਤੀ ਨਾਲ ਹੱਥ ਵਿਚ ਫੜਕੇ ਰੱਖਿਆ ਕਰ ਤੇ ਮੈਂ ਵੀ ਲਾਠੀ ਤੇ ਤੇਲ ਲਾਉਣਾ ਚਾਲੂ ਕਰਦਾ ਫਿਰ ਗੱਲ ਬਣਨੀ। ਸਫਾਈ ਕਰਮਚਾਰੀ ਦੇ ਇਹਨਾਂ ਬੋਲਾਂ ਵਿਚ ਕਹਾਣੀਕਾਰ ਦੀ ਕ੍ਰਾਂਤੀਕਾਰੀ ਦ੍ਰਿਸ਼ਟੀ ਨੂੰ ਪਛਾਣਿਆਂ ਜਾ ਸਕਦਾ ਹੈ। ਇਸੇ ਪ੍ਰਸੰਗ 'ਚ ਅਗਾਂਹ ਲਿਖਤ ਵਾਕਾਂ ਦੀ ਅਰਥਗਤ ਬਣਤਰ ਨੂੰ ਸਮਝਿਆ ਜਾ ਸਕਦਾ ਹੈ: 'ਸੋਚੋ ਤਾਂ ਦੱਸੋ ਕੁਝ ਕਰੋ ਕੋਈ ਸੁੱਟੋ ਕਿਧਰੇ ਕੋਈ ਬੰਬ। ਕਿਸੇ ਨਾਲ ਦੁਸ਼ਮਣੀ ਕੱਢਣੀ ਹੈ ਤਾਂ ਕੱਢੋ ਪਤਾ ਲੱਗੇ ਕਿ ਤੁਸੀਂ ਕੁਝ ਸੋਚਿਆ ਤੇ ਕੁਝ ਕੀਤਾ। ਸ਼ਾਇਦ ਕੁਝ ਕਰਨ ਲਈ ਹੀ ਮੈਂ ਪਾਤਰ ਸਾਈਕੈਟਰੀ ਵਾਰਡ ਵਿਚ ਮਰੀਜ਼ ਬਣਕੇ ਦਾਖਲ ਹੋ ਜਾਂਦਾ ਹੈ ਜਾਂ ਜਬਰਦਸਤੀ ਉਸਦੇ ਘਰਦਿਆਂ ਵੱਲੋਂ ਉਸ ਨੂੰ ਕਰਵਾ ਦਿੱਤਾ ਜਾਂਦਾ ਹੈ। ਸਾਈਕੈਟਰੀ ਵਾਰਡ ਜਾਣ ਵਿਚ ਮੈਂ ਪਾਤਰ ਦੀ ਹਾਂ ਵੀ ਸ਼ਾਮਲ ਹੈ। ਅਸਲ 'ਚ ਮੈਂ ਪਾਤਰ ਦੱਸਣਾ ਚਾਹੁੰਦਾ ਹੈ ਕਿ ਸਰਕਾਰੀ ਫਾਈਲਾਂ ਤੋਂ ਸਵਰਨ ਜਾਤਾਂ ਦੇ 'ਲੋਕ ਮਾਲਾ ਮਾਲ ਹੋ ਰਹੇ ਨੇ' ਤੇ ਨਿਮਨ ਜਾਤਾਂ ਦੇ ਲੋਕਾਂ ਲਈ ਇਹ ਫਾਈਲਾਂ 'ਭੂਤ ਨੇ'। ਜਦੋਂ ਉਨ੍ਹਾਂ ਨੂੰ ਅਜਿਹਾ ਭੂਤ ਚਿੰਮੜਦਾ ਹੈ ਤਾਂ ਉਹ ਸਾਈਕੈਟਰੀ ਵਾਰਡ 'ਚ ਪਾਗਲ ਬਣਾ ਕੇ ਪਹੁੰਚਾ ਦਿੱਤੇ ਜਾਂਦੇ ਹਨ। ਜਿਵੇਂ ਕਿ ਮੈਂ ਪਾਤਰ ਦੀ ਪਤਨੀ ਦੇ ਮੈਂ ਪਾਤਰ ਬਾਰੇ ਪ੍ਰਗਟਾਏ ਬੋਲਾਂ 'ਚੋਂ ਸਪੱਸ਼ਟ ਹੁੰਦਾ ਹੈ: 'ਇਹ ਸਰਕਾਰੀ ਦਫ਼ਤਰ ਵਿਚ ਨੇ। ਪਤਾ ਨਹੀਂ ਫਾਈਲਾਂ ਤੋਂ ਬਹੁਤ ਡਰਦੇ ਨੇ। ਸਭ ਚੋਰ ਨੇ ਦਫ਼ਤਰਾਂ 'ਚ ਇਹ ਕਹਿੰਦੇ ਨੇ। ਇਹ ਬੜੀ ਇਮਾਨਦਾਰੀ ਨਾਲ ਕੰਮ ਕਰਦੇ ਹਨ। ਇਹਨਾਂ ਦੇ ਦਿਮਾਗ 'ਚ ਇਕ ਗੱਲ ਫਸੀ ਪਈ ਹੈ ਕਿ ਉਹ ਇਹਨਾਂ ਨੂੰ ਫਸਾ ਦੇਣਗੇ। ਇਹ ਡਰੀ ਜਾਂਦੇ ਨੇ। ਇਹਨਾਂ ਦੀਆਂ ਰਿਪੋਰਟਾਂ ਵੀ ਖਰਾਬ ਕਰ ਦਿੱਤੀਆਂ ਨੇ ਤੇ ਪ੍ਰਮੋਸ਼ਨ ਵੀ ਨਹੀਂ ਕਰ ਰਹੇ। ਇਹਨਾਂ ਨਾਲ ਵਿਤਕਰਾ ਜਾਰੀ ਏ। ਬੱਸ ਡਰੀ ਜਾਂਦੇ ਨੇ। ਬੋਲਦੇ ਕੁਝ ਨਹੀਂ। ਕਹਾਣੀਕਾਰ ਦਾ ਉਸਦੇ ਅਜਿਹੇ ਡਰ ਨੂੰ ਦੂਰ ਕਰਨ ਲਈ ਉਸ ਨੂੰ ਗਾਲ੍ਹਾਂ ਦਾ ਸਹਾਰਾ ਦੇਣਾ ਕਿੱਥੋਂ ਤਕ ਜਾਇਜ਼ ਹੈ? ਅਤੇ ਕਿੱਥੋਂ ਤਕ ਜਾਇਜ਼ ਹੈ ਕਿ ਉਹ ਪਾਗਲ ਬਣ ਕੇ ਸਾਈਕੈਟਰੀ ਵਾਰਡ ਵਿਚ ਪੁੱਜੇ? ਵਿਚਾਰਧਾਰਕ ਤੇ ਕਲਾਤਮਕ ਦ੍ਰਿਸ਼ਟੀ ਤੋਂ ਅੱਜ ਸਮੇਂ ਦੀ ਮੰਗ ਹੈ, ਕਿ ਪ੍ਰਤੀਬੱਧ ਦਲਿਤ ਲੇਖਕ ਅਜਿਹੀਆਂ ਸਥਿਤੀਆਂ ਦੇ ਸਿਰਜਣ ਤੋਂ ਪਾਰ ਜਾ ਕੇ ਆਪਣੀ ਗੱਲ ਕਰਨ।

'ਸਾਇਕੈਟਰੀ ਵਾਰਡ' ਵਿਚ ਸਮੇਂ ਦੀ ਅਜਿਹੀ ਮੰਗ ਨੂੰ ਪੂਰਾ ਕੀਤਾ ਗਿਆ ਹੈ। ਕਿਉਂ ਜੁ, ਇਸ ਕਹਾਣੀ ਰਾਹੀਂ ਮੋਹਨ ਲਾਲ ਫਿਲੌਰੀਆ ਨੇ ਕਲਾਤਮਕ ਨਾਲੋਂ ਜ਼ਿਆਦਾ ਆਪਣੀ ਵਿਚਾਰਧਾਰਕ ਸੋਝੀ ਦਾ ਵਿਸਥਾਰ ਕੀਤਾ ਹੈ। ਇਸੇ ਲਈ ਉਸਨੇ ਸਥਿਤੀ ਨੰਬਰ 'ਤਿੰਨ' ਵਿਚ ਪੜ੍ਹੀ ਲਿਖੀ ਪੱਚੀ-ਛੱਬੀ ਸਾਲ ਦੀ ਖ਼ੂਬਸੂਰਤ ਮੁਟਿਆਰ ਅਤੇ ਇਕ ਡਾਕਟਰ ਦੇ ਆਪਸੀ ਪ੍ਰੇਮ ਵਰਤਾਰੇ ਨੂੰ ਡਾਕਟਰ ਦੇ ਵਿਆਹ ਲਾਰੇ ਵਿਚ ਤਬਦੀਲ ਕਰਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਾਰਾ 'ਸੰਸਾਰ ਦੁੱਖਾਂ ਦਾ ਘਰ ਏ।' ਦੁੱਖ ਦਾ ਕਾਰਨ ਅਮਾਨਵੀ ਅਸਮਾਜਿਕ ਸਥਿਤੀਆਂ ਹਨ। ਦੁੱਖ ਦਾ ਸਿਰਜਣ ਹੀ ਕਹਾਣੀ ਦਾ ਧਰਮ ਹੈ। ਇਸ ਧਰਮ ਨੂੰ ਨਿਭਾਉਣ ਲਈ ਕਹਾਣੀਕਾਰ ਨੇ ਕਹਾਣੀ ਵਿਚ ਸਥਿਤੀ ਨੰਬਰ 'ਤਿੰਨ' ਸਿਰਜੀ ਹੈ, ਜਿਸ ਵਿਚੋਂ ਵਿਆਹ ਵਰਗੀ ਸਮਾਜਿਕ ਸੰਸਥਾ ਦੁਆਰਾ ਲਾਰਾ ਲਾ ਕੇ ਕੁੜੀ ਦੇ ਪ੍ਰੇਮ ਦਾ ਮਜ਼ਾਕ ਉਡਾਉਂਦੇ ਇਕ ਡਾਕਟਰ ਦੁਆਰਾ ਉਸ ਨੂੰ ਪਾਗਲ ਬਣਾ ਕੇ ਛੱਡ ਜਾਣ ਦਾ ਦ੍ਰਿਸ਼ ਸਾਕਾਰ ਹੁੰਦਾ ਹੈ। ਮੋਹਨ ਲਾਲ ਫਿਲੌਰੀਆ

ਦੀ ਦ੍ਰਿਸ਼ਟੀ ਪ੍ਰੇਮ ਪ੍ਰਤੀ ਸਮਾਜ ਵਿਚ ਪੱਸਰੇ ਅਜਿਹੇ ਅਮਾਨਵੀ ਵਰਤਾਰੇ ਉੱਤੇ ਉਂਗਲ ਧਰਦੀ ਹੈ ਜੋ ਕ੍ਰਾਂਤੀਕਾਰੀ ਸੋਚ ਨੂੰ ਵੀ ਆਪਣੀ ਲਪੇਟ ਵਿਚ ਲੈਂਦਾ ਹੈ।

ਸਥਿਤੀ ਨੰਬਰ 'ਚਾਰ' ਦਾ ਆਰੰਭ ਕਾਮਰੇਡ ਜੋਗਾ ਸਿੰਘ ਅਤੇ ਡਾਕਟਰ ਦੇ ਉਸ ਵਾਰਤਾਲਾਪ ਤੋਂ ਹੁੰਦਾ ਹੈ ਜਿਸ ਵਿਚ ਡਾਕਟਰ ਉਸਨੂੰ ਮਜ਼ਾਕ ਵਿਚ ਭਗਤ ਸਿੰਘ ਕਹਿੰਦਾ ਹੈ। ਕਾਮਰੇਡ ਜੋਗਾ ਸਿੰਘ ਦਾ ਵਿਚਾਰ ਹੈ ਕਿ ਭਗਤ ਸਿੰਘ ਤਾਂ ਬਹੁਤ ਵੱਡੀ ਹਸਤੀ ਹੈ। ਭਗਤ ਸਿੰਘ ਤਾਂ ਇਕ ਸੋਚ ਦਾ ਨਾਂ ਹੈ। ਕਹਾਣੀਕਾਰ ਕਾਮਰੇਡ ਜੋਗਾ ਸਿੰਘ ਦੀ ਆਪਣੇ ਅਤੇ ਭਗਤ ਸਿੰਘ ਬਾਬਤ ਕੀਤੀ ਤੁਲਨਾਤਮਕ ਛਾਣਬੀਣ ਰਾਹੀਂ ਇਹ ਕਹਿਣਾ ਚਾਹੁੰਦਾ ਹੈ ਕਿ ਅਜੋਕੇ ਸਮਾਜਕ ਵਰਤਾਰੇ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਦਾ ਇਕ ਰਾਹ ਜੇ ਕਮਿਊਨਿਸਟ ਵਿਚਾਰਧਾਰਾ ਕੋਲ ਹੈ ਤਾਂ ਦੂਸਰਾ ਰਾਹ ਭਗਤ ਸਿੰਘ ਦੀ ਵਿਚਾਰਧਾਰਾ ਵਾਲਾ ਵੀ ਹੈ। ਇਸ ਪਰਥਾਏ ਕਾਮਰੇਡ ਜੋਗਾ ਸਿੰਘ ਦੇ ਬੋਲ ਹਨ: 'ਗਲੋਬਲਾਈਜੇਸ਼ਨ ਸਾਡੇ ਦੇਸ਼ ਨੂੰ ਖਾ ਜਾਏਗੀ। ਮਹਿੰਗਾਈ ਖਾ ਜਾਏਗੀ। ਬਚੇ-ਖੁਚੇ ਦੇਸ਼ ਨੂੰ ਕੁਰੱਪਸ਼ਨ ਖਾ ਜਾਏਗੀ। ਜਾਤ-ਪਾਤ ਕਰਕੇ ਮਰ ਜਾਣਗੇ ਲੋਕ। ਆਮ ਆਦਮੀ ਦਾ ਕੀ ਬਣੇਗਾ। ਅਸੀਂ ਦੁਨੀਆਂ ਨੂੰ ਜਗਾਉਣ ਦੀ ਗੱਲ ਕਰਦੇ ਸੀ। ... ਰੀਜਰਵੇਸ਼ਨ ਦਾ ਵਿਰੋਧ ਕਰਨਾ ਕਿਹੜੀ ਲੜਾਈ ਹੈ। ਕਿਹੜੀ ਬਹਾਦਰੀ ਹੈ। ... ਲੜਾਈ ਲੜਨੀ ਹੈ ਤਾਂ ਭ੍ਰਿਸ਼ਟਾਚਾਰ ਦੇ ਵਿਰੁੱਧ ਲੜੋ। ਲੜਾਈ ਲੜਨੀ ਹੈ ਤਾਂ ਗਰੀਬੀ ਦੇ ਵਿਰੁੱਧ ਲੜੋ। ... ਹੋਰ ਬੜੀਆਂ ਲੜਾਈਆਂ ਹਨ।' ਸੰਕੇਤਕ ਰੂਪ ਵਿਚ ਪ੍ਰਗਟਾਏ ਕਹਾਣੀ ਵਿਚਲੇ ਇਹ ਸਾਰੇ ਸਮੱਸਿਆਕਾਰੀ ਪਾਸਾਰ ਭਾਰਤ ਦੇਸ਼ ਦੇ ਰਾਜਸੀ, ਸਮਾਜਿਕ ਤੇ ਆਰਥਿਕ ਵਰਤਾਰਿਆਂ ਦੀ ਕਾਰਗੁਜ਼ਾਰੀ ਪ੍ਰਤੀ ਸ਼ੰਕਾ ਪ੍ਰਗਟਾਉਂਦੇ ਹਨ। ਰਾਸ਼ਟਰੀ ਪੱਧਰ ਦੇ ਅਜਿਹੇ ਸਮੱਸਿਆਕਾਰੀ ਬਿੰਦੂ ਨੂੰ ਵੀ ਕਹਾਣੀ ਵਿਚ ਥਾਂ ਦਿੱਤਾ ਹੈ ਜਿਸਦਾ ਸਬੰਧ ਧਰਮ, ਨਿਆਂ ਤੇ ਅੰਤਰਰਾਸ਼ਟਰੀ ਰਾਜਨੀਤੀ ਨਾਲ ਹੈ। ਜਿਵੇਂ ਕਿ ਸਥਿਤੀ ਨੰਬਰ 'ਪੰਜ' ਵਿਚ ਚੌਦਾਂ ਨੰਬਰ ਬੈੱਡ ਵਾਲੇ ਮਰੀਜ਼ ਦੀ ਸਿਰਜੀ ਹਾਲਤ ਤੋਂ ਪਤਾ ਲਗਦਾ ਹੈ ਕਿ ਰਾਜਕੀ ਸੰਸਥਾਵਾਂ ਆਮ ਵਿਅਕਤੀ ਦਾ ਅਜਿਹਾ ਸ਼ੋਸ਼ਣ ਕਰਦੀਆਂ ਹਨ ਕਿ ਉਹ ਮਾਨਸਿਕ ਪੱਖੋਂ ਹਿੱਲ ਜਾਂਦੇ ਹਨ। ਕਹਾਣੀਕਾਰ ਦੀ ਰਚਨਾਤਮਕ ਦ੍ਰਿਸ਼ਟੀ ਰਾਜਕੀ ਸੰਸਥਾਵਾਂ ਦੇ 'ਫਾਲਸ ਪ੍ਰਾਮਿਸ' ਉੱਤੇ ਕਾਟਾ ਮਾਰਦੀ ਹੈ। ਸ਼ਾਇਦ ਇਸੇ ਲਈ ਕਾਮਰੇਡ ਜੋਗਾ ਸਿੰਘ ਦੇ ਇਨਕਲਾਬੀ ਵਿਚਾਰ ਮੈਂ ਪਾਤਰ ਨੂੰ ਉਤੇਜਿਤ ਕਰਦੇ ਹਨ। ਕਹਾਣੀਕਾਰ ਨੇ ਸਥਿਤੀ ਨੰਬਰ 'ਚਾਰ' ਵਿਚ ਮੈਂ ਪਾਤਰ ਨੂੰ 'ਨਵਾਂ ਕਾਮਰੇਡ' ਕਹਿ ਕੇ ਉਸਦਾ ਮੇਲ ਕਾਮਰੇਡ ਜੋਗਾ ਸਿੰਘ ਉਰਫ ਭਗਤ ਸਿੰਘ ਨਾਲ ਕਰਵਾਇਆ ਹੈ। ਇਹ ਮੇਲ ਅਸਲ ਵਿਚ ਤਿੰਨ ਵਿਚਾਰਧਾਰਾਵਾਂ ਦਾ ਮੇਲ ਹੈ। ਪਹਿਲੀ, ਮਾਰਕਸਵਾਦੀ ਲੈਨਿਨਵਾਦੀ ਵਿਚਾਰਧਾਰਾ, ਦੂਸਰੀ ਭਗਤ ਸਿੰਘ ਦੀ ਵਿਚਾਰਧਾਰਾ, ਤੀਸਰੀ ਅੰਬੇਦਕਰਵਾਦੀ ਵਿਚਾਰਧਾਰਾ। ਇਨ੍ਹਾਂ ਤਿੰਨਾਂ ਵਿਚਾਰਧਾਰਾਵਾਂ ਦਾ ਕਲਾਤਮਕ ਸਮਨਵੈ ਸਥਿਤੀ ਨੰਬਰ 'ਛੇ' ਵਿਚ ਕੀਤਾ ਗਿਆ ਹੈ। ਐਪਰ ਪ੍ਰਮੁੱਖਤਾ ਭਗਤ ਸਿੰਘ ਦੀ ਵਿਚਾਰਧਾਰਾ ਦੀ ਉੱਘੜ ਕੇ ਸਾਹਵੇਂ ਆਉਂਦੀ ਹੈ।

ਸਥਿਤੀ ਨੰਬਰ 'ਛੇ' ਵਿਚ ਮੈਂ ਪਾਤਰ ਉੱਠ ਕੇ ਕਾਮਰੇਡ ਜੋਗਾ ਸਿੰਘ ਕੋਲ ਜਾਣ ਦੀ ਕੋਸ਼ਿਸ਼ ਕਰਦਾ ਹੈ। ਉਸਨੂੰ ਦੋ ਸਕਿਉਰਟੀ ਵਾਲੇ ਰੋਕਦੇ ਹਨ। ਰੋਕ ਕੇ ਜਬਰਦਸਤੀ ਉਸਦੇ ਇਕ ਪੈਰ ਤੇ ਇਕ ਹੱਥ ਨੂੰ ਸੰਗਲ ਨਾਲ ਨੂੜ ਦਿੰਦੇ ਹਨ। (ਜਿਵੇਂ ਕਿ ਭਗਤ ਸਿੰਘ ਨੂੰ ਇਕ ਫੋਟੋ ਵਿਚ ਵਿਖਾਇਆ ਗਿਆ ਹੈ।) ਮੈਂ ਪਾਤਰ ਚੱਲ ਨਹੀਂ ਸਕਦਾ। ਪਰ ਉਸਦੀ ਨਜ਼ਰ ਨੂੰ ਕੋਈ ਨਹੀਂ ਰੋਕ ਸਕਦਾ। ਉਸਦੀ ਨਜ਼ਰ ਕਾਮਰੇਡ ਨਾਲ ਮਿਲਦੀ ਹੈ। ਸਥਿਤੀ ਨੰਬਰ 'ਛੇ' ਤੇ 'ਸੱਤ' ਕਾਮਰੇਡ ਜੋਗਾ ਸਿੰਘ, ਮੈਂ ਪਾਤਰ ਤੇ ਡਾਕਟਰ ਦੇ ਆਪਸੀ ਵਾਰਤਾਲਾਪ ਵਿਚੋਂ ਵੀ ਉਘੜਦੀ ਹੈ। ਵਾਰਤਾਲਾਪੀ ਵਿਧੀ ਰਾਹੀਂ ਸਿਰਜੀ 'ਸਾਇਕੈਟਰੀ ਵਾਰਡ' ਕਹਾਣੀ ਜਿਨ੍ਹਾਂ ਸਥਿਤੀਆਂ ਨੂੰ ਪ੍ਰਤੀਕਾਂ, ਇਸ਼ਾਰਿਆਂ, ਰਮਜ਼ਾਂ, ਬੋਲਾਂ ਤੇ ਸੋਚਾਂ ਵਿਚ ਬੰਨ੍ਹਦੀ ਹੈ ਉਹਨਾਂ ਵਿਚੋਂ ਪ੍ਰਮੁੱਖ ਹਨ: ਧਾਰਮਿਕ ਸੰਸਥਾਵਾਂ, ਜਿਨ੍ਹਾਂ ਦੀ ਮੋਟੇ ਤੌਰ ਤੇ ਪ੍ਰਤੀਨਿਧਤਾ ਕਰਦੀਆਂ ਹਨ: ਕ੍ਰਿਸ਼ਨ, ਦੇਵੀ ਮਾਤਾ ਤੇ ਗੁਰੂ ਨਾਨਕ



ਦੀਆਂ ਤਸਵੀਰਾਂ, ਰਾਜਨੀਤਕ ਸੰਸਥਾਵਾਂ ਜਿਨ੍ਹਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ: ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ ਤੇ ਭਗਤ ਸਿੰਘ ਦੀਆਂ ਤਸਵੀਰਾਂ। ਮੈਂ ਪਾਤਰ ਡਾਕਟਰ, ਨਰਸਾਂ, ਸਰਕਾਰੀ ਅਫ਼ਸਰ, ਸਕਿਉਰਟੀ ਗਾਰਡ ਤੇ ਸਫਾਈ ਕਰਮਚਾਰੀ ਦੇ ਦਵੰਦਾਤਮਕ ਇਸ਼ਾਰੇ ਤੇ ਬੋਲ ਬਣਦੇ ਹਨ: ਰਾਜਕੀ ਸੰਸਥਾਵਾਂ ਦੇ ਆਮ ਲੋਕਾਈ ਉੱਤੇ ਦਾਬੇ ਦੇ ਸੰਕੇਤ। ਮੈਂ ਪਾਤਰ ਨੂੰ ਲੱਗੇ 'ਬਿਜਲੀ ਦੇ ਸ਼ਾਕ' ਅਸਲ ਵਿਚ ਰਾਜਕੀ ਸੰਸਥਾਵਾਂ ਦੇ ਦਬਾਉ ਤੇ ਰਾਜਸੀ ਕੁਚਾਲਾਂ ਦੁਆਰਾ ਫੈਲਾਈ ਅਮਾਨਵਤਾ ਹੀ ਹੈ। ਜਿਸ ਦੇ ਵਿਰੋਧ ਵਿਚ ਮੈਂ ਪਾਤਰ ਖੜ੍ਹਦਾ ਹੈ, ਬੋਲਦਾ ਹੈ ਅਤੇ ਆਪਣੇ ਹੀ ਢੰਗ ਦੀ ਲੜਾਈ ਲੜਦਾ ਹੈ। ਰਾਜਕੀ ਸੰਸਥਾਵਾਂ ਦਾ ਦਾਬਾ ਆਮ ਵਿਅਕਤੀ ਉੱਤੇ ਏਨਾ ਭਾਰੂ ਹੈ ਕਿ ਉਹ ਭਗਤ ਸਿੰਘ ਬਣਨਾ ਤਾਂ ਦੂਰ ਰਿਹਾ, ਭਗਤ ਸਿੰਘ ਦੇ ਸੁਪਨੇ ਲੈਣ ਤੋਂ ਵੀ ਅਸਮਰੱਥ ਜਾਪਦੇ ਹਨ। ਕੀ ਅਜੋਕਾ ਸਮਾਜਿਕ ਵਰਤਾਰਾ ਏਨਾ ਡਾਢਾ ਹੈ ਕਿ ਆਮ ਵਿਅਕਤੀ ਭਗਤ ਸਿੰਘ ਵਾਲੇ ਸੁਪਨੇ ਵੀ ਨਹੀਂ ਲੈ ਸਕਦਾ? ਕੀ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਪੂੰਜੀਵਾਦੀ ਸਮਾਜਿਕ ਵਰਤਾਰੇ ਨੂੰ ਏਨਾ ਡਰ ਹੈ ਕਿ ਕਿਤੇ ਇਹ ਉਨ੍ਹਾਂ ਦਾ ਨਾਸ਼ ਨਾ ਕਰ ਦੇਵੇ? ਕੀ ਅਜੋਕੇ ਦੌਰ ਵਿਚ ਦਬੇ ਕੁਚਲੇ ਵਰਗ 'ਚੋਂ ਕੋਈ ਭਗਤ ਸਿੰਘ ਬਣ ਸਕਦਾ ਹੈ, ਕੀ ਸਾਹਿਤ ਦੇ ਅਜੋਕੇ ਸਿਰਜਣਾਤਮਕ ਦੌਰ ਵਿਚ ਭਗਤ ਸਿੰਘ ਦੇ ਇਨਕਲਾਬੀ ਵਿਚਾਰਧਾਰਕ ਮਾਡਲ ਨੂੰ ਅਪਨਾਉਣ ਦੀ ਲੋੜ ਨਹੀਂ ਹੈ? ਕੀ ਦਲਿਤ ਲਹਿਰ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝੇ ਤੇ ਅਪਨਾਏ ਬਗੈਰ ਆਪਣੇ ਕ੍ਰਾਂਤੀਕਾਰੀ ਮਿਸ਼ਨ ਵਿਚ ਸਫ਼ਲ ਹੋ ਸਕੇਗੀ? ... ਜਿਹੇ ਵਿਚਾਰਧਾਰਕ ਪ੍ਰਸ਼ਨ ਉਠਾਉਂਦੀ ਕਹਾਣੀ ਹੈ: 'ਸਾਇਕੈਟਰੀ ਵਾਰਡ'।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਮੋਹਨ ਲਾਲ ਫਿਲੌਰੀਆ ਦਲਿਤ ਚੇਤਨਾ ਵਾਲਾ ਅਜਿਹਾ ਦਲਿਤ-ਪੱਖੀ ਕਥਾਕਾਰ ਹੈ ਜਿਸ ਦੀ ਕਥਾ-ਰਚਨਾ ਦਲਿਤ-ਜੀਵਨ ਦਰਸ਼ਨ ਦੇ ਬਹੁ-ਪਰਤੀ ਆਯਾਮ ਨੂੰ ਪਰਤ-ਦਰ-ਪਰਤ ਪੇਸ਼ ਕਰਦੀ ਹੋਈ ਦਲਿਤ ਜੀਵਨ-ਯਥਾਰਥ ਦਾ ਅਨੁਕਰਣ ਹੀ ਜਾਪਦੀ ਹੈ ਕਿਉਂ ਜੁ ਲੇਖਕ ਦੁਆਰਾ ਸਿਰਜੀ ਸ਼ਬਦਾਵਲੀ ਅਤੇ ਉਸ ਵਿਚੋਂ ਪੈਦਾ ਹੋਈ ਅਰਥਾਵਲੀ ਦਲਿਤ ਸਮਾਜ ਅਤੇ ਸਭਿਆਚਾਰ ਦੇ ਇਤਿਹਾਸ ਦੇ ਮੂਲ ਪੜਾਵਾਂ ਦੀ ਨਿਸ਼ਾਨਦੇਹੀ ਕਰਦੀ ਹੈ। ਲਗਦੈ, ਮੋਹਨ ਲਾਲ ਫਿਲੌਰੀਆ ਦੀ ਰਚਨਾ ਦ੍ਰਿਸ਼ਟੀ ਜਾਤੀ ਹੀਣਤਾ ਦੇ ਸ਼ਿਕਾਰ ਵਰਗ ਦੇ ਸੁਧਾਰ ਲਈ ਦਲਿਤਵਾਦ ਦੇ ਸੰਘਰਸ਼ੀ ਸਰੋਕਾਰਾਂ ਦਾ ਸਹਾਰਾ ਲੈਂਦੀ ਹੈ। ਕਿਸੇ ਰਚਨਾਕਾਰ ਦੀ ਰਚਨਾ ਦ੍ਰਿਸ਼ਟੀ ਦਾ ਮੂਲ ਸਰੋਕਾਰ ਤਾਂ ਪ੍ਰਗਤੀਸ਼ੀਲ ਮਾਨਵਵਾਦੀ ਰਚਨਾਤਮਕ ਵਿਚਾਰਧਾਰਾ ਨੂੰ ਪ੍ਰਗਟਾਉਣਾ ਹੈ। ਸੋ, ਮਾਨਵਵਾਦੀ ਰਚਨਾਤਮਕ ਦ੍ਰਿਸ਼ਟੀ ਹੀ ਦਲਿਤ ਸਾਹਿਤ ਦੀ ਸਿਰਜਣਾਤਮਕ ਸ਼ਕਤੀ ਹੋ ਸਕਦੀ ਹੈ। ਇਹ ਪਹੁੰਚ-ਦ੍ਰਿਸ਼ਟੀ ਹੀ ਜਾਤ-ਪਾਤੀ ਸਮਾਜਕ ਵਿਵਸਥਾ ਵਿਚ ਕੈਦ ਵਿਅਕਤੀ ਦੇ ਜੀਵਨ ਨੂੰ ਸੰਤੁਲਿਤ ਰੂਪ ਵਿਚ ਪੇਸ਼ ਕਰਦੀ ਹੈ। ਇਸ ਲਈ ਦਲਿਤ ਸਾਹਿਤ ਦੇ ਰਚਨਾਕਾਰਾਂ ਨੂੰ ਅਜਿਹੀ ਦ੍ਰਿਸ਼ਟੀ ਅਪਣਾਉਂਦਿਆਂ ਹੋਇਆਂ ਕਲਾ ਵਜੋਂ ਸਾਹਿਤ ਦੇ ਸ਼ਾਸਤਰ ਦੇ ਡੂੰਘੇ ਗਿਆਨ ਨੂੰ ਵੀ ਆਤਮਸਾਤ ਕਰਨਾ ਪਵੇਗਾ, ਵਰਨਾ ਦਲਿਤ ਸਾਹਿਤ ਇਕ ਪਾਸੜ ਬਦਲਾ-ਲਊ ਜਾਤ ਆਧਾਰਤ ਦਲਿਤ ਪ੍ਰਚਾਰ ਨਾਲ ਹੀ ਨੂੜਿਆ ਨਜ਼ਰ ਆਏਗਾ। ✪


**ਨੌਜਵਾਨ ਲੇਖਕ ਦੀਪ ਨਿਰਮੋਹੀ ਦੀ ਪਲੇਠੀ ਕਿਤਾਬ**

**'ਪੰਜਾਬੀ ਵਿਆਹ ਇਸ਼ਤਿਹਾਰਾਂ ਦੀ ਭਾਸ਼ਾ'**

***(ਵਾਕਾਤਮਕ ਬਣਤਰ ਤੇ ਵਿਚਾਰਧਾਰਾਈ ਪੈਟਰਨ)***


**ਪ੍ਰਕਾਸ਼ਕ**

**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

**ਮੁੱਲ:150, ਪੰਨੇ :100**



# ਦਲਿਤ ਜੀਵਨ ਦੀ ਦਾਸਤਾਨ: ਜ਼ਲਾਲਤ/- ਡਾ. ਗੁਰਮੇਲ ਸਿੰਘ




ਜ਼ਲਾਲਤ (ਪ੍ਰਕਾਸ਼ਕ ਪਰਵਾਜ਼ ਪ੍ਰਕਾਸ਼ਨ, ਜਲੰਧਰ, ਮੁੱਲ 200, ਪੰਨੇ 216+8) ਸਰੂਪ ਸਿਆਲਵੀ ਦੀ ਸਵੈ-ਜੀਵਨੀ ਪੁਸਤਕ ਹੈ। ਪੰਜਾਬੀ ਕਥਾ ਜਗਤ ਵਿਚ ਸਰੂਪ ਸਿਆਲਵੀ ਦਲਿਤ ਕਹਾਣੀਕਾਰ ਦੇ ਰੂਪ ਵਿਚ ਉਘੜਵਾਂ ਨਾਂ ਹੋਣ ਕਰਕੇ ਹੋਰਨਾਂ ਭਾਰਤੀ ਭਾਸ਼ਾਵਾਂ ਵਿਚ ਵੀ ਜਾਣਿਆ ਜਾਣ ਲੱਗਾ ਕਿਉਂਕਿ ਦੱਖਣੀ ਭਾਰਤ ਦੀਆਂ ਭਾਸ਼ਾਵਾਂ ਵਿਚ ਲੰਮੇ ਸਮੇਂ ਤੋਂ ਦਲਿਤ ਸਾਹਿਤ ਦੀ ਸੁਰ ਉਭਰਵੇਂ ਰੂਪ ਵਿਚ ਸੁਣਾਈ ਦਿੰਦੀ ਹੈ ਜਿਸ ਨੇ ਨਾ ਕੇਵਲ ਦਲਿਤ ਸਾਹਿਤ ਚਿੰਤਨ ਦੀ ਆਧਾਰਸ਼ਿਲਾ ਰੱਖੀ ਸਗੋਂ ਉਤਰੀ ਭਾਰਤ ਵਿਚ ਦਲਿਤ ਲੇਖਕ ਨੂੰ ਉਤਸ਼ਾਹਿਤ ਵੀ ਕੀਤਾ। ਇੰਜ ਪੰਜਾਬੀ ਵਿਚ ਕਿਸੇ ਦਲਿਤ ਲੇਖਕ ਦੀ ਸਵੈ-ਜੀਵਨੀ ਦਾ ਸਾਹਮਣੇ ਆਉਣਾ ਜਿਥੇ ਪੰਜਾਬੀ ਵਿਚ ਰਚੀ ਗਈ ਸਵੈ-ਜੀਵਨੀ ਦੇ ਵਿਚ ਵਾਧਾ ਕਰਨ ਵਾਲੀ ਗੱਲ ਹੈ ਉਥੇ ਦਲਿਤ ਵਸਤੂ ਯਥਾਰਥ ਤੇ ਕਾਵਿ-ਦ੍ਰਿਸ਼ਟੀ ਦਾ ਨਿੱਗਰ ਪ੍ਰਮਾਣ ਵੀ ਸਾਹਮਣੇ ਆਉਂਦਾ ਹੈ, ਜਿਸ ਨੇ ਸਵੈ ਜੀਵਨੀ ਵਿਧਾ ਨੂੰ ਪੁਨਰ ਪਰਿਭਾਸ਼ਤ ਕੀਤੇ ਜਾਣ ਦੀ ਜਗਿਆਸਾ ਪੈਦਾ ਕਰ ਦਿੱਤੀ ਹੈ। ਸਾਹਿਤਕ ਵਿਧਾ ਦੇ ਰੂਪ ਵਿਚ ਸਵੈ-ਜੀਵਨੀ ਇਕ ਖਾਸ ਮਹੱਤਵ ਦੀ ਧਾਰਨੀ ਵਿਧਾ ਹੈ ਜਿਵੇਂ ਕਿ ਇਸ ਦਾ ਕਰਤਾ ਖਾਸ ਸ਼ਖ਼ਸੀਅਤ ਦਾ ਧਾਰਨੀ ਹੋਵੇ। ਉਸ ਦਾ ਜੀਵਨ ਉਸਾਰੂ, ਪ੍ਰੇਰਨਾਮਈ ਤੇ ਮਿਸਾਲੀ ਗੁਣਾਂ ਨਾਲ ਭਰਪੂਰ ਹੋਵੇ। ਇਸ ਦੇ ਨਾਲ ਨਾਲ ਉਹ ਆਪਣੇ ਜੀਵਨ ਦਾ ਵਿਵਰਣ ਸੱਚਾਈ ਤੇ ਇਮਾਨਦਾਰੀ ਨਾਲ ਕਰੇ। ਦਲਿਤ ਸਵੈ-ਜੀਵਨੀ ਦੇ ਆਉਣ ਨਾਲ ਉਪਰੋਕਤ ਪ੍ਰੰਪਰਿਕ ਮਾਡਲ ਨੂੰ ਨਵੇਂ ਸਿਰੇ ਤੋਂ ਸਮਝਣ ਦਾ ਸਵਾਲ ਪੈਦਾ ਹੋਇਆ, ਕਿਉਂਕਿ ਸਾਧਾਰਨ ਤੌਰ ’ਤੇ ਦਲਿਤ ਸਵੈ ਜੀਵਨੀਕਾਰ ਸਾਡੇ ਸਾਮਜ ਦਾ ਸਭ ਤੋਂ ਵੱਧ ਨਪੀੜਿਆ ਗਿਆ ਸ਼ਖ਼ਸ ਹੁੰਦਾ ਹੈ, ਜਿਸ ਦਾ ਸਮੁੱਚਾ ਜੀਵਨ ਸਮਾਜਿਕ ਆਰਥਿਕ, ਧਾਰਮਿਕ ਤੇ ਇਤਿਹਾਸਕ ਜਬਰ ਜ਼ੁਲਮ ਦਾ ਕਰੂਰ ਚਿੱਤਰ ਪ੍ਰਸਤੁਤ ਕਰਦਾ ਹੈ। ਇਸ ਕਰਕੇ ਅਨੁਭਵ ਦੇ ਆਧਾਰ ’ਤੇ ਰਚੀ ਜਾਣ ਵਾਲੀ ਪ੍ਰਮੁੱਖ ਵਿਧਾ ਸਵੈ ਜੀਵਨੀ ਦੇ ਵਿਚ ਦਲਿਤ ਜੀਵਨ ਅਨੁਭਵ ਨੇ ਪਰੰਪਰਿਕ ਮਾਡਲ ਨੂੰ ਨਵਾਂ ਪਰਿਵੇਸ਼ ਦਿੱਤਾ। ਇਸ ਦਾ ਦੂਜਾ ਪੱਖ ਇਹ ਹੈ ਕਿ ਦਲਿਤ ਸਵੈ ਜੀਵਨੀ ਵਿਧਾ ਨੇ ਦਲਿਤ ਸਾਹਿਤ ਨੂੰ ਪ੍ਰਮਾਣਿਕ ਬਣਾਉਣ ਵਿਚ ਮੋਹਰੀ ਰੋਲ ਅਦਾ ਕੀਤਾ ਹੈ। ਪੰਜਾਬੀ ਵਿਚ ਦਲਿਤ ਸਾਹਿਤ ਦੇ ਪਿਛੜ ਜਾਣ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਵਿਚ ਸਵੈ-ਜੀਵਨੀ ਲੇਖਨ ਵੀ ਪਛੜ ਕੇ ਹੁੰਦਾ ਹੈ ਜਦ ਕਿ ਦੱਖਣੀ ਭਾਰਤ ਵਿਚ ਇਸ ਦਾ ਅਸਰ ਲੰਮੇ ਸਮੇਂ ਤੋਂ ਦੇਖਿਆ ਜਾ ਸਕਦਾ ਹੈ, ਕਿਉਂਕਿ 19ਵੀਂ ਸਦੀ ਦੇ ਅੱਧ ਤੋਂ ਹੀ ਜੋਤੀ ਰਾਓ ਫੂਲੇ ਤੇ ਸਵਿੱਤਰੀ ਫੂਲੇ ਦੀਆਂ ਲਿਖਤਾਂ ਵਿਚ ਦਲਿਤ ਦਮਨ ਦੇ ਮੁੱਦੇ ਨੂੰ ਇਕ ਭਰਵਾਂ ਹੁੰਗਾਰਾ ਮਿਲਣਾ ਆਰੰਭ ਹੋ ਗਿਆ ਸੀ। ਸਵੈ-ਜੀਵਨੀ ਦੀ ਕਲਾਤਮਿਕਤਾ ਇਸ ਗੱਲ ਵਿਚ ਹੈ ਕਿ ਲੇਖਕ ਦੇ ਜੀਵਨ ਵੇਰਵੇ ਰੌਚਿਕ ਤੇ ਵਾਰਤਾਲਾਪੀ ਸ਼ੈਲੀ ਵਿਚ ਕਸ਼ੀਦ ਕੇ ਸਾਹਮਣੇ ਆਉਂਦੇ



ਹਨ। ਸਰੂਪ ਸਿਆਲਵੀ ਦੀ ਇਹ ਸਵੈ ਜੀਵਨੀ ਇਸ ਕਰਕੇ ਧਿਆਨ ਆਕਰਸ਼ਿਤ ਕਰਦੀ ਹੈ ਕਿ ਇਹ ਸਵੈ-ਜੀਵਨੀ ਵਿਧਾ ਦੇ ਪਰੰਪਰਿਕ ਮਾਡਲ ਨੂੰ ਨਵਿਆਉਂਦੀ ਹੋਈ ਦਲਿਤ ਜੀਵਨ ਤੇ ਸੰਘਰਸ਼ ਦੇ ਕਠੋਰ ਯਥਾਰਥ ਨੂੰ ਪ੍ਰਸਤੁਤ ਕਰਦੀ ਹੈ ਤੇ ਲੇਖਕ ਦੇ ਸਾਹਿਤਕ ਸਫ਼ਰ ਦੀ ਸੂਹ ਵੀ ਦਿੰਦੀ ਹੈ। ਇਸ ਦੇ ਨਾਲ ਨਾਲ ਇਹ ਉਸ ਰਾਜਸੀ ਕਾਰਕੁੰਨ ਦੇ ਅਨੁਭਵ ਨੂੰ ਵੀ ਸਾਕਾਰ ਕਰਦੀ ਹੈ ਜਿਸ ਨੇ ਪੰਜਾਬ ਵਿਚ ਬਾਮਸੇਫ ਵਿਚ ਕੰਮ ਕਰਕੇ ਦਲਿਤ ਲਹਿਰ ਨੂੰ ਮਜ਼ਬੂਤ ਕਰਨ ਲਈ ਜਦੋ-ਜਹਿਦ ਕੀਤੀ।

ਇਸ ਪੁਸਤਕ ਵਿਚ ਲੇਖਕ ਕਈ ਰੂਪਾਂ ਵਿਚ ਉਦੈ ਹੋਇਆ ਦਿਖਾਈ ਦਿੰਦਾ ਹੈ। ਮਸਲਨ ਦਲਿਤ ਪਰਿਵਾਰ ਦੇ ਮੁਸ਼ਕਿਲਾਂ ਭਰੇ ਜੀਵਨ ਵਿਚੋਂ ਮਿਹਨਤ ਕਰਕੇ ਨੌਕਰੀ ਹਾਸਲ ਕਰਨ ਵਾਲੇ ਸ਼ਖ਼ਸ ਵੱਜੋਂ, ਦੂਜਾ, ਦੱਬੇ ਕੁਚਲੇ ਵਰਗ ਨੂੰ ਚੇਤਨ ਕਰਨ ਵਾਲੇ ਜੁਝਾਰੂ ਕਾਰਕੁੰਨ ਤੇ ਆਗੂ ਵਜੋਂ, ਸਕੂਲ ਵਿਚ ਸਫ਼ਲ ਅਧਿਆਪਕ ਵਜੋਂ ਪਿੰਡ ਵਿਚ ਉਸਾਰੂ ਕੰਮਾਂ ਵਿਚ ਮੋਹਰੀ ਭੂਮਿਕਾ ਅਦਾ ਕਰਨ ਵਜੋਂ ਅਤੇ ਲੇਖਕ ਦੇ ਧਰਮ ਨੂੰ ਨਿਭਾਉਣ ਵਾਲੇ ਜ਼ਿੰਮੇਵਾਰ ਲੇਖਕ ਵਜੋਂ। ਲੇਖਕ ਦੇ ਹਾਸਲ ਕੀਤੇ ਜੀਵਨ ਦੇ ਮੁਕਾਬਲੇ ’ਤੇ ਪ੍ਰਾਪਤ ਯਥਾਰਥ ਨੂੰ ਦੇਖੀਏ ਤਾਂ ਬਿਲਕੁਲ ਵਿਰੋਧੀ ਜ਼ਾਲਮ ਤੇ ਅਨਿਆ ਭਰਿਆ ਵਰਤਾਰਾ ਨਜ਼ਰ ਆਉਂਦਾ ਹੈ। ਇਸ ਦੀ ਨਜ਼ਰਸਾਨੀ ਕਰਦਿਆਂ, ਲੇਖਕ ਦੇਸ਼ ਵੰਡ ਸਮੇਂ ਆਪਣੇ ਭਰਾ ਰੂਪ ਤੇ ਭੂਆ ਪ੍ਰੇਮੋ ਦੀ ਦਰਦਨਾਕ ਮੌਤ ਦਾ ਖ਼ੌਫ਼ ਤੇ ਸਦਮਾ ਸਹਿੰਦਾ, ਏਧਰਲੇ ਪੰਜਾਬ ਵਿਚ ਬੇਘਰੇ ਹੋਣ ਦਾ ਸੰਤਾਪ ਸਹਿੰਦਾ, ਸਕੂਲ ਤੇ ਪਿੰਡ ਵਿਚ ਜਾਤੀ ਵਿਤਕਰਾ ਝੱਲਦਿਆਂ, ਬੈਚ ਵਾਲੀ ਦਲਿਤ ਮਾਰੂ ਜਗੀਰੂ ਪੰਚਾਇਤ ਵੱਲੋਂ ਪੁਲਿਸ ਤੇ ਕੋਰਟ ਕਚਹਿਰੀਆਂ ਦੇ ਕੇਸਾਂ ਦੀ ਮਾਰ ਝੱਲਦਿਆਂ, ਖਾੜਕੂਵਾਦ ਦੇ ਖ਼ੌਫ ਦੌਰਾਨ ਬਾਮਸੇਫ ਦੀ ਲਹਿਰ ਉਸਾਰਦਿਆਂ ਅਧਰੰਗ ਦੇ ਮਾਰੇ ਚਾਚੇ ਅਜੀਤ ਸਿੰਘ, ਬਾਈ ਦੀ ਮਾਰ ਸਹਿੰਦੀ ਬੇਬੇ ਪਤਨੀ ਦੀ ਬਿਮਾਰੀ, ਪੁੱਤਰ ਦੇ ਤਲਾਕ, ਪ੍ਰਾਈਵੇਟ ਕੰਮ ਦੇ ਬੋਝ ਥੱਲੇ ਪਿਸਦਿਆਂ ਨੌਜਵਾਨ ਪੁੱਤਰ ਦੀ ਸੜਕ ਹਾਦਸੇ ਵਿਚ ਮੌਤ ਦਾ ਸਦਮਾ ਉਪਰੰਤ ਨੂੰਹ ਤੇ ਪੋਤਰਿਆਂ ਦੀ ਜ਼ਿੰਦਗੀ ਦਾ ਦਰਦ ਲੇਖਕ ਤਲਖ਼ ਹਕੀਕਤਾਂ ਵਿਚ ਘਿਰਿਆ ਦਿਖਾਈ ਦਿੰਦਾ ਹੈ, ਜਿਸ ਵਿਚ ਸਾਧਾਰਨ ਵਿਅਕਤੀ ਦੀ ਹਾਰ ਨਿਸ਼ਚਿਤ ਮੰਨੀ ਜਾ ਸਕਦੀ ਹੈ, ਪਰੰਤੂ ਲੇਖਕ ਇਨ੍ਹਾਂ ਕਠੋਰ ਪਰਿਸਥਿਤੀਆਂ ਦਾ ਵਿਰਲਾਪ ਨਹੀਂ ਕਰਦਾ, ਭਾਵੇਂ ਇਹ ਲੇਖਕ ਦੇ ਦਿਲ ਉਪਰ ਡੂੰਘੇ ਜ਼ਖ਼ਮ ਤਾਂ ਕਰਦੀਆਂ ਹਨ ਪਰ ਉਸ ਨੂੰ ਹਰਾ ਨਹੀਂ ਸਕਦੀਆਂ। ਉਹ ਆਪਣੀ ਜੀਵਨ ਦ੍ਰਿਸ਼ਟੀ ਦੇ ਬਲਬੂਤੇ ਇਸ ਸਭ ਕੁਝ ਤੋਂ ਪਾਰ ਜਾਣ ਦੀ ਸ਼ਕਤੀ ਗ੍ਰਹਿਣ ਕਰਦਾ ਹੈ।

ਇਸ ਪੁਸਤਕ ਦੇ ਤੱਤਸਾਰ ਵੱਜੋਂ ਪੇਸ਼ ਸ਼ਬਦਾਂ ਰਾਹੀਂ ਲੇਖਕ ‘ਜ਼ਲਾਲਤ ਭਰੀ ਜ਼ਿੰਦਗੀ’ ਵਿਚ ਆਪਣੀ ਵਿਚਾਰਧਾਰਕ ਪ੍ਰਤਿਬੱਧਤਾ ਬਾਰੇ ਲਿਖਦਾ ਹੈ ਕਿ ਮੈਂ ਮਹਿਜ਼ ਲਿਖਤਾਂ ਰਾਹੀਂ ਹੀ ਸਮਾਜ ਨਾਲ ਟੱਕਰ ਨਹੀਂ ਲਈ ਸਗੋਂ ਦਲਿਤ ਵਿਰੋਧੀ ਸਮਾਜ ਦੇ ਵਰਗਾਂ ਨਾਲ ਮੈਂ ਨਿੱਜੀ ਤੌਰ ’ਤੇ ਲੜਿਆ ਵੀ ਹਾਂ ਅਤੇ ਹੁਣ ਤੱਕ ਲੜ ਰਿਹਾ ਹਾਂ। ਇਸ ਦੇ ਬਦਲ ਵਿਚ ਮੈਨੂੰ ਬਹੁਤ ਮਾਨਸਿਕ, ਸਰੀਰਕ ਤੇ ਆਰਥਿਕ ਪੀੜਾ ਝੱਲਣੀ ਪਈ। ਇੰਜ ਲੇਖਕ ਦਲਿਤ ਸਾਹਿਤ ਦੀ ਕਾਵਿ ਦ੍ਰਿਸ਼ਟੀ ਤੇ ਵਸਤੂ ਯਥਾਰਥ ਦੇ ਬਿੰਦੂਆਂ ਨੂੰ ਨਿਰਧਾਰਤ ਕਰਕੇ ਤੁਰਦਾ ਹੈ। ਇਸ ਪੁਸਤਕ ਵਿਚ ਲੇਖਕ ਸ਼ੈਲੀ ਦੇ ਰੂਪ ਵਿਚ ਵੀ ਨਵੇਂ ਤਜਰਬੇ ਕਰਨ ਪ੍ਰਤੀ ਉਤਸਕ ਹੈ। ਮਸਲਨ ਉਹ ਆਪਣੀ ਜੀਵਨ ਵਿਥਿਆ ਦਾ ਆਰੰਭ ਨਿੱਜੀ ਵੇਰਵੇ ਜਾਂ ਜਾਣਕਾਰੀ ਤੋਂ ਨਹੀਂ ਕਰਦਾ ਬਲਕਿ ‘ਕਿਹੜੇ ਪਿੰਡ ਦਾ ਮੈਂ ਹਾਂ..’ ਦੇ ਸਿਰਲੇਖ ਰਾਹੀਂ ਕਰਦਾ ਹੈ, ਜਿਸ ਵਿਚ ਵਸੇਬੇ ਦੀ ਮੁੱਢਲੀ ਲੋੜ ਨੂੰ ਲੈ ਕੇ ਲੇਖਕ ਦਲਿਤ ਸਮਾਜ ਦੇ ਅਛੂਤ ਪਾਸਾਰਾਂ ਦਾ ਮੁੱਢਲਾ ਪਹਿਲੂ ਸਾਕਾਰ ਕਰਦਾ ਹੈ।

ਲੇਖਕ ਕੋਲ ਏਧਰਲੇ ਪੰਜਾਬ ਵਿਚ ਵੰਡ ਦੇ ਉਜਾੜੇ ਸਮੇਂ ਦਲਿਤ ਲੋਕਾਂ ਦੇ ਵਸੇਬੇ ਨੂੰ ਲੈ ਕੇ ਜਾਤੀ ਸ਼ੋਸ਼ਣ ਦਾ ਤਲਖ ਅਨੁਭਵ ਹੈ। ਜਦੋਂ ਉਧਰਲੇ ਪੰਜਾਬ ਤੋਂ ਉਜੜ ਕੇ ਆਏ ਬਾਕੀ ਲੋਕਾਂ ਦੇ ਵਸੇਬੇ ਦਾ ਤਾਂ ਸਰਕਾਰ ਨੂੰ ਫਿਕਰ ਹੈ ਪਰ ਦਲਿਤ ਲੋਕਾਂ ਦਾ ਕਿਸੇ ਨੂੰ ਫਿਕਰ ਤਾਂ ਕੀ ਸਗੋਂ ਫਿਟਕਾਰ ਦਾ ਸਾਹਮਣਾ ਕਰਦੇ

ਹੋਏ ਦਰ-ਬ-ਦਰ ਭਟਕਣਾ ਪੈਂਦਾ ਹੈ।"ਉਧਰੋਂ ਜ਼ਮੀਨਾਂ-ਜਾਇਦਾਦਾਂ, ਮਹਿਲ-ਅਟਾਰੀਆਂ ਛੱਡ ਕੇ ਆਏ ਲੋਕ ਥਾਂ-ਥਾਂ ਭਟਕਦੇ ਫਿਰਦੇ ਨੇ ਤੇ ਤੁਸੀਂ ਉਧਰੋਂ ਆਏ ਬੇਘਰੇ, ਖ਼ਾਨਾਬਦੋਸ਼ ਲੋਕ ਘਰਾਂ ਦੇ ਮਾਲਕ ਬਣੇ ਬੈਠੇ ਓ। ਚਲੋ ਛੱਡੋ ਇਹ ਘਰ, ਕੱਢੋ ਆਪਣਾ ਸਮਾਨ?" ਫੇਰ ਪੁਲਿਸ ਅਫ਼ਸਰ ਨੇ ਖਾਂਦੇ ਪੀਂਦੇ ਜਾਪਦੇ ਕਾਫ਼ਲੇ ਦੇ ਜੀਆਂ ਨੂੰ ਸੰਬੋਧਨ ਕੀਤਾ, ਅਜੇ ਤੁਸੀਂ ਇਨ੍ਹਾਂ ਘਰਾਂ ਵਿਚ ਬੈਠੋ ਫਿਰ ਤੁਹਾਨੂੰ ਮੁਸਲਮਾਨਾਂ ਦੇ ਛੱਡੇ ਵੱਡੇ ਘਰ, ਹਵੇਲੀਆਂ ਵੀ ਲੱਭ ਕੇ ਅਲਾਟ ਕਰ ਦਿਆਂਗੇ।"

ਇਸ ਕਾਂਡ ਵਿਚ ਲੇਖਕ ਦੇਸ਼ ਵੰਡ ਨੂੰ ਨਵੇਂ ਜ਼ਾਵੀਏ ਤੋਂ ਦੇਖਦਾ ਹੋਇਆ ਲਿਖਦਾ ਹੈ ਕਿ ਏਧਰੋਂ ਜਾ ਕੇ ਬਾਰ ਵਿਚ ਵਸੇ ਦਲਿਤਾਂ ਕੋਲ ਖੁੱਲ੍ਹੇ ਡੁੱਲੇ ਘਰ ਸਨ ਪਰ ਏਧਰ ਆ ਕੇ ਉਹ ਮੁੜ ਜਾਤੀ ਸ਼ੋਸ਼ਣ ਦੇ ਅੰਧਕਾਰ ਵਿਚ ਆ ਕੇ ਫਸ ਗਏ। ਲੇਖਕ ਨੇ ਪ੍ਰਕਾਸ਼ਕ ਵੱਲੋਂ ਪੁੱਛੇ ਪਿੰਡ ਦੇ ਪਤੇ ਨੂੰ ਲੈ ਕੇ ਪਿੰਡ ਬਾਹਰੇ ਹੋਣ ਦੇ ਤਲਖ਼ ਤਜ਼ਰਬੇ ਨੂੰ ਇਕ ਵੱਡੇ ਮਸਲੇ ਦੇ ਰੂਪ ਵਿਚ ਖੜਾ ਕੀਤਾ ਹੈ ਜਦੋਂ ਇਸ ਧਰਤੀ ਉਪਰ ਦਲਿਤ ਮਨੁੱਖ ਨੂੰ ਰਹਿਣ ਦਾ ਵੀ ਅਧਿਕਾਰ ਨਹੀਂ ਸੀ। ਇਸ ਦੇ ਨਾਲ ਹੀ ਲੇਖਕ ਜਾਤੀ ਗੌਰਵ ਤੇ ਜਾਤੀ ਹੀਣਤਾ ਨੂੰ ਆਹਮਣੇ-ਸਾਹਮਣੇ ਰੱਖ ਕੇ ਵਰਣ ਵਿਵਸਥਾ ਦੀਆਂ ਦਲਿਤ ਵਿਰੋਧੀ ਅਲਾਮਤਾਂ ਦਾ ਮੁੱਢਲਾ ਖਾਕਾ ਸਾਹਮਣੇ ਲਿਆਉਂਦਾ ਹੈ। ਏਨਾ ਹੀ ਨਹੀਂ ਉਹ ਗੈਰ ਦਲਿਤ ਲੇਖਕਾਂ ਵੱਲੋਂ ਜੰਮਣ ਭੋਇੰ ਦੇ ਉਦਰੇਵੇਂ ਵਾਲੀਆਂ ਲਿਖਤਾਂ ਦੇ ਸੰਬੰਧ ਵਿਚ ਟਿੱਪਣੀ ਕਰਦਾ ਹੋਇਆ ਸਾਹਿਤਕ ਅਨੁਭਵ ਅੰਦਰਲੇ ਹਿੱਤਾਂ ਦੇ ਟਕਰਾ ਦਾ ਮਸਲਾ ਉਠਾਉਂਦਾ ਹੈ। ਜਿਥੇ ਦਲਿਤ ਤੇ ਗੈਰ ਦਲਿਤ ਲੇਖਕ ਦੇ ਹਿੱਤਾਂ ਵਿਚ ਬੁਨਿਆਦੀ ਅੰਤਰ ਦਿਖਾਈ ਦਿੰਦਾ ਹੈ।

ਇਸ ਸਵੈ-ਜੀਵਨੀ ਵਿਚ ਲੇਖਕ ਦੀ ਵੱਖਰੀ ਪਛਾਣ ਇਕ ਰਾਜਸੀ ਕਾਰਕੁੰਨ ਵਜੋਂ ਦੇਖੀ ਜਾ ਸਕਦੀ ਹੈ। ਲੇਖਕ ਪੰਜਾਬ ਵਿਚ ਬਾਮਸੇਫ਼ ਲਹਿਰ ਦੇ ਉਸਰੱਈਆਂ ਵਿਚੋਂ ਇਕ ਹੈ। 'ਇਕ ਵਰਕਰ ਦਾ ਜਨਮ', 'ਜੇਲ੍ਹ ਭਰੋ ਅੰਦੋਲਨ ਰੋਪੜ', 'ਬਾਮਸੇਫ਼ ਬ੍ਰਦਰਹੁੱਡ', 'ਇਨ ਗਰੀਬ ਸੀਖਕ ਕੋ', ਕਾਂਡਾਂ ਵਿਚ ਲੇਖਕ ਦਾ ਰਾਜਸੀ ਸਫ਼ਰ, ਬਾਮਸੇਫ ਪ੍ਰਤੀ ਸਮਰਪਣ, ਦੂਰ ਦ੍ਰਿਸ਼ਟੀ ਤੇ ਸੁਹਿਰਦਤਾ ਦਾ ਪ੍ਰਮਾਣ ਮਿਲਦਾ ਹੈ ਜਦੋਂ ਲੇਖਕ ਨੇ ਆਪਣੇ ਰਾਜਸੀ ਗੁਰੂ ਹਰਜਾਪ ਸਿੰਘ ਨਾਲ ਪਿੰਡ ਪਿੰਡ ਜਾ ਕੇ ਗੁਰਬਤ ਦੇ ਮਾਰੇ ਦਲਿਤ ਲੋਕਾਂ ਨੂੰ ਜਥੇਬੰਦ ਕੀਤਾ ਤਾਂ ਜੋ ਸਮਾਜੀ ਤੇ ਆਰਥਿਕ ਹੀਣਤਾ ਦੇ ਸ਼ਿਕਾਰ ਵਰਗ ਦੀ ਮੁਕਤੀ ਲਈ ਜੰਗ ਵਿੱਢੀ ਜਾਵੇ। ਰਾਜਸੀ ਸੰਘਰਸ਼ ਦੇ ਇਸ ਅਨੁਭਵ ਨੂੰ ਲੇਖਕ ਨੇ ਤੱਥ ਮੂਲਕ ਵੇਰਵੇ ਸਹਿਤ ਪ੍ਰਸਤੁਤ ਕੀਤਾ ਹੈ, ਜਿਸ ਵਿਚ ਸਾਥੀਆਂ ਦੇ ਨਾਵਾਂ ਪਿੰਡਾਂ ਦੇ ਨਾਵਾਂ, ਥਾਵਾਂ ਘਟਨਾਵਾਂ ਦਾ ਪੂਰਾ ਵੇਰਵਾ ਮਿਤੀ ਅਨੁਸਾਰ ਦਿੱਤਾ ਹੈ ਜਿਸ ਤੋਂ ਇਕ ਸਜੱਗ ਤੇ ਜ਼ਿੰਮੇਵਾਰ ਕਾਰਕੁੰਨ ਦਾ ਪ੍ਰਮਾਣ ਮਿਲਦਾ ਹੈ। ਲੇਖਕ ਬਾਮਸੇਫ਼ ਲਹਿਰ ਵਿਚ ਕੰਮ ਕਰਦਿਆਂ ਬਲਾਕ ਪ੍ਰਧਾਨ ਤੋਂ ਜ਼ਿਲ੍ਹਾ ਪ੍ਰਧਾਨ ਬਣਨ ਤੇ ਇਕ ਵਰਕਰ ਤੋਂ ਆਗੂ ਦੇ ਰੂਪ ਵਿਚ ਆਪਣੇ ਉਭਾਰ ਤੇ ਲਹਿਰ ਪ੍ਰਤੀ ਵਚਨਬਧਤਾ ਦੇ ਅਨੇਕਾਂ ਬਿਰਤਾਂਤਕ ਵੇਰਵੇ ਸਾਂਝੇ ਕਰਦਾ ਹੈ। ਲੇਖਕ ਅਛੂਤ ਵਰਗ ਦੀ ਮੁਕਤੀ ਲਈ ਡਾ. ਅੰਬੇਡਕਰ ਵੱਲੋਂ ਲੜੇ ਗਏ ਸੰਘਰਸ਼ ਤੋਂ ਲੈ ਕੇ ਕਾਂਸ਼ੀ ਰਾਮ ਵੱਲੋਂ ਬਹੁਜਨ ਸਮਾਜ ਪਾਰਟੀ ਦੀ ਉਸਾਰੀ ਲਈ ਕੀਤੇ ਯਤਨਾਂ ਉਪਰੰਤ ਉਤਰ ਪ੍ਰਦੇਸ਼ ਵਿਚ ਬੀ.ਐਸ.ਪੀ. ਦੀ ਸਰਕਾਰ ਬਣਨ ਤੱਕ ਦੇ ਅਨੇਕਾਂ ਤੱਥਮੂਲਕ ਵੇਰਵੇ ਪ੍ਰਸਤੁਤ ਕਰਦਾ ਹੈ। ਇਥੇ ਅੰਬੇਡਕਰਵਾਦੀ ਵਿਚਾਰਧਾਰਾ ਤੇ ਬਹੁਜਨ ਸਮਾਜ ਦੀ ਜਦੋ-ਜਹਿਦ ਅਤੇ ਲਾਮਬੰਦੀ ਖਾਤਰ ਆਗੂਆਂ ਵੱਲੋਂ ਕੀਤੇ ਗਏ ਲਾਮਿਸਾਲੀ ਯਤਨਾਂ ਦਾ ਇਤਿਹਾਸਕ ਵੇਰਵਾ ਵੀ ਮਿਲਦਾ ਹੈ, ਜਿਸ ਦੀ ਬਦੌਲਤ ਹੀ ਭਾਰਤ ਅੰਦਰ ਦਲਿਤ ਮਨੁੱਖ ਦੇ ਹੱਕ ਸੁਰੱਖਿਅਤ ਹੋ ਸਕਦੇ ਹਨ।

ਬਾਮਸੇਫ ਵਿਚ ਇਕ ਆਗੂ ਦੇ ਰੂਪ ਵਿਚ ਕੰਮ ਕਰਦਿਆਂ ਲੇਖਕ ਨੇ ਅਪਾਦੀ ਕਾਰਗੁਜ਼ਾਰੀ ਦੇ ਜੋ ਤੱਥ ਪ੍ਰਸਤੁਤ ਕੀਤੇ ਹਨ ਉਹ ਉਸ ਦੀ ਵਚਨਬੱਧਤਾ ਦਾ ਪ੍ਰਮਾਣ ਇਸ ਕਰਕੇ ਬਣਦੇ ਹਨ ਕਿਉਂਕਿ ਲੇਖਕ



ਤੱਥਾਂ ਤੇ ਵੇਰਵਿਆਂ ਨੂੰ ਅਧਾਰ ਬਣਾ ਕੇ ਹੀ ਗੱਲ ਕਰਦਾ ਹੈ। ਮਸਲਨ ਉਸ ਨੇ ਖਾੜਕੂਵਾਦ ਦੌਰਾਨ ਪੰਜਾਬ ਵਿਚ ਮਾਰੇ ਗਏ ਦਲਿਤ ਕਾਰਕੁੰਨਾਂ ਦੀ ਪੂਰੀ ਤਫ਼ਸੀਲ ਦੇ ਕੇ ਖਾੜਕੂਵਾਦ ਨੂੰ ਦਲਿਤ ਵਿਰੋਧੀ ਤੇ ਦਲਿਤ ਦਮਨਕਾਰੀ ਕਿਹਾ ਹੈ। ਇਸੇ ਤਰ੍ਹਾਂ ਕਾਂਸ਼ੀ ਰਾਮ ਵੱਲੋਂ 1987 ਦੇ ਜੇਲ੍ਹ ਭਰੋ ਅੰਦੋਲਨ ਵਿਚ ਰੋਪੜ ਜ਼ਿਲ੍ਹੇ ਦੇ ਗ੍ਰਿਫ਼ਤਾਰ ਹੋਏ ਵਰਕਰਾਂ ਦੀ ਲਿਸਟ ਵੀ ਪੂਰੇ ਵੇਰਵੇ ਸਹਿਤ ਦਿੱਤੀ ਗਈ ਹੈ। ਭਾਵੇਂ ਇਸ ਤਰ੍ਹਾਂ ਦੇ ਵੇਰਵੇ ਸਾਧਾਰਨ ਪਾਠਕ ਲਈ ਅਕਾਊ ਤੇ ਫਾਲਤੂ ਹੋਣ ਕਰਕੇ ਰੜਕਦੇ ਹਨ। ਪਰੰਤੂ ਇਹ ਲੇਖਕ ਦੇ ਜਥੇਬੰਦਕ ਸੰਘਰਸ਼ ਦਾ ਪ੍ਰਮਾਣ ਹਨ, ਜਿਸ ਵਿਚੋਂ ਉਸ ਦੀ ਕਾਰਗੁਜ਼ਾਰੀ ਦਾ ਆਗੂ ਵਾਲਾ ਬਿੰਬ ਉਘੜਦਾ ਹੈ। ਇਸ ਦਾ ਇਕ ਹੋਰ ਪ੍ਰਮਾਣ 'ਬਾਮਸੇਫ ਬ੍ਰਦਰਹੁਡ' ਕਾਂਡ ਵਿਚ ਦੇਖਿਆ ਜਾ ਸਕਦਾ ਹੈ, ਜਿਥੇ ਉਹ ਬੀ.ਐਸ.ਪੀ. ਵਰਕਰ ਦੇ ਪੁੱਤਰ ਨੂੰ ਨੰਦੇੜ ਸਾਹਿਬ ਤੋਂ ਛੁਡਾ ਕੇ ਲਿਆਉਣ ਲਈ ਜਦੋ-ਜਹਿਦ ਕਰਦੇ ਨ ਜਿਸ ਨੂੰ TADA ਦੇ ਝੂਠੇ ਕੇਸ ਵਿਚ ਫੜ ਲਿਆ ਗਿਆ ਸੀ। ਲੇਖਕ BSP ਦੀ ਪਾਰਟੀ ਲਾਇਨ ਦੇ ਪ੍ਰਤੀ ਅਡਿੱਗ ਰਹਿੰਦਾ ਹੋਇਆ ਵਿਰੋਧੀ ਧਿਰ ਦੇ ਹਮਲਿਆਂ ਨੂੰ ਪਛਾੜਨ ਦੀ ਸਮਝ ਰੱਖਦਾ ਹੈ। ਇਸ ਦੀ ਮਿਸਾਲ 'ਏਹ ਗਰੀਬ ਸੀਖਨ ਕੋ' ਵਾਲੇ ਕਾਂਡ ਵਿਚ ਮਿਲਦੀ ਹੈ, ਜਦੋਂ ਤਰਾਈ (G.D.) ਦੇ ਇਲਾਕੇ ਵਿਚ ਵਸੇ ਪੰਜਾਬੀ ਜੱਟਾਂ ਕੋਲੋਂ ਨਾਜਾਇਜ਼ ਕਬਜ਼ੇ ਵਾਲੀ ਜ਼ਮੀਨ ਖੋਹ ਕੇ BSP ਨੇ ਖੇਤ ਮਜ਼ਦੂਰ ਸਿੱਖਾਂ ਨੂੰ ਵੰਡ ਦਿੱਤੀ ਸੀ। ਇਸੇ ਤਰ੍ਹਾਂ ਉਹ ਪੰਜਾਬ ਅੰਦਰ ਬਾਮਸੇਫ ਦੇ ਪਤਨ ਤੇ BSP ਵਿਚ ਦੁਫਾੜ ਤੋਂ ਪਰੇਸ਼ਾਨ ਹੁੰਦਾ ਹੈ। ਉਸ ਨੂੰ ਜਾਪਦਾ ਹੈ ਕਿ ਦਲਿਤਾਂ ਦੀ ਆਪਣੀ ਜਥੇਬੰਦੀ ਦੀ ਮਜ਼ਬੂਤੀ ਵਿਚੋਂ ਹੀ ਮੁਕਤੀ ਦਾ ਰਾਹ ਨਿਕਲ ਸਕਦਾ ਹੈ।

'ਡੰਨ ਦੇ ਦਿਓ ਪਰ ਕਚਹਿਰੀ ਜਾਣ ਤੋਂ ਬਚਿਓ' ਕਾਂਡ ਦਲਿਤ ਜ਼ਬਰ ਦੀ ਅਜਿਹੀ ਗਾਥਾ ਹੈ, ਜਿਸ ਨੇ ਨਾ ਕੇਵਲ ਲੇਖਕ ਨੂੰ ਜਾਤੀ ਹੀਣਤਾ ਦਾ ਸ਼ਿਕਾਰ ਬਣਾਇਆ ਸਗੋਂ ਉਸ ਦੇ ਆਰਥਿਕ ਤੇ ਮਾਨਸਿਕ ਹਾਲਤ ਨੂੰ ਗਹਿਰੇ ਸੰਕਟ ਵਿਚ ਪਾ ਦਿੱਤਾ। ਇਸ ਸਵੈ-ਜੀਵਨੀ ਵਿਚ ਰਚਨਾਕਾਰ ਦਾ ਇਕ ਹੋਰ ਭਰਵਾਂ ਬਿੰਬ ਦਲਿਤ ਦਮਨ ਦੇ ਵਿਰੁੱਧ ਸੰਘਰਸ਼ ਕਰਨ ਵਾਲੇ ਤੇ ਪਲਟਵੇਂ ਰੂਪ ਵਿਚ ਇਸ ਦਾ ਸ਼ਿਕਾਰ ਬਣੇ ਦਲਿਤ ਮਨੁੱਖ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਕ ਵਰਕਰ ਦਾ ਜਨਮ, ਡੰਨ ਦੇ ਦਿਓ ਪਰ ਕਚਹਿਰੀ ਜਾਣ ਤੋਂ ਬਚਿਓ, ਜਿਥੇ ਬੰਦੇ ਨੂੰ ਬੰਦਾ ਨਹੀਂ ਸਮਝਦੇ, ਇਕ ਮੁੱਠੀ ਚੁੱਕ ਲੈ ਦੂਜੀ ਤਿਆਰ ਕਾਂਡਾਂ ਵਿਚ ਇਸ ਪਾਸਾਰ ਦੇ ਕਈ ਵੇਰਵੇ ਸਾਹਮਣੇ ਆਉਂਦੇ ਹਨ।

'ਡੰਨ ਦੇ ਦਿਓ ਪਰ ਕਚਹਿਰੀ ਜਾਣ ਤੋਂ ਬਚਿਓ' ਵਾਕ ਉਸ ਦਲਿਤ ਸਮਾਜ ਦੀ ਪੀੜ ਦਾ ਸੂਚਕ ਹੈ ਜੋ ਸਮਾਜਿਕ ਤੇ ਆਰਥਿਕ ਤੌਰ 'ਤੇ ਪਹਿਲਾਂ ਹੀ ਪੀੜਤ ਹੈ। ਉਸ ਦੀ ਵੱਡੀ ਸੀਮਾ ਇਹ ਹੈ ਕਿ ਆਪਣੀ ਸਮਾਜਿਕ ਮਾਣ ਮਰਿਆਦਾ ਨੂੰ ਕਾਨੂੰਨੀ ਹੱਕ ਨਾਲ ਹਾਸਲ ਕਰਨਾ ਵੀ ਮੁਸ਼ਕਿਲ ਹੈ। ਇਸ ਨੂੰ ਅਜੋਕੇ ਸਮੇਂ ਵਿਚ ਚੱਲਦੇ ਜੱਟ ਦੀ ਹਊਮੈ ਭਰੇ ਗੀਤਾਂ ਦੇ ਵਿਚੋਂ ਦੇਖਿਆ ਜਾ ਸਕਦਾ ਹੈ ਜਿਥੇ ਉਹ ਕਚਹਿਰੀਆਂ ਨੂੰ ਮੇਲੇ ਜਾਣ ਵਾਂਗ ਤਸੱਵਰ ਕਰਕੇ ਆਪਣੀ ਸਮਾਜਿਕ ਤੇ ਆਰਥਿਕ ਧੌਂਸ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਇਸ ਘਟਨਾ ਦਾ ਇਕ ਭਰਵਾਂ ਗਲਪੀ ਬਿਰਤਾਂਤ ਉਸ ਦੇ ਕਹਾਣੀ ਸੰਗ੍ਰਹਿ 'ਨੇਰ੍ਹੇ ਦੇ ਵਾਸੀ' ਵਿਚਲੀ ਲੰਮੀ ਕਹਾਣੀ 'ਵਿੰਗੀ ਗਲੀ ਸਿੱਧੀ ਗਲੀ' ਵਿਚ ਵੀ ਦੇਖਿਆ ਜਾ ਸਕਦਾ ਹੈ।

ਇਸ ਕਾਂਡ ਵਿਚ ਜਾਤ-ਪਾਤ ਪ੍ਰਬੰਧ ਦੀ ਉਸ ਮਾਨਸਿਕਤਾ ਦਾ ਨੰਗਾ ਚਿੱਟਾ ਰੂਪ ਨਜ਼ਰ ਆਉਂਦਾ ਹੈ ਜੋ ਦਲਿਤ ਮਨੁੱਖ ਦੀ ਤਰੱਕੀ ਤੇ ਖੁਸ਼ਹਾਲੀ ਦੇਖਿਆਂ ਔਖ ਮਹਿਸੂਸ ਕਰਦਾ ਹੈ ਅਤੇ ਅਜਿਹੇ ਮੌਕੇ ਦੀ ਤਲਾਸ਼ ਵਿਚ ਰਹਿੰਦਾ ਹੈ ਕਿ ਕਦੋਂ ਉਸ ਨੂੰ ਦਲਿਤ ਹੋਣ ਦਾ ਸਬਕ ਸਿਖਾਇਆ ਜਾਵੇ। ਭਾਰਤੀ ਲੋਕਤੰਤਰ ਵਿਚ ਦਲਿਤਾਂ ਦੇ ਹਿੱਤਾਂ ਦੀ ਰੱਖਿਆ ਲਈ ਕੀਤੇ ਗਏ ਯਤਨਾਂ ਨਾਲ ਜਦੋਂ ਤੋਂ ਮੁੱਠੀ ਭਰ ਦਲਿਤ ਸ਼੍ਰੇਣੀ

ਨੂੰ ਬਿਹਤਰ ਜੀਵਨ ਦੇ ਮੌਕੇ ਮਿਲੇ ਹਨ ਤੇ ਉਨ੍ਹਾਂ ਨਾਲ ਸਿੱਧੀ ਵਿਤਕਰੇਬਾਜ਼ੀ ਦੇ ਵਿਰੁੱਧ ਕਾਨੂੰਨ ਬਣੇ ਹਨ ਉਦੋਂ ਤੋਂ ਇਕ ਸੂਖ਼ਮ ਕਿਸਮ ਦੀ ਵਿਤਕਰੇਬਾਜ਼ੀ ਤੇ ਜ਼ਬਰ ਦਾ ਪਾਸਾਰ ਸਾਹਮਣੇ ਆਇਆ ਹੈ। ਜਿਸ ਨੂੰ ਪੰਜਾਬ ਤੇ ਬਾਹਰਲੇ ਰਾਜਾਂ ਵਿਚ ਉਨ੍ਹਾਂ ਪ੍ਰਤੀ ਵਾਪਰ ਰਹੀਆਂ ਨਿਮਨ ਜਾਤੀਆਂ ਦੇ ਸਮਾਜਿਕ ਬਾਈਕਾਟ ਤੇ ਬਲਾਤਕਾਰ ਦੀਆਂ ਘਟਨਾਵਾਂ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਪਿੰਡ ਦੀ ਦਲਿਤ ਵਿਰੋਧੀ ਪੰਚਾਇਤ ਵੱਲੋਂ ਲੇਖਕ ਨੂੰ ਇਕ ਨਾ ਮਾਤਰ ਜਿਹੇ ਮਸਲੇ ਦੇ ਕੇਸ ਵਿਚ ਫਸਾ ਕੇ ਸਬਕ ਸਿਖਾਉਣ ਵਾਲੀ ਘਟਨਾ ਉਪਰੋਕਤ ਦਲਿਤ ਦਮਨ ਦਾ ਹੀ ਆਧੁਨਿਕ ਰੂਪ ਹੈ। ਇਸ ਘਟਨਾ ਦਾ ਵੇਰਵਾ ਲੇਖਕ ਇੰਜ ਦਿੰਦਾ ਹੈ : ਪੇਜ : 169

ਲੇਖਕ ਪੰਚਾਇਤ ਵੱਲੋਂ 20,000 ਰੁਪਏ ਦੇ ਡੰਨ ਨੂੰ ਬੇਇਜ਼ਤ ਹੋ ਕੇ ਭਰ ਦੇਣ ਤੇ ਦੂਜੇ ਪਾਸੇ ਕੋਰਟ ਕਚਹਿਰੀਆ ਦੇ ਕੇਸ ਲੜਨ ਵਿਚ ਹੁਣ ਤੱਕ ਦੇ ਖਰਚੇ 4,50000 ਰੁਪਏ ਦਾ ਹਵਾਲਾ ਦੇ ਕੇ ਇਹ ਸੰਕੇਤ ਦੇਣਾ ਚਾਹੁੰਦਾ ਹੈ ਕਿ ਦਲਿਤ ਮਨੁੱਖ ਦਾ ਛੁਟਕਾਰਾ ਇਨ੍ਹਾਂ ਦੋਵਾਂ ਵਿਚੋਂ ਕਿਸੇ ਕੋਲ ਵੀ ਨਹੀਂ ਹੈ। ਪਹਿਲਾ ਰਾਹ ਉਸ ਨੂੰ ਮੁੜ ਤੋਂ ਗੁਲਾਮ ਬਣਾਉਣ ਦੀ ਚਾਲ ਵਿਚ ਹੈ ਜਦ ਕਿ ਦੂਜਾ ਰਾਹ ਵੀ ਉਸ ਨੂੰ ਆਰਥਿਕ ਕੰਗਾਲੀ ਤੇ ਮਾਨਸਿਕ ਬੇਚੈਨੀ ਵੱਧ ਧਕੇਲ ਰਿਹਾ ਹੈ। ਲੇਖਕ ਇਸ ਘਟਨਾ ਨੂੰ ਨਾਟਕੀ ਅੰਦਾਜ਼ ਵਿਚ ਪ੍ਰਸਤੁਤ ਕਰਕੇ ਪਾਠਕ ਨੂੰ ਵੀ ਆਪਣੀ ਰਾਏ ਦੇਣ ਲਈ ਉਕਸਾਉਂਦਾ ਹੈ ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਪਾਠਕ ਵੀ ਮੌਨ ਧਾਰਨ ਤੋਂ ਸਿਵਾ ਕੁਝ ਨਹੀਂ ਕਹਿ ਸਕਦਾ।

ਇਸ ਸਵੈ-ਜੀਵਨੀ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਜਾਤੀ ਵਿਤਕਰੇਬਾਜ਼ੀ/ਛੂਆ-ਛਾਤ ਤੇ ਮਾਨਸਿਕ ਗਿਲਾਨੀ ਦਾ ਕਾਰਨ ਬਣਨ ਵਾਲੀਆਂ ਜਾਤੀ ਘਟਨਾਵਾਂ ਦਾ ਵਰਨਣ ਨਹੀਂ ਮਿਲਦਾ ਜਦ ਕਿ ਦੂਜੀਆਂ ਭਾਸ਼ਾਵਾਂ ਤੋਂ ਪੰਜਾਬੀ ਵਿਚ ਆਈਆਂ ਦਲਿਤ ਸਵੈ-ਜੀਵਨੀਆਂ ਦੇ ਵਿਚ ਇਨ੍ਹਾਂ ਦੀ ਬਹੁਤਾਤ ਦੇਖਣ ਨੂੰ ਮਿਲਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਵਿਚ ਸੂਫੀਆਂ ਤੇ ਗੁਰੂਆਂ ਵੱਲੋਂ ਪਾਏ ਯੋਗਦਾਨ ਸਦਕਾ ਜਾਤੀ ਸੋਸ਼ਣ ਦੀ ਜਕੜ ਢਿੱਲੀ ਪੈਂਦੀ ਹੈ। ਉਪਰੰਤ ਆਦਿ ਧਰਮ ਮੰਡਲ ਤੇ ਅੰਬੇਡਕਰਵਾਦੀ ਯਤਨਾਂ ਨਾਲ ਦਲਿਤਾਂ ਦੇ ਹੱਕ ਦੀ ਰੱਖਿਆ ਹੋਣ ਲੱਗੀ। ਇਸੇ ਕਰਕੇ ਲੇਖਕ ਨੇ ਆਪਣੇ ਬਚਪਨ ਤੇ ਨੌਕਰੀ ਦੌਰਾਨ ਤਿੱਖੇ ਰੂਪ ਵਿਚ ਉਭਰੀ ਨਿੱਜੀ ਦਲਿਤ ਵਿਤਕਰੇਬਾਜ਼ੀ ਦੀ ਘਟਨਾ ਘਟਿਤ ਹੁੰਦੇ ਨਹੀਂ ਦਿਖਾਈ ਪਰੰਤੂ ਲੇਖਕ ਨੇ ਕਈ ਸਾਰੀਆਂ ਸੂਖ਼ਮ ਵਿਤਕਰੇਬਾਜ਼ੀ ਦੇ ਵੇਰਵੇ ਦਿੱਤੇ ਹਨ ਜੋ ਸਦੀਆਂ ਤੋਂ ਬਣੀ ਹੋਈ ਦਲਿਤ ਵਿਰੋਧੀ ਮਾਨਸਿਕਤਾ ਦਾ ਪ੍ਰਮਾਣ ਹਨ। ਇਨ੍ਹਾਂ ਘਟਨਾਵਾਂ ਦਾ ਵਿਵਰਣ 'ਜਿਥੇ ਬੰਦੇ ਨੂੰ ਬੰਦਾ ਨਹੀਂ ਸਮਝਦੇ' ਕਾਂਡ ਤੇ 'ਦਲਿਤਾਂ ਦੀ ਖੂਹੀ' ਵਾਲੀ ਘਟਨਾ ਦੇ ਵਿਚ ਦੇਖਿਆ ਜਾ ਸਕਦਾ ਹੈ। ਭਾਵੇਂ ਇਸ ਸਵੈ-ਜੀਵਨੀ ਵਿਚ ਲੇਖਕ ਦੇ ਪਿੰਡ ਵਿਚ ਛੂਆ-ਛਾਤ ਦੀ ਇਸ ਘਟਨਾ ਦਾ ਜ਼ਿਕਰ ਮਿਲਦਾ ਹੈ ਜਿਸ ਵਿਚ ਦਲਿਤ ਜਾਤਾਂ ਨੂੰ ਉਸ ਖੂਹੀ ਤੇ ਚੜ੍ਹ ਕੇ ਪਾਣੀ ਭਰਨ ਦਾ ਹੱਕ ਨਹੀਂ ਸੀ ਜਿਥੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਲੋਕ ਪਾਣੀ ਭਰਦੇ ਸਨ ਪਰ ਇਸ ਵਿਤਕਰੇ ਵਿਰੁੱਧ ਲੇਖਕ ਵੱਲੋਂ ਸੂਝ-ਬੂਝ ਨਾਲ ਕੀਤਾ ਗਿਆ ਸੰਘਰਸ਼ ਬਗੈਰ ਕਿਸੇ ਵੱਡੇ ਟਕਰਾ ਦੇ ਹੱਲ ਹੋ ਜਾਂਦਾ ਹੈ। ਇਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਭਾਰਤ ਅੰਦਰ ਜਾਤ-ਪਾਤ ਪ੍ਰਬੰਧ ਦਾ ਮਕੜ ਜਾਲ ਇਸ ਪ੍ਰਕਾਰ ਫੈਲਿਆ ਹੋਇਆ ਹੈ ਕਿ ਆਰਥਿਕ ਰੂਪ ਵਿਚ ਦਲਿਤਾਂ ਨਾਲ ਸਮਾਨਤਾ ਰੱਖਣ ਵਾਲੀਆਂ ਜਾਤਾਂ ਵੀ ਦਲਿਤ ਮਨੁੱਖ ਨੂੰ ਆਪਣੇ ਤੋਂ ਨੀਵਾ ਸਮਝਣ ਦੇ ਭਰਮ ਦਾ ਸ਼ਿਕਾਰ ਹਨ। ਇੰਜ ਸਮਾਜਿਕ ਤੇ ਆਰਥਿਕ ਦੂਹਰੀ ਗੁਲਾਮੀ ਨੂੰ ਭੋਗਣ ਵਾਲਾ ਦਲਿਤ ਵਰਗ ਹੀ ਬਚਦਾ ਹੈ, ਜਿਸ ਦੀ ਪ੍ਰਵਾਣਿਤ ਕਰਨ ਉਪਰਲੀਆਂ ਜਾਤੀਆਂ ਆਪਣਾ ਹੱਕ ਜਤਾਉਂਦੀਆਂ ਹਨ। ਇਸ ਪੁਸਤਕ ਅੰਦਰ ਲੇਖਕ ਨੇ ਆਪਣੀ ਕਿਸ਼ੋਰ ਅਵਸਥਾ ਦੇ ਇਕ ਨਿਵੇਕਲੇ ਪੱਖ ਨੂੰ ਪ੍ਰਸਤੁਤ ਕਰਕੇ ਧਾਰਮਿਕ ਗਲਬੇ ਦੀ ਜਕੜਬੰਦੀ ਨੂੰ ਦਿਖਾਇਆ ਹੈ। ਇਸ ਪੱਖ



ਨੂੰ ਆਪਣੇ ਚੇਤੇ ਵਿਚੋਂ ਫੜਨ ਦੇ ਲਈ ਫਟੀ ਪੁਰਾਣੀ ਡਾਇਰੀ ਦਾ ਸਹਾਰਾ ਲੈਂਦਾ ਹੈ ਜਿਸ ਵਿਚ ਉਹ ਕਈ ਵਾਰ ਦੁਨਿਆਵੀ ਜੀਵਨ ਤੋਂ ਉਪਰਾਮ ਹੋ ਕੇ ਆਤਮ ਹੱਤਿਆ ਕਰਨ ਦੀ ਤਿਆਰੀ ਵਿਚ ਹੁੰਦਾ ਹੈ। ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਜਵਾਨੀ ਦੇ ਦਿਨਾਂ ਨਾਲ ਸੰਬੰਧਤ ਇਹ ਕਿਹੋ ਜਿਹੇ ਪਲ ਸਨ, ਜਿਨ੍ਹਾਂ ਵਿਚ ਉਸ ਕੋਲ ਕੋਈ ਵੀ ਹੁਸਨੀ ਲਮਹਾ/ਯਾਦ ਨਹੀਂ ਹੈ। ਵਰਤਮਾਨ ਵਿਚ ਉਸ ਨੂੰ ਇਸ ਗੱਲ ਦੀ ਸੋਝੀ ਹੁੰਦੀ ਹੈ ਕਿ ਇਨ੍ਹਾਂ ਨਕਾਰਾਤਮਕ ਭਾਵਾਂ ਪਿੱਛੇ ਗੀਤਾ ਦਾ ਗਿਆਨ ਤੇ ਮਹਾਂਭਾਰਤ ਦੀਆਂ ਕਥਾਵਾਂ ਸਨ, ਜਿਨ੍ਹਾਂ ਨੂੰ ਉਹ ਬਚਪਨ ਤੋਂ ਹੀ ਆਪਣੇ ਬਾਈ (ਬਾਪੂ) ਕੋਲੋਂ ਸੁਣਦਾ ਆ ਰਿਹਾ ਸੀ। ਲੇਖਕ ਅਨੁਸਾਰ ਮੈਂ ਸਮਝਦਾ ਹਾਂ ਕਿ ਧਰਮ ਵਿਅਕਤੀ ਨੂੰ ਡਿਪਰੈਸ਼ਨ ਵਿਚ ਪਾਉਂਦਾ ਹੈ। ਜੇ ਕਿਸੇ ਹੋਰ ਨੂੰ ਨਹੀਂ ਵੀ ਪਾਉਂਦਾ... ਤਾਂ ਮੈਨੂੰ ਤਾਂ ਪਾਉਂਦਾ ਰਿਹਾ ਹੈ। ਗੀਤਾ ਦਾ ਜਿਹੜਾ ਗਿਆਨ ਮੈਂ ਪ੍ਰਾਪਤ ਕੀਤਾ, ਉਸ ਦੇ ਅਨੁਸਾਰ ਮੇਰੇ ਕੋਲੋਂ ਦਿਨ, ਰਾਤ ਮਣਾਂ-ਮੂੰਹੀਂ ਪਾਪ ਹੋ ਰਹੇ ਸਨ। ਮੈਂ ਵੱਡਾ ਪਾਪੀ ਅਪਰਾਧੀ ਸਾਂ ਤੇ ਮੈਂ ਉਨ੍ਹਾਂ ਪਾਪਾਂ ਦੇ ਕਰਮ ਫ਼ਲ ਤੋਂ ਡਰਦਾ... ਓਮ ਨਮੋਂ ਸ਼ਿਵਾਏ' ਦਾ ਜਾਪ ਕਰਦਾ ਸਾਂ ਤੇ ਕੀਤੇ ਹੋਏ ਕਰਮਾਂ ਦਾ ਫ਼ਲ ਕ੍ਰਿਸ਼ਨ ਭਗਵਾਨ ਦੇ ਅਰਪਣ' ਕਰਦਾ ਰਹਿੰਦਾ ਸਾਂ ਤੇ ਇਹ ਜੀਵਨ ਮੈਨੂੰ ਅਰਥ ਹੀਣ ਜਾਪਦਾ ਸੀ। ਡਰ ਡਰ ਕੇ ਜੀਣ ਵਾਲੀ ਅਰਥ ਹੀਣ ਜ਼ਿੰਦਗੀ ਤੋਂ ਖਹਿੜਾ ਛੁਡਾਉਣ ਲਈ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਸਾਂ। ਮੈਂ ਸੋਚਦਾ ਹਾਂ ਕਿ ਜੇ ਮੇਰੀ ਧਾਰਮਿਕ ਬਿਰਤੀ ਹੀ ਬਣੀ ਰਹਿੰਦੀ... ਤਾਂ ਮੇਰਾ ਜੀਵਨ ਕਿਹੋ ਜਿਹਾ ਹੁੰਦਾ? ਜਿਹੜਾ ਜੀਵਨ ਮੈਂ ਜੀਅ ਰਿਹਾ ਸਾਂ... ਮੈਂ ਉਸ ਨਾਲ ਸੰਤੁਸ਼ਟ ਨਹੀਂ ਸਾਂ। ਬੱਸ ਮੈਂ ਮਨ 'ਤੇ ਮਣਾਂ-ਮੂੰਹੀਂ ਭਾਰ ਲਈ ਘੁੰਮੀ ਜਾਂਦਾ ਸਾਂ।

ਇੰਜ ਲੇਖਕ ਆਪਣੇ ਜੀਵਨ ਵਿਚ ਕਰਮਯੋਗ ਜਾਂ ਬ੍ਰਹਮਣਵਾਦੀ ਫਿਲਾਸਫੀ ਦੇ ਉਸ ਸੂਤਰ ਨੂੰ ਫੜਦਾ ਹੈ ਜਿਸ ਨੇ ਦਲਿਤ ਮਨੁੱਖ ਦੀ ਜੀਣ ਥੀਣ ਵਾਲੀ ਸ਼ਕਤੀ ਨੂੰ ਖੀਣ ਕਰਕੇ ਉਸ ਨੂੰ ਬੇਵੱਸ ਤੇ ਲਾਚਾਰ ਹਸਤੀ ਦੇ ਰੂਪ ਵਿਚ ਢਾਲ ਦਿੱਤਾ ਹੈ। ਅਜਿਹੇ ਭਾਵ ਬੋਧ ਤੋਂ ਲੇਖਕ ਹੌਲੀ-ਹੌਲੀ ਉਦੋਂ ਛੁਟਕਾਰਾ ਪਾਉਣ ਲਗਦਾ ਹੈ ਜਦੋਂ ਉਹ ਅੰਬੇਡਕਰਵਾਦੀ ਤੇ ਮਾਰਕਸਵਾਦੀ ਵਿਚਾਰਧਾਰਾ ਦੇ ਰਾਹੇ ਤੁਰਨ ਲੱਗਦਾ ਹੈ।

ਸਵੈ-ਜੀਵਨੀਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਸੱਚਾਈ ਦੇ ਵੱਧ ਤੋਂ ਵੱਧ ਨੇੜੇ ਰਹਿ ਕੇ ਆਪਣੇ ਜੀਵਨ ਦੀ ਅਭਿਵਿਅਕਤੀ ਕਰੇ ਤਾਂ ਜੋ ਪਾਠਕ ਦੇ ਮਨ ਵਿਚ ਤੱਤਕਾਲੀ ਯਥਾਰਥ ਦੀ ਤਸਵੀਰ ਲੇਖਕ ਦੇ ਸਵੈ ਇੱਛਤ ਰੂਪ ਵਿਚ ਨਾ ਅਰੋਪਿਤ ਹੋਵੇ। ਇਸ ਪੁਸਤਕ ਦੇ ਕਰਤਾ ਨੇ ਆਪਣੇ ਜੀਵਨ ਯਥਾਰਥ ਦੀ ਪੇਸ਼ਕਾਰੀ ਲਈ ਬਹੁਤਾ ਕੁਝ ਤੱਥਾਤਮਿਕ ਵੇਰਵਿਆਂ ਦੇ ਰਾਹੀਂ ਪ੍ਰਸਤੁਤ ਕੀਤਾ ਹੈ ਜਿਸ ਵਿਚ ਨਿੱਜੀ ਡਾਇਰੀ, ਜਥੇਬੰਦਕ ਸੰਘਰਸ਼ ਦੇ ਇਤਿਹਾਸਕ ਵੇਰਵੇ, ਥਾਣੇ ਤੇ ਕਚਹਿਰੀਆਂ ਦੇ ਕੇਸਾਂ ਦੇ ਹਵਾਲੇ, ਦੁਖਾਂਤਕ ਘਟਨਾਵਾਂ ਦਾ ਇਤਿਹਾਸਕ ਪਿਛੋਕੜ ਆਦਿ ਦੇ ਰੂਪ ਵਿਚ ਲੇਖਕ ਕੋਲ ਏਨਾ ਕੁਝ ਹੈ ਕਿ ਉਹ ਪ੍ਰਾਪਤ ਯਥਾਰਥ ਨੂੰ ਮਨ ਇੱਛਤ ਗਲਪੀ ਬਿਰਤਾਂਤ ਬਣਾਉਣ ਲਈ ਤਰਜੀਹ ਨਹੀਂ ਦਿੰਦਾ।


ਇਸ ਸਵੈ-ਜੀਵਨੀ ਦੀ ਕਲਾਤਮਿਕਤਾ ਇਸ ਗੱਲ ਵਿਚ ਦੇਖੀ ਜਾ ਸਕਦੀ ਹੈ ਕਿ ਉਸ ਨੇ ਤੱਥ ਮੂਲਕ ਵੇਰਵਿਆਂ ਨੂੰ ਨਾਟਕੀ ਅੰਦਾਜ਼ ਵਿਚ ਪ੍ਰਸਤੁਤ ਕਰਕੇ ਤੱਥ ਅਤੇ ਕੱਥ ਦੇ ਵਿਚਕਾਰ ਸਮਤੋਲ ਬਣਾ ਕੇ ਰੱਖਿਆ ਹੈ। ✪

---

**'ਕਹਾਣੀ ਧਾਰਾ' ਦੇ ਜਿਨ੍ਹਾਂ ਪਾਠਕਾਂ ਦੇ ਚੰਦਾ ਖਤਮ ਹੋ ਗਿਆ ਉਹ ਕ੍ਰਿਪਾ ਕਰਕੇ ਤੁਰੰਤ ਭੇਜ ਦੇਣ, ਚੰਦਾ ਨਾ ਪਹੁੰਚਣ ਦੀ ਸੂਰਤ ਵਿਚ ਭਵਿੱਖ ਵਿਚ ਪਰਚਾ ਜਾਰੀ ਨਹੀਂ ਰੱਖਿਆ ਜਾ ਸਕਦਾ।**

## ਮਨੁੱਖ ਦੇ ਅੰਤਰਮੁਖੀ ਤੇ ਬਾਹਰਮੁਖੀ ਯੁੱਧ ਦਾ ਬਿਰਤਾਂਤ : ਢਾਲ

- ਡਾ. ਸੰਤੋਖ ਸਿੰਘ




ਨਿੱਜੀ ਜਾਇਦਾਦ ਤੇ ਘਰ ਦਾ ਸੰਕਲਪ ਮਨੁੱਖੀ ਵਲਗਣਾ ਦੀ ਬਾਹਰਮੁਖੀ ਅਤੇ ਅੰਤਰਮੁਖੀ ਪਛਾਣ ਹਨ। ਇਹ ਜਨ ਸਮੂਹਿਕਤਾ ਦੇ ਸੁਹਜ ਨੂੰ ਤੋੜਕੇ ਨਿੱਜ ਮੂਲਕ ਹੁੰਦੇ ਇਕ ਕੈਦ ਨੂੰ ਜਨਮਦੇ ਹਨ ਜਿਹੜੇ ਜਿੱਥੇ ਆਰਥਿਕ ਵਸੀਲਿਆਂ ਲਈ ਟੱਕਰ ਪੈਦਾ ਕਰਦੇ ਹਨ ਉੱਥੇ ਘਰ ਵਰਗੀ ਸੰਸਥਾ ਰਾਹੀਂ ਸਮਾਜਿਕ ਪ੍ਰਬੰਧ ਦੀ ਮਾਨਸਿਕ ਸਿੱਖਿਆ ਦਾ ਪ੍ਰਬੰਧ ਕੀਤਾ ਜਾਂਦਾ ਹੈ। ਭਾਵੇਂ ਘਰ ਵੀ ਵਲਗਣਾ ਤੇ ਕੁਝ ਖੁੱਲ੍ਹਦਾ ਕੇਦਰ ਹੈ ਅਤੇ ਜੀਵਨ ਦੇ ਵੱਡੇ ਪਰਿਪੇਖ ਵਿਚ ਇਹ ਜੀਵਨ ਸੁਰੱਖਿਆ ਨਾਲ ਜੁੜਦਾ ਹੈ ਪਰ ਇਹ ਸਵੈ ਕੇਂਦਰਤ ਹੁੰਦਾ ਮਨੁੱਖ ਵਿਰੋਧੀ ਵੀ ਹੋ ਨਿਬੜਦਾ ਹੈ। ਇਸ ਤਰ੍ਹਾਂ ਇਹ ਬਾਹਰਲੇ ਸੰਸਾਰ ਨਾਲ ਆਪਣੇ ਪਰਿਵਾਰ ਲਈ ਅਤੇ ਪਰਿਵਾਰ ਵਿਚ ਆਪਣੀ ਹੋਂਦ ਲਈ ਲੜਾਈ ਲੜ ਰਿਹਾ ਹੈ। ਘਰ ਸਾਧਨਾ ਦੇ ਕੇਂਦਰੀਕਰਨ ਕਰਨ ਲਈ ਮਨੁੱਖ ਦੀ ਮਨੋ ਸਥਿਤੀ ਤਿਆਰ ਕਰਦਾ ਹੈ ਜਿਸ ਨਾਲ ਨਿੱਜੀ ਜਾਇਦਾਦ ਨੂੰ ਹੋਰ ਵਧਾਉਣ ਦੀ ਲਾਲਸਾ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਪੈਦਾ ਕਰਦੀ ਹੈ। ਨਿਜੀ ਜਾਇਦਾਦ ਬਾਹਰਲੇ-ਵਰਤਾਰਿਆਂ ਵਿਚ ਉਤਪਾਦਕੀ ਤੇ ਕਿਰਤ ਦੀ ਦਖ਼ਲ ਅੰਦਾਜ਼ੀ ਵਿਚੋਂ ਪ੍ਰਾਪਤ ਹੁੰਦੀ ਹੈ ਪਰੰਤੂ ਘਰ ਬਾਹਰੀ ਦਖਲਾਂ ਨੂੰ ਮਨਜੂਰ ਨਹੀਂ ਕਰਦਾ। ਭਾਵਾਂ ਨੂੰ ਵਿਅਕਤੀਗਤ ਕਰਕੇ ਉਸਨੂੰ ਹੋਰਨਾਂ ਤੇ ਉੱਲਦਣਾ ਸੱਤਾ ਦਾ ਇੱਕ ਰੂਪ ਹੈ ਜਿਸ ਦੇ ਵਿਸ਼ਲੇਸ਼ਣੀ ਆਧਾਰ ਤਾਂ ਅੰਤਰ ਮੁਖੀ ਬਣਦੇ ਹਨ ਪਰ ਦੂਜੇ ਤੇ ਠੋਸਣਾ ਬਾਹਰਮੁਖੀ ਆਧਾਰਾਂ ਵਿਚ ਤਬਦੀਲ ਹੁੰਦੀ ਹੈ। ਇਸ ਲਈ ਘਰ ਜੋੜਨ ਤੇ ਘਰ ਟੁੱਟਣ ਦੇ ਫਿਕਰ ਬਹੁਤ ਸਾਰੀਆਂ ਧਾਰਨਾਵਾਂ ਨੂੰ ਜਨਮ ਦਿੰਦੇ ਹਨ। ਭਾਵ ਘਰ ਜੁੜਨਾ ਤੇ ਟੁੱਟਣਾ ਆਰਥਿਕਤਾ ਦੇ ਵਿਕੇਂਦਰੀਕਰਨ ਤੇ ਕੇਂਦਰੀਕਰਨ ਨਾਲ ਜੁੜਿਆ ਹੈ। ਪਰ ਘਰ ਨੂੰ ਘਰ ਬਣਾਈ ਰੱਖਣ ਪਿੱਛੇ ਇੱਕ ਆਦਰਸ਼ ਦਾ ਅਵਚੇਤਨ ਕੰਮ ਕਰ ਰਿਹਾ ਹੁੰਦਾ ਹੈ ਜਿਸ ਵਿਚ ਹਰ ਵਿਅਕਤੀ ਆਪਣੇ ਆਪ ਨੂੰ ਸੁਰੱਖਿਅਤ ਮੰਨਦਾ ਹੈ। ਭਾਰਤ ਵਿਚ ਤਾਂ ਇਸ ਵਰਤਾਰੇ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਕਿਉਂਕਿ ਇੱਥੋਂ ਦੇ ਲੋਕ ਹਰ ਵਰਤਾਰੇ ਨੂੰ ਜਾਤ, ਗੋਤ, ਧਰਮ, ਨਸਲ, ਭਾਸ਼ਾ ਆਦਿ ਦੀ ਪ੍ਰਿਜ਼ਮ ਵਿਚੋਂ ਕੱਢਦੇ ਹਨ।

ਮੰਡੀ ਦੇ ਪ੍ਰਕੋਪ ਨੇ ਭਾਰਤੀ ਪਰਿਵਾਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਉਚ ਜਮਾਤੀ ਲੋਕਾਂ ਨੂੰ ਨਿਵੇਸ਼ ਲਈ ਨਵੇਂ ਮੌਕੇ ਮਿਲੇ ਹਨ, ਮੱਧ ਵਰਗੀ ਲੋਕ ਭੋਗ ਦਾ ਸ਼ਿਕਾਰ ਹੋਏ ਤੇ ਨਿਮਨ ਜਮਾਤੀ ਲੋਕਾਂ ਦੇ ਨੇੜੇ ਸਾਧਨ ਤਾਂ ਆਏ ਪਰ ਮਹਿੰਗਾਈ ਕਾਰਨ ਭੋਗਣੋਂ ਦੂਰ ਹੋ ਗਏ। ਇਸਦੇ ਪਰਿਵਾਰਾਂ ਅੰਦਰਲੇ ਜ਼ਬਤ ਨੂੰ ਤੋੜਿਆ ਹੈ ਤੇ ਅੱਤ ਦੇ ਨਿੱਜ ਨੂੰ ਅਹਿਮੀਅਤ ਦਿੱਤੀ ਹੈ। ਇਸ ਦੇ ਨਾਲ ਹੀ ਬਾਹਰਲੇ ਸੰਸਾਰ ਵਿਚ ਮੰਡੀ ਕਰਨ ਆਈ ਖੁੱਲ੍ਹ ਤੇ ਪਰਿਵਾਰ ਅੰਦਰਲੇ ਆਦਰਸ਼ ਟਕਰਾ ਰਹੇ ਹਨ। ਮੰਡੀ ਦੇ ਬਾਜ਼ਾਰ ਦੇ ਰਾਹ ਤਾਂ ਖੋਲ੍ਹ ਦਿੱਤੇ ਹਨ ਪਰ ਮਨੁੱਖ ਦੇ ਮਨੁੱਖ ਵੱਲ ਜਾਂਦੇ ਰਾਹ ਬੰਦ ਹੋ ਰਹੇ ਹਨ। ਸੰਯੁਕਤ ਪਰਿਵਾਰਾਂ ਦੀ ਬਜਾਇ ਇਕਹਿਰੇ ਪਰਿਵਾਰ ਤੇ ਇਕਹਿਰੇ



ਪਰਿਵਾਰਾਂ ਵਿਚ ਵੀ ਤਣਾਓ ਦੀ ਸਥਿਤੀ ਦਿਨ-ਬ-ਦਿਨ ਵਧ ਰਹੀ ਹੈ। ਇਹ ਤਣਾਓ ਮੰਡੀ ਦੇ ਹੱਕ 'ਚ ਭੁਗਤਦਾ ਹੈ। ਇਸ ਦੇ ਉਲਟ ਉਹ ਲੋਕ ਵੀ ਹਨ ਜਿਹੜੇ ਮੰਡੀ, ਸਟੇਟ ਦੇ ਉਪਭੋਗੀ ਤੇ ਮਨੁੱਖ ਵਿਰੋਧੀ ਵਰਤਾਰਿਆਂ ਪ੍ਰਤੀ ਆਪਣੇ ਵਿਰੋਧ ਨੂੰ ਰਜਿਸਟਰਡ ਕਰਾਉਂਦੇ ਹਨ। ਉਹ ਆਪਣੇ ਵਿਅਕਤੀਤਵ ਨੂੰ ਸਿਸਟਮ ਦੇ ਖਿਲਾਫ਼ ਉਭਾਰਦੇ ਇਕ ਰੋਲ ਮਾਡਲ ਬਣਨ ਦੀ ਕੋਸ਼ਿਸ਼ ਕਰਦੇ ਹਨ। ਇਹ ਰੋਲ ਮਾਡਲ ਬਣਨਾ ਭਾਵੇਂ ਆਪਣੇ ਆਪ ਵਿਚ ਆਦਰਸ਼ ਹੈ ਪਰੰਤੂ ਇਸ ਨੂੰ ਅੰਤਰਮੁਖਤਾ ਨਾਲ ਜੋੜਨਾ ਗਲਤੀ ਹੈ। ਕਿਉਂਕ ਸਵਾਲ ਇਹ ਉੱਠਦਾ ਹੈ ਕਿ ਜੇ ਅਸੀਂ ਤਬਦੀਲੀ ਚਾਹੁੰਦੇ ਹਾਂ ਤਾਂ ਕੋਈ ਨਾ ਕੋਈ ਚੰਗੀ ਜੀਵਨ ਸ਼ੈਲੀ ਸਾਨੂੰ ਅਪਣਾਉਣੀ ਪਵੇਗੀ।

ਚਰਚਾ ਅਧੀਨ ਕਹਾਣੀ ਸੰਗ੍ਰਹਿ 'ਢਾਲ' ਵੀ ਇਹੋ ਜਿਹੇ ਵਰਤਾਰਿਆਂ ਨੂੰ ਪੇਸ਼ ਕਰਦੀ ਹੋਇਆ ਜੀਵਨ ਦੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਦਾ ਹੈ। ਪਹਿਲੀ ਕਹਾਣੀ 'ਢਾਲ' ਮੰਡੀ ਦੇ ਅਥਾਹ ਵਾਧੇ ਕਾਰਨ ਫੈਲੀ ਹੋਈ ਬੇਚੈਨੀ ਤੇ ਬੇਚੈਨੀ ਕਾਰਨ ਪੀੜ੍ਹੀਆਂ ਦਾ ਪਾੜਾ ਸਾਫ਼ ਦਿਖਾਈ ਦਿੰਦਾ ਹੈ। ਕਹਾਣੀ ਦੇ ਮੈਂ, ਸੁਖਜੀਤ, ਰਿਸ਼ਮ, ਰਮਨ, ਜਿੰਦਰ ਆਦਿ ਪਾਤਰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਬਿਤਾਈ ਜਾ ਰਹੀ ਜ਼ਿੰਦਗੀ ਦੇ ਵਾਹਕ ਹਨ। ਮੈਂ ਤੇ ਸੁਖਜੀਤ ਪਾਤਰ ਹਰੇ ਇਨਕਲਾਬ ਤੋਂ ਬਾਅਦ ਸੰਘਰਸ਼ ਕਰਨ ਉਪਰੰਤ ਸਰਕਾਰੀ ਨੌਕਰੀਆਂ ਤੇ ਪਹੁੰਚੇ ਹਨ ਜਿਹੜੇ ਪਿਛਲੀ ਪੀੜੀ ਤੇ ਅਗਲੀ ਪੀੜ੍ਹੀ ਵਿਚਕਾਰ ਸਭਿਆਚਾਰਕ ਤਣਾਵਾਂ ਕਾਰਨ ਦੁੱਖ ਭੋਗ ਰਹੇ ਹਨ। ਇਸੇ ਤਰ੍ਹਾਂ ਸ਼ਹਿਰੀ ਤੇ ਪੇਂਡੂ ਜ਼ਿੰਦਗੀ ਦੇ ਪਾੜਿਆਂ ਨੇ ਇੱਕ ਸੰਵੇਦਨਸ਼ੀਲ ਆਦਮੀ ਨੂੰ ਬੇਚੈਨ ਕੀਤਾ ਹੈ। ਕਹਾਣੀ ਸਭਿਆਚਾਰਕ ਪਰਿਵਰਤਨਾਂ ਦਾ ਨੋਟਿਸ ਲੈਂਦੀ ਹੈ ਪਰ ਪੰਜਾਬੀ ਸਮਾਜ ਦੀ ਸਮੁੱਚੀ ਮਾਨਸਿਕਤਾ ਅੰਦਰਲੇ ਖੜੋਤ ਨੂੰ ਵੀ ਰਜਿਸਟਰਡ ਕਰਦੀ ਹੈ। ਜਿਵੇਂ ਅੰਤਰਜਾਤੀ ਵਿਆਹ ਨਾਲ ਇਹ ਤਾਂ ਲਗਦਾ ਹੈ ਕਿ ਸਮਾਜ ਵਿਚ ਪਰਿਵਰਤਨ ਵਾਪਰ ਰਿਹਾ ਹੈ ਪਰੰਤੂ ਇਹਨਾਂ ਮਸਲਿਆਂ ਨੂੰ ਸਵੀਕ੍ਰਿਤੀ ਨਾ ਮਿਲਣ ਕਾਰਨ ਅਜਿਹਾ ਕਦਮ ਉਠਾਉਣ ਵਾਲੇ ਅਗਲੀ ਪੀੜ੍ਹੀ ਦੇ ਵਿਆਹ ਲਈ ਫਿਕਰਮੰਦ ਹਨ। ਵਿਆਹ ਤੋਂ ਬਾਅਦ ਬੱਚੇ ਦੀ ਜਾਤ ਪਿਉ ਨਾਲ ਜੁੜਨਾ ਜਾਤ ਦੀ ਲਗਾਤਾਰਤਾ ਨੂੰ ਦਰਸਾਉਂਦਾ ਹੈ। ਕਰਦਾ ਹੈ। ਇਸ ਨਾਲ ਵਿਅਕਤੀਗਤ ਤਬਦੀਲੀ ਤਾਂ ਵਾਪਰਦੀ ਦਿਖਾਈ ਦਿੰਦੀ ਹੈ ਪਰੰਤੂ ਸਮਾਜ ਅੰਦਰਲੀ ਤਬਦੀਲੀ ਦੀ ਗਤੀ ਬਹੁਤ ਧੀਮੀ ਹੈ। ਸ਼ਹਿਰੀਕਰਨ ਦੀ ਗਤੀ ਬਹੁਤ ਘੱਟ ਹੈ। ਇਸ ਲਈ ਅੰਤਰਜਾਤੀ ਵਿਆਹ ਦਾ ਵਰਤਾਰਾ ਪ੍ਰਗਤੀਸ਼ੀਲ ਹੈ ਪਰੰਤੂ ਇਸ ਦੀ ਗਤੀ ਘੱਟ ਹੋਣ 'ਤੇ ਬਹੁਤ ਘੱਟ ਲੋਕਾਂ ਵੱਲੋਂ ਅਜਿਹੇ ਕਦਮ ਚੁੱਕੇ ਜਾਂਦੇ ਹਨ। ਜਿਵੇਂ ਕਿਹਾ ਜਾਂਦਾ ਹੈ ਕਿ ਦੁਨੀਆਂ ਤੇ ਸਮਾਜਵਾਦ ਨੂੰ ਸਫਲ ਕਰਨ ਲਈ ਘੱਟੋ ਘੱਟ ਇੱਕ ਤਿਹਾਈ ਦੇਸ਼ ਸਮਾਜਵਾਦੀ ਹੋਣੇ ਚਾਹੀਦੇ ਸੀ ਇਸੇ ਤਰ੍ਹਾਂ ਅੰਤਰਜਾਤੀ ਵਿਆਹ ਤੇ ਵੀ ਮਾਤਰਾ ਤੇ ਗਤੀ ਦਾ ਸਿਧਾਂਤ ਕੰਮ ਕਰਦਾ ਨਜ਼ਰ ਆਉਂਦਾ ਹੈ।

ਇਹ ਕਹਾਣੀ ਇਤਿਹਾਸ, ਵਰਤਮਾਨ ਤੇ ਭਵਿੱਖ ਦੇ ਸੁਆਲਾਂ ਨੂੰ ਨਾਲ ਲੈ ਕੇ ਚਲਦੀ ਹੋਈ ਰਿਸ਼ਮ ਦੇ ਜੋਹਨ ਨਾਲ ਅੰਤਰ-ਜਾਤੀ ਵਿਆਹ ਦੇ ਤਣਾਉ, ਰਮਨ ਦਾ ਸੁਜਾਤੀ ਵਿਆਹ ਹੋਣ ਦੇ ਬਾਵਜੂਦ ਤਣਾਓ ਤੇ ਪੁੱਤਰ ਜਿੰਦਰ ਘਰੋਂ ਭੱਜ ਜਾਣ ਦਾ ਤਣਾਓ, ਪਤਨੀ ਦਾ ਵਿਸ਼ਲੇਸ਼ਨ ਬਣਕੇ ਤੇ ਪ੍ਰਸ਼ਨ ਪੈਦਾ ਕਰਕੇ, ਪੈਦਾ ਕੀਤੇ ਤਣਾਓ, ਮੈਂ ਪਾਤਰ ਦਾ ਆਪਣੇ ਅਤੀਤ ਦੇ ਸੰਘਰਸ਼ ਦੀ ਯਾਦ ਤੇ ਭਵਿੱਖ ਦੀ ਚਿੰਤਾ ਵਿਚ ਬੱਚਿਆਂ ਪ੍ਰਤੀ ਤਣਾਓ ਤੇ ਆਪਣੀ ਪ੍ਰੇਮਿਕਾ ਦੇ ਮਾਪਿਆ ਦਾ ਕਿਸੇ ਪਰਵਾਸੀ ਨਾਲ ਨੂੜਨ ਦਾ ਦੁੱਖ, ਮੈਂ ਪਾਤਰ ਦਾ ਆਪਣੇ ਪਰਿਵਾਰਕ ਮੈਂਬਰਾਂ ਦੀ ਪੂਰੀ ਤਰ੍ਹਾਂ ਮੱਦਦ ਨਾ ਕਰ ਸਕਣ ਦਾ ਦਰਦ ਆਦਿ ਕਿੰਨੇ ਹੀ ਫਿਕਰਾਂ ਨੂੰ ਨਜਿਠਦੀ ਹੈ। ਮੈਂ ਪਾਤਰ

ਅਜੇ ਕਿਸੇ ਵੀ ਵਰਤਾਰੇ 'ਤੇ ਹਮਲਾ ਨਹੀਂ ਕਰ ਰਿਹਾ ਸਗੋਂ ਹਮਲਿਆਂ ਨੂੰ ਢਾਲ ਨਾਲ ਰੋਕ ਰਿਹਾ ਹੈ। ਪਰੰਤੂ ਇਸ ਨੂੰ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਉਹ ਲੜਾਈ ਵਿਚੋਂ ਗੈਰਹਾਜ਼ਰ ਹੈ। ਮੈਂ ਪਾਤਰ ਸੁਚੇਤ ਪਾਤਰ ਹੈ ਉਹ ਸਥਿਤੀ ਤੋਂ ਭੱਜ ਨਹੀਂ ਰਿਹਾ ਸਗੋਂ ਸਥਿਤੀਆਂ ਨੂੰ ਵਾਚ ਰਿਹਾ ਹੈ। ਇਹ ਪਾਤਰ ਬਿੱਲੀ ਨੂੰ ਦੇਖਕੇ ਅੱਖਾ ਮੀਟਣ ਵਾਲਾ ਨਹੀਂ ਸਗੋਂ ਸਥਿਤੀਆਂ-ਪ੍ਰਸਥਿਤੀਆਂ ਨੂੰ ਕੁਰੇਦਦਾ ਹੈ। ਉਹ ਆਪਣੇ ਬੱਚਿਆਂ ਦੇ ਖਾਸ ਕਰਕੇ ਰਿਸ਼ਮ ਦੇ ਫੈਸਲੇ 'ਤੇ ਮਾਣ ਵੀ ਕਰਦਾ ਹੈ। ਕਹਾਣੀ ਸੰਕੇਤ ਕਰਦੀ ਹੈ ਕਿ ਜਿਹੜੇ ਸਭਿਆਚਾਰਕ ਵਰਤਾਰੇ ਇਸ ਵੇਲੇ ਕਾਰਜਸ਼ੀਲ ਹਨ ਇਹਨਾਂ ਨੂੰ ਸਵੀਕਾਰ ਕਰਨਾ ਹੀ ਪਏਗਾ ਇਸ ਲਈ ਕਹਾਣੀਕਾਰ ਸੁਖਜੀਤ ਦੇ ਮੂੰਹੋਂ ਕਹਾਉਂਦਾ ਹੈ, "ਤੁਸੀਂ ਕਹਿਣਾ ਸੀ... ਸਾਨੂੰ ਪ੍ਰਵਾਨ ਐ...।" ਦਰਅਸਲ 'ਸਾਨੂੰ ਪ੍ਰਵਾਨ ਹੋਣਾ' ਜਗੀਰੂ ਅਵਚੇਤਨ ਦਾ ਢਹਿ ਢੇਰੀ ਹੋਣਾ ਹੈ। ਸਮੁੱਚੇ ਰੂਪ ਵਿਚ ਇਹ ਕਹਾਣੀ 'ਘਰੋਂ' 'ਬੇਘਰ' ਹੋਏ ਬੱਚਿਆਂ ਲਈ ਅਸਲੀ ਇਨਸਾਨੀ ਸਭਿਆਚਾਰ (ਬਰਾਬਰੀ ਦਾ ਸਭਿਆਚਾਰ) ਸਿਰਜਣਾ ਚਾਹੁੰਦੀ ਹੈ, ਇਸੇ ਲਈ ਜਿੰਦਰ ਦੀ ਉਡੀਕ ਹੈ, ਰਿਸ਼ਮ ਨੂੰ ਮਿਲਣ ਦੀ ਕਾਹਲ ਪੈਦਾ ਹੁੰਦੀ ਦਿਖਾਈ ਗਈ ਹੈ।

ਪੂਰੇ ਸਿਸਟਮ ਵਿਚ ਤਿੰਨ ਤਰ੍ਹਾਂ ਦੇ ਮਨੁੱਖ ਹੁੰਦੇ ਹਨ ਇਕ ਸਿਸਟਮ ਨੂੰ ਹਮਾਇਤ ਦਿੰਦੇ ਹਨ ਤੇ ਦੂਜੇ ਇਸ ਸਿਸਟਮ ਦਾ ਬੁਰੀ ਤਰ੍ਹਾਂ ਵਿਰੋਧ ਕਰਦੇ ਹਨ ਤੇ ਤੀਜੇ ਲੋੜ ਅਨੁਸਾਰ ਆਪਣੀ ਸਥਿਤੀ ਬਦਲ ਲੈਂਦੇ ਹਨ। ਕਈ ਵਾਰ ਇਹ ਵਿਰੋਧ ਹਿੰਸਕ ਵੀ ਹੋ ਜਾਂਦਾ ਹੈ। 'ਗੁਰਚਰਨਾ ਗਾਡ੍ਹਰ' ਅਜਿਹੀ ਹੀ ਕਹਾਣੀ ਹੈ ਜਿਹੜੀ ਜਿਥੇ ਪੂਰੇ ਪ੍ਰਬੰਧ ਵਿਚ ਜਾਗੀਰਦਾਰੀ ਦੀ ਰਹਿੰਦ ਖੂੰਦ ਪੁਲਿਸ ਦੀ ਨਾਕਾਰਾਤਮਕ ਭੂਮਿਕਾ ਨੂੰ ਸਾਹਮਣੇ ਲਿਆਉਦੀ ਹੈ, ਉੱਥੇ ਗੁਰਚਰਨ ਗਾਡ੍ਹਰ ਦੀਆਂ ਲੋਕ ਪੱਖੀ ਨੀਤੀਆਂ ਦੇ ਬਦਲੇ ਵਿਚ ਮਿਲੇ ਨਾਕਾਰਾਤਮਕ ਹੁੰਗਾਰੇ ਦਾ ਇਤਿਹਾਸਕ ਬਿਰਤਾਂਤ ਸਿਰਜਦੀ ਹੈ ਜਿਸ ਕਾਰਨ ਉਹ ਜੀਵਨ ਨੂੰ ਸੁਰੱਖਿਆ ਦੇਣ ਵਾਲਾ ਸੁਭਾਅ ਰੱਖਣ ਦੀ ਯੋਗਤਾ ਰੱਖਦੇ ਹੋਏ ਵੀ ਦੋ ਵਿਅਕਤੀਆਂ ਦਾ ਕਤਲ ਕਰਦਾ ਹੈ। ਕਹਾਣੀ ਦੋ ਬਿਰਤਾਂਤਾਂ ਨੂੰ ਨਾਲ ਲੈ ਕੇ ਚਲਦੀ ਹੈ ਜਿਸ ਵਿਚ ਇੱਕ ਪਾਤਰ ਭਾਵ ਗੁਰਚਰਨਾ ਗਾਡਰ ਪਿੰਡ ਦੀ ਜਗੀਰੂ ਧੌਂਸ ਨੂੰ ਚੈਲੇਂਜ ਕਰਦਾ ਹੈ ਤੇ ਦੂਜੇ ਉਸ ਬਿਰਤਾਂਤ ਵਿਚ ਡੀ.ਟੀ.ਓ. ਗਰੇਵਾਲ ਨੂੰ ਹਰਚੋਵਾਲੀਆ ਟਰਾਂਸਪੋਰਟਰ ਦੁਆਰਾ ਪੂਰੇ ਸਿਸਟਮ ਨਾਲ ਮਿਲਕੇ ਉਲਝਾ ਕੇ ਜੇਲ੍ਹ ਤੱਕ ਪਹੁੰਚਾਇਆ ਹੈ। ਇਸ ਤਰ੍ਹਾਂ ਇੱਕ ਪਾਸੇ ਪਿੰਡ ਦਾ ਜੈਲਦਾਰ ਜਿਹੜਾ ਜਾਤੀ ਹੰਕਾਰ ਨਾਲ ਲੈਸ ਲੋਕਤੰਤਰੀ ਸੱਤਾ ਨੂੰ ਆਪਣੀ ਮੁੱਠੀ ਵਿਚ ਕਰੀ ਬੈਠਾ ਹੈ, ਉੱਥੇ ਸਰਮਾਏਦਾਰੀ ਢਾਚੇ ਵਿਚ ਆਪਣੇ ਲਾਭ ਨੂੰ ਹੋਰ ਵਧਾਉਣ ਲਈ ਸਰਮਾਏਦਾਰ ਲੋਕ 'ਲੋਕਤੰਤਰੀ ਮੰਤਰੀਆਂ' ਨਾਲ ਗੰਢ ਤੁਪ ਕਰੀਂ ਬੈਠੇ ਹਨ ਜਿਸ ਕਾਰਨ ਗਰੇਵਾਲ ਵਰਗੇ ਇਮਾਨਦਾਰ ਡੀ.ਟੀ.ਓ. ਭ੍ਰਿਸ਼ਟ ਨੌਕਰਸ਼ਾਹੀ ਕੋਲੋਂ ਮਾਤ ਖਾ ਰਹੇ ਹਨ। ਅਦਾਲਤਾਂ ਵਿਚ ਪਹੁੰਚਣ ਤੋਂ ਪਹਿਲਾਂ ਗਵਾਹਾਂ ਨੂੰ ਖਰੀਦਣ ਦੀ ਪਰਕਿਰਿਆ ਨੇ ਨਿਆਂ ਪ੍ਰਬੰਧ ਤੇ ਵੀ ਸੁਆਲ ਖੜੇ ਕਰ ਦਿੱਤੇ ਹਨ। ਪਰ ਇਸ ਦੇ ਉਲਟ ਗੁਰਚਰਨ ਵਰਗੇ ਸਿਰੜੀ ਲੋਕ ਫੈਸਲਾ ਅਦਾਲਤਾਂ ਤੇ ਨਹੀਂ ਛੱਡਦੇ, ਸਗੋਂ ਫੈਸਲਾ ਖੁਦ ਕਰਕੇ ਅਦਾਲਤਾਂ ਲਈ ਸੁਆਲ ਖੜੇ ਕਰਦੇ ਹਨ।

ਜੀਵਨੀ ਮੂਲਕ ਇਸ ਕਹਾਣੀ ਵਿਚ ਗੁਰਚਰਨ ਸਾਂਸੀ ਪਿੰਡ ਵਿਚ ਨੈਤਿਕਤਾ ਨੂੰ ਬਣਾਈ ਰੱਖਣ ਲਈ ਭਲਾਈ ਦੇ ਕੰਮ ਕਰਦਾ ਹੈ। ਲੋਕਾਂ ਦੀਆਂ ਮੱਝਾਂ ਦੇ ਰੋਗਾਂ ਦੇ ਮੁਫਤ ਇਲਾਜ ਕਰਦਾ ਹੈ, ਧਰਨ ਦਾ ਇਲਾਜ, ਮੋਚ ਦਾ ਇਲਾਜ ਆਦਿ ਬਹੁਤ ਸਾਰੇ ਲੋਕ ਭਲਾਈ ਦੇ ਕੰਮ ਕਰਦਾ ਹੈ। ਇਥੋਂ ਤੱਕ ਦਾਈ ਦੀ ਗ਼ੈਰਹਾਜਰੀ ਵਿਚ ਉਹ ਜੈਲਦਾਰਾਂ ਦੀ ਨੂੰਹ ਦਾ ਜਨੇਪਾ ਵੀ ਕਰਾਉਂਦਾ ਹੈ ਪਰੰਤੂ ਉਸ ਦੀ ਧੀ ਜੈਲਦਾਰਾਂ ਦੇ ਲੜਕਿਆਂ ਦੇ ਕੁਕਰਮ ਦੀ ਸ਼ਿਕਾਰ ਹੋ ਖੁਦਕਸ਼ੀ ਕਰ ਜਾਂਦੀ



ਹੈ। ਪ੍ਰਤਿਕਿਰਿਆ ਵਿਚ ਭਲਾਈ ਕਰਨ ਵਾਲਾ ਵਿਅਕਤੀ ਕਾਤਲ ਵਿਚ ਤਬਦੀਲੀ ਹੋ ਜਾਂਦਾ ਹੈ। ਇਹ ਭ੍ਰਿਸ਼ਟਤੰਤਰ ਤੇ ਬਿਮਾਰ ਸਮਾਜਿਕ ਪ੍ਰਬੰਧ ਦਾ ਪ੍ਰਤੱਖ ਪ੍ਰਮਾਣ ਹੈ ਜਿਸ ਵਿਚ ਇੱਕ ਵਿਅਕਤੀ ਨੂੰ ਤੇ ਇੰਨਾ ਦਬਾਓ ਪਾਇਆ ਜਾਂਦਾ ਹੈ ਕਿ ਉਹ ਆਪਣੇ ਕੁਦਰਤੀ ਗੁਣਾਂ ਨੂੰ ਤਿਆਗ ਗ਼ੈਰ-ਕੁਦਰਤੀ ਵਰਤਾਰਿਆਂ ਤੇ ਉਤਰ ਆਉਂਦਾ ਹੈ। ਫਿਰ ਸੱਤਾ, ਪੁਲਿਸ, ਨਿਆਂ ਦੇ ਪ੍ਰਬੰਧ ਰਾਹੀਂ ਉਸਦੀ ਕਿਰਿਆਸ਼ੀਲਤਾ ਨੂੰ ਖ਼ਤਮ ਕਰਕੇ ਹੋਂਦ ਮੁਕਾ ਦਿੱਤੀ ਜਾਂਦੀ ਹੈ। ਇਸ ਕਹਾਣੀ ਦੀ ਖਾਸੀਅਤ ਇਹ ਵੀ ਹੈ ਕਿ ਜੇਲ ਪ੍ਰਬੰਧ ਅਫ਼ਸਰਸ਼ਾਹੀ ਵਿਚੋਂ ਕੇਵਲ ਇਹਨਾਂ ਦਾ ਦ੍ਰਿਸ਼ ਹੀ ਨਹੀਂ ਦੇਖਿਆ ਜਾ ਸਕਦਾ ਸਗੋਂ ਇਹਨਾਂ ਕਾਰਨ ਲੋਕਾਈ ਦੀ ਵੀ ਸਥਿਤੀ ਬਣੀ ਹੋਈ ਹੈ, ਵੀ ਦੇਖੀ ਜਾ ਸਕਦੀ ਹੈ। ਰਿਸ਼ਵਤਖੋਰੀ, ਪਰਿਵਾਰਵਾਦ, ਅਵਸਰਵਾਦ, ਠੱਗੀ, ਬੇਇਖਲਾਕੀ, ਬੇਇਨਸਾਫੀ ਆਦਿ ਸਟੇਟ ਦੇ ਸਾਰੇ ਪ੍ਰਪੰਚ ਦੇਖੇ ਜਾ ਸਕਦੇ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਵਿਅਕਤੀਗਤ ਹਿੰਸਾ ਸਟੇਟ ਦੇ ਹੱਕ ਵਿਚ ਭੁਗਤ ਜਾਂਦੀ ਹੈ ਕਿਉਂਕਿ ਇਸ ਨਾਲ ਸੰਘਰਸ਼ਸ਼ੀਲ ਲੋਕਾਂ ਨੂੰ ਆਪਣੇ ਤੰਤਰ ਰਾਹੀਂ ਹਿੰਸਕ ਘੋਸ਼ਤ ਕਰਕੇ ਲੋਕਾਈ ਦਾ ਬਹੁਤ ਸਾਰੇ ਹਿੱਸਾ ਤੋੜ ਕੇ ਆਪਣੀ ਪਿੱਛਲੱਗ ਬਣਾ ਲੈਂਦੀ ਹੈ।

ਇਸ ਦੇ ਉਲਟ ਗੁਰਮੀਤ ਕੜਿਆਲਵੀ ਦੀ ਕਹਾਣੀ 'ਇਉਂ ਨਹੀਂ ਸਰਨਾ' ਸੀਤੇ ਪਾਤਰ ਰਾਹੀਂ ਲੋਕ ਸੰਘਰਸ਼ ਦੀ ਆਵਾਜ਼ ਦਿੰਦਾ ਹੈ ਕਿ ਲੋਕਾਂ ਨੂੰ ਇਕੱਠੇ ਹੋ ਕੇ ਹੀ ਇਸ ਲੋਟੂ ਨਿਜ਼ਾਮ ਨੂੰ ਟੱਕਰ ਦੇਣੀ ਚਾਹੀਦੀ ਹੈ। ਇਹ ਟੱਕਰ ਕਿਸੇ ਵਿਚਾਰਧਾਰਾ ਦੇ ਤਹਿਤ ਦਿੱਤੀ ਜਾਣੀ ਹੈ ਜਿਸ ਦਾ ਆਧਾਰ ਵਿਗਿਆਨਕ ਵੀ ਹੋਵੇ ਤੇ ਬਾਹਰਮੁਖੀ ਵੀ। ਇੱਥੇ ਗੁਰਮੀਤ ਕੜਿਆਲਵੀ ਜਾਤ ਦੇ ਸਵਾਲ ਨੂੰ ਸਵੈ ਕੇਂਦਰਤ ਨਹੀਂ ਕਰਦਾ ਸਗੋਂ ਸਮੂਹਿਕ ਕਰਕੇ ਸੰਘਰਸ਼ ਦੀ ਰੂਪ ਰੇਖਾ ਸਿਰਜਦਾ ਹੈ। ਉਹ ਜਮਾਤੀ ਸੰਘਰਸ਼ ਦੀਆਂ ਮਿੱਥਾਂ ਦਾ ਭੰਜਨ ਕਰਦਾ ਹੈ ਕਿ ਕੇਵਲ ਆਰਥਿਕਤਾ ਦੀ ਲੜਾਈ ਵਿਚ ਕੇਵਲ ਕਿਸਾਨੀ ਦਾ ਜ਼ਿਕਰ ਕਰੀ ਜਾਣਾ ਵਾਜਿਬ ਨਹੀਂ ਹੈ ਸਗੋਂ ਕਿਰਤ ਵਿਹੂਣੇ ਮਜ਼ਦੂਰ ਨੂੰ ਵੀ ਕੇਂਦਰ ਵਿਚ ਰਖਣਾ ਚਾਹੀਦਾ ਹੈ। ਕਹਾਣੀ ਵਿਚ ਇਹ ਉਠਿਆ ਮੁੱਦਾ ਬਹੁਤ ਹੀ ਮਹੱਤਵਪੂਰਨ ਹੈ ਕਿ ਆਖਰ ਕਿਸਾਨੀ ਹੀ 'ਜਮਾਤੀ ਸੰਘਰਸ਼' ਦੀ ਮੂਹਰੈਲ ਕਿਉਂ ਬਣਾਈ ਗਈ ਹੈ। ਕੀ ਇਹ ਕਿਸਾਨੀ ਦੀ ਆੜ ਵਿਚ ਇਹ ਜਾਤ ਦਾ ਮਸਲਾ ਨਹੀਂ ਸੀ ? ਸੀਤਾ ਪਾਤਰ ਭਾਵੇਂ ਅਨਪੜ੍ਹ ਹੈ ਪਰੰਤੂ ਇਹਨਾਂ ਦੇ ਮੂੰਹੋਂ ਇਹ ਬੋਲ ਅਖਵਾਏ ਨਹੀਂ ਸਗੋਂ ਪ੍ਰਸਥਿਤਕ ਟਕਰਾਓ ਵਿਚੋਂ ਉਭਰਦੇ ਹਨ। ਕਹਾਣੀ ਦਾ ਇਹ ਵੀ ਮੰਤਵ ਨਹੀਂ ਕਿ ਖੱਬੇ ਪੱਖੀ ਪਾਰਟੀਆਂ ਦੀ ਭੂਮਿਕਾ ਨੂੰ ਨਿੰਦਿਆਂ ਜਾਵੇ ਸਗੋਂ ਮਨੋਰਥ ਇਹ ਹੈ ਕਿ ਅਸਲੀ ਤੇ ਨਕਲੀ ਮਾਰਕਸਵਾਦੀ ਲੋਕਾਂ ਦੀ ਪਛਾਣ ਕੀਤੀ ਜਾ ਸਕੇ। ਖੱਬੇ ਪੱਖੀਆਂ ਦੀ ਏਕਤਾ ਤੇ ਮਸਲਿਆਂ ਦੀ ਸਮਝ ਲਈ ਉਤੇਜਨਾ ਇਸ ਕਹਾਣੀ ਦਾ ਉਦੇਸ਼ ਹੈ ਪਰੰਤੂ ਇਸ ਦਾ ਵਾਹਕ ਪਾਤਰ ਸੀਤਾ ਵਿਹਾਰਕ ਜ਼ਿੰਦਗੀ ਵਿਚੋਂ ਸਾਰੇ ਸਮਾਜਿਕ, ਆਰਥਿਕ, ਧਾਰਮਿਕ, ਰਾਜਸੀ ਵਰਤਾਰਿਆਂ ਦਾ ਬੇਦਰਦੀ ਨਾਲ ਮੁਲਾਂਕਣ ਕਰਦਾ ਹੈ। ਇਹ ਮੁਲਾਂਕਣ ਇੰਨਾ ਖੂਬਸੂਰਤ ਹੈ ਕਿ ਇਹ ਕਹਾਣੀ ਉਹ ਦਸਤਾਵੇਜ਼ ਬਣ ਸਕਦੀ ਹੈ ਕਿ ਇਹ ਦਲਿਤ ਮਨੁੱਖ ਦੀ ਨਜ਼ਰ ਵਿਚ ਜੀਵਨ, ਜੀਵਨ ਵਰਤਾਰੇ, ਜੀਵਨ ਦਰਸ਼ਨ ਕੀ ਹਨ ਤੇ ਇਹਨਾਂ ਦਾ ਖੇਤਰ ਕੀ ਹੈ ? ਜਦੋਂ ਉਸਨੂੰ ਇੰਨਾ ਹੀਣਾ ਮੰਨਿਆ ਜਾ ਰਿਹਾ ਹੈ ਤਾਂ ਉਹ ਵਿਸ਼ਵੀਕਰਨ ਨਾਲ ਲੜਦਾ-ਲੜਦਾ ਅਮਰੀਕਾ ਨਾਲ ਕਿਵੇਂ ਲੜੇ? ਉਹ ਉਸ ਦੁਆਲੇ ਸਿਰਜੀਆਂ ਗਈਆਂ ਵਲਗਣਾਂ (ਜਾਤੀ, ਧਰਮ, ਨਸਲ, ਭਾਸ਼ਾ ਆਦਿ) ਤੋਂ ਕਿਵੇਂ ਮੁਕਤ ਹੋਵੇ ਤੇ ਵਾਈਟ ਹਾਊਸ ਵਾਲੇ ਅਮਰੀਕਾ ਦੇ ਖਿਲਾਫ ਕਿਵੇਂ ਲੜੇ ? ਕਹਾਣੀ ਕੱਚੇ ਕੋਠੇ ਤੋਂ ਪੱਕੇ ਕੋਠੇ ਦੀ ਤਾਂਘ ਤੇ ਤਾਂਘ ਦੀ ਪੂਰਤੀ ਲਈ

ਸਰਕਾਰੀ ਢਾਚੇ ਅੰਦਰ ਕੀਤੀ ਗਈ ਜਦੋ-ਜਹਿਦ ਵਿਚੋਂ ਗੁਜਰਦੀ ਹੈ ਪਰੰਤੂ ਜੋ ਪ੍ਰਬੰਧ ਇਸ ਦੇ ਦੁਆਲੇ ਦਿਖਾਈ ਦਿੰਦਾ ਹੈ ਉਹ ਹਰ ਪਾਠਕ ਦੇ ਮਨ ਵਿਚ ਚਿੰਤਾ ਪੈਦਾ ਕਰੇਗਾ ਤੇ ਦਲਿਤ ਮਨੁੱਖ ਲਈ ਪੁਨਰ ਚਿੰਤਨ ਲਈ ਉਕਸਾਏਗਾ।

ਇਸ ਤਰ੍ਹਾਂ ਦੀ ਇਕ ਹੋਰ ਕਹਾਣੀ 'ਕੀਮਤ' ਹੈ ਜਿਸ ਵਿਚ ਕਿਸ਼ਨ ਸਿੰਘ ਸਕੀਮੀਏ ਉਰਫ ਲਾਲ ਸਲਾਮ ਤੇ ਉਸਦੇ ਪੋਤਰੇ ਸੰਧੂ ਨੂੰ ਜੋ ਕਿਸੇ ਮਹਿਕਮੇ ਵਿਚ ਅਫਸਰ ਹੈ ਨੂੰ ਮੁੱਖ ਪਾਤਰ ਬਣਾ ਕੇ ਪੇਸ਼ ਕਰਦਿਆ, ਲਗਾਤਾਰ, ਸਮੁੱਚਤਾ ਭਰਪੂਰ, ਵਿਗਿਆਨਕ ਤਰੀਕੇ ਨਾਲ ਕੀਤੇ ਜਾਣੇ ਚਾਹੀਦੇ ਸੰਘਰਸ਼ ਨੂੰ ਪੇਸ਼ ਕੀਤਾ ਹੈ। ਕਹਾਣੀ ਗਿਆਨ ਕੌਰ ਜੋ ਸੰਧੂ ਦੇ ਦਫ਼ਤਰ ਦੀ ਪੀਅਨ ਹੈ ਦੀ ਕੀਤੀ ਸ਼ਿਕਾਇਤ ਦੇ ਬਿਰਤਾਂਤ ਤੋਂ ਸ਼ੁਰੂ ਹੁੰਦੀ ਇਸ ਪਿਛੇ ਕਾਰਜ਼ਸ਼ੀਲ ਦਲਿਤ ਤੇ ਗੈਰ-ਦਲਿਤ ਸ਼ਕਤੀਆਂ ਦਾ ਵਿਸ਼ਲੇਸ਼ਣ ਕਰਦੀ ਹੈ। ਕਹਾਣੀ ਧਾਰਨਾ ਦਿੰਦੀ ਹੈ ਕਿ ਖੱਬੇ ਪੱਖੀਆਂ ਨੇ ਦਲਿਤ ਸਮੱਸਿਆ ਨੂੰ ਨਹੀਂ ਸਮਝਿਆ ਤੇ ਦਲਿਤਾ ਨੇ ਉਹਨਾਂ ਲੋਕਾਂ ਨੂੰ ਨਹੀਂ ਪਹਿਚਾਨਿਆ ਜਿਹੜੇ ਉਹਨਾਂ ਲਈ ਸੁਹਿਰਦਤਾ ਨਾਲ ਲੜਨਾ ਚਾਹੁੰਦੇ ਸਨ। ਕਹਾਣੀ ਇਹ ਸੁਆਲ ਖੜਾ ਕਰਦੀ ਹੈ ਕਿ ਆਖਰ ਲੀਡਰ ਕਿਹੋ ਜਿਹਾ ਹੋਣਾ ਚਾਹੀਦਾ ਹੈ ਜਿਸ ਦੀ ਅਗਵਾਈ ਵਿਚ ਲੋਕ ਲੜਨ ਤੇ ਆਪਣੇ ਹੱਕਾਂ ਦੀ ਲੜਾਈ ਲੜ ਰਹੇ ਬੰਦੇ 'ਤੇ ਵਿਸ਼ਵਾਸ ਕਰਨ। ਕਹਾਣੀ ਦੇ ਪਾਤਰ ਆਰ.ਕੇ. ਬੋਹਤ, ਟਿਵਾਣਾ ਤੇ ਨਿਰਵੈਰ ਸਿੰਘ ਮੂਲ ਰੂਪ ਵਿਚ ਮਨੁੱਖਤਾ ਦੇ ਵਿਰੋਧੀ ਹਨ ਭਾਵੇਂ ਉਹ ਜਾਤ-ਪਾਤ ਨੂੰ ਕਿਸ ਵੀ ਨਜ਼ਰੀਏ 'ਤੋਂ ਵੇਖਣ। ਅਜੋਕਾ ਦੌਰ ਇੱਕ ਅਜਿਹਾ ਦੌਰ ਹੈ ਜਿਸ ਵਿਚ ਤਾਕਤ ਅਜਿਹੇ ਰੂਪ ਵਿਚ ਆਈ ਹੈ ਜਿਵੇਂ ਗੁਬਾਰਾ ਆਪਣੇ ਆਪ ਨੂੰ ਭਰਿਆ ਮਹਿਸੂਸ ਕਰਦਾ ਹੈ, ਪਰ ਹੁੰਦੀ ਇਸ ਵਿਚ ਹਵਾ ਹੀ ਹੈ। ਦਰਅਸਲ ਟਿਵਾਣਾ, ਬੋਹਤ ਅਜਿਹੇ ਪਾਤਰ ਹਨ ਜਿਹਨਾਂ ਵਿਚ ਹਵਾ ਭਰੀ ਗਈ ਹੈ ਜਿਹੜੀ ਸਟੇਟ ਦੀ ਸੱਤਾ ਲਈ ਕਾਰਗਰ ਸਾਬਤ ਹੋ ਰਹੀ ਹੈ।

ਇਥੇ ਆ ਕੇ ਕਹਾਣੀਕਾਰ ਕਹਾਣੀ ਦੇ ਅੰਤਰਮੁਖੀ ਵਰਤਾਰਿਆਂ ਨੂੰ ਬਾਹਰਮੁਖੀ ਕਰਦਾ, ਰਾਜਨੀਤਿਕ ਦਖਲ ਨੂੰ ਜ਼ਰੂਰੀ ਮੰਨਦਾ ਹੈ। ਬਾਹਰਮੁਖੀ ਦ੍ਰਿਸ਼ਟੀ ਵਿਚ ਵਿਗਿਆਨਕਤਾ, ਤਰਕ ਤੇ ਧਿਰਾਂ ਦੀ ਪਹਿਚਾਣ ਜ਼ਰੂਰੀ ਹੈ। ਪਰੰਤੂ ਕਸ਼ਟਦਾਇਕ ਸਥਿਤੀ ਇਹ ਹੈ ਅਖੌਤੀ ਜਥੇਬੰਦੀਆਂ ਦੇ ਅਖੌਤੀ ਪ੍ਰਧਾਨ ਲੋਕ ਹਿੱਤਾਂ ਦੀ ਅਗਵਾਈ ਕਰਨ ਦਾ ਭਰਮ ਪਾਲਦੇ ਹਨ, ਜਿਸ ਨਾਲ ਜਥੇਬੰਦਕ ਗਤੀਵਿਧੀਆਂ ਸ਼ੱਕ ਦੇ ਘੇਰੇ 'ਚ ਆ ਜਾਂਦੀਆਂ ਹਨ। ਇਸ ਤਰ੍ਹਾਂ ਗੁਰਮੀਤ ਕੜਿਆਲਵੀ ਕੇਵਲ ਤੇ ਕੇਵਲ ਅਨੁਭਵ ਦੀਆਂ ਅੰਤਰਮੁਖੀ ਸ਼ਕਤੀਆਂ ਦੀ ਵਰਤੋਂ ਨਹੀਂ ਕਰਦਾ ਸਗੋਂ ਬਾਹਰਮੁਖੀ ਤੇ ਰਾਜਨੀਤਿਕ ਉਦਮਾਂ ਨੂੰ ਨਾਲੋਂ ਨਾਲ ਰੱਖਦਾ ਹੈ। ਇਹ ਗੁਰਮੀਤ ਦੀ ਪ੍ਰਾਪਤੀ ਇਸ ਦ੍ਰਿਸ਼ਟੀ ਨੂੰ ਪਰਨਾਉਣ ਦੀ ਹੈ।

ਇਸ ਕਥਾ ਸੰਗ੍ਰਹਿ ਦੀ ਮਹੱਤਵਪੂਰਨ ਕਹਾਣੀ 'ਚੀਕ' ਹੈ ਜਿਹੜੀ ਅੰਤਰਜਾਤੀ ਵਿਆਹ ਦੀ ਸਮਾਜਿਕ ਕਿਰਿਆ ਦੀ ਪ੍ਰਤਿਕਿਰਿਆ ਵਿਚੋਂ ਉਪਜਦੀ ਹੈ। ਕਹਾਣੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਮੈਂ ਪਾਤਰ ਉੱਚ ਜਾਤੀ ਦੀ ਮੱਧਲੀ ਸ਼੍ਰੇਣੀ ਦੀ ਹੋ ਕੇ ਤੇ ਮਾਨਸਿਕ ਪੱਧਰ ਤੇ ਜਾਤਹੀਣ ਤੇ ਜਮਾਤਹੀਣ ਹੋਕੇ ਪੂਰੇ ਵਰਤਾਰੇ ਦੀ ਸੂਤਰਧਾਰ ਬਣਦੀ ਹੈ। ਕਹਾਣੀ ਨਿਮਨ ਜਾਤ ਅੰਦਰ ਪਏ ਉਸ ਟੇਲੈਂਟ ਨੂੰ ਉਭਾਰਦੀ, ਉਚ ਜਾਤੀਆਂ ਦੇ ਰਾਖਵੇਂਕਰਨ ਵਿਰੋਧੀ ਲੋਕਾਂ ਲਈ ਸਵਾਲ ਖੜੇ ਕਰਦੀ ਹੈ। ਜਾਤੀ ਵਿਵਸਥਾ ਛੂਤ-ਛਾਤ ਵਿਚੋਂ ਲਾਇਕ ਤੇ ਨਲਾਇਕ ਵਿੱਚ ਤਬਦੀਲ ਹੋ ਗਈ ਹੈ। ਕੋਟਾ ਸ਼ਬਦ ਜਗੀਰੂ ਤੇ ਸਰਮਾਏਦਾਰੀ ਢਾਂਚੇ ਦੀ ਮਿਸ਼ਰਤ ਮਨੋਸੰਰਚਨਾ ਦਾ ਸੂਚਕ ਬਣ ਗਿਆ ਹੈ। ਜੋ ਦਲਿਤ ਸਰਕਾਰੀ ਖੇਤਰ ਤੋਂ ਬਾਹਰ ਰਹਿ ਗਏ ਉਹਨਾਂ ਲਈ 'ਹਮਦਰਦੀ' ਤੇ ਜੋ ਸੇਵਾ ਖੇਤਰ



ਵਿਚ ਆ ਗਏ ਹਨ ਉਹਨਾਂ ਲਈ 'ਨਫ਼ਰਤ'। ਤੇ ਇਹ ਨਫ਼ਰਤ ਬ੍ਰਾਹਮਣਵਾਦ ਦਾ ਨਵਾਂ ਰੂਪ ਹੈ ਜਿਸ ਬਾਰੇ ਬਹੁਤ ਸਾਰੇ ਵਿਸ਼ਲੇਸ਼ਣ ਦੀ ਜ਼ਰੂਰਤ ਹੈ। ਪੂਰੀ ਕਹਾਣੀ 'ਨਫ਼ਰਤ' ਦੇ ਸ਼ਿਕਾਰ ਪਾਤਰਾਂ ਪ੍ਰਤਿ ਹਮਦਰਦੀ ਦੇ ਨਾਲ-ਨਾਲ ਸਮਾਜ ਅੰਦਰਲੀਆਂ ਵਿਭਿੰਨ ਤੰਦਾਂ ਨੂੰ ਖੋਲਣ ਦੀ ਕੋਸ਼ਿਸ਼ ਕਰਦੀ ਹੈ। ਕਹਾਣੀ ਦੇ ਪਾਤਰ ਕੁਲਵੰਤ, ਹੈਡਮਾਸਟਰ ਤੇ ਮੁਖਤਿਆਰੋ ਜਾਤੀ ਨਫ਼ਰਤ ਦੇ ਸ਼ਿਕਾਰ ਹੁੰਦੇ ਹਨ ਜਦਕਿ ਹਰਜੀਤ, ਸਕੂਲ ਦਾ ਗ਼ੈਰ-ਦਲਿਤ ਸਟਾਫ, ਪਰਮੀਤ ਦੇ ਮਾਪੇ ਸਾਰੇ ਇਹਨਾਂ ਦੇ ਵਿਰੁੱਧ ਆਪਣਾ ਮੋਰਚਾ ਖੋਲ੍ਹੀ ਰੱਖਦੇ ਹਨ। ਇਸ ਤਰ੍ਹਾਂ ਇਹ ਕਹਾਣੀ ਪ੍ਰੰਪਰਾ ਦੀ ਕੈਦ 'ਚ ਮਨੁੱਖ ਅਤੇ ਪ੍ਰੰਪਰਾ ਵਿਚੋਂ ਮੁਕਤ ਹੋਣ ਵਾਲੇ ਮਨੁੱਖ ਅੰਦਰਲੀ ਜਦੋ-ਜਹਿਦ ਨੂੰ ਸਾਹਮਣੇ ਲਿਆਉਂਦੀ ਹੈ। ਕੁਲਵੰਤ ਤੇ ਹੈਡਮਾਸਟਰ ਸੁਚੇਤ ਹੋ ਕੇ ਪ੍ਰਬੰਧ ਬਦਲਣ ਲਈ ਥੋੜ੍ਹਾ ਕਾਰਜਸ਼ੀਲ ਹੁੰਦੇ ਹਨ ਪਰੰਤੂ ਉਹਨਾਂ ਦੇ ਵਿਰੋਧੀ ਬਹੁਤ ਜ਼ਿਆਦਾ ਗਿਣਤੀ ਵਿਚ ਹਨ। ਦੂਜਾ ਪਹਿਲੂ ਇਹ ਕਿ ਜਾਤ ਹੁਣ ਜਗੀਰਦਾਰੀ ਸਿਸਟਮ ਦਾ ਪਹਿਲੂ ਹੈ ਜਾਂ ਸਰਮਾਏਦਾਰੀ ਢਾਂਚੇ ਦੇ ਅਧੀਨ ਹੈ। ਜੇ ਸਰਮਾਏਦਾਰੀ ਜਾਤ ਨੂੰ ਢਾਹ ਨਹੀਂ ਸਕਦੀ ਤਾਂ ਸਰਮਾਏਦਾਰੀ ਦੇ ਸਮਾਜਿਕ ਢਾਂਚੇ ਵਿਚ ਦੀ ਕੀ ਤਬਦੀਲੀ ਲਿਆਂਦੀ? ਸਵਾਲ ਵਾਰ-ਵਾਰ ਉੱਠਦਾ ਹੈ। ਪਰਮੀਤ ਸਵਾਲਾਂ ਦੀ ਵਾਹਕ ਹੈ। ਉਹ ਦ੍ਰਿਸ਼ ਹੀ ਨਹੀਂ ਸਿਰਜਦੀ, ਉਹ ਦ੍ਰਿਸ਼ ਅੰਦਰਲੀ ਚੀਸ ਨੂੰ ਵੀ ਸਮਝਦੀ ਹੈ ਇਸੇ ਲਈ ਸਾਰੀ ਦਲਿਤ ਵਿਰੋਧੀ ਧਿਰ ਦਾ ਅਪਮਾਨ ਝੱਲਦੀ ਹੈ।

ਕਹਾਣੀ ਦਾ ਦੂਸਰਾ ਮਹੱਤਵਪੂਰਨ ਪਹਿਲੂ ਕਹਾਣੀ ਵਿਚਲੀ ਬਿਰਤਾਂਤਕਾਰ ਔਰਤ ਹੋਣ ਕਾਰਨ ਘਰ ਨੂੰ ਬਹੁਤ ਸਾਰੇ ਪਹਿਲੂਆਂ ਤੋਂ ਸੋਚਦੀ ਹੈ। ਇਹੀ ਇੱਕ ਪਾਤਰ ਹੈ ਜੋ ਅੰਤਰਜਾਤੀ ਵਿਆਹ ਦੀ ਲੋੜ ਨੂੰ ਸਹੀ ਸਮਝਦੀ ਹੈ, ਭਾਵੇਂ ਸ਼ੁਰੂ ਵਿਚ ਅਜਿਹਾ ਨਹੀਂ ਸੀ। ਪੜ੍ਹੇ ਲਿਖੇ ਵਰਗ ਦਾ ਇਸ ਤਰ੍ਹਾਂ ਤਬਦੀਲੀ ਨੂੰ ਸਵੀਕਾਰ ਕਰਨਾ ਸਾਕਾਰਾਤਮਕ ਪਹਿਲੂ ਹੈ। ਕੁਲਵੰਤ, ਹੈਡਮਾਸਟਰ ਤੇ ਮਹਿੰਦਰੋ ਪਾਤਰਾਂ ਦਾ ਨਜ਼ਰ ਟਿਕਾਈ ਰੱਖਣਾ ਤੇ ਬਣਤਰ ਤੇ ਵਰਤਾਰਿਆਂ ਵਿਚੋਂ ਉਹਨਾਂ ਦੇ ਹਿੱਸੇ ਦੀ ਨਫ਼ਰਤ ਨੂੰ ਸੰਵੇਦਨਾ ਨਾਲ ਮਹਿਸੂਸਣਾ, ਮੈਂ ਪਾਤਰ ਦੀ ਪ੍ਰਾਪਤੀ ਹੈ। ਸੋ 'ਚੀਖ' ਦਰਦ ਦੀ ਸੂਚਕ ਵੀ ਹੈ ਤੇ ਤਬਦੀਲੀ ਦੀ ਵੀ। ਕਿਉਂਕਿ ਨਫ਼ਰਤ ਦਾ ਅਹਿਸਾਸ ਵੀ ਤੰਗ ਹੀ ਨਹੀਂ ਕਰਦਾ ਸਗੋਂ ਮਨੁੱਖ ਨੂੰ ਨਾਕਾਰਾਤਮਕ ਵੀ ਬਣਾ ਸਕਦਾ ਹੈ। ਪਰ ਦੂਸਰੇ ਪਾਸੇ ਇਸੇ ਵਰਤਾਰੇ ਨੂੰ ਅਧੀਨਤਾ ਨਾਲ ਤੇ ਸਿੱਧੀ ਗੁਲਾਮੀ ਰਾਹੀਂ ਸੋਚਣ ਦੀ ਹੀ ਲੋੜ ਨਹੀਂ ਸਗੋਂ ਬਣਤਰ ਤੇ ਵਰਤਾਰੇ ਵਿਚੋਂ ਸਮੁੱਚੇ ਤੌਰ 'ਤੇ ਦੇਖਣ ਦੀ ਲੋੜ ਹੈ।

'ਵਕਤ ਦੇ ਖੰਭਾਂ ਨਾਲ ਬੱਝੀ ਵਫ਼ਾ' ਇੱਕ ਉਸ ਪੁਲਿਸ ਵਾਲੇ ਦੀ ਸੰਵੇਦਨਸ਼ੀਲਤਾ ਦੀ ਕਹਾਣੀ ਹੈ ਜਿਹੜਾ ਭਾਵੇਂ ਮੁਜਰਿਮਾਂ ਲਈ ਸਖਤ ਰਵੱਈਆਂ ਰਖਦਾ ਹੈ ਪਰੰਤੂ ਪਿੰਡ ਜੁਆਈ ਬਖਤੌਰੇ ਨੂੰ ਪੁਲਿਸ ਮੁਕਾਬਲੇ ਵਿਚ ਮਰਨ ਦੀ ਬਜਾਇ ਕਮਾਦ ਵਿਚ ਭਜਾ ਦਿੰਦਾ ਹੈ। ਭਾਵੇਂ ਉਸ ਦੇ ਪਰਿਵਾਰ ਦੇ ਛੇ ਮੈਂਬਰ ਦਹਿਸ਼ਤਗਰਦੀ ਵਿਚ ਮਾਰੇ ਜਾਂਦੇ ਹਨ ਪਰੰਤੂ ਉਹ ਪਿੰਡ ਦੀ ਧੀ ਨੂੰ ਰੰਡੀ ਕਰਨ ਤੋਂ ਪੂਰੀ ਤਰ੍ਹਾਂ ਪਿੱਛੇ ਮੁੜਦਾ ਹੈ। ਇਹ ਘਟਨਾ ਇਖਲਾਕ ਤੇ ਨੌਕਰੀ ਅੰਦਰਲੇ ਅੰਤਰ-ਵਿਰੋਧਾਂ ਦੀ ਸੂਚਕ ਹੈ ਜਿਸ ਵਿਚ ਇੱਕ ਵਿਅਕਤੀ ਕਤਲਿਆਮ ਦੇ ਵਰਤਾਰਿਆਂ ਨਾਲ ਜੁੜਕੇ ਵੀ ਮਨੁੱਖੀ ਕਦਰਾਂ ਨੂੰ ਸਾਬਤ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੇ ਸਮਾਨਅੰਤਰ ਇਹ ਕਹਾਣੀ ਸਟੇਟ ਤੇ ਮੂਲਵਾਸੀਆਂ ਅੰਦਰਲੀ ਟੱਕਰ ਵਿਚ ਇੱਕ ਆਮ ਵਿਅਕਤੀ ਦੀ ਮਨੋਸਥਿਤੀ ਨੂੰ ਵੀ ਪੇਸ਼ ਕਰਦੀ ਹੈ। ਮੂਲਵਾਦੀ ਧਾਰਮਿਕ ਕਰਿੰਦਿਆਂ ਤੇ ਪੁਲਿਸ ਤਸ਼ੱਦਦ ਦੀਆਂ ਕਿਰਿਆਵਾਂ ਵਾਰ-ਵਾਰ ਸਟੇਟ ਦੀਆਂ ਕੁਰੀਤੀਆਂ ਸਾਹਮਣੇ ਲਿਆਉਂਦੀਆਂ ਹਨ। ਥਾਣੇਦਾਰ ਅਜੀਤ ਕੁਮਾਰ ਦੀ

ਮਨੋਵਚਨੀ ਤੇ ਉਸਦੀਆਂ ਕਿਰਿਆਵਾਂ ਵਿਚਲਾ ਅੰਤਰ ਸਟੇਟ ਦੁਆਰਾ ਕੀਤੇ ਜਾਂਦੇ ਧੱਕੇ ਨੂੰ ਦਰਸਾਉਂਦੇ ਹਨ। ਕਹਾਣੀ ਵਿਚਲੇ ਭਟਿੱਟਰ ਵਰਗੇ ਪਾਤਰ ਉਤੇਜਕ ਪਾਤਰ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ ਜਿਹੜੇ ਘਟਨਾਵਾਂ ਵਿਚਲੀ ਡੂੰਘਾਈ ਨੂੰ ਪੇਸ਼ ਕਰਨ ਵਿਚ ਮਦਦ ਕਰਦੇ ਹਨ। ਇਹ ਅਜੀਤ ਕੁਮਾਰ ਦੀ ਮਨੋਵਚਨੀ ਨੂੰ ਖੋਲ ਕੇ ਸਾਰੇ ਵਰਤਾਰੇ ਨੂੰ ਬਾਹਰਮੁਖੀ ਕਰਦੇ ਹਨ। ਇਸ ਤਰ੍ਹਾਂ ਇਹ ਪਾਤਰ ਵਿਧੀ ਦੇ ਰੂਪ ਵਿਚ ਤੇ ਵਰਤਾਰਿਆ ਦੇ ਸੂਚਕ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ।

ਕਹਾਣੀ ਦਾ ਦੂਸਰਾ ਪਹਿਲੂ ਇਹ ਹੈ ਕਿ ਗੁਰਮੀਤ ਕੜਿਆਲਵੀ ਪਾਤਰ ਨਿਰਮਾਣ ਸਮੇਂ ਪਾਤਰ ਦੇ ਨਕਾਰਾਤਮਕ ਪਹਿਲੂਆਂ ਨੂੰ ਭਾਵੇਂ ਉਸਾਰਦਾ ਤਾਂ ਹੈ ਪਰੰਤੂ ਅਜਿਹੇ ਪਾਤਰ ਦੇ ਸਮਾਨਅੰਤਰ ਖੜਾ ਕੀਤਾ ਪਾਤਰ ਨਾਇਕ ਦੀ ਭੂਮਿਕਾ ਅਦਾ ਕਰਦਾ ਨਜ਼ਰ ਆਉਂਦਾ ਹੈ। ਇਹ ਪਾਤਰ ਉਸ ਦੀਆਂ ਹੋਰ ਕਹਾਣੀਆਂ ਆਤੂ ਖੋਜੀ (ਇਹ ਕਥਾ ਸੰਗ੍ਰਹਿ ਤੋਂ ਬਾਹਰਲੀ ਕਹਾਣੀ), ਗੁਰਚਰਨਾ ਗਾਡਰ ਆਦਿ ਵਿਚ ਸਿੱਧੇ ਤੌਰ 'ਤੇ ਦੇਖਿਆ ਜਾ ਸਕਦਾ ਹੈ।

ਕਹਾਣੀ 'ਗਾਥਾ ਗੈਰ ਹਾਜਰ ਮਨੁੱਖ ਦੀ' ਅਜੋਕੇ ਮਨੁੱਖ ਦੇ ਸੁੱਖ, ਸੁਵਿਧਾ ਤੇ ਸੁਰੱਖਿਆ ਦੇ ਸਰੋਕਾਰਾਂ ਦਾ ਸਾਕਾਂ ਤੋਂ ਉਪਰ ਹੋ ਜਾਣ ਦੇ ਵਰਤਾਰੇ ਨੂੰ ਪੇਸ਼ ਕਰਦੀ ਹੈ। ਇਹ ਕਹਾਣੀ ਉਸ ਮਨੁੱਖ ਨੂੰ ਆਪਣੇ ਕੇਂਦਰ ਵਿਚ ਲੈਂਦੀ ਹੈ ਜਿਹੜਾ ਮਨਨਸ਼ੀਲ ਨਾ ਹੋ ਕੇ ਕੇਵਲ ਭੋਗੀ ਹੋ ਰਿਹਾ ਹੈ। ਕਹਾਣੀ ਦਾ ਮੁੱਖ ਪਾਤਰ ਕਾਲੜਾ ਸਾਹਿਬ ਦਫ਼ਤਰ ਵਿਚ ਆਪਣੀ ਸੀਟ ਤੇ ਰਿਸ਼ਵਤਖੋਰੀ ਨੂੰ ਜਾਰੀ ਰੱਖਣ ਲਈ ਪਿਤਾ ਦੀ ਮੌਤ ਦਾ ਸ਼ੋਕ ਵੀ ਮਨਾਉਣ ਲਈ ਤਿਆਰ ਨਹੀਂ ਹੈ।

ਕਹਾਣੀ ਦਾ ਮੁੱਖ ਪਾਤਰ ਗੁਰਚਰਨਾ ਗਾਡਰ ਤੋਂ ਉਲਟ ਛੋਟੇ-ਛੋਟੇ ਫਾਇਦਿਆਂ ਲਈ ਹਰ ਤਰ੍ਹਾਂ ਦੇ ਸਮਝੌਤੇ ਕਰਦਾ ਹੈ। ਇਥੇ ਇਹ ਗੱਲ ਵੀ ਵਿਚਾਰਨਯੋਗ ਬਣ ਜਾਂਦੀ ਹੈ ਕਿ ਸਮਝੌਤੇ ਕਰਨ ਵਾਲੇ ਲੋਕ ਆਗਾਹਵਧੂ ਤੇ ਸੰਘਰਸ਼ਸ਼ੀਲ ਨਹੀਂ ਰਹਿੰਦੇ। ਦੂਜੀ ਗੱਲ ਵਸਤੂਵਾਦੀ ਵਰਤਾਰਿਆਂ ਦੇ ਆਦਮੀ ਨੂੰ ਇਛਾਵਾਂ ਦਾ ਗੁਲਾਮ ਕਰਕੇ ਖੁਦ ਦਾ ਗੁਲਾਮ ਬਣਾ ਲਿਆ ਹੈ ਜਿਸ ਕਾਰਨ ਇੱਕ ਗੁਲਾਮ ਮਾਨਸਿਕਤਾ ਵਿਚੋਂ ਉਹ ਅਧੂਰੇ ਪ੍ਰਵਚਨਾ ਵਿਚੋਂ ਅਜਬ ਕਿਸਮ ਦਾ ਧੂੰਆਂ ਪੈਦਾ ਕਰ ਰਿਹਾ ਹੈ ਜਿਹੜਾ ਮਾਨਵਵਾਦੀ ਲੋਕਾਂ ਦੇ ਗਲੇ ਨਹੀਂ ਉਤਰ ਰਿਹਾ। ਅਜੀਬ ਗੱਲ ਇਹ ਹੈ ਕਿ ਅਜਿਹਾ ਵਿਅਕਤੀ

ਨਾ ਹੀ ਬੌਧਿਕ ਹੈ ਤੇ ਨਾ ਹੀ ਵਿਵੇਕੀ ਪਰ ਚਲਾਕ ਹੈ। ਪਰ ਚਲਾਕੀਆਂ ਕਰਕੇ ਵੀ ਅਨੰਦ ਦੀ ਅਵਸਥਾ ਵਿਚ ਨਹੀਂ ਹੈ। ਕਹਾਣੀ ਦੇ ਸਾਰੇ ਪਾਤਰ ਮੱਧ ਵਰਗੀ ਜ਼ਿੰਦਗੀ ਲਈ ਜਸ਼ਨ ਲਈ ਉਤਸੁਕ ਹਨ ਪਰੰਤੂ ਜਸ਼ਨ ਲਈ ਧਨ ਇੱਕਤਰ ਕਰਨ ਲਈ ਭ੍ਰਿਸ਼ਟਾਚਾਰ ਦਾ ਢੰਗ ਅਪਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਮਨੁੱਖ ਦੀ ਮਾਨਸਿਕ ਅਵਸਥਾ ਅਸੰਤੁਲਨ ਵਿਚ ਦਿਖਾਈ ਦਿੰਦੀ ਹੈ।

ਇਹ ਵੱਖਰੇ ਸਮਾਜਿਕ ਪ੍ਰਤਿਮਾਨ ਸਿਰਜਣ ਦਾ ਸਮਾਂ ਵੀ ਹੈ ਜਿਸ ਵਿਚ ਜਸ਼ਨ ਕੇਂਦਰ ਵਿਚ ਹੈ, ਵਿਅਕਤੀ ਸੰਵੇਦਨਾ ਦੂਜੈਲੀ ਹੈ। ਕਹਾਣੀ ਹਵਾਲਾ ਦਿੰਦੀ ਹੈ ਕਿ ਗਰੀਬ ਲੋਕਲੰਮਾ ਸਮਾਂ ਮਰੇ ਵਿਅਕਤੀ ਦਾ ਸ਼ੋਕ ਕਰਕੇ ਸਮਾਂ ਬਰਬਾਦ ਕਰਦੇ ਹਨ, ਇਸੇ ਲਈ ਤਰੱਕੀ ਨਹੀਂ ਕਰਦੇ। ਪਰ ਕਾਲੜਾ ਸਾਹਿਬ ਵਰਗੇ ਵਿਅਕਤੀ ਪਿਤਾ ਦੇ ਸੰਸਕਾਰ ਵਾਲੇ ਦਿਨ ਵੀ ਦਫ਼ਤਰ ਜਾਣ ਲਈ ਤਿਆਰ ਹਨ। ਇਹ ਪੂਰੇ ਪ੍ਰਬੰਧ ਦੀ ਮਨੁੱਖੀ ਮਨੋਵਿਗਿਆਨ ਉਪਰ ਜਿੱਤ ਦਾ ਇੱਕ ਇਸ਼ਾਰਾ ਹੈ ਜਿਹੜਾ ਇੱਕ ਮਨੁੱਖ ਨੂੰ ਦਿਨੋ-ਦਿਨ ਖੋਰਦਾ, ਪੂਰੀ ਤਰ੍ਹਾਂ ਮਸ਼ੀਨ ਵਿਚ ਤਬਦੀਲ ਕਰ ਦੇਵੇਗਾ। ਇਸੇ ਤਰ੍ਹਾਂ ਸੇਵਾ ਖੇਤਰ ਵਿਚ ਉਸਰੀਆਂ ਨੋਕਰੀਆਂ ਸੇਵਾ ਲਈ ਨਹੀਂ ਸਗੋਂ 'ਕਾਰੋਬਾਰੀ ਸਥਾਨ' ਬਣ ਜਾਣਗੇ ਜਿੱਥੇ ਹਰ ਪੀੜਤ ਵਿਅਕਤੀ ਦੀ 'ਹੂਕ' ਨਿਕਲੇਗੀ।




ਇਸੇ ਤਰ੍ਹਾਂ ਦੇ ਨਵੇਂ ਪਰਪੰਚ ਵਿਚੋਂ ਨਿਕਲੀ ਹੋਈ ਕਹਾਣੀ 'ਕੁਰੂਕਸ਼ੇਤਰ' ਹੈ ਜਿਸ ਵਿਚ ਮਾਂ ਤੇ ਧੀ ਭਾਵੇਂ ਸਮਾਜਿਕ ਸਬੰਧਾਂ ਵਿਚ ਇੱਕ ਪ੍ਰਤਿਮਾਨਿਤ ਢੰਗ ਨਾਲ ਵਿਚਰਦੀਆਂ ਹਨ ਪਰੰਤੂ ਸਥਿਤੀਆਂ ਵਿਚ ਵੀ ਤਬਦੀਲੀਆਂ ਹੋਰ ਢੰਗ ਨਾਲ ਆ ਰਹੀਆਂ ਹਨ। ਕੁਲੀਨ ਵਰਗ ਨੇ ਜਗੀਰੂ ਸਭਿਆਚਾਰ ਵਿਚਲੇ ਰਿਸ਼ਤਾ ਨਾਤਾ ਪ੍ਰਨਾਲੀ ਦੇ ਨੈਤਿਕ ਪ੍ਰਬੰਧ ਨੂੰ ਪੂਰੀ ਤਰ੍ਹਾਂ ਬਦਲ ਕੇ ਮਸ਼ੀਨੀ ਢਾਂਚੇ ਵਿਚ ਤਬਦੀਲ ਕਰ ਲਿਆ ਹੈ। ਕਹਾਣੀ ਵਿਚਲਾ ਮਨੀਸ਼ ਔਲਾਦ ਦੀ ਇੱਛਾ ਦੀ ਪੂਰਤੀ ਲਈ ਆਪਣੀ ਸੱਸ ਦੀ ਕੁੱਖ ਨੂੰ ਵਰਤਣਾ ਚਾਹੁੰਦਾ ਹੈ ਤੇ ਸੱਸ ਵੀ ਇਸ ਲਈ ਤਿਆਰ ਹੈ। ਇਹ ਸਰਮਾਏਦਾਰਾਨਾ ਢਾਂਚੇ ਦੀ ਜਿੱਤ ਵੀ ਬਣਦੀ ਹੈ ਤੇ ਸੀਮਾ ਵੀ। ਸੁਆਲ ਇਹ ਉਠ ਜਾਂਦਾ ਹੈ ਕਿ ਅਸੀਂ 'ਵਿਕਾਸ' ਨੂੰ ਕਿਹੜੀਆਂ ਕਦਰਾਂ ਕੀਮਤਾਂ ਤੇ ਜਾਰੀ ਰੱਖਣਾ ਹੈ। ਕਹਾਣੀ ਦੀ ਪਾਤਰ 'ਮੈਂ' ਇਸ ਪ੍ਰਤਿ ਚਿੰਤਾਤੁਰ ਹੈ। ਪਰੰਤੂ ਇਹ ਚਿੰਤਾ ਚਿੰਤਨ ਦੇ ਰਾਹ ਕਿਵੇਂ ਪਵੇ, ਇਹ ਗੱਲ ਕਰਨ ਤੋਂ ਅਸਮਰੱਥ ਹੈ। ਅਖੌਤੀ ਵਿਕਾਸ ਦੇਹ ਨੂੰ ਦੇਹ ਤੱਕ ਸੀਮਤ ਕਰਦਾ ਹੈ ਜਦਕਿ ਮਨੁੱਖਤਾ ਨਾਲ ਜੁੜਿਆ ਵਿਕਾਸ ਇਸ ਨੂੰ ਮਨੁੱਖੀ ਕਦਰ ਪ੍ਰਬੰਧ ਦੇ ਵਿਕਾਸ ਵਿਚੋਂ ਦੇਖਦਾ ਹੈ। ਇਹ ਕਹਾਣੀ ਦੀ ਪਾਤਰ ਮੈਂ ਰਾਹੀਂ ਪੂਰੀ ਤਰ੍ਹਾਂ ਸਪੱਸ਼ਟ ਹੁੰਦੀ ਹੈ। ਦੂਸਰੇ ਪਾਸੇ ਇਹ ਗੱਲ ਵੀ ਵਿਚਾਰਨਯੋਗ ਹੈ ਕਿ ਅਮੀਰ ਲੋਕ ਤਕਨੋਲੋਜੀ ਦੇ ਆਸਰੇ ਆਪਣੇ ਆਪ ਵਿਚ ਤਾਂ ਤਬਦੀਲੀ ਕਰਨ ਲਈ ਤਿਆਰ ਹਨ ਪਰੰਤੂ ਸਮਾਜਿਕ ਪੱਧਰ 'ਤੇ ਕਿਸੇ ਹੋਰ ਧਿਰ ਲਈ ਬਦਲਣ ਲਈ ਤਿਆਰ ਨਹੀਂ ਹਨ। ਜਿਸ ਵਿਚ ਜਾਤ-ਪਾਤ ਇੱਕ ਉਦਾਹਰਨ ਬਣਦੀ ਹੈ। ਇਸ ਤਰੀਕੇ ਨਾਲ ਤਕਨੋਲੋਜੀ ਤੇ ਵਿਗਿਆਨ ਨਾਲ ਜੁੜਿਆ ਵਿਕਾਸ ਤਕਨੀਕੀ ਹੈ ਜਿਸ ਨਾਲ ਮਨੁੱਖੀ ਕਦਰ ਘਟ ਰਹੀ ਹੈ ਪਰ ਬਾਹਰੋਂ ਬਹੁ-ਮੁੱਲਾ ਵਿਕਾਸ ਦਿਖਾਈ ਦੇ ਰਿਹਾ ਹੈ ਜੋ ਥੋਥਲਾ ਹੈ ਤੇ ਥੋਥਲਾ ਸਰੋਕਾਰਾਂ ਨੂੰ ਜਨਮ ਹੀ ਨਹੀਂ ਦੇ ਰਿਹਾ ਸਗੋਂ ਉਸਦੀ ਬਿਹਤਰੀ ਲਈ ਨਵੇਂ ਰਾਹ ਵੀ ਬਣਾ ਰਿਹਾ ਹੈ।

'ਵੇ ਸੋਨੇ ਦਿਆ ਕੰਗਨਾ' ਕਹਾਣੀ ਪੰਜਾਬੀ ਸਭਿਆਚਾਰ ਦੇ ਉਸ ਹਿੱਸੇ ਨਾਲ ਜੁੜੀ ਹੈ ਜਿਥੇ ਬੌਧਿਕਤਾ ਦਾ ਦਖਲ ਨਹੀਂ ਸਗੋਂ ਭਾਵੀ ਸੰਸਾਰ ਨੂੰ ਮਾਨਤਾ ਦਿੱਤੀ ਜਾਂਦੀ ਹੈ। ਇਸ ਸਭਿਆਚਾਰ ਵਿਚ ਕੀ, ਕਿਥੇ, ਕਿੰਨਾ, ਕਿਉਂ, ਕਿਵੇਂ ਦੇ ਸਵਾਲ ਨਹੀਂ ਹਨ ਸਗੋਂ ਸਮਰਪਣ ਹੈ। ਇੱਥੇ ਤੰਦਰੁਸਤ ਵਿਅਕਤੀ ਦੇਖਣ ਨੂੰ ਮਿਲਦੇ ਹਨ ਕਿਉਂਕਿ ਉਹਨਾਂ ਅੰਦਰ ਭਾਵ ਉੱਠਦੇ ਹਨ। ਕਹਾਣੀ ਵਿਚਲੇ ਬਬਲੀ, ਸੋਹਣੀ, ਰਫੀਕ, ਸੂਟੀ ਮਹੰਤ ਵਰਗੇ ਪਾਤਰ ਹਨ ਜਿਹੜੇ ਬੌਧਿਕ ਨਹੀਂ ਹਨ, ਸਗੋਂ ਕੁਰਬਾਨੀ ਤੇ ਪਿਆਰ ਦੇ ਜ਼ਜਬੇ ਨਾਲ ਜੁੜੇ ਹਨ। ਉਹਨਾਂ ਕੋਲ ਸਰਵਾਈਵਲ ਦੀ ਰਾਜਨੀਤੀ ਹੈ ਹੀ ਨਹੀਂ। ਸਮੁਚੀ ਕਹਾਣੀ ਮਨੁੱਖ ਦੇ ਦਰਦ, ਮੋਹ, ਮੁਹੱਬਤ, ਕੁਰਬਾਨੀ ਦੇ ਭਾਵਾਂ ਵਿਚੋਂ ਗੁਜਰਦੀ ਹੈ। ਬਬਲੀ ਜਿੱਥੇ ਆਪਣੀ ਸ਼ਰੀਰਕ ਅਧੂਰੇਪਣ ਕਾਰਨ ਕੁਦਰਤ ਨੂੰ ਉਲ੍ਹਾਮੇਂ ਦਿਦਾ ਹੈ ਉਥੇ ਸੋਹਣੀ ਤੇ ਰਫੀਕ ਵਰਗੇ ਪਾਤਰ ਉਸਨੂੰ ਪਿਆਰ ਕਰਕੇ ਉਸ ਅੰਦਰਲੇ ਖਲਾਅ ਨੂੰ ਤੋੜਨ ਦੀ ਕੋਸ਼ਿਸ਼ ਕਰਦੇ ਹਨ। ਕਹਾਣੀ ਭਾਵੇਂ ਡੇਰਿਆਂ ਅੰਦਰਲੇ ਸੱਚ ਨੂੰ ਵੀ ਸਾਹਮਣੇ ਲਿਆਉਂਦੀ ਹੈ ਪਰੰਤੂ ਕਹਾਣੀ ਪਾਤਰਾਂ ਤੇ ਉਹਨਾਂ ਦੀ ਪ੍ਰਕਿਰਤੀ ਸਾਰੇ ਵਰਤਾਰਿਆਂ ਤੇ ਭਾਰੂ ਰਹਿੰਦੀ ਹੈ।

ਸੋ ਸਮੁੱਚੇ ਰੂਪ ਵਿਚ ਇਹ ਕਥਾ ਸੰਗ੍ਰਹਿ ਮਨੁੱਖ ਦੇ ਅੰਦਰੂਨੀ ਤੇ ਬਾਹਰੀ ਸਰੋਕਾਰਾਂ ਨੂੰ ਸੰਬੋਧਤ ਹੁੰਦਾ ਹੈ ਜਿਹੜੇ ਕੇਵਲ ਅੰਤਰ ਮੁਖੀ ਨਾ ਹੋਕੇ ਜੀਵਨ ਦੇ ਬਾਹਰਮੁਖੀ ਸਰੋਕਾਰਾਂ ਨਾਲ ਸੰਵਾਦ ਰਚਾਉਂਦੇ ਸੰਘਰਸ਼ ਤੇ ਸਮਝ ਨੂੰ ਉਤੇਜਿਤ ਕਰਦੇ ਹਨ। ਇਹ ਸੰਵਾਦ ਵਿਚ ਇੱਕ ਭਾਵੁਕ ਕਾਰਜਸ਼ੀਲ ਮਨੁੱਖ ਦਾ ਚਿਤਰਨ ਹੁੰਦਾ ਹੈ ਜਿਹੜਾ ਸਮਕਾਲ ਦੀਆਂ ਹਾਲਤਾਂ ਨੂੰ ਦੇਖਦਾ, ਪਰਖਦਾ ਹੀ ਨਹੀਂ ਸਗੋਂ ਸਮੁੱਚੀਆਂ ਸਮਾਜਿਕ ਹਾਲਤਾਂ ਵਿਚ ਸੁਧਾਰ ਲਈ ਚਿੰਤਤ ਹੀ ਨਹੀਂ, ਸਗੋਂ ਚਿੰਤਨ ਵਿਚ ਵੀ ਸਰਗਰਮੀ ਦਿਖਾ ਰਿਹਾ ਹੈ।

# ਵਿਕੋਲਿਤਰੇ ਸਰੋਕਾਰਾਂ ਦਾ ਕਹਾਣੀਕਾਰ -ਰਾਜ ਕੁਮਾਰ ਗਰਗ

- ਡਾ. ਮਿਨਾਕਸ਼ੀ ਰਾਠੌਰ




ਇਸ ਸੰਗ੍ਰਹਿ ਵਿਚ ਕੁਲ 64 ਕਹਾਣੀਆਂ ਹਨ। ਇਹ ਪੁਸਤਕ ਅਨਿਲ ਸ਼ੌਰੀ ਦੁਆਰਾ ਸੰਪਾਦਿਤ ਹੈ। ਉਸ ਦੀਆਂ ਇਹ ਕਹਾਣੀਆਂ ਵੱਖੋ ਵੱਖਰੇ ਰਸਾਲਿਆਂ ਤੇ ਅਖ਼ਬਾਰਾਂ ਵਿਚ ਵੀ ਛਪਦੀਆਂ ਰਹੀਆਂ ਹਨ। ਜਿਸ ਦੇ ਵਿਚ ਉਸ ਨੇ ਸਮਾਜ ਦੇ ਵਿਭਿੰਨ ਸਰੋਕਾਰਾਂ ਨੂੰ ਛੋਹਿਆ ਹੈ। ਜਿਹਨਾਂ ਵਿਚ ਇਕ ਵਿਸ਼ੇਸ਼ ਬਿਰਤਾਂਤਕੀ ਵਿਧੀ ਤੇ ਗਲਪੀ ਤਰਕ ਛੁਪਿਆ ਹੈ। ਬਹੁਤੀਆਂ ਕਹਾਣੀਆਂ ਕੋਈ ਨਾ ਕੋਈ ਜੀਵਨ ਸੇਧ ਦੇਂਦੀਆਂ ਪ੍ਰਤੀਤ ਹੁੰਦੀਆਂ ਹਨ।

ਜਿਥੋਂ ਤੱਕ ਰਾਜ ਕੁਮਾਰ ਗਰਗ ਦਾ ਸੰਬੰਧ ਹੈ, ਉਹ 20ਵੀਂ ਸਦੀ ਦੇ ਅੱਠਵੇਂ ਦਹਾਕੇ ਦਾ ਅਜਿਹਾ ਕਹਾਣੀਕਾਰ ਹੈ, ਜਿਸ ਦੀ ਯਥਾਰਥਵਾਦੀ ਰਚਨਾ ਦ੍ਰਿਸ਼ਟੀ ਵਿਭਿੰਨ ਕਿਸਮ ਦੇ ਸਰੋਕਾਰ ਆਪਣੇ ਕਲੇਵਰ ਵਿਚ ਸਮੋਈ ਬੈਠੀ ਹੈ। ਜਿਹਨਾਂ ਵਿਚ ਪ੍ਰੋਖ ਤੇ ਅਪ੍ਰੋਖ ਰੂਪ ਵਿਚ ਜੀਵਨ ਯਥਾਰਥ ਦੇ ਅਸਤਿੱਤਵੀ ਸੰਕਟ, ਬੇਗਾਨਗੀ, ਪੂੰਜੀਵਾਦੀ ਵਿਵਸਥਾ ਵਿਚ ਮਨੁੱਖੀ ਪਛਾਣ ਦੇ ਖ਼ੁਰਦੇ ਜਾਣ ਦੀ ਵੇਦਨਾ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ , ਦਲਾਲਬਾਜ਼ੀ, ਚਾਪਲੂਸੀ, ਭ੍ਰਿਸ਼ਟ ਰਾਜਨੀਤੀ, ਖ਼ਪਤ ਸੱਭਿਆਚਾਰ, 1947 ਦੀ ਵੰਡ ਦਾ ਦੁਖਾਂਤ, ਪੰਜਾਬ ਸੰਕਟ, ਭਰੂਣ ਹੱਤਿਆ, ਨਾਰੀ ਚੇਤਨਾ, ਵਹਿਮ ਭਰਮ ਤੇ ਕਰਮ ਕਾਂਡ ਆਦਿ ਨੂੰ ਪ੍ਰਮੁੱਖ ਰੂਪ ਵਿਚ ਰਚਨਾ ਵਸਤੂ ਬਣਾਉਂਦਾ ਹੈ। ਜਿਸ ਵਿਚ ਵਿਸ਼ਵੀਕਰਨ ਦੀ ਪ੍ਰਕ੍ਰਿਆ ਅਧੀਨ ਮਾਨਵਤਾ ਦੇ ਉਪਭੋਗੀ ਸੁਹਜ ਸੁਆਦ ਦੀ ਵੀ ਅਜਿਹੀ ਤਸਵੀਰ ਉੱਭਰਦੀ ਹੈ ਜੋ ਮਾਨਵ ਪੱਖੀ ਰੁੱਚੀਆਂ ਦਾ ਮਲੀਆਮੇਟ ਕਰ ਅਮਾਨਵੀਕਰਨ ਨੂੰ ਹੱਲਾਸ਼ੇਰੀ ਦੇਂਦੀ ਹੈ। ਜਿਸ ਵਿਚੋਂ ਮਾਨਵੀ ਰਿਸ਼ਤਿਆਂ ਦਾ ਨਿੱਘ ਵੀ ਗ਼ਾਇਬ ਹੋ ਰਿਹਾ ਹੈ। ਇਹ ਵਿਸ਼ੇ ਅਜਿਹੇ ਹਨ, ਜਿਹਨਾਂ ਉੱਤੇ ਪੰਜਾਬੀ ਦੇ ਅਨੇਕਾਂ ਕਹਾਣੀਕਾਰਾਂ ਨੇ ਆਪਣੀ ਕਲਮ ਅਜਮਾਈ ਕੀਤੀ ਹੈ। ਪਰ ਰਾਜ ਕੁਮਾਰ ਗਰਗ ਦਾ ਬਿਆਨੀਆ ਢੰਗ ਕੁਝ ਵੱਖਰੀ ਹੀ ਸੂਝ ਵਾਲਾ ਹੈ। ਉਹ ਵੱਖਰੀ ਜੁਗਤ ਵਿਧੀ ਵਿਚ ਲਿਖਣ ਵਾਲਾ ਅਜਿਹਾ ਕਹਾਣੀਕਾਰ ਹੈ, ਜਿਸ ਨੇ ਮਾਨਵੀ ਜੀਵਨ ਦੀਆਂ ਅਨੇਕਾਂ ਪਰਤਾਂ ਨੂੰ ਫ਼ਰੋਲਿਆ ਹੈ। ਪਾਠ ਵਿਚ ਵਿਚਰਦਿਆਂ ਸਭ ਤੋਂ ਪਹਿਲਾਂ ਸਿਰਲੇਖਕ ਕਹਾਣੀ 'ਰਾਤ ਦਾ ਚਿਹਰਾ ' ਪਾਠਕ ਦਾ ਧਿਆਨ ਆਕਰਸ਼ਿਤ ਕਰਦੀ ਹੈ। ਜਿਸ ਵਿਚ ਬਿਰਤਾਂਤਕਾਰ ਨੇ ਪੰਜਾਬ ਸੰਕਟ ਦੇ ਦੁਖਾਂਤ ਨੂੰ ਬਾਖ਼ੂਬੀ ਉਭਾਰਦਿਆਂ ਵਿਅੰਗ ਕਸਿਆ ਹੈ। ਪਾਠ ਵਿਚ ਰਾਤ ਦੇ ਚਿਹਰੇ ਦਾ ਚਿਹਨਾਤਮਕ ਪਰਿਪੇਖ ਧਾਰਮਿਕਤਾ ਦਾ ਦਿਖਾਵਾ ਕਰਦੇ ਬੰਦੇ ਦੀ ਪਛਾਣ ਵਜੋਂ ਉੱਭਰਦਾ ਹੈ, ਕਿ ਕਿਵੇਂ ਹਰ ਬੰਦਾ ਇਨਸਾਨੀ ਭਾਵਨਾਵਾਂ ਤੋਂ ਵਿਰਵਾ ਹੋ ਨਿਰਾ ਚੱਲਦਾ ਫਿਰਦਾ ਪਿੰਜਰ ਹੈ:

" ਬਈ ਅੱਜ ਤਾਂ ਇਸ ਦੇਸ਼ ਦਾ ਹਰ ਮਨੁੱਖ ਪਿੰਜਰ ਹੀ ਹੈ ਕੋਈ ਤੁਰਦਾ ਫਿਰਦਾ ਪਿੰਜਰ, ਕੋਈ ਬਾਡੀ ਗਾਰਡ ਵਾਲਾ ਪਿੰਜਰ, ਕੋਈ ਮਲਬੇ ਵਾਲਾ ਪਿੰਜਰ ਤੇ ਕੋਈ ਹੱਡਾ ਰੋੜੀ ਵਾਲਾ।"[1]

ਇਸੇ ਤਰ੍ਹਾਂ ਦਾ ਬਿਰਤਾਂਤ 'ਨੀਲ ਕੰਠ ਦੀ ਉਡੀਕ', 'ਪਰਵਾਸ' ਤੇ 'ਘਰ ਵਾਪਸੀ' ਵਿਚ ਸਿਰਜਿਆ ਗਿਆ ਹੈ। ਪਿਛਲੇ ਦਹਾਕਿਆਂ ਵਿਚ ਪੰਜਾਬ ਨੇ ਜਿਸ ਤਰ੍ਹਾਂ ਦਾ ਸਮਾਜਕ ਤੇ ਸਭਿਆਚਾਰਕ ਸੰਤਾਪ ਹੰਢਾਇਆ ਹੈ, ਪਾਠ ਵਿਚ ਉਸ ਦੀ ਭਲੀਭਾਂਤ ਤਸਵੀਰ ਉੱਭਰਦੀ ਹੈ। 'ਨੀਲ ਕੰਠ ਦੀ ਉਡੀਕ' ਦੀ ਨਾਇਕਾ ਪਾਰਵਤੀ , ਜਿਸ ਦਾ ਸਮਾਜ ਸੇਵੀ ਪਤੀ ਕਾਮਰੇਡ ਕਰਨੈਲ ਸਿੰਘ ਦਾ ਅੱਤਿਵਾਦੀਆਂ ਹੱਥੋਂ



ਕਤਲ ਹੋ ਜਾਂਦਾ ਹੈ। ਸਰਕਾਰੇ ਦਰਬਾਏ ਨਿਆਂ ਲਈ ਗੁਹਾਰ ਲਗਾਉਂਦੀ ਹੈ ਪਰ ਉਸ ਦੀ ਸੁਣਵਾਈ ਕਿਧਰੇ ਵੀ ਨਹੀਂ ਹੁੰਦੀ ਤੇ ਅੰਤ ਨਿਰਾਸ ਹੋ ਪਾਰਵਤੀ ਸੋਚਦੀ ਹੈ :

" ਹੁਣ ਪਵਿੱਤਰ ਗੰਗਾ ਮੈਲੀ ਹੋ ਚੁੱਕੀ ਹੈ। ਇਸ ਦਾ ਮੰਥਨ ਕਰਨ ਲਈ ਕੌਣ ਆਵੇਗਾ।ਕਦੋਂ ਆਵੇਗਾ?ਇਸ ਦਾ ਹੱਲ ਦੱਸ ਕੇ ਜਾਣਾ। ਕੌਣ ਪੀਵੇਗਾ ਜ਼ਹਿਰ?ਕਿਸ ਦਾ ਕੰਠ ਨੀਲਾ ਹੋਵੇਗਾ?"

" ਮੈਨੂੰ ਕੋਈ ਸੂਰਮਾ ਨਜ਼ਰ ਨਹੀਂ ਆ ਰਿਹਾ"।[2]

ਇਸੇ ਤਰ੍ਹਾਂ ਦੀ ਘਬਰਾਹਟ ਤੇ ਚਿੰਤਾ ਦੇ ਅੰਸ਼ 'ਪਰਵਾਸ' ਕਹਾਣੀ ਦੇ ਪਾਤਰ ਲਛਮਣ ਦਾਸ ਵਿਚ ਵੇਖਣ ਨੂੰ ਮਿਲਦੇ ਹਨ। ਜੋ ਹਾਲਾਤ ਤੋਂ ਘਬਰਾ ਪਰਵਾਸ ਕਰਨ ਬਾਰੇ ਸੋਚਦਾ ਹੈ। ਇਕ ਵਾਰ ਪਿੰਡ ਛੱਡ ਕੇ ਹਿਮਾਚਲ ਵਿਚ ਚਲਾ ਵੀ ਜਾਂਦਾ ਹੈ। ਫਿਰ ਉਸ ਦੇ ਮਨ ਨੂੰ ਚੈਨ ਨਹੀਂ ਮਿਲਦਾ। ਪਰ ਜਦੋਂ ਬੈਜਨਾਥ ਦੇ ਮੰਦਰ ਦੇ ਦਰਸ਼ਨਾਂ ਨੂੰ ਜਾਂਦਾ ਹੈ ਤਾਂ ਉਸ ਦੀ ਸੋਚ ਇਕਦਮ ਪਾਸਾ ਪਲਟਦੀ ਹੈ ਤੇ ਉਹ ਪਿੰਡ ਵਾਪਸ ਪਰਤ ਆਉਂਦਾ ਹੈ:

" ਉਹ ਬੈਠਾ ਬੈਠਾ ਇਹ ਸੋਚਦਾ ਹੈ ਕਿ ਬੁਜ਼ਦਿਲੀ ਵਾਲੇ ਪਰਵਾਸ ਨਾਲੋਂ ਤਾਂ ਆਪਣੀ ਮਿੱਟੀ ਉੱਪਰ ਮਿੱਟੀ ਬਣ ਜਾਣਾ ਬਿਹਤਰ ਹੈ। ਇਸ ਮੰਦਿਰ ਵਿਚ ਕਿੰਨੇ ਹੀ ਕਿਸਮ ਦੀਆਂ ਮੂਰਤੀਆਂ ਹਨ। ਇਹ ਵੀ ਤਾਂ ਇਕੱਠੀਆਂ ਹੀ ਰਹਿੰਦੀਆਂ ਹਨ ਅਤੇ ਆਪਸ ਵਿਚ ਨਹੀਂ ਲੜਦੀਆਂ। ਅਸੀ ਕਿਉਂ ਨਹੀਂ ਇਕੱਠੇ ਰਹਿ ਸਕਦੇ ਬਿਨਾ ਲੜੇ ਤੇ ਫਿਰ ਉਹ ਆਪਣੇ ਵਾਪਸ ਘਰ ਆ ਜਾਂਦਾ ਹੈ"।[3]

ਇਸੇ ਤਰ੍ਹਾਂ ਦੀ ਸੋਚ ਦੀ ਹਾਮੀ 'ਘਰ ਵਾਪਸੀ' ਦਾ ਪਾਤਰ ਜਗਦੀਸ਼ ਭਰਦਾ ਹੈ। ਜੋ ਸਾਲ ਭਰ ਦੇ ਪਰਵਾਸ ਤੋਂ ਬਾਅਦ ਆਪਣੇ ਕਸਬੇ ਵਿਚ ਆ ਮੁੜ ਆਪਣੀ ਬੰਦ ਪਈ ਦੁਕਾਨ ਚਾਲੂ ਕਰ ਲੈਂਦਾ ਹੈ। ਮਿੱਟੀ ਦਾ ਮੋਹ ਕਿਸੇ ਤਰ੍ਹਾਂ ਵੀ ਆਪਣੀਆਂ ਜੜ੍ਹਾਂ ਨਾਲੋਂ ਟੁੱਟਣ ਨਹੀਂ ਦਿੰਦਾ।

" ਭਾਈ ਸਾਹਿਬ ਇਹ ਪੰਜਾਬ ਹੀ ਹੈ ਜਿਥੇ ਅਸੀਂ ਦੇਸ਼ ਦੇ ਹਰ ਸੂਬੇ ਵਾਲੇ ਨੂੰ ਕੰਮ ਦੇਂਦੇ ਆ ਇਹ ਤਾਂ ਆਪਣਾ ਹੀ ਜਿਗਰਾ ਜਿਹੜਾ ਢਿੱਡ ਬੰਨ੍ਹ ਕੇ ਦੂਜੇ ਨੂੰ ਦੇਂਦੇ ਆ ਖਾਣ ਨੂੰ"।[4]

ਪਾਠ ਦੌਰਾਨ ਉਸ ਦੀਆਂ ਕਹਾਣੀਆਂ ਵਿਚ ਨਾਰੀ ਹੋਂਦ ਤੇ ਹੋਣੀ ਨਾਲ ਜੁੜਿਆ ਨਾਰੀ ਚੇਤਨਾ ਦਾ ਪੈਰਾਡਾਈਮ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਪੱਖ ਤੋਂ ਉਸ ਦੀ ਕਹਾਣੀ ' ਗੈਰਤ' ਵਾਚਣਯੋਗ ਹੈ। ਇਹ ਪਾਠ ਦੀ ਇਕ ਸਸ਼ਕਤ ਕਹਾਣੀ ਹੈ। ਜਿਸ ਦੀ ਨਾਇਕਾ ਦੇਬੋ ਕਿਸੇ ਤਰ੍ਹਾਂ ਵੀ ਆਪਣੀ ਇੱਜ਼ਤ ਨੂੰ ਦਾਅ ਤੇ ਲਗਾ ਕੇ ਜਿਊਣਾ ਨਹੀਂ ਚਾਹੁੰਦੀ। ਦੇਬੋ ਦੀ ਰੋਜ਼ੀ ਰੋਟੀ ਮਾਲ ਗੱਡੀਆਂ ਵਿਚ ਲੱਦੇ ਜਾਂਦੇ ਸਮਾਨ ਤੇ ਨਿਰਭਰ ਹੈ। ਰੁਲਦੂ ਸਰਕਾਰੀ ਚੌਕੀਦਾਰ ਹੈ ਜੋ ਬਾਕੀ ਮਜ਼ਦੂਰ ਔਰਤਾਂ ਨਾਲੋਂ ਦੇਬੋ ਨੂੰ ਬੋਰੀਆਂ ਵਿਚੋਂ ਕੁਝ ਅਨਾਜ ਵੱਧ ਲੈ ਜਾਣ ਦੀ ਖੁੱਲ੍ਹ ਦੇ ਦੇਂਦਾ ਹੈ ਤੇ ਕਦੇ ਦੇਬੋ ਨਾਲ ਹਾਸਾ ਮਜ਼ਾਕ ਵੀ ਕਰ ਲੈਂਦਾ ਹੈ । ਜਿਸ ਦਾ ਨਜਾਇਜ਼ ਫ਼ਾਇਦਾ ਉਠਾ ਇਕ ਦਿਨ ਰੇਲ ਬਾਬੂ ਨਸ਼ੇ ਵਿਚ ਚੂਰ ਹੋ ਦੇਬੋ ਦੀ ਇੱਜ਼ਤ ਨੂੰ ਹੱਥ ਪਾ ਲੈਂਦਾ ਹੈ । ਉਸੇ ਵੇਲੇ ਦੇਬੋ ਦਾ ਸਵੈਮਾਣ ਜਾਗ ਜਾਂਦਾ ਹੈ, ਜਿਸ ਦੇ ਲਈ ਰੇਲ ਬਾਬੂ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਬਿਰਤਾਂਤਕੀ ਪਾਠ ਵਿਚ ਦੇਬੋ ਦਾ ਚਾਵਲਾਂ ਦੀ ਮੁੱਠੀ ਭਰ ਕੇ ਬਾਬੂ ਦੇ ਦਫ਼ਤਰ ਅੱਗੇ ਵਗਾਹ ਮਾਰਨ ਦਾ ਚਿਹਨਕੀ ਪਰਿਪੇਖ ਉਸ ਅੰਦਰਲੇ ਸਵੈਮਾਣ ਤੇ ਗ਼ੈਰਤ ਦਾ ਹੀ ਪ੍ਰਗਟਾਵਾ ਕਰਦਾ ਹੈ। "ਦੇਬੋ ਨੇ ਕੁੰਡੀ ਨਾਲ ਬੋਰੀ ਦਾ ਇਕ ਪੱਲੜ ਪਾੜਿਆ ਤੇ ਆਪਣੇ ਪਾਟੇ ਹੋਏ ਕਮੀਜ਼ ਕੋਲ ਰੱਖ ਕੇ ਭਾਰੀ ਬਾਰਿਸ਼ ਵਿਚ ਇਕੱਠੇ ਕੀਤੇ ਸਾਰੇ ਚਾਵਲ ਬਾਬੂ ਦੇ ਦਫ਼ਤਰ ਵਿਚ ਵੱਲ ਵਗਾਹ ਮਾਰੇ"।[5]

ਇਥੇ ਦੇਬੋ ਅਜਿਹੀ ਸਵੈਮਾਣ ਨਾਲ ਜਿਊਣ ਵਾਲੀ ਔਰਤ ਵਜੋਂ ਉੱਭਰਦੀ ਹੈ ਜੋ ਆਪਣੇ ਜੀਣ ਤੇ ਥੀਣ ਦੇ ਨਿੱਗਰ ਅਰਥ ਤਲਾਸ਼ਦੀ ਸਵੈ ਪ੍ਰੇਰਿਤ ਸੁਹਜ ਚੇਤਨਾ ਦਾ ਨਿਰਮਾਣ ਕਰਦੀ ਹੈ ਉਹ ਆਪਣੀ ਔਰਤ ਹੋਂਦ ਤੇ ਚੇਤਨਾ ਨੂੰ ਕਿਸੇ ਤਰ੍ਹਾਂ ਵੀ ਖ਼ੋਰਦੀ ਨਹੀਂ ਸਗੋਂ ਬੁਲੰਦ ਹੌਂਸਲੇ ਨਾਲ ਰੇਲ ਬਾਬੂ ਦੀ ਕਮੀਨਗੀ ਨੂੰ ਵੰਗਾਰਦੀ ਭੁੱਖੇ ਮਰਨ ਨੂੰ ਤਰਜ਼ੀਹ ਦੇਂਦੀ ਹੈ।

ਗਾਇਤਰੀ ਸਪੀਵਾਕ ਹਾਸ਼ੀਆਗਤ ਲੋਕਾਂ ਦੀ ਨਜ਼ਰਸ਼ਾਨੀ ਕਰਦੀ ਔਰਤਾਂ ਦੀਆਂ ਸਮੱਸਿਆਵਾਂ ਨੂੰ ਭਾਰਤੀ ਔਰਤ ਦੇ ਪ੍ਰਸੰਗ ਵਿਚ ਪੇਸ਼ ਕਰਦੀ ਸਵਾਲ ਖੜ੍ਹਾ ਕਰਦੀ ਹੈ ਕਿ ਕੀ ਹਾਸ਼ੀਆਗਤ ਵਰਗ ਬੋਲ ਸਕਦਾ ਹੈ।ਉਸ ਅਨੁਸਾਰ ਹਾਸ਼ੀਆਗਤ ਸ਼੍ਰੇਣੀਆਂ ਦਾ ਕੋਈ ਇਤਿਹਾਸ ਹੀ ਨਹੀਂ।ਖ਼ਾਸ ਕਰਕੇ ਔਰਤ ਦੇ ਸੰਦਰਭ ਵਿਚ ਤਾਂ ਇਹ ਗੱਲ ਹੋਰ ਵੀ ਢੁਕਵੀਂ ਹੈ ਕਿਉਂਕਿ ਔਰਤ ਤਾਂ ਇਤਿਹਾਸਹੀਨ ਤੇ ਅਵਾਜ਼ਹੀਣ ਹੋਣ ਕਰਕੇ ਹਮੇਸ਼ਾਂ ਹਨੇਰੇ ਵਿਚ ਹੀ ਰਹੀ ਹੈ।ਸਪੀਵਾਕ ਹਾਸ਼ੀਆਗਤ ਵਰਗ ਦੇ ਬੋਲ ਸਕਣ ਉੱਤ ਸ਼ੰਕਾ ਜ਼ਾਹਰ ਕਰਦੀ ਉਹਨਾਂ ਦੀ ਅਵਾਜ਼ ਨਾਲੋਂ ਪਹਿਚਾਨ ਦੇ ਮਸਲੇ ਨੂੰ ਵਧੇਰੇ ਤਵੱਜੋ ਦੇਂਦੀ ਹੈ।[6]

ਇਸੇ ਤਰ੍ਹਾਂ ਦੇ ਸਵੈਮਾਣ ਵਾਲੀ ਔਰਤ 'ਪਾਰੋ' ਕਹਾਣੀ ਵਿਚ ਵੇਖਣ ਨੂੰ ਮਿਲਦੀ ਹੈ, ਜੋ ਸਹੁਰੇ ਘਰ ਰਹਿ ਕੇ ਸੱਸ ਦੇ ਕਹਿਣ ਤੇ ਕਿਸੇ ਵੀ ਤਰ੍ਹਾਂ ਪੈਸੇ ਲਈ ਆਪਣਾ ਸਰੀਰ ਵੇਚਣ ਲਈ ਰਾਜ਼ੀ ਨਹੀਂ ਹੁੰਦੀ। ਉਹ ਧੰਦਾ ਕਰਨ ਨਾਲੋਂ ਮਰ ਜਾਣ ਨੂੰ ਵਧੇਰੇ ਚੰਗਾ ਸਮਝਦੀ ਹੈ।ਉਹ ਮਿਹਨਤ ਮਜ਼ਦੂਰੀ ਕਰਕੇ ਇੱਜ਼ਤ ਦੀ ਰੋਟੀ ਖਾਣਾ ਚਾਹੁੰਦੀ ਹੈ।ਇਸੇ ਲਈ ਵਿਪਰੀਤ ਪ੍ਰਸਥਿਤੀਆਂ ਵਿਚ ਘਿਰੀ ਅੱਗ ਲਗਾ ਕੇ ਆਤਮਹੱਤਿਆ ਕਰਨ ਦਾ ਯਤਨ ਕਰਦੀ ਹੈ। ਪਾਰੋ ਇਥੇ ਹਿੰਮਤ ਤੇ ਅਣਖ ਦੇ ਮੁਜੱਸਮੇ ਵਜੋਂ ਪੇਸ਼ ਹੁੰਦੀ ਹੈ।

ਪੜ੍ਹਤ ਦੌਰਾਨ ਇਕ ਹੋਰ ਕਹਾਣੀ'ਸੋ ਕਿਉਂ ਮੰਦਾ ਆਖਿਐ' ਵੀ ਪਾਠਕ ਦਾ ਧਿਆਨ ਆਕਰਸ਼ਿਤ ਕਰਦੀ ਹੈ। ਪਿਤਾ ਪੁਰਖੀ ਅਰਥਚਾਰੇ ਵਿਚ ਨਾਰੀ ਦੀ ਤ੍ਰਾਸਦਿਕ ਸਥਿਤੀ ਬਹੁਪਾਸਾਰੀ ਹੈ। ਕਿਉਂਕਿ ਇਸ ਦੀ ਰਹਿਤਲ ਵਿਚ ਪਿਤਾ ਪੁਰਖੀ ਚਿਹਨ ਪ੍ਰਬੰਧ ਦੀ ਪਕੜ ਇਤਨੀ ਕਰੜੀ ਹੈ ਕਿ ਸਮੁੱਚਾ ਚਿਹਨਾਤਮਕ ਪ੍ਰਸੰਗ ਪਿਤਾ ਪੁਰਖੀ ਚਿਹਨ ਪ੍ਰਬੰਧ ਦੀ ਪ੍ਰਭੂਸੱਤਾ ਅਧੀਨ ਹੀ ਹੋਂਦ ਗ੍ਰਹਿਣ ਕਰਦਾ ਹੈ।ਜਿਸ ਦੇ ਸੰਕਟਾਂ ਦੀ ਨਵਿਰਤੀ ਲਈ ਸਮਾਜਕ ਅਰਥਚਾਰਾ ਕੋਈ ਸੁਖਾਵਾਂ ਰਾਹ ਪ੍ਰਦਾਨ ਨਹੀਂ ਕਰਦਾ।

ਬਿਰਤਾਂਤਕੀ ਪਾਠ ਵਿਚ ਵਿਚਰਦਿਆਂ ਇੱਕ ਪੱਖ ਵਿਦਿਅਕ ਅਦਾਰਿਆਂ ਵਿਚਲੀ ਕਾਰਜ਼ੁਜ਼ਾਰੀ ਦਾ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿਸ ਅਧੀਨ ਪ੍ਰਬੰਧਕੀ ਕਮੇਟੀਆਂ ਦੀ ਤਾਨਾਸ਼ਾਹੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।'ਚਿੜੀ ਵਿਚਾਰੀ ਕੀ ਕਰੇ' ਕਹਾਣੀ ਦੀ ਮੁੱਖ ਪਾਤਰ ਕਮਲਾ ਕਈ ਸਾਲਾਂ ਤੋਂ ਬਤੌਰ ਐਡਹਾਕ ਲੈਕਚਰਾਰ ਕਾਲਜ ਵਿਚ ਕੰਮ ਕਰ ਰਹੀ ਹੈ।ਕਾਲਜ ਵਿਚ ਉਸ ਦੀ ਦੁਬਾਰਾ ਨਿਯੁਕਤੀ ਕਰਨ ਲੱਗਿਆਂ ਪ੍ਰਬੰਧਕੀ ਕਮੇਟੀ ਵੱਲੋਂ ਉਸ ਨੂੰ ਨਾ ਰੱਖਣ ਲਈ ਕਈ ਤਰ੍ਹਾਂ ਦੇ ਬਹਾਨੇ ਘੜੇ ਜਾਂਦੇ ਹਨ ਤੇ ਉਸ ਦੀ ਥਾਂ ਪ੍ਰਬੰਧਕ ਕਮੇਟੀ ਦੇ ਇਕ ਮੈਂਬਰ ਦੀ ਧੀ ਪੂਨਮ , ਜਿਸ ਨੂੰ ਕਮਲਾ ਨੇ ਹੀ ਟਿਊਸ਼ਨ ਪੜ੍ਹਾਇਆ ਹੈ, ਨੌਕਰੀ ਤੇ ਰੱਖ ਲਿਆ ਜਾਂਦਾ ਹੈ। ਬੇਰੁਜ਼ਗਾਰੀ ਦੀ ਹਾਲਤ ਵਿਚ ਕਮਲਾ ਕੁਝ ਕਹਿਣ ਤੋਂ ਵੀ ਅਸਮਰੱਥ ਹੈ।ਅੱਜ ਜਦੋਂ ਕਮਲਾ ਇੰਟਰਵਿਊ ਤੋਂ ਬਾਅਦ ਖ਼ਾਲੀ ਹੱਥ ਘਰ ਪਰਤਦੀ ਹੈ ਤਾਂ ਉਸ ਨੂੰ ਆਪਣੀ ਨੌਕਰੀ ਦੀ ਹਾਲਤ ਉਸ ਆਲ੍ਹਣੇ ਵਿਚਲੇ ਬੋਟ ਵਰਗੀ ਲੱਗ ਰਹੀ ਸੀ , ਜਿਸ ਨੂੰ ਚਿੜੀ ਚਾਹੁੰਦਿਆਂ ਹੋਇਆਂ ਵੀ ਬਚਾਉਣ ਤੋਂ ਅਸਰੱਥ ਰਹੀ ਸੀ।

ਪਾਠ ਵਿਚ ਬਿਰਤਾਂਤਕਾਰ ਨੇ ਥਾਂ ਪਰ ਥਾਂ ਸਿਸਟਮ ਦੀਆਂ ਧੱਜੀਆਂ ਵੀ ਉਡਾਈਆਂ ਹਨ। ਉਹ ਆਪਣੀ ਪੇਸ਼ਕਾਰੀ ਵਿਚ ਵਿਅੰਗ ਤੋਂ ਵਿਡੰਬਨਾ ਤੱਕ ਦੀ ਮੰਜ਼ਲ ਤੈਅ ਕਰਦਾ ਸਿਸਟਮ ਦੀਆਂ ਕਮਜ਼ੋਰੀਆਂ ਨੂੰ ਉਭਾਰਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਅੱਜ ਵੀ 'ਹੱਕ ਤੇ ਸੱਚ' ਦੀ ਲੜਾਈ ਲੜਨ ਵਾਲਿਆਂ ਦੇ ਰਾਹ ਵਿਚ ਉੱਨੀਆਂ ਹੀ ਔਕੜਾਂ ਤੇ ਰੁਕਾਵਟਾਂ ਨੇ ਜਿੰਨੀਆਂ ਸਦੀਆਂ ਪਹਿਲਾਂ ਸਨ।'ਭਲਾ ਮਾਣਸ ਕੌਣ' ਕਹਾਣੀ ਵਿਚ ਕੰਡਕਟਰਾਂ , ਡਰਾਇਵਰਾਂ ਤੋਂ ਲੈ ਕੇ ਅਫ਼ਸਰਸ਼ਾਹੀ ਤੇ ਵਿਅੰਗ ਹੈ। ਬਿਰਤਾਂਤਕਾਰ ਨੂੰ ਕਿਧਰੇ ਵੀ ਕੋਈ ਭਲਾਮਾਣਸ ਨਜ਼ਰ ਨਹੀਂ ਆਉਂਦਾ। ਇਥੋਂ ਤੱਕ ਕਿ ਹੱਕ ਤੇ ਸੱਚ ਦੀ ਲੜਾਈ ਲੜਨ ਵਾਲੇ ਨੂੰ ਨੀਵਾਂ ਤੇ ਕਮਜ਼ੋਰ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਾਠ ਵਿਚ ਅਸੀਂ ਵੇਖਦੇ ਹਾਂ ਕਿ ਕਿਰਪਾਲ ਸਿੰਘ ਨਾਂ ਦਾ ਵਿਅਕਤੀ ਜੋ ਇਕ ਬੱਸ ਵਿਚ ਸਫ਼ਰ ਕਰ ਰਿਹਾ ਹੁੰਦਾ ਹੈ, ਕੰਡਕਟਰ ਦੁਆਰਾ ਪੁਰਾਣੀਆਂ ਟਿਕਟਾਂ ਹੀ ਸਵਾਰੀਆਂ ਨੂੰ ਦੁਬਾਰਾ ਦੇਣ ਤੇ ਵਿਰੋਧ ਕਰਦਾ ਹੈ। ਜਿਸ ਦਾ



ਖ਼ਮਿਆਜ਼ਾ ਉਸ ਨੂੰ ਡਰਾਇਵਰ ਤੇ ਕੰਡਕਟਰ ਦੁਆਰਾ ਮਜ਼ਾਕ ਦਾ ਪਾਤਰ ਬਣ ਕੇ ਭੁਗਤਣਾ ਪੈਂਦਾ ਹੈ


" ਵੱਡਿਆ ਦੇਸ਼ ਭਗਤਾ, ਹੇਰਾ ਫੇਰੀ ਬੰਦ ਕਰਾਉਣੀ ਐ, ਸਭ ਦੀ ਕਰਵਾ, ਏਹ ਆਹ ਬੱਸ ਕਰਜ਼ੇ ਤੇ ਲਈ ਹੋਈ ਹੈ ਤੇ ਪੰਜ ਹਜ਼ਾਰ ਬੈਂਕ ਮੈਨੇਜ਼ਰ ਨੂੰ ਰਿਸ਼ਵਤ ਦੇ ਕੇ ਵੀਹ ਨੁਕਾਤੀ ਪ੍ਰੋਗਰਾਮ ਦੀ ਸਕੀਮ ਵਿਚ ਲਈ ਐ"[7] ਪਰ ਪਾਠ ਦੇ ਅੰਤ ਵਿਚ ਬਿਰਤਾਂਤਕਾਰ ਬਦੀ ਤੇ ਨੇਕੀ ਦੀ ਜਿੱਤ ਦਿਖਾ ਹੱਕ ਸੱਚ ਦੇ ਪੱਖ ਵਿਚ ਭੁਗਤਦਾ ਹੈ ਜਦੋਂ ਕਿਰਪਾਲ ਸਿੰਘ ਆਪਣੀ ਇਮਾਨਦਾਰੀ ਤੇ ਅੜਿਆ ਬੱਸ ਦਾ ਚਲਾਨ ਕਟਵਾ ਕੇ ਹੀ ਦਮ ਲੈਂਦਾ ਹੈ।" ਪਰ ਅੱਜ ਤਾਂ ਕ੍ਰਿਪਾਲੇ ਦੀ ਪੈਰਵਾਈ ਨੂੰ ਵੇਖਦਿਆਂ ਇਸ ਅਫ਼ਸਰ ਨੇ ਅਸਲੀ ਕਾਪੀ ਵਿਚੋਂ ਹੀ ਚਲਾਨ ਕੱਟਿਆ ਸੀ।ਬੱਸ ਜਾ ਚੁੱਕੀ ਸੀ ਤੇ ਕ੍ਰਿਪਾਲਾ ਜਿਵੇਂ ਬਹੁਤ ਵੱਡੀ ਜੰਗ ਜਿੱਤ ਚੁੱਕਿਆ ਸੀ"[8] ਇਸੇ ਤਰ੍ਹਾਂ ਦਾ ਬਿਰਤਾਂਤ 'ਅਲਾਦੀਨ ਦਾ ਚਿਰਾਗ਼' ਕਹਾਣੀ ਵਿਚ ਉੱਭਰਦਾ ਹੈ। ਘਸੀਟਾ ਰਾਮ ਇਕ ਪ੍ਰੈੱਸ ਰਿਪੋਟਰ ਹੈ ਜਿਸ ਦੇ ਹੱਥ ਰਿਸ਼ਵਤ ਦਾ ਅਲਾਦੀਨ ਰੂਪੀ ਚਿਰਾਗ਼ ਹੱਥ ਲੱਗ ਜਾਂਦਾ ਹੈ। ਜਿਸ ਨੂੰ ਉਹ 'ਮੈਂ' ਪਾਤਰ ਦੇ ਸਮਝਾਉਣ ਤੇ ਵੀ ਛੱਡਣਾ ਨਹੀਂ ਚਾਹੁੰਦਾ। ਘਸੀਟਾ ਰਾਮ ਨੂੰ ਜਿਸ ਵੀ ਅਫ਼ਸਰ ਦੀ ਬੇਈਮਾਨੀ ਬਾਰੇ ਜੇ ਥੋੜ੍ਹਾ ਜਿਹਾ ਵੀ ਪਤਾ ਲੱਗਦਾ ਹੈ, ਉਸ ਵਿਰੁੱਧ ਹੀ ਉੱਚ ਅਧਿਕਾਰੀਆਂ ਨੂੰ ਚਿੱਠੀਆਂ ਲਿਖਣੀਆਂ ਸ਼ੁਰੂ ਕਰ ਦੇਂਦਾ ਹੈ ਤੇ ਉਹਨਾਂ ਨੂੰ ਬਲੈਕਮੇਲ ਕਰ ਰਿਸ਼ਵਤ ਲੈ ਕੇ ਕੇਸ ਰਫ਼ਾ ਦਫ਼ਾ ਕਰਵਾ ਦੇਂਦਾ ਹੈ। ਇਸ ਦੇ ਨਾਲ ਹੀ 'ਫ਼ਿੱਕੀਆਂ ਪਿੰਨੀਆਂ' ਕਹਾਣੀ ਵਿਚ ਮੈਨੇਜਰ, ਚਪੜਾਸੀ ਤੇ ਪਿਆਰੇ ਲਾਲ ਦੇ ਪਾਤਰਾਂ ਰਾਹੀਂ ਰਿਸ਼ਵਤਖ਼ੋਰੀ, ਦਲਾਲਬਾਜ਼ੀ ਤੇ ਚਾਪਲੂਸੀ ਦਾ ਪਰਦਾਫ਼ਾਸ ਕਰਦਾ ਹੈ। ਪਰ ਪਾਠ ਦੇ ਅੰਤ ਵਿਚ ਜੱਜ ਦੀ ਇਮਾਨਦਾਰੀ ਨਾਲ ਹੱਕ ਤੇ ਸੱਚ ਦੀ ਲੜਾਈ ਨੂੰ ਜਿੱਤਦਿਆਂ ਦਿਖਾਇਆ ਹੈ।"ਪਿੰਨੀਆਂ ਤੇਰੇ ਘਰ ਰਹਿ ਗਈਆਂ, ਪੰਜ ਹਜ਼ਾਰ ਤੇਰਾ ਪਿਆਰਾ ਲਾਲਾ ਕੋਲ ਪਿਆ ਹੈ। ਉਹ ਵਾਪਸ ਲੈ ਲਵੀਂ ਤੇ ਇਸ ਦੇ ਗਲ ਵਿਚ ਸਾਫਾ ਪਾ ਲੈ। ਅੱਗੇ ਤੋਂ ਅਜਿਹੇ ਦਲਾਲਾਂ ਤੋਂ ਬਚ ਕੇ ਰਹੀਂ"[9] ਬਿਰਤਾਂਤਕੀ ਪਾਠ ਵਿਚ ਅਨਿਆਂ ਤੇ ਮਾਨਵੀ ਦਮਨ ਲਈ ਜ਼ਿੰਮੇਵਾਰ ਸਰਕਾਰੀ ਮਸ਼ੀਨਰੀ ਦੀਆਂ ਕਮਜ਼ੋਰੀਆਂ ਵੀ ਉਜਾਗਰ ਹੁੰਦੀਆਂ ਹਨ। ਜਿਸ ਵਿਚ 'ਜ਼ਖ਼ਮੀ ਆਰਥਿਕਤਾ', 'ਜਾਮਾ ਤਲਾਸ਼ੀ', 'ਪੇਪਰ ਵੇਟ' ਤੇ 'ਕੁਰਾਹੇ' ਕਹਾਣੀਆਂ ਪ੍ਰਤੀਕਾਤਮਕ ਰੂਪ ਵਿਚ ਸਮਾਜਕ ਕਦਰਾਂ ਕੀਮਤਾਂ ਤੇ ਮਾਨਵੀ ਸੰਬੰਧਾਂ ਦੇ ਵਹਿਫੇਰੀ ਹੋਣ ਦਾ ਪ੍ਰਗਟਾਵਾ ਕਰਦੀਆਂ ਕਾਨੂੰਨੀ ਤੇ ਪ੍ਰਬੰਧਕੀ ਸ਼ਕਤੀ ਦੇ ਡਿੱਗ ਰਹੇ ਗਰਾਫ਼ ਦਾ ਚਿਤਰਨ ਵੀ ਕਰਦੀਆਂ ਹਨ। ਬਿਰਤਾਂਤਕਾਰ ਇਥੇ ਪਾਤਰਾਂ ਦੇ ਵਿਅਕਤੀਗਤ ਪ੍ਰਗਟਾਵੇ ਦੇ ਨਾਲ ਸਮੂਹਿਕ ਵਰਤਾਰੇ ਨੂੰ ਵੀ ਗਲਪੀਕਰਨ ਦੇ ਕੇਂਦਰ ਵਿਚ ਰੱਖਦਾ ਹੈ। ਉਹ ਪੁਲੀਸ ਵਿਹਾਰ ਦੇ ਛੋਟੇ ਛੋਟੇ ਵੇਰਵਿਆਂ ਨੂੰ ਅੰਕਿਤ ਕਰਦਾ ਦਿਲਚਸਪ ਪ੍ਰਸੰਗ ਉਸਾਰਦਾ ਹੈ ਕਿ ਕਿਵੇਂ ਸੱਚ ਤੇ ਚੰਗਿਆਈ ਜਿਹੀਆਂ ਕਦਰਾਂ ਕੀਮਤਾਂ ਅਲੋਪ ਹੁੰਦੀਆਂ ਜਾ ਰਹੀਆਂ ਹਨ।

ਰਾਜ ਕੁਮਾਰ ਗਰਗ ਦੀਆਂ ਕਹਾਣੀਆਂ ਕਲਾ ਪੱਖ ਤੋਂ ਵੀ ਮਹਤੱਵਪੂਰਨ ਹਨ। ਛੋਟੇ ਛੋਟੇ ਚੁਸਤ ਫ਼ਿਕਰੇ ਤੇ ਫ਼ੁਰਤੀਲੀ ਵਾਰਤਾਲਾਪ ਪਾਠਕ ਮਨ ਨੂੰ ਧੂਹ ਪਾਉਂਦੀ ਹੈ। ਕਿਧਰੇ ਵੀ ਕੋਈ ਲੰਮੀ ਚੌੜੀ ਬਿਆਨਬਾਜ਼ੀ ਨਹੀਂ ਕਰਦੀ। ਕਥਾਨਕੀ ਪਰਿਪੇਖ ਨੂੰ ਸੰਖੇਪ ਵਿਚ ਸਮੇਟਦੀ ਹੈ। ਸਾਦ ਮੁਰਾਦੀ ਭਾਸ਼ਾ ਰਾਹੀਂ ਕਹਾਣੀ ਤੱਤਫਟ ਆਪਣੇ ਸਿਖਰ ਵੱਲ ਨੂੰ ਵੱਧਦੀ ਹੈ। ਬਿਰਤਾਂਤਕੀ ਪਾਠ ਮੁਹਾਵਰੇਦਾਰ ਬੋਲੀ ਨਾਲ ਭਰਪੂਰ ਹੈ। ਹਿੰਦੀ ਅੰਗਰੇਜ਼ੀ ਸ਼ਬਦਾਂ ਦੀ ਭਰਮਾਰ ਹੈ, ਜਿਹਨਾਂ ਰਾਹੀਂ ਉਹ ਆਪਣੀਆਂ ਕਹਾਣੀਆਂ ਵਿਚ ਬਹੁਪੱਖੀ ਤੇ ਬਹੁਦਿਸ਼ਾਵੀਂ ਸਰੋਕਾਰਾਂ ਨੂੰ ਬਾਖ਼ੂਬੀ ਪੇਸ਼ ਕਰਦਾ ਹੈ। ਜਿਸ ਤੋਂ ਨਿਕਟ ਭਵਿੱਖ ਵਿਚ ਕਈ ਨਵੀਨ ਸੰਭਾਵਨਾਵਾਂ ਜਾਗਦੀਆਂ ਹਨ।

**ਹਵਾਲੇ ਤੇ ਟਿੱਪਣੀਆਂ:**

1 . ਰਾਜ ਕੁਮਾਰ ਗਰਗ ,ਰਾਤ ਦਾ ਚਿਹਰਾ ਤੇ ਹੋਰ ਕਹਾਣੀਆਂ. ਪੰਨਾ , 31, 2. ਉਹੀ, ਪੰਨਾ, 37, 3. ਉਹੀ, ਪੰਨਾ, 272, 4. ਉਹੀ, ਪੰਨਾ, 135, 5. ਉਹੀ, ਪੰਨਾ, 20, 6. ਡਾ. ਰਵਿੰਦਰ ਕੁਮਾਰ ਰਵੀ, ਔਰਤ ਤੇ ਦਲਿਤ, ਹਾਸ਼ੀਆਗਤ ਪ੍ਰਵਚਨ, ਪੰਨਾ, 22, 7. ਉਹੀ, ਪੰਨਾ, 218, 8. ਉਹੀ, ਪੰਨਾ, 219, 9. ਉਹੀ, ਪੰਨਾ, 59 ✪

# ਬਦਲੇ ਦੀ ਪੱਤਝੜ : ਵਸਤੂਗਤ, ਦ੍ਰਿਸ਼ਟੀਗਤ ਤੇ ਵਿਧੀਗਤ ਮੁਲਾਂਕਣ- ਡਾ ਰਮਨਪ੍ਰੀਤ ਕੌਰ




ਪਰਮਜੀਤ ਸਿੰਘ ਜੱਜ ਪੰਜਾਬੀ ਗਲਪ-ਖੇਤਰ ਵਿੱਚ 'ਪੀਤੂ' (2003) ਨਾਵਲ ਰਾਹੀਂ ਪ੍ਰਵੇਸ਼ ਕਰਦਾ ਹੈ। ਇਸ ਤੋਂ ਬਾਅਦ 'ਤਰਕਾਲਾਂ', 'ਅਰਥ' ਤੇ 'ਪਛਾਣ ਬਦਲ ਗਈ' ਪੇਂਡੂ ਸੰਸਕ੍ਰਿਤੀ ਤੇ ਸਭਿਆਚਾਰ ਨਾਲ ਜੁੜੇ ਨਾਵਲ ਹਨ ਜਿਨ੍ਹਾਂ ਦੀ ਚਰਚਾ ਸਦਕਾ ਪਰਮਜੀਤ ਸਿੰਘ ਜੱਜ ਪੰਜਾਬੀ ਸਾਹਿਤ ਵਿੱਚ ਆਪਣੀ ਵੱਖਰੀ ਪਛਾਣ ਸਥਾਪਿਤ ਕਰਦਾ ਹੈ। ਪਰਮਜੀਤ ਸਿੰਘ ਜੱਜ ਦੀ ਵਿਲੱਖਣਤਾ ਇਸ ਪੱਖੋਂ ਹੈ ਕਿ ਉਹ ਕਿਸੇ ਇੱਕ ਪਾਤਰ ਨੂੰ ਮੁੱਖ ਪਾਤਰ ਨਹੀਂ ਬਣਾਉਂਦਾ ਸਗੋਂ ਪੂਰੇ ਪੇਂਡੂ ਸਮਾਜ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੋਇਆ, ਕੇਵਲ ਤੱਥਾਂ ਦੇ ਜ਼ੋਰ 'ਤੇ ਆਪਣੀ ਕਹਾਣੀ ਦੀ ਬੁਣਤ ਬੁਣਦਾ ਹੋਇਆ, ਪਾਤਰਾਂ ਨਾਲ ਅੰਤਰ-ਸੰਬੰਧਿਤ ਹੋ ਕੇ ਨਾਵਲੀ ਬਿਰਤਾਂਤ ਦੀ ਸਿਰਜਣਾ ਕਰਦਾ ਹੈ। ਕਿਉਂਕਿ ਜੱਜ ਆਪ ਇੱਕ ਸਮਾਜ-ਵਿਗਿਆਨੀ ਹੈ ਇਸ ਲਈ ਉਸ ਦੇ ਨਾਵਲੀ ਬਿਰਤਾਂਤ ਵਿੱਚ ਵੀ ਸਮਾਜ-ਵਿਗਿਆਨੀਆਂ ਵਾਲੀ ਪਹੁੰਚ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਉਹ ਹਰ ਤੱਥ ਨੂੰ ਸਮਝਾਉਣ ਲਈ ਤੱਥ ਦੀ ਤਹਿ ਤੱਕ ਜਾਂਦਾ ਹੈ। ਸਮਾਜ ਵਿਗਿਆਨੀ ਹੋਣ ਕਰਕੇ ਉਹ ਸਮਾਜ ਦੀ ਨਬਜ਼ ਨੂੰ ਸਮਝਣ ਤੇ ਪਾਠਕਾਂ ਤੱਕ ਸੰਚਾਰਿਤ ਕਰਨ ਵਿੱਚ ਕਾਮਯਾਬ ਵੀ ਰਿਹਾ ਹੈ।

'ਬਦਲੇ ਦੀ ਪੱਤਝੜ' ਪਰਮਜੀਤ ਸਿੰਘ ਜੱਜ ਦਾ ਪੰਜਵਾਂ ਨਾਵਲ ਹੈ ਜਿਹੜਾ ਦੁਆਬੇ ਖਿੱਤੇ ਦੇ ਪੇਂਡੂ ਜੀਵਨ ਵਿੱਚ ਪਸਰੀ ਧੜੇਬਾਜ਼ੀ ਤੇ ਖਹਿਬਾਜ਼ੀ ਵਾਲੀ ਰੁਚੀ ਦਾ ਜਟਿਲ ਤੇ ਬਹੁ-ਪਰਤੀ ਬਿਰਤਾਂਤ ਸਿਰਜਦਾ ਹੈ। ਕਿਸੇ ਸਮੇਂ ਆਪਸੀ ਸਾਂਝੀਵਾਲਤਾ ਦੇ ਪ੍ਰਤੀਕ ਰਹੇ ਪਿੰਡ, ਆਧੁਨਿਕ ਵਿਸ਼ਵੀ ਪਾਸਾਰ ਵਿੱਚ ਆਪਣੀ ਸਥਾਨਕਤਾ ਨੂੰ ਵੀ ਵਿਸ਼ਵੀ ਪਾਸਾਰ ਦੇ ਰਹੇ ਹਨ। ਸਮੁੱਚਾ ਨਾਵਲੀ ਬਿਰਤਾਂਤ ਪੇਂਡੂ ਕਿਸਾਨੀ ਜੀਵਨ ਦੀ ਉਸ ਰੁਚੀ ਨੂੰ ਬਿਆਨ ਕਰਦਾ ਹੈ ਜਿਹੜੀ ਸਾਡੇ ਕਬਾਇਲੀ ਸੰਸਕਾਰਾਂ ਦੀ ਰਹਿੰਦ-ਖੂੰਹਦ ਵਜੋਂ ਅਜੇ ਵੀ ਕਿਸਾਨੀ ਸੁਭਾਅ ਵਿੱਚ ਟਿਕੀ ਹੋਈ ਹੈ। ਇਸ ਰੁਚੀ ਨੇ ਜਿਥੇ ਆਪਸੀ ਪਿਆਰ ਤੇ ਸ਼ਾਂਤੀ ਦੇ ਵਾਤਾਵਰਣ ਨੂੰ ਭੰਗ ਕੀਤਾ ਹੈ, ਉਥੇ ਇਹ ਪੇਂਡੂ ਕਿਸਾਨੀ ਨੂੰ ਆਰਥਿਕ ਪੱਖੋਂ ਵੀ ਮਾਰ ਰਹੀ ਹੈ। ਇਹ ਨਾਵਲ ਸਾਡੇ ਪੇਂਡੂ ਸਮਾਜ ਨੂੰ ਉਸ ਇਤਿਹਾਸਕ ਸਥਿਤੀ ਵਿੱਚ ਪੇਸ਼ ਕਰਦਾ ਹੈ ਜਿਥੇ ਪੁਰਾਣੇ ਜਾਗੀਰਦਾਰੀ ਪੈਦਾਵਾਰੀ ਸਾਧਨ ਨਵੇਂ ਪੂੰਜੀਵਾਦੀ ਪੈਦਾਵਾਰੀ ਸਾਧਨਾਂ ਵਿੱਚ ਰੂਪਾਂਤ੍ਰਿਤ ਹੋ ਰਹੇ ਹਨ। ਹਲ ਦੀ ਥਾਂ ਟਰੈਕਟਰ ਲੈ ਰਿਹਾ ਹੈ ਅਤੇ ਨਾਲ ਹੀ ਪਿੰਡਾਂ ਵਿਚਲਾ ਸੰਤੁਲਨ ਵੀ ਬਦਲ ਰਿਹਾ ਹੈ। 12 ਛੋਟੇ ਵੱਡੇ ਕਾਂਡਾਂ ਵਿੱਚ ਵੰਡਿਆ ਇਹ ਨਾਵਲ ਪਿੱਛਲਖੁਰੀ ਜੁਗਤ ਰਾਹੀਂ ਬਿਸ਼ਨੀ ਦੇ ਮੰਗਲ ਸਿੰਘ ਨਾਲ ਵਿਆਹੇ ਜਾਣ ਤੋਂ ਆਰੰਭ ਹੁੰਦਾ ਹੈ। ਉਸ ਤੋਂ ਬਾਅਦ ਬਿਸ਼ਨੀ ਦੇ ਭਗਤ ਸਿੰਘ ਨਾਲ ਘਰੋਂ ਭੱਜਣ, ਘਰੋਂ ਭੱਜ ਕੇ ਯੂ. ਪੀ. ਵਿੱਚ ਭਗਤ ਸਿੰਘ ਤੇ ਉਸ ਦੇ ਭਰਾ ਪਿਆਰੇ ਨਾਲ ਰਹਿਣਾ, ਪੁਲਿਸ ਦੁਆਰਾ ਫੜੇ ਜਾਣ 'ਤੇ ਕਾਨੂੰਨੀ ਤੌਰ 'ਤੇ ਪਿਆਰੇ ਦੀ ਪਤਨੀ ਬਣ ਕੇ ਉਨ੍ਹਾਂ ਦੇ ਪਿੰਡ ਵਿੱਚ ਹੀ ਦੋਵੇਂ ਭਰਾਵਾਂ ਨਾਲ ਰਹਿਣਾ, ਪਿਆਰੇ ਅਤੇ ਭਗਤ ਸਿੰਘ ਦਾ ਪਿੰਡ ਵਿਚਲੀ ਆਪਸੀ ਦੁਸ਼ਮਣੀ ਵਿਚ ਮਾਰੇ ਜਾਣਾ, ਵੀਰ ਸਿੰਘ ਦਾ ਆਪਣੇ ਤਾਏ ਦੇ ਪੁੱਤ ਸੁੱਖੇ ਦੇ ਕਤਲ ਵਿੱਚ ਜੇਲ ਕੱਟਣਾ, ਪਿੱਛੋਂ ਉਸ ਦੇ ਪੁੱਤਰ ਦੇਵਪ੍ਰੀਤ ਦਾ ਆਪਣੇ ਨਾਨਕੇ ਪਿੰਡ ਵਿੱਚ ਪਾਲਣ ਪੋਸ਼ਣ ਤੇ ਫਿਰ ਅਗਲੇਰੀ ਪੜ੍ਹਾਈ ਲਈ ਅਮਰੀਕਾ ਜਾਣਾ, ਜੇਲ੍ਹ ਕੱਟਣ ਤੋਂ ਬਾਅਦ ਭਗਤ ਨੂੰ ਮਿਲਣਾ, ਭਗਤ ਦੇ ਜ਼ਰੀਏ ਵੀਰ ਸਿੰਘ ਦਾ ਬਿਸ਼ਨੀ ਨਾਲ ਮੇਲ, ਵੀਰ ਸਿੰਘ ਦਾ ਬਿਸ਼ਨੀ ਨਾਲ



ਵਿਆਹ ਅਤੇ ਅੰਤ 'ਤੇ ਆਪਣੇ ਪੁੱਤਰ ਦੇਵਪ੍ਰੀਤ ਕੋਲ ਬਾਹਰ ਜਾ ਕੇ ਰਹਿਣਾ ਆਦਿ ਘਟਨਾਵਾਂ ਪਿੱਛਲਖੋਰੀ ਝਾਤ ਰਾਹੀਂ ਸਾਕਾਰ ਹੁੰਦੀਆਂ ਹਨ।

ਨਾਵਲ ਦਾ ਆਰੰਭ ਬਿਸ਼ਨੀ ਦੇ ਮੰਗਲ ਸਿੰਘ ਨਾਲ ਵਿਆਹੇ ਜਾਣ ਨਾਲ ਹੁੰਦਾ ਹੈ। ਜਗੀਰਦਾਰੀ ਪ੍ਰਬੰਧ ਅਧੀਨ ਦੇਬੋ ਦੁਆਰਾ ਆਖੇ ਸ਼ਬਦ , 'ਮੁੰਡਾ ਲੰਮਾ ਉੱਚਾ ਸੋਹਣਾ ਏ। ਬਿਸ਼ਨੀ ਦੇ ਮੁਕਾਬਲੇ ਦਾ ਹੈ। ਫਿਰ 'ਕੱਲਾ ਈ ਪੁੱਤ ਆ ਤੇ ਜ਼ਮੀਨ ਵੀ ਵੀਹ ਘੁੰਮਾਂ ਆਂ।[1] ਵਿਆਹ ਸੰਸਥਾ ਦੇ ਵੱਖ-ਵੱਖ ਪਾਸਾਰਾਂ ਦਾ ਬੋਧ ਕਰਵਾਉਂਦੇ ਹਨ। ਵਿਆਹ ਉਪਰੰਤ ਬਿਸ਼ਨੀ ਨੂੰ ਜੋ ਪ੍ਰਾਪਤ ਹੁੰਦਾ ਹੈ ਉਹ ਉਸ ਦੇ ਸੁਪਨਿਆਂ ਦੇ ਹਾਣ ਦਾ ਨਹੀਂ ਸਗੋਂ ਇਸ ਦੇ ਉਲਟ ਹੈ। 'ਮੰਗਲ ਸਿੰਘ ਦੇ ਹੱਥਾਂ ਦੀ ਛੋਹ ਵਿਚ ਇੱਕ ਪਿਆਰ ਭਰੀ ਤੀਬਰਤਾ ਨਹੀਂ ਸੀ। ਕਾਮ ਦੇ ਨਾਲ ਮੁਹੱਬਤ ਦਾ ਸਪਰਸ਼ ਇੱਕ ਕਾਮੁਕਤਾ ਨੂੰ ਪੈਦਾ ਕਰਨ ਦਾ ਸਰੋਤ ਮੰਗਲ ਸਿੰਘ ਵਿੱਚ ਗੈਰਹਾਜ਼ਿਰ ਜੀ। ਬਿਸ਼ਨੀ ਉਸ ਅਹਿਸਾਸ ਤੇ ਭਾਵਨਾ ਨੂੰ ਸਮਝਣ ਵਿੱਚ ਪੂਰੀ ਤਰ੍ਹਾਂ ਅਸਮਰਥ ਸੀ। ਉਹਨੂੰ ਮੰਗਲ ਸਿੰਘ ਵਿੱਚ ਊਣਤਾਈ ਦੀ ਹੋਂਦ ਦਾ ਅਹਿਸਾਸ ਹੋਇਆ।[2] ਸਥਿਤੀ ਦਾ ਵਿਅੰਗ ਇਹ ਹੈ ਕਿ ਨੌਜਵਾਨ ਲੜਕੀ ਦੇ ਸੁਪਨੇ ਤੇ ਉਹਨਾਂ ਦੀ ਪ੍ਰਾਪਤੀ ਵਿਚਲੇ ਪਾੜੇ ਦੇ ਇੱਕ ਤੋਂ ਜ਼ਿਆਦਾ ਕਾਰਨ ਹਨ। ਇਸੇ ਕਾਰਨ ਇਹ ਸੁਪਨਾ ਤੇ ਉਸਦੀ ਪ੍ਰਾਪਤੀ ਮਨੁੱਖੀ ਹੋਣੀ ਦੀ ਪ੍ਰਾਪਤੀ ਘੱਟ ਤੇ ਅਪ੍ਰਾਪਤੀ ਜ਼ਿਆਦਾ ਬਣਦੇ ਹਨ। ਇਹੋ ਮਨੁੱਖੀ ਤਣਾਓ ਦੇ ਅਸਲ ਕਾਰਨ ਬਣਦੇ ਹਨ। ਇਸੇ ਤਣਾਓ ਤਹਿਤ ਹੀ ਬਿਸ਼ਨੀ ਫਤੂਪੁਰੇ ਦੇ ਭਗਤ ਸਿੰਘ ਵੱਲ ਆਕਰਸ਼ਿਤ ਹੁੰਦੀ ਹੋਈ ਉਸ ਨਾਲ ਭੱਜਣ ਦਾ ਫੈਸਲਾ ਲੈਂਦੀ ਹੈ। ਭਗਤ ਸਿੰਘ ਨਾਲ ਭੱਜਣ ਤੋਂ ਬਾਅਦ ਉਹ ਯੂ. ਪੀ. 'ਭਗਤ ਸਿੰਘ ਦੇ ਭੂਆ ਦੇ ਮੁੰਡੇ ਪ੍ਰਗਟ ਸਿੰਘ ਕੋਲ ਲਗਭਗ ਤਿੰਨ ਮਹੀਨੇ ਰੁਕਦੇ ਹਨ। ਜਿਥੇ ਬਿਸ਼ਨੀ ਨੂੰ ਨਾ ਚਾਹੁੰਦੇ ਹੋਏ ਵੀ ਭਗਤ ਦੇ ਭਰਾ ਪਿਆਰੇ ਤੇ ਪ੍ਰਗਟ ਸਿੰਘ ਨਾਲ ਵੀ ਸੌਣ ਲਈ ਮਜ਼ਬੂਰ ਹੋਣਾ ਪੈਂਦਾ ਹੈ। 'ਭਗਤ ਸਿਓਂ ਨੇ ਮੈਨੂੰ ਸਿਰਫ਼ ਇਹੀ ਸਮਝਾਇਆ ਸੀ ਕਿ ਮੈਨੂੰ ਪਿਆਰੇ ਦਾ ਵੀ ਖਿਆਲ ਰੱਖਣਾ ਚਾਹੀਦਾ ਆ। ਉਸੇ ਰਾਤ ਦੀ ਭਗਤੇ ਦੀ ਜਗ੍ਹਾ ਰਾਤ ਨੂੰ ਪਿਆਰੇ ਨਾਲ ਸੁੱਤੀ ਸਾਂ। ਭਾਵੇਂ ਮੈਨੂੰ ਪਿਆਰਾ ਚੰਗਾ ਲੱਗਦਾ ਸੀ ਪਰ ਉਸ ਰਾਤ ਮੈਨੂੰ ਆਪਣੀ ਕਿਸਮਤ ਨਾਲ ਤੇ ਆਪਣੇ ਆਪ ਨਾਲ ਨਫ਼ਰਤ ਹੋ ਗਈ ਸੀ। ਪਿਆਰੇ ਨੂੰ ਤਾਂ ਪਤਾ ਨਹੀਂ ਲੱਗਾ ਪਰ ਮੈਂ ਤਾਂ ਰੋਂਦੀ ਰਹੀ ਸਾਂ। 3 ਪੁਲੀਸ ਦੁਆਰਾ ਫੜੇ ਜਾਣ 'ਤੇ ਅਤੇ ਬਾਅਦ ਵਿੱਚ ਕਾਨੂੰਨੀ ਤੌਰ 'ਤੇ ਪਿਆਰੇ ਦੀ ਪਤਨੀ ਬਣਨ ਤੋਂ ਬਾਅਦ ਬਿਸ਼ਨੀ ਦੋਵੇਂ ਭਰਾਵਾਂ ਦੇ ਘਰ ਬੈਠਦੀ ਹੈ। ਬਿਸ਼ਨੀ ਦੀ ਵੀਰ ਸਿੰਘ ਨਾਲ ਵਾਰਤਾਲਾਪ ਅਨੁਸਾਰ, ਉਮੇਰੀ ਨਵੀਂ ਸੱਸ ਨੇ ਤਿੰਨ ਚਾਰ ਮਹੀਨੇ ਆਪਣੇ ਪਿੰਡ ਦੀਆਂ ਐਸੀਆਂ ਗੱਲਾਂ ਸੁਣਾਈਆਂ ਜਿਨ੍ਹਾਂ ਵਿੱਚ ਭਰਾਵਾਂ ਦੀ ਇਕੋ-ਇਕ ਜ਼ਨਾਨੀ ਸੀ। ਕੈਹਣ ਦਾ ਮਤਲਬ ਉਹਦਾ ਇੰਨਾ ਈ ਸੀ ਕਿ ਮੇਰੀ ਹਾਲਤ ਕੋਈ ਵੱਖਰੀ ਨਹੀਂ ਸੀ।[4] ਨਾਵਲੀ ਬਿਰਤਾਂਤ ਵਿਚ ਹੀ ਮਲਕੀਤ ਸਿੰਘ ਦੇ ਮਲੂਕੇ ਨਾਲ ਹੋਈ ਵਾਰਤਾਲਾਪ ਵੀ ਉਪਰੋਕਤ ਕਥਨ ਦੀ ਹੀ ਹਾਮੀ ਭਰਦੀ ਹੈ, 'ਨਾਲੇ ਦੋ ਭਰਾਵਾਂ ਦੀ ਇਕ ਜ਼ਨਾਨੀ ਇਹ ਕੇਹੜਾ ਜੱਟਾਂ 'ਚ ਪੇਹਲੀ ਵਾਰ ਹੋਣਾ ਆ।[5] ਸਾਡੇ ਸਮਾਜ ਵਿਚ ਵਿਆਹ ਪ੍ਰਤੀ ਅਜਿਹੀ ਅਨੈਤਿਕ ਸੋਚ ਜਿੱਥੇ ਵਿਆਹ ਸੰਸਥਾ ਨਾਲ ਜੁੜੇ ਪਵਿਤਰਤਾ ਦੇ ਮੁੱਲਾਂ ਨੂੰ ਤੋੜਦੀ ਹੈ ਉਥੇ ਵਿਆਹ ਸੰਸਥਾ ਵਿੱਚ ਪੈਦਾ ਹੋਏ ਅਜਿਹੇ ਵਿਗਾੜ ਨੂੰ ਵੀ ਪੇਸ਼ ਕਰਦੀ ਹੈ ਜਿਹੜਾ ਇਸ ਸੰਸਥਾ ਦੇ ਸਾਰਥਕ ਹੋਣ 'ਤੇ ਇੱਕ ਵਿਅੰਗ ਕਰਦਾ ਹੈ। ਪੂੰਜੀਵਾਦੀ ਜੁੱਗ ਵਿੱਚ ਜਿਥੇ ਪਤੀ-ਪਤਨੀ ਸੰਬੰਧ ਤਣਾਓਪੂਰਨ ਸਥਿਤੀ ਵਿਚ ਹਨ, ਉਥੇ ਬਦਲਦੀਆਂ ਹੋਈਆਂ ਆਰਥਿਕ-ਸਮਾਜਿਕ ਪ੍ਰਸਥਿਤੀਆਂ ਵਿਚ ਵਿਆਹ ਸੰਸਥਾ ਗਹਿਰੀ ਸੰਕਟਗ੍ਰਸਤ ਸਥਿਤੀ ਦੀ ਸ਼ਿਕਾਰ ਹੈ। ਇਸ ਸੰਕਟਗ੍ਰਸਤ ਸਥਿਤੀ ਨੂੰ ਸਿਰਜਣ ਵੇਲੇ ਨਾਵਲਕਾਰ ਦੀ ਮੂਲ ਦਿਸ਼ਾ ਤਿੜਕ ਰਹੇ ਵਿਆਹ-ਸੰਬੰਧਾਂ ਦੇ ਵਿਵੇਕ ਨੂੰ ਪਛਾਨਣ ਵਿਚ ਨਿਹਿਤ ਹੈ।

ਆਪਸੀ ਧੜੇਬਾਜ਼ੀ ਤੇ ਕਤਲੋਗਾਰਤ ਕਾਰਨ ਪਹਿਲਾਂ ਪਿਆਰੇ ਤੇ ਫਿਰ ਭਗਤ ਸਿੰਘ ਦੀ ਮੌਤ ਉਪਰੰਤ ਬਿਸ਼ਨੀ ਇੱਕਲੀ ਰਹਿ ਜਾਂਦੀ ਹੈ ਪਰੰਤੂ ਵੀਰ ਸਿੰਘ ਦੇ ਆਉਣ ਦੀ ਉਮੀਦ ਵਿੱਚ ਆਸ ਦੀ ਇੱਕ ਕਿਰਨ ਮਘਾਈ ਰੱਖਦੀ ਹੈ। ਪਰਮਜੀਤ ਸਿੰਘ ਜੱਜ ਦੀ ਇਹ ਵਿਲੱਖਣਤਾ ਹੈ ਕਿ ਨਾਵਲੀ ਬਿਰਤਾਂਤ

ਵਿੱਚ ਪੇਸ਼ ਪਾਤਰ ਬਹੁ-ਪਰਤੀ ਜਟਿਲ ਸਮੱਸਿਆਵਾਂ ਵਿਚ ਗ੍ਰਸੇ ਹੋਣ ਦੇ ਬਾਵਜੂਦ ਆਸ ਦੀ ਚੰਗਿਆੜੀ ਮਘਾਈ ਰੱਖਦੇ ਹਨ। ਇਸ ਕਰਕੇ ਇਹ ਪਾਤਰ ਹਰ ਪ੍ਰਕਾਰ ਦੇ ਭਾਵੁਕ, ਮਾਨਸਿਕ ਤੇ ਸਮਾਜਿਕ ਸੰਕਟ 'ਚੋ ਉਭਰਨ ਲਈ ਨਿਰੰਤਰ ਕਾਰਜਸ਼ੀਲ ਵਿਖਾਈ ਦਿੰਦੇ ਹਨ। ਨਾਵਲਕਾਰ ਪਾਤਰਾਂ ਦੀ ਵਿਅਕਤੀਗਤ ਮਾਨਸਿਕਤਾ ਦੇ ਮਾਧਿਅਮ ਰਾਹੀਂ ਸਮੂਹਿਕ ਮਾਨਸਿਕਤਾ ਤੱਕ ਪਹੁੰਚਣ ਦਾ ਮਾਰਗ ਫੜਦਾ ਹੈ। ਇਸੇ ਕਰਕੇ ਉਹ ਆਂਤਰਿਕ ਤੇ ਬਾਹਰੀ ਯਥਾਰਥ ਦਾ ਇੱਕ ਪ੍ਰਸ਼ੰਸਾਯੋਗ ਸੰਤੁਲਨ ਸਿਰਜਣ ਵਿੱਚ ਸਫ਼ਲ ਹੋਇਆ ਹੈ। ਅਜਿਹੇ ਸੰਤੁਲਨ ਕਾਰਨ ਹੀ ਉਸ ਦੀ ਸਮਾਜ-ਚੇਤਨਾ ਕਿਸੇ ਦ੍ਰਿਸ਼ਟੀਗਤ ਭੁਲਾਵੇ ਜਾਂ ਮਸਨੂਈ ਪੁਣੇ ਦਾ ਸ਼ਿਕਾਰ ਨਹੀਂ ਹੁੰਦੀ।

ਨਾਵਲ ਦੀ ਅਗਲੇਰੀ ਥੀਮ ਪਿੰਡ ਵਿੱਚ ਪਸਰੀ ਧੜੇਬਾਜ਼ੀ ਤੇ ਖਹਿਬਾਜ਼ੀ ਕਾਰਨ ਹੁੰਦੀ ਕਤਲੋਗਾਰਤ ਦਾ ਵਿਕਰਾਲ ਰੂਪ ਚਿਤਰਦੀ ਹੈ। ਪਿੰਡਾਂ ਵਿਚਲੀ ਆਪਸੀ ਖਹਿਬਾਜ਼ੀ ਅਤੇ ਧੜੇਬਾਜ਼ੀ ਕਾਰਨ ਜਿਥੇ ਆਉਣ ਵਾਲੀਆਂ ਪੀੜ੍ਹੀਆਂ ਸਰਾਪੀਆਂ ਜਾਂਦੀਆਂ ਹਨ ਉਥੇ ਵਰਤਮਾਨ ਪੀੜ੍ਹੀ 'ਤੇ ਵੀ ਇਸਦਾ ਮਾਰੂ ਪ੍ਰਭਾਵ ਪੈਂਦਾ ਹੈ। ਇਹ ਆਪਸੀ ਕਤਲੋਗਾਰਤ ਅਤੇ ਖਹਿਬਾਜ਼ੀ ਭਾਵੇਂ ਸਥਾਨਕ ਹੋਵੇ ਜਾਂ ਰਾਸ਼ਟਰੀ ਪੱਧਰ ਦੀ ਇਸ ਦੇ ਪ੍ਰਭਾਵ ਹਮੇਸ਼ਾਂ ਮਾੜੇ ਹੀ ਪੈਂਦੇ ਹਨ। ਇਹਨਾਂ ਖਹਿਬਾਜ਼ੀਆਂ ਦੇ ਚਲਦੇ ਜਿੱਥੇ ਪਿੰਡ ਪੱਧਰ 'ਤੇ ਲੋਕਾਂ ਦੀ ਸ਼ਾਂਤੀ ਭੰਗ ਹੁੰਦੀ ਹੈ ਉੱਥੇ ਇਹਨਾਂ ਖਹਿਬਾਜ਼ੀਆਂ ਤੇ ਕਤਲੋਗਾਰਤ ਕਾਰਨ ਬਹੁਤਾ ਸੰਕਟ ਔਰਤਾਂ ਨੂੰ ਹੀ ਭੋਗਣਾ ਪੈਂਦਾ ਹੈ ਭਾਵੇਂ ਕਿ ਔਰਤਾਂ ਸਿੱਧੇ ਰੂਪ ਵਿੱਚ ਇਸ ਧੜੇਬੰਦੀ ਤੇ ਖਹਿਬਾਜ਼ੀ ਵਿਚ ਸ਼ਾਮਿਲ ਨਹੀਂ ਹੁੰਦੀਆਂ ਪਰੰਤੂ ਉਹਨਾਂ ਦੇ ਪਰਿਵਾਰਾਂ ਵਿੱਚ ਪੈਦਾ ਹੋਏ ਤਣਾਵਾਂ, ਟਕਰਾਵਾਂ ਅਤੇ ਤ੍ਰਾਸਦੀ ਦੇ ਬਹੁਤੇ ਸੰਕਟ ਉਹਨਾਂ ਨੂੰ ਹੀ ਭੋਗਣੇ ਪੈਂਦੇ ਹਨ। ਨਾਵਲੀ ਬਿਰਤਾਂਤ ਵਿੱਚ ਜਦੋਂ ਮਲਕੀਤ, ਬਿੱਕਰ ਸਿੰਘ ਦੇ ਘਰ ਜਾਂਦਾ ਹੈ ਤਾਂ ਬਿੱਕਰ ਦੀ ਬਿਰਧ ਮਾਤਾ ਆਪਣੇ ਤਿੰਨ ਪੁੱਤਰਾਂ ਦੀ ਮੌਤ ਕਾਰਨ ਅੰਦਰ ਤੱਕ ਵਲੂੰਧਰੀ ਹੋਈ ਕਹਿੰਦੀ ਹੈ:

ਦੇਖ ਕਾਕਾ, ਇਹਨੂੰ ਮਾਰਨ ਨਾਲ ਤਾਂ ਤੇਰੇ ਭਰਾ ਵਾਪਿਸ ਨ੍ਹੀਂ ਔਣੇ। ਮੇਰੇ ਲਈ ਤੂੰ ਹੀ ਬਚਿਆ ਆਂ। ਤੈਨੂੰ ਦੇਖ ਕੇ ਈ ਮੈਂ ਖੁਸ਼ ਆਂ। ਜੇ ਤੂੰ ਵੀ ਗਿਆ ਤਾਂ ਮੇਰਾ ਕੀ ਬਣੂੰ। ਮੇਰੇ ਵਿਚ ਦਸਵੇਂ ਪਾਤਸ਼ਾਹ ਵਾਲੀ ਸ਼ਕਤੀ ਨ੍ਹੀ ਹੈਗੀ। ਅੱਜ ਤੋਂ ਦੁਸ਼ਮਣੀ ਖ਼ਤਮ ਕਰ। ਇਹਤੋਂ ਵਧੀਆਂ ਗੱਲ ਕਾਕਾ ਤੇਰੇ ਲਈ ਨ੍ਹੀ ਹੋ ਸਕਦੀ।[6]

ਇਸੇ ਤਰ੍ਹਾਂ ਨਾਵਲ ਦੀ ਕੇਂਦਰੀ ਪਾਤਰ ਬਿਸ਼ਨੀ ਨੂੰ ਭਗਤ ਅਤੇ ਪਿਆਰੇ ਦੀ ਮੌਤ ਉਪਰੰਤ ਭਾਵੇਂ ਵੀਰ ਸਿੰਘ ਦੇ ਰੂਪ ਵਿਚ ਬਹਾਰ ਹਾਸਿਲ ਹੁੰਦੀ ਹੈ। ਪਰੰਤੂ ਉਸਨੂੰ ਉਇਹ ਬਹਾਰ ਇੱਕ ਲੰਮੀ ਪੱਤਝੜ ਤੋਂ ਬਾਅਦ ਨਸੀਬ ਹੋਈ।[7]

'ਬਦਲੇ ਦੀ ਪੱਤਝੜ' ਨਾਵਲ ਦੀ ਅਗਲੇਰੀ ਉਪ-ਥੀਮ ਡਰਾਇਵਰੀ ਕਿੱਤੇ ਦੀਆਂ ਦੁਸ਼ਵਾਰੀਆਂ, ਖੱਜਲ-ਖੁਆਰੀਆਂ, ਟਰੱਕ ਯੂਨੀਅਨਾਂ ਵਿੱਚ ਪਸਰੀ ਰਾਜਨੀਤੀ ਅਤੇ ਟਰੈਫਿਕ ਪੁਲਿਸ ਦੀਆਂ ਜ਼ਿਆਦਤੀਆਂ ਨੂੰ ਰੂਪਮਾਨ ਕਰਦੀ ਹੈ। 1965 ਈ ਤੱਕ ਪੰਜਾਬ ਅੰਦਰ ਹਰੇ ਇਨਕਲਾਬ ਦਾ ਮੁੱਢ ਬੱਝ ਗਿਆ ਸੀ। ਇਸ ਹਰੇ ਇਨਕਲਾਬ ਦਾ ਸਭ ਤੋਂ ਵਧੇਰੇ ਲਾਭ ਧਨੀ ਕਿਸਾਨ ਨੂੰ ਮਿਲਿਆ ਕਿਉਂਕਿ ਇਕ ਤਾਂ ਉਹਨਾਂ ਕੋਲ ਖੇਤੀ ਅਧੀਨ ਰਕਬਾ ਵਧੇਰੇ ਸੀ, ਦੂਜਾ ਆਧੁਨਿਕ ਬੀਜਾਂ ਅਤੇ ਕੀਟਨਾਸ਼ਕ ਦਵਾਈਆਂ ਖਰੀਦਣ ਲਈ ਉਹਨਾਂ ਕੋਲ ਪੈਸੇ ਦੀ ਬਹੁਤਾਤ ਸੀ। ਪਰ ਇਸ ਦੇ ਉਲਟ ਹਰੇ ਇਨਕਲਾਬ ਨੇ ਛੋਟੀ ਕਿਸਾਨੀ ਦਾ ਹਾਲ ਬਹੁਤ ਭੈੜਾ ਕਰ ਦਿੱਤਾ। ਛੋਟੀ ਕਿਸਾਨੀ ਨੇ ਵੀ ਦੇਖਾ-ਦੇਖੀ ਪੂੰਜੀ - ਪ੍ਰਧਾਨ ਕਾਸ਼ਤਕਾਰੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਦੇ ਸਿੱਟੇ ਵਜੋਂ ਛੋਟੀ ਕਿਸਾਨੀ ਸਿਰ ਕਰਜ਼ਿਆਂ ਦੀ ਪੰਡ ਹਰ ਸਾਲ ਭਾਰੀ ਹੁੰਦੀ ਗਈ। ਮਹਿੰਗੇ ਬੀਜ਼ਾਂ, ਮਸ਼ੀਨਰੀ, ਖਾਦਾਂ, ਨਦੀਨ ਨਾਸ਼ਕਾਂ ਅਤੇ ਕੀੜੇਮਾਰ ਦਵਾਈਆਂ ਉੱਤੇ ਆਮਦਨ ਨਾਲੋਂ ਵਧੇਰੇ ਖਰਚ ਕਾਰਨ ਅਤੇ ਦੂਜੇ ਪਾਸੇ ਸਰਕਾਰੀ ਰਾਹਤਾਂ ਅਤੇ ਮੰਡੀ ਦੀਆਂ ਸਹੂਲਤਾਂ ਦਾ ਸਹੀ ਲਾਭ ਨਾ ਮਿਲਣ ਕਾਰਨ ਛੋਟੀ ਕਿਸਾਨੀ ਦੇ ਕੰਗਾਲੀਕਰਨ ਦੀ ਪ੍ਰਕਿਰਿਆ ਤੇਜ਼ੀ



ਨਾਲ ਵਧਣ ਲੱਗੀ। 'ਇਸ ਤਰ੍ਹਾਂ ਪੰਜਾਬ ਦੇ ਪਿੰਡਾਂ ਵਿਚ ਕਿਸਾਨੀ ਦੀਆਂ ਦੋ ਮੁੱਖ ਪਰਤਾਂ ਹੋਂਦ ਵਿਚ ਆ ਗਈਆਂ - ਧਨੀ ਜ਼ਿਮੀਂਦਾਰ, ਬੁਡ੍ਹੇ ਟੁੱਟੇ ਕਿਸਾਨਾਂ ਦੀਆਂ ਜ਼ਮੀਨਾਂ ਦੇ ਖਰੀਦਦਾਰ ਬਣ ਗਏ ਅਤੇ ਛੋਟੇ ਕਿਸਾਨ ਆਪਣੀ ਮਾਲਕੀ ਗੁਆ ਕੇ ਗੈਰ-ਮਾਲਕ ਕਾਮਿਆਂ ਵਿੱਚ ਸ਼ਾਮਿਲ ਹੋਣ ਲੱਗ ਪਏ। 8 ਭੂਮੀ-ਰਹਿਤ ਇਹ ਗੈਰ-ਮਾਲਕ ਕਾਮੇ ਆਪਣੀ ਅਣਖ ਖਾਤਰ ਪਿੰਡ ਵਿੱਚ ਮਜ਼ਦੂਰੀ ਕਰਨ ਲਈ ਤਿਆਰ ਨਹੀਂ ਸਨ। ਪੰਜਾਬ ਦੇ ਘੱਟ ਉਦਯੋਗਿਕ ਵਿਕਾਸ ਕਾਰਨ ਇਹ ਲੋਕ ਉਦਯੋਗਿਕ ਕਾਮਿਆਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਨਹੀਂ ਹੋ ਸਕਦੇ ਸਨ ਦੂਜੇ ਪਾਸੇ ਪਿੰਡਾਂ ਵਿੱਚ ਵੀ ਇਹਨਾਂ ਲਈ ਰੁਜ਼ਗਾਰ ਦੇ ਪੂਰਨ ਮੌਕੇ ਨਹੀਂ ਸਨ। ਇਸੇ ਲਈ ਅਨਪੜ੍ਹਤਾ ਕਾਰਨ ਅਤੇ ਕਿਸੇ ਹੋਰ ਛੋਟੇ ਕੰਮ ਵਿੱਚ ਜਾਣ ਦੀ ਥਾਂ ਇਹ ਨਿਮਨ ਕਿਸਾਨੀ ਡਰਾਇਵਰੀ ਕਿੱਤੇ ਨੂੰ ਆਪਣੀ ਕਿਸਾਨੀ ਦੇ ਬਦਲ ਵਜੋਂ ਚੁਣਦੀ ਹੈ।

ਅਗਲੇ ਪੰਜ ਸਾਲ ਉਹਨੇ ਦੱਬ ਕੇ ਮਿਹਨਤ ਕੀਤੀ ਸੀ। ਹਲ ਚਲਾਇਆ ਸੀ ਆਖਿਰ ਉਹ ਇਸ ਨਤੀਜੇ 'ਤੇ ਪਹੁੰਚਿਆ ਸੀ ਕਿ ਖੇਤੀ ਕੋਈ ਵਧੀਆ ਕਿੱਤਾ ਨਹੀਂ ਸੀ। ਅੰਤ ਵਿੱਚ ਜਦੋਂ ਉਹਨੇ ਆਪਣੇ ਭਾਈਏ ਨੂੰ ਕਿਹਾ ਕਿ ਉਹ ਖੇਤੀ ਛੱਡ ਕੇ ਟਰੱਕ ਖਰੀਦਣਾ ਚਾਹੁੰਦਾ ਸੀ ਤਾਂ ਹਰਚਰਨ ਸਿੰਘ ਕੁਝ ਦੇਰ ਚੁੱਪ ਰਿਹਾ ਸੀ। ਫਿਰ ਆਖਿਆ ਸੀ, 'ਮੀਤਿਆ, ਡਰਾਇਵਰੀ ਕੋਈ ਵਧੀਆ ਕੰਮ ਨ੍ਹੀ। ਛੇ ਮਹੀਨੇ ਉਹ ਟਰੱਕ 'ਤੇ ਲੱਗਾ ਰਿਹਾ। ਘੁੰਮਣ ਦਾ ਸਬੱਬ ਜਿਹੜਾ ਮਿਲਿਆ ਸੀ ਉਹਦੇ ਨਾਲ ਉਹਨੂੰ ਟਰੱਕ ਡਰਾਇਵਰਾਂ ਦੀ ਦੁਨੀਆਂ ਬਾਰੇ ਕਾਫੀ ਚਾਨਣਾ ਪਿਆ ਸੀ। ਇਹਦੇ ਵਿਚ ਸਭ ਤੋਂ ਮਹੱਤਵਪੂਰਨ ਸੀ ਪੁਲਿਸ ਵਾਲਿਆਂ ਨੂੰ ਸਾਂਭਣ ਦਾ। ਹਰ ਨਾਕੇ 'ਤੇ ਪੁਲਿਸ ਵਾਲਿਆਂ ਦੇ ਹੱਥ ਗਰਮ ਕਰਨੇ ਜ਼ਰੂਰੀ ਸਨ। ਇਸ ਵਿਚ ਗਰਮੀ ਸਰਦੀ ਦਾ ਕੋਈ ਅਸਰ ਨਹੀਂ ਸੀ। ਪੁਲਿਸ ਵਾਲਿਆਂ ਦੇ ਹੱਥਾਂ ਨੂੰ ਹਮੇਸ਼ਾ ਹੀ ਗਰਮੀ ਦੀ ਜ਼ਰੂਰਤ ਪੈਂਦੀ ਸੀ।[9]

ਪਰਮਜੀਤ ਸਿੰਘ ਜੱਜ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਡਰਾਇਵਰੀ ਕਿੱਤੇ ਦੀਆਂ ਦੁਸ਼ਵਾਰੀਆਂ ਅਤੇ ਤ੍ਰਾਸਦੀਆਂ ਨੂੰ ਹੀ ਰੂਪਮਾਨ ਨਹੀਂ ਕਰਦਾ ਬਲਕਿ ਟਰੱਕ ਯੂਨੀਅਨਾਂ ਵਿੱਚ ਪਸਰੀ ਰਾਜਨੀਤੀ, ਆਪਸੀ ਖਹਿਬਾਜ਼ੀ ਅਤੇ ਧੜੇਬਾਜ਼ੀ ਦਾ ਵੀ ਪ੍ਰਮਾਣਿਕ ਚਿਤਰ ਉਸਾਰਦਾ ਹੈ।

ਹਰ ਪਾਸੇ ਡਰ ਈ ਆ ਪਰ ਟਰੱਕ ਯੂਨੀਅਨ ਹੋਰ ਗੱਲ ਆ। ਏਹਨੂੰ ਕੰਟਰੋਲ ਕਰਨ ਲਈ ਇਹੀ ਡਰਾਕਲ ਡਰਾਇਵਰ ਖ਼ੂਨ ਕਰ ਦਿੰਦੇ ਆ। ਟਰੱਕ ਯੂਨੀਅਨ ਦਾ ਪ੍ਰਧਾਨ ਲੜਨ ਭਿੜਨ ਵਾਲਾ ਤਾਂ ਹੋਊ ਜੇ ਉਹ ਬਦਮਾਸ਼ ਨਾ ਹੋਊ। ਅਸਲ ਗੱਲ ਇਹ ਆ ਕਿ ਜੇ ਕੋਈ ਟਰੱਕ ਯੂਨੀਅਨ ਦੇ ਚੱਕਰ ਵਿੱਚ ਪੈ ਗਿਆ ਤਾਂ ਉਹਨੂੰ ਯਾਦ ਰੱਖਣਾ ਪਊ ਕਿ ਉਹਦੇ ਨਾਲ ਕੁਛ ਵੀ ਹੋ ਸਕਦੈ। ਜਿੰਨੀ ਵੱਡੀ ਟਰੱਕ ਯੂਨੀਅਨ ਓਡਾ ਵੱਡਾ ਬਦਮਾਸ਼ ਜਾਂ ਕੈਹ ਲਓ ਤਕੜਾ ਉਹਦਾ ਪ੍ਰਧਾਨ। ਜੇ ਉਹ ਤਰੱਕੀ ਕਰ ਰਿਹਾ ਆ ਤਾਂ ਏਹਦਾ ਮਤਲਬ ਆ ਉਹ ਐਮ. ਪੀ. ਬਣੂਗਾ।[10]

'ਬਦਲੇ ਦੀ ਪੱਤਝੜ' ਨਾਵਲ ਦਾ ਬਿਰਤਾਂਤਕੀ ਚੱਕਰ ਅਕਸਰ ਸੰਤੁਲਨ ਤੋਂ ਅਸੰਤੁਲਨ ਵਲ ਦਾ ਸਫ਼ਰ ਤਹਿ ਕਰਦਾ ਹੈ। ਨਾਵਲ ਦੇ ਪਹਿਲੇ ਹੀ ਕਾਂਡ ਵਿੱਚ ਬਿਸ਼ਨੀ ਦਾ ਮੰਗਲ ਸਿੰਘ ਨਾਲ ਵਿਆਹ ਹੋਣਾ, ਨਾਵਲੀ ਸ਼ੁਰੂਆਤ ਨੂੰ ਸੁਖਾਵਾਂ ਮੋੜ ਦਿੰਦੇ ਹਨ। ਪਰੰਤੂ ਨਾਲ ਹੀ ਦੂਜੇ ਪਾਸੇ ਵੀਰ ਸਿੰਘ ਦੀ ਪਤਨੀ ਦੇ ਅਕਾਲ ਚਲਾਣੇ ਨਾਲ ਉਸ ਦੇ ਘਰ ਦਾ ਸੰਤੁਲਨ ਵਿਗੜ ਜਾਂਦਾ ਹੈ। ਪਰਮਜੀਤ ਸਿੰਘ ਜੱਜ ਨਾਵਲੀ ਬਿਰਤਾਂਤ ਵਿਚ ਕਥਾ ਤੋਂ ਬਾਹਰ ਰਹਿ ਕੇ ਨਿਮਨ ਪੁਰਖੀ ਵਾਚ ਵਜੋਂ ਬਿਰਤਾਂਤ ਦਾ ਸੰਚਾਲਨ ਨਿਭਾਉਂਦਾ ਹੈ। ਬਾਹਰੀ ਫੋਕਸੀਕਰਨ ਦੀ ਜੁਗਤ ਰਾਹੀਂ ਉਹ ਪਾਠ ਤੋਂ ਬਾਹਰ ਇੱਕ ਫਾਸਲਾ ਸਥਾਪਿਤ ਕਰਦਾ ਹੋਇਆ ਸਰਬਗਿਆਤਾ ਬਿਰਤਾਂਤਕਾਰ ਵਜੋਂ ਘਟਨਾਵਾਂ, ਪਾਤਰਾਂ ਦੀਆਂ ਮਨੋ-ਸਥਿਤੀਆਂ 'ਤੇ ਫੋਕਸ ਕਰਦਾ ਹੈ। ਨਾਵਲਕਾਰ ਬਿਸ਼ਨੀ ਦੇ ਭਗਤ ਸਿੰਘ ਨਾਲ ਘਰੋਂ ਭੱਜਣ ਸਮੇਂ ਦੀ ਸਥਿਤੀ ਨੂੰ ਬਹੁਤ ਖ਼ੂਬਸੂਰਤੀ ਨਾਲ ਚਿਤਰਦਾ ਹੈ।

ਉਹ ਜਿਵੇਂ ਮਸ਼ੀਨ ਹੋਵੇ, ਝੋਲਾ ਲੈ ਕੇ ਉਹਦੇ ਵਿਚ ਪੇਕਿਆਂ ਦੀਆਂ ਦਿੱਤੀਆਂ ਚੀਜ਼ਾਂ ਪਾਉਣ ਲੱਗ ਗਈ ਸੀ। ਫਿਰ ਇਕ ਸੂਟ ਪਾਇਆ। ਉਸ ਤੋਂ ਬਾਅਦ ਉਹ ਘਰੋਂ ਚੋਰੀ ਨਿਕਲੀ ਸੀ। ਰਾਤ ਕਾਫੀ ਹੋ ਗਈ ਸੀ। ਪਿੰਡ ਦੇ ਚੜ੍ਹਦੇ ਪਾਸੇ ਪਿੱਪਲ ਦੇ ਦਰਖ਼ਤ ਹੇਠਾਂ ਭਗਤ ਸਿੰਘ ਖੜ੍ਹਾ ਸੀ। ਉਹਦੇ ਕੋਲ ਸਾਈਕਲ ਸੀ।

ਉਹ ਉਸਦੇ ਸਾਈਕਲ ਦੇ ਪਿੱਛੇ ਬੈਠ ਗਈ।[11]

ਪਰਮਜੀਤ ਸਿੰਘ ਜੱਜ ਦੀ ਘਟਨਾਵਾਂ ਸਿਰਜਣ ਦੀ ਵਿਉਂਤ ਉਸਦੀ ਕਥਾ ਵਿੱਚ ਵਿਸਥਾਰ ਲੈ ਆਉਂਦੀ ਹੈ ਪਰ ਉਸਦਾ ਕਥਾ ਵਿਸਥਾਰ ਨਾਵਲੀ ਸੰਰਚਨਾ 'ਤੇ ਭਾਰੂ ਨਹੀਂ ਹੁੰਦਾ ਅਤੇ ਨਾ ਹੀ ਇਸਦੇ ਸੁਹਜ ਵਿਵੇਕ ਨੂੰ ਖੰਡਿਤ ਕਰਦਾ ਹੈ। ਉਸਦੀ ਕਥਾ ਵਿਧੀ ਵਿੱਚ ਦ੍ਰਿਸ਼ਾਤਮਕਤਾ, ਵਿਸ਼ਲੇਸ਼ਣ ਅਤੇ ਵੇਰਵਿਆਂ ਦੀ ਜਟਿਲਤਾ ਵਿੱਚ ਉਚੇਰੀ ਦਿਲਚਸਪੀ ਨਾਵਲੀ ਬਿਰਤਾਂਤ ਦੇ ਨਿਰੰਤਰ ਕਥਾ ਪ੍ਰਵਾਹ ਨੂੰ ਰਵਾਨਗੀ ਬਖ਼ਸ਼ਦਾ ਹੈ। ਪਰਮਜੀਤ ਸਿੰਘ ਜੱਜ ਦੀ ਬਿਰਤਾਂਤਕ ਘਟਨਾ ਵਿਉਂਤ ਪੱਖੋਂ ਹੀ ਨਹੀਂ ਬਲਕਿ ਬਿਰਤਾਂਤਕ ਰਫ਼ਤਾਰ ਦੇ ਸੰਚਾਲਨ ਪੱਖੋਂ ਵੀ ਵੱਖਰਾ ਰਵੱਈਆ ਅਖਤਿਆਰ ਕਰਦੀ ਹੈ। ਉਹ ਚੁਣੀਆਂ ਘਟਨਾਵਾਂ 'ਤੇ ਨੇੜਿਓ ਫੋਕਸ ਕਰਦਾ ਹੋਇਆ ਅਟਕਾਓ ਜਾਂ ਮੱਠਾਕਰਨ ਦੀ ਜੁਗਤ ਰਾਹੀਂ ਸਰਲ ਤੇ ਸਹਿਜ ਬਿਰਤਾਂਤ ਸਿਰਜਦਾ ਹੈ। ਉਹ ਮਿਆਦ ਦੇ ਪੱਖ ਤੋਂ ਬਿਰਤਾਂਤ ਵਿਚਲੀਆਂ ਉਨ੍ਹਾਂ ਘਟਨਾਵਾਂ ਅਤੇ ਸਥਿਤੀਆਂ ਨੂੰ ਅਟਕਾਅ ਦੀ ਵਿਧੀ ਰਾਹੀਂ ਸਮੇਂ ਵਿਚ ਜ਼ਿਆਦਾ ਵਿਸਥਾਰ ਸਹਿਤ ਪੇਸ਼ ਕਰਦਾ ਹੈ ਜਿਨ੍ਹਾਂ ਦਾ ਸੰਬੰਧ ਸੰਕਟ ਅਤੇ ਤ੍ਰਾਸਦੀ ਨਾਲ ਵਧੇਰੇ ਜੁੜਿਆ ਹੋਇਆ ਹੈ। ਉਹ ਕਹਾਣੀ ਸੁਣਾਉਂਦਾ ਨਹੀਂ ਸਗੋਂ ਇਸ ਨੂੰ ਸਹਿਜੇ ਸਹਿਜੇ ਚਿਤਵਦਾ ਤੇ ਮਠਾਰਦਾ ਹੈ। ਉਹ ਅੰਤਰਮੁਖੀ ਤੇ ਬਾਹਰਮੁਖੀ ਜਟਿਲ ਸਥਿਤੀਆਂ ਦੇ ਸਹਿਜ-ਸਿਰਜਣ ਰਾਹੀਂ ਉਨ੍ਹਾਂ ਦੇ ਪਰਸਪਰ ਆਂਤਰਿਕ ਸੰਬੰਧਾਂ ਵਿੱਚ ਯੋਗ ਸੰਤੁਲਨ ਤਲਾਸ਼ਦਾ ਹੈ। ਉਹ ਪਾਤਰਾਂ ਦੀ ਬੇਵਸੀ ਨੂੰ ਨਿਰਾਸ਼ਾਵਾਦੀ ਧੁਨਾਂ ਵਿਚ ਪਰਿਵਰਤਿਤ ਨਹੀਂ ਹੋਣ ਦਿੰਦਾ ਸਗੋਂ ਉਨ੍ਹਾਂ ਦੀ ਆਂਤਰਿਕ ਸਮੱਰਥਾ ਨੂੰ ਉਜਾਗਰ ਕਰਨ ਦੀ ਪਹਿਲ ਦਿੰਦਾ ਹੈ। ਪਰਮਜੀਤ ਸਿੰਘ ਜੱਜ ਦੀ ਵਿਲੱਖਣਤਾ ਪਾਤਰਾਂ ਦੀ ਧੁਰ ਅੰਦਰਲੀ ਜਟਿਲ, ਤਰਲ ਮਾਨਸਿਕਤਾ ਵਿੱਚ ਲਹਿ ਕੇ ਉਨ੍ਹਾਂ ਦੀਆਂ ਸੋਚਾਂ, ਵਰਤ-ਵਿਹਾਰ, ਰੁਚੀਆਂ, ਪ੍ਰਤਿਕਰਮਾਂ ਅਤੇ ਆਤਮਿਕ ਟੁੱਟ-ਭੱਜ ਦੇ ਸਮਾਜਿਕ ਪਰਿਵੇਸ਼ ਦੇ ਸੰਦਰਭ 'ਚ ਵਿਵੇਕ ਨੂੰ ਤਲਾਸ਼ਣ ਨਾਲ ਸੰਬੰਧਿਤ ਹੈ।

'ਬਦਲੇ ਦੀ ਪੱਤਝੜ' ਨਾਵਲ ਦੀ ਇੱਕ ਪ੍ਰਮੁੱਖ ਰਚਨਾ-ਜੁਗਤ ਵਸਤੂ - ਸਥਿਤੀਆਂ ਦੇ ਸਮਵਿੱਥ ਸਮੂਰਤਨ ਦੀ ਵੀ ਹੈ। ਭਾਵੇਂ ਓਪਰੀ ਦ੍ਰਿਸ਼ਟੀ ਤੋਂ ਵੇਖਦਿਆਂ ਇਹ ਸਥਿਤੀਆਂ ਗੈਰ-ਸੰਬੰਧਿਤ ਨਜ਼ਰ ਆਉਂਦੀਆਂ ਹਨ ਪਰ ਜਾਗੀਰਦਾਰੀ ਸਮਾਜਿਕ-ਆਰਥਿਕ ਵਿਵਸਥਾ ਦੀ ਸਾਂਸਕ੍ਰਿਤਕ ਉਪਜ ਹੋਣ ਕਾਰਨ ਅਜਿਹੇ ਵਿਰੋਧਾਭਾਸੀ ਅਰਥਾਂ ਦੀਆਂ ਸਿਰਜਕ ਹੋ ਨਿੱਬੜਦੀਆਂ ਹਨ ਕਿ ਵਿਵਸਥਾ ਦਾ ਇਤਿਹਾਸਕ ਤੱਥ ਸਾਰ ਆਪਣੇ ਸਮੁੱਚੇ ਰੂਪ ਵਿਚ ਸਾਕਾਰ ਹੋ ਉੱਠਦਾ ਹੈ। ਮਿਸਾਲ ਵਜੋਂ ਦੇਬੋ ਦੇ ਸਮਵਿੱਥ ਨਾਵਲਕਾਰ ਨੇ ਬਿਸ਼ਨੀ ਦੀ ਸਥਿਤੀ ਦਾ ਗਲਪੀ ਬਿੰਬ ਮੂਰਤੀਮਾਨ ਕੀਤਾ ਹੈ।

ਮੇਰੇ ਪਿੰਡ 'ਚ ਮੇਰੀ ਸਹੇਲੀ ਸੀ। ਉਹਦਾ ਨਾਂ ਦੇਬੋ ਸੀ। ਵਿਆਹ ਤੋਂ ਬਾਅਦ ਉਹ ਮੇਰੀ ਜਿਠਾਣੀ ਬਣ ਗਈ ਸੀ। ਮੇਰੇ ਪਤੀ ਦੇ ਤਾਏ ਦੇ ਮੁੰਡੇ ਨਾਲ ਵਿਆਹੀ ਸੀ।[12]

ਪਰਮਜੀਤ ਸਿੰਘ ਜੱਜ ਦੁਆਰਾ ਦੁਆਬੀ ਉਪਭਾਸ਼ਾ ਦੀ ਕੀਤੀ ਢੁੱਕਵੀਂ ਵਰਤੋਂ, ਉਸਦੀ ਨਾਵਲੀ ਸ਼ੈਲੀ ਨੂੰ ਨਿਖਾਰਦੀ ਹੋਈ ਨਾਵਲੀ ਪ੍ਰਭਾਵ ਨੂੰ ਹੋਰ ਤਿੱਖਾ ਕਰਦੀ ਹੈ। ਦੁਆਬੀ ਉਪਭਾਸ਼ਾ ਦੇ ਜਨ-ਜੀਵਨ ਵਿਚਲੀਆਂ ਗਾਲ੍ਹਾਂ ਨਾਵਲੀ ਬਿਰਤਾਂਤ ਵਿਚ ਵਿਸ਼ੇਸ਼ ਪ੍ਰਕਾਰਜ ਨਿਭਾਉਂਦੀਆਂ ਹੋਈਆਂ ਇਸ ਦੀ ਭਾਸ਼ਾ ਦਾ ਸਹਿਜ ਸੰਚਾਰ ਕਰਦੀਆਂ ਹਨ। ਪਰਮਜੀਤ ਸਿੰਘ ਜੱਜ ਸੁਚੇਤ ਤੌਰ 'ਤੇ ਦੁਆਬੀ ਭਾਸ਼ਾ ਦਾ ਪ੍ਰਯੋਗ ਸਥਿਤੀ ਤੇ ਸੰਦਰਭ ਅਨੁਸਾਰ ਕਰਦਾ ਹੋਇਆ ਇਸਦੀ ਸੰਚਾਰ ਮੁਖਤਾ ਨੂੰ ਭੰਗ ਨਹੀਂ ਹੋਣ ਦਿੰਦਾ। 'ਬਦਲੇ ਦੀ ਪੱਤਝੜ' ਨਾਵਲ ਵਿਚਲੇ ਵਸਤੂ-ਵੇਰਵਿਆਂ ਦਾ ਵਸਤੂ - ਸੰਗਠਨ ਨਾਵਲੀ ਸਿਰਲੇਖ ਦਾ ਪੂਰਵਕ ਵੀ ਬਣਦਾ ਹੈ ਅਤੇ ਉਸ ਨੂੰ ਪ੍ਰਤੀਕਾਤਮਕ ਰੂਪ ਵਿਚ ਅਰਥ ਵਿਸਥਾਰ ਵੀ ਦਿੰਦਾ ਹੈ।


***ਹਵਾਲੇ :***

1 ਪਰਮਜੀਤ ਸਿੰਘ ਜੱਜ, ਬਦਲੇ ਦੀ ਪੱਤਝੜ, ਪੰਨਾ 10 , 2 ਉਹੀ, ਪੰਨਾ 12 , 3 ਉਹੀ, ਪੰਨਾ 36 , 4. ਉਹੀ, ਪੰਨਾ 49 , 5. ਉਹੀ, ਪੰਨਾ 46 , 6. ਉਹੀ, ਪੰਨਾ 188 , 7. ਉਹੀ, ਪੰਨਾ 196 , 8. ਡਾ ਟੀ ਆਰ ਵਿਨੋਦ, ਪੰਜਾਬੀ ਨਾਵਲ : ਵਿਹਾਰਕ ਪਰਿਪੇਖ, ਪੰਨਾ 197-198 , 9. ਪਰਮਜੀਤ ਸਿੰਘ ਜੱਜ, ਬਦਲੇ ਦੀ ਪੱਤਝੜ, ਪੰਨਾ 20 , 10. ਉਹੀ, ਪੰਨਾ 128, 11. ਉਹੀ, ਪੰਨਾ 28 ,

12. ਉਹੀ, ਪੰਨਾ 196 ✪



# ਸਮਾਜਿਕ ਸੰਦਰਭ ਵਿਚ ਬਦਲ ਰਿਹਾ ਔਰਤ ਦਾ ਸਰੂਪ- ਮੁੰਦਰੀ ਡੌਟ ਕੌਮ/ - ਡਾ. ਅੰਮ੍ਰਿਤਪਾਲ ਕੌਰ




ਪ੍ਰਵਾਸੀ ਪੰਜਾਬੀ ਸਾਹਿਤ (ਗਲਪ) ਵਿਚ ਹਰਜੀਤ ਅਟਵਾਲ ਆਪਣੇ ਨਿਵੇਕਲੇ ਰਚਨਾਤਮਕ ਵਿਵੇਕ ਅਤੇ ਮੌਲਿਕ ਬਿਰਤਾਂਤਕ ਅੰਦਾਜ਼ ਸਦਕਾ ਸਥਾਪਤ ਹੋ ਚੁੱਕਿਆ ਸਾਹਿਤਕਾਰ ਹੈ। ਆਧੁਨਿਕ ਜੀਵਨ ਦੇ ਨਵੇਂ, ਟੇਢੇ ਅਤੇ ਗੁੰਝਲਦਾਰ ਟਕਰਾਵਾਂ ਨੂੰ ਝੱਲਦੀ ਪੰਜਾਬੀ ਅਤੇ ਪ੍ਰਵਾਸੀ ਪੰਜਾਬੀ ਮਾਨਸਿਕਤਾ ਉਸਦੀ ਬਿਰਤਾਂਤਕਤਾ ਦੇ ਫੋਕਸ ਵਿਚ ਹੈ ਅਤੇ ਮਨੁੱਖੀ ਤਣਾਵਾਂ, ਝੇੜਿਆਂ, ਤਰਕਾਂ, ਵਿਤਕਰਾ, ਕਰਮਾਂ, ਪ੍ਰਤਿਕਰਮਾਂ ਦੇ ਧੁਰ ਦਾਰਸ਼ਨਿਕ ਝਾਤ ਪਾਉਣ ਦੀ ਕਲਾਤਮਕ ਸਮਰਥਾ ਉਸਦਾ ਹਾਸਿਲ ਹੈ। ਅਟਵਾਲ ਦਾ ਬਿਰਤਾਂਤਕ ਮੂਡ ਬੜੇ ਪਾਰਦਰਸ਼ੀ ਢੰਗ ਨਾਲ ਮਾਨਵੀ ਹੋਂਦ ਦੇ ਪ੍ਰਮਾਣਿਕ ਸੁਆਲਾਂ ਨੂੰ ਮੁਖਾਤਿਬ ਹੁੰਦਾ ਹੈ ਅਤੇ ਜੀਣ-ਥੀਣ ਦੇ ਨਿੱਗਰ ਦਾਰਸ਼ਨਿਕ ਅਰਥ ਤਲਾਸ਼ਦਾ ਮਨੁੱਖੀ, ਮਸਲਿਆਂ, ਸਰੋਕਾਰਾਂ ਅਤੇ ਰਿਸ਼ਤਿਆਂ ਦੇ ਬਿਰਤਾਂਤਕ ਤਰਕ ਵਿਤਰਕ ਉਸਾਰਦਾ ਹੈ। ਤਰਕ ਵਿਤਰਕ ਉਸਾਰਨ ਦਾ ਇਹ ਸੁਚੇਤ ਯਤਨ ਉਸਦੀ ਰਚਨਾਤਮਕਤਾ ਦੀ ਪਛਾਣ ਵੀ ਹੈ ਤੇ ਸ਼ਕਤੀ ਵੀ।

ਮਨੁੱਖ ਦੇ ਸਭਿਆਚਾਰਕ ਇਤਿਹਾਸ ਵਿਚ ਹਰ ਮਨੁੱਖੀ ਵਚਿੱਤਰਤਾ ਗੌਲਣਯੋਗ ਹੈ ਕਿਉਂਕਿ ਉਹ ਮਨੁੱਖੀ ਸਵੈ ਦੇ ਕਿਸੇ ਸੰਭਵ ਪਾਸਾਰ ਦਾ ਪ੍ਰਦਰਸ਼ਨ ਕਰ ਰਹੀ ਹੁੰਦੀ ਹੈ। ਅਟਵਾਲ ਦੇ ਹਥਲੇ ਨਾਵਲ 'ਮੁੰਦਰੀ ਡੌਟ ਕਾਮ' ਵਿਚ ਮਨੁੱਖੀ ਫਿਤਰਤ ਦੀਆਂ ਵੰਨ ਸੁਵੰਨੀਆਂ ਗਹਿਰਾਈਆਂ ਅਤੇ ਰਾਜ ਜਿਹੜੇ ਥੀਮਕ ਪੈਟਰਨ ਸਿਰਜ ਰਹੇ ਹਨ, ਉਹ ਕਿਸੇ ਅਜਿਹੀ ਵਚਿਤਰਤਾ ਦਾ ਹੀ ਝਲਕਾਰਾ ਦੇ ਰਹੇ ਹਨ। ਉਸਦੀ ਗਲਪੀ ਵਿਧਾ ਆਧੁਨਿਕ ਯੁੱਗ ਵਿਚ ਮਨੁੱਖ ਦੇ ਦੁੱਖ ਸੁੱਖ ਦੀ ਬਾਤ ਪਾਉਂਦੀ ਹੈ ਅਤੇ ਉਸਦੇ ਉਦਰੇਵੇਂ ਤੇ ਉਦਾਸੀ ਨੂੰ ਬ੍ਰਹਿਮੰਡਕੀ ਪਾਸਾਰਾਂ, ਸਰੋਕਾਰਾਂ ਨਾਲ ਜੋੜ ਕੇ ਕਲਾਤਮਕ ਸੁਹਜ ਸਿਰਜਦੀ ਹੈ।

ਹਥਲੇ ਨਾਵਲ ਦੀ ਨਾਇਕਾ 'ਇਕਰਾ' ਅਤੇ ਉਸਦਾ ਪਰਿਵਾਰ ਘੋਰ ਗਰੀਬੀ ਭੋਗਦਾ ਹੋਇਆ ਜੀਣ ਥੀਣ ਦੀ ਲੋੜ ਵਿਚ ਫਾਥਾ ਹੋਇਆ ਫਿਰਦਾ ਹੈ। ਨਵੇਂ ਦੌਰ ਦੀ ਦੌੜ ਭੱਜ ਵਿਚ ਅਟਵਾਲ ਹਥਲੇ ਨਾਵਲ ਵਿਚ ਔਰਤ ਮਰਦ ਦੇ ਸੰਬੰਧਾਂ ਤੇ ਫੋਕਸ ਕਰਦਾ ਹੈ। ਨਾਵਲ ਦੀ ਨਾਇਕਾ ਬਦਲ ਰਹੇ ਸਮਾਜਿਕ ਆਰਥਿਕ ਸੰਦਰਭ ਵਿਚ ਪਰਿਵਰਤਿਤ ਹੋ ਰਹੀ ਮਾਨਸਿਕਤਾ ਨਾਲ ਨਵੇਂ ਦੌਰ ਦੇ ਸੰਕਟਾਂ ਨੂੰ ਮੁਖਾਤਿਬ ਹੁੰਦੀ ਨਜ਼ਰ ਆਉਂਦੀ ਹੈ। ਨਵਾਂ ਦੌਰ ਰਿਸ਼ਤਿਆਂ, ਕੀਮਤਾਂ ਅਤੇ ਪ੍ਰਤਿਮਾਨਾਂ ਵਿਚ ਜਿਸ ਬਦਲ ਅਤੇ ਪ੍ਰਮਾਣਿਕਤਾ ਨੂੰ ਪੇਸ਼ ਕਰ ਰਿਹਾ ਹੈ ਉਸਨੂੰ ਉਹ ਪੂਰੀ ਸ਼ਾਇਸਤਗੀ ਅਤੇ ਦ੍ਰਿੜਤਾ ਨਾਲ ਝੱਲਣ ਦੇ ਯਤਨ ਵਿਚ ਹੈ ਪਰ ਪ੍ਰਮਾਣਿਕ ਰਿਸ਼ਤਿਆਂ ਦੀ ਭਾਲ ਵਿਚ ਉਹ ਪ੍ਰਸਥਿਤੀਆਂ ਤੋਂ ਹਾਰ ਨਾ ਮੰਨਦੀ ਹੋਈ ਉਹਨਾਂ ਨਾਲ ਸਮਝੌਤਾ ਕਰਕੇ ਜ਼ਿੰਦਗੀ ਦਾ ਭਰਪੂਰ ਆਨੰਦ ਮਾਣਦੀ ਹੈ। ਇਥੇ ਅਟਵਾਲ ਦੀ ਸਾਹਿਤ ਚੇਤਨਾ ਔਰਤ ਦੀ ਪੀੜ੍ਹੀ ਦਰ ਪੀੜ੍ਹੀ ਤੁਰੀ ਆ ਰਹੀ ਪੀੜ ਵੇਦਨਾ ਦੇ ਦਾਇਰਿਆਂ ਤੋਂ ਪਾਰ ਉਲੰਘਦੀ ਹੈ। ਨਾਵਲੀ ਬਿਰਤਾਂਤ ਵਿਚ ਇਕਰਾ ਆਪਣੀ ਹੋਂਦ ਅਤੇ ਵੁੱਕਤ ਦੀ ਸਥਾਪਤੀ ਲਈ ਪ੍ਰਯਤਨਸ਼ੀਲ ਹੈ।

"ਮੈਨੂੰ ਗੁੱਸਾ ਆਪਣੀ ਹਾਲਤ ਤੇ ਆਉਂਦਾ ...ਆਹ ਘੋਰ ਗਰੀਬੀ। ਹੋਰਨਾਂ ਵਾਂਗੂੰ ਮੈਂ ਕਿਉਂ ਨੀ ਹੋਰ ਅੱਗੇ ਪੜ੍ਹ ਸਕੀ?... ਘੱਟੋ ਘੱਟ ਮਾਸਟਰਨੀ ਹੀ ਬਣ ਜਾਂਦੀ, ਸਮਾਜ 'ਚ ਕੋਈ ਰੁਤਬਾ ਤਾਂ ਹੁੰਦਾ...।

ਹੋਂਦ ਦੀ ਚੇਤਨਾ ਤੋਂ ਪਰੇਰਿਤ ਇਕਰਾਂ ਸੁਚੇਤ ਰੂਪ ਵਿਚ ਹੋਂਦ ਦੇ ਉਦਾਰੀਕਰਨ ਦਾ ਰਾਹ ਅਪਣਾਉਂਦੀ

ਹੈ। ਇਥੇ ਇਕਰਾਂ ਅੱਜ ਦੀ ਆਜ਼ਾਦ ਔਰਤ ਵਾਂਗ ਸਮੁੱਚੀ ਪਰੰਪਰਾ ਨੂੰ ਤੱਜ ਕੇ ਨਵੇਂ ਰਿਸ਼ਤੇ ਸਿਰਜਣ ਦੇ ਪ੍ਰਯੋਗ ਵਿਚ ਪੈਂਦੀ ਹੈ। ਉਹ ਪ੍ਰਮਾਣਿਕ ਰਿਸ਼ਤਿਆਂ ਦੀ ਤਲਾਸ਼ ਵਿਚ ਤਾਂ ਹੈ ਪਰ ਇਹ ਨਾ ਮਿਲਣ ਦੀ ਸੂਰਤ ਵਿਚ ਉਦਾਸ ਹੋ ਕੇ ਵਿਦਰੋਹ ਵੀ ਕਰਦੀ ਨਜ਼ਰ ਆਉਂਦੀ ਹੈ।

ਟਿੱਕਾ ਜੀ, ਮੈਨੂੰ ਜੱਟੀ ਬਣਾ ਦਿਓ !"

ਜੱਟੀ ਬਨਣ ਦੀ ਲੋਚਾ ਇਥੇ ਆਰਥਿਕ ਸੁਖ ਸੁਵਿਧਾਵਾਂ ਤੋਂ ਹੈ। ਟਿੱਕਾ ਦੁਨੀਆਂ ਦੇ ਅਮੀਰ ਦੇਸ਼ ਇੰਗਲੈਂਡ ਦਾ ਸਿਟੀਜ਼ਨ ਹੈ ਤੇ 'ਇਕਰਾ' ਪੰਜਾਬ ਵਿਚ ਉਸਦੇ ਘਰ ਦੀ ਨੌਕਰਾਣੀ, ਨੌਕਰਾਣੀ ਤੋਂ ਜੱਟੀ ਬਨਣ ਦੀ ਲਾਲਸਾ ਪੂੰਜੀਵਾਦੀ ਦੌਰ ਨਾਲ ਜੁੜੀ ਨਜ਼ਰ ਆਉਂਦੀ ਹੈ।

ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਟਿੱਕੇ ਨਾਲ ਉਸ ਦੇ ਇਨੀ ਜਲਦੀ ਇੰਨੇ ਡੂੰਘੇ ਸੰਬੰਧ ਪੈਦਾ ਹੋ ਜਾਣਗੇ।

ਘਰੇਲੂ ਕੰਮ ਵਾਲੀ ਤੋਂ ਜੱਟੀ ਬਨਣ ਤੱਕ ਦਾ ਸਫ਼ਰ 'ਇਕਰਾ' ਦੀ ਹੋਂਦ ਨੂੰ ਪਰੰਪਰਾਗਤ ਮੁੱਲ ਵਿਧਾਨ ਦੀ ਬਜਾਇ ਖਪਤ ਸਭਿਆਚਾਰ ਨਾਲ ਜੋੜਦਾ ਹੈ। 'ਇਕਰਾ' ਦੀ ਮਾਂ 'ਜੁਬੈਦਾ' ਵੀ 'ਟਿੱਕੇ' ਨੂੰ ਆਪਣੀ ਧੀ ਇੰਗਲੈਡ ਲਿਜਾਣ ਦੀ ਪੇਸ਼ਕਾਰੀ ਕਰਦੀ ਹੈ,

"ਸਾਡੀ ਰਿਸ਼ਤੇਦਾਰਾਂ ਦੀ ਕੁੜੀ ਗਈ ਆ, ਜਿਹਦੇ ਉਹ ਕੰਮ ਕਰਦੀ ਸੀ, ਉਹਨੇ ਕਿਸੇ ਨੂੰ ਟੈਂਪਰੇਲੀ ਖੜ੍ਹਾ ਕਰਕੇ ਲੰਘਾ ਲਈ।"

ਨਾਵਲੀ ਬਿਰਤਾਂਤ ਵਿਚ ਔਰਤ ਗਰੀਬੀ ਤੋਂ ਨਿਜ਼ਾਤ ਪਾਉਣ ਲਈ ਹਰ ਹੱਥਕੰਡਾ ਵਰਤਦੀ ਦਿਖਾਈ ਦਿੰਦੀ ਹੈ। ਇਥੇ ਮਰਦ ਉਸ ਨੂੰ ਨਹੀਂ ਵਰਤ ਰਿਹਾ ਸਗੋਂ ਉਹ ਆਪ ਵਰਤਣ ਦੀ ਇਕ ਸੈਅ ਬਣ ਗਈ ਹੈ। ਇਥੇ ਅਟਵਾਲ ਔਰਤ ਦੀ ਮਾਨਸਿਕਤਾ ਅਤੇ ਵਿਹਾਰ ਦੇ ਅੰਤਰ ਸੰਬੰਧਾਂ ਦੀ ਪਛਾਣ ਕਰਦਾ ਹੈ। ਇਸ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਮਾਜਿਕ ਸ਼ਕਤੀਆਂ ਵੀ ਉਸ ਦੇ ਨਾਵਲੀ ਬਿਰਤਾਂਤ ਵਿਚ ਸਮਾਨੰਤਰ ਰੂਪ ਵਿਚ ਕਿਰਿਆਸ਼ੀਲ ਰਹਿੰਦੀਆਂ ਹਨ। ਇਥੇ ਅਟਵਾਲ ਔਰਤ ਦੇ ਵਿਹਾਰ ਨੂੰ ਉਨ੍ਹਾਂ ਦੀ ਸਮਾਜਿਕ ਸਥਿਤੀ ਵਿਚ ਨਿਹਿਤ ਕਰਦਾ ਹੈ। ਇਹ ਸਮਾਜਿਕ ਸਥਿਤੀ ਹੀ ਔਰਤ ਦਾ ਵੱਖਰਾ ਬਿੰਬ ਸਥਾਪਿਤ ਕਰਦੀ ਹੈ।

ਅਟਵਾਲ ਨਾਵਲੀ ਬਿਰਤਾਂਤ ਨੂੰ ਵੱਖਰੇ ਪੈਟਰਨ ਵਿਚ ਢਾਲਦਾ ਹੈ। ਇਹ ਪੈਟਰਨ ਨਾਵਲ ਦੀਆਂ ਸਮਕਾਲੀ ਜੁਗਤਾਂ ਤੋਂ ਵੱਖਰਾ ਹੈ। ਟਿੱਕੇ ਨਾਲ ਸਰੀਰਕ ਸਬੰਧ ਹੋਣ ਦੇ ਬਾਵਜੂਦ 'ਇਕਰਾ' ਇੰਗਲੈਂਡ ਦੇ ਸਿਟੀਜ਼ਨ ਬੁੱਢੇ 'ਚਾਹਲ' ਨਾਲ ਇਕ ਰਿਸ਼ਤੇ ਵਿਚ ਬੱਝ ਜਾਂਦੀ ਹੈ ਪ੍ਰੰਤੂ ਇਥੇ ਉਹ ਰਿਸ਼ਤੇ ਦੀ ਮਰਯਾਦਾ ਉਨਾ ਚਿਰ ਹੀ ਕਾਇਮ ਰੱਖ ਪਾਉਂਦੀ ਹੈ ਜਿਨ੍ਹਾਂ ਚਿਰ 'ਚਾਹਲ' ਦੀ ਮੌਤ ਨਹੀਂ ਹੋ ਜਾਂਦੀ। ਚਾਹਲ ਦੀ ਮੌਤ ਉਪਰੰਤ ਇਕਰਾਂ ਤੇ ਟਿੱਕਾ ਓਹਲੇ ਵਿਚ ਨਜਾਇਜ਼ ਸੰਬੰਧ ਪਾਲਦੇ ਹਨ। ਨਾਵਲੀ ਬਿਰਤਾਂਤ ਦਾ ਇਕ ਪਹਿਲੂ ਇਥੇ ਇਹ ਵੀ ਉਭਰਦਾ ਹੈ ਕਿ ਜਿਥੇ ਟਿੱਕਾ 'ਇਕਰਾ' ਤੋਂ 20 ਵਰ੍ਹੇ ਵੱਡਾ ਹੈ ਉਥੇ ਉਹ ਉਸਦਾ ਪੇਂਡੂ ਵੀ ਹੈ। ਨਾਵਲੀ ਕਥਾ ਪੰਜਾਬ ਦੀ ਪੇਂਡੂ ਭਾਈਚਾਰਕ ਸਾਂਝ ਨੂੰ ਖੋਰਾ ਲਾਉਂਦੀ ਹੈ। ਨਾਵਲੀ ਬਿਰਤਾਂਤ ਵਿਚ ਜਵਾਨੀ ਦੇ ਅਮੋੜ ਅਥਰੇ ਜਜ਼ਬੇ ਦੇ ਐਂਟੀਕਲਾਈਮੈਕਸ ਨੂੰ ਜਿਥੇ ਅਟਵਾਲ ਸਿਰਜਦਾ ਹੈ ਉਥੇ 'ਇਕਰਾ' ਤੇ ਟਿਕੇ ਦੇ ਰਿਸ਼ਤੇ ਵਿਚਲੇ ਭਰਮ ਨੂੰ ਤੋੜ ਕੇ ਮਾਨਵੀ ਜਜ਼ਬਿਆਂ ਦੇ ਪ੍ਰਸੰਗ ਨੂੰ ਸਿਰਜਿਆ ਹੈ। 'ਇਕਰਾ', ਟਿੱਕੇ ਨਾਲ ਅਜਿਹੇ ਸੰਬੰਧ ਲੋਚਦੀ ਹੈ ਜਿਹੜੇ ਪ੍ਰਵਾਨਿਤ ਹੋਣ ਪ੍ਰੰਤੂ ਟਿੱਕਾ ਓਹਲੇ ਦੇ ਸੰਬੰਧ ਕਾਇਮ ਰੱਖਣਾ ਚਾਹੁੰਦਾ ਹੈ। ਨਾਵਲੀ ਬਿਰਤਾਂਤ ਦਾ ਇਹ ਗੌਲਣਯੋਗ ਪਹਿਲੂ ਹੈ ਕਿ ਪੰਜਾਬ ਗਿਆ ਟਿੱਕਾ 'ਇਕਰ' ਨੂੰ ਆਪਣੀ ਮੁੰਦਰੀ ਬਣਾਉਂਦਾ ਹੈ ਪਰੰਤੂ ਆਪ ਹੀ ਆਪਣੀ ਮੁੰਦਰੀ ਨੂੰ ਚਾਚੇ ਚਾਹਲ ਦੀ ਉਂਗਲ 'ਚ ਪਾ ਦਿੰਦਾ ਹੈ। 'ਚਾਹਲ' ਦੀ ਮੌਤ ਉਪਰੰਤ ਉਹ ਪੌਲ ਦੀ ਉਂਗਲ 'ਚ ਮੁੰਦਰੀ ਪਾ ਵੀ ਦਿੰਦਾ ਹੈ ਅਤੇ ਓਹਲੇ 'ਚ ਸਬੰਧ ਵੀ ਭੋਗਦਾ ਹੈ। ਇਥੇ ਔਰਤ ਦੀ ਬੇਬਸੀ, ਔਰਤ ਦੀ ਵਿਯੋਗੀ ਹੋਂਦ ਦੀਆਂ ਜਜ਼ਬਾਤੀ ਤਰਬਾਂ ਨੂੰ ਅਟਵਾਲ ਖੂਬਸੂਰਤੀ ਨਾਲ ਸਿਰਜਦਾ ਹੈ। ਸਹਿਜ ਸੁਭਾਅ ਹੀ ਸਮਾਜ ਵਿਚ ਔਰਤ



ਨਾਲ ਹੁੰਦੀਆਂ ਸਮਾਜਿਕ ਬੇਇਨਸਾਫੀਆਂ ਤੇ ਧੱਕੇ ਉਸਦੀ ਮਾਨਵ ਹਿਤੈਸ਼ੀ ਸੰਵੇਦਨਾ ਨੂੰ ਝੰਜੋੜਦੇ ਹਨ। ਪੌਲ ਦੇ ਦੋ ਬੱਚਿਆਂ ਦੀ ਮਾਂ ਬਣਨ ਉਪਰੰਤ ਉਹ ਟਿੱਕੇ ਦੇ ਬੱਚੇ ਦੀ ਵੀ ਮਾਂ ਬਣਦੀ ਹੈ। ਪੌਲ ਇਹਨਾਂ ਸੰਬੰਧਾਂ ਨੂੰ ਇੰਝ ਲੈਂਦਾ ਹੈ ਜਿਵੇਂ ਬਿੱਲੀ ਮੂਹਰੇ ਦੁੱਧ ਦਾ ਕੌਲਾ ਪਿਆ ਹੋਵੇ ਤੇ ਉਹ ਅੱਖਾਂ ਮੀਟ ਜਾਵੇ। ਪੌਲ ਦਾ ਇੰਝ ਬੇਪ੍ਰਵਾਹ ਹੋਣ ਦਾ ਇਕ ਵੱਡਾ ਕਾਰਨ ਆਰਥਕਤਾ ਹੈ। ਇਕਰਾ ਜਿਸ ਬਿਊਟੀ ਪਾਰਲਰ ਵਿਚ ਕੰਮ ਕਰਦੀ ਹੈ ਟਿੱਕੇ ਦੀ ਆਰਥਿਕ ਮਦਦ ਨਾਲ ਉਸ ਨੂੰ ਪ੍ਰਾਪਤ ਕਰਕੇ ਖੁਦ ਮਾਲਕਣ ਬਣ ਜਾਂਦੀ ਹੈ। ਜਿਥੇ ਟਿੱਕਾ ਉਸਦੀ ਆਰਥਿਕ ਪੱਧਰ 'ਤੇ ਮਦਦ ਕਰਦਾ ਹੈ ਉਥੇ ਉਹ ਉਸਦੇ ਜਿਸਮ ਤੇ ਵੀ ਪੂਰੀ ਮਲਕੀਅਤ ਚਾਹੁੰਦਾ ਹੈ ਪਰ ਆਰਥਿਕ ਤੌਰ ਤੇ ਬਲਵਾਨ ਹੋ ਚੁੱਕੀ ਇਕਰਾਂ ਟਿੱਕੇ ਨੂੰ ਦੁੱਧ ਚੋਂ ਵਾਲ ਕੱਢਣ ਵਾਂਗ ਬਾਹਰ ਕੱਢ ਦਿੰਦੀ ਹੈ।

"ਮੈਂ ਮੁੰਦਰੀ ! ਮੁੰਦਰੀ ਡੌਂਟ ਕੌਮ ਦੀ ਮਾਲਕਣ, ਅੰਡਰਸਟੈਂਡ !"

ਉਸ ਨੂੰ ਤਾਂ ਇੰਨਾ ਹੀ ਗੁੱਸਾ ਸੀ ਕਿ ਮੁੰਦਰੀ ਪੈਸਾ ਆ ਜਾਣ ਕਰਕੇ ਬਦਲ ਗਈ ।

ਅਟਵਾਲ ਇਥੇ ਕਾਮੁਕ ਹਿੰਸਾ ਦੀ ਪ੍ਰਵਿਰਤੀ ਨੂੰ ਵੀ ਨਾਵਲੀ ਬਿਰਤਾਂਤ ਵਿਚ ਉਭਾਰਦਾ ਹੈ। ਇਕਰਾ, ਪੌਲ ਨਾਲ ਸੁਖੀ ਸੰਤੁਲਤ ਜੀਵਨ ਭੋਗਦੀ ਹੋਈ ਵੀ। ਆਪਣੇ ਪਤੀ ਤੋਂ ਬਾਹਰੇ ਸੰਬੰਧ ਬਣਾਉਂਦੀ ਹੈ। ਇਥੇ ਇਹ ਭੋਗ ਪੁਰਾਣੇ ਰਿਸ਼ਤੇ ਦੀ ਭਾਵਾਤਮਕ ਸੋਚ ਨਾਲ ਜੁੜਿਆ ਹੋਇਆ ਹੈ। ਇਹ ਸਥਿਤੀ ਦੋਹਾਂ ਨੂੰ ਭੋਗਦੀ ਅਵਸਥਾ ਵਿਚ ਪਹੁੰਚਾ ਦਿੰਦੀ ਹੈ। ਇਹ ਆਪਣੇ ਪ੍ਰੇਮੀ ਨੂੰ ਆਪਣੀ ਕੁੱਖ ਅੰਦਰ ਸਾਂਭਣ ਦੀ ਰੂੜੀ ਨਾਲ ਜਿਥੇ ਜੁੜੀ ਹੋਈ ਪਹੁੰਚ ਹੈ ਉਥੇ ਇਸ ਤੋਂ ਛੇਤੀ ਕਿਨਾਰਾ ਕਰਨ ਦੀ ਸੋਝੀ ਵੀ ਰੱਖਦੀ ਹੈ।

"ਟਿੱਕਾ ਜੀ ਲਾਟ ਪੰਜ ਸਾਲ ਦਾ ਹੋ ਗਿਆ, ਸਕੂਲ ਜਾਣ ਲੱਗਿਆ ਹੈ। ਹੁਣ ਮੈਂ ਉਸਦੀ ਹੋਰ ਸੰਭਾਲ ਨਹੀਂ ਕਰ ਸਕਦੀ, ਕਿਰਪਾ ਕਰਕੇ ਇਹਨੂੰ ਹੁਣ ਲੈ ਜਾਵੋ।"

"ਪੌਲ ਜਾਹ ਲਾਟ ਨੂੰ ਟਿੱਕੇ ਦੇ ਘਰ ਛੱਡ ਆ।"

ਨਾਵਲੀ ਬਿਰਤਾਂਤ ਵਿਚ ਔਰਤ ਦੀ ਪੀੜ੍ਹਾ ਤੇ ਮਰਦ ਦੇ ਕਾਮੁਕ ਸ਼ੋਸ਼ਣ ਨੂੰ ਵਿਸਤਰਤ ਵੇਰਵਿਆਂ ਰਾਹੀਂ ਮਾਨਸਿਕ ਪ੍ਰਸੰਗ ਵਿਚ ਚਿਤਰਿਆ ਗਿਆ ਹੈ। ਅਟਵਾਲ ਦੀ ਨਾਵਲੀ ਵਿਧਾ ਸੰਕਟਮਈ। ਸਥਿਤੀ ਚੋਂ ਰਹੱਸਮਈ ਰੂਪ 'ਚ ਉੱਭਰਦੀ ਹੈ। ਸਮੱਸਿਆ ਮੂਲਕ ਰਹੱਸ ਨਾਵਲ ਦੀ ਗਤੀ ਨਾਲ ਨਿਰੰਤਰਤਾ ਵਿਚ ਅੱਗੇ ਵਧਦਾ ਹੈ। ਪਾਠਕ ਵਿਚ ਉਤਸੁਕਤਾ ਜਗਾਉਣ ਦੀ ਕਲਾ ਅਟਵਾਲ ਵਿਚ ਹੈ। ਹਰਜੀਤ ਅਟਵਾਲ ਦੁਆਰਾ ਸਿਰਜਿਤ ਟੈਕਸਟ ਗਹਿਰ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ, ਜਿਸ ਵਿਚ ਉਸ ਦੇ ਚਿੰਤਨ ਤੇ ਚੇਤਨਾ ਦੇ ਬਹੁ-ਪਾਸਾਰਾਂ ਤੇ ਬਹੁ ਪਰਤਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ✪


ਰਜਨੀਸ਼ ਬਹਾਦਰ ਸਿੰਘ ਵਲੋਂ ਸੰਪਾਦਨਾ ਮੈਗਜ਼ੀਨ


**'ਪ੍ਰਵਚਨ' ਦਾ ਕਹਾਣੀ ਅੰਕ**

*ਸ਼ਾਮਿਲ ਕਹਾਣੀਆਂ ਤੇ ਕਹਾਣੀਕਾਰ:*ਵਿਦਿਸ਼ਾ ਦੀ ਬਸੰਤੀ/**ਮਨਮੋਹਨ ਬਾਵਾ**, ਇਕ ਮਰੇ ਬੰਦੇ ਦੀ ਕਹਾਣੀ/ **ਖਾਲਿਦ ਹੁਸੈਨ**, ਆਵਾਜ਼ਾਂ/ **ਜਿੰਦਰ**, ਜੰਗਲ/ **ਬਲਵਿੰਦਰ ਸਿੰਘ ਗਰੇਵਾਲ**, ਸਹਿਕਦਾ ਹੋਇਆ ਪਿੰਡ/ **ਬਲਬੀਰ ਪਰਵਾਨਾ**, ਸ਼ਾਕਾਹਾਰੀ/ **ਕੇਸਰਾ ਰਾਮ**, ਸੁੱਕੀਆਂ ਕੂੰਨਾਂ / **ਭਗਵੰਤ ਰਸੂਲਪੁਰੀ**, ਰੰਗ ਦੀ ਬਾਜ਼ੀ / **ਅਜਮੇਰ ਸਿੱਧੂ**, ਸਾਰਾ ਦਿਨ ਕੁੱਤੇ ਭਕਾਈ/**ਦੇਸ ਰਾਜ ਕਾਲੀ**, ਜ਼ਖ਼ਮ ਰਿਸਦਾ ਰਹੇਗਾ/**ਸੰਤੋਖ ਧਾਲੀਵਾਲ**, ਮੁਹੱਬਤਾਂ / **ਹਰਪ੍ਰੀਤ ਸੇਖਾ**, ਜਾਇਆਵਢੀ / **ਤ੍ਰਿਪਤਾ ਕੇ. ਸਿੰਘ**, ਆਤੰਕ / **ਬਲਦੇਵ ਸਿੰਘ ਢੀਂਡਸਾ**, ਧੀਏ ਤੂੰ ਵੀ ? / **ਮੁਖ਼ਤਿਆਰ ਸਿੰਘ**, ਠਰੀ ਅੱਗ ਦਾ ਸੇਕ/**ਜਸਪਾਲ ਮਾਨਖੇੜਾ**, ਸੱਤ ਦਿਨ / **ਸੁਖਰਾਜ ਧਾਲੀਵਾਲ**, ਮਿਹਣਾ / **ਗੁਰਸੇਵਕ ਸਿੰਘ ਪ੍ਰੀਤ** ਅਤੇ ਲਕੀਰ ਦੇ ਉਸ ਪਾਰ/**ਸਿਮਰਨ ਧਾਲੀਵਾਲ**

*ਪਰਚਾ ਪੜ੍ਹਨ ਲਈ ਸੰਪਰਕ ਕਰੋ*

***ਰਜਨੀਸ਼ ਬਹਾਦਰ ਸਿੰਘ***

**9, ਰਸੀਲਾ ਨਗਰ, ਜਲੰਧਰ ਮੁਬਾਇਲ 98148-60778**




**ਪੰਨੇ 216, ਮੁੱਲ 80 ਰੁਪਏ**

# ਮਨੁੱਖੀ ਮਨ ਦੀਆਂ ਮਹੀਨ ਪਰਤਾਂ ਦਾ ਬਿਰਤਾਂਤ: ਗ਼ਲਤ-ਮਲਤ ਜ਼ਿੰਦਗੀ/ -ਡਾ.ਪਰਗਟ ਸਿੰਘ

ਗ਼ਲਤ-ਮਲਤ ਜ਼ਿੰਦਗੀ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਰਾਹੀਂ ਪਰਗਟ ਸਿੰਘ ਸਤੌਜ ਦੀ ਇੱਕ ਕਹਾਣੀਕਾਰ ਵਜੋਂ ਛਾਪ ਹੋਰ ਗੂੜ੍ਹੀ ਹੋਈ ਹੈ।




ਮਨੋਵਿਗਿਆਨ ਨੇ ਵੀ ਇਸ ਸੱਚਾਈ ਨੂੰ ਮੰਨ ਲਿਆ ਕਿ ਬੱਚੇ ਵਿਚ ਬਚਪਨ ਤੋਂ ਹੀ ਕਾਮੁਕ ਖਿੱਚ ਹੁੰਦੀ ਹੈ ਭਾਵੇਂ ਮੁੱਢਲੇ ਸਮੇਂ ਵਿਚ ਉਹ ਵਿਰੋਧੀ ਲਿੰਗ ਦੀ ਬਜਾਏ ਆਪਣੇ ਕੁਝ ਸਰੀਰਕ ਅੰਗਾਂ ਤੱਕ ਸੀਮਤ ਰਹਿੰਦੀ ਹੈ ਪਰ ਅੱਗੇ ਜਾਕੇ ਵਿਰੋਧੀ ਲਿੰਗ ਪ੍ਰਤੀ ਰੁਚੀ ਜ਼ਰੂਰ ਜਾਗਦੀ ਹੈ ਜਿਵੇਂ **'ਛੱਲਾਂ'** ਕਹਾਣੀ ਵਿਚਲੇ ਦੀਪੀ ਦੀ ਆਪਣੇ ਗੁਆਂਢ ਰਹਿੰਦੇ ਪ੍ਰੀਤੀ ਦੇ ਪਰਿਵਾਰ ਨਾਲ ਗੂੜ੍ਹੀ ਸਾਂਝ ਹੈ। ਇਹ ਸਾਂਝ ਇੰਨੀ ਗੂੜ੍ਹੀ ਹੈ ਕਿ ਜਿਸ ਦਿਨ ਪ੍ਰੀਤੀ ਦਾ ਪਿਉ ਤੇ ਭਰਾ ਘਰ ਨਾ ਹੋਣ ਤਾਂ ਦੀਪੀ ਇੱਕ ਭਰਾ ਦੀ ਹੈਸੀਅਤ ਵਿੱਚ ਪ੍ਰੀਤੀ ਦੇ ਘਰ ਸੌਂਦਾ ਹੈ ਇਸ ਭੈਣ ਭਰਾ ਦੇ ਰਿਸ਼ਤੇ ਉੱਪਰ ਪ੍ਰੀਤੀ ਦੀ ਵਿਰੋਧੀ ਲਿੰਗ ਪ੍ਰਤੀ ਖਿੱਚ ਅਤੇ ਸਰੀਰਕ ਲੋੜ ਭਾਰੂ ਪੈਂਦੀ ਹੈ। ਉਹ ਆਨੇ-ਬਹਾਨੇ ਦੀਪੀ ਨੂੰ ਪਿਆਰ ਕਰਦੀ ਅੰਤ ਉੱਪਰ ਸਪੱਸ਼ਟ ਤੌਰ ਤੇ ਪਿਆਰ ਦਾ ਇਜ਼ਹਾਰ ਕਰ ਦਿੰਦੀ ਹੈ।ਪਰ ਦੀਪੀ ਸਮਾਜਕ ਸਿਸਟਮ ਤੇ ਵਰਜਨਾਵਾਂ ਦੇ ਡਰ ਤਹਿਤ ਕੁਝ ਇਸ ਤਰ੍ਹਾਂ ਸੋਚਦਾ ਹੈ। *"ਮੈਂ ਆਪਣੇ ਆਪ ਨੂੰ ਸੰਭਾਲਦਿਆਂ, ਉਸਦੀਆਂ ਬਾਹਾਂ ਆਪਣੇ ਨਾਲੋ ਵੱਖ ਕੀਤੀਆ। ਉਸਨੂੰ ਸਮਝਾਉਣ ਲੱਗ ਪਿਆ, "ਦੇਖ ਪ੍ਰੀਤੀ ! ਮੈਂ ਤੈਨੂੰ ਆਪਣੀ ਭੈਣ ਸਮਝਿਐ, ਇਹ ਕਦੇ ਵੀ ਨੀ ਹੋ ਸਕਦਾ।" ਗ਼ਲਤ -ਮਲਤ ਜ਼ਿੰਦਗੀ, ਪੰਨਾ-71*

ਸਾਡੇ ਅਜੋਕੇ ਸਿਸਟਮ ਵਿਚ ਰਿਸ਼ਤਾ ਨਾਤਾ ਪ੍ਰਬੰਧ ਪ੍ਰਤੀ ਸੋਚ ਨਿਰੰਤਰ ਤਬਦੀਲ ਹੋ ਰਹੀ ਹੈ ਇਹ ਕਹਾਣੀ ਇਸਦੀ ਇੱਕ ਉੱਤਮ ਮਿਸਾਲ ਹੈ ਕਿ ਜਿੱਥੇ ਪਹਿਲਾ ਪਿੰਡ ਦੀ ਧੀ, ਭੈਣ ਸਾਰੇ ਪਿੰਡ ਦੀ ਸਾਂਝੀ ਧੀ ਭੈਣ ਹੁੰਦੀ ਸੀ। ਫਿਰ ਲਾਣੇ (ਮੁਹੱਲੇ) ਦੀ ਧੀ ਭੈਣ ਸਾਂਝੀ ਸੀ। ਪਰੰਤੂ ਅਜੋਕੇ ਸਮੇਂ 'ਚ ਤਾਂ ਨੇੜਲੇ ਰਿਸ਼ਤਿਆਂ ਵਿਚ ਵੀ ਤਰੇੜ ਪੈ ਗਈ ਜਾਪਦੀ ਹੈ। ਅਸਲ ਵਿਚ ਇਹ ਕਹਾਣੀ ਇੱਕਲੇ ਦੀਪੀ ਜਾਂ ਪ੍ਰੀਤੀ ਦੀ ਨਾ ਹੋਕੇ ਬਹੁਤ ਸਾਰੇ ਸਾਡੇ ਵਰਗੇ ਪਾਤਰਾਂ ਦੀ ਕਹਾਣੀ ਹੈ ਜਿਨ੍ਹਾਂ ਨੂੰ ਜ਼ਿੰਦਗੀ ਦੇ ਕਿਸੇ ਮੋੜ ਤੇ ਅਜਿਹੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**'ਯੁੱਧ ਦਾ ਅੰਤ'** ਕਹਾਣੀ ਜ਼ਿੰਦਗੀ ਦੇ ਦੋ ਮੋਰਚਿਆਂ ਤੇ ਲੜਦੇ 'ਮੈਂ' ਪਾਤਰ ਦੀ ਕਹਾਣੀ ਹੈ। ਉਸ ਦੀ ਜ਼ਿੰਦਗੀ ਦਾ ਪਹਿਲਾ ਮੋਰਚਾ ਉਸ ਦਾ ਨਿਮਨ ਜਾਤ 'ਚ ਪੈਦਾ ਹੋਣਾ ਤੇ ਲੱਗਦਾ ਹੈ। ਜਿਸ ਕਾਰਨ ਉਸ ਦਾ ਬਚਪਨ, ਜੁਆਨੀ, ਪੜ੍ਹਾਈ ਆਦਿ ਆਰਥਿਕ ਕੰਗਾਲੀ ਕਾਰਨ ਖਾਧੇ ਜਾ ਚੁੱਕੇ ਹਨ। *"ਮਜ਼ਹਬੀਆਂ ਰਵੀਦਾਸੀਆਂ ਦੇ ਜਵਾਨੀ ਦੇ ਦਿਨ ਨੀ ਹੁੰਦੇ।" ਜਵਾਨੀ ਮੇਰੇ ਆਪਣੇ ਲਈ ਤਾਂ ਚੜ੍ਹੀ ਹੀ ਨਹੀਂ, ਬੱਸ ਜ਼ਿੰਮੀਦਾਰਾਂ ਲਈ ਹੀ ਚੜ੍ਹੀ ਸੀ। ਮੇਰੀ ਜਵਾਨੀ ਦਾ ਸਾਰਾ ਤਿਓ ਤਾਂ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਹੀ ਰੁਲ਼ ਗਿਆ ਸੀ।" ਗ਼ਲਤ-ਮਲਤ ਜ਼ਿੰਦਗੀ, ਪੰਨਾ-10* ਪਰ ਪੇਟ ਦੀ ਭੁੱਖ ਅਤੇ ਨਸ਼ੇ ਦੀ ਕਮਜ਼ੋਰੀ ਕਾਰਣ ਉਹ ਰਾਣੀ ਨੂੰ ਘਰ ਤੋਂ ਬਾਹਰ ਵੇਸ਼ਵਾਪੁਣੇ ਵਰਗੇ ਕਾਰਜ ਲਈ ਭੇਜਣ ਦੀ ਸਹਿਮਤੀ ਦੇ ਕੇ ਆਪਣੇ ਮਨ ਵਿਚ ਭੁੱਖ ਅਤੇ ਇੱਜ਼ਤ ਵਿਚਲੇ ਚਲ ਰਹੇ ਯੁੱਧ ਦਾ ਅੰਤ ਭੁੱਖ ਦੇ ਹੱਕ 'ਚ ਕਰਨ ਦਾ ਫ਼ੈਸਲਾ ਦੇ ਦਿੰਦਾ ਹੈ। ਸ਼ਪੱਸ਼ਟ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਨਜ਼ਾਇਜ਼ ਰਿਸ਼ਤੇ ਉਸਰਨ ਦਾ ਇਕ ਅਹਿਮ ਕਾਰਨ ਰਿਸ਼ਤਿਆਂ ਵਿਚਲੀ ਅਨਜੋੜਤਾ ਹੈ ਉਥੇ ਆਰਥਿਕ ਮੰਦਹਾਲੀ ਵੀ



ਅਜਿਹੇ ਰਿਸ਼ਤੇ ਉਸਰਨ 'ਚ ਅਹਿਮ ਰੋਲ ਨਿਭਾਉਂਦੀ ਪ੍ਰਤੀਤ ਹੁੰਦੀ ਹੈ।

ਮਨੁੱਖੀ ਮਨ ਸਰੀਰਕ ਅਤੇ ਮਾਨਸਿਕ ਲੋੜਾਂ ਦੀ ਅਪੂਰਤੀ ਵਜੋਂ ਗਲਤ ਕਦਮ ਉਠਾਉਂਦਾ ਹੈ। ਅਜਿਹੇ ਗਲਤ ਕਦਮਾਂ ਦਾ ਨਤੀਜਾ ਅਕਸਰ ਆਤਮ ਹੱਤਿਆ ਦੇ ਰੂਪ ' ਚ ਨਿਕਲਦਾ ਹੈ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਅਕਸਰ ਆਤਮ-ਹੱਤਿਆ ਹੀ ਸਮਝਿਆ ਜਾਂਦਾ ਹੈ। ਜਿਵੇਂ **'ਫਿੱਤੂ ਟੁੰਡਾ ਉਰਫ ਫ਼ਤਿਹ ਸਿੰਘ'** ਕਹਾਣੀ ਵਿਚਲਾ ਫਿੱਤੂ ਵੀ ਘਰ ਵਿੱਚ ਵੱਡਾ ਹੋਣ ਦੇ ਨਾਤੇ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਵਾਲਾ ਕਮਾਊ ਪੁੱਤਰ ਹੈ। ਜਿਸਨੇ ਆਪ ਤੋਂ ਛੋਟੇ ਭਰਾਵਾਂ ਨੂੰ ਪੜ੍ਹਨ ਪਾਕੇ ਆਪ ਸਖਤ ਮਿਹਨਤ ਕੀਤੀ । ਪਰ ਜ਼ਿੰਦਗੀ 'ਚ ਇੱਕ ਪੜਾਅ ਉਪਰ ਸਕੇ ਮਾਂ ਜਾਏ ਭਰਾ ਹੀ ਉਸ ਨੂੰ ਉਲਟਾ ਬੇਈਮਾਨ ਤੱਕ ਕਹਿ ਦਿੰਦੇ ਹਨ। ਅਜਿਹੇ ਹਲਾਤਾਂ ਵਿਚ ਫਿੱਤੂ ਮਾਨਸਿਕ ਤੌਰ ਤੇ ਪ੍ਰੇਸ਼ਾਨ ਹੋ ਮਰਨ ਦਾ ਫੈਸਲਾ ਕਰ ਲੈਂਦਾ ਹੈ। ਇਸ ਕਾਰਜ ਲਈ ਉਹ ਪਿੰਡ ਕੋਲੋਂ ਲੰਘਦੀ ਗੱਡੀ ਦੀ ਪੱਟੜੀ ਨੂੰ ਚੁਣਦਾ ਹੈ। ਪਰ ਪੱਟੜੀ ਕੋਲ ਪਹੁੰਚਣ ਤੇ ਜਦੋਂ ਆਪਣੇ ਜੀਵਨ ਤੇ ਪਿਛਲਝਾਤ ਪਾਉਂਦਾ ਹੈ ਤਾਂ ਅਨੇਕਾਂ ਤਰ੍ਹਾਂ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਇਹਨਾਂ ਗੱਲਾਂ ਨੂੰ ਯਾਦ ਕਰਦੇ ਸਮੇਂ ਹੀ ਉਸ ਦੁਆਰਾ ਪੜ੍ਹੀਆਂ ਅਨੇਕਾਂ ਪੁਸਤਕਾਂ ਵਿਚਲੇ ਪਾਤਰਾਂ ਦੀਆਂ ਹੇਠ ਲਿਖਿਆਂ ਅਵਾਜ਼ਾਂ ਉਸ ਨੂੰ ਮਰਨ ਵਾਲੇ ਕੋਝੇ ਕਾਰਜ ਤੋਂ ਰੋਕ ਲੈਂਦੀਆਂ ਹਨ। ਉਪਰੋਕਤ ਕਹਾਣੀ ਦਾ ਇਕ ਅਹਿਮ ਪਾਸਾਰ ਸਾਡੇ ਅਜੋਕੇ ਤੰਗ-ਦਿਲੀ ਅਤੇ ਮਾਨਸਿਕ ਪ੍ਰੇਸ਼ਾਨੀਆਂ ਵਾਲੇ ਜੀਵਨ 'ਚ ਸਾਹਿਤ ਦੀ ਅਹਿਮੀਅਤ ਨੂੰ ਯਥਾਰਵਾਦੀ ਤਰੀਕੇ ਨਾਲ ਪ੍ਰਗਟਾਉਣਾ ਹੈ ਕਿ ਕਿਸ ਤਰ੍ਹਾਂ ਸਹਿਤ ਦੀ ਓਟ ਲੈ ਕੇ ਵਿਅਕਤੀ ਕੁਝ ਗੰਭੀਰ, ਆਤਮ ਹੱਤਿਆਵਾਂ ਵਰਗੀਆਂ ਸਮੱਸਿਆਵਾਂ ਤੋਂ ਨਿਜਾਤ ਪਾਕੇ ਇਕ ਸਿਹਤਮੰਦ ਤੇ ਗੌਰਵਮਈ ਜੀਵਨ ਬਤੀਤ ਕਰ ਸਕਦਾ ਹੈ।

ਦੇਸ਼ ਆਜ਼ਾਦੀ ਦਾ ਦਿਹਾੜਾ ਜਿੱਥੇ ਖੁਸ਼ੀਆਂ ਲੈ ਕੇ ਆਇਆ ਹੈ। ਉਥੇ ਪੰਜਾਬ ਵੰਡ ਦਾ ਵਰਤਾਰਾ ਅਜਿਹਾ ਦੁਖਾਂਤ ਸਿਰਜ ਗਿਆ ਜਿਹੜਾ ਦਹਾਕਿਆਂ ਬਾਅਦ ਵੀ ਪੰਜਾਬੀ ਜਨ-ਮਾਨਸ ਦੇ ਮਨ ਵਿਚ ਖੁੱਭਿਆ ਪਿਆ ਹੈ। ਪੰਜਾਬੀ ਸਾਹਿਤ ਖਾਸ ਕਰਕੇ ਪੰਜਾਬੀ ਕਹਾਣੀ ਵਿਚ ਇਸ ਅਭੁੱਲਣਯੋਗ ਕਾਂਡ/ ਵਰਤਾਰੇ ਵਾਰੇ ਜਿੰਨੀਆਂ ਕੁ ਕਹਾਣੀਆਂ ਲਿਖੀਆ ਗਈਆਂ ਹਨ। ਉਹਨਾਂ 'ਚ ਹਰ ਕਹਾਣੀ ਪੜ੍ਹਨ ਤੋਂ ਬਾਅਦ ਲੱਗਦਾ ਹੈ ਕਿ ਦੁਖਾਂਤ ਦਾ ਉਹ ਵਰਤਾਰਾ ਸੰਪੂਰਨ ਤੌਰ ਤੇ ਚਿਤਰਿਆ ਨਹੀ ਗਿਆ ਸਗੋਂ ਅਧੂਰਾ ਰਹਿ ਗਿਆ ਹੈ। **'ਹਨੇਰੇ ਦਾ ਸਫ਼ਰ'** ਕਹਾਣੀ ਵੀ ਪੰਜਾਬ ਵੰਡ ਦੇ ਦੁਖਾਂਤਕ ਵੇਰਵਿਆਂ ਦਾ ਮਾਰਮਿਕ ਚਿੱਤਰ ਉਸਾਰਦੀ ਹੈ। ਕਹਾਣੀ ਦੀ ਖ਼ਾਸੀਅਤ ਇਹ ਹੈ ਕਿ ਕਹਾਣੀ ਵਿਚ ਭਾਰਤੀ ਪੰਜਾਬ 'ਚ ਮੁਸਲਮਾਨਾਂ ਉਪਰ ਹੋਏ ਜ਼ੁਲਮ, ਵਿਰੋਧੀ ਧਰਮ ਦੇ ਕੁਝ ਲੋਕਾਂ ਦੇ ਭਰਾਤਰੀ ਭਾਵ, ਆਪਣੇ ਹੀ ਫਿਰਕੇ ਦੇ ਲੋਕਾਂ ਦੀ ਕੰਮੀਨੀ ਸੋਚ, ਸਿਆਸੀ ਲੋਕਾਂ ਦੀਆਂ ਲੂੰਬੜ ਚਾਲਾ, ਮਾਵਾਂ ਦਾ ਪੁੱਤਾ ਦੇ ਮੋਹ ਤੋਂ ਮਜ਼ਬੂਰੀ ਵੱਸ ਵਿਰਵੇ ਹੋਣਾ ਆਦਿ ਦੇ ਮਾਰਮਿਕ ਵੇਰਵੇ ਇਕੋ ਸਮੇਂ ਉਪਜਦੇ ਹਨ। ਕਹਾਣੀ ਵਿਚਲੇ ਨੌਹਰ ਦਾ ਪਿੰਡ ਤੋਂ ਉਜੜ ਬਰਮਾਨੀ ਪਹੁੰਚਣਾ ਉਥੇ ਦੇ ਜ਼ੈਲਦਾਰ ਦਾ ਧੀਆਂ, ਭੈਣਾਂ ਦੀ ਇੱਜ਼ਤ ਲੁੱਟਣੀ ਆਦਿ ਇਨਸਾਨੀਅਤ ਦਾ ਇੱਕ ਨਵਾਂ ਰੂਪ ਸਾਹਮਣੇ ਲਿਆਉਂਦਾ ਹੈ।

ਕਹਾਣੀ 'ਚ ਜਿੱਥੇ ਛੱਜੂ ਵਰਗੇ ਪਾਤਰ ਮੁਸਲਮਾਨ ਨੌਹਰ ਦੀ ਬਾਂਹ ਫੜਦੇ ਹਨ ਉਥੇ ਕਰਮਦੀਨ ਵਰਗੇ ਮੁਸਲਮਾਨ ਆਪਣੇ ਹੀ ਫ਼ਿਰਕੇ ਤੇ ਰਿਸ਼ਤੇਦਾਰ ਨੌਹਰ ਨੂੰ ਧੋਖਾ ਦਿੰਦੇ ਹਨ। ਇਸੇ ਤਰ੍ਹਾਂ ਜਿੱਥੇ ਬਰਮਾਲੀ ਦਾ ਜ਼ੈਲਦਾਰ ਧੋਖੇ ਨਾਲ ਨੌਹਰ ਦੇ ਪਿੰਡ ਦੀ ਲੁੱਟ ਕਰਵਾਉਂਦਾ ਹੈ। ਉਥੇ ਭਾਨੇ ਤੇ ਹਜ਼ੂਰੇ ਵਰਗੇ ਪਾਤਰ ਨੌਹਰ ਦੀ ਬਾਂਹ ਹੀ ਨਹੀ ਫੜਦੇ ਸਗੋਂ ਉਸ ਦੇ ਹੱਕ (ਵਿਆਹ) ਉਪਰ ਰਿਸ਼ਤੇਦਾਰਾਂ ਵਾਂਗ ਪਹੁੰਚਦੇ ਹਨ, ਕਹਾਣੀ ਦੇ ਅੰਤ ਉਪਰ ਨੌਹਰ ਦਾ ਭਰਾ ਜੋ ਹੱਲਿਆਂ ਵੇਲੇ ਬਚ ਪਾਕਿਸਤਾਨ ਚਲਾ ਗਿਆ ਸੀ ਉਸਦੀ ਪੋਤਰੀ ਦਾ ਮੈਂ ਪਾਤਰ ਦੁਆਰਾ ਨੌਹਰ ਨਾਲ ਮੇਲ ਕਰਵਾਉਣਾ ਦੁਖਾਂਤਕ ਕਹਾਣੀ ਦੇ ਸੁਖਾਂਤਕ ਅੰਤ ਵੱਲ ਇਸ਼ਾਰਾ ਕਰਦਾ ਹੈ।

ਅਜੋਕੇ ਪਦਾਰਥਵਾਦੀ ਯੁੱਗ ਵਿਚ ਮਨੁੱਖ ਮੋਹ ਦੀਆਂ ਤੰਦਾਂ ਤੋਂ ਵਿਰਵਾ ਹੋ ਕੇ ਪਦਾਰਥਕ ਮੁਖੀ ਸੋਚ ਦਾ ਮਾਲਕ ਬਣਦਾ ਜਾ ਰਿਹਾ ਹੈ। ਉਸ ਲਈ ਖ਼ੂਨ ਦੇ ਰਿਸ਼ਤਿਆਂ ਦੀ ਅਹਿਮੀਅਤ ਦੀ ਬਜਾਏ ਇਹਨਾਂ ਰਿਸ਼ਤਿਆਂ ਉਪਰ ਭਾਰੂ ਪੈਂਦੀ ਪਦਾਰਥਕ ਸੋਚ ਦਾ ਗ੍ਰਹਿਣ ਲੱਗ ਗਿਆ ਹੈ। ਜਿਵੇਂ **'ਗ਼ਲਤ-ਮਲਤ ਜ਼ਿੰਦਗੀ'** ਕਹਾਣੀ ਵਿਚਲੇ ਮੈਂ ਪਾਤਰ ਅਤੇ ਮੱਖਣ ਦਾ ਆਪਸੀ ਸਕੇ ਭਰਾਵਾਂ ਵਾਲਾ ਖ਼ੂਨ ਦਾ ਰਿਸ਼ਤਾ ਵੀ ਪੈਸਾ ਕੇਂਦਰਤ ਸੋਚ ਨੇ ਖਾ ਲਿਆ ਹੈ। ਮੱਖਣ ਆਪਣੇ ਛੋਟੇ ਭਰਾ ਨਾਲ ਘਰ ਦੀ ਜ਼ਮੀਨ ਜਾਇਦਾਦ ਦੀ ਵੰਡ ਸਮੇਂ ਧੱਕਾ ਕਰਦਾ ਹੈ ਤਾਂ ਇਹ ਵੈਰ-ਵਿਰੋਧ ਵਾਲਾ ਰਵੱਈਆ ਅੱਗੇ ਜਾਕੇ ਇਕ ਦੂਜੇ ਦੀ ਜਾਨ ਦਾ ਵੈਰੀ ਬਣਨ ਤੱਕ ਦੀ ਨੌਬਤ ਲੈ ਆਉਂਦਾ ਹੈ। *"ਜਦ ਕੰਧ ਦੀ ਲੜਾਈ ਪਿੱਛੇ ਵੱਡਾ ਮੇਰੇ ਸੁੱਤੇ ਪਏ ਦੇ ਸਿਰ ਵਿਚ ਗੰਡਾਸਾ ਮਾਰ ਗਿਆ ਸੀ। ਉਹ ਆਇਆ ਤਾਂ ਮੈਨੂੰ ਮਾਰਨ ਦੇ ਇਰਾਦੇ ਨਾਲ ਹੀ ਸੀ ਪਰ ਨਿਸ਼ਾਨਾ ਗ਼ਲਤ ਲੱਗਣ ਕਾਰਨ ਮੈਂ ਛੇਤੀ ਨਾਲ ਉੱਠ ਕੇ ਪਰ੍ਹਾਂ ਹੋ ਗਿਆ। ਉਹ ਉਹਨੀਂ ਪੈਰੀਂ ਵਾਪਸ ਦੌੜ ਗਿਆ ਸੀ।" ਗ਼ਲਤ-ਮਲਤ ਜ਼ਿੰਦਗੀ, ਪੰਨਾ-47*

ਪੁਸਤਕ ਦੇ ਸਿਰਲੇਖ ਵਾਂਗ ਅਜੋਕੀ ਜ਼ਿੰਦਗੀ ਅਸਲ 'ਚ ਹੀ ਗ਼ਲਤ-ਮਲਤ ਹੋਈ ਪਈ ਹੈ। ਇਸ ਸਮੇਂ ਠੀਕ ਗਲਤ ਦੀ ਚੋਣ ਕਰ ਪਾਉਣਾ ਬੇਹੱਦ ਹੀ ਮੁਸ਼ਕਿਲ ਹੋਇਆ ਪਿਆ ਹੈ। ਅਜਿਹੇ ਹਲਾਤਾਂ 'ਚ ਕੁਝ ਵਿਅਕਤੀ ਸੱਤਾ ਅਤੇ ਪੈਸੇ ਦੇ ਜ਼ੋਰ ਤੇ ਆਪਣੀਆਂ ਮਾੜੀਆਂ ਕਰਤੂਤਾਂ ਦਾ ਭਾਂਡਾ ਕਿਸੇ ਗਰੀਬ ਦੇ ਸਿਰ ਫੋੜ ਮੁੜ ਸੁਰਖ਼ਰੂ ਹੋ ਕੇ ਉਲਟਾ ਦੂਜੇ ਗਰੀਬ ਵਿਅਕਤੀ ਨੂੰ ਦੋਸ਼ੀ ਠਹਿਰਾਅ ਆਪ ਲੋਕਾਂ ਦਾ ਹਮਦਰਦ ਅਖਵਾਉਣ ਦਾ ਢੌਂਗ ਰਚਦੇ ਹਨ। ਜਿਨ੍ਹਾਂ ਨੂੰ ਸਾਡਾ ਸਮਾਜ ਬਿਨ੍ਹਾਂ ਕਿਸੇ ਤਰਕ ਦੀ ਕਸਵੱਟੀ ਤੇ ਪਰਖੇ ਅਤੇ ਸਮਝੇ ਉਹਨਾਂ ਨੂੰ ਆਪਣੀਆਂ ਸਿਰ ਅੱਖਾ ਤੇ ਬਿਠਾ ਲੈਂਦਾ ਹੈ। ਕੁਝ ਅਜਿਹਾ ਹੀ **'ਰਾਤ ਕਦੋਂ ਬੀਤੇਗੀ'** ਕਹਾਣੀ ਵਿਚ ਵਾਪਰਦਾ ਹੈ। ਜਦੋਂ ਕਹਾਣੀ ਵਿਚਲਾ ਜੇਠੂ ਜ਼ਿੰਦਗੀ ਦੇ ਇੱਕ ਪੜਾਅ ਉਪਰ ਪਹੁੰਚ ਕੇ ਨੌਕਰੀ, ਸੀਰੀ ਤੋਂ ਸਫ਼ਰ ਤੈਅ ਕਰਦਾ ਇਕ ਦਿਹਾੜੀਦਾਰ ਕਾਮੇ ਤਕ ਪਹੁੰਚ ਜਾਂਦਾ ਹੈ। ਜੇਠੂ ਜਦੋਂ ਇਸ ਪੜਾਅ ਉਪਰ ਸ਼ੈਲਰ 'ਚ ਰਾਤ ਦੀ ਚੌਕੀਦਾਰੀ ਦੀ ਡਿਊਟੀ ਕਰਦਾ ਇਕ ਦਿਨ ਸਵੇਰੇ ਘਰ ਵਾਪਸ ਆ ਰਿਹਾ ਹੁੰਦਾ ਹੈ ਤਾਂ ਰਸਤੇ ਵਿਚ ਸਟੇਸ਼ਨ ਲੰਘ ਡਾਕਖਾਨੇ ਕੋਲ ਤਿੰਨ ਨੌਜਵਾਨ ਮੁੰਡੇ ਇਕ ਲੜਕੀ ਨਾਲ ਬਲਾਤਕਾਰ ਕਰ ਰਹੇ ਹੁੰਦੇ ਹਨ। ਇਸ ਸਮੇਂ ਜੇਠੂ ਇਨਸਾਨੀਅਤ ਦਾ ਪੁੰਜ ਬਣ ਉਸ ਲੜਕੀ (ਪ੍ਰੀਤ) ਦੀ ਮੱਦਦ ਤੇ ਪਹੁੰਚ ਜਾਂਦਾ ਹੈ।ਪ੍ਰੰਤੂ ਨੌਜਵਾਨ ਬਲਾਤਕਾਰ ਦੇ ਸਬੂਤ ਦਾ ਖੁਰਾ ਖੋਜ ਮਿਟਾਉਣ ਲਈ ਲੜਕੀ ਦਾ ਕਤਲ ਕਰ ਦਿੰਦੇ ਹਨ। ਕਹਾਣੀ ਰਾਹੀਂ ਪਤਾ ਲੱਗਦਾ ਹੈ ਕਿ ਅਸਲ ਵਿਚ ਤਕੜੇ ਦਾ ਛੱਤੀ ਵੀਹੀਂ ਸੌ ਵਾਲਾ ਟੋਟਕਾ ਸਹੀ ਉਤਰ ਦਾ ਦਿਖਾਈ ਦਿੰਦਾ ਹੈ ਕਿ ਕਿਸ ਤਰ੍ਹਾਂ ਮੱਦਦਗਾਰ ਵਿਅਕਤੀ ਕਾਤਲ ਅਤੇ ਕਾਤਲ ਸ਼ਹੀਦ ਦਾ ਦਰਜਾ ਪ੍ਰਾਪਤ ਕਰ ਜਾਂਦਾ ਹੈ।

ਘੱਟ ਜ਼ਮੀਨਾਂ ਦੇ ਮਾਲਕ ਹੋਣਾ ਤੇ ਮਾੜੀ ਆਰਥਿਕਤਾ ਨੂੰ ਹੀ ਆਮ ਤੌਰ ਤੇ ਪੰਜਾਬ ਦੇ ਕਿਸਾਨਾ ਦੁਆਰਾ ਆਤਮ-ਹੱਤਿਆ ਕਰਨ ਦਾ ਮੂਲ ਕਾਰਨ ਸਮਝਿਆ ਜਾਂਦਾ ਹੈ । ਕਹਾਣੀਕਾਰ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਸਨੇ ਮਾੜੀ ਆਰਥਿਕਤਾ ਪਿਛਲੇ ਕਾਰਨਾਂ ਨੂੰ ਸਤਹ ਤੇ ਲਿਆ ਕੇ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਘੱਟ ਜ਼ਮੀਨੇ ਹੋਣਾ ਹੀ ਸਮੱਸਿਆ ਨਹੀਂ ਸਗੋਂ ਹੋਰ ਵੀ ਅਨੇਕਾਂ ਸਮੱਸਿਆਵਾਂ ਹਨ ਜਿਵੇਂ ਕਿਸਾਨ ਪਰਿਵਾਰਾਂ ਵੱਲੋਂ ਵਿਆਹਾਂ ਉੱਪਰ ਕੀਤਾ ਜਾਂਦਾ ਵਿੱਤੋਂ ਬਾਹਰਾ ਖਰਚਾ ਕਰਜ਼ਾ ਚੜ੍ਹਨ ਦੀ ਸਮੱਸਿਆ ਦਾ ਮੂਲ ਕਾਰਨ ਬਣਦਾ ਹੈ। ਵਿਆਹ ਤੋਂ ਬਾਅਦ ਉਸਰੇ ਨਵੇਂ ਰਿਸ਼ਤਿਆਂ ਦਾ ਕਿਸੇ ਤਣ-ਪੱਤਣ ਨਾ ਲੱਗਣਾ ਵੀ ਮਾਨਸਿਕ ਪ੍ਰੇਸ਼ਾਨੀ ਸਬੱਬ ਬਣਦਾ ਹੈ। ਜਿਵੇਂ **'ਖ਼ੋਰਾ'** ਕਹਾਣੀ ਵਿਚਲੇ ਮੈਂ ਪਾਤਰ ਦੁਆਰਾ ਪਹਿਲੇ ਵਿਆਹ ਦੀ ਅਸਫ਼ਲਤਾ ਤੋਂ ਬਾਅਦ ਦੂਜਾ ਵਿਆਹ ਕਰਵਾਉਣ ਅਤੇ ਨਵੀਂ ਪਤਨੀ ਗੁਰਮੀਤ ਦਾ ਖਰਚੀਲਾ ਸੁਭਾਅ ਉਸ ਨੂੰ ਆਰਥਿਕ ਕੰਗਾਲੀ ਵੱਲ ਧੱਕ ਦਿੰਦਾ ਹੈ। *"ਗੁਰਮੀਤ ਨੇ ਤਾਂ ਘਰ ਨੂੰ ਤੰਗਲੀ ਹੀ ਲਾ ਦਿੱਤੀ ਸੀ। ਉਹ ਜਿੰਨੀ ਸੋਹਣੀ ਸੀ*



*ਖਰਚਾ ਕਰਨ 'ਚ ਹੱਥ ਵੀ ਉਸਦਾ ਓਨਾ ਹੀ ਖੁੱਲ੍ਹਾ ਸੀ। ਸੁਰਖੀ, ਪਾਊਡਰ, ਕਰੀਮਾਂ ਨਵੇਂ ਤੋਂ ਨਵੇਂ ਮਹਿੰਗੇ ਸੂਟ ਖਰੀਦਣ ਨੂੰ ਉਹ ਹੱਕ-ਧੱਕ ਨਾ ਕਰਦੀ ।" ਗ਼ਲਤ-ਮਲਤ ਜ਼ਿੰਦਗੀ, ਪੰਨਾ-26* **'ਖ਼ੋਰਾ'** ਕਹਾਣੀ ਸਮੁੱਚੇ ਪੰਜਾਬ ਦੇ ਕਿਸਾਨਾਂ ਦੀ ਕਹਾਣੀ ਹੈ ਜੋ ਰਾਹੋਂ ਭਟਕ ਕਈ ਤਰ੍ਹਾਂ ਦੀਆਂ ਸਮੱਸਿਆਵਾਂ 'ਚ ਗ੍ਰਸ਼ੇ ਨਸ਼ੇ ਦੇ ਆਦੀ ਹੋ ਮਾਨਸਿਕ ਤੌਰ ਤੇ ਟੁੱਟ ਭੱਜ ਦਾ ਸ਼ਿਕਾਰ ਹੋਏ ਆਤਮ ਹੱਤਿਆ ਵਰਗੇ ਰਸ਼ਤੇ ਅਪਨਾ ਲੈਂਦੇ ਹਨ।

ਜੇਠ ਹਾੜ੍ਹ ਦੀਆਂ ਧੁੱਪਾਂ ਜੱਟਾਂ ਦੀ ਸਖ਼ਤ ਮਿਹਨਤ ਵਾਲੀ ਜ਼ਿੰਦਗੀ ਤੋਂ ਮੁਨਕਰ ਹੋ ਸਾਧ ਬਣਨ ਦੀ ਬਾਤ ਪਾਉਂਦੀਆਂ ਹਨ। ਪਰ **'ਜਾਗ'** ਕਹਾਣੀ ਦਾ ਰਾਮੂ ਆਪਣੇ ਘਰ ਦੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਦਾ ਮਾਰਾ ਇਹਨਾਂ ਕਰੂਰ ਹਾਲਤਾਂ ਤੋਂ ਭੱਜ ਕੇ ਸਾਧ ਬਣ ਜਾਂਦਾ ਹੈ। ਇਹਨਾਂ ਆਰਥਿਕ ਤੰਗੀਆਂ ਪਿੱਛੇ ਉਹੀ ਆਮ ਕਾਰਨ ਉੱਭਰਦਾ ਹੈ। ਜੱਟਾਂ ਦਾ ਘੱਟ ਜ਼ਮੀਨੇ ਹੋਣਾ, ਕੁੜੀਆਂ ਦੇ ਵਆਹ ਉਪਰ ਚੁੱਕਿਆ ਕਰਜ਼ਾ ਆਦਿ ਪਰ ਕਹਾਣੀਕਾਰ ਨੇ ਇਨ੍ਹਾਂ ਆਰਥਿਕ ਤੰਗੀਆਂ ਤੋਂ ਇਲਾਵਾ ਅਜੋਕੇ ਯੁੱਗ ਦੀ ਇਕ ਨਵੀਂ ਪਰਤ ਵੀ ਖੋਲ੍ਹੀ ਹੈ। ਕਹਾਣੀਕਾਰ ਰਾਮੂ ਨੂੰ ਉਸ ਸੰਘਰਸ਼ਸ਼ੀਲ ਲਹਿਰ ਨਾਲ ਜੋੜ ਕੇ ਵਿਹਲੇ ਮੰਗ ਖਾਣ ਵਾਲੀ ਸਾਧ ਦੀ ਜ਼ਿੰਦਗੀ ਨੂੰ ਨਕਾਰਦਾ ਹੈ।

ਸਮਾਜ ਮਨੁੱਖ ਕੋਲੋਂ ਸਵੈ-ਬੰਦਿਸ਼ਾਂ ਦੀ ਮੰਗ ਕਰਦਾ ਹੈ। ਸਮਾਜ ਅਜਿਹੀਆਂ ਮਨੁੱਖੀ ਸਵੈ ਬੰਦਿਸ਼ਾਂ ਦੇ ਕਾਰਨ ਹੀ ਹੋਂਦ ਗ੍ਰਹਿਣ ਕਰਦਾ ਹੈ। ਪ੍ਰੰਤੂ ਮਨੁੱਖ ਮਨ ਪਾਰੇ ਵਾਂਗ ਡੋਲਦੀ ਪ੍ਰਸਥਿਤੀ ਵਿਚ ਵਿਚਰਦਾ ਹੈ। ਜਿਸ ਦੀ ਥਾਹ ਪਾਉਣੀ ਜੇ ਨਾਮੁਨਕਿਨ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਮਨੁੱਖੀ ਮਨ ਦੀ ਸੁਪਰ ਈਗੋ ਜਿੱਥੇ ਸਮਾਜਕ ਬੰਧਨਾਂ ਲਈ ਕਾਰਗਰ ਸਿੱਧ ਹੁੰਦੀ ਹੈ ਉਥੇ ਇਦ ਸਾਰੇ ਸਮਾਜਕ ਨੇਮ ਤੋੜ ਮਨ-ਮਰਜ਼ੀਆ ਕਰਨ ਦੀ ਕੋਸ਼ਿਸ ਕਰਦੀ ਹੈ।ਇਸ ਇਦ ਨੂੰ ਹੀ ਅਸਲ 'ਚ ਬੰਦੇ ਅੰਦਰਲੇ ਬੰਦਾ ਕਿਹਾ ਜਾ ਸਕਦਾ ਹੈ ਜੋ ਕਿਸੇ ਵੀ ਸਮਾਜਕ ਨੇਮ ਨੂੰ ਮੰਨਣ ਲਈ ਤਿਆਰ ਨਹੀ। ਜਿਵੇਂ **'ਬੰਦੇ ਅੰਦਰਲਾ ਬੰਦਾ'** ਕਹਾਣੀ ਵਿਚਲਾ ਮੈਂ ਪਾਤਰ ਜਦੋਂ ਪੀ.ਟੀ.ਆਈ ਦੀ ਪੋਸਟ ਤੇ ਜੀਤਗੜ੍ਹ ਆਇਆ ਤਾਂ ਉਸਦਾ ਨਾਂਹ ਚਾਹੁੰਦਿਆਂ ਹੋਇਆ ਵੀ ਸੱਤਵੀ ਕਲਾਸ 'ਚ ਪੜਦੀ ਇਕ ਕੁੜੀ ਨਾਲ ਰਿਸ਼ਤਾ ਉਸਰਨਾ ਸ਼ੁਰੂ ਹੋ ਜਾਂਦਾ ਹੈ। ਸੁਪਰ ਈਗੋ ਅਕਸਰ ਇਸ ਨਵੇਂ ਉਸਰ ਰਹੇ ਰਿਸ਼ਤੇ ਤੇ ਕੁਝ ਇਸ ਤਰ੍ਹਾਂ ਰੋਕ ਲਾਉਣ ਦੀ ਕੋਸ਼ਿਸ਼ ਕਰਦੀ ਹੈ।"ਅਖ਼ਬਾਰ ਦੀਆਂ ਸੁਰਖ਼ੀਆਂ ਤੋਂ ਨਜ਼ਰ ਤਿਲਕਦੀ ਇੱਕ ਥਾਂ ਅਟਕ ਜਾਂਦੀ ਹੈ। *"ਵਿਦਿਆਰਥਣ ਨਾਲ ਛੇੜ-ਛਾੜ ਕਰਨ ਵਾਲਾ ਅਧਿਆਪਕ ਸਸਪੈਂਡ" ਖ਼ਬਰ ਪੜ੍ਹਦਾ ਮੈਂ ਅੰਦਰ ਤੱਕ ਕੰਬ ਜਾਂਦਾ ਹਾਂ। 'ਜੇ ਕਿਤੇ ਮੈਂ.....? ਮੇਰੇ ਘਰ ਦਾ ਕੀ ਹੋਵੇਗਾ?.....ਮੈਨੂੰ ਇੱਕ ਪਲ ਲਈ ਲੱਗਦਾ ਹੈ ਜਿਵੇਂ ਮੈਂ ਲੱਖੋਂ ਕੱਖ ਦਾ ਹੋ ਗਿਆ ਹੋਵਾਂ।" ਗ਼ਲਤ-ਮਲਤ ਜ਼ਿੰਦਗੀ, ਪੰਨਾ-19*

ਪਰਗਟ ਸਿੰਘ ਸਤੌਜ ਦੀਆਂ ਉਪਰੋਕਤ ਕਹਾਣੀਆ ਤੇ ਚਰਚਾ ਤੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਤੌਜ ਨੂੰ ਜਿੱਥੇ ਮਨੁੱਖੀ ਮਨ ਦੀਆਂ ਡੂੰਘਾਣਾਂ ਫਰੋਲਣ ਦਾ ਵੱਲ ਆਉਂਦਾ ਹੈ। ਉਥੇ ਮਨੁੱਖੀ ਮਨ ਦੀ ਥਾਲ 'ਚ ਪਾਣੀ ਵਾਂਗ ਤਿਲਕਦੀ/ ਥਿਰਕਦੀ/ ਡੋਲਦੀ ਮਾਨਸਿਕਤਾ ਨੂੰ ਵੀ ਬਾਖ਼ੂਬੀ ਫੜਨਾ ਆਉਂਦਾ ਹੈ। ਅਜੋਕੇ ਯੁੱਗ ਦੀਆਂ ਜਿਹੜੀਆਂ ਮਾਨਸਿਕ ਜਾਂ ਸਰੀਰਕ ਲੋੜਾਂ ਹਨ। ਉਹਨਾਂ ਸਾਹਮਣੇ ਮਨੁੱਖ ਦਾ ਕੱਦ ਕਿਵੇਂ ਬੌਣਾ ਹੁੰਦਾ ਹੈ। ਉਸਦੀ ਥਾਹ ਵੀ ਉਹ ਚੰਗੇਰੀ ਤਰ੍ਹਾਂ ਪਾਉਂਦਾ ਹੈ। ਅਜੋਕੇ ਪੰਜਾਬ ਦੀ ਕਿਰਸਾਨੀ ਦੀਆ ਸਮੱਸਿਆਵਾ ਦੀ ਥਾਹ ਪਾਉਣ ਦੇ ਨਾਲ-ਨਾਲ ਆਤਮ-ਹੱਤਿਆ ਰਸਤੇ ਪਈ ਜੁਆਨੀ ਦੇ ਵਿਭਿੰਨ ਮਾਰਮਿਕ ਵੇਰਵੇ ਵੀ ਉਸਦੀ ਦੀ ਕਹਾਣੀ ਕਲਾ ਦਾ ਉਤਮ ਨਮੂਨਾ ਹਨ। । ਕਹਾਣੀ ਕਹਿਣ ਦਾ ਵੱਲ, ਮਲਵਈ ਉਪਭਾਸ਼ਾਈ ਅੰਸ਼, ਕਹਾਣੀ ਵਿਚਲਾ ਬਿਰਤਾਂਤ ਆਮ ਪਾਠਕ ਵਰਗ ਦੀ ਸਤਹ ਤੋਂ ਕੋਹਾਂ ਦੂਰ ਪਰ ਸਾਰਥਕ ਬਿਰਤਾਂਤ ਵੀ ਇਸ ਕਹਾਣੀ ਸੰਗ੍ਰਹਿ ਦੀ ਅਹਿਮ ਪ੍ਰਾਪਤੀ ਹੈ। ਪਰਗਟ ਸਿੰਘ ਸਤੌਜ ਤੋਂ ਨੇੜਲੇ ਭਵਿੱਖ 'ਚ ਹੋਰ ਚੰਗੇਰੀ ਕਹਾਣੀ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ। ✪

# ਬਿਰਤਾਂਤ ਅਤੇ ਬਿਰਤਾਂਤ ਸ਼ਾਸਤਰ / - ਡਾ. ਹਰਨੇਕ ਸਿੰਘ ਹੇਅਰ

ਬਿਰਤਾਂਤ (Narrative) ਇਕ ਅਜਿਹੀ ਮਨੁੱਖੀ ਸਿਰਜਣਾ ਹੈ ਜੋ ਮਨੁੱਖ ਜਿੰਨੀ ਹੀ ਪ੍ਰਾਚੀਨ ਅਤੇ ਵਿਆਪਕ ਹੈ। ਇਹ ਮਨੁੱਖ ਦੀ ਮੂਲ ਸੰਚਾਰ-ਬਿਰਤੀ ਹੈ। ਮਨੁੱਖ ਬਿਰਤਾਂਤ ਵਿਚ ਹੀ ਸੋਚਦਾ ਅਤੇ ਬਿਰਤਾਂਤ ਵਿਚ ਹੀ ਇਸਦਾ ਪ੍ਰਗਟਾਓ ਕਰਦਾ ਹੈ। ਇਹ ਆਪਣੇ ਆਪ ਵਿਚ ਨਾ ਕੋਈ ਸਾਹਿਤਕ ਰੂਪ (ਵਾਰਤਕ ਜਾਂ ਕਾਵਿ) ਹੈ ਅਤੇ ਨਾ ਹੀ ਕੋਈ ਸਾਹਿਤਕ ਵਿਧਾ (ਨਾਵਲ, ਕਹਾਣੀ, ਨਾਟਕ ਆਦਿ)।[1] ਇਹ ਅਜਿਹੀ ਵਿਆਪਕ ਮਨੁੱਖੀ ਸਿਰਜਣਾ ਹੈ ਜਿਹੜੀ ਕਿਸੇ ਘਟਨਾਵੀ ਵਰਤਾਰੇ ਨੂੰ ਰਮਜ਼ਮਈ ਪੱਧਰ ਤੇ ਚਿਤਵਦੀ ਅਤੇ ਸਮੇਂ ਦੀ ਤਰਤੀਬ ਵਿਚ ਪ੍ਰਗਟਾਉਂਦੀ ਹੈ। ਇਹ ਮਨੁੱਖੀ ਸਭਿਆਚਾਰ ਵਿਚ ਆਰੰਭ ਤੋਂ ਹੀ ਵਿਭਿੰਨ ਰੂਪਾਂ ਵਿਚ ਵਿਦਮਾਨ ਰਿਹਾ ਹੈ। ਬੇਸ਼ੱਕ ਬਿਰਤਾਂਤ ਵਿਚ ਸਾਹਿਤ ਬਾਹਰੇ ਰੂਪ ਵੀ ਆ ਜਾਂਦੇ ਹਨ ਪ੍ਰੰਤੂ ਸਾਹਿਤ ਵਿਚ ਇਹ ਨਿਆਰੀ ਵੰਨ-ਸੁਵੰਨਤਾ ਸਾਹਿਤ ਪੇਸ਼ ਹੁੰਦੀ ਹੈ। ਪ੍ਰਗੀਤ ਅਤੇ ਵਰਣਨਾਤਮਕ ਕਾਵਿ ਦੀਆਂ ਕੁਝ ਵੰਨਗੀਆਂ ਨੂੰ ਛੱਡ ਕੇ ਸਾਹਿਤ ਵਿਚ ਬਿਰਤਾਂਤ ਦੀ ਸਰਦਾਰੀ ਹੈ। ਸੰਸਾਰ ਦਾ ਸਾਰਾ ਆਰੰਭਲਾ ਸਾਹਿਤ ਬਿਰਤਾਂਤਕ ਬਿਰਤੀ ਦਾ ਹੈ। ਭਾਰਤ ਵਿਚ ਬੁੱਧ ਨਾਲ ਸੰਬੰਧਿਤ ਹਿੱਤ-ਉਪਦੇਸ਼, ਪੰਚ-ਤੰਤਰ, ਕਥਾ ਸਾਹਿਤ ਸਾਗਰ, ਰਮਾਇਣ, ਮਹਾਂਭਾਰਤ, ਯੂਨਾਨ ਵਿਚ ਹੋਮਰ ਦਾ ਓਡੀਸੀ ਅੰਗਰੇਜ਼ੀ ਵਿਚ ਚਾਰਸ ਦੀਆਂ ਕੈਂਟਰਬਰੀ ਕਹਾਣੀਆਂ, ਮਿਸਰ ਵਿਚ ਅਰੈਬੀਅਨ ਨਾਈਟਸ (ਅਲਫ਼ ਲੈਲਾ) ਕਥਾ-ਕਹਾਣੀਆਂ ਆਦਿ ਬਿਰਤਾਂਤ ਦੇ ਮੁਢਲੇ ਸੰਗ੍ਰਹਿ ਹਨ।[2]

ਬਿਰਤਾਂਤ ਸੰਬੰਧੀ ਸਿਧਾਂਤਕ ਚਰਚਾ ਭਾਵੇਂ ਪਲੈਟੋ - ਅਰਸਤੂ ਕਾਲ ਤੋਂ ਹੀ ਆਰੰਭ ਹੋ ਜਾਂਦੀ ਹੈ ਪ੍ਰੰਤੂ ਇਸ ਨੂੰ ਵਧੇਰੇ ਗਹਿਰਾਈ ਵਿਚ ਸਮਝਣ ਦਾ ਯਤਨ ਆਧੁਨਿਕ ਬਿਰਤਾਂਤ ਸ਼ਾਸਤਰੀਆਂ ਨੇ ਹੀ ਕੀਤਾ ਹੈ। ਵਲਾਦੀਮੀਰ ਪ੍ਰਾਪ, ਲੇਵੀ ਸਤਰੌਸ, ਮੀਕਬਲ, ਰੋਲਾਂ ਬਾਰਥ, ਤੋਦੋਰੋਵ, ਗੀਮਨ ਕੇਨਾਨ ਅਤੇ ਮਾਈਕਲ ਜੇ ਟੋਲਨ ਆਦਿ ਪ੍ਰਮੁੱਖ ਰੂਪ ਵਿਚ ਗਿਣੇ ਜਾ ਸਕਦੇ ਹਨ।

ਬਿਰਤਾਂਤ ਦੀਆਂ ਵਿਸ਼ੇਸ਼ਤਾਵਾਂ : ਬਿਰਤਾਂਤ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਸ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ ਉਪਰ ਤਰਦੀ ਜਿਹੀ ਝਾਤ ਪਾ ਲਈ ਜਾਵੇ। ਇਹ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

1. ਬਿਰਤਾਂਤ ਮੂਲ ਰੂਪ ਵਿਚ ਇਕ ਸੰਚਾਰ ਪ੍ਰਬੰਧ ਹੈ ਜਿਸ ਨੂੰ ਬਿਰਤਾਂਤਕਾਰ ਅਤੇ ਸਰੋਤਾ ਸਾਕਾਰ ਕਰਦੇ ਹਨ।

2. ਬਿਰਤਾਂਤਕਾਰ ਕਿੰਨਾ ਵੀ ਦੂਰ ਜਾਂ ਅਦ੍ਰਿਸ਼ ਕਿਉਂ ਨਾ ਹੋਵੇ ਬਿਰਤਾਂਤ ਦੀ ਮਹੱਤਵਪੂਰਨ ਹੋਂਦ/ਧਿਰ ਹੈ। ਇਸ ਦੁਆਰਾ ਹੀ ਸਾਰੀ ਕਥਾ ਬਿਆਨ ਕੀਤੀ ਜਾਂਦੀ ਹੈ। ਬਿਰਤਾਂਤ ਨੂੰ ਨਾਟਕ ਅਤੇ ਪ੍ਰਗੀਤ ਨਾਲੋਂ ਜ਼ਿਆਦਾ ਕਰਕੇ ਬਿਰਤਾਂਤਕਾਰ ਦੇ ਆਧਾਰ ਉੱਤੇ ਹੀ ਵਖਰਿਆਇਆ ਜਾਂਦਾ ਹੈ। 'ਪ੍ਰਸਤੁਤੀ ਗਲਪ' ਅਤੇ 'ਬਿਰਤਾਂਤਕ ਗਲਪ' ਦੇ ਸ਼ਬਦ - ਜੁੱਟ ਇਨ੍ਹਾਂ ਦੋਹਾਂ ਵਿਧਾਵਾਂ ਨੂੰ ਹੀ ਨਿਖੇੜਨ ਲਈ ਹੋਂਦ ਵਿਚ ਆਏ ਹਨ। ਨਾਟਕ ਵਿਚ ਬਿਰਤਾਂਤਕਾਰ ਗੈਰ-ਹਾਜ਼ਰ ਜਾਂ ਪਰਦੇ ਪਿੱਛੇ ਹੁੰਦਾ ਹੈ। ਪਾਤਰ ਸਿੱਧੇ ਦਰਸ਼ਕਾਂ/ਪਾਠਕਾਂ ਦੇ ਸਾਹਮਣੇ ਪੇਸ਼ ਹੁੰਦੇ ਹਨ। ਪ੍ਰਗੀਤ ਵਿਚ ਵਕਤਾ/ਬਿਰਤਾਂਤਕਾਰ ਤੇ ਸਰੋਤਾ ਦੀ ਹੋਂਦ ਅਲੱਗ ਅਲੱਗ ਨਹੀਂ ਹੁੰਦੀ।

3. ਸਰੋਤਾ ਬਿਰਤਾਂਤ ਦੀ ਲਾਜ਼ਮੀ ਧਿਰ ਹੁੰਦੀ ਹੈ ਜਿਸ ਨੂੰ ਪਾਠਕ ਨਾਲ ਮਿਲਾਉਣਾ ਠੀਕ ਨਹੀਂ ਹੈ। ਇਸ ਨੂੰ ਹੀ ਬਿਰਤਾਂਤਕਾਰ ਸੰਬੋਧਿਤ ਹੁੰਦਾ ਹੈ। ਬਿਰਤਾਂਤ ਵਿਚ ਕਥਾ ਸੁਣਦੇ ਸਮੇਂ ਸਰੋਤੇ ਦਾ ਧਿਆਨ ਇਕ ਪਾਸੇ ਕਥਾ ਵਿਚ ਹੁੰਦਾ ਹੈ ਅਤੇ ਦੂਸਰੇ ਪਾਸੇ ਕਥਾ ਸੁਣਾ ਰਹੇ ਬਿਰਤਾਂਤਕਾਰ ਵਿਚ।

4. ਬਿਰਤਾਂਤ ਸੰਬਾਦਕਤਾ ਅਰਥਾਤ ਦੋ ਧਿਰਾਂ (ਸਮਾਨਤਾ ਅਤੇ ਵਿਰੋਧਤਾ ਵਾਲੀਆਂ) ਵਿਚਲੇ



ਤਣਾਓ/ਟਕਰਾਓ ਵਿਚੋਂ ਉਪਜਦਾ ਹੈ। ਇਹ ਸੰਬਾਦਕਤਾ/ਤਣਾਓ ਜਾਂ ਟਕਰਾਓ ਦੋ ਵਿਅਕਤੀਆਂ, ਦੋ ਪਰਿਵਾਰਾਂ, ਦੋ ਵਰਗਾਂ, ਦੋ ਪੀੜ੍ਹੀਆਂ, ਦੋ ਭਾਈਚਾਰਿਆਂ ਆਦਿ ਵਿੱਚੋਂ ਕਿਸੇ ਦੋ ਵਿਚ ਹੋ ਸਕਦੀ ਹੈ, ਪਰ ਬਿਨਾਂ ਦੋ ਧਿਰਾਂ ਦੇ ਸੰਬਾਦਕਤਾ ਨਹੀਂ ਉਪਜ ਸਕਦੀ ਅਤੇ ਬਿਨਾ ਸੰਬਾਦਕਤਾ ਬਿਰਤਾਂਤ ਨਹੀਂ ਉਪਜ ਸਕਦਾ।

5. ਜਿਥੇ ਪ੍ਰਗੀਤ ਸੁਕੇਂਦ੍ਰਿਤ ਵਿਧਾ ਹੈ ਉਥੇ ਬਿਰਤਾਂਤ ਵਿਕੇਂਦ੍ਰਿਤ ਹੁੰਦਾ ਹੈ। ਇਸ ਨੂੰ ਪ੍ਰਗੀਤ ਵਾਂਗ ਕਿਸੇ ਕੇਂਦਰ ਵਿਸ਼ੇਸ਼ ਵੱਲ ਮੁੜਨ ਦੀ ਕੋਈ ਮਜ਼ਬੂਰੀ ਨਹੀਂ ਹੁੰਦੀ।

6. ਬਿਰਤਾਂਤ ਦੀ ਪ੍ਰਮੁੱਖ ਵਿਸ਼ੇਸ਼ਤਾ ਉਲਟਾਓ ਵੀ ਹੈ। ਜਿੰਨਾ ਚਿਰ ਆਰੰਭਲੀ ਸਥਿਤੀ ਉਲਟਦੀ ਨਹੀਂ ਬਿਰਤਾਂਤ ਹੋਂਦ ਵਿਚ ਨਹੀਂ ਆਉਂਦਾ। ਦੂਜੇ ਸ਼ਬਦਾਂ ਵਿਚ ਸਥਿਤੀ ਜੇਕਰ ਇਕ ਥਾਂ ਖੜੋਤੀ ਰਹਿੰਦੀ ਹੈ ਤਾਂ ਬਿਰਤਾਂਤ ਨਹੀਂ ਬਣਦਾ। ਇਹ ਉਲਟਾਓ ਦੋ ਕਿਸਮ ਦਾ ਹੋ ਸਕਦਾ ਹੈ ਜਾਂ ਤਾਂ ਮਾਨਵੀ ਉਦੇਸ਼ ਨੂੰ ਪੂਰਨ ਵਾਲੀਆਂ ਘਟਨਾਵਾਂ ਸਥਿਤੀ ਨੂੰ ਉਲਟਾਉਂਦੀਆਂ ਹਨ ਜਾਂ ਮਾਨਵੀ ਉਦੇਸ਼ ਨੂੰ ਪੂਰਨ ਵਾਲੀਆਂ। ਜੇ ਮਾਨਵੀ ਉਦੇਸ਼ਾਂ ਨੂੰ ਪੂਰਨ ਵਾਲੀਆਂ ਘਟਨਾਵਾਂ ਸਥਿਤੀ ਨੂੰ ਉਲਟਾਉਣ ਤਾਂ ਬਿਰਤਾਂਤ ਬਿਹਤਰੀ ਵੱਧ ਵਧਦਾ ਹੈ ਜੇਕਰ ਮਾਨਵੀ ਉਦੇਸ਼ ਵਿਚ ਰੋੜਾ ਬਣਨ ਵਾਲੀਆਂ ਘਟਨਾਵਾਂ ਸਥਿਤੀ ਨੂੰ ਉਲਟਾਉਣ ਤਾਂ ਬਿਰਤਾਂਤ ਅੱਧੋਗਤੀ ਵੱਲ ਵਧਦਾ ਹੈ।

7. ਬਿਰਤਾਂਤ ਵਿਚ ਕਿਆਸ ਕੀਤੀ ਸਥਿਤੀ ਨਾਲੋਂ ਉਲਟ ਵਿਵਰਣ ਮਿਲਦਾ ਹੈ ਜਿਸ ਕਰਕੇ ਇਸ ਵਿਚ ਵਿਡੰਬਨਾ (Irony) ਦਾ ਗੁਣ ਵਧੇਰੇ ਹੁੰਦਾ ਹੈ।

8. ਬਿਰਤਾਂਤ ਵਿਚ ਵੱਧ ਤੋਂ ਵੱਧ ਘਟਨਾਵਾਂ ਦੀ ਕੋਈ ਸੀਮਾ ਨਹੀਂ ਪ੍ਰੰਤੂ ਘੱਟੋ ਘੱਟ ਦੋ ਘਟਨਾਵਾਂ ਹੋਣੀਆਂ ਬੇਹੱਦ ਜ਼ਰੂਰੀ ਹਨ।

9. ਬਿਰਤਾਂਤ ਦੀ ਵਿਧੀ ਪ੍ਰਗੀਤ ਵਾਂਗ ਸੰਕੋਚਵੀਂ ਨਹੀਂ ਹੁੰਦੀ ਜਿਸ ਕਰਕੇ ਇਸ ਵਿਚ ਉਸ ਨਾਲੋਂ ਵਧੇਰੇ ਗਹਿਰਾਈ ਅਤੇ ਵਿਸ਼ਾਲਤਾ ਹੁੰਦੀ ਹੈ ਦੂਜੇ ਸ਼ਬਦਾਂ ਵਿਚ ਬਿਰਤਾਂਤ ਪ੍ਰਗੀਤ (Lyric) ਅਤੇ ਵਰਣਨਾਤਮਕ ਰਚਨਾ (discriptive) ਨਾਲੋਂ ਜ਼ਿੰਦਗੀ ਦੀਆਂ ਇਕ ਤੋਂ ਵਧੇਰੇ ਪਰਤਾਂ ਅਤੇ ਪਸਾਰਾਂ ਨੂੰ ਪੇਸ਼ ਕਰ ਸਕਣ ਦੇ ਸਮਰੱਥ ਹੈ ਇਸੇ ਕਰਕੇ ਹੀ ਇਸ ਵਿਚ ਜ਼ਿੰਦਗੀ ਮੁਕਾਬਲਤਨ ਵਧੇਰੇ ਗਹਿਰਾਈ ਵਿਚ ਪ੍ਰਸਤੁਤ ਹੁੰਦੀ ਹੈ।

10. ਬਿਰਤਾਂਤ ਵਰਣਨਾਤਮਕ ਰਚਨਾ (discriptive) ਵਾਂਗ ਸਥਿਰ ਸਥਿਤੀ ਦਾ ਬਿਆਨ ਨਹੀਂ ਕਰਦਾ ਸਗੋਂ ਘਟਨਾ ਦੀ ਗਤੀਸ਼ੀਲਤਾ ਨੂੰ ਬਿਆਨਦਾ ਹੈ। ਜਿਸ ਵਿਚ ਬਾਕਾਇਦਾ ਵਿਕਾਸ ਅਤੇ ਵਹਾਅ ਹੁੰਦਾ ਹੈ।

11. ਬਿਰਤਾਂਤ ਵਿਚ ਕਾਰਜ ਦੀ ਪ੍ਰਧਾਨਤਾ ਹੁੰਦੀ ਹੈ ਜਿਸ ਕਰਕੇ ਇਹ ਸ਼ੈਲੀ ਪੱਖੋਂ ਵੀ ਵੱਖਰੀ ਰੰਗਤ ਦਾ ਧਾਰਨੀ ਹੁੰਦਾ ਹੈ। ਪ੍ਰਗੀਤ ਅਤੇ ਵਰਣਨਾਤਮਕ ਰਚਨਾ ਦੀ ਸ਼ੈਲੀ ਵਿਸ਼ੇਸ਼ਣ (adjective) ਪ੍ਰਧਾਨ ਹੁੰਦੀ ਹੈ ਜਦ ਕਿ ਬਿਰਤਾਂਤ ਦੀ ਸ਼ੈਲੀ ਕਿਰਿਆ (verb) ਪ੍ਰਧਾਨ। ਪ੍ਰਗੀਤ ਅਤੇ ਵਰਣਨਾਤਮਕ ਰਚਨਾ ਕਿਸੇ ਵਿਅਕਤੀ। ਜਗ੍ਹਾ ਦੀਆਂ ਵਿਸ਼ੇਸ਼ਤਾਵਾਂ ਦੱਸ ਕੇ ਬਿੰਬ ਸਾਕਾਰ ਕਰਦੇ ਹਨ ਜਦ ਕਿ ਬਿਰਤਾਂਤ ਵਿਚ ਕਾਰਜ ਰਾਹੀਂ ਬਿੰਬ ਆਪ ਮੁਹਾਰਾ ਉਜਾਗਰ ਹੁੰਦਾ ਹੈ। ਬਿਰਤਾਂਤ ਵਿਚ ਸ਼ੈਲੀ ਤੋਂ ਸ਼ੈਲੀਕਾਰ/ਸਾਹਿਤਕਾਰ ਤੱਕ ਪੁੱਜਣਾ ਜੇਕਰ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੁੰਦਾ ਹੈ।

ਬਿਰਤਾਂਤ ਦੀਆਂ ਪਰਤਾਂ/ਪੱਧਰਾਂ : ਬਿਰਤਾਂਤ ਨੂੰ ਗਹਿਰਾਈ ਨਾਲ ਸਮਝਣ ਲਈ ਇਸ ਦੀਆਂ ਹੇਠ ਲਿਖੀਆਂ ਪਰਤਾਂ ਉੱਤੇ ਧਿਆਨ ਮਾਰਨਾ ਜ਼ਰੂਰੀ ਹੈ :

I. ਕਥਾ (Story) II. ਪਾਠ (Text) III. ਬਿਰਤਾਂਤੀਕਰਨ (Narration)

I ਕਥਾ (Story) : ਕਥਾ ਕਿਸੇ ਬਿਰਤਾਂਤਕ ਪਾਠ ਦੀ ਆਧਾਰ ਸਮੱਗਰੀ ਅਥਵਾ ਕੱਚਾ ਮਸਾਲਾ ਹੁੰਦੀ ਹੈ। ਕਥਾ ਵਿਹੂਣਾ ਬਿਰਤਾਂਤਕ ਪਾਠ ਹੋ ਸਕਣਾ ਅਸੰਭਵ ਹੈ। ਇਹ ਬਿਰਤਾਂਤਕ ਪਾਠ ਵਾਸਤੇ ਓਨੀ

ਹੀ ਲਾਜ਼ਮੀ ਹੈ ਜਿੰਨੀ ਕਿਸੇ ਇਮਾਰਤ ਲਈ ਇੱਟਾਂ, ਗਾਰਾਂ ਜਾਂ ਸੀਮੈਂਟ। ਭਾਵੇਂ ਕਥਾ ਦੀ ਪਾਠ ਉਪਰ ਪਹਿਲ ਵਾਲੀ ਗੱਲ ਨਹੀਂ ਫਿਰ ਵੀ ਕੰਮ ਚਲਾਉਣ ਲਈ ਇਹ ਨਿਬੇੜਾ ਜ਼ਰੂਰੀ ਬਣਦਾ ਹੈ, ਦੂਜੇ ਸ਼ਬਦਾਂ ਵਿਚ ਕਥਾ ਨੂੰ ਪਾਠ ਤੋਂ ਪਹਿਲਾਂ ਦਾ ਘਟਨਾ-ਪ੍ਰਬੰਧ ਮੰਨਿਆ ਜਾਂਦਾ ਹੈ। ਜਿਸ ਵਿਚ ਹੇਠ ਲਿਖੇ ਦੋ ਪਹਿਲੂ ਵਿਚਾਰੇ ਜਾਂਦੇ ਹਨ :

1. ਘਟਨਾਵਾਂ (Events) 2. ਪਾਤਰ (Characters)

1. ਘਟਨਾਵਾਂ (Events) : ਜਿਹੜੀ ਚੀਜ਼ ਵਾਪਰਦੀ ਜਾਂ ਘਟਦੀ ਹੈ ਉਹ ਘਟਨਾ ਹੈ। ਜਦੋਂ ਕੁਝ ਵਾਪਰਦਾ ਹੈ ਤਾਂ ਸਥਿਤੀ ਬਦਲਦੀ ਹੈ, ਰੂਪ ਬਦਲਦਾ ਹੈ। ਬਿਰਤਾਂਤ ਸ਼ਾਸਤਰੀ ਸ਼ਬਦਾਵਲੀ ਵਿਚ ਘਟਨਾ ਇਕ ਸਥਿਤੀ ਦਾ ਦੂਜੀ ਸਥਿਤੀ ਵਿਚ ਤਬਦੀਲ ਹੋਣ ਦਾ ਨਾਂ ਹੈ। ਇਹ ਸਥਿਤੀ ਆਰੰਭਲੀ ਸਥਿਤੀ ਨਾਲੋਂ ਚੰਗੇਰੀ ਵੀ ਹੋ ਸਕਦੀ ਹੈ ਅਤੇ ਮੰਦੀ ਵੀ ਪਰ ਵਾਪਰਦੀ ਜ਼ਰੂਰ ਹੈ। ਘਟਨਾ ਇਕੱਲੀਕਾਰੀ ਹੋਣ ਦੀ ਥਾਂ ਕਿਸੇ ਘਟਨਾ ਲੜੀ ਦਾ ਹਿੱਸਾ ਹੁੰਦੀ ਹੈ। ਕਿਸੇ ਘਟਨਾ ਵਾਪਰਨ ਦਾ ਕਾਰਨ ਉਸ ਤੋਂ ਪਹਿਲਾਂ ਵਾਪਰੀ ਘਟਨਾ ਵਿਚ ਹੁੰਦਾ ਹੈ।

2. ਪਾਤਰ (Characters) : ਬਿਰਤਾਂਤ ਸ਼ਾਸਤਰ ਵਿਚ ਪਾਤਰ ਬਾਰੇ ਚਰਚਾ ਘੱਟ ਹੋਈ ਹੈ। ਬਹੁਤ ਸਾਰੇ ਪਾਠਾਂ ਵਿਚ ਪਾਤਰ ਲੁਪਤ ਹੋ ਰਿਹਾ ਹੈ। ਰੱਬ ਦੀ ਮੌਤ, ਦੁਖਾਂਤ ਦੀ ਮੌਤ ਦੇ ਨਾਲ-ਨਾਲ ਆਧੁਨਿਕ ਯੁੱਗ ਵਿਚ ਪਾਤਰ ਦੀ ਮੌਤ ਬਾਰੇ ਵੀ ਚਰਚਾ ਹੋਈ ਹੈ।[3] ਅਰਸਤੂ ਪਾਤਰ ਨੂੰ ਕਾਰਜ ਦਾ ਏਜੰਟ/ਦਲਾਲ ਮੰਨਦਾ ਹੈ।[4] ਉਸ ਅਨੁਸਾਰ ਪਾਤਰ ਦੀ ਹੋਂਦ ਨਾਲੋਂ ਉਸ ਦੁਆਰਾ ਕੀਤਾ ਗਿਆ ਕਾਰਜ ਵਧੇਰੇ ਮਹੱਤਵਪੂਰਨ ਹੈ। ਬ੍ਰੇਮਾਂਡ ਅਨੁਸਾਰ, "ਹਰ ਪਾਤਰ ਆਪਣੇ ਨਾਲ ਸੰਬੰਧਿਤ ਕਾਰਜਾਂ ਦੀ ਲੜੀ ਦਾ ਕਾਰਿੰਦਾ ਹੈ"।[5] ਗ੍ਰੇਮਾਸ ਵੀ ਪਾਤਰ ਨੂੰ ਕਾਰਿੰਦਾ ਹੀ ਕਹਿੰਦਾ ਹੈ। ਉਸ ਅਨੁਸਾਰ ਕਥਾ ਵਿਚ ਪਾਤਰ ਕੀ ਹੈ ਨਾਲੋਂ ਕੀ ਕਰਦਾ ਹੈ ਵਧੇਰੇ ਮਹੱਤਵਪੂਰਨ ਹੈ।[6]

II ਪਾਠ (Text) : ਜ਼ਰੂਰੀ ਨਹੀਂ ਕਿ ਲੇਖਕ ਘਟਨਾਵਾਂ ਨੂੰ ਪਾਠ ਵਿਚ ਓਸੇ ਹੀ ਤਰਤੀਬ ਵਿਚ ਪੇਸ਼ ਕਰੇ ਜਿਸ ਵਿਚ ਘਟੀਆਂ ਹੋਣ। ਉਹ ਘਟਨਾਵਾਂ ਨੂੰ ਮਨ ਇੱਛਤ ਤਰਤੀਬ ਦਿੰਦਾ ਹੈ। ਉਹ ਕਥਾ ਦੇ ਪਾਤਰਾਂ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਨ ਦੀ ਥਾਂ ਪਾਠ ਦੀ ਲੋੜ ਮੁਤਾਬਿਕ ਕਾਂਟ ਛਾਂਟ ਕੇ ਪ੍ਰਸਤੁਤ ਕਰਦਾ ਹੈ। ਪਾਤਰ ਦੀ ਜ਼ਿੰਦਗੀ ਵਿਚ ਲੇਖਕ ਨੂੰ ਬਹੁਤ ਕੁਝ ਬੇਲੋੜਾ, ਅਰਥਹੀਨ ਅਤੇ ਰੁਟੀਨ ਕਿਸਮ ਦਾ ਦਿਸਦਾ ਹੈ ਜਿਸ ਨੂੰ ਉਹ ਪਾਠ ਵਿੱਚੋਂ ਖਾਰਜ ਕਰ ਦਿੰਦਾ ਹੈ। ਇਸ ਵਿਚ ਨਿਮਨ ਲਿਖਤ ਤਿੰਨ ਸੰਕਲਪ ਵਿਚਾਰੇ ਜਾਂਦੇ ਹਨ :

1. ਕਾਲ(Time) 2. ਚਰਿਤਰ ਚਿਤਰਨ (Characterization)
3. ਫੋਕਸੀਕਰਨ (Focalization)

1. ਕਾਲ (Time) : ਕਾਲ ਬਿਰਤਾਂਤ ਦਾ ਇਕ ਮਹੱਤਵਪੂਰਨ ਸੰਕਲਪ ਹੈ ਜਿਸ ਵਿਚ ਕਥਾ-ਕਾਲ ਅਤੇ ਪਾਠ-ਕਾਲ ਦੀ ਤਰਤੀਬ, ਮਿਆਦ ਅਤੇ ਬਾਰੰਬਾਰਤਾ ਪੱਖੋਂ ਤੁਲਨਾ ਕੀਤੀ ਜਾਂਦੀ ਹੈ।

3. ਚਰਿੱਤਰ – ਚਿਤਰਣ (Characterization) : ਕਿਸੇ ਪਾਤਰ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਇਕੱਠੀਆਂ ਹੋ ਕੇ ਜੋ ਪ੍ਰਭਾਵ ਸਿਰਜਦੀਆਂ ਹਨ ਉਸ ਨੂੰ ਚਰਿੱਤਰ ਜਾਂ ਕਿਰਦਾਰ ਕਿਹਾ ਜਾਂਦਾ ਹੈ।[7] ਹਰ ਬਿਰਤਾਂਤਕਾਰ ਆਪਣੇ ਪਾਤਰ ਦੀਆਂ ਕੁਝ ਵਿਸ਼ੇਸ਼ਤਾਵਾਂ ਉਭਾਰਦਾ ਹੈ, ਜਿਸ ਦੇ ਆਧਾਰ 'ਤੇ ਉਸ ਦਾ ਚਰਿੱਤਰ ਸਿਰਜਿਆ ਜਾਂਦਾ ਹੈ।[8]

3. ਫੋਕਸੀਕਰਨ (Focalization) : ਫੋਕਸੀਕਰਨ ਨਜ਼ਰੀਏ ਅਥਵਾ ਦ੍ਰਿਸ਼ਟੀਕੋਣ (angle of vison/ point of view) ਨਾਲ ਸੰਬੰਧ ਰੱਖਦਾ ਸੰਕਲਪ ਹੈ। ਪਾਠ ਵਿਚ ਕਥਾ ਫੋਕਸਕਰਤਾ ਦੇ ਦ੍ਰਿਸ਼ਟੀਕੋਣ ਰੂਪੀ ਛਾਨਣੀ ਵਿਚੋਂ ਛਣ ਕੇ ਹੀ ਬਾਹਰ ਆਉਂਦੀ ਹੈ। ਇਸ ਵਿਚ ਸਹਿਜੇ ਹੀ ਫੋਕਸਕਰਤਾ ਦਾ ਦ੍ਰਿਸ਼ਟੀਕੋਣ ਭਾਵਨਾਵਾਂ ਅਤੇ ਵਿਚਾਰਧਾਰਾ ਸ਼ਾਮਿਲ ਹੋ ਜਾਂਦੀ ਹੈ। ਬਿਰਤਾਂਤ-ਸ਼ਾਸਤਰੀ ਸ਼ਬਦਾਵਲੀ ਵਿਚ



ਫੋਕਸਕਰਤਾ ਫੋਕਸ ਕਰਨ ਵਾਲੇ ਨੂੰ ਕਹਿੰਦੇ ਹਨ ਜੋ ਨਿਰਸੰਦੇਹ ਬਿਰਤਾਂਤਕਾਰ ਤੋਂ ਵੱਖਰੀ ਹੋਂਦ ਹੁੰਦੀ ਹੈ।

3. ਬਿਰਤਾਂਤੀਕਰਨ (Narration) : ਇਹ ਬਿਰਤਾਂਤ ਦੀ ਤੀਸਰੀ ਪਰਤ ਜਿਸ ਵਿਚ ਬਿਰਤਾਂਤ ਦੇ ਸੰਚਾਰ ਨੂੰ ਸਮਝਿਆ ਜਾਂਦਾ ਹੈ। ਭਾਵੇਂ ਨਿਰਾ ਸੰਚਾਰ ਕਰਨਾ ਪਾਠ ਦਾ ਮੂਲ ਮਨੋਰਥ ਨਹੀਂ ਪ੍ਰੰਤੂ ਸੰਚਾਰ ਵਿਹੂਣਾ ਪਾਠ ਵੀ ਸੰਭਵ ਨਹੀਂ। ਹੈਲੀਡੇ ਅਸੰਚਾਰੀ ਪਾਠ ਨੂੰ ਅਪਾਠ ਮੰਨਦਾ ਹੈ। ਉਸ ਅਨੁਸਾਰ "ਪਾਠ ਨੂੰ ਰੂਪ-ਮੂਲਕ ਇਕਾਈ ਹੀ ਨਹੀਂ ਸਗੋਂ ਅਰਥ ਮੂਲਕ ਇਕਾਈ ਵਜੋਂ ਪਛਾਣਿਆ ਅਤੇ ਸਮਝਿਆ ਜਾਂਦਾ ਹੈ।...ਪਾਠ ਦਾ ਚਰਿੱਤਰ ਤਾਂ ਹੀ ਉਘੜਵੇਂ ਰੂਪ ਵਿਚ ਪ੍ਰਸਤੁਤ ਹੋ ਸਕਦਾ ਹੈ ਜੇਕਰ ਪਾਠ ਆਪਣੀ ਸੰਚਾਰਤਮਿਕ ਪ੍ਰਕਿਰਤੀ ਵਿਚ ਪਾਠ ਵਿਚਲੇ ਵਿਸ਼ੇ ਦੀ ਪਰਕਿਰਤੀ ਨੂੰ ਹੂ-ਬ-ਹੂ ਹੰਢਾਏ। ਅਰਥਾਤ ਅਸੰਚਾਰੀ ਪਾਠ ਅਪਾਠ (non-text) ਹੈ ਜਾਂ ਅਸੰਚਾਰੀ ਪਾਠ ਨੂੰ ਅਪਾਠ ਵਜੋਂ ਹੀ ਪਛਾਣਿਆ ਜਾ ਸਕਦਾ ਹੈ।"[9]

ਬਿਰਤਾਂਤੀਕਰਨ ਵਿਚ ਫ਼ਾਸਲੇ (distance) ਨੂੰ ਵਿਚਾਰਿਆ ਜਾਂਦਾ ਹੈ। ਫ਼ਾਸਲੇ ਤੋਂ ਭਾਵ ਲੇਖਕ, ਬਿਰਤਾਂਤਕਾਰ ਅਤੇ ਪਾਤਰਾਂ ਦੇ ਆਪਸੀ ਫਾਸਲੇ ਤੋਂ ਹੈ। ਜੈਨੇ ਫਾਸਲੇ ਦੇ ਆਧਾਰ 'ਤੇ ਬਿਰਤਾਂਤ ਨੂੰ ਦੋ ਕਿਸਮਾਂ ਵਿਚ ਵੰਡਦਾ ਹੈ : ਅਸਲੀ ਬਿਰਤਾਂਤ (digesis) ਅਤੇ ਨਕਲੀ ਬਿਰਤਾਂਤ (mimesis)। ਅਸਲੀ ਬਿਰਤਾਂਤ ਵਿਚ ਬਿਰਤਾਂਤਕਾਰ ਅਤੇ ਲੇਖਕ ਇਕ ਰੂਪ ਹੋਏ ਹੁੰਦੇ ਹਨ ਅਤੇ ਨਕਲੀ ਬਿਰਤਾਂਤ ਵਿਚ ਬਿਰਤਾਂਤਕਾਰ ਅਤੇ ਪਾਠ ਦਾ ਮੁੱਖ ਪਾਤਰ। ਅਸਲੀ ਬਿਰਤਾਂਤ ਵਿਚ ਸੂਚਕ ਦੀ ਮੌਜੂਦਗੀ ਵੱਧ ਅਤੇ ਸੂਚਨਾ ਦੀ ਮਾਤਰਾ ਘੱਟ ਹੁੰਦੀ ਹੈ ਜਦ ਕਿ ਨਕਲੀ ਬਿਰਤਾਂਤ ਵਿਚ ਸੂਚਕ ਦੀ ਮੌਜੂਦਗੀ ਘੱਟ ਅਤੇ ਸੂਚਨਾ ਵੱਧ।


ਬਿਰਤਾਂਤਕਾਰ ਦੇ ਬਰਾਬਰ ਦੀ ਧਿਰ ਹੀ ਸਰੋਤਾ ਹੁੰਦੀ ਹੈ ਜਿਸ ਨੂੰ ਵੀ ਬਿਰਤਾਂਤੀਕਰਨ ਅਧੀਨ ਹੀ ਵਿਚਾਰਿਆ ਜਾਂਦਾ ਹੈ। ਇਹ ਵੀ ਬਿਰਤਾਂਤਕਾਰ ਜਿੰਨੀ ਹੀ ਲਾਜ਼ਮੀ ਧਿਰ ਹੈ। ਇਸ ਨੂੰ ਪਾਠਕ ਨਾਲ ਮਿਲਾਉਣਾ ਠੀਕ ਨਹੀਂ ਹੈ। ਬਿਰਤਾਂਤਕਾਰ ਇਸ ਨੂੰ 'ਤੂੰ' ਕਹਿ ਕੇ ਸੰਬੋਧਿਤ ਹੁੰਦਾ ਹੈ। ਗਿਣਤੀ ਪੱਖੋਂ ਸਰੋਤਾ ਇਕ ਵੀ ਹੋ ਸਕਦਾ ਹੈ ਅਤੇ ਇਕ ਤੋਂ ਵਧੇਰੇ ਵੀ। ਇਹ ਵੀ ਹੋ ਸਕਦਾ ਹੈ ਕਿ ਬਿਰਤਾਂਤਕਾਰ ਕਥਾ ਦਾ ਇਕ ਹਿੱਸਾ ਇਕ ਸਰੋਤੇ ਨੂੰ ਸੰਬੋਧਿਤ ਹੋਵੇ ਅਤੇ ਬਾਕੀ ਹਿੱਸਾ ਕਿਸੇ ਦੂਸਰੇ ਨੂੰ। ਕੁਝ ਬਿਰਤਾਂਤ-ਸ਼ਾਸਤਰੀ ਬਿਰਤਾਂਤਕਾਰ ਵਾਂਗ ਹੀ ਬਿਰਤਾਂਤ ਸਰੋਤੇ ਦੀਆਂ ਵੀ ਚਾਰ ਕਿਸਮਾਂ ਮੰਨਦੇ ਹਨ।

ਪਾਠ ਤੋਂ ਬਾਹਰਲੀ ਧਿਰ ਹੋਣ ਕਰਕੇ ਅਰੰਭਲੇ ਬਿਰਤਾਂਤ ਸ਼ਾਸਤਰੀ ਚਿੰਤਨ ਵਿਚ ਪਾਠਕ ਨੂੰ ਬਹੁਤਾ ਮਹੱਤਵ ਨਹੀਂ ਮਿਲਿਆ ਪ੍ਰੰਤੂ ਆਧੁਨਿਕ ਬਿਰਤਾਂਤ ਸ਼ਾਸਤਰ ਵਿਚ ਪਾਠਕ ਨੂੰ ਬਹੁਤ ਮਹੱਤਤਾ ਮਿਲੀ ਹੈ ਕਿਉਂਕਿ ਪਾਠਕ ਪਾਠ ਦੀਆਂ ਪਰਤਾਂ ਵਿਚੋਂ ਗੁਜ਼ਰਦਿਆਂ ਪਾਠ ਦੀ ਸੰਰਚਨਾ ਨੂੰ ਮੁੜ ਸਿਰਜਦਾ/ਉਸਾਰਦਾ ਹੈ ਅਤੇ ਪਾਠ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ। ਪੜ੍ਹਨ ਕਾਰਜ ਦੌਰਾਨ ਪਾਠਕ ਪਾਠ ਵਿੱਚੋਂ ਗੁਜ਼ਰਦਿਆਂ ਪਰਿਕਲਪਨਾਵਾਂ ਬਣਾਉਂਦਿਆਂ, ਉਨ੍ਹਾਂ ਨੂੰ ਦ੍ਰਿੜ੍ਹਾਉਂਦਿਆਂ, ਵਿਸਥਾਰਦਿਆਂ, ਸੁਧਾਰ ਕਰਦਿਆਂ ਜਾਂ ਤਬਦੀਲੀ ਕਰਦਿਆਂ ਪਾਠ ਵਿਚ ਪਏ ਖਾਮੋਸ਼ ਅਰਥਾਂ ਨੂੰ ਜਗਾਉਂਦਾ ਮਘਾਉਂਦਾ ਹੈ।

***ਟਿੱਪਣੀਆਂ ਅਤੇ ਹਵਾਲੇ***


1. ਧਨਵੰਤ ਕੌਰ (ਡਾ.) ਆਧੁਨਿਕ ਪੰਜਾਬੀ ਕਹਾਣੀ, ਬਿਰਤਾਂਤ ਸ਼ਾਸਤਰੀ ਅਧਿਐਨ, ਪੰਨਾ 14-15.
2. V.N. Tewari, Quissa Poetry, A brief Survey, Parkh, No. 1, 1996, p.25.
3. Narrative Fiction Contemporary Poetics, p.29.
4. Ibid, p.34.
5. ਧਨਵੰਤ ਕੌਰ, ਉਹੀ ਪੁਸਤਕ ਦੇ ਪੰਨਾ 28 ਤੋਂ ਉਧਰਿਤ।
6. Mike Bal, Narratology, p.80.
7. Narrative Discourse p.95.
8. ਮੀਕ ਬਲ, ਸੁਖਪਾਲ ਥਿੰਦ ਦੇ ਖੋਜ ਪ੍ਰਬੰਧ ਹੀਰ ਵਾਰਿਸ ਦਾ ਬਿਰਤਾਂਤ ਸ਼ਾਸਤਰੀ ਅਧਿਐਨ ਦੇ ਪੰਨਾ 63 ਤੋਂ ਉਧਰਿਤ।
9. Introduction to the text linguistics p.3., ਪਾਠ ਭਾਸ਼ਾ ਵਿਗਿਆਨ : ਸਿਧਾਂਤ ਅਤੇ ਵਿਹਾਰ, ਪੰਨਾ 40 ਤੋਂ ਉਧਰਿਤ। ✪

## ਪੁਸਤਕ ਰੀਵਿਊ / - ਸਰੋਜ





**ਸੁਭਾਸ਼ ਨੀਰਵ ਦੀਆਂ ਚੋਣਵੀਆਂ ਕਹਾਣੀਆਂ**
**(ਸੰਪਾ.: ਬਲਬੀਰ ਮਾਧੋਪੁਰੀ)**
**ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**
**ਮੁੱਲ: 350 ਰੁਪਏ, ਪੰਨਾ: 231**

ਸੁਭਾਸ਼ ਨੀਰਵ ਹਿੰਦੀ ਦਾ ਚਰਚਾ ਵਿਚ ਰਹਿਣ ਵਾਲਾ ਕਹਾਣੀਕਾਰ ਹੈ। ਉਸ ਨੇ ਪੰਜਾਬੀ ਸਾਹਿਤ ਨੂੰ ਹਿੰਦੀ ਵਿਚ ਅਨੁਵਾਦ ਕਰਕੇ ਚੰਗੀ ਪਛਾਣ ਬਣਾਈ ਹੈ। ਉਸ ਦੀਆਂ ਕਹਾਣੀਆਂ ਦਾ ਅਨੁਵਾਦ ਪ੍ਰਸਿੱਧ ਲੇਖਕ ਬਲਬੀਰ ਮਾਧੋਪੁਰੀ ਨੇ ਕੀਤਾ ਹੈ। ਨੀਰਵ ਦੀਆਂ ਕਹਾਣੀਆਂ ਪਿੰਡ, ਸ਼ਹਿਰ ਤੇ ਮਹਾਂਨਗਰ ਵਿਚ ਵਿਚਰਦੇ ਪਾਤਰਾਂ ਦੀਆਂ ਮਨੋਗੁੰਝਲਾ ਅਤੇ ਵਿਰੋਧਾਭਾਸ ਨੂੰ ਬੜੀ ਸਿੱਦਤ ਨਾਲ ਪ੍ਰਗਟ ਕਰਦੀਆਂ ਹਨ। ਮਹਾਂਨਗਰ ਵਿਚ ਵਿਚਰਦੇ ਪਾਤਰ ਜਿਹਨਾਂ ਦਾ ਪਿਛੋਕੜ ਪਿੰਡ ਰਿਹਾ ਹੈ ਉਸ ਦੀਆਂ ਸਮੱਸਿਆਵਾਂ ਨੂੰ ਤਰਕ ਯੁਕਤ ਢੰਗ ਨਾਲ ਪੇਸ਼ ਕੀਤਾ ਹੈ। ਉਸ ਦੀ ਬਹੁਤੀ ਕਹਾਣੀ ਮੈਂ ਮੂਲਕ ਬਿਰਤਾਂਤ ਨਾਲ ਸਿਰਜੀ ਗਈ ਹੈ। ਉਹ ਆਪਣੀ ਗੱਲ ਨੂੰ ਵਜਨਦਾਰ ਬਣਾਉਣ ਲਈ ਕਹਾਣੀ ਵਿਚ ਅਨੇਕਾਂ ਕਿਸਮ ਦੇ ਚਿਹਨਾਂ ਦੀ ਵਰਤੋਂ ਕਰਦਾ ਹੈ, ਜਿਸ ਨਾਲ ਕਹਾਣੀ ਵਿਚ ਗਹਿਰਾਈਆਉਂਦੀ ਹੈ। ਪੁਸਤਕ ਵਿਚ ਉਸ ਦੀਆਂ 22 ਕਹਾਣੀ ਅਤੇ ਕਹਾਣੀ ਸਿਰਜਣਾ ਨਾਲ ਸਬੰਧਤ ਇਕ ਲੇਖ ਤੇ ਮੁਲਾਕਾਤ ਹਨ। ਉਸ ਦੀ ਕਹਾਣੀ ਪੀੜਤ ਅਤੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਨਿਮਨ ਵਰਗ ਵੱਲ ਖੜਦੀ ਹੈ। ਮਹਾਂਨਗਰਾਂ ਵਿਚ ਨੌਜਵਾਨ, ਬਜ਼ੁਰਗ ਅਤੇ ਨਾਰੀ ਦੀ ਕੀ ਸਥਿਤੀ ਹੈ ਇਸ ਦਾ ਅਭਾਸ ਉਸ ਦੀਆਂ ਕਹਾਣੀਆਂ ਵਿਚ ਹੁੰਦਾ ਹੈ। ਆਵਾਜ਼, ਬੁੱਢੀਆਂ ਅੱਖਾਂ ਦਾ ਆਕਾਸ਼, ਥੱਕੇ ਪੈਰਾਂ ਦਾ ਸਫ਼ਰ, ਗੋਸ਼ਟੀ, ਔਰਤ ਹੋਣ ਦਾ ਗੁਨਾਹ, ਸੁਰਾਖ਼, ਪਰਤਣਾ, ਸੱਟ ਤੇ ਆਖ਼ਰੀ ਪੜਾਅ ਦਾ ਦੁੱਖ ਬਹੁਤ ਹੀ ਕਮਾਲ ਦੀਆਂ ਰਚਨਾਵਾਂ ਹਨ। ਉਸ ਨੇ ਥੁੜ੍ਹਾ ਮਾਰੇ ਲੋਕਾਂ ਦੀ ਜ਼ਿੰਦਗੀ ਨੂੰ ਬੜੀ ਬਰੀਕੀ ਨਾਲ ਚਿਤਰਿਆ ਹੈ। ਆਮਦਨ ਦੇ ਸਾਧਨ ਸੀਮਤ ਹਨ, ਘਰ ਵਿਚ ਬੱਚੇ ਤੇ ਬਿਮਾਰ ਪਤਨੀ ਉਸ ਦੇ ਮਾਨਸਿਕ ਤਨਾਓ ਵਿਚ ਵਾਧਾ ਕਰਦੇ ਹਨ ਇਸ ਬਿਰਤਾਂਤ ਨੂੰ ਨੀਰਵ ਨੇ 'ਲੁੱਟੇ ਹੋਏ ਲੋਕ' ਕਹਾਣੀ ਵਿਚ ਚਿਤਰਿਆ ਹੈ। 'ਪਰਤਣਾ' ਕਹਾਣੀ ਸੰਜਨਾ ਤੇ ਕੇ. ਕੇ. ਦੀ ਦੋਸਤੀ ਦੌਰਾਨ ਆਏ ਲੰਮੇ ਉਤਰਾਅ ਚੜ੍ਹਾਅ ਦੀ ਕਥਾ ਹੈ। ਜਿਸ ਵਿਚ ਸੰਜਨਾ ਪਲ ਪਲ ਮਰਦੀ ਲੇਖਕ ਨੇ ਦਿਖਾਈ ਹੈ। ਕੇ. ਕੇ. ਵੀ ਪੇਂਡੂ ਪਿਛੋਕੜ ਵਾਲੇ ਗਰੀਬ ਪਰਿਵਾਰ ਵਿਚੋਂ ਮਹਾਂਨਗਰ ਵਿਚ ਆਇਆ ਇਕ ਅਜਿਹਾ ਪਾਤਰ ਹੈ ਜਿਹੜਾ ਅੰਦਰੋਂ ਖਾਲੀ ਹੋ ਗਿਆ ਹੈ। ਉਸ ਦਾ ਸੰਜਨਾ ਨਾਲ ਪਿਆਰ ਹੈ, ਪਰ ਸੰਜਨਾ ਦੀ ਬੈਂਕ ਵਿਚ ਨੌਕਰੀ ਲੱਗਣ ਨਾਲ ਉਹਦੀਆਂ ਅੰਦਰਲੀਆਂ ਲਾਲਸਾਵਾਂ ਵਧ ਜਾਂਦੀਆਂ ਹਨ ਜਿਹੜੀਆਂ ਉਹਨੂੰ ਪਲ ਪਲ ਮਾਰ ਰਹੀਆਂ ਹਨ। ਮਿਡਲ ਕਲਾਸ ਬੰਦਾ ਜਿਵੇਂ ਮਰ ਰਿਹਾ ਹੈ, ਇਸ ਨੂੰ ਨੀਰਵ ਨੇ ਬੜੀ ਪ੍ਰੱਪਕਤਾ ਨਾਲ ਪੇਸ਼ ਕੀਤਾ ਹੈ। ਵੱਖਰੀ ਕਿਸਮ ਦੀਆਂ ਕਹਾਣੀਆਂ ਪੰਜਾਬੀ ਪਾਠਕਾਂ ਨੂੰ ਦੇਣ ਲਈ ਮਾਧੋਪੁਰੀ ਵਧਾਈ ਦਾ ਹੱਕਦਾਰ ਹੈ।

**ਪੰਜਾਬ ਦੇ ਖਾਨਾਬਦੋਸ਼ ਕਬੀਲੇ (ਲੇਖਕ ਡਾ. ਮੋਹਨ ਤਿਆਗੀ)**
**ਪ੍ਰਕਾਸ਼ਕ: ਨੈਸ਼ਨਲ ਬੁਕ ਟਰੱਸਟ, ਇੰਡੀਆ**
ਮੁੱਲ: 200, ਪੰਨੇ : 242

ਤਿਆਗੀ ਪੰਜਾਬ ਦੇ ਕਬੀਲਿਆਂ ਬਾਰੇ ਪਿਛਲੇ ਲੰਮੇ ਸਮੇਂ ਤੋਂ ਕਾਰਜ ਕਰ ਰਿਹਾ ਹੈ। ਉਸ ਦੀ ਕਬੀਲਿਆ ਤੇ ਪੂਰੀ ਪਕੜ ਹੈ। ਇਸ ਕਿਸਮ ਦੀ ਖੋਜ ਕਰਨ ਲਈ ਖੋਜੀ ਨੂੰ ਫੀਲਡ ਵਿਚ ਜਾਣਾ ਪੈਂਦਾ






ਹੈ। ਇਹ ਖੋਜ ਕੋਈ ਪੰਜਾਹ-ਸੱਠ ਕਿਤਾਬਾਂ ਵਿਚੋਂ ਇਕ ਕਿਤਾਬ ਕੱਢਣ ਵਾਲਾ ਕਾਰਜ ਨਹੀਂ ਹੈ। ਉਸ ਨੇ ਇਸ ਕਾਰਜ ਤੋਂ ਪਹਿਲਾਂ ਬਾਜੀਗਰ ਕਬੀਲੇ ਤੇ ਖੋਜ ਕਾਰਜ ਕੀਤਾ ਸੀ। ਇਹ ਡਿਗਰੀ ਪ੍ਰਾਪਤੀ ਦਾ ਖੋਜ ਕਾਰਨ ਬਿਲਕੁਲ ਨਹੀਂ ਸੀ। ਹੁਣ ਉਸ ਨੇ ਪੰਜਾਬ ਦੇ ਵੱਖ-ਵੱਖ ਖਾਨਾਬਦੋਸ਼ ਕਬੀਲਿਆ ਬਾਰੇ ਮੂਲ ਸਰੋਤਾਂ ਤੋਂ ਸਮੱਗਰੀ ਇਕੱਤਰ ਕਰਕੇ ਇਕ ਨਿਵੇਕਲੀ ਅਤੇ ਮੁੱਲਵਾਨ ਕਿਤਾਬ ਤਿਆਰ ਕੀਤੀ ਹੈ। ਮੇਰੇ ਲਈ ਇਹ ਗੱਲ ਪਰੇਸ਼ਾਨ ਕਰਨ ਵਾਲੀ ਵੀ ਹੈ ਕਿ ਇਹ ਕਬੀਲੇ ਪੰਜਾਬੀ ਕਹਾਣੀ ਤੇ ਨਾਵਲ ਦਾ ਹਿੱਸਾ ਕਿਓ ਨਹੀਂ ਬਣੇ। ਤਿਆਗੀ ਨੇ ਬਾਜ਼ੀਗਰ, ਸਿਕਲੀਗਰ, ਸਾਂਸੀ, ਮਰਾਸੀ, ਬੌਰੀਆ, ਗੁੱਜਰ, ਬੰਗਾਲਾ, ਨਟ ਆਦਿ ਕਬੀਲਿਆ ਬਾਰੇ ਵੱਖ-ਵੱਖ ਚੈਪਟਰਾਂ ਵਿਚ ਉਨ੍ਹਾਂ ਦਾ ਜਨਮ, ਵਿਕਾਸ ਤੇ ਇਤਿਹਾਸ ਬਾਰੇ, ਉਨ੍ਹਾਂ ਦੇ ਕਲਚਰ ਬਾਰੇ ਅਤੇ ਸਮਾਜਿਕ ਹੋਂਦ ਬਾਰੇ ਬੜੇ ਮੁੱਲਵਾਨ ਵਿਚਾਰ ਦਿੱਤੇ ਹਨ। ਤਿਆਗੀ ਨੇ ਇਨ੍ਹਾਂ ਕਬੀਲਿਆ ਦਾ ਸਮਾਜਿਕ ਅਤੇ ਸਭਿਆਚਾਰਕ ਅਧਿਐਨ ਵੀ ਕੀਤਾ ਹੈ। ਇਹ ਕਬੀਲੇ ਮੁੱਖ ਧਾਰਾ ਦੇ ਸਮਾਜ ਨਾਲ ਕੋਈ ਸਾਂਝ ਨਹੀਂ ਰੱਖਦੇ। ਜਿਸ ਕਾਰਨ ਇਨ੍ਹਾਂ ਕਬੀਲਿਆਂ ਵਿਚ ਵਿਦਿਆ ਦਾ ਪਸਾਰ ਨਹੀਂ ਹੋ ਸਕਿਆ। ਖਾਨਾਬਦੋਸ਼ ਹੋਣ ਕਰਕੇ ਸਰਕਾਰ ਇਨ੍ਹਾਂ ਨੂੰ ਉਹ ਸਹੂਲਤਾਂ ਵੀ ਮੁਹੱਈਆ ਨਹੀਂ ਕਰਵਾ ਸਕਦੀ ਜਿਹੜੀਆਂ ਸਹੂਲਤਾਂ ਹੋਰ ਸਮਾਜਕ ਪ੍ਰਾਣੀ ਭੋਗਦਾ ਹੈ। ਆਪਣੇ ਮੂਲ ਸਥਾਨ ਤੋਂ ਹਿਜਰਤ ਅਤੇ ਜਰਾਇਮ ਪੇਸ਼ਾ ਐਕਟ ਦੀ ਸਥਿਤੀ ਤੇ ਅਸਰ ਆਦਿ ਮੁੱਦਿਆਂ ਤੇ ਲੇਖਕ ਨੇ ਗੱਲ ਕੀਤੀ ਹੈ। ਇਨ੍ਹਾਂ ਕਬੀਲਿਆਂ ਦਾ ਕਲਚਰ ਬੜਾ ਅਮੀਰ ਹੈ। ਲੋਕ ਨਾਚ, ਸੰਗੀਤ, ਕੋਮਲ ਕਲਾਵਾਂ, ਲੋਕ ਸਾਜ਼, ਲੋਕ ਮੰਨੋਰੰਜਨ ਤੇ ਕਲਾ ਦੇ ਹੋਰ ਖੇਤਰ ਆਦਿ ਵਿਚ ਇਨ੍ਹਾਂ ਦੀ ਆਪਣੀ ਵੱਖਰੀ ਵੱਖਰੀ ਪਛਾਣ ਹੈ। ਇਹ ਪੁਸਤਕ ਪੰਜਾਬ ਦੇ ਖਾਨਾਬਦੋਸ਼ ਬਾਰੇ ਪ੍ਰਚੱਲਤ ਅਨੇਕਾਂ ਭ੍ਰਾਂਤੀਆਂ ਨੂੰ ਵੀ ਦੂਰ ਕਰਦੀ ਹੈ। ਕਿਤਾਬ ਹਰ ਪਾਠਕ ਦੇ ਪੜ੍ਹਨ ਵਾਲੀ ਹੈ।




**ਮੰਟੋ ਜ਼ਿੰਦਾ ਹੈ (ਨਰੇਂਦਰ ਮੋਹਨ, ਅਨੁਵਾਦ: ਦੇਸ ਰਾਜ ਕਾਲੀ)**
**ਪ੍ਰਕਾਸ਼ਕ: ਦੀਪਕ ਪਬਲਿਸ਼ਰਜ਼, ਜਲੰਧਰ**
**ਮੁੱਲ: 350, ਪੰਨੇ: 192**

ਇਹ ਸਮਾਂ ਮੰਟੋ ਨੂੰ ਪੜ੍ਹਨ ਤੇ ਅਨੁਵਾਦ ਕਰਨ ਵਾਲਾ ਸਮਾਂ ਹੈ। ਇਸ ਸਮੇਂ ਹਰ ਪ੍ਰਕਾਸ਼ਕ ਮੰਟੋ ਦੀ ਰਚਨਾ ਛਾਪਣ ਵਿਚ ਰੁਚੀ ਦਿਖਾ ਰਿਹਾ ਹੈ, ਪਾਠਕ ਕਿਤਾਬ 'ਤੇ ਵੱਡੇ ਅੱਖਰਾਂ ਵਿਚ ਮੰਟੋ ਲਿਖਿਆ ਦੇਖ ਕੇ ਕਾਹਲੀ ਨਾਲ ਚੁੱਕ ਲੈਂਦਾ ਹੈ, ਇਨ੍ਹਾਂ ਵਿਚ ਬਹੁਤੀ ਸਮੱਗਰੀ ਵਾਰ ਵਾਰ ਦੁਹਰਾਈ ਜਾਣ ਲੱਗ ਪਈ ਹੈ। ਪਾਠਕ ਨਾਲ ਨਿਰਾ ਧੋਖਾ! ਪ੍ਰੰਤੂ ਨਰੇਂਦਰ ਮੋਹਨ ਦੀ ਇਸ ਕਿਤਾਬ ਦੀ ਇਹ ਵਿਲੱਖਣਤਾ ਹੈ ਕਿ ਇਸ ਪੁਸਤਕ ਵਿਚ ਅਜਿਹਾ ਮੰਟੋ ਪਾਠਕਾਂ ਸਾਹਵੇਂ ਉਭਰਦਾ ਹੈ ਜਿਹੜਾ ਮੰਟੋ ਪਾਠਕਾਂ ਨੂੰ ਬਹੁਤ ਧੁੰਦਲਾ ਨਜ਼ਰ ਆਇਆ ਹੈ। ਮੋਹਨ ਆਪਣੇ ਗਿਆਨ ਦੀ ਸਮਰੱਥਾ ਰਾਹੀਂ ਮੰਟੋ ਨੂੰ ਪੂਰੀ ਤਰ੍ਹਾਂ ਪਕੜ ਕੇ ਤੁਹਾਡੇ ਸਾਹਮਣੇ ਖੜ੍ਹਾ ਕਰ ਦਿੰਦਾ ਹੈ। ਮੋਹਨ ਨੇ ਮੰਟੋ ਦੇ ਸਮੁੱਚੇ ਸਾਹਿਤ ਨੂੰ, ਉਨ੍ਹਾਂ ਦੀਆਂ ਲਿਖਤਾਂ ਨੂੰ ਆਤਮਸਾਤ ਕਰਕੇ ਇਹ ਪੁਸਤਕ ਲਿਖੀ ਹੈ ਜਿਸ ਨੂੰ ਲੇਖਕ ਮੰਟੋ ਦੀ ਜੀਵਨੀ ਕਹਿੰਦਾ ਹੈ। ਇਹ ਕਾਰਜ ਬੜਾ ਔਖਾ ਕਾਰਜ ਹੈ ਜਿਸ ਨੂੰ ਮੋਹਨ ਨੇ ਕਰ ਦਿੱਤਾ ਹੈ। ਮੋਹਨ ਬੜੀ ਬਰੀਕੀ ਨਾਲ ਮੰਟੋ ਦਾ ਬਚਪਨ, ਜਵਾਨੀ ਅਤੇ ਅਵਾਰਗੀ,

ਸਿਰਜਣਕਾਰੀ, ਲੇਖਣੀ, ਦੋਸਤੀਆਂ, ਦੁਸ਼ਮਣੀਆਂ ਅਤੇ ਸਾਂਝਾ ਨੂੰ ਬਿਆਨ ਕਰਦਾ ਜਾਂਦਾ ਹੈ। ਮੰਟੋ ਬੰਦ ਕਮਰੇ ਵਿਚ ਲਿਖਣ ਵਾਲਾ ਲੇਖਕ ਨਹੀਂ ਸੀ। ਉਹ ਸਮਾਜ ਵਿਚ ਵਿਚਰ ਕੇ, ਉਨ੍ਹਾਂ ਨਾ ਘਸਰ ਤੇ ਅਤੇ ਆਪਣੇ ਸਮਕਾਲੀਆਂ ਨਾਲ ਖਹਿ ਕੇ ਅਨੇਕਾਂ ਤਣਾਓ ਵਿਚ ਵਿਚਰ ਕੇ ਐਸੇ ਕਮਾਲ ਦੇ ਪਾਤਰਾਂ ਨਾਲ ਬਿਰਤਾਂਤ ਸਿਰਜਦਾ ਸੀ ਕਿ ਉਹਦੀ ਹਰ ਰਚਨਾ ਹਿੱਟ ਜਾਂਦੀ ਸੀ। ਮੰਟੋ ਆਪਣੇ ਸਮੇਂ ਦਾ ਬਾਦਸ਼ਾਹ ਸੀ। ਉਸ ਨੂੰ ਕਿਸੇ ਆਲੋਚਕ, ਕਿਸੇ ਸਰਕਾਰੀ ਅਦਾਰੇ ਨੇ ਕਿਸੇ ਯੂਨੀਵਰਸਿਟੀ ਨੇ ਲੇਖਕ ਨਹੀਂ ਬਣਾਇਆ। ਉਹ ਆਪਣੀ ਸ਼ਕਤੀ ਨਾਲ ਲੇਖਕ ਬਣਿਆ। ਪੁਸਤਕ ਵਿਚ ਮੰਟੋ ਦਾ ਬਹੁਤ ਵੇਰਵੇ ਹਨ ਜਿਨ੍ਹਾਂ ਵਿਚੋਂ ਲੰਘਦਾ ਹੋਇਆ ਪਾਠਕ ਖੁਦ ਮੰਟੋ ਬਣ ਗਿਆ ਲੱਗਦਾ ਹੈ। ਐਨੀ ਵਧੀਆ ਕਿਤਾਬ ਦਾ ਅਨੁਵਾਦ ਦੇਸ ਰਾਜ ਕਾਲੀ ਨੇ ਕਰਕੇ ਪੰਜਾਬੀ ਪਾਠਕਾਂ ਦੇ ਭਲੇ ਦਾ ਕਾਰਜ ਕੀਤਾ ਹੈ।

**ਮੈਂ ਕੋਈ ਕੁਫ਼ਰ ਤੋਲਿਆ (ਵਿਅੰਗਕਾਰ ਬਲਰਾਜ ਸਿੰਘ)**
**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ**
**ਮੁੱਲ: 150 ਰੁਪਏ, ਪੰਨੇ: 144**




ਹਾਸ-ਵਿਅੰਗ ਪਾਠਕ ਮਨ 'ਤੇ ਗਹਿਰਾ ਅਸਰ ਕਰਨ ਵਾਲੀ ਵਿਧਾ ਹੈ। ਪੰਜਾਬੀ ਵਿਚ ਵਿਅੰਗ ਵਿਧਾ ਤੇ ਕਾਫੀ ਸਾਹਿਤ ਰਚਿਆ ਗਿਆ ਹੈ। ਇਸੇ ਲੜੀ ਅਧੀਨ ਹਾਸ ਵਿਅੰਗ ਲਿਖਾਰੀ ਤਖਤ ਸਿੰਘ ਕੋਮਲ ਦੇ ਪੁੱਤਰ ਬਲਰਾਜ ਸਿੰਘ ਨੇ ਵੀ ਵਿਅੰਗ ਨੂੰ ਆਪਣੀ ਸਿਰਜਣਾ ਦਾ ਸਾਧਨ ਬਣਾਇਆ ਹੈ। ਇਹ ਪੁਸਤਕ ਉਸ ਦੀ ਪਲੇਠੀ ਵਿਅੰਗ ਦੀ ਪੁਸਤਕ ਹੈ। ਜਿਸ ਵਿਚ ਉਸ ਨੇ ਮੌਜੂਦਾ ਰਾਜਨੀਤਿਕ ਅਤੇ ਸਮਾਜਿਕ ਮਸਲੇ ਉਠਾਏ ਹਨ। ਬਲਰਾਜ ਸਿੰਘ ਕੋਲ ਰਾਜਨੀਤਿਕ ਮਸਲਿਆਂ ਤੇ ਚੋਟ ਕਰਨ ਲਈ ਤਿੱਖੀ ਸ਼ੈਲੀ ਹੈ। ਉਹ ਆਪਣੀ ਪ੍ਰਤਿਭਾ ਨਾਲ ਰਾਜਨੀਤਕ ਅਤੇ ਸਮਾਜਿਕ ਮਸਲਿਆਂ ਤੇ ਐਸੀ ਸਟਿਕ ਚੋਟ ਮਾਰਦਾ ਹੈ ਕਿ ਪਾਠਕ ਇਕ ਦਮ ਵਾਹ ਕਹਿ ਉੱਠਦਾ ਹੈ। ਹਾਸਾ, ਮਸ਼ਕਰੀ, ਟਕੋਰ, ਚੋਟ ਉਸ ਦੀ ਲੇਖਣੀ ਵਿਚ ਥਾਂ ਥਾਂ ਪਿਆ ਹੈ। ਵਿਅੰਗ ਰਾਹੀ ਉਹ ਰਾਹੁਲ , ਬਾਬਾ ਰਾਮਦੇਵ, ਕੇਜਰੀਵਾਲ, ਬਾਦਲ, ਮਹੁੰਮਦ ਸਦੀਕ ਦੀ ਕਾਰਜ ਪ੍ਰਣਾਲੀ ਤੇ ਤਿੱਖੀ ਚੋਟ ਮਾਰਦਾ ਹੋਇਆ ਪਾਠਕ ਨੂੰ ਗਲਤ ਕਦਰਾਂ-ਕੀਮਤਾਂ ਖਿਲਾਫ਼ ਖੜਾ ਕਰਦਾ ਹੈ। ਸੋਹਣੀ ਵਹੁਟੀ ਦੀ ਸਮਾਜਿਕ ਦ੍ਰਿਸ਼ਟੀ, ਵਿਦੇਸ਼ੀ ਲਾੜਿਆ ਦੀ ਮਾਨਸਿਕਤਾ, ਮਾਡਰਨ ਰਾਂਝੇ ਦਾ ਅਨੁਭਵ, ਮੂਹ ਫੱਟ ਜਾਂ ਬਹਾਨੇਬਾਜ਼ ਲੋਕਾਂ ਦੀ ਮਾਨਸਿਕਤਾ, ਨੇਤਾ ਲੋਕ, ਸੁਪਰਡੈਂਟ ਜ਼ਾਲਮ ਸਿੰਘ, ਬੰਤਾ ਕਾਲੋਨਾਈਜ਼ ਜਾਂ ਬੇਬੀ ਅਰਾਧਿਆ ਆਦਿ ਪਾਤਰ ਰਾਹੀਂ ਲੋਕ ਮਸਲਿਆ ਨੂੰ ਤਰਕ ਤੇ ਵਿਅੰਗ ਨਾਲ ਚੁੱਕਦਾ ਹੈ। ਇਸ ਤੋਂ ਇਲਾਵਾ ਹੋਰ ਮਸਲੇ ਜਿਵੇਂ ਪੈਨਸ਼ਨ ਘੁਟਾਲਾ, ਸੂਚਨਾ ਅਧਿਕਾਰ, ਮੋਟਾਪਾ, ਵਿਦੇਸ਼ੀ ਨਿਵੇਸ਼ ਤੇ ਵੀ ਵਿਅੰਗ ਰਾਹੀ ਟਕੋਰ ਕਰਦਾ ਹੈ। ਇਕ ਪਾਤਰ ਲੈ ਕੇ ਉਨ੍ਹਾਂ ਦੀ ਮੁਲਾਕਾਤ ਕਰਕੇ ਲੇਖਕ ਉਸ ਦੇ ਕਿੱਤੇ ਨਾਲ ਜੁੜੇ ਮਸਲਿਆਂ ਤੇ ਵਿਅੰਗ ਵੀ ਕਰਦਾ ਹੈ। ਉਹ ਜ਼ਿੰਦਗੀ ਦੇ ਕਠੋਰ ਸੱਚ ਨੂੰ ਵਿਅੰਗ ਨਾਲ ਅਸਰਦਾਰ ਬਣਾਉਂਦਾ ਹੈ। ਹਾਕਮ ਸਰਕਾਰਾਂ ਜਿਸ ਤਰ੍ਹਾਂ ਨਵੇਂ ਨਵੇਂ ਕਾਨੂੰਨ ਬਣਾ ਕੇ ਆਮ ਜਨਤਾ ਨੂੰ ਪ੍ਰੇਸ਼ਾਨ ਕਰਦੀ ਹੈ ਉਨ੍ਹਾਂ ਮਸਲਿਆਂ ਤੇ ਵੀ ਲੇਖਕ ਨੇ ਵਿਅੰਗ ਕੀਤਾ ਹੈ। ਜਿਵੇਂ 'ਸੰਤੇ ਦਾ ਨਾਜਾਇਜ਼ ਪਲਾਟ' ਵਿਅੰਗ ਹੈ। ਜਿਸ ਵਿਚ ਹਾਕਮ ਸਰਕਾਰ ਨੇ ਕਲੋਨੀਆਂ ਰੈਗੂਲਰ ਕਰਨ ਦੇ ਮਸਲੇ ਨੂੰ ਉਭਾਰਿਆ ਹੈ ਕਿ ਇਸ ਕਾਨੂੰਨ ਤਹਿਤ ਆਮ ਆਦਮੀ ਕਿਵੇਂ ਆਰਥਿਕ ਤੌਰ ਤੇ ਨਪੀੜਿਆ ਤੇ ਪੀੜਤ ਹੋ ਰਿਹਾ ਹੈ। ਬਲਰਾਜ ਨੇ ਚਲਿਤ ਮਸਲਿਆਂ ਤੇ ਕਾਹਲੀ ਨਾਲ ਟਕੋਰ ਕਰਨ ਵਾਲੇ ਵਿਅੰਗ ਲਿਖੇ ਹਨ। ਇਹ ਅਖ਼ਬਾਰਾਂ ਦੀ ਲੋੜ ਹੁੰਦੀ ਹੈ ਚਲਿੰਤ ਮਸਲਿਆਂ 'ਤੇ ਵਿਅੰਗ ਛਾਪਣੇ। ਵਿਅੰਗਕਾਰ ਨੂੰ ਉਹੀ ਮਸਲੇ ਵਿਅੰਗ ਨਾਲ ਉਠਾਉਣੇ ਚਾਹੀਦੇ ਹਨ ਜਿਹੜੇ ਹਰ ਸਮੇਂ ਰਹਿੰਦੇ ਹਨ, ਜਿਨ੍ਹਾਂ ਦੀ ਸਾਰਥਕਤਾ ਹਮੇਸ਼ਾਂ ਬਣੀ ਰਹਿੰਦੀ ਹੈ। **- ਸਰੋਜ**



## ਹੁੰਗਾਰਾ

'ਕਹਾਣੀ ਧਾਰਾ' ਦਾ ਯਾਦਾਂ ਵਿਸ਼ੇਸ਼ ਅੰਕ ਮਿਲ ਗਿਆ ਹੈ। ਧੰਨਵਾਦ। ਅੰਕ ਵਿਚ ਮੇਰੀ ਕਲਮ ਤੋਂ ਲਿਖੀ ਯਾਦ ਪ੍ਰਕਾਸ਼ਤ ਕਰਨ ਲਈ ਬਹੁਤ ਬਹੁਤ ਸ਼ੁਕਰੀਆ। ਸੰਪਾਦਕੀ ਵਿਚ ਤੁਸੀਂ ਇਸ ਅੰਕ ਦੇ ਮੰਤਵ ਬਾਰੇ ਸਪਸ਼ਟ ਕਰਦਿਆਂ ਠੀਕ ਲਿਖਿਆ ਹੈ ਕਿ ਦੁਰਲੱਭ ਯਾਦਾਂ ਦਾ ਭੰਡਾਰ ਸਾਡੇ ਲੇਖਕਾਂ ਦੀ ਰਚਨਾ ਪ੍ਰਕਿਰਿਆ ਅਤੇ ਸੰਦਰਭ ਨੂੰ ਸਮਝਣ ਵਿਚ ਬਹੁਤ ਸਹਾਈ ਹੁੰਦਾ ਹੈ। ਤੁਸੀਂ ਮਿਹਨਤ ਕਰਕੇ ਕਾਫੀ ਨਾਮੀ ਪੰਜਾਬੀ ਲੇਖਕਾਂ ਦੀਆਂ ਯਾਦਾਂ ਨੁਮਾ ਲਿਖਤਾਂ ਇਸ ਅੰਕ ਵਿਚ ਸ਼ਾਮਲ ਕੀਤੀਆਂ ਹਨ। ਚੰਗੀ ਪਿਰਤ ਹੈ ਕਿ ਤੁਸੀਂ ਕੁਝ ਪੁਸਤਕਾਂ ਦੀ ਸੰਖੇਪ ਰੀਵਿਊਕਾਰੀ ਵੀ ਇਸ ਪੱਤਰ ਵਿਚ ਸ਼ਾਮਲ ਕਰਦੇ ਹੋ।

**-ਤੇਜਵੰਤ ਮਾਨ ਡਾ., ਸੰਗਰੂਰ**

ਕਹਾਣੀ ਧਾਰਾ-33 ਅੰਕ ਯਾਦਾਂ ਵਿਸ਼ੇਸ਼ ਅੰਕ ਬਹੁਤ ਅੱਛਾ ਅੰਕ ਹੈ। ਵੱਖ-ਵੱਖ ਲੇਖਕਾਂ ਨੇ ਜਿਵੇਂ ਆਪਣੀਆਂ ਯਾਦਾਂ ਨੂੰ ਪੁਨਰ ਸੁਰਜੀਤ ਕੀਤਾ ਹੈ ਉਹ ਪਾਠਕ ਨੂੰ ਵੀ ਆਪਣੇ ਅਤੀਤ ਵੱਲ ਲੈ ਜਾਂਦੀਆਂ ਹਨ। ਪਰਚੇ ਦੇ ਵਿਸ਼ੇਸ਼ ਅੰਕ ਬਾ ਕਮਾਲ ਹੁੰਦੇ ਹਨ। ਇਸ ਅੰਕ ਲਈ ਮੁਬਾਰਕਾਂ।

**-ਜੈ ਪਾਲ, ਡੇਰਾ ਬਸੀ, ਐਸ. ਏ. ਐਸ. ਨਗਰ)**

'ਕਹਾਣੀ ਧਾਰਾ' ਦਾ ਬੜੀ ਦੇਰ ਤੋਂ ਪਾਠਕ ਚੱਲਿਆ ਆ ਰਿਹਾ ਹਾਂ। ਮੈਗਜ਼ੀਨ ਦੇ ਵਿਸ਼ੇਸ਼ ਅੰਕ ਦੀ ਵਿਉਂਤਬੰਦੀ ਆਮ ਪਾਠਕਾਂ ਦਾ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮੈਨੂੰ ਮਹਿਸੂਸ ਹੁੰਦਾ ਹੈ। ਇਨ੍ਹਾਂ ਦਾ ਸਾਹਿਤਕ ਮੁੱਲ ਵੀ ਬਹੁਤ ਹੁੰਦਾ ਹੈ ਹਰ ਪਾਠਕ ਦੇ ਪੜ੍ਹਨ ਲਈ ਚੰਗੀ ਸਮੱਗਰੀ ਮਿਲ ਜਾਂਦੀ ਹੈ। ਜਿਵੇਂ ਕਿ ਇਸ ਵਾਰ ਦਾ 'ਯਾਦਾਂ ਅੰਕ' ਪੜ੍ਹਿਆ। ਜਿਸ ਵਿਚ ਮੈਨੂੰ ਗੁਰਦਿਆਲ ਸਿੰਘ, ਤੇਜਵੰਤ ਮਾਨ, ਹਰਭਜਨ ਸਿੰਘ, ਬਿਲਿੰਗ, ਰਸੂਲਪੁਰੀ, ਦਰਸ਼ਨ ਗੁਰੂ, ਸਿੱਧੂ, ਮੰਡ ਤੇ ਨੀਤਪੁਰ ਦੀਆਂ ਯਾਦਾਂ ਬਹੁਤ ਚੰਗੀਆਂ ਲੱਗੀਆਂ। ਇਨ੍ਹਾਂ ਯਾਦਾਂ ਵਿਚ ਕਹਾਣੀ ਰਸ ਥਾਂ-ਥਾਂ ਮਿਲਦਾ ਹੈ। ਸੰਪਾਦਕੀ ਦਾ ਆਪਣਾ ਸਥਾਨ ਹੈ। ਪ੍ਰੇਮ ਪ੍ਰਕਾਸ਼ ਵਾਲਾ ਲੇਖ ਯਾਦਾਂ ਦੇ ਫਿੱਟ ਨਹੀਂ ਬੈਠਦਾ। ਆਲੋਚਨਾ ਭਾਗ ਵਿਚ ਤੁਸੀਂ ਜੋ ਨਵੀਆਂ ਤੇ ਮਿਆਰੀ ਕਿਤਾਬਾਂ ਬਾਰੇ ਲੇਖ ਲਿਖਵਾ ਕੇ ਛਾਪਦੇ ਹੋ ਇਸ ਨਾਲ ਸਾਡੇ ਮਨ ਵਿਚ ਉਹ ਕਿਤਾਬਾਂ ਪੜ੍ਹਨ ਦੀ ਤਾਂਘ ਪੈਦਾ ਹੁੰਦੀ ਹੈ। **- ਸਤਪਾਲ ਸੰਤੋਖਪੁਰੀ, ਇਟਲੀ**

'ਕਹਾਣੀ ਧਾਰਾ' ਦੇ ਯਾਦਾਂ ਅੰਕ ਨੇ ਕਮਾਲ ਕਰ ਦਿੱਤੀ ਹੈ। ਪੰਜਾਬੀ ਦੇ ਲੇਖਕਾਂ ਨੇ ਇਕ ਤੋਂ ਬਾਅਦ ਇਕ ਚੰਗੀਆਂ ਯਾਦਾਂ ਲਿਖ ਕੇ ਲੇਖਕਾਂ ਨੂੰ ਮਿਲਣ ਦੀ ਤਾਂਘ ਪੈਦਾ ਕਰ ਦਿੱਤੀ ਹੈ। ਮੈਂ ਭਾਵੇਂ ਕਿ ਪੰਜਾਬੀ ਹਾਂ, ਅਤੇ ਮੇਰਾ ਪਿਛੋਕੜ ਪੰਜਾਬ ਦਾ ਹੈ। ਪਰ ਨੌਕਰੀ ਦੇ ਸਿਲਸਿਲੇ ਵਿਚ ਕਦੇ ਬਰੇਲੀ ਤੇ ਕਦੇ ਕਾਨਪੁਰ ਬਦਲੀ ਹੋਣ ਤੇ ਉਥੇ ਜਾਣਾ ਪੈਂਦਾ ਹੈ। ਫਿਰ ਵੀ ਤੁਸੀਂ ਮੈਨੂੰ ਪੜ੍ਹਨ ਲਈ ਕਿਤਾਬਾਂ ਤੇ ਮੈਗਜ਼ੀਨ ਭੇਜਦੇ ਹੋ ਇਹਦੇ ਨਾਲ ਮੈਂ ਪੰਜਾਬੀ ਭਾਸ਼ਾ ਤੇ ਪੰਜਾਬੀ ਲੇਖਕਾਂ ਨਾਲ ਜੁੜਿਆ ਰਹਿੰਦਾ ਹਾਂ। ਯਾਦਾਂ ਲਿਖਣ ਵਾਲੇ ਹਰ ਲੇਖਕ ਨਾਲ ਮੈਂ ਮੁਬਾਇਲ ਫੋਨ ਤੇ ਗੱਲਬਾਤ ਕੀਤੀ। ਆਨੰਦ ਆ ਗਿਆ । ਇਕ ਵਾਰ ਫਿਰ 'ਕਹਾਣੀ ਧਾਰਾ' ਦੀ ਦੁਆ। **-ਕਰਨਲ ਸੁਖਦੇਵ ਰਾਜ, ਕਾਨਪੁਰ**

'ਕਹਾਣੀ ਧਾਰਾ' ਦਾ ਯਾਦਾਂ ਅੰਕ ਅਨੇਕਾਂ ਪਹਿਲੂਆਂ ਕਰਕੇ ਵਿਲੱਖਣ ਹੈ। ਅਜਿਹਾ ਅੰਕ ਪਹਿਲਾਂ ਕਿਸੇ ਰਸਾਲੇ ਦਾ ਪੜ੍ਹਨ ਨੂੰ ਨਹੀਂ ਮਿਲਿਆ। ਲੇਖਕਾਂ ਦੇ ਸਾਹਿਤ ਨਾਲ ਜੋੜ ਕੇ ਜਦੋਂ ਯਾਦਾਂ ਪੜ੍ਹਾਂਗੇ ਤਾਂ ਸਾਨੂੰ ਅਨੇਕਾਂ ਪਸਾਰ ਰਚਨਾ ਦੇ ਮਿਲਣਗੇ। ਯਾਦਾਂ ਪੜ੍ਹ ਕੇ ਲੇਖਕਾਂ ਬਾਰੇ ਅਨੇਕਾਂ ਨਵੀਆਂ ਗੱਲਾਂ ਦਾ ਪਤਾ ਲੱਗਾ। ਯਾਦਾਂ ਨਾਲ ਲੇਖਕਾਂ ਨੂੰ ਸਮਝਿਆ ਜਾ ਸਕਦਾ ਹੈ। **-ਬਲਵਿੰਦਰ ਕੌਰ, ਮੰਡੀ ਗੋਬਿੰਦਗੜ੍ਹ, ਖੰਨਾ**

'ਕਹਾਣੀ ਧਾਰਾ' ਮਿਲ ਜਾਂਦਾ ਹੈ। ਯਾਦਾਂ ਅੰਕ ਬਹੁਤ ਅੱਛਾ ਹੈ। ਮੈਂ ਹੌਲੀ ਹੌਲੀ ਪੜ੍ਹ ਲਿਆ ਹੈ। ਤੁਸੀਂ ਜਰਨਲ ਪ੍ਰਕਾਸ਼ਤ ਕਰਕੇ ਚੰਗਾ ਉਪਰਾਲਾ ਕਰਦੇ ਹੋ। **- ਬਾਲ ਆਨੰਦ, ਨਵੀਂ ਦਿੱਲੀ**

**ਆਲੋਚਨਾ ਲੇਖ**

# ਸਮਾਜਿਕ ਯਥਾਰਥ ਅਤੇ ਸਮਕਾਲੀ ਪੰਜਾਬੀ ਨਾਵਲ

**- ਡਾ. ਰਮਨ ਕੁਮਾਰ ਸ਼ਰਮਾ**

ਯਥਾਰਥ ਅਜਿਹਾ ਸੰਕਲਪ ਹੈ ਜਿਸ ਨੂੰ ਵੱਖ-ਵੱਖ ਸਮਿਆਂ ਵਿਚ ਵੱਖੋ-ਵੱਖਰੇ ਦਾਰਸ਼ਨਿਕਾਂ ਤੇ ਚਿੰਤਕਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ। ਵਿਚਾਰਵਾਦੀ ਦਾਰਸ਼ਨਿਕਾਂ ਨੇ ਯਥਾਰਥ ਨੂੰ ਨਿਰਪੇਖ ਯਥਾਰਥ ਦੇ ਰੂਪ ਵਿਚ ਗ੍ਰਹਿਣ ਕਰਦੇ ਹੋਏ ਦਿਸਦੇ ਸੰਸਾਰ ਨੂੰ ਅਣਯਥਾਰਥਕ ਅਥਵਾ ਮਾਇਆ ਤੇ ਭਰਮ ਦਾ ਰੂਪ ਕਿਹਾ। ਪੱਛਮ ਵਿਚ ਪੁਨਰ ਜਾਗਰਿਤੀ ਤੋਂ ਬਾਅਦ ਗਿਆਨਵਾਦ ਅਤੇ ਅਨੁਭਵਵਾਦ ਦੇ  ਨੇ ਯਥਾਰਥ ਨੂੰ ਪਦਾਰਥਵਾਦ ਦੇ ਘੇਰੇ ਵਿਚ ਲਿਆਉਂਦੇ ਹੋਏ ਗਿਆਨ ਇੰਦਰੀਆਂ ਨੂੰ ਹੀ ਗਿਆਨ ਗ੍ਰਹਿਣ ਦਾ ਮਾਧਿਅਮ ਸਵੀਕਾਰ ਕੀਤਾ ਹੈ। ਪਦਾਰਥਵਾਦੀ ਤੇ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਯਥਾਰਥ ਕੇਵਲ ਦਿਸਦੀ ਜਾਂ ਦਿਸਣਯੋਗ ਵਸਤ ਜਾਂ ਵਰਤਾਰੇ ਤੱਕ ਹੀ ਸੀਮਿਤ ਨਹੀਂ ਹੁੰਦਾ ਸਗੋਂ ਇਸ ਵਿਚ ਇਹਨਾਂ ਦੇ ਅੰਦਰੂਨੀ ਸਾਰ ਤੇ ਸੁਭਾਅ ਅਤੇ ਉਹਨਾਂ ਵਿਚਲੇ ਅੰਤਰ ਵਿਰੋਧ ਵੀ ਸ਼ਾਮਿਲ ਹੁੰਦੇ ਹਨ ਜਿਹੜੇ ਇਹਨਾਂ ਵਰਤ-ਵਰਤਾਰਿਆਂ ਨੂੰ ਸਮਝਣ ਤੇ ਵਿਸ਼ਲੇਸ਼ਿਤ ਕਰਨ ਵਿਚ ਆਪਣੀ ਭੂਮਿਕਾ ਨਿਭਾਉਂਦੇ ਹਨ। ਇਸ ਦ੍ਰਿਸ਼ਟੀਕੋਣ ਅਨੁਸਾਰ ਯਥਾਰਥ ਦੀ ਨਿਸ਼ਚਿਤਤਾ ਤੇ ਸਥਿਰਤਾ ਸਦਾ ਲਈ ਨਹੀਂ ਹੁੰਦੀ। ਇਸ ਵਿਚਲੀ ਗਤੀਸ਼ੀਲਤਾ ਤੇ ਪਰਿਵਰਤਨਸ਼ੀਲਤਾ, ਇਸ ਵਿਚਲੇ ਅੰਤਰ ਸੰਬੰਧ ਤੇ ਅੰਤਰ ਵਿਰੋਧ ਵੀ ਸਮੇਂ ਤੇ ਸਥਾਨਕ ਪ੍ਰਸੰਗਾਂ ਵਿਚ ਇਸਦੀ ਪ੍ਰਕਿਰਤੀ ਤੇ ਸਰੂਪ ਨੂੰ ਨਿਰਧਾਰਿਤ ਕਰਦੇ ਹਨ। ਆਪਣੇ ਵਿਆਪਕ ਅਰਥਾਂ ਵਿਚ ਯਥਾਰਥ ਆਪਣੇ ਪਦਾਰਥਕ ਆਧਾਰ ਤੋਂ ਲੈ ਕੇ ਇਸਦੇ ਰੂਪ, ਅਨੁਭਵ, ਬੋਧ, ਵਿਸ਼ਵਾਸ ਤੇ ਪਾਸਾਰ ਦੇ ਅਸੀਮ ਪੱਖਾਂ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਆਧੁਨਿਕ ਸੋਚ ਤੇ ਵਿਚਾਰਧਾਰਾ ਦਾ ਮੰਨਣਾ ਹੈ ਕਿ ਯਥਾਰਥ ਨੂੰ ਇਸਦੀ ਸਮੁੱਚਤਾ, ਜਟਿਲਤਾ, ਗਤੀਸ਼ੀਲਤਾ ਇਤਿਹਾਸਕਤਾ ਦੇ ਪ੍ਰਸੰਗ ਵਿਚ ਰੱਖਕੇ ਹੀ ਸਮਝਿਆ ਤੇ ਪਰਖਿਆ ਜਾ ਸਕਦਾ ਹੈ।

ਕਲਾ ਤੇ ਸਾਹਿਤ ਵਿਚ ਵੀ ਯਥਾਰਥ ਕੇਵਲ ਸਰਲ ਪ੍ਰਤਿਬਿੰਬ ਰੂਪ ਵਿਚ ਹੀ ਪੇਸ਼ ਨਹੀਂ ਹੁੰਦਾ ਸਗੋਂ ਇਸਨੂੰ ਪੁਨਰ ਸਿਰਜਣ ਦੀ ਪ੍ਰਕਿਰਿਆ ਵਿਚੋਂ ਲੰਘਕੇ ਸਾਕਾਰ ਕੀਤਾ ਜਾਂਦਾ ਹੈ। ਸਮਕਾਲੀ ਸਮਾਜਿਕ ਯਥਾਰਥ ਆਪਣੇ ਜੁਗ ਦੀ ਚੇਤਨਾ ਦੇ ਰੂਪ ਵਿਚ ਸਾਹਿਤ ਵਿਚ ਹਮੇਸ਼ਾ ਅਨਿੱਖੜਵੇਂ ਰੂਪ ਵਿਚ ਕਾਰਜਸ਼ੀਲ ਰਹਿੰਦਾ ਹੈ। ਸਾਹਿਤ ਇਸ ਨੂੰ ਸਮੇਂ ਤੇ ਸਥਾਨ ਦੇ ਪ੍ਰਸੰਗ ਵਿਚ ਰੱਖ ਕੇ ਪੇਸ਼ ਕਰਦਾ ਹੈ।

ਸਮਾਜਿਕ ਯਥਾਰਥ ਆਪਣੇ ਆਪ 'ਚ ਵਿਆਪਕ ਅਰਥ ਸਮੋਈ ਬੈਠਾ ਹੈ। ਇਸ ਵਿਚ ਮਨੁੱਖ ਦੁਆਰਾ ਸਿਰਜਿਤ, ਸੰਚਾਲਿਤ ਤੇ ਨਿਯੰਤ੍ਰਿਤ ਕਰਨ ਵਾਲੀਆਂ ਸਮੂਹ ਪਦਾਰਥਕ ਸ਼ਕਤੀਆ ਸਮਾਜਿਕ ਰਿਸ਼ਤੇ, ਸਮੂਹ ਸੰਸਥਾਵਾਂ, ਸੱਭਿਆਚਾਰਕ ਮੁੱਲ ਵਿਧਾਨ ਤੇ ਸੱਤਾ ਤੇ ਵਿਭਿੰਨ ਰੂਪ ਤੇ ਪੱਧਰ ਆਦਿ ਸ਼ਾਮਿਲ ਹਨ। ਇਹ ਅਜਿਹਾ ਵਰਤਾਰਾ ਹੈ ਜਿਹੜਾ ਜਟਿਲ ਹੁੰਦਾ ਹੋਇਆ ਨਿਰੰਤਰ ਗਤੀਸ਼ੀਲ ਰਹਿੰਦਾ ਹੈ ਅਤੇ ਬਦਲਦੇ ਸਮੇਂ ਤੇ ਸਥਾਨ ਅਨੁਸਾਰ ਆਪਣਾ ਰੂਪਾਂਤ੍ਰਣ ਕਰਦਾ ਰਹਿੰਦਾ ਹੈ।

ਆਧੁਨਿਕ ਯੁੱਗ ਦਾ ਵਿਸ਼ਵੀ ਪੂੰਜੀਵਾਦੀ ਵਰਤਾਰਾ ਜਿਹੜਾ ਨਿਜੀ ਜਾਇਦਾਦ ਦੀ ਸੰਸਥਾ ਉੱਤੇ ਟਿਕਿਆ ਹੈ, ਇਸ ਦਾ ਮੁੱਖ ਉਦੇਸ਼ ਨਿਜੀ ਸਰਮਾਏ ਵਿਚ ਵਾਧਾ ਕਰਨਾ ਹੈ। ਇਸ ਦਾ ਬੁਨਿਆਦੀ ਸੁਭਾਅ ਆਰਥਿਕ ਸ਼ੋਸ਼ਣ ਹੈ ਅਤੇ ਇਸ ਦੀ ਵਿਧੀ ਬਿਜਲਈ ਸੰਚਾਰ ਸਾਧਨਾਂ ਰਾਹੀਂ



ਉਪਭੋਗੀ ਸੱਭਿਆਚਾਰ ਦੇ ਪ੍ਰਚਾਰ ਤੇ ਪਾਸਾਰ ਦੀ ਹੈ। ਇਸੇ ਪੂੰਜੀਵਾਦੀ ਸਮਾਜਿਕ ਵਿਵਸਥਾ ਨੂੰ ਵਿਸ਼ਵੀਕਰਨ ਜਾਂ ਗਲੋਬਲਾਈਜ਼ੇਸ਼ਨ ਕਿਹਾ ਜਾਂਦਾ ਹੈ ਜਿਹੜਾ ਬਸਤੀਵਾਦੀ ਸਾਮਰਾਜ ਦਾ ਹੀ ਅਗਲੇਰਾ ਰੂਪ ਹੈ। ਕਿਉਂਕਿ ਵਿਸ਼ਵੀਕਰਨ ਦਾ ਇਹ ਵਰਤਾਰਾ ਮੂਲ ਰੂਪ 'ਚ ਆਰਥਿਕਤਾ ਦੁਆਲੇ ਹੀ ਘੁੰਮਦਾ ਹੈ, ਇਸ ਲਈ ਪਰਉਸਾਰ (superstructure) ਦੇ ਸਮੂਹ ਰੂਪ ਇਸ ਦੀ ਜਕੜ ਵਿਚ ਹਨ। ਵਿਸ਼ਵੀਕਰਨ ਤੇ ਉਦਾਰੀਕਰਨ ਦੇ ਲੁਭਾਉਣੇ ਸ਼ਬਦਾਂ ਦੇ ਸਾਰ ਵਿਚ ਸਾਮਰਾਜੀ ਸ਼ਕਤੀਆਂ ਦੀ ਵਧੇਰੇ ਮੁਨਾ ਪ੍ਰਾਪਤ ਕਰਨ ਦੀ ਸਿਆਸਤ ਉਸ ਵੇਲੇ ਦ੍ਰਿਸ਼ਟੀਗੋਚਰ ਹੁੰਦੀ ਹੈ ਜਦੋਂ ਪੂਰੇ ਵਿਸ਼ਵ ਵਿਚ ਏਕੀਕਰਨ ਦੀ ਸਥਾਪਤੀ ਦਾ ਨਾਅਰਾ ਆਰਥਿਕ ਪੱਧਰ 'ਤੇ ਅਣਕਿਆਸਿਆ ਪਾੜਾ ਤੇ ਅਸੰਤੁਲਨ ਪੈਦਾ ਕਰਦਾ ਹੈ। ਅਰਥਸ਼ਾਸਤਰੀਆਂ ਦਾ ਮੱਤ ਹੈ ਕਿ ਇਸ ਪ੍ਰਚਲਿਤ ਆਰਥਿਕ ਪ੍ਰਬੰਧ ਵਿਚ ਦੁਨੀਆਂ ਦੀ 80 ਪ੍ਰਤਿਸ਼ਤ ਦੌਲਤ ਦੁਨੀਆਂ ਦੇ 20 ਪ੍ਰਤਿਸ਼ਤ ਧਨੀ ਲੋਕਾਂ ਕੋਲ ਹੈ ਜਦੋਂ ਕਿ ਦੁਨੀਆਂ ਦੇ 80 ਪ੍ਰਤਿਸ਼ਤ ਲੋਕਾਂ ਕੋਲ ਕੇਵਲ 20 ਪ੍ਰਤਿਸ਼ਤ ਦੌਲਤ ਹੈ। ਆਰਥਿਕਤਾ ਦੇ ਅਜਿਹੇ ਪਾੜੇ ਤੇ ਅਸਾਵੇਂਪਣ ਨੇ ਸੰਸਾਰ ਵਿਚ ਬਹੁਤ ਸਾਰੇ ਸੰਕਟ ਪੈਦਾ ਕੀਤੇ ਹਨ ਜਿਨ੍ਹਾਂ ਦੇ ਪ੍ਰਭਾਵ ਸਦਕਾ ਹਰ ਵਿਅਕਤੀ ਤਨਾਅਗ੍ਰਸਤ ਹੈ। ਸਾਹਿਤ ਦੀ ਹੋਂਦ ਵਿਧੀ ਦਾ ਆਧਾਰ ਕਿਉਂਕਿ ਇਹੀ ਤਨਾਉ ਹੈ, ਇਹੀ ਕਾਰਨ ਹੈ ਕਿ ਦੁਨੀਆਂ ਵਿਚ ਅੱਜ ਜੋ ਵੀ ਸਾਹਿਤ ਰਚਿਆ ਜਾ ਰਿਹਾ ਹੈ ਉਸਦੀ ਬੁਨਿਆਦੀ ਸੁਰ ਤਨਾਉਮਈ ਤ੍ਰਾਸਦਿਕ ਹੈ।

ਸਾਹਿਤ ਤੇ ਸਮਾਜ ਦਾ ਰਿਸ਼ਤਾ ਹਮੇਸ਼ਾ ਹੀ ਭੂਮੀ ਤੇ ਭੂਮਿਕਾ ਵਾਲਾ ਰਿਹਾ ਹੈ। ਸਮਾਜ ਸਾਹਿਤ ਦੀ ਕੱਚੀ ਸਾਮੱਗਰੀ ਦੀ ਸ੍ਰੋਤ ਵੀ ਹੈ ਅਤੇ ਪਰਤਵੇਂ ਰੂਪ ਵਿਚ ਸਾਹਿਤ ਤੋਂ ਪ੍ਰਭਾਵਿਤ ਵੀ ਹੁੰਦਾ ਹੈ। ਸਾਹਿਤ ਦਾ ਇਹ ਸੁਭਾਅ ਤੇ ਅਮਲ ਸਾਹਿਤ ਦੇ ਸਾਰੇ ਰੂਪਾਕਾਰਾਂ ਵਿਚ ਕਾਰਜਸ਼ੀਲ ਰਹਿੰਦਾ ਹੈ। ਦੂਜੇ ਸਾਹਿਤ ਰੂਪਾਂ ਦੇ ਮੁਕਾਬਲੇ ਨਾਵਲ ਸਾਹਿਤ ਦਾ ਅਜਿਹਾ ਜਟਿਲ ਤੇ ਵਿਸਤ੍ਰਿਤ ਰੂਪਾਕਾਰ ਹੈ ਜਿਹੜਾ ਸਾਧਾਰਨ ਮਨੁੱਖ ਨੂੰ ਉਸਦੀਆਂ ਸਮਾਜਿਕ ਸੱਭਿਆਚਾਰਕ ਪ੍ਰਸੰਗ ਵਿਚ ਰੱਖਦਾ ਹੋਇਆ ਅਨੇਕ ਪਰਤਾਂ ਨੂੰ ਰੂਪਮਾਨ ਕਰਨ ਦੇ ਜ਼ਿਆਦਾ ਸਮਰੱਥ ਹੈ। ਇਸਨੂੰ ਪੂੰਜੀਵਾਦੀ ਯੁੱਗ ਦਾ ਮਹਾਂਕਾਵਿ ਵੀ ਏਸੇ ਲਈ ਆਖਿਆ ਜਾਂਦਾ ਹੈ ਕਿ ਸਾਹਿਤ ਦਾ ਇਹ ਰੂਪ ਹੀ ਹੈ ਜਿਹੜਾ ਸਰਮਾਏਦਾਰੀ ਸੰਸਕ੍ਰਿਤੀ ਦੇ ਅੰਤਰ ਸੰਬੰਧਾਂ ਤੇ ਅੰਤਰ ਵਿਰੋਧਾਂ ਨੂੰ ਉਸਦੇ ਭਰਵੇਂ ਤੇ ਗਤੀਸ਼ੀਲ ਰੂਪ ਵਿਚ ਹੀ ਪੇਸ਼ ਨਹੀਂ ਕਰਦਾ ਸਗੋਂ ਸਿਰਜਣਾਤਮਕ ਪੱਧਰ 'ਤੇ ਇਸਦਾ ਗਲਪੀ ਵਿਵੇਕ ਵੀ ਸਿਰਜਦਾ ਹੈ।

ਪੰਜਾਬੀ ਨਾਵਲ ਦੇ ਉਦੈ ਹੋਣ ਦੇ ਪਦਾਰਥਕ ਤੇ ਵਿਚਾਰਧਾਰਾਈ ਆਧਾਰ ਭਾਵੇਂ ਉਸ ਤਰਾਂ ਦੇ ਨਹੀਂ ਸਨ ਜਿਨ੍ਹਾਂ ਵਿਚੋਂ ਪੱਛਮ ਵਿਚ ਨਾਵਲ ਦਾ ਉਦੈ ਹੋਇਆ। ਪਰੰਤੂ ਇਹ ਨਿਸ਼ਚਿਤ ਹੈ ਕਿ ਇਸ ਦਾ ਉਦੈ ਬਸਤੀਵਾਦ ਦੇ ਉਸ ਗਿਆਨਵਾਦ ਤੇ ਸੰਸਕ੍ਰਿਤੀਕਰਨ ਦੇ ਪ੍ਰਤਿਉੱਤਰ ਵਜੋਂ ਹੋਇਆ ਜਿਹੜਾ ਪੱਛਮੀ ਗਿਆਨ, ਪੱਛਮੀ ਸਾਹਿਤ ਤੇ ਪੱਛਮੀ ਸਭਿਆਚਾਰ ਦੀ ਸ੍ਰੇਸ਼ਟਤਾ ਨੂੰ ਸਥਾਪਿਤ ਕਰਨ ਲਈ ਈਸਾਈ ਮਿਸ਼ਨਰੀਆਂ ਅਤੇ ਬਰਤਾਨਵੀ ਸ਼ਾਸਕਾਂ ਦੁਆਰਾ ਪੰਜਾਬ ਵਿਚ ਪ੍ਰਚਾਰਿਆ ਤੇ ਪ੍ਰਸਾਰਿਆ ਜਾ ਰਿਹਾ ਸੀ। ਇਹੋ ਹੀ ਕਾਰਨ ਹੈ ਕਿ ਪੰਜਾਬੀ ਨਾਵਲ ਦਾ ਸਿਰਜਣਾਤਮਕ ਮਾਡਲ ਪੱਛਮੀ ਨਾਵਲ ਦੇ ਸੰਰਚਨਾਤਮਕ ਮਾਡਲ ਤੋਂ ਆਪਣੀ ਭਿੰਨਤਾ ਸਥਾਪਿਤ ਕਰਦਾ ਹੈ।

ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਸੁੰਦਰੀ ਭਾਈ ਵੀਰ ਸਿੰਘ ਦੁਆਰਾ 1898 ਈ. ਵਿਚ ਲਿਖਿਆ ਗਿਆ। ਇਉਂ ਇਤਿਹਾਸਕ ਪੱਧਰ 'ਤੇ ਪੰਜਾਬੀ ਨਾਵਲ ਦਾ ਰਚਨਈ ਕਾਲ ਲਗਭਗ 110 ਸਾਲ ਦਾ ਬਣਦਾ ਹੈ। ਇਸ ਕਾਲ ਨੂੰ ਪ੍ਰਵਿਰਤੀ ਤੇ ਦ੍ਰਿਸ਼ਟੀ ਪੱਖੋਂ ਅੱਗੋ ਤਿੰਨ ਕਾਲਾਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ। ਪਹਿਲਾ ਕਾਲ 1898 ਈ. ਤੋਂ 1960 ਈ. ਤੱਕ; ਦੂਜਾ 1960 ਈ. ਤੋਂ 1990 ਈ. ਤੱਕ ਤੇ ਤੀਸਰਾ 1990 ਈ. ਤੋਂ ਬਾਅਦ। 1898 ਈ. ਤੋਂ ਲੈ ਕੇ 1960 ਈ. ਤੱਕ ਦੇ ਪੰਜਾਬੀ

ਨਾਵਲ ਨੂੰ ਅੱਗੋਂ ਚਾਰ ਪ੍ਰਵਿਰਤੀਆਂ ਵਿਚ ਵੰਡਿਆ ਜਾ ਸਕਦਾ ਹੈ - ਧਾਰਮਿਕ ਸੰਪਰਦਾਇਕ ਪ੍ਰਵਿਰਤੀ, ਧਾਰਮਿਕ ਪ੍ਰਵਿਰਤੀ, ਆਦਰਸ਼ਵਾਦੀ ਸੁਧਾਰਵਾਦੀ ਪ੍ਰਵਿਰਤੀ ਤੇ ਪ੍ਰਗਤੀਵਾਦੀ ਪ੍ਰਵਿਰਤੀ। ਇਹਨਾਂ ਪ੍ਰਵਿਰਤੀਆਂ ਨੂੰ ਜਿਹੜੀ ਗੱਲ ਵੱਖ ਕਰਦੀ ਹੈ ਉਹ ਇਹਨਾਂ ਵਿਚਲੀ ਦ੍ਰਿਸ਼ਟੀ ਹੈ ਤੇ ਜਿਹੜੀ ਗੱਲ ਇਹਨਾਂ ਵਿਚਕਾਰ ਸਾਂਝ ਸਥਾਪਿਤ ਕਰਦੀ ਹੈ ਉਹ ਇਹਨਾਂ ਦਾ ਸੰਰਚਨਾਤਮਕ ਮਾਡਲ ਹੈ। 1960 ਈ. ਤੱਕ ਦਾ ਸਮੁੱਚਾ ਨਾਵਲ ਉਦੇਸ਼ਮੁਖਤਾ ਨੂੰ ਸਥਾਪਿਤ ਕਰਨ ਵਾਲਾ ਨਾਵਲ ਹੈ ਜਿਹੜਾ ਪ੍ਰਤਿਮਾਨਕ ਗਲਪ ਦੀ ਸਿਰਜਣਾ ਕਰਦਾ ਹੈ। ਧਾਰਮਿਕ ਸੰਪਰਦਾਇਕਤਾ ਵਾਲਾ ਨਾਵਲ ਵਿਸ਼ੇਸ਼ ਧਰਮ ਦੇ ਸਿਧਾਂਤਾਂ ਨੂੰ ਵਿਅਕਤੀ ਚਰਿਤ੍ਰ ਦੇ ਪ੍ਰਤਿਮਾਨ ਵਜੋਂ ਪੇਸ਼ ਹੋਇਆ ਹੈ। ਧਾਰਮਿਕ ਦ੍ਰਿਸ਼ਟੀ ਵਾਲਾ ਮਾਨਵਵਾਦੀ ਪ੍ਰਤਿਮਾਨ ਨੂੰ ਸਥਾਪਿਤ ਕਰਦਾ ਹੈ। ਆਦਰਸ਼ਵਾਦੀ ਸੁਧਾਰਵਾਦੀ ਦ੍ਰਿਸ਼ਟੀ ਦਾ ਨਾਵਲ ਆਦਰਸ਼ਾਂ ਨੂੰ ਪ੍ਰਤਿਮਾਨ ਵਜੋਂ ਵਰਤਦਾ ਹੈ ਅਤੇ ਪ੍ਰਗਤੀਵਾਦੀ ਦ੍ਰਿਸ਼ਟੀ ਦਾ ਨਾਵਲ ਸਮਾਜਵਾਦੀ ਮਨੁੱਖ ਦੇ ਪ੍ਰਤਿਮਾਨ ਰਾਹੀਂ ਕ੍ਰਾਂਤੀ ਦਾ ਸੰਦੇਸ਼ ਦਿੰਦਾ ਹੈ। ਇਹ ਸਮੁੱਚਾ ਨਾਵਲ ਜਿੱਥੇ ਦ੍ਰਿਸ਼ਟੀ ਪੱਖੋਂ ਵੱਖਰਾ ਹੈ ਉੱਥੇ ਵਿਧੀ ਪੱਖੋਂ ਨਾਇਕਮੂਲਕ ਅਤੇ ਸੁਖਾਂਤਭਾਵੀ ਗਲਪੀ ਅਮਲ ਨੂੰ ਆਪਣੀ ਸਿਰਜਣਾਤਮਕ ਉਸਾਰੀ ਵਿਚ ਵਰਤਦਾ ਹੈ। 1960 ਈ. ਤੋਂ ਬਾਅਦ ਦਾ ਨਾਵਲ ਆਪਣੇ ਪੂਰਬਲੇ ਨਾਵਲ ਦੇ ਸੰਰਚਨਾਤਮਕ ਮਾਡਲ ਨੂੰ ਤੋੜਦਾ ਹੋਇਆ ਦੁਖਾਂਤ ਸਿਰਜਣ ਵੱਲ ਅਹੁਲਦਾ ਹੋਇਆ ਸਾਧਾਰਨ ਮਨੁੱਖ ਨੂੰ ਨਾਇਕ ਵਜੋਂ ਪੇਸ਼ ਕਰਨ ਦੀ ਥਾਂ ਨਾਇਕ ਦਾ ਵਿਗਠਨ ਕਰਦਾ ਹੈ। 1990 ਈ. ਤੱਕ ਦੇ ਨਾਵਲ ਵਿਚ ਇਕ ਸਾਂਝ ਦੀ ਕੜੀ ਵੀ ਜੁੜੀ ਹੋਈ ਹੈ। ਉਹ ਸਾਂਝ ਇਸ ਗੱਲ ਵਿਚ ਹੈ ਕਿ ਇਹ ਸਮੁੱਚਾ ਨਾਵਲ ਨਾਵਲਕਾਰਾਂ ਦੇ ਨਿਜੀ ਤੇ ਖੇਤਰੀ ਅਨੁਭਵਾਂ ਵਿਚੋਂ ਪੈਦਾ ਹੋਇਆ ਹੈ। ਇਸ ਕਰਕੇ ਇਸ ਨਾਵਲ ਨੂੰ ਅਨੁਭਵਮੂਲਕ ਨਾਵਲ ਦੀ ਕੋਟੀ ਵਿਚ ਰੱਖਿਆ ਜਾ ਸਕਦਾ ਹੈ। 1990 ਈ. ਤੋਂ ਬਾਅਦ ਦਾ ਨਾਵਲ ਇਸ ਪੱਖੋਂ ਭਿੰਨ ਹੈ ਕਿ ਇਹ ਨਾਵਲ ਸਿਰ ਤੇ ਸਿਰ ਨਿਜੀ ਅਨੁਭਵ ਦੇ ਖੇਤਰ ਵਿਚੋਂ ਨਿਕਲ ਕੇ ਨਾਵਲਕਾਰਾਂ ਦੇ ਅਧਿਐਨ ਤੇ ਖੋਜ ਆਧਾਰਿਤ ਅਨੁਭਵ ਦਾ ਨਾਵਲ ਬਣਦਾ ਹੈ। ਵਿਧੀ ਪੱਖੋਂ ਵੀ ਇਹ ਨਾਵਲ ਅਤਿ ਜਟਿਲ ਬਿਰਤਾਂਤ ਦੀ ਸੰਘਣੀ ਬਿਰਤਾਂਤਕਾਰੀ ਵਜੋਂ ਰੂਪਮਾਨ ਹੁੰਦਾ ਹੈ। ਇਸ ਨਾਵਲ ਦੀ ਇਕ ਪ੍ਰਾਪਤੀ ਇਹ ਹੈ ਕਿ ਇਸ ਵਿਚ ਨਾਇਕ ਨੂੰ ਪੁਨਰ ਸਥਾਪਿਤ ਕਰਨ ਦੀ ਰੁਚੀ ਵੀ ਦ੍ਰਿਸ਼ਟਮਾਨ ਹੁੰਦੀ ਹੈ। ਦਿਲਚਸਪ ਗੱਲ ਇਹ ਹੈ ਕਿ 1960 ਈ. ਤੋਂ ਬਾਅਦ ਗੁਰਦਿਆਲ ਸਿੰਘ ਦੇ ਪਹਿਲੇ ਲਿਖੇ ਨਾਵਲ ਮੜ੍ਹੀ *ਦਾ ਦੀਵਾ* ਨੂੰ ਨਾਇਕ ਦਾ ਵਿਗਠਨ ਕਰਨ ਵਾਲਾ ਤੇ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਦਾ ਪਹਿਲਾ ਨਾਵਲ ਮੰਨਿਆ ਜਾਂਦਾ ਹੈ। ਇਸ ਬਾਰੇ ਆਲੋਚਕਾਂ ਦੀ ਇਹ ਰਾਏ ਹੈ ਕਿ ਇਸ ਨਾਵਲ ਨਾਲ ਪੰਜਾਬੀ ਨਾਵਲ ਅਪਣਾ ਆਸਣ ਬਦਲਦਾ ਹੈ ਤੇ ਪੰਜਾਬੀ ਵਿਚ ਦੁਖਾਂਤਭਾਵੀ ਨਾਵਲ ਸਿਰਜਣ ਦੀ ਸ਼ੁਰੂਆਤ ਵੀ ਏਸੇ ਨਾਵਲ ਤੋਂ ਮੰਨੀ ਜਾਂਦੀ ਹੈ। ਦੂਜੇ ਪਾਸੇ 1990 ਈ. ਤੋਂ ਬਾਅਦ ਨਾਇਕ ਦਾ ਪੁਨਰ ਸਥਾਪਨ ਵੀ ਗੁਰਦਿਆਲ ਸਿੰਘ ਆਪਣੇ ਨਾਵਲ ਪਰਸਾ ਰਾਹੀਂ ਕਰਦਾ ਹੈ। 1990 ਤੋ ਬਾਅਦ ਜਿਹੜੇ ਨਾਵਲਕਾਰਾਂ ਨੇ ਪੰਜਾਬੀ ਨਾਵਲ ਵਿਚ ਗੁਣਾਤਮਕ ਤੇ ਗਿਣਾਤਮਕ ਪੱਧਰ 'ਤੇ ਆਪਣਾ ਯੋਗਦਾਨ ਪਾਇਆ ਉਹਨਾਂ ਵਿਚ ਮਿੱਤਰ ਸੈਨ ਮੀਤ, ਬਲਦੇਵ ਸਿੰਘ, ਕੇਵਲ ਕਲੋਟੀ ਅਤੇ ਹਰਜੀਤ ਅਟਵਾਲ ਵਰਣਨਯੋਗ ਨਾਵਲਕਾਰ ਹਨ।

ਇਸ ਦੌਰ ਦਾ ਸਮਕਾਲੀ ਪੰਜਾਬੀ ਨਾਵਲ ਆਰਥਿਕ, ਸਮਾਜਿਕ, ਸਭਿਆਚਾਰਕ, ਧਾਰਮਿਕ ਸਰੋਕਾਰਾਂ ਤੇ ਸਮੱਸਿਆਵਾਂ ਦਾ ਪਛਾਣਨਯੋਗ ਮੁਹਾਂਦਰਾ ਉਲੀਕਦਿਆਂ ਇਹਨਾਂ ਪ੍ਰਤੀ ਵਿਸ਼ਲੇਸ਼ਣੀ ਦ੍ਰਿਸ਼ਟੀ ਅਪਣਾਉਂਦਾ ਹੈ। ਸਮਕਾਲੀ ਦੌਰ ਦਾ ਇਹ ਪੰਜਾਬੀ ਨਾਵਲ ਵਸਤੂ, ਵਿਧੀ ਤੇ ਦ੍ਰਿਸ਼ਟੀ ਪੱਖੋਂ ਨਵਾਂ ਮੁਹਾਂਦਰਾ ਸਿਰਜਦਾ ਹੈ। ਇਸ ਦੌਰ ਦੇ ਪ੍ਰਤਿਨਿਧ ਨਾਵਲਕਾਰਾਂ ਵਿਚੋਂ ਮਿੱਤਰ ਸੈਨ ਮੀਤ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਆਪਣੇ ਨਾਵਲਾਂ ਤ ਕਟਹਿਰਾ, ਸੁਧਾਰ *ਘਰ* ਤੇ ਕੌਰਵ *ਸਭਾ* ਰਾਹੀਂ ਸਮਕਾਲੀ ਪੰਜਾਬੀ ਨਾਵਲ ਨੂੰ ਵਿਸ਼ੇ ਪੱਖੋਂ ਹੀ ਨਵੀਨਤਾ ਪ੍ਰਦਾਨ ਨਹੀਂ ਕਰਦਾ ਸਗੋਂ ਵਿਧੀ ਪੱਖੋਂ ਵੀ



ਕੁੱਝ ਨਵੇਂ ਪ੍ਰਯੋਗ ਕਰਦਾ ਹੈ। ਉਸ ਦੀ ਨਾਵਲੀ ਚੇਤਨਾ ਦੀ ਇਹ ਵੱਡੀ ਪ੍ਰਾਪਤੀ ਹੈ ਕਿ ਉਸਨੇ ਕਾਨੂੰਨ ਤੇ ਨਿਆਂ ਵਿਵਸਥਾ ਦੇ ਇਹਨਾਂ ਪ੍ਰਬੰਧਕੀ ਢਾਂਚਿਆਂ ਆਪਣੀ ਰਚਨਾ-ਵਸਤੂ ਬਣਾ ਕੇ ਇਹਨਾਂ ਵਿਚ ਆਈ ਭ੍ਰਿਸ਼ਟ ਸੋਚ, ਦੁਸ਼ਵਾਰੀਆਂ ਤੇ ਬੇਤਰਤੀਬੀਆਂ ਰਾਹੀਂ ਯਥਾਰਥ ਦਾ ਬਹੁਪੱਖੀ ਤੇ ਬਹੁਪਾਸਾਰੀ ਰੂਪ ਸਿਰਜਿਆ ਹੈ। ਇਹਨਾਂ ਨਾਵਲਾਂ ਵਿਚ ਸਾਡੀਆਂ ਪ੍ਰਬੰਧਕੀ ਸੰਸਥਾਵਾਂ ਦੇ ਅੰਤਰ-ਸੰਬੰਧਾਂ ਤੇ ਅੰਤਰ-ਵਿਰੋਧਾਂ ਦੇ ਨਾਲ-ਨਾਲ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਿਕ-ਵਿਰੋਧ ਗਲਪੀਕ੍ਰਿਤ ਬਿੰਬਾਂ ਰਾਹੀਂ ਸਾਕਾਰ ਹੁੰਦੇ ਹਨ। ਬਲਦੇਵ ਸਿੰਘ ਇਸ ਦੌਰ ਦਾ ਇਕ ਹੋਰ ਪ੍ਰਤਿਨਿਧ ਨਾਵਲਕਾਰ ਹੈ ਜਿਸਨੇ ਸਮਕਾਲੀ ਪੰਜਾਬੀ ਨਾਵਲ ਨੂੰ ਵਸਤੂਗਤ ਤੇ ਵਿਧਾਗਤ ਪੱਧਰ ਤੋਂ ਬਹੁਤ ਅਮੀਰ ਕੀਤਾ ਹੈ। ਉਸਦਾ ਨਾਵਲ ਲਾਲ *ਬੱਤੀ* ਸਥਾਪਿਤ ਸਿਸਟਮ ਵਿਚਲੇ ਅਮਾਨਵੀ ਵਿਹਾਰ ਤੇ ਗੈਰ-ਸਦਾਚਾਰਕਤਾ ਵਾਲੇ ਵੇਸਵਾਗਿਰੀ ਦੇ ਵਰਤਾਰੇ ਨੂੰ ਬੜੀ ਸੂਖਮਤਾ, ਸੰਜੀਦਗੀ ਤੇ ਬਾਰੀਕਬੀਨੀ ਨਾਲ ਪੇਸ਼ ਕਰਦਾ ਵੇਸਵਾਵਾਂ ਪ੍ਰਤੀ ਅਪਨਾਈਆਂ ਜਾਂਦੀਆਂ ਰਵਾਇਤੀ ਧਾਰਨਾਵਾਂ ਤੋੜਦਾ ਹੈ ਅਤੇ ਮਹਾਂਨਗਰੀ ਜੀਵਨ-ਯਥਾਰਥ ਪ੍ਰਤੀ ਨਵਾਂ ਦ੍ਰਿਸ਼ਟੀਕੋਣ ਸਿਰਜਦਾ ਹੈ। ਅੰਨਦਾਤਾ ਨਾਵਲ ਸਮਕਾਲੀ ਪੂੰਜੀਵਾਦੀ ਵਿਵਸਥਾ ਵਿਚਲੀ ਨਿਮਨ ਜਾਂ ਦਰਮਿਆਨੀ ਕਿਰਸਾਨੀ ਦੇ ਸਮਾਜਿਕ, ਸਭਿਆਚਾਰਕ, ਆਰਥਿਕ ਸਰੋਕਾਰਾਂ ਦੇ ਨਿਘਾਰ ਦਾ ਪ੍ਰਤੀਕਾਤਮਕ ਗਲਪੀਕ੍ਰਿਤ ਰੂਪ ਹੈ ਜੋ ਕਿ ਵਿਸ਼ਾਲ ਕੈਨਵਸ ਉੱਪਰ ਚਿਤਰਿਆ ਗਿਆ ਹੈ। ਉਸਦੇ ਹੋਰ ਪ੍ਰਤਿਨਿਧ ਨਾਵਲ ਪੰਜਵਾਂ *ਸਹਿਬਜ਼ਾਦਾ,* ਸਤਲੁਜ *ਵਹਿੰਦਾ ਰਿਹਾ ਤੇ* ਢਾਹਾਂ *ਦਿੱਲੀ ਦੇ ਕਿੰਗਰੇ* ਅਜਿਹੇ ਇਤਿਹਾਸਕ ਨਾਵਲ ਹਨ ਜਿਹੜੇ ਨਾਇਕਤਵ ਪ੍ਰਤਿਮਾਨਾਂ ਦਾ ਨਿਰਧਾਰਣ ਕਰਦੇ ਹੋਏ ਸਮਕਾਲੀ ਕਰਕੇ ਸਮਕਾਲੀ ਵਿਸ਼ਵਪੱਧਰੀ ਅਰਥਚਾਰੇ ਵਾਲੀ ਸਰਮਾਏਦਾਰੀ ਵਿਵਸਥਾ ਖਿਲਾ ਵਿਚਾਰਧਾਰਾਈ ਅੰਤਰ-ਵਿਰੋਧਾਂ ਅਤੇ ਅਪਣਾਏ ਸੰਘਰਸ਼ਸ਼ੀਲ ਪੈਂਤੜੇ ਦੇ ਪ੍ਰਤੀਕ ਹੋ ਨਿਬੜੇ ਹਨ। ਕੇਵਲ ਕਲੋਟੀ ਨੇ ਵੀ ਪ੍ਰਤਿਨਿਧ ਰੂਪ ਵਿਚ ਆਪਣੇ ਨਾਵਲਾਂ ਹੋਣੀ *ਇਕ ਦੇਸ਼ ਦੀ,* ਮਾਅ-ਭੂਮੀ ਤੇ ਘਾਟੀ *ਪੁਤਲੀਗਰਾਂ ਦੀ* ਰਾਹੀਂ ਸੱਤਾਧਾਰੀ ਸਾਮਰਾਜੀ ਸ਼ਕਤੀਆਂ ਦੇ ਨਵ-ਬਸਤੀਵਾਦੀ ਯਥਾਰਥ ਦਾ ਮੁਹਾਂਦਰਾ ਉਘਾੜਿਆ ਹੈ। ਘਾਟੀ-ਪੁਤਲੀਗਰਾਂ ਦੀ ਵਿਚ ਤਾਂ ਪਰਾਮਨੋਵਿਗਿਆਨ ਦੇ ਨਵੀਨ ਵਿਸ਼ੇ ਰਾਹੀਂ ਇਹਨਾਂ ਸਰਮਾਏਦਾਰੀ ਤਾਕਤਾਂ ਦੁਆਰਾ ਅਵਿਕਸਿਤ ਦੇ ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ ਨੂੰ ਆਪਣੇ ਸਾਮਰਾਜੀ ਹਿੱਤਾਂ ਖ਼ਾਤਿਰ ਮਹਿਜ਼ ਇਕ ਉਪਕਰਨ ਵਜੋਂ ਵਰਤਣ ਤੇ ਇਹਨਾਂ ਪ੍ਰਤੀ ਅਪਣਾਈ ਜਾਂਦੀ ਹਾਇਰ ਐਂਡ ਫਾਇਰ ਦੀ ਨੀਤੀ ਦੇ ਕਰੂਰ ਯਥਾਰਥ ਨੂੰ ਬਹੁਪਰਤੀ ਤੇ ਬਹੁਪਾਸਾਰੀ ਪ੍ਰਸੰਗਾਂ ਵਿਚ ਰੂਪਮਾਨ ਕੀਤਾ ਹੈ। ਆਧੁਨਿਕ ਵਿਸ਼ਵੀਕਰਨ ਦੀ ਇਸ ਪੂੰਜੀਵਾਦੀ ਵਿਵਸਥਾ ਨੇ ਪਰਵਾਸ ਧਾਰਨ ਕਰਨ ਦੀ ਰੁਚੀ ਵਧੇਰੇ ਪ੍ਰਫੁੱਲਤ ਕੀਤਾ ਹੈ। ਪਰਵਾਸੀ ਜੀਵਨ-ਯਥਾਰਥ ਨੂੰ ਇਸਦੀਆਂ ਵਿਭਿੰਨ ਤੈਹਾਂ ਵਿਚ ਰੂਪਮਾਨ ਕਰਨ ਵਾਲੇ ਸਮਕਾਲੀ ਪੰਜਾਬੀ ਨਾਵਲਕਾਰਾਂ ਦੀ ਸੂਚੀ ਵਿਚ ਹਰਜੀਤ ਅਟਵਾਲ ਅਹਿਮ ਸਥਾਨ ਰੱਖਦਾ ਹੈ। ਹਰਜੀਤ ਅਟਵਾਲ ਨੇ ਆਪਣੇ ਨਾਵਲਾਂ ਵਨ-ਵੇਅ, ਰੇਤ, ਸਵਾਰੀ ਤੇ ਸਾਊਥਾਲ ਰਾਹੀਂ ਇਕ ਪਾਸੇ ਤਾਂ ਅਤਿ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਅੰਦਰੂਨੀ ਸੁਭਾਅ ਦੇ ਸਾਰ ਨੂੰ ਸਿਰਜਿਆ ਹੈ ਅਤੇ ਦੂਜੇ ਪਾਸੇ ਇਹਨਾਂ ਪਰਵਾਸ ਹੰਢਾਅ ਰਹੇ ਪਰਵਾਸੀ ਪੰਜਾਬੀਆਂ ਦੇ ਜੀਵਨ-ਯਥਾਰਥ ਨੂੰ ਨਿਰੋਲ ਪਰੰਪਰਿਕ ਭੂ-ਹੇਰਵੇ ਤੇ ਸਭਿਆਚਾਰਕ ਸੰਕਟ ਵਜੋਂ ਹੀ ਰੂਪਮਾਨ ਨਹੀਂ ਕੀਤਾ ਸਗੋਂ ਪਰਵਾਸੀ ਜੀਵਨ ਦੇ ਉਹਨਾਂ ਪੱਖਾਂ ਨੂੰ ਨਾਵਲੀ ਅਮਲ ਵਿਚ ਸਾਕਾਰ ਕੀਤਾ ਹੈ ਜਿਹੜੇ ਉੱਥੋਂ ਦੇ ਆਰਥਿਕ ਪ੍ਰਬੰਧ ਨਾਲ ਅੰਤਰ-ਸੰਬੰਧਿਤ ਹੋ ਕੇ ਯਥਾਰਥ ਦੇ ਜਟਿਲ ਰੂਪਾਂ ਜਟਿਲ ਰੂਪਾਂ ਨਾਲ ਬਾ-ਵਸਤ ਹੁੰਦੇ ਹਨ। ਇਸ ਪ੍ਰਕਾਰ ਵਿਸ਼ਵੀਕਰਨ ਦਾ ਵਿਸ਼ਵ ਵਿਆਪੀ ਵਰਤਾਰਾ ਪੰਜਾਬੀ ਚੇਤਨਾ ਉੱਤੇ ਆਪਣਾ ਸੂਖਮ ਤੇ ਸਥੂਲ ਪ੍ਰਭਾਵ ਅੰਕਿਤ ਕਰਦਾ ਹੈ, ਜਿਸ ਦਾ ਚਿੱਤਰਨ ਨਾਵਲਕਾਰਾਂ ਨੇ ਆਪਣੀ ਵਿਚਾਰਧਾਰਾ ਤੇ ਵਿਧੀ ਅਨੁਸਾਰ ਵਿਭਿੰਨ ਨਾਵਲਾਂ ਵਿਚ ਪੂਰਨ ਸਮਰੱਥਾ ਨਾਲ ਕੀਤਾ ਹੈ।*